# ਨਾਨਕ ਸਿੰਘ ਤੇ ਸੋਹਣ ਸਿੰਘ ਸੀਤਲ ਦੇ ਨਾਵਲਾਂ ਦਾ ਤੁਲਨਾਤਮਕ ਅਧਿਐਨ

# NANAK SINGH TE SOHAN SINGH SITAL DE NOVELAN DA TULNATMAK ADHYAYAN

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਭਾਸ਼ਾ ਫੈਕਲਟੀ ਵਿਚ
ਪੀ-ਐਚ. ਡੀ. ਦੀ ਡਿਗਰੀ ਲਈ ਪ੍ਰਸਤੁਤ
ਖੋਜ-ਪ੍ਰਬੰਧ

**1994**

NANAK UNIVERSITY LIBRARY

ਖੋਜਾਰਥੀ

**ਸਤਵੰਤ ਕੌਰ**

ਭਾਈ ਵੀਰ ਸਿੰਘ ਚੇਅਰ,
ਪੰਜਾਬ ਯੂਨੀਵਰਸ਼ਿਟੀ,
ਚੰਡੀਗੜ੍ਹ ।

## ਦੋ ਸ਼ਬਦ

ਆਪਣੇ ਵਿਦਿਆਰਥੀ ਜੀਵਨ ਵਿਚ ਮੈਂ ਬਹੁਤ ਸਾਰੇ ਪੰਜਾਬੀ ਨਾਵਲ ਪੜ੍ਹੇ ਸਨ, ਜਿਨ੍ਹਾਂ ਵਿਚ ਨਾਨਕ ਸਿੰਘ, ਸੋਹਣ ਸਿੰਘ ਸੀਤਲ ਦੇ ਨਾਵਲ ਵੀ ਸ਼ਾਮਲ ਸਨ। ਇਨ੍ਹਾਂ ਨਾਵਲਾਂ ਨੂੰ ਪੜ੍ਹ ਕੇ ਮੈਂ ਮਹਿਸੂਸ ਕੀਤਾ ਕਿ ਇਨ੍ਹਾਂ ਦੋਵਾਂ ਨਾਵਲਕਾਰਾਂ ਦੇ ਨਾਵਲਾਂ ਦੀ ਤੁਲਨਾ ਨੂੰ ਖੋਜ-ਕਾਰਜ ਦਾ ਵਿਸ਼ਾ ਬਣਾਉਣਾ ਚਾਹੀਦਾ ਹੈ। ਇਹ ਦੋਵੇਂ ਨਾਵਲਕਾਰ ਸਮਕਾਲੀ ਵੀ ਹਨ ਅਤੇ ਦੋਵਾਂ ਨੇ ਲਿਖਿਆ ਵੀ ਪੰਜਾਬੀ ਜੀਵਨ ਬਾਰੇ ਹੀ ਹੈ। ਜਿਥੋਂ ਤਕ ਮੈਨੂੰ ਪਤਾ ਸੀ, ਅਜੇ ਤਕ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੇ ਨਾਵਲਾਂ ਦੀ ਤੁਲਨਾ ਬਾਰੇ ਕੋਈ ਕੰਮ ਵੀ ਨਹੀਂ ਹੋਇਆ ਸੀ। ਜਦੋਂ ਮੈਂ ਦੋਵਾਂ ਨਾਵਲਕਾਰਾਂ ਦੇ ਤੁਲਨਾਤਮਕ ਅਧਿਐਨ ਦੇ ਸੰਕਲਪ ਨੂੰ ਲੈ ਕੇ ਭਾਈ ਵੀਰ ਸਿੰਘ ਚੇਅਰ ਦੇ ਚੇਅਰਮੈਨ ਡਾ: ਨਰੇਸ਼ ਨੂੰ ਮਿਲੀ ਤਾਂ ਉਨ੍ਹਾਂ ਨੇ ਮੇਰੇ ਇਸ ਖੋਜ-ਕਾਰਜ ਦੇ ਵਿਸ਼ੇ ਨੂੰ ਯੋਗ ਸਮਝਿਆ ਅਤੇ ਇਸਤੇ ਕੰਮ ਕਰਨ ਦੀ ਪ੍ਰਵਾਨਗੀ ਦੇ ਦਿੱਤੀ।

ਮੈਂ ਆਪਣੇ ਨਿਗਰਾਨ ਭਾਈ ਵੀਰ ਸਿੰਘ ਚੇਅਰ ਦੇ ਚੇਅਰਮੈਨ ਡਾ: ਨਰੇਸ਼ ਜੀ ਦੀ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਅਨੇਕ ਵਿਵਾਦ ਪੂਰਨ ਉਲਝਣਾਂ ਨੂੰ ਸੁਲਝਾਉਣ ਵਿਚ ਯੋਗ ਸਲਾਹ ਦੇ ਕੇ, ਕਦਮ-ਕਦਮ ਤੇ ਅਗਲੀ ਮੰਜ਼ਿਲ ਵਲ ਤੋਰਿਆ ਅਤੇ ਆਪਣੇ ਨਿਜੀ ਰੁਝੇਵਿਆਂ ਨੂੰ ਲਾਂਭੇ ਰਖ ਕੇ ਇਸ ਖੋਜ ਕਾਰਜ ਵਿਚ ਵਿਸ਼ੇਸ਼ ਦਿਲਚਸਪੀ ਲਈ। ਉਨ੍ਹਾਂ ਦੀ ਮਿਹਨਤ, ਹਲਾਸ਼ੇਰੀ ਤੇ ਨਿਗਰਾਨੀ ਹੇਠ ਮੈਂ ਆਪਣਾ ਖੋਜ-ਕਾਰਜ ਪੂਰਾ ਕੀਤਾ ਹੈ ਜੋ ਉਨ੍ਹਾਂ ਦੇ ਉਤਸ਼ਾਹ ਤੇ ਮਦਦ ਤੋਂ ਬਿਨਾਂ ਅਸੰਭਵ ਸੀ। ਉਨ੍ਹਾਂ ਮੇਰੇ ਥੀਸਿਸ ਦਾ ਇਕ-ਇਕ ਅੱਖਰ ਪੜ੍ਹਿਆ ਤੇ ਲੋੜ ਅਨੁਸਾਰ ਸੋਧਿਆ ਹੈ।

ਮੈਂ ਉਨ੍ਹਾਂ ਸਾਰੇ ਵਿਦਵਾਨਾਂ, ਲੇਖਕਾਂ ਤੇ ਖੋਜ-ਵਿਦਿਆਰਥੀਆਂ ਪ੍ਰਤੀ ਡੂੰਘੀ ਕ੍ਰਿਤਗਤਾ ਰਖਦੀ ਹਾਂ, ਜਿਨ੍ਹਾਂ ਦੀਆਂ ਬਹੁ-ਮੁੱਲੀਆਂ ਖੋਜਾਂ ਤੋਂ ਮੈਂ ਆਪਣਾ ਖੋਜ-ਪ੍ਰਬੰਧ ਉਸਾਰਨ ਵਿਚ ਸੰਕਲਪੀ ਸਹਾਇਤਾ ਲੈ ਸਕੀ ਹਾਂ।

ਅਪਣੇ ਵਿਭਾਗ ਦੇ ਸਟਾਫ, ਪਰੀਵਾਰ ਦੇ ਮੈਂਬਰ, ਖਾਸ ਕਰਕੇ ਮਾਤਾ-ਪਿਤਾ, ਵੱਡੀ ਭੈਣ ਅਤੇ ਆਪਣੇ ਪਤੀ ਦੀ ਮੈਂ ਅਤਿ ਧੰਨਵਾਦੀ ਹਾਂ, ਜਿਨ੍ਹਾਂ ਦਾ ਸਹਿਯੋਗ ਮੈਨੂੰ ਪੂਰੀ ਖੋਜ਼ ਦੌਰਾਨ ਮਿਲਦਾ ਰਿਹਾ।

Satwant Kaur
( ਸਤਵੰਤ ਕੌਰ )

## ਤਤਕਰਾ


ਪੰਨਾ

ਭੂਮਿਕਾ 1-7

ਅਧਿਆਇ ਪਹਿਲਾ : ਰਚਨਾਵਾਂ ਦੇ ਮੁਢਲੇ ਸ੍ਰੋਤ 8-60

1) ਨਾਨਕ ਸਿੰਘ : ਸੰਖੇਪ ਜੀਵਨੀ
2) ਸੋਹਣ ਸਿੰਘ : ਸੰਖੇਪ ਜੀਵਨੀ
3) ਪਿਛੋਕੜ ਦੀ ਸਮਾਨਤਾ
4) ਦੋਹਾਂ ਦੇ ਪ੍ਰੇਰਣਾ-ਸ੍ਰੋਤ : ਸਮਾਜਿਕ, ਧਾਰਮਿਕ, ਰਾਜਨੀਤਕ ਲਹਿਰਾਂ, ਪ੍ਰਗਤੀਵਾਦ ਦਾ ਪ੍ਰਭਾਵ

ਅਧਿਆਇ ਦੂਜਾ : ਪ੍ਰਵਿਰਤੀਗਤ ਅਧਿਐਨ 61-92

1) ਨਾਨਕ ਸਿੰਘ ਦੇ ਨਾਵਲਾਂ ਦੀਆਂ ਪ੍ਰਮੁੱਖ ਪ੍ਰਵਿਰਤੀਆਂ
2) ਸੋਹਣ ਸਿੰਘ ਸੀਤਲ ਦੇ ਨਾਵਲਾਂ ਦੀਆਂ ਪ੍ਰਮੁੱਖ ਪ੍ਰਵਿਰਤੀਆਂ
3) ਸਮਾਨਤਾਵਾਂ ਤੇ ਵੱਖਰਤਾਵਾਂ

ਅਧਿਆਇ ਤੀਜਾ : ਵਿਸ਼ਾ ਪੱਖ 93-151

1) ਨਾਨਕ ਸਿੰਘ ਦੇ ਨਾਵਲਾਂ ਦਾ ਵਿਸ਼ਾ-ਵਸਤੂ
2) ਸੋਹਣ ਸਿੰਘ ਸੀਤਲ ਦੇ ਨਾਵਲਾਂ ਦਾ ਵਿਸ਼ਾ-ਵਸਤੂ
3) ਵਿਸ਼ਾ ਵਸਤੂ ਦੀ ਸਮਾਨਤਾ/ਵੱਖਰਤਾ
4) ਵਿਸ਼ਾ ਵਸਤੂ ਦੀ ਚੋਣ ਦੇ ਸ੍ਰੋਤ

ਅਧਿਆਇ ਚੌਥਾ : ਪਾਤਰ ਸਿਰਜਣਾ 152-233

1) ਪੁਰਖ ਪਾਤਰ

ੳ) ਨਾਨਕ ਸਿੰਘ ਦੇ ਪੁਰਖ ਪਾਤਰ
ਅ) ਸੋਹਣ ਸਿੰਘ ਸੀਤਲ ਦੇ ਪੁਰਖ ਪਾਤਰ
ੲ) ਪਾਤਰਾਂ ਦੇ ਆਚਰਣ ਵਿਚ ਸਮਾਨਤਾ/ਵੱਖਰਤਾ ਸਮਾਜਿਕ, ਸਮਾਜਿਕ-ਆਰਥਿਕ ਪਿਛੋਕੜ ਦਾ ਪ੍ਰਭਾਵ ਪੁਰਾਤਨ ਸੰਸਕਾਰਾਂ ਤੇ ਆਧੁਨਿਕ ਪ੍ਰਵਿਰਤੀਆਂ ਦਾ ਟਕਰਾਅ

2) ਇਸਤਰੀ ਪਾਤਰ

ੳ) ਨਾਨਕ ਸਿੰਘ ਅਤੇ ਸੀਤਲ ਦੇ ਪ੍ਰਮੁੱਖ ਇਸਤਰੀ-ਪਾਤਰ ਸਮਾਨਤਾਵਾਂ/ਵੱਖਰਤਾਵਾਂ, ਸਮਾਜਿਕ ਪਿਛੋਕੜ ਵਿਚ ਇਸਤਰੀ ਦੀ ਦਸ਼ਾ, ਦਾ ਚਿਤਰਣ, ਅਜੋਕੇ ਸਮਾਜ ਵਿਚ ਇਸਤਰੀ ਦਾ ਸਥਾਨ

ਅਧਿਆਇ ਪੰਜਵਾਂ: ਉਦੇਸ਼ 234-264

1) ਦੋਹਾਂ ਨਾਵਲਕਾਰਾਂ ਦੇ ਨਾਵਲਾਂ ਵਿਚਲਾ ਸੰਦੇਸ਼

2) ਸਮਾਜਿਕ-ਆਰਥਿਕ-ਰਾਜਨੀਤਿਕ ਲਹਿਰਾਂ ਤੋਂ ਗ੍ਰਹਿਣ ਕੀਤੇ ਪ੍ਰਭਾਵ

3) ਆਦਰਸ਼ ਅਤੇ ਯਥਾਰਥ ਦਾ ਟਕਰਾਅ

ਅਧਿਆਇ ਛੇਵਾਂ: ਨਿਸ਼ਕਰਸ਼ 265-276

ਸੰਦਰਭ ਗ੍ਰੰਥ-ਸੂਚੀ 277-285

# ਭੂਮਿਕਾ

ਸਾਹਿਤ ਅਧਿਐਨ ਵਿਚ ਤੁਲਨਾਤਮਕ ਅਧਿਐਨ ਰਾਹੀਂ ਇਕ ਲੇਖਕ ਦੀ ਦੂਜੇ ਲੇਖਕ ਦੇ ਨਾਲ ਤੁਲਨਾ, ਇਕ ਭਾਸ਼ਾ ਦੇ ਸਾਹਿਤ ਦੀ ਦੂਜੀ ਭਾਸ਼ਾ ਦੇ ਸਾਹਿਤ ਨਾਲ ਤੁਲਨਾ, ਇਕ ਯੁਗ ਦੇ ਸਾਹਿਤ ਦੀ ਦੂਜੇ ਯੁਗ ਦੇ ਸਾਹਿਤ ਨਾਲ ਤੁਲਨਾ, ਇਕ ਸਾਹਿੱਤਕ ਪ੍ਰਵਿਰਤੀ ਦੀ ਦੂਜੀ ਸਾਹਿੱਤਕ ਪ੍ਰਵਿਰਤੀ ਨਾਲ ਤੁਲਨਾ ਆਦਿ ਦੀ ਪਰੰਪਰਾ ਕਾਫ਼ੀ ਪ੍ਰਾਚੀਨ ਹੈ। ਇਹ ਤੁਲਨਾ ਇਕੋ ਭਾਸ਼ਾ ਦੇ ਸਾਹਿਤਕਾਰਾਂ ਜਾਂ ਸਾਹਿਤਕ ਪ੍ਰਵਿਰਤੀਆਂ ਵਿਚਕਾਰ ਵੀ ਹੋ ਸਕਦੀ ਹੈ ਅਤੇ ਇਕ ਤੋਂ ਵੱਧ ਭਾਸ਼ਾਵਾਂ ਦੇ ਸਾਹਿਤ ਵਿਚਕਾਰ ਵੀ।

ਤੁਲਨਾਤਮਕ ਸਾਹਿਤ ਦਾ ਮਨੋਰਥ ਕੇਵਲ ਇਹੋ ਨਹੀਂ ਹੈ ਕਿ ਇਸ ਵਿਚ ਦੋ ਭਾਸ਼ਾਵਾਂ ਦੇ ਸਾਹਿਤ ਦੀ ਤੁਲਨਾ ਕਰਕੇ ਉਨ੍ਹਾਂ ਵਿਚਲੀ ਸਮਾਨਤਾ ਜਾਂ ਵੱਖਰਤਾ ਤਾਲਾਸ਼ ਕੀਤੀ ਜਾਵੇ, ਸਗੋਂ ਇਸਦਾ ਮਨੋਰਥ ਕਿਸੇ ਵਿਸ਼ੇਸ਼ ਸਭਿਆਚਾਰ ਦੀਆਂ ਉਨ੍ਹਾਂ ਪ੍ਰਵਿਰਤੀਆਂ ਰਾਹੀਂ ਦ੍ਰਿਸ਼ਟੀ ਵਿਸਥਾਰ ਕਰਨਾ ਵੀ ਹੁੰਦਾ ਹੈ, ਜੋ ਸਾਹਿਤ ਦੇ ਪਿਛੋਕੜ ਵਿਚ ਕੰਮ ਕਰ ਰਹੀਆਂ ਹੁੰਦੀਆਂ ਹਨ।

ਤੁਲਨਾਤਮਕ ਸਾਹਿਤ ਦੇ ਦੋ ਮੁੱਖ ਸੰਪਰਦਾਇਆਂ "ਫਰਾਂਸਿਸੀ-ਜਰਮਨ ਸਕੂਲ' ਅਤੇ 'ਅਮਰੀਕੀ ਸਕੂਲ' ਨੇ ਤੁਲਨਾਤਮਕ ਸਾਹਿਤ ਦੇ ਸਰੂਪ ਨੂੰ ਸਪਸ਼ਟ ਕਰਦਿਆਂ ਉਸਦੀਆਂ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਕੀਤਾ ਹੈ। ਦੋਹਾਂ ਸੰਪਰਦਾਵਾਂ ਦੇ ਵਿਦਵਾਨ ਇਸ ਗੱਲ ਤੇ ਸਹਿਮਤ ਹਨ ਕਿ ਤੁਲਨਾਤਮਕ ਸਾਹਿਤ ਵਿਚ ਇਕ ਤੋਂ ਵੱਧ ਭਾਸ਼ਾਵਾਂ ਦੀ ਗੱਲ ਕੀਤੀ ਜਾਂਦੀ ਹੈ ਅਤੇ ਤੁਲਨਾਤਮਕ ਸਾਹਿਤ, ਸਾਹਿਤਕ ਸਮਸਿਆਵਾਂ ਦਾ ਅਧਿਐਨ ਹੈ।[1]

ਤੁਲਨਾਤਮਕ ਸਾਹਿਤ ਦੀ ਪਰਿਭਾਸ਼ਾ ਦਿੰਦਿਆਂ ਹੇਨਰੀ ਐਚ.ਐਚ. ਨੇ ਕਿਹਾ ਹੈ ਕਿ ਤੁਲਨਾਤਮਕ ਸਾਹਿਤ ਇਕ ਰਾਸ਼ਟਰ ਸਾਹਿਤ ਦੀ ਸੀਮਾ ਦੇ ਜ਼ਰੀਏ ਕਿਸੇ ਦੂਸਰੇ ਰਾਸ਼ਟਰ ਦੇ ਸਾਹਿਤ ਦੇ ਨਾਲ ਤੁਲਨਾਤਮਕ ਅਧਿਐਨ ਹੈ ਜਾਂ ਇਹ ਅਧਿਐਨ ਕਲਾ, ਇਤਿਹਾਸ, ਸਮਾਜ-ਵਿਗਿਆਨ, ਧਰਮ-ਸ਼ਾਸਤਰ ਆਦਿ ਗਿਆਨ ਦੇ ਵਿਭਿੰਨ ਖੇਤਰਾਂ ਦੇ ਆਪਸੀ ਸੰਬੰਧਾਂ ਦਾ ਵੀ ਅਧਿਐਨ ਹੈ।[2]

ਪਰ ਮੇਰੇ ਸ਼ੋਧ-ਪ੍ਰਬੰਧ ਦਾ ਵਿਸ਼ਾ ਇਕੋ ਹੀ ਭਾਸ਼ਾ ਦੇ ਦੋ ਨਾਵਲਕਾਰਾਂ ਦਾ ਤੁਲਨਾਤਮਕ ਅਧਿਐਨ ਹੈ। ਇਕ ਹੀ ਭਾਸ਼ਾ ਵਿਚ ਦੋ ਲੇਖਕਾਂ ਦੀਆਂ ਰਚਨਾਵਾਂ ਦਾ ਤੁਲਨਾਤਮਕ ਅਧਿਐਨ ਹੈ। ਇਕ ਹੀ ਭਾਸ਼ਾ ਵਿਚ ਦੋ ਲੇਖਕਾਂ ਦੀਆਂ ਰਚਨਾਵਾਂ ਦਾ ਤੁਲਨਾਤਮਕ ਅਧਿਐਨ ਕਰਨ ਨਾਲ ਸਾਹਿਤ ਨੂੰ ਇਕ ਅਨੁਸ਼ਾਸਨ ਦੇ ਰੂਪ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਪੰਜਾਬੀ ਵਿਚ ਤੁਲਨਾਤਮਕ ਅਧਿਐਨ ਦਾ ਕੰਮ ਮੱਧਕਾਲੀਨ ਕਵਿਤਾ ਅਤੇ ਉਸਦੇ ਕਵੀਆਂ ਤੇ ਜ਼ਿਆਦਾਤਰ ਹੋਇਆ ਜਿਵੇਂ ਕਿ ਗੋਰਖਬਾਣੀ ਅਤੇ ਨਾਨਕ-ਬਾਣੀ ਦਾ ਤੁਲਨਾਤਮਕ ਅਧਿਐਨ, ਜਪੁਜੀ ਅਤੇ ਭਗਵਤ ਗੀਤਾ ਦਾ ਤੁਲਨਾਤਮਕ ਅਧਿਐਨ, ਗੁਰਮਤਿ ਅਤੇ ਸੂਫ਼ੀ ਕਵਿਤਾ ਦਾ ਤੁਲਨਾਤਮਕ ਅਧਿਐਨ, ਬਾਬਾ ਸ਼ੇਖ ਫਰੀਦ ਅਤੇ ਕਬੀਰ ਦਾ ਤੁਲਨਾਤਮਕ ਅਧਿਐਨ , ਮਾਝੀ ਅਤੇ ਮੁਲਤਾਨੀ ਭਾਸ਼ਾਵਾਂ ਦਾ ਤੁਲਨਾਤਮਕ ਅਧਿਐਨ, ਦਮੋਦਰ ਅਤੇ ਹਾਸ਼ਮ ਦਾ ਤੁਲਨਾਤਮਕ ਅਧਿਐਨ।

ਪੰਜਾਬੀ ਵਿਚ ਤੁਲਨਾਤਮਕ ਅਧਿਐਨ ਦੀ ਗੱਲ ਆਦਿ-ਗ੍ਰੰਥ ਤੋਂ ਆਰੰਭ ਕੀਤੀ ਜਾ ਸਕਦੀ ਹੈ। ਇਸ ਵਿਚ ਵੱਖੋ-ਵੱਖਰੇ ਬਾਣੀਕਾਰਾਂ ਦੀਆਂ ਰਚਨਾਵਾਂ ਇਕ ਦੂਜੇ ਨਾਲ ਤੁਲਦੀਆਂ ਹਨ ਅਤੇ ਅਸਮਾਨਤਾ ਦੇ ਬਾਵਜੂਦ ਵੀ ਏਕਤਾ ਦਾ ਮੰਡਲ ਸਿਰਜਦੀਆਂ ਜਾਂਦੀਆਂ ਹਨ । ਭਾਵੇਂ ਅਜੇ "ਪੰਜਾਬ ਵਿਚ ਪਹਿਲਾ ਪ੍ਰਮਾਣਿਕ ਤੁਲਨਾਤਮਕ ਜਤਨ ਪੰਜਾਬ ਦਾ ਸਾਹਿਤਕ ਇਤਿਹਾਸ ਅਜੇ ਹੋਣਾ ਬਾਕੀ ਹੈ ਤਾਂ ਵੀ, ਨਿਸ਼ਚਿਤ ਹੈ ਕਿ ਪੰਜਾਬ ਦੀ ਧਰਤੀ ਤੁਲਨਾਤਮਕ ਅਧਿਐਨ ਦੀਆਂ ਸਰਤਾਂ ਪੂਰੀਆਂ ਕਰਦੀ ਹੈ।"[3]

ਤੁਲਨਾਤਮਕ ਸਾਹਿਤ ਅਧਿਐਨ ਦਾ ਘੇਰਾ ਐਨਾ ਵਿਸ਼ਾਲ ਹੈ ਕਿ ਨਾ ਇਹ ਦੋ ਵੱਖੋ-ਵੱਖਰੀਆਂ ਭਾਸ਼ਾਵਾਂ ਵਾਲੀ ਰਚਨਾਵਾਂ ਦੀ ਤੁਲਨਾ ਤੋਂ ਸ਼ੁਰੂ ਹੁੰਦਾ ਹੈ, ਨਾ ਇੱਥੇ ਖਤਮ ਹੁੰਦਾ ਹੈ। ਇਹ ਕੇਵਲ ਇਕ ਸਾਹਿਤ-ਰਚਨਾ ਦੇ ਅਨੇਕ ਪਹਿਲੂਆਂ ਨੂੰ ਵੀ ਉਜਾਗਰ ਕਰ ਸਕਦਾ ਹੈ। ਤੁਲਨਾਤਮਕ ਅਧਿਐਨ ਨੂੰ ਗੁਆਚੀ ਹੋਈ ਵਸਤੂ ਦੇ ਰੂਪ ਵਿਚ ਪਹਿਚਾਣਿਆ ਜਾ ਸਕਦਾ ਹੈ ਕਿਉਂਕਿ ਤੁਲਨਾ ਕਰਨ ਲਗਿਆਂ ਤੁਲਨਾਤਮਕ ਸਾਹਿਤ ਵਿਗਿਆਨੀ ਕਿਸੇ ਵੀ ਲੇਖਕ ਦੀ ਬੱਝੀ ਰਚਨਾ ਨੂੰ ਖੋਲ੍ਹਦਾ ਹੈ ਅਤੇ ਉਸਦੀ ਅਨੇਕ-ਮੁਖਤਾ ਪ੍ਰਤੀ ਚੇਤਨਾ ਜਗਾਉਂਦਾ ਹੈ।

ਤੁਲਨਾਤਮਕ ਸਾਹਿਤ ਦਾ ਪ੍ਰਥਮ ਕੰਮ ਹੈ ਅੰਤਰ-ਸੰਬੰਧੀ ਦੋ ਖੁਦਮੁਖਤਾਰ ਯਥਾਰਥਾਂ ਵਿਚਕਾਰ ਸੰਬੰਧ ਸਥਾਪਿਤ ਕਰਕੇ ਹੀ ਤੁਲਨਾ ਆਪਣੇ ਕਾਰਜ ਵਿਚ ਪ੍ਰਵਿਰਤ ਹੁੰਦੀ ਹੈ।

ਮੋਟੇ ਤੌਰ ਤੇ ਦੋ ਵਸਤੂਆਂ ਦੀਆਂ ਸਮਾਨਤਾਵਾਂ ਅਤੇ ਵੱਖਰਤਾਵਾਂ ਲਭਣ ਨੂੰ ਤੁਲਨਾ ਕਹਿੰਦੇ ਹਨ। ਦੋ ਚੀਜ਼ਾਂ ਦੀ ਆਪਸ ਵਿਚ ਤੁਲਨਾ ਕਰਨ ਨਾਲ ਦੋਵੇਂ ਹੀ ਚੀਜ਼ਾਂ ਜ਼ਿਆਦਾ ਸਪਸ਼ਟ ਹੋ ਜਾਂਦੀਆਂ ਹਨ। ਇਸੇ ਦ੍ਰਿਸ਼ਟੀਕੋਣ ਨੂੰ ਸਾਹਮਣੇ ਰਖਦਿਆਂ ਹੋਇਆਂ ਮੈਂ ਆਪਣੇ ਖੋਜ-ਕਾਰਜ ਨੂੰ ਤੁਲਨਾਤਮਕ ਅਧਿਐਨ ਦਾ ਵਿਸ਼ਾ ਬਣਾਉਣ ਦਾ ਯਤਨ ਕੀਤਾ ਹੈ।

ਮੈਂ ਆਪਣੇ ਖੋਜ-ਕਾਰਜ ਦੇ ਵਿਸ਼ੇ ਸੰਬੰਧਿਤ ਤੁਲਨਾ ਕਿਸੇ ਕਿਤਾਬ ਵਿੱਚ ਦਿੱਤੇ ਤੁਲਨਾ ਸੰਬੰਧੀ ਸਿਧਾਂਤ ਨੂੰ ਮੁੱਖ ਰੱਖ ਕੇ ਜਾਂ ਮੰਨ ਕੇ ਨਹੀਂ ਕੀਤੀ, ਸਗੋਂ ਦੋ ਨਾਵਲਕਾਰਾਂ ਦੀਆਂ ਰਚਨਾਵਾਂ ਵਿਚੋਂ ਇਹ ਲਭਣ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਦੋਵੇਂ ਸਮਕਾਲੀ ਹੁੰਦੇ ਹੋਏ ਆਪਣੀਆਂ ਰਚਨਾਵਾਂ ਵਿਚ ਸਮਾਜ ਦੇ ਕਿਹੜੇ-ਕਿਹੜੇ ਪਹਿਲੂਆਂ ਨੂੰ ਛੂੰਹਦੇ ਹਨ ਅਤੇ ਜਨਤਾ ਤਕ ਕੀ ਸੰਦੇਸ਼ ਜਾਂ ਕਿਸ ਪ੍ਰਕਾਰ ਦੇ ਵਿਚਾਰ ਪਹੁੰਚਾਣ ਦੀ ਕੋਸ਼ਿਸ਼ ਕਰਦੇ ਹਨ।

ਪੰਜਾਬੀ ਸਾਹਿਤ ਨੂੰ ਬਹੁਤ ਸਾਰੇ ਨਾਵਲਕਾਰਾਂ ਦਾ ਯੋਗਦਾਨ ਪ੍ਰਾਪਤ ਹੈ। ਇਨ੍ਹਾਂ ਦੇ ਨਾਵਲਾਂ ਵਿੱਚ ਪੰਜਾਬੀ ਸਭਿਆਚਾਰ ਦਾ ਬੜਾ ਵਧੀਆ ਚਿਤਰਣ ਮਿਲਦਾ ਹੈ। ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੋ ਉਘੇ ਪੰਜਾਬੀ ਲੇਖਕਾਂ ਨੇ ਆਪਣੇ ਨਾਵਲਾਂ ਵਿੱਚ ਪੰਜਾਬ ਦੀ ਸਮਾਜਿਕਤਾ ਆਰਥਿਕਤਾ, ਰਾਜਨੀਤੀ, ਪੇਂਡੂ ਤੇ ਸ਼ਹਿਰੀ ਜੀਵਨ ਦੇ ਜੀਵਨ ਵਿਚ ਨਾਰੀ, ਕਿਸਾਨ,ਮਜ਼ਦੂਰ ਵਰਗ ਦੀਆਂ ਸਮੱਸਿਆਵਾਂ ਆਦਿ ਨੂੰ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ। ਅਜੇ ਤਕ ਇਨ੍ਹਾਂ ਦੋਹਾਂ ਨਾਵਲਕਾਰਾਂ ਦੇ ਸਾਹਿਤ ਦਾ ਤੁਲਨਾਤਮਕ ਅਧਿਐਨ ਕਿਸੇ ਖੋਜ-ਪ੍ਰਬੰਧ ਦਾ ਵਿਸ਼ਾ ਨਹੀਂ ਬਣਿਆ ਹੈ। ਦੋਹਾਂ ਨਾਵਲਕਾਰਾਂ ਦੇ ਸਾਹਿਤ ਵਿਚ ਉਪਲਬੱਧ ਸਮਾਨਤਾਵਾਂ ਅਤੇ ਵੱਖਰਤਾਵਾਂ ਨੂੰ ਸਪਸ਼ਟ ਕਰਨ ਲਈ ਮੈਂ ਆਪਣੇ ਖੋਜ-ਕਾਰਜ ਦਾ ਵਿਸ਼ਾ "ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੇ ਨਾਵਲਾਂ ਦਾ ਤੁਲਨਾਤਮਕ ਅਧਿਐਨ" ਚੁਣਿਆ ਹੈ।

ਕਿਸੇ ਨਤੀਜੇ ਤੇ ਪਹੁੰਚਣ ਲਈ ਮੈਂ ਆਪਣੇ ਸ਼ੋਧ-ਪ੍ਰਬੰਧ ਨੂੰ ਪੰਜ ਅਧਿਆਇਆਂ ਵਿਚ ਵੰਡਿਆ ਹੈ। ਅੰਤ ਵਿਚ ਨਿਸ਼ਕਰਸ਼ ਦਿੱਤਾ ਹੈ, ਜਿਸ ਵਿਚ ਦੋਹਾਂ ਨਾਵਲਕਾਰਾਂ ਦੇ ਨਾਵਲਾਂ ਬਾਰੇ ਪੁੱਜੇ ਸਿੱਟਿਆਂ ਨੂੰ ਸਾਰ ਰੂਪ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

ਪਹਿਲੇ ਅਧਿਆਇ ਵਿਚ ਮੈਂ ਦੋਹਾਂ ਨਾਵਲਕਾਰਾਂ ਦੀਆਂ ਜੀਵਨੀਆਂ ਦੇ ਆਧਾਰ ਉਤੇ ਉਨ੍ਹਾਂ ਦੀ ਸੰਖੇਪ ਜੀਵਨੀ ਅਤੇ ਉਨ੍ਹਾਂ ਦੀਆਂ ਜੀਵਨ-ਸਾਂਝਾ ਨੂੰ ਲਭਿਆ ਹੈ। ਦੋਹਾਂ ਦੀ ਸ਼ਖਸੀਅਤ ਨੂੰ ਸਮਝਣ ਲਈ, ਉਨ੍ਹਾਂ ਦੇ ਪਿਛੋਕੜ ਦਾ ਵੇਰਵਾ ਅਤੇ ਉਨ੍ਹਾਂ ਦੇ ਸਮਕਾਲੀ ਸਮਾਜ ਦੀਆਂ ਸਮਾਜਿਕ, ਰਾਜਨੀਤਕ ਅਤੇ ਆਰਥਿਕ ਸਥਿਤੀਆਂ ਤੇ ਦੋਵਾਂ ਦੇ ਸਮੇਂ ਦੀਆਂ ਪ੍ਰਮੁੱਖ ਲਹਿਰਾਂ ਨੂੰ ਅਧਿਐਨ ਵਜੋਂ ਲਿਆ ਗਿਆ ਹੈ ਅਤੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਦੋਵੇਂ ਨਾਵਲਕਾਰ ਪ੍ਰਗਤੀਵਾਦੀ ਹਨ। ਇਸ ਅਧਿਆਇ ਵਿਚ ਇਹ ਵੀ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਸਮੇਂ ਤੇ ਸਥਾਨ ਦੀ ਥੋੜੀ-ਬਹੁਤ ਭਿੰਨਤਾ ਦੇ ਬਾਵਜੂਦ ਇਹ ਦੋਵੇਂ ਲੇਖਕ ਅਚੇਤ ਹੀ ਇਕ ਦੂਜੇ ਦੇ ਨੇੜੇ ਹਨ।

ਦੂਜੇ ਅਧਿਆਇ ਵਿਚ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੀਆਂ ਰਚਨਾਵਾਂ ਦਾ ਪ੍ਰਵਿਰਤੀਗਤ ਅਧਿਐਨ ਕੀਤਾ ਹੈ। ਸਮਾਜ ਵਿਚ ਸਮੇਂ-ਸਮੇਂ ਤੇ ਆਏ ਪਰਿਵਰਤਨਾਂ ਕਾਰਨ ਪੈਦਾ ਹੋਈਆਂ ਪ੍ਰਵਿਰਤੀਆਂ ਦਾ ਜੋ ਪ੍ਰਭਾਵ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੀ ਸਾਹਿਤ-ਰਚਨਾ 'ਤੇ ਪਿਆ, ਉਸ ਦਾ ਵੇਰਵਾ ਇਸ ਅਧਿਆਇ ਵਿਚ ਦਿੱਤਾ ਹੈ। ਦੋਵਾਂ ਨਾਵਲਕਾਰਾਂ ਦੇ ਨਾਵਲਾਂ ਵਿਚ ਪ੍ਰਾਪਤ ਰਾਸ਼ਟਰ, ਅੰਤਰ-ਰਾਸ਼ਟਰੀ, ਯਥਾਰਥਵਾਦੀ, ਪ੍ਰਗਤੀਵਾਦੀ, ਮਾਨਵਵਾਦੀ, ਰੁਮਾਂਸਵਾਦੀ ਆਦਿ ਪ੍ਰਵਿਰਤੀਆਂ ਨੂੰ ਉਦਾਹਰਣਾਂ ਸਹਿਤ ਬਿਆਨ ਕੀਤਾ ਗਿਆ ਹੈ।

ਤੀਜੇ ਅਧਿਆਇ ਵਿਚ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੇ ਨਾਵਲਾਂ ਦੇ ਵਿਸ਼ਾ-ਪੱਖ ਨੂੰ ਤੁਲਨਾਤਮਕ ਦ੍ਰਿਸ਼ਟੀ ਤੋਂ ਪੇਸ਼ ਕਰਨ ਦਾ ਯਤਨ ਕੀਤਾ ਹੈ। ਦੋਹਾਂ ਲੇਖਕਾਂ ਦੇ ਵਿਸ਼ੇ ਸਮਾਜ ਅਤੇ ਜੀਵਨ ਵਿਚੋਂ, ਸਮਾਜ ਅਤੇ ਜੀਵਨ ਲਈ ਹਨ। ਇਥੇ ਹੀ ਦੋਹਾਂ ਨਾਵਲਕਾਰਾਂ

ਦੇ ਵਿਸ਼ਾ-ਵਸਤੂ ਦੀ ਚੋਣ ਤੇ ਸ੍ਰੋਤ ਲਭਣ ਦੀ ਕੋਸ਼ਿਸ਼ ਕੀਤੀ ਹੈ ਜੋ ਆਮ - ਤੌਰ ਤੇ ਦੋਹਾਂ ਦੀਆਂ ਆਪਣੇ ਨਿਜੀ ਜੀਵਨ ਵਿਚੋਂ ਉਪਜੀਆਂ ਘਟਨਾਵਾਂ ਹੀ ਹਨ। ਮੁੱਖ ਰੂਪ ਵਿਚ ਦੋਹਾਂ ਲੇਖਕਾਂ ਨੇ ਸਮੂਹਿਕ ਮਸਲਿਆਂ ਨੂੰ ਆਪਣੇ ਲੇਖਣ ਦਾ ਵਿਸ਼ਾ ਬਣਾਇਆ ਹੈ।

ਚੌਥੇ ਅਧਿਆਇ ਵਿਚ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੇ ਪਾਤਰਾਂ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ। ਦੋਹਾਂ ਨਾਵਲਕਾਰਾਂ ਦੇ ਪਾਤਰ ਆਮ ਜ਼ਿੰਦਗੀ ਵਿਚੋਂ ਲਏ ਹੋਏ ਜਿਉਂਦੇ-ਜਾਗਦੇ ਪਾਤਰ ਹਨ। ਦੋਹਾਂ ਦੇ ਪਾਤਰਾਂ ਦੇ ਹੁਲੀਏ, ਚਿਹਰੇ-ਮੋਹਰੇ ਤੇ ਚਿੱਤ੍ਰ-ਚਕੋਰ ਜ਼ਿੰਦਗੀ ਵਿਚੋਂ ਆਏ ਹਨ। ਇਹ ਕੌਮ ਦੇ ਜੀਉਂਦੇ-ਜਾਗਦੇ ਮਰਦ-ਇਸਤ੍ਰੀਆਂ ਦੇ ਚਿਹਰੇ ਹਨ। ਦੋਹਾਂ ਦੇ ਪੁਰਖ-ਪਾਤਰਾਂ ਵਿਚ ਕਾਫ਼ੀ ਸਮਾਨਤਾ ਮਿਲਦੀ ਹੈ, ਪਰ ਨਾਨਕ ਸਿੰਘ ਦੇ ਪਾਤਰ ਯਥਾਰਥ ਤੋਂ ਆਦਰਸ਼ ਵਲ ਮੁੜ ਜਾਂਦੇ ਹਨ। ਜਾਂ ਅੰਤ ਵਿਚ ਆਦਰਸ਼ਵਾਦੀ ਬਣ ਜਾਂਦੇ ਹਨ ਜਦੋਂ ਕਿ ਸੀਤਲ ਦੇ ਪਾਤਰ ਯਥਾਰਥ ਦੇ ਨੇੜੇ ਘੁੰਮਦੇ ਰਹਿੰਦੇ ਹਨ। ਇਸੇ ਅਧਿਆਇ ਵਿਚ ਦੋਹਾਂ ਦੇ ਨਾਵਲਾਂ ਵਿਚ ਮਿਲਦੇ ਪਾਤਰਾਂ ਵਿਚਲੇ ਪੁਰਾਤਨ ਸੰਸਕਾਰਾਂ ਦੇ ਆਧੁਨਿਕ ਪ੍ਰਵਿਰਤੀਆਂ ਨਾਲ ਟਕਰਾਅ ਦਾ ਅਧਿਐਨ ਵੀ ਪੇਸ਼ ਕੀਤਾ ਗਿਆ ਹੈ।

ਸਮਾਜਿਕ ਪਿਛੋਕੜ ਵਿਚ, ਅਜੋਕੇ ਸਮਾਜ ਵਿਚ ਇਸਤਰੀ ਦੀ ਦਸ਼ਾ ਦਾ ਚਿਤਰਣ ਕੀਤਾ ਗਿਆ ਹੈ। ਇਸਤਰੀ ਦਾ ਪਿਛੋਕੜ ਦੋਹਾਂ ਦੇ ਨਾਵਲਾਂ ਵਿਚੋਂ ਇਹੋ ਮਿਲਦਾ ਹੈ ਕਿ ਇਸਤਰੀ ਨੂੰ ਮਰਦ ਦੇ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ ਜਦੋਂ ਕਿ ਆਧੁਨਿਕ ਸਮਾਜ ਦੀ ਇਸਤਰੀ ਜੋ ਆਪਣੇ ਪੈਰਾਂ 'ਤੇ ਆਪ ਖੜ੍ਹੀ ਹੋ ਜਾਂਦੀ ਹੈ, ਮਰਦ ਦੇ ਮੋਢੇ ਨਾਲ ਮੋਢਾ ਮੇਚ ਕੇ ਹਰ ਕੰਮ ਕਰਦੀ ਹੈ, ਨੂੰ ਦਰਸਾਇਆ ਗਿਆ ਹੈ। ਦੋਹਾਂ ਨਾਵਲਕਾਰਾਂ ਨੇ ਇਸਤਰੀ ਪਾਤਰਾਂ ਦਾ ਚਿਤਰਣ ਬੜੇ ਸੁਚੱਜੇ ਢੰਗ ਨਾਲ ਕੀਤਾ ਹੈ। ਇਸੇ ਭਾਗ ਵਿਚ ਦੋਹਾਂ ਦੇ ਨਾਵਲਾਂ ਵਿਚ ਇਸਤਰੀ ਪਾਤਰਾਂ ਵਿਚ ਮਿਲਦੀਆਂ ਸਮਾਨਤਾਵਾਂ ਅਤੇ ਵੱਖਰਤਾਵਾਂ ਨੂੰ ਪੇਸ਼ ਕੀਤਾ ਗਿਆ ਹੈ।

ਪੰਜਵੇਂ ਅਧਿਆਇ ਵਿਚ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੇ ਨਾਵਲਾਂ ਦਾ ਉਦੇਸ਼ ਦੋਹਾਂ ਦੇ ਨਾਵਲਾਂ ਵਿਚਲਾ ਸੰਦੇਸ਼, ਸਮਾਜਿਕ-ਆਰਥਿਕ-ਰਾਜਨੀਤਕ ਲਹਿਰਾਂ ਤੋਂ ਗ੍ਰਹਿਣ ਕੀਤੇ ਪ੍ਰਭਾਵ ਅਤੇ ਆਦਰਸ਼ ਅਤੇ ਯਥਾਰਥ ਦਾ ਟਕਰਾਅ ਆਦਿ ਨੂੰ ਲਿਆ ਗਿਆ ਹੈ। ਦੋਹਾਂ ਨਾਵਲਕਾਰਾਂ ਦਾ ਉਦੇਸ਼ ਸਮਾਜ ਦਾ ਸੁਧਾਰ ਕਰਨਾ ਹੈ। ਇਸੇ ਲਈ ਇਹ ਦੋਵੇਂ ਅਜਿਹੇ ਨਾਇਕ ਚੁਣਦੇ ਹਨ ਜੋ ਕੇਵਲ ਆਪਣੇ ਤਕ ਸੀਮਿਤ ਨਾ ਰਹਿ ਕੇ ਦੂਜਿਆਂ ਪ੍ਰਤੀ ਹਮਦਰਦੀ, ਤਿਆਗ ਦੀ ਭਾਵਨਾਂ, ਆਪਣੇ ਤੋਂ ਹੇਠਲੀ ਸ਼੍ਰੇਣੀ ਲਈ ਸਹਾਇਤਾ ਦੀ ਭਾਵਨਾ ਅਤੇ ਹੋਰ ਅਜਿਹੇ ਗੁਣਾਂ ਰਾਹੀਂ ਸੁਆਰਥੀਆਂ, ਜ਼ਾਲਮਾਂ, ਸੋਸ਼ਕਾਂ ਨੂੰ ਵੰਗਾਰ ਦੇ ਇਨਸਾਨੀਅਤ ਦੀ ਪੱਧਰ ਨੂੰ ਉੱਚਾ ਕਰ ਦਿੰਦੇ ਹਨ। ਇਸੇ ਅਧਿਆਇ ਵਿਚ ਆਦਰਸ਼ ਅਤੇ ਯਥਾਰਥ ਦੇ ਟਕਰਾਅ ਨੂੰ ਪੇਸ਼ ਕੀਤਾ ਗਿਆ ਹੈ। ਨਾਨਕ ਸਿੰਘ ਦੇ ਨਾਵਲਾਂ ਵਿਚ ਆਦਰਸ਼ ਅਤੇ ਯਥਾਰਥ ਦਾ ਟਕਰਾਅ ਕਾਫੀ ਹੈ ਜਦੋਂ ਕਿ ਸੀਤਲ ਬੁਨਿਆਦੀ ਤੌਰ ਤੇ ਯਥਾਰਥਵਾਦੀ ਹੈ, ਅਤੇ ਸੀਤਲ ਦੇ ਨਾਵਲਾਂ ਵਿਚ ਆਦਰਸ਼ ਅਤੇ ਯਥਾਰਥ ਦਾ ਟਕਰਾਅ ਨਾਨਕ ਸਿੰਘ ਨਾਲੋਂ ਘੱਟ ਹੈ।

ਅਧਿਆਇ ਛੇਵੇਂ ਵਿਚ ਨਿਸ਼ਕਰਸ਼ ਦਿੱਤੇ ਗਏ ਹਨ, ਜਿਨ੍ਹਾਂ ਵਿਚ ਦੋਹਾਂ ਨਾਵਲਕਾਰਾਂ ਦੇ ਨਾਵਲਾਂ ਦੀ ਪੜਚੋਲ ਕਰਨ ਤੋਂ ਬਾਅਦ ਪ੍ਰਾਪਤ ਸਿੱਟਿਆਂ ਨੂੰ ਸੰਖੇਪ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ। ਅੰਤਿਕਾ ਵਿਚ ਸਹਾਇਕ ਗ੍ਰੰਥ-ਸੂਚੀ ਅੰਕਿਤ ਕੀਤੀ ਗਈ ਹੈ।

## ਹਵਾਲੇ ਅਤੇ ਟਿੱਪਣੀਆਂ


1. ਚੌਧਰੀ, ਇੰਦ੍ਰ ਨਾਥ, ਤੁਲਨਾਤਮਕ ਸਾਹਿਤ ਕੀ ਭੂਮਿਕਾ, ਨੈਸ਼ਨਲ ਪਬਲਿਸ਼ਿੰਗ ਹਾਊਸ ਦਰਿਆ ਗੰਜ ਨਈ ਦਿੱਲੀ, 1983, ਪੀ. 11

2. ਰੇਮਾਕ ਹੈਨਰੀ, ਐਚ.ਐਚ. ਕੰਪੈਰੇਟਿਵ ਲਿਟਰੇਚਰ; ਇਟਸ ਡੈਫੀਨਿਸ਼ਨ ਐਂਡ ਫੰਕਸ਼ਨਜ਼, ਕੰਪੈਰੇਟਿਵ ਲਿਟਰੇਚਰ; ਮੈਥਡ ਐਂਡ ਪ੍ਰਸਪੈਕਟਿਵਜ਼, ਸਟਾਲਨੈਚ, ਐਨ.ਪੀ. ਐਂਡ ਫਰੈਂਜ਼, ਐਚ. ਐਡੀਸ਼ਨ, ਕਾਰਬੋਨ-ਡੇਲ, 1966, ਪੀ. 1

3. ਨੂਰ, ਸਤਿੰਦਰ ਸਿੰਘ, ਤੁਲਨਾਤਮਕ ਭਾਰਤੀ ਸਾਹਿਤ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1990, ਪੀ. 108

ਅਧਿਆਇ ਪਹਿਲਾ :

*
*
*
*
*
*
*

## ਰਚਨਾਵਾਂ ਦੇ ਮੁਢਲੇ ਸ੍ਰੋਤ

1) ਨਾਨਕ ਸਿੰਘ: ਸੰਖੇਪ ਜੀਵਨੀ

2) ਸੋਹਣ ਸਿੰਘ ਸੀਤਲ: ਸੰਖੇਪ ਜੀਵਨੀ

3) ਪਿਛੋਕੜ ਦੀ ਸਮਾਨਤਾ

4) ਦੋਹਾਂ ਦੇ ਪ੍ਰੇਰਣਾ-ਸ੍ਰੋਤ: ਸਮਾਜਿਕ, ਧਾਰਮਿਕ, ਰਾਜਨੀਤਕ ਲਹਿਰਾਂ, ਪ੍ਰਗਤੀਵਾਦ ਦਾ ਪ੍ਰਭਾਵ

## ਰਚਨਾਵਾਂ ਦੇ ਮੁਢਲੇ ਸ੍ਰੋਤ

ਦੋ ਸਾਹਿਤਕਾਰਾਂ ਦੀਆਂ ਰਚਨਾਵਾਂ ਦਾ ਤੁਲਨਾਤਮਕ ਅਧਿਐਨ ਕਰਨ ਲਈ, ਉਨ੍ਹਾਂ ਸਾਹਿਤਕਾਰਾਂ ਦੀ ਵਿਅਕਤੀਗਤ ਜ਼ਿੰਦਗੀ ਨੂੰ ਵਾਚਣਾ ਬਹੁਤ ਜ਼ਰੂਰੀ ਹੁੰਦਾ ਹੈ। ਜਿਸਤੋਂ ਉਨ੍ਹਾਂ ਦੀਆਂ ਰਚਨਾਵਾਂ ਦੇ ਪ੍ਰੇਰਣਾ ਸ੍ਰੋਤਾਂ ਨੂੰ ਸਮਝਣ ਲਈ, ਉਨ੍ਹਾਂ ਦਾ ਆਲਾ-ਦੁਆਲਾ, ਸਮਾਜ ਅਤੇ ਉਸ ਸਮੇਂ ਚਲ ਰਹੀਆਂ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਲਹਿਰਾਂ ਆਦਿ ਦੀ ਭੂਮਿਕਾ ਨਿਸ਼ਚਿਤ ਹੋ ਸਕੇ।

ਇਨ੍ਹਾਂ ਗੱਲਾਂ ਨੂੰ ਸਾਹਮਣੇ ਰੱਖਦੇ ਹੋਏ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੇ ਨਾਵਲਾਂ ਦਾ ਤੁਲਨਾਤਮਕ ਅਧਿਐਨ ਕਰਨ ਤੋਂ ਪਹਿਲਾਂ, ਉਨ੍ਹਾਂ ਦੋਵਾਂ ਦੇ ਜੀਵਨ ਬਾਰੇ ਕੁੱਝ ਵਾਕਫ਼ੀਅਤ ਪ੍ਰਾਪਤ ਕੀਤੀ ਜਾਵੇ ਅਤੇ ਨਾਲ ਹੀ ਉਨ੍ਹਾਂ ਦੋਵਾਂ ਨਾਵਲਕਾਰਾਂ ਦੇ ਪਿਛੋਕੜ ਅਤੇ ਪ੍ਰਭਾਵਾਂ ਵਲੋਂ ਝਾਤ ਮਾਰੀ ਜਾਵੇ, ਜਿਨ੍ਹਾਂ ਸਦਕਾ ਇਨ੍ਹਾਂ ਦੋਵਾਂ ਨਾਵਲਕਾਰਾਂ ਨੂੰ ਨਾਵਲ ਲਿਖਣ ਦੀ ਪ੍ਰੇਰਣਾ ਮਿਲੀ।

### ਨਾਨਕ ਸਿੰਘ: ਸੰਖੇਪ ਜੀਵਨੀ

ਨਾਨਕ ਸਿੰਘ ਦਾ ਜਨਮ ਪੱਛਮੀ ਪੰਜਾਬ ਦੇ ਜ਼ਿਲ੍ਹਾ ਜੇਹਲਮ, ਤਹਿਸੀਲ ਪਿੰਡ ਦਾਦਨ ਖਾਂ ਵਿਚ ਇਕ ਛੋਟੇ ਜਿਹੇ ਪਿੰਡ ਚੱਕ ਹਮੀਦ ਵਿਚ 4 ਜੁਲਾਈ, ਸੰਨ 1897 ਨੂੰ ਭਾਈ ਬਹਾਦਰ ਚੰਦ ਸੂਰੀ ਦੇ ਘਰ ਮਾਤਾ ਲਛਮੀ ਦੀ ਕੁੱਖੋਂ ਹੋਇਆ। ਉਸਦਾ ਬਚਪਨ ਦਾ ਨਾਂ ਹੰਸਰਾਜ ਸੀ। ਸ਼ੁਰੂ ਤੋਂ ਹੀ ਨਾਨਕ ਸਿੰਘ ਨੂੰ ਬਹੁਤ ਔਕੜਾਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਦਸਾਂ ਵਰ੍ਹਿਆਂ ਦੀ ਆਯੂ ਵਿਚ ਹੀ ਪਿਤਾ ਦੇ ਸੁਰਗਵਾਸ ਹੋ ਜਾਣ ਕਰਕੇ ਰੋਜ਼ੀ ਲਈ ਦਰ-ਦਰ ਭਟਕਣਾ ਪਿਆ। ਉਸਦੀ ਮਾਤਾ ਸ੍ਰੀਮਤੀ ਲਖਸ਼ਮੀ ਦੇਵੀ ਨੇ ਅਤਿ ਦੀ ਤੰਗੀ ਦੀ ਹਾਲਤ ਵਿਚ ਨਾਨਕ ਸਿੰਘ ਦਾ ਪਾਲਣ-ਪੋਸਣ ਕੀਤਾ। ਨਾਨਕ ਸਿੰਘ ਆਪਣੀ ਮਾਤਾ ਦੀ ਆਤਮਿਕ ਉਚੱਤਾ ਤੇ ਸਵੈ-ਸੰਜਮ ਤੋਂ ਅਤਿਅੰਤ ਪ੍ਰਭਾਵਿਤ ਹੋਇਆ, ਜਿਸ ਕਾਰਣ ਇਸਦੇ ਮਨ ਵਿਚ ਕੇਵਲ ਆਪਣੀ ਮਾਂ ਲਈ ਹੀ

ਨਹੀਂ ਸਗੋਂ ਸੰਸਾਰ ਭਰ ਦੀ ਇਸਤਰੀ ਜਾਤੀ ਲਈ ਸਤਿਕਾਰ ਉਤਪੰਨ ਹੋ ਗਿਆ। ਮਾਤਾ ਦੇ ਦੁੱਖਾਂ ਅਤੇ ਤਸੀਹਿਆਂ ਨੇ ਉਸਦੇ ਮਨ ਤੇ ਕਰਾਰੀ ਸੱਟ ਮਾਰੀ। ਪਿਓ ਦੇ ਸਾਏ ਬਿਨ੍ਹਾਂ ਨਾਨਕ ਸਿੰਘ ਭੈੜੀਆਂ ਵਾਦੀਆਂ ਦਾ ਸ਼ਿਕਾਰ ਹੋ ਗਿਆ ਤੇ ਪਿਓ ਦੀ ਮੌਤ ਮਗਰੋਂ ਘਰ ਦੀ ਸਾਰੀ ਜ਼ਿੰਮੇਵਾਰੀ ਵੀ ਉਸਦੇ ਸਿਰ ਉਤੇ ਪੈ ਗਈ।

ਮੁੱਢਲੀ ਵਿਦਿਆ ਨਾਨਕ ਸਿੰਘ ਨੇ ਆਪਣੇ ਪਿੰਡ ਤੋਂ ਹੀ ਪ੍ਰਾਪਤ ਕੀਤੀ। ਪੰਜਵੀਂ ਜਮਾਤ ਪਾਸ ਕਰਨ ਤੋਂ ਬਾਅਦ ਇਸਦਾ ਪਰਿਵਾਰ ਪੇਸ਼ਾਵਰ ਚਲਿਆ ਗਿਆ। ਘਰ ਦੇ ਨੇੜੇ ਸਕੂਲ ਨਾ ਹੋਣ ਕਰਕੇ ਨਾਨਕ ਸਿੰਘ ਪੜ੍ਹਾਈ ਜਾਰੀ ਨਾ ਰਖ ਸਕਿਆ। ਉਂਝ ਵੀ ਛੋਟੇ ਭੈਣ ਭਰਾਵਾਂ ਦੀ ਦੇਖ-ਭਾਲ ਉਸਦੇ ਸਿਰ ਪੈ ਗਈ ਸੀ। ਇਉਂ ਕੁੱਝ ਤਾਂ ਵਿਦਿਆ ਦੀ ਘਾਟ ਕਰਕੇ ਤੇ ਕੁੱਝ ਮਾੜੀ ਸੰਗਤ ਕਰਕੇ ਨਾਨਕ ਸਿੰਘ ਦੀ ਸਮਾਜਿਕ ਜ਼ਿੰਦਗੀ ਪਤਨ ਵਲ ਜਾਣੀ ਆਰੰਭ ਹੋ ਗਈ। ਨਾਨਕ ਸਿੰਘ ਨੇ ਘਰ ਦਾ ਖਰਚ ਚਲਾਉਣ ਲਈ ਬਹੁਤ ਪਾਪੜ ਵੇਲੇ। ਹਲਵਾਈ ਦੀ ਦੁਕਾਨ ਤੇ ਭਾਂਡੇ ਮਾਜੇ, ਕੁਲਫੀਆਂ ਦਾ ਮਟਕਾ ਸਿਰ ਤੇ ਰੱਖ ਕੇ ਮੇਲੇ ਵਿਚ ਵੇਚਣ ਗਿਆ, ਪਰ ਕੁੱਝ ਪੱਲੇ ਨਾ ਪਿਆ। ਨਾਨਕ ਸਿੰਘ ਨੂੰ ਸਿਗਰਟ, ਸ਼ਰਾਬ, ਚੋਰੀ ਤੇ ਕਈ ਹੋਰ ਨਸ਼ਿਆਂ ਨੇ ਕਾਫ਼ੀ ਗਿਰਿਆ ਹੋਇਆ ਇਨਸਾਨ ਬਣਾ ਦਿੱਤਾ, ਅਜਿਹੇ ਵੇਲੇ ਸਿੰਘ ਸਭਾ ਦੇ ਗਿਆਨੀ ਬਾਗ਼ ਸਿੰਘ ਨਾਲ ਉਸਦੀ ਭੇਂਟ ਹੋਈ, ਜਿਨ੍ਹਾਂ ਦੀ ਸੰਗਤ ਸਦਕਾ ਉਸਦੇ ਜੀਵਨ ਵਿਚ ਕਾਫ਼ੀ ਪਰਿਵਰਤਨ ਆਇਆ। ਨਾਨਕ ਸਿੰਘ ਤੇ ਗਿਆਨੀ ਬਾਗ਼ ਸਿੰਘ ਦੀ ਸਾਂਝ ਦਾ ਵੱਡਾ ਕਾਰਨ ਦੋਹਾਂ ਦਾ ਸੰਗੀਤ ਪ੍ਰੇਮ ਸੀ। ਸੰਗੀਤ ਪ੍ਰੇਮ ਦਾ ਆਰੰਭ ਛੋਟੀ ਉਮਰ ਤੋਂ ਹੀ ਇਕ ਵਿਧਵਾ ਕੁੜੀ ਨਾਲ ਲਗਾਵ ਤੋਂ ਹੋਇਆ। ਗਿਆਨੀ ਬਾਗ਼ ਸਿੰਘ ਇਕ ਸੁਲਝੇ ਹੋਏ ਵਿਅਕਤੀਤਵ ਦੇ ਮਾਲਕ ਸਨ। ਗਿਆਨੀ ਬਾਗ਼ ਸਿੰਘ ਕਿਉਂਕਿ ਹਾਰਮੋਨੀਅਮ ਦੇ ਚੰਗੇ ਉਸਤਾਦ ਸਨ, ਇਸ ਲਈ ਨਾਨਕ ਸਿੰਘ ਛੇਤੀ ਹੀ ਉਨ੍ਹਾਂ ਦੇ ਨੇੜੇ ਆ ਗਿਆ। ਉਨ੍ਹਾਂ ਨੇ ਨਾਨਕ ਸਿੰਘ ਨੂੰ ਵੀ ਚੰਗੇ ਮਾਰਗ ਵਲ ਪ੍ਰੇਰਨਾ ਸ਼ੁਰੂ ਕੀਤਾ। ਗਿਆਨੀ ਬਾਗ਼ ਸਿੰਘ ਦੀ ਸੰਗਤ ਸਦਕਾ ਨਾਨਕ ਸਿੰਘ ਨੇ ਗੁਰਦੁਆਰੇ ਜਾਣਾ ਸ਼ੁਰੂ ਕਰ ਦਿੱਤਾ ਅਤੇ ਇਸ ਤਰ੍ਹਾਂ ਗੁਰਦੁਆਰੇ ਵਿਚ ਸੁਣੇ ਉਨ੍ਹਾਂ ਦੇ ਭਾਸ਼ਣਾਂ ਨੇ ਨਾਨਕ ਸਿੰਘ ਉਪਰ ਕਾਫ਼ੀ ਅਸਰ ਕੀਤਾ ਤੇ ਹੌਲੀ ਹੌਲੀ ਉਹ ਜੀਵਨ ਦੇ ਠੀਕ ਰਾਹ ਤੇ ਆ ਗਿਆ।

ਨਾਨਕ ਸਿੰਘ ਦਾ ਪਿਆਰ ਇਕ ਬਾਲ-ਵਿਧਵਾ ਇਸਤਰੀ 'ਸਵਿਤਰੀ' ਨਾਲ ਪੈ ਗਿਆ ਜੋ ਕਿ ਉਸਦੀ ਗੁਆਢਣ ਸੀ। ਇਸਦਾ ਇਹ ਪਿਆਰ ਥੋੜੇ ਦਿਨ ਹੀਰਿਹਾ। ਸਵਿਤਰੀ ਦੀ ਮੌਤ ਹੋ ਗਈ ਤੇ ਸਵਿਤਰੀ ਨਾਨਕ ਸਿੰਘ ਨੂੰ ਸੰਗੀਤ ਅਤੇ ਕਵਿਤਾ ਆਪਣੀ ਯਾਦਗਾਰ ਦੇ ਰੂਪ ਵਿਚ ਦੇ ਗਈ। ਇਹ ਉਸਦੀ ਜ਼ਿੰਦਗੀ ਦੇ ਅੰਗ ਬਣ ਗਏ। ਇਸ ਤਰ੍ਹਾਂ ਨਾਨਕ ਸਿੰਘ ਦੀ ਜ਼ਿੰਦਗੀ ਵਿਚ ਰੁਮਾਂਸ ਦੀ ਪਹਿਲੀ ਕਿਰਨ ਲਿਆਉਣ ਵਾਲੀ ਬਾਲ-ਵਿਧਵਾ ਕੁੜੀ ਦੀ ਮੌਤ ਤੋਂ ਬਾਅਦ ਉਸਨੂੰ ਇਸ ਤਰ੍ਹਾਂ ਜਾਪਣਾ ਲੱਗਾ ਜਿਵੇਂ ਉਸਦੀ ਜ਼ਿੰਦਗੀ ਦੀ ਹਰ ਰੋਸ਼ਨੀ ਤੇ ਦਿਸਣ ਵਾਲੀ ਚੀਜ਼ ਨੂੰ ਉਸਦੀ ਸਹੇਲੀ ਦੀ ਰੂਹ ਆਪਣੇ ਨਾਲ ਹੀ ਲੈ ਗਈ ਹੋਵੇ। ਨਾਨਕ ਸਿੰਘ ਦੇ ਆਪਣੇ ਸ਼ਬਦਾਂ ਵਿਚ:

> ਮੈਂ ਬਿਲਕੁਲ ਖਾਲੀ ਸਾਂ — ਤੁਰਦਾ ਫਿਰਦਾ ਇਕ ਖੋਲ ਜਿਹਾ।
> ਨਾ ਮੇਰੇ ਅੰਦਰ ਕੋਈ ਖਾਹਿਸ਼ ਬਾਕੀ ਰਹੀ ਸੀ ਨਾ ਕਿਸੇ
> ਚੀਜ਼ ਨਾਲ ਦਿਲਚਸਪੀ।[1]

ਜੋ ਕੁੱਝ ਨਾਨਕ ਸਿੰਘ ਕੋਲ ਬਾਕੀ ਰਿਹਾ ਸੀ, ਉਹ ਸੀ, ਕਵਿਤਾ ਤੇ ਸੰਗੀਤ ਦੀ ਲਗਨ। ਇਸ ਤਰ੍ਹਾਂ ਨਾਨਕ ਸਿੰਘ ਦੀ ਰੁਚੀ ਸਾਹਿਤ ਲਿਖਣ ਵੱਲ ਵੱਧਣ ਲੱਗੀ।

ਪਹਿਲਾਂ ਪਹਿਲ ਦਾ ਉਹ ਜ਼ਬਾਨੀ ਹੀ ਕਵਿਤਾ ਰਚਦਾ ਰਿਹਾ, ਪਰ ਜਦ ਉਸਦੀ ਸ਼ਾਇਰੀ ਦੀ ਲੋਕਾਂ ਨੇ ਰਜਵੀ ਸਲਾਘਾ ਕੀਤੀ ਤੇ ਉਸਨੂੰ ਇਸਦਾ ਅਹਿਸਾਸ ਹੋਇਆ, ਕਲਮ ਦਵਾਤ ਲੈ ਕਾਗਜ਼ਾਂ ਦੇ ਥੱਬੇ ਦੇ ਥੱਬੇ ਭਰਨੇ ਸ਼ੁਰੂ ਕਰ ਦਿੱਤੇ। ਸਾਲ ਵਿਚ ਹੀ ਉਸਦੀ ਪਹਿਲੀ ਪੁਸਤਕ 'ਸੀ-ਹਰਫੀ ਹੰਸ ਰਾਜ' ਛੱਪ ਕੇ ਹੱਥੋ-ਹੱਥ ਵਿਕਣ ਲੱਗੀ।

ਮਾਂ ਦੀ ਮੌਤ ਉਪਰਾਂਤ ਉਹ ਦੁਨੀਆਂ ਤੋਂ ਉਪਰਾਮ ਹੋ ਰਿਹਾ ਸੀ, ਜਿਸਦਾ ਸਿੱਟਾ ਇਹ ਹੋਇਆ ਕਿ ਉਹ ਅਵਾਰਾ ਲੜਕਿਆਂ ਦੀ ਸੰਗਤ ਨੂੰ ਅਪਣਾ ਲੈਂਦਾ ਹੈ। ਇਨ੍ਹਾਂ ਦਿਨਾਂ ਵਿਚ ਹੀ ਉਸਦਾ ਮੇਲ ਗਿਆਨੀ ਬਾਗ ਸਿੰਘ ਨਾਲ ਹੋਇਆ, ਇਸ ਮਹਾਂਪੁਰਸ਼ ਨੇ ਧਾਰਮਿਕ ਗੀਤ ਸੁਣੇ ਸਨ ਤੇ ਉਸਦੇ ਅੰਦਰ ਲੁਕੀ ਪ੍ਰਤਿਭਾ ਨੂੰ ਅਨੁਭਵ ਕਰ ਲਿਆ ਸੀ। ਇਸ ਸਖਸ਼ੀਅਤ ਦੇ ਸੰਪਰਕ

ਵਿਚ ਆ ਕੇ ਹੰਸ ਰਾਜ ਨਾਨਕ ਸਿੰਘ ਬਣਿਆ। ਨਾਨਕ ਸਿੰਘ ਨੇ ਕੀਰਤਨ ਮੰਡਲੀ ਤਿਆਰ ਕੀਤੀ, ਜੋ ਹਰ ਰੋਜ਼ ਗੁਰਦੁਆਰੇ ਜਾ ਕੇ ਕੀਰਤਨ ਕਰਨ ਲੱਗੀ। ਧਾਰਮਿਕ ਗੀਤ ਲਿਖਣੇ ਸ਼ੁਰੂ ਕੀਤੇ, "ਸਤਿਗੁਰ ਮਹਿਮਾ" ਗੁਟਕੇ ਦੀ ਸ਼ਕਲ ਵਿਚ ਛਪਵਾਏ। ਬਾਗ਼ ਸਿੰਘ ਨੇ ਨਾਨਕ ਸਿੰਘ ਨੂੰ ਵਿਆਹ ਦੇ ਬੰਧਨ ਵਿਚ ਬੱਝਣ ਦੀ ਸਲਾਹ ਦਿੱਤੀ। ਹੁਣ ਨਾਨਕ ਸਿੰਘ ਨੇ ਆਪਣੀ ਰੋਜ਼ੀ ਕਮਾਉਣ ਲਈ ਪ੍ਰੈਸ ਦਾ ਕੰਮ ਸ਼ੁਰੂ ਕਰ ਦਿੱਤਾ ਸੀ। ਇਸ ਦੌਰਾਨ ਕਈ ਸਮਾਜਿਕ ਲਹਿਰਾਂ ਨੇ ਨਾਨਕ ਸਿੰਘ ਉਪਰ ਪ੍ਰਭਾਵ ਪਾਇਆ। ਇਸ ਵੇਲੇ ਹੀ ਨਾਨਕ ਸਿੰਘ ਨੇ ਅੰਮ੍ਰਿਤਸਰ ਜਾ ਕੇ ਰਹਿਣ ਦਾ ਫ਼ੈਸਲਾ ਕੀਤਾ। ਉਥੇ ਜਾ ਕੇ ਭਾਈ ਕ੍ਰਿਪਾਲ ਸਿੰਘ ਨਾਲ ਰਲ ਕੇ ਉਸਨੇ ਪੁਸਤਕਾਂ ਦੀ ਦੁਕਾਨ ਖੋਲੀ।

ਇਹ ਸਮਾਂ ਰਾਜਸੀ ਅਤੇ ਧਾਰਮਿਕ ਲਹਿਰਾਂ ਦਾ ਸਮਾਂ ਸੀ ਅਤੇ ਅੰਮ੍ਰਿਤਸਰ ਵਿਚ 'ਗੁਰੂ ਕੇ ਬਾਗ਼' ਦਾ ਮੋਰਚਾ ਆਪਣੇ ਪੂਰੇ ਜੋਬਨ 'ਤੇ ਸੀ। ਨਾਨਕ ਸਿੰਘ ਇਸ ਮੋਰਚੇ ਵਿਚ ਜਾ ਸ਼ਾਮਲ ਹੋਇਆ, ਤੇ ਕੈਦ ਹੋ ਕੇ ਲਾਹੌਰ ਦੀ ਬੋਰਸਟਲ ਜੇਲ੍ਹ ਵਿਚ ਪਹੁੰਚ ਗਿਆ। ਜੇਲ੍ਹ ਵਿਚ ਹੀ ਭਾਈ ਗਜਾ ਸਿੰਘ ਅਤੇ ਪੰਡਿਤ ਜਗਨਨਾਥ ਨਾਲ ਉਸਦੀ ਮੁਲਾਕਾਤ ਹੋਈ। ਪੰਡਤ ਜਗਨ ਨਾਥ ਨਾਲ ਮੁਲਾਕਾਤ ਨੇ ਨਾਨਕ ਸਿੰਘ ਦੇ ਜੀਵਨ ਨੂੰ ਇਕ ਨਵੀਨ ਮੋੜ-ਪ੍ਰਦਾਨ ਕੀਤਾ। ਉਹ ਇਕ ਰਾਜਸੀ ਕੈਦੀ ਸੀ ਅਤੇ ਉਸ ਪਾਸ ਹਿੰਦੀ ਤੇ ਬੰਗਾਲੀ ਦੇ ਨਾਵਲ ਤੇ ਕਹਾਣੀ ਸੰਗ੍ਰਹਿ ਸਨ। ਇਸੇ ਸਾਹਿਤ ਵਿਚ ਮੁਨਸ਼ੀ ਪ੍ਰੇਮ ਚੰਦ ਦੇ ਵੀ ਕਈ ਨਾਵਲ ਸਨ। ਜਿਨ੍ਹਾਂ ਦੇ ਅਧਿਐਨ ਸਦਕਾ ਨਾਨਕ ਸਿੰਘ ਨੇ ਸਭ ਤੋਂ ਪਹਿਲਾ ਨਾਵਲ ਲਿਖਣਾ ਸ਼ੁਰੂ ਕੀਤਾ, 'ਅੱਧ ਖਿੜੀ ਕਲੀ'। ਇਸ ਨਾਵਲ ਬਾਰੇ ਨਾਨਕ ਸਿੰਘ ਲਿਖਦਾ ਹੈ:

> ਉਹ ਅਸਲ ਵਿਚ ਮੇਰੇ ਅੰਤਹਕਰਣ ਦੀ ਹੀ ਇਕ ਤਸਵੀਰ ਜਿਹੀ ਸੀ। ਜਿਹੜੇ -ਜਿਹੜੇ ਉਦਗਾਰਾਂ ਨਾਲ ਮੇਰਾ ਅੰਦਰਲਾ ਭਰਿਆ ਹੋਇਆ ਸੀ ਉਨ੍ਹਾਂ ਵਿਚੋਂ ਹੀ ਇਕ ਸਿੱਧ ਪੱਧਰੇ ਜਿਹੇ ਨਾਵਲ ਦੇ ਪਲਾਟ ਦੀ ਮੇਰੀ ਕਲਪਨਾ ਸ਼ਕਤੀ ਨੇ ਚੋਣ ਕੀਤੀ।[2]

ਪਰ ਇਕ ਦਿਨ ਅਚਾਨਕ ਹੀ ਜੇਲ੍ਹ ਦੇ ਕਰਮਚਾਰੀਆਂ ਨੇ ਇਸ ਨਾਵਲ ਦਾ ਖਰੜਾ

ਜ਼ਬਤ ਕਰ ਲਿਆ। ਇਸਦਾ ਇਹ ਅਸਰ ਇਹ ਹੋਇਆ ਕਿ ਜੇਲ੍ਹ ਤੋਂ ਬਾਹਰ ਆ ਕੇ ਨਾਨਕ ਸਿੰਘ ਨੂੰ ਆਪਣੇ ਨਾਵਲਕਾਰ ਬਣ ਸਕਣ ਦਾ ਸੁਪਨਾ ਦਿਖਾਈ ਦੇਣ ਲੱਗਾ।

ਇਸ ਤਰ੍ਹਾਂ ਨਾਨਕ ਸਿੰਘ ਨੇ ਆਪਣਾ ਸਾਹਿਤਕ ਜੀਵਨ ਕਵਿਤਾ ਤੋਂ ਆਰੰਭ ਕੀਤਾ। ਉਸ ਤੋਂ ਬਆਦ ਕਵੀ ਨਾਨਕ ਸਿੰਘ ਨਾਵਲਕਾਰ ਬਣ ਗਿਆ। ਨਾਨਕ ਸਿੰਘ ਨੇ ਆਪਣੇ ਸਾਹਿੱਤਕ ਜੀਵਨ ਵਿਚ ਭਾਈ ਵੀਰ ਸਿੰਘ, ਚਰਨ ਸਿੰਘ ਸ਼ਹੀਦ ਅਤੇ ਮੋਹਨ ਸਿੰਘ ਵੈਦ ਦੀਆਂ ਸਾਹਿਤੱਕ ਰਚਨਾਵਾਂ ਅਤੇ ਅਣਗਿਣਤ ਕਿੱਸੇ ਪੜ੍ਹੇ। ਦੇਸੀ/ਬਦੇਸ਼ੀ ਲੇਖਕਾਂ ਨੂੰ ਵੀ ਉਸਨੇ ਪੜ੍ਹਿਆ। ਸਭ ਤੋਂ ਜ਼ਿਆਦਾ ਪ੍ਰਭਾਵ ਉਸਨੇ ਮੁਨਸ਼ੀ ਪ੍ਰੇਮ ਚੰਦ ਦਾ ਕਬੂਲਿਆ। ਨਾਨਕ ਸਿੰਘ ਨੇ ਆਪਣੀ ਨਾਵਲਕਲਾ ਦਾ ਮੁੱਢ 'ਚਿੱਟਾ ਲਹੂ' ਤੋਂ ਮੰਨਿਆ ਹੈ। ਇਹ ਨਾਵਲ 1932 ਵਿਚ ਛਪਿਆ ਸੀ। ਜਦੋਂ ਨਾਨਕ ਸਿੰਘ ਨੇ ਇਹ ਨਾਵਲ ਲਿਖਿਆ ਤਾਂ ਉਸ ਵੇਲੇ ਪੰਜਾਬੀ ਨਾਵਲ ਆਪਣੀ ਮੁੱਢਲੀ ਅਵਸਥਾ ਵਿਚ ਸੀ।

28 ਦਸੰਬਰ 1971 ਨੂੰ ਪੰਜਾਬੀ ਦਾ ਇਹ ਹਰਮਨ ਪਿਆਰਾ ਨਾਵਲਕਾਰ ਪੰਜਾਬੀ ਪਾਠਕਾਂ ਨੂੰ ਸਦੀਵੀ ਵਿਛੋੜਾ ਦੇ ਗਿਆ।

## ਸੋਹਣ ਸਿੰਘ ਸੀਤਲ: ਸੰਖੇਪ ਜੀਵਨੀ

ਸੋਹਣ ਸਿੰਘ ਸੀਤਲ ਦਾ ਜਨਮ 7 ਅਗਸਤ 1909 ਈ: ਨੂੰ ਇਕ ਛੋਟੇ ਜਿਹੇ ਪਿੰਡ ਕਾਦੀ ਵੰਡ, ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ ਦੇ ਇਕ ਵਾਹੀਵਾਨ ਪੰਨੂੰ ਜੱਟ ਘਰਾਣੇ ਵਿਚ ਸਰਦਾਰ ਖੁਸ਼ਹਾਲ ਸਿੰਘ ਦੇ ਘਰ ਹੋਇਆ। ਪਿੰਡ ਵਿਚ ਸਕੂਲ ਨਾ ਹੋਣ ਕਰਕੇ ਉਸਨੇ ਮੁੱਢਲੀ ਵਿਦਿਆ ਸਾਧੂ ਹਰੀ ਦਾਸ ਪਾਸੋਂ ਹੀ ਪ੍ਰਾਪਤ ਕੀਤੀ। ਨਾਲ ਦੇ ਪਿੰਡ ਵਰਨਾ ਵਿਚ ਸਕੂਲ ਖੁਲ੍ਹਣ ਪਿਛੋਂ 12 ਫਰਵਰੀ 1923 ਨੂੰ ਸੀਤਲ ਸਕੂਲ ਵਿਚ ਦਾਖਲ ਹੋਇਆ। ਮਾਰਚ 1924 ਵਿਚ ਉਸਨੇ ਚੌਥੀ ਜਮਾਤ ਪਾਸ ਕਰ ਲਈ। ਇਸ ਪਿਛੋਂ ਉਹ ਸਰਕਾਰੀ ਹਾਈ ਸਕੂਲ ਵਿਚ ਦਾਖਲ ਹੋਇਆ। ਅਠਵੀਂ ਜਮਾਤ ਵਿਚ ਪੜ੍ਹਦਿਆਂ ਹੀ 10 ਸਤੰਬਰ 1927 ਈ: ਨੂੰ ਸੀਤਲ ਦਾ ਵਿਆਹ

ਹੋ ਗਿਆ। ਸੀਤਲ ਖੁਦ ਲਿਖਦਾ ਹੈ:

> ਇਹ ਸਭ ਕੁੱਝ ਸਾਡੇ ਮਾਪਿਆਂ ਦੀ ਖੁਸ਼ੀ ਸੀ। ਉਸ ਸਮੇਂ ਦੀ ਪੇਂਡੂ ਸਭਿਅਤਾ ਅਨੁਸਾਰ ਨਾ ਕਿਸੇ ਮੇਰੀ ਸਲਾਹ ਪੁੱਛੀ ਤੇ ਨਾ ਹੀ ਮੈਨੂੰ ਸਲਾਹ ਦੇਣ ਦਾ ਹੱਕ ਸੀ। ਉਸ ਵੇਲੇ ਮੇਰੀ ਉਮਰ ਅਠਾਰਾਂ ਸਾਲ ਦੀ ਸੀ।[3]

ਦਸਵੀਂ ਸੀਤਲ ਨੇ ਕਸੂਰ ਦੇ ਸਰਕਾਰੀ ਹਾਈ ਸਕੂਲ ਤੋਂ 1930 ਵਿਚ ਫਸ਼ਟ ਡਵੀਜ਼ਨ ਵਿਚ ਪਾਸ ਕੀਤੀ। 1933 ਵਿਚ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਿਆਨੀ ਦਾ ਇਮਤਿਹਾਨ ਪਾਸ ਕੀਤਾ। ਇਸ ਤੋਂ ਪਿਛੋਂ ਪਿਤਾ ਦੀ ਮੌਤ ਤੋਂ ਬਅਦ ਸੀਤਲ ਵਾਹੀ ਦੇ ਕੰਮ ਵਿਚ ਫਸ ਗਿਆ। ਸਾਹਿਤਕ ਬਿਰਤੀ ਹੋਣ ਕਰਕੇ ਵਾਹੀ ਦਾ ਕੰਮ ਵਧੇਰੇ ਰਾਸ ਨਾ ਆਇਆ। ਦਸਵੀਂ ਦੀ ਪ੍ਰੀਖਿਆ ਵਿਚ ਬੈਠਣ ਤੋਂ ਪਹਿਲਾਂ ਉਹ ਇਕ ਪੁੱਤਰ ਦਾ ਪਿਉ ਬਣ ਗਿਆ ਸੀ। ਉਸਦੇ ਮਾਤਾ ਪਿਤਾ ਦੀ ਪੋਤਰਾ ਖਿਡਾਉਣ ਦੀ ਰੀਝ ਤਾਂ ਪੂਰੀ ਹੋ ਗਈ, ਪਰ ਇਹ ਖੁਸ਼ੀ ਉਹ ਜ਼ਿਆਦਾ ਦੇਰ ਤਕ ਨਾ ਮਾਣ ਸਕੇ। 28 ਅਗਸਤ 1931 ਨੂੰ ਉਹ ਗੁਰਪੁਰੀ ਜਾ ਬਿਰਾਜ ਤੇ ਸੀਤਲ ਲਈ ਕਸ਼ਟਾਂ ਭਰਪੂਰ ਜੀਵਨ ਦਾ ਸ੍ਰੀਗਣੇਸ਼ ਹੋਇਆ। ਇਹ ਸਮਾਂ ਉਸਦੇ ਅਨੁਭਵ ਦਾ ਸਮਾਂ ਕਹਿਣਾ ਬਣਦਾ ਹੈ, ਜੋ ਉਸਦੇ ਵੱਖ-ਵੱਖ ਨਾਵਲਾਂ ਦੇ ਪਾਤਰਾਂ ਰਾਹੀਂ ਪ੍ਰਗਟ ਹੋਇਆ ਹੈ, ਵਿਸ਼ੇਸ਼ ਕਰਕੇ 'ਜੰਗ ਜਾਂ ਅਮਨ', 'ਜੁੱਗ ਬਦਲ ਗਿਆ' ਆਦਿ ਵਿਚ।

ਸੀਤਲ ਬਚਪਨ ਤੋਂ ਹੀ ਰਸਿਕ ਮਨ ਵਾਲਾ ਰਿਹਾ ਹੈ। ਉਸਨੇ ਗਿਆਰਾਂ ਸਾਲ ਦੀ ਉਮਰ ਤਕ ਕਾਦਰਯਾਰ ਦਾ ਪੂਰਨ ਭਗਤ , ਸੋਹਣੀ ਫਜ਼ਲਸ਼ਾਹ, ਸੋਹਣੀ ਸਦਾ ਰਾਮ ,ਹੀਰ ਵਾਰਿਸ਼ , ਹੀਰ ਭਗਵਾਨ ਸਿੰਘ, ਸੱਸੀ ਪੁੰਨੂੰ , ਚੰਦਰ ਬਦਨ, ਮਿਰਜਾ-ਸਾਹਿਬਾਂ, ਸ਼ਾਹ ਬਹਿਰਾਮ, ਦੁੱਲਾ ਆਦਿ ਅਨੇਕਾਂ ਕਿੱਸੇ ਪੜ੍ਹ ਲਏ ਸਨ। ਚੌਦਾਂ ਪੰਦਰਾਂ ਸਾਲ ਦੀ ਉਮਰ ਵਿਚ ਉਸਨੇ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ ਜੋ 1928 ਤੋਂ ਪੰਜਾਬੀ ਦੇ ਮਾਸਿਕ ਪੱਤਰਾਂ ਵਿਚ ਛਪਣੀਆਂ ਸ਼ੁਰੂ ਹੋ ਗਈਆਂ। ਸੀਤਲ ਆਪਣੀ ਸਾਹਿਤਕ ਸਵੈ-ਜੀਵਨੀ ਵਿਚ ਲਿਖਦਾ ਹੈ:

> 1928 ਵਿਚ ਪਹਿਲੀ ਵਾਰ ਮੇਰੀ ਕਵਿਤਾ ਮਾਸਿਕ ਪੱਤਰ 'ਕਵੀ'

> ਵਿਚ ਛਪੀ। ਉਸਦੀ ਮੈਨੂੰ ਏਨੀ ਖੁਸ਼ੀ ਹੋਈ, ਜਿੰਨੀ 1974 ਵਿਚ ਸੀਤਲ ਅਕੈਡਮੀ ਦਾ ਐਵਾਰਡ ਮਿਲਣ ਦੀ।[4]

1935 ਵਿਚ ਸੀਤਲ ਢਾਡੀ ਬਣ ਗਿਆ ਤੇ 1940 ਵਿੱਚ ਉਸਦਾ ਪਹਿਲਾ ਕਾਵਿ-ਸੰਗ੍ਰਹਿ 'ਵਹਿੰਦੇ ਹੰਝੂ' ਛਪਿਆ।

ਸੋਹਣ ਸਿੰਘ ਸੀਤਲ ਨੇ ਦੇਸ਼ ਵੰਡ ਤੋਂ ਬਾਅਦ ਨਾਵਲ ਲਿਖਣੇ ਸ਼ੁਰੂ ਕੀਤੇ। ਇਸ ਤੋਂ ਬਾਅਦ ਲਗਾਤਾਰ ਨਾਵਲ ਲਿਖਦਾ ਗਿਆ। ਸੋਹਣ ਸਿੰਘ ਸੀਤਲ ਪਾਸ ਜਿੱਥੇ ਇਕ ਰਸਿਆ ਹੋਇਆ ਤਜ਼ਰਬਾ ਸੀ, ਉੱਥੇ ਉਸਨੇ ਨਾਵਲ ਲਿਖਣ ਤੋਂ ਇਲਾਵਾ ਨਾਵਲ ਪੜ੍ਹੇ ਵੀ ਸਨ। ਉਸਨੇ ਮੋਹਨ ਸਿੰਘ ਵੈਦ, ਭਾਈ ਵੀਰ ਸਿੰਘ, ਨਾਨਕ ਸਿੰਘ ਆਦਿ ਦੇ ਸਾਰੇ ਨਾਵਲ ਪੜ੍ਹੇ ਸਨ।

ਸੋਹਣ ਸਿੰਘ ਸੀਤਲ ਪੰਜਾਬੀ ਦਾ ਇਕ ਬਹੁ-ਪੱਖੀ ਲੇਖਕ ਹੈ। ਉਸਨੇ ਜਿੱਥੇ ਇਕ ਢਾਡੀ ਦੇ ਰੂਪ ਵਿਚ ਵਾਰਾਂ ਨੂੰ ਗਾਇਆ, ਉੱਥੇ ਵਾਰ-ਸਾਹਿਤ ਦੀ ਸਿਰਜਨਾ ਵੀ ਕੀਤੀ। ਉਸਨੇ ਇਕ ਕਵੀ ਦੇ ਰੂਪ ਵਿਚਹੁੱਲ ਗੀਤ ਵੀ ਲਿਖੇ। ਇਕ ਗਲਪਕਾਰ ਦੇ ਰੂਪ ਵਿਚ ਉਸਨੇ ਕਹਾਣੀਆਂ ਤੇ ਨਾਵਲ ਲਿਖੇ। ਸੀਤਲ, ਨਾਨਕ ਸਿੰਘ ਤੇ ਗੁਰਬਖਸ਼ ਸਿੰਘ ਪ੍ਰੀਤਲੜੀ ਵਾਂਗ ਕਿਸੇ ਪਖੋਂ ਵੀ ਪਰਚੂਨ ਦਾ ਸਾਹਿਤਕਾਰ ਨਹੀਂ, ਸਗੋਂ ਥੋਕ ਦਾ ਲਿਖਾਰੀ ਹੈ। ਉਸਨੇ ਪੰਜਾਹ ਦੇ ਲਗਭਗ ਪੁਸਤਕਾਂ ਲਿਖੀਆਂ ਹਨ। ਜਦੋਂ ਸੀਤਲ ਬਿਦੇਸ਼ ਯਾਤਰਾ ਤੇ ਗਿਆ ਤਾਂ ਇਸ ਦੌਰਾਨ ਦੇ ਅਨੁਭਵ 'ਕਾਲੇ ਪਰਛਾਵੇਂ' ਨਾਵਲਦੇ ਰੂਪ ਵਿਚ ਪ੍ਰਗਟ ਹੋ ਕੇ ਸਾਡੇ ਸਾਹਮਣੇ ਆਏ। ਇਸ ਰਚਨਾ ਨੇ ਸੋਹਣ ਸਿੰਘ ਸੀਤਲ ਨੂੰ ਭਾਸ਼ਾ ਵਿਭਾਗ ਵਲੋਂ ਵੀ ਪਹਿਲਾ ਪੁਰਸ਼ਕਾਰ ਦੇ ਕੇ ਸਨਮਾਨਿਆ ਗਿਆ।

ਬਿਦੇਸ਼ ਯਾਤਰਾ ਤੋਂ ਉਸਨੂੰ ਇਤਿਹਾਸਕ ਖੋਜ ਦੀ ਦੀਰਘ ਰੁਚੀ ਪੈਦਾ ਹੋਈ। ਸਿੱਖ ਇਤਿਹਾਸ ਉਸਦਾ ਵਿਸ਼ੇਸ ਖੋਜ ਖੇਤਰ ਹੈ। 'ਸਿਖ ਰਾਜ ਕਿਵੇਂ ਗਿਆ' ਉਸਦੀ ਇਸ ਖੋਜ ਬਿਰਤੀ ਦਾ ਪ੍ਰਤੱਖ ਪ੍ਰਮਾਣ ਹੈ। ਇਤਿਹਾਸ ਦੇ ਖੇਤਰ ਵਿਚ ਉਸਦੀ ਖੋਜ ਤਕ ਹਾਲੇ ਤਕ ਕੋਈ ਵੀ ਇਤਿਹਾਸਕਾਰ ਨਹੀਂ ਪੁੱਜ ਸਕਿਆ। ਨਾਵਲ 'ਤੂਤਾਂ ਵਾਲਾ ਖੂਹ' ਵਿਚ ਵੀ ਉਸਦੀ ਇਹ ਰੁਚੀ

ਗੁਰਦੁਆਰਾ ਲਹਿਰ,' ਗਦਰੀ ਬਾਬਿਆਂ ਦੀ ਘਾਲਣਾ ਅਤੇ ਸੁਤੰਤਰਤਾ ਸੰਗ੍ਰਾਮ ਦੇ ਅਨੁਭਵ ਵਜੋਂ ਉਜਾਗਰ ਹੋਈ ਹੈ।

ਪਿਤਾ ਦੀ ਮੌਤ ਤੋਂ ਬਾਅਦ ਤਿੰਨ ਸਾਲ ਜੋ ਸੀਤਲ ਨੇ ਵਾਹੀ ਵਿਚ ਬਿਤਾਏ, ਉਹ ਉਸਦੇ ਜੀਵਨ ਦੇ ਨਰਕੀ ਦਿਨ ਸੀ। ਉਸਦਾ ਇਹ ਕਾਰਣ ਨਹੀਂ ਕਿ ਉਹ ਵਾਹੀ ਕਰਨ ਤੋਂ ਡਰਦਾ ਸੀ। ਅਸਲ ਕਾਰਣ ਇਹ ਸੀ ਕਿ ਸ਼ਰੀਕ ਉਸਨੂੰ ਤੰਗ ਕਰਦੇ ਸਨ। ਇਨ੍ਹਾਂ ਪ੍ਰਭਾਵਾਂ ਨੂੰ ਸੀਤਲ ਨੇ ਕਵਿਤਾ ਦਾ ਰੂਪ ਦਿੱਤਾ। ਉਸਦੀ ਕਵਿਤਾ ਕੇਵਲ ਤੁੱਕਬੰਦੀ ਦੀ ਕਵਿਤਾ ਹੀ ਨਹੀਂ ਸਗੋਂ ਉਹ ਪਿੰਗਲ ਦੇ ਨਾਮੇਂ ਬਾਰੇ ਕੁੱਲ ਜਾਣਦਾ ਸੀ। ਸੀਤਲ ਦੀ ਕਵਿਤਾ ਉਸਦੇ ਜੀਵਨ ਦੇ ਨਿਜ਼ੀ ਜੀਵਨ ਤੇ ਕਿਸਾਨਾਂ ਦੀਆਂ ਮੁਸ਼ਕਲਾਂ ਦੁਆਲੇ ਘੁੰਮਦੀ ਹੈ। ਉਸਦੇ ਗੀਤਾਂ ਵਿਚ ਆਸ਼ਕ-ਮਾਸ਼ੂਕ ਦੇ ਪਿਆਰ ਦੀ ਬਜਾਏ ਇਸਤ੍ਰੀ-ਪਿਆਰ ਦਾ ਜ਼ਿਕਰ ਹੈ ।

1935 ਈ: ਵਿਚ ਉਸਦੇ ਜੀਵਨ ਵਿਚ ਬਹੁਤ ਵੱਡਾ ਮੋੜ ਆਇਆ। ਨਾਟਕੀ ਢੰਗ ਨਾਲ ਉਹ ਢਾਡੀ ਬਣ ਗਿਆ। ਉਸਦੇ ਸਾਥੀ ਬਣੇ ਉਸਦੇ ਖੇਡ ਦੇ ਹਾਣੀ। ਪਿੰਡ ਦੇ ਚਾਰ ਗਭਰੂਆਂ ਨੇ ਮਿਲਕੇ 'ਢਾਡੀ ਜੱਥਾ' ਬਣਾ ਲਿਆ, ਜਿਸਦਾ ਆਗੂ ਬਣਿਆ ਸੋਹਣ ਸਿੰਘ ਸੀਤਲ।

ਕੁਝ ਸਮਾਂ ਪਹਿਲਾਂ ਜਦ ਅਜੇ ਉਸਨੇ ਸਾਹਿਤ ਅਕਾਡਮੀ ਦਾ ਐਵਾਰਡ ਹਾਸਲ ਨਹੀਂ ਕੀਤਾ ਸੀ ਤਾਂ ਉਸ ਸਮੇਂ ਸੀਤਲ ਨੂੰ ਨਾਵਲਕਾਰ ਮੰਨਿਆ ਹੀ ਨਹੀਂ ਜਾਂਦਾ ਸੀ। ਭਾਵੇਂ ਉਸਨੇ ਇਕ ਦਰਜ਼ਨ ਨਾਵਲ ਲਿਖ ਲਏ ਸਨ। ਇਨਾਮ ਮਿਲਣ ਤੋਂ ਬਾਅਦ ਉਹ ਇਕ ਪ੍ਰਸਿੱਧ ਨਾਵਲਕਾਰ ਦੇ ਰੂਪ ਵਿਚ ਜਾਣਿਆ ਜਾਣ ਲੱਗਾ।

## ਪਿਛੋਕੜ ਦੀ ਸਮਾਨਤਾ

ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੋਵੇਂ ਮੱਧ-ਸ਼੍ਰੇਣੀ ਨਾਲ ਸੰਬੰਧ ਰਖਦੇ ਹਨ। ਦੋਵੇਂ ਨਾਵਲਕਾਰ ਸਮਕਾਲੀ ਹਨ। ਦੋਵਾਂ ਦੇ ਸਮੇਂ ਦੀ ਆਰਥਿਕ ਦਸ਼ਾ ਇਕੋ ਜਿਹੀ ਸੀ, ਤੇ ਦੋਵਾਂ ਦਾ ਆਰਥਿਕ ਪਿਛੋਕੜ ਵੀ ਲਗਭਗ ਇਕੋ ਜਿਹਾ ਸੀ। ਜੇ ਨਾਨਕ ਸਿੰਘ ਦੇ ਪਿਤਾ ਇਕ ਦੁਕਾਨਦਾਰ

ਸਨ ਤਾਂ ਸੋਹਣ ਸਿੰਘ ਸੀਤਲ ਦੇ ਪਿਤਾ ਵਾਹੀਵਾਨ ਸਨ। ਦੋਵਾਂ ਨਾਵਲਕਾਰਾਂ ਦਾ ਜਨਮ-ਸਥਾਨ ਹੁਣ ਪਾਕਿਸਤਾਨ ਵਿਚ ਹੈ। ਇਨ੍ਹਾਂ ਦੋਹਾਂ ਨਾਵਲਕਾਰਾਂ ਦੀ ਆਰਥਿਕ ਸਥਿਤੀ ਇਕੋ ਜਿਹੀ ਹੋਣ ਤੋਂ ਇਲਾਵਾ ਇਨ੍ਹਾਂ ਦੇ ਸਮੇਂ ਦੀ ਸਮਾਜਿਕ ਅਵਸਥਾ ਵੀ ਇਕੋ ਜਿਹੀ ਸੀ। ਉਸ ਸਮੇਂ ਲੋਕ ਆਮ ਤੌਰ ਤੇ ਇਮਾਨਦਾਰ ਹੁੰਦੇ ਸਨ। ਵਿਦਿਆ ਦੀ ਘਾਟ ਹੋਣ ਕਰਕੇ ਲੋਕ ਅਨਪੜ੍ਹ ਸਨ ਤੇ ਜਾਦੂ-ਟੂਣਿਆਂ, ਵਹਿਮਾਂ-ਭਰਮਾਂ ਵਿਚ ਵਿਸ਼ਵਾਸ਼ ਰਖਦੇ ਸਨ। ਰਾਸ਼ਟਰੀ ਖੇਤਰ ਵਿਚ ਹੌਲੀ-ਹੌਲੀ ਜਾਗ੍ਰਤੀ ਆਉਂਦੀ ਜਾ ਰਹੀ ਸੀ। ਇਸੇ ਤਰ੍ਹਾਂ ਦੀ ਫਿਜ਼ਾ ਵਿਚ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦਾ ਬਚਪਨ ਗੁਜ਼ਰਿਆ। ਦੋਵਾਂ ਦੇ ਸਮੇਂ ਦੀ ਰਾਜਨੀਤਕ ਦਸ਼ਾ ਵੀ ਇਕੋ ਜਿਹੀ ਸੀ। ਸਾਧਾਰਣ ਲੋਕਾਂ ਨੂੰ ਇਸ ਗਲ ਦੀ ਸਮਝ ਆ ਰਹੀ ਸੀ ਕਿ ਉਹ ਗੁਲਾਮ ਕਿਉਂ ਹਨ? ਇਸ ਕਰਕੇ ਉਨ੍ਹਾਂ ਨੇ ਅੰਦੋਲਨ ਕਰਨੇ ਸ਼ੁਰੂ ਕਰ ਦਿੱਤੇ ਜਿਸਦੇ ਫਲਸਵਰੂਪ ਰਾਜਨੀਤਕ ਲਹਿਰਾਂ-ਉਤਪੰਨ ਹੋ ਰਹੀਆਂ ਸਨ। ਇਨ੍ਹਾਂ ਲਹਿਰਾਂ ਦਾ ਰਲਵਾਂ-ਮਿਲਵਾਂ ਅਸਰ ਦੋਵਾਂ ਉਤੇ ਪਿਆ।

## ਸਮਾਜਿਕ ਪਿਛੋਕੜ

ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੋਵਾਂ ਦਾ ਸਮਾਜਿਕ ਪਿਛੋਕੜ ਇਕੋ ਜਿਹਾ ਸੀ। 20ਵੀਂ ਸਦੀ ਦੇ ਆਰੰਭ ਵਿਚ ਅੰਗਰੇਜ਼ ਸਾਰੇ ਭਾਰਤ ਉਤੇ ਆਪਣਾ ਰਾਜ ਪੂਰੀ ਤਰ੍ਹਾਂ ਸਥਾਪਤ ਕਰ ਚੁੱਕੇ ਸਨ। ਜਿਸਦਾ ਅਸਰ ਸਾਡੇ ਸਮਾਜ ਉਤੇ ਪਿਆ।ਭਾਰਤ ਵਿਚ ਪੂੰਜੀਵਾਦੀ ਅਵਸਥਾ ਸਰਮਾਏਦਾਰੀ ਵਿਚ ਵਟਣੀ ਸ਼ੁਰੂ ਹੋ ਗਈ। ਪੂੰਜੀਵਾਦੀ ਦੇ ਵਿਰੁੱਧ ਸਮਾਜਵਾਦ ਵੀ ਆਪਣੀਆਂ ਜੜ੍ਹਾਂ ਪੱਕੀਆਂ ਕਰ ਰਿਹਾ ਸੀ। ਦੂਜੇ ਪਾਸੇ ਸੱਚਾਈ ਅਤੇ ਅਹਿੰਸਾ ਦੇ ਅਧਿਆਤਮਕ ਤੇ ਮਾਨਵਵਾਦੀ ਦ੍ਰਿਸ਼ਟੀਕੋਣ ਨੂੰ ਅਪਣਾ ਕੇ ਗਾਂਧੀਵਾਦ 'ਟ੍ਰਸਟੀਸ਼ਿਪ' ਦੇ ਸਿਧਾਂਤ ਉਤੇ ਜ਼ੋਰ ਦੇ ਰਿਹਾ ਸੀ। ਇਉਂ ਸਮਾਜ ਵਿਚ ਵਰਗਾਂ ਦੀ ਦ੍ਰਿਸ਼ਟੀ ਤੋਂ ਸ਼ਹਿਰੀ ਖੇਤਰ ਵਿਚ ਪੂੰਜੀਪਤੀ, ਡਾਕਟਰ, ਵਕੀਲ ਆਦਿ ਪੇਸ਼ਿਆਂ ਦੇ ਲੋਕ, ਮੱਧ-ਸ਼੍ਰੇਣੀ ਵਿਚ ਦੁਕਾਨਦਾਰੀ, ਵਪਾਰੀ, ਸਰਕਾਰੀ ਕਰਮਚਾਰੀ ਤੇ ਨਿਮਨ ਸ਼੍ਰੇਣੀ ਵਿਚ ਮਜ਼ਦੂਰ ਵਰਗ ਵਿਸ਼ੇਸ਼ ਤੌਰ ਤੇ ਪੱਕੇ ਹੋ ਚੁਕੇ ਸਨ। ਪੇਂਡੂ ਸਮਾਜਿਕ ਜੀਵਨ ਕਈ ਸ੍ਰੇਣੀਆਂ ਵਿਚ ਵੰਡਿਆ ਹੋਇਆ ਸੀ। ਇਨ੍ਹਾਂ ਵਿਚੋਂ ਕੇਂਦਰੀ ਅਤੇ ਸ਼ਕਤੀਸ਼ਾਲੀ ਥਾਂ ਕਿਸਾਨ ਅਥਵਾ ਜੱਟ ਨੂੰ ਪ੍ਰਾਪਤ ਸੀ। ਬਾਕੀ ਸ਼੍ਰੇਣੀਆਂ ਜਿਵੇਂ ਤਰਖਾਣ, ਲੁਹਾਰ, ਝਿਉਰ, ਚਮਿਆਰ,

ਮਜ਼੍ਹਬੀ ਸਿੱਖ, ਮੁਸਲਮਾਨ, ਜੁਲਾਹੇ ਅਤੇ ਹੋਰ ਭੂਮੀਹੀਣ ਲੋਕ ਕੀਰਤੀ ਸ਼੍ਰੇਣੀਆਂ ਵਿਚ ਸ਼ਾਮਲ ਸਨ।

ਪੇਂਡੂ ਲੋਕਾਂ ਵਿਚ ਸ਼ਰੀਕੇ ਦੀ ਭਾਵਨਾਂ ਸੀ। ਯੋਗ ਜਾਂ ਅਯੋਗ ਢੰਗ ਨਾਲ ਆਪਣੇ ਸਕਿਆਂ ਦੀ ਜ਼ਮੀਨ ਹਥਿਆਉਣ ਅਤੇ ਲੋੜ ਪੈਣ ਤੇ ਸ਼ਰੀਕੇ ਦੇ ਭਰਾਵਾਂ ਦਾ ਕਤਲ ਤਕ ਵੀ ਇਹ ਲੋਕ ਚਲੇ ਜਾਂਦੇ ਸਨ। ਸ਼ਰੀਕੇ ਦੀ ਇਹ ਭਾਵਨਾਂ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੇ ਨਾਵਲਾਂ ਵਿਚ ਮਿਲਦੀ ਹੈ। ਨਾਨਕ ਸਿੰਘ ਦੇ ਨਾਵਲ 'ਆਦਮ ਖੋਰ' ਤੇ 'ਛਲਾਵਾ' ਵਿਚ ਸ਼ਿੰਗਾਰਾ ਸਿੰਘ ਅਤੇ ਹਰਬੰਸ ਰਾਹੀ ਸਮਾਜਿਕ ਜੀਵਨ ਦੇ ਇਸ ਪੱਖ ਨੂੰ ਚਿਤਰਦਾ ਹੈ। ਇਸੇ ਤਰ੍ਹਾਂ ਸੋਹਣ ਸਿੰਘ ਸੀਤਲ ਦੇ ਨਾਵਲ 'ਪਤਵੰਤੇ ਕਾਤਲ' ਵਿਚ ਤਾਰੂ ਜੋ ਕਿ ਪਿੰਡ ਦਾ ਬਦਮਾਸ਼ ਹੈ ਆਪਣੇ ਸ਼ਰੀਕੇ ਦੇ ਭਰਾ ਕੁਲਵੰਤ ਦਾ ਕਤਲ ਕਰਨਾ ਚਾਹੁੰਦਾ ਹੈ ਤਾਂ ਜੋ ਉਸਦੀ ਜ਼ਮੀਨ ਪ੍ਰਾਪਤ ਕਰ ਸਕੇ। ਨਾਵਲ 'ਜੰਗ ਜਾਂ ਅਮਨ' ਵੀ ਇਸੇ ਸ਼ਰੀਕੇ ਦੀ ਭਾਵਨਾ ਨਾਲ ਭਰਪੂਰ ਹੈ।

ਪੇਂਡੂ ਸਮਾਜ ਵਿਚ ਲੋਕਾਂ ਦਾ ਕੰਮ-ਧੰਦਾ ਖੇਤੀ-ਬਾੜੀ ਸੀ। ਪੇਂਡੂ ਕਿਰਸਾਣ ਲੱਗਭੱਗ ਕਿਰਸਾਣੀ ਸਮਾਜ ਹੀ ਸੀ। ਇਸ ਸਮਾਜ ਦੀ ਰੀੜ ਦੀ ਹੱਡੀ ਜੱਟ ਸੀ ਅਤੇ ਬਾਕੀ ਸ਼੍ਰੇਣੀਆਂ ਉਸਦੇ ਕੰਮਾਂ ਵਿਚ ਕਈ ਢੰਗਾਂ ਨਾਲ ਭਾਈਵਾਲ ਸਨ। ਪੇਂਡੂ ਸਮਾਜ ਦਾ ਮੁੱਖ ਕਿੱਤਾ ਵਾਹੀ ਖੇਤੀ ਹੋਣ ਕਾਰਣ ਕਈ ਵਾਰੀ ਪਿੰਡਾਂ ਦੇ ਕਿਰਸਾਣਾਂ ਨੂੰ ਬਿਮਾਰੀ ਦੀ ਹਾਲਤ ਵਿਚ ਵੀ ਕੰਮ ਕਰਨਾ ਪੈਂਦਾ ਸੀ। ਪੇਂਡੂ ਜੀਵਨ ਵਿਚ ਛੋਟੇ ਕਿਸਾਨਾਂ ਦੀ ਆਰਥਿਕ ਹਾਲਤ ਮੰਦੀ ਸੀ। ਇਹ ਕਿਸਾਨ ਕਰਜ਼ੇ ਹੇਠ ਦਬਾਏ ਹੋਏ ਸਨ ਅਤੇ ਉਨ੍ਹਾਂ ਦੇ ਗੁਜ਼ਾਰੇ ਦਾ ਸਾਧਨ ਥੋੜੀ ਜਿਹੀ ਜ਼ਮੀਨ ਹੀ ਸੀ। ਇਨ੍ਹਾਂ ਛੋਟੇ ਕਿਸਾਨਾਂ ਅਤੇ ਕਿਰਤੀਆਂ ਦੇ ਇਸ ਦੁਖਾਂਤ ਦਾ ਕਾਰਣ ਭਾਵੇਂ ਕਈ ਫਜ਼ੂਲ ਖਰਚੀਆਂ ਹੀ ਸਨ, ਪਰ ਆਧਾਰ ਰੂਪ ਸੋਸ਼ਣ ਹੀ ਇਨ੍ਹਾਂ ਦੀ ਸਮਾਜਿਕ ਦੁਰਦਸ਼ਾ ਦਾ ਵੱਡਾ ਕਾਰਣ ਸੀ। ਭਾਵੇਂ ਉਹ 'ਖੁਲਦਾ ਮਾਸ' ਨਾਵਲ ਦਾ ਹਰੀ ਸਿੰਘ ਹੋਵੇ, ਭਾਵੇਂ 'ਤੂਤਾਂ ਵਾਲੇ ਖੂਹ' ਦਾ ਸੱਜਣ ਸਿੰਘ ਜਾਂ ਇਲਮਦੀਨ। ਇਸੇ ਤਰ੍ਹਾਂ ਨਾਨਕ ਸਿੰਘ ਦੇ ਨਾਵਲ 'ਛਲਾਵਾ' ਦਾ ਕਿਰਤੀ ਭਜਨ ਸਿੰਘ ਹੀ ਕਿਉਂ ਨਾ ਹੋਵੇ, ਸਭ ਦੀਆਂ ਮਜ਼ਬੂਰੀਆਂ ਇਸੇ ਪ੍ਰਕਾਰ ਦੀਆਂ ਹਨ।

ਨਾਵਲ 'ਮੁੱਲ ਦਾ ਮਾਸ' ਦਾ ਹਰੀ ਸਿੰਘ ਆਰਥਿਕ ਮਜ਼ਬੂਰੀਆਂ ਕਾਰਣ ਹੀ ਆਪਣੀ 16 ਸਾਲ ਦੀ ਧੀ ਚੰਦੋ ਦਾ ਵਿਆਹ 50 ਸਾਲ ਦੇ ਦਹਾਜੂ ਗੰਡਾ ਸਿੰਘ ਨਾਲ ਕਰਨ ਲਈ ਮਜ਼ਬੂਰ ਹੋ ਜਾਂਦਾ ਹੈ। 'ਰੁੱਤਾਂ ਵਾਲਾ ਖੂਹ' ਵਿੱਚ ਇਲਮਦੀਨ ਦੇ ਪਰਿਵਾਰ ਦਾ ਕਲੇਸ਼ ਵੀ ਛੋਟੇ ਕਿਸਾਨਾਂ ਦੀਆਂ ਮਜ਼ਬੂਰੀਆਂ ਕਾਰਣ ਹੀ ਪੈਦਾ ਹੁੰਦਾ ਹੈ ਅਤੇ ਸੱਜਣ ਸਿੰਘ ਵੀ ਛੋਟੇ ਕਿਸਾਨ ਹੋਣ ਦੇ ਨਾਤੇ ਧੰਨੇ ਸ਼ਾਹ ਤੋਂ ਕਰਜ਼ਾ ਲੈ ਕੇ ਸਾਰੀ ਉਮਰ ਲਈ ਦੁਖਾਂਤਕ ਪ੍ਰਸਥਿਤੀਆਂ ਨੂੰ ਭੋਗਦਾ ਹੈ। 'ਛਲਾਵਾ' ਵਿਚ ਭਜਨ ਸਿੰਘ ਜੋ ਕਿ ਗਰੀਬ ਕਿਰਤੀ ਹੈ, ਆਪਣੇ ਲੜਕੇ ਦਾ ਵਿਆਹ ਕਰਨ ਸਮੇਂ ਤੇ ਮਕਾਨ ਬਣਾਉਣ ਸਮੇਂ ਕਰਜ਼ਾ ਚੁਕਦਾ ਹੈ। ਉਸਨੂੰ ਆਸ ਹੁੰਦੀ ਹੈ ਕਿ ਦਾਜ ਵਿੱਚ ਬੜਾ ਕੁੱਝ ਆਵੇਗਾ ਇਸ ਤਰ੍ਹਾਂ ਉਹ ਵੀ ਇਸ ਕਰਜ਼ੇ ਦੀ ਘੁੰਡੀ ਦਾ ਤੇ ਸਰਮਾਏਦਾਰੀ ਸ਼ੋਸ਼ਣ ਦਾ ਸ਼ਿਕਾਰ ਬਣਿਆ ਹੋਇਆ ਹੈ। ਪੇਂਡੂ ਲੋਕ ਮਿਹਨਤੀ ਸਨ, ਪਰ ਉਨ੍ਹਾਂ ਦੀ ਮਿਹਨਤ ਦਾ ਫਾਇਦਾ ਵੱਡੇ ਜ਼ਿਮੀਦਾਰ ਉਠਾ ਰਹੇ ਸਨ।

ਉਸ ਸਮੇਂ ਪੇਂਡੂ ਸਮਾਜ ਵਿਚ ਇਸਤਰੀ ਦੀ ਦਸ਼ਾ ਬਹੁਤ ਤਰਸਯੋਗ ਸੀ। ਉਸ ਸਮੇ ਅਨਜੋੜ-ਵਿਆਹ, ਬਾਲ-ਵਿਆਹ ਅਤੇ ਕੁੜੀਆਂ ਨੂੰ ਵੇਚਣ ਦੀ ਪ੍ਰਥਾ, ਵੇਸ਼ਵਾ ਬਿਰਤੀ ਨੂੰ ਉਕਸਾਇਆ ਜਾਂਦਾ ਸੀ। ਇਸਦਾ ਜ਼ਿਕਰ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੋਵੇਂ ਆਪਣੇ ਨਾਵਲਾਂ ਵਿਚ ਕਰਦੇ ਹਨ। ਇਸਦਾ ਸਭ ਤੋਂ ਵੱਡਾ ਪ੍ਰਬਲ ਅਤੇ ਕਰੁਣਾਮਈ ਰੂਪ ਨਾਨਕ ਸਿੰਘ ਦੇ ਨਾਵਲ 'ਧੁੰਧਲੇ ਪ੍ਰਛਾਵੇਂ' ਵਿਚ ਮਿਲਦਾ ਹੈ। 'ਚਿੱਟਾ ਲਹੂ' ਨਾਵਲ ਵਿਚ ਗੁਰਦੇਈ ਦੀ ਮਾਂ ਦੇ ਮਰਨ ਉਪਰੰਤ ਉਸਦਾ ਪਿਤਾ ਜੋ ਕਿ ਸ਼ਰਾਬੀ ਅਤੇ ਜਵਾਰੀਆ ਹੈ, ਉਸਨੂੰ ਪੈਸੇ ਲੈ ਕੇ ਬੁੱਢੇ ਨਾਲ ਵਿਆਹ ਦਿੰਦਾ ਹੈ। ਉਹ ਸਾਲ ਦੇ ਅੰਦਰ ਹੀ ਮਰ ਜਾਂਦਾ ਹੈ। ਗੁਰਦੇਈ ਨੂੰ ਮਤਰੇਏ ਪੁੱਤਰ ਵਲੋਂ ਠੋਕਰਾਂ ਹੀ ਖਾਣ ਨੂੰ ਮਿਲਦੀਆਂ ਹਨ। ਆਖਰ ਉਹ ਇਕ ਦਿਨ ਪੁੱਤਰ ਦੁਆਰਾ ਘਰੋਂ ਕੱਢੀ ਜਾਂਦੀ ਹੈ। ਇਸ ਮੌਕੇ ਦਾ ਫਾਇਦਾ ਉਠਾਂਦਾ ਹੋਇਆ ਪੰਡਿਤ ਰਾਧੇ ਕ੍ਰਿਸ਼ਨ ਗੁਰਦੇਈ ਨੂੰ ਤਾਰਾ ਚੰਦ ਕੋਲ ਵੇਚ ਦਿੰਦਾ ਹੈ। ਤਾਰਾ ਚੰਦ ਦੇ ਘਰੋਂ ਕੱਢੇ ਜਾਣ ਉਪਰੰਤ ਚੌਧਰੀ ਜੋ ਕਿ ਗੁਰਦੇਈ ਦੀ ਜ਼ਿੰਦਗੀ ਵਿਚ ਤੀਜਾ ਬੰਦਾ ਆਉਂਦਾ ਹੈ, ਉਸਨੂੰ ਵੇਸ਼ਵਾ ਦੇ ਕੋਠੇ ਵੇਚ ਆਉਂਦਾ ਹੈ। ਜਿਸਦੇ ਫਲਸਰੂਪ ਗੁਰਦੇਈ

ਅਨਵਰ ਬਾਈ ਬਣ ਜਾਂਦੀਹੈ।

ਨਾਵਲ 'ਧੁੰਧਲੇ ਪਰਛਾਵੇਂ' ਵਿਚ ਦਵਿੰਦਰ ਸਿੰਘ ਦਮੋਦਰ ਨੂੰ ਆਪਣੀ ਕਾਮ-ਵਾਸਨਾ ਦਾ ਸ਼ਿਕਾਰ ਬਣਾਉਂਦਾ ਹੈ ਤੇ ਮਗਰੋਂ ਉਸਦੀ ਲੜਕੀ ਸੁਭੱਦਰਾ ਨੂੰ। ਉਹ ਦੋਵਾਂ ਨੂੰ ਵੇਸ਼ਵਾ ਦੇ ਨਰਕ ਕੁੰਡ ਵਿਚ ਧਕੇਲਣ ਲਈ ਜ਼ਿੰਮੇਵਾਰ ਹੈ। ਸੋਹਣ ਸਿੰਘ ਸੀਤਲ ਨੇ ਔਰਤ ਦੀ ਛੋਟੀ ਉਮਰੇ ਵਿਆਹ ਜਾਂ ਵੇਚਣ ਦੀ ਸਮੱਸਿਆ ਨੂੰ ਜੋ ਕਿ ਉਸ ਸਮੇਂ ਸਮਾਜ ਵਿਚ ਪ੍ਰਚਲਤ ਸੀ ਬੜੇ ਯਥਾਰਥਿਕ ਢੰਗ ਨਾਲ ਨਾਵਲਾਂ ਵਿਚ ਪੇਸ਼ ਕੀਤਾ ਹੈ। ਨਾਵਲ 'ਪ੍ਰੀਤ ਦਾ ਮਾਸ' ਅਤੇ 'ਪਤਵੰਤੇ ਕਾਤਲ' ਇਸੇ ਗਲ ਦੀ ਗਵਾਹੀ ਦਿੰਦੇ ਹਨ ਕਿ ਉਸ ਸਮੇਂ ਦਾ ਪੇਂਡੂ ਸਮਾਜ ਜਗਤ ਜਨਨੀ ਨਾਲ ਕਿਸ ਤਰ੍ਹਾਂ ਦਾ ਸਤਿਕਾਰ ਸਲੂਕ ਕਰਦਾ ਸੀ। ਇਸਤਰੀ ਦੀ ਇਹ ਸਥਿਤੀ 'ਜੰਗ ਜਾਂ ਅਮਨ' ਵਿੱਚ ਪੁੱਜ ਕੇ ਦੋ ਪੀੜ੍ਹੀਆਂ ਦਾ ਦੁਖਾਂਤ ਬਣਕੇ ਸਾਹਮਣੇ ਆਉਂਦੀ ਹੈ। ਪਹਿਲੀ ਪੀੜ੍ਹੀ ਸਾਬੋ ਦੀ ਹੈ, ਜਿਸਦੇ ਮਾਪੇ 3000 ਰੁਪੈ ਤੋਂ ਆਪਣੀ ਧੀ ਨੂੰ ਸੱਠ ਸਾਲ ਦੇ ਬੁੱਢੇ ਨਾਲ ਵਿਆਹ ਦਿੰਦੇ ਹਨ। ਸਾਬੋ ਵਿਚਾਰੀ ਸਾਰੀ ਉਮਰ ਗੀਲੇ ਗੋਹੇ ਵਾਂਗੂ ਧੁੱਖ-ਧੁੱਖ ਕੇ ਮਰਨ ਲਈ ਮਜਬੂਰ ਹੋ ਜਾਂਦੀ ਹੈ। ਦੂਜੀ ਪੀੜ੍ਹੀ ਦੀ ਪ੍ਰਤਿਨਿਧਤਾ ਪਾਲੋ ਕਰਦੀ ਹੈ, ਜਿਸਦੇ ਸੁਹਾਗ ਦੇ ਜਿਉਂਦੇ ਜੀਅ ਪਿੰਡ ਦੀ ਪੰਚਾਇਤ ਧੋਖੇ ਨਾਲ ਉਸਦੀ ਚਾਦਰ ਜ਼ਬਰਦਸਤੀ ਉਸਦੇ ਬਦਇਖ਼ਲਾਕੀ ਜੇਠ ਇੰਦਰ ਸਿੰਘ ਨਾਲ ਪੁਆ ਦਿੰਦੀ ਹੈ। ਦੋਵੇਂ ਇਸਤਰੀਆਂ ਜਿਉਂਦੇ ਜੀਅ ਆਪਣੇ ਨਾਲ ਹੋਏ ਅਨਿਆਂ ਦੇ ਸੰਤਾਪ ਨੂੰ ਭੋਗਦੀਆਂ ਹਨ।

ਇਸ ਤਰ੍ਹਾਂ ਉਸ ਸਮੇਂ ਇਸਤਰੀ ਦੀ ਦਸ਼ਾ ਵਿਚ ਕੋਈ ਸੁਧਾਰ ਨਹੀਂ ਸੀ ਹੋਇਆ; ਪਰ ਇਸਤਰੀ ਸੁਧਾਰ ਦੀ ਲਹਿਰ 20ਵੀਂ ਸਦੀ ਦੇ ਆਰੰਭ ਵਿਚ ਹੀ ਸ਼ੁਰੂ ਹੋ ਗਈ ਸੀ ਕਿਉਂਕਿ ਇਹ ਸਮਾਂ ਸਮਾਜ-ਸੁਧਾਰ ਦਾ ਸਮਾਂ ਸੀ। ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਜਿਸ ਸ਼੍ਰੇਣੀ ਨਾਲ ਸੰਬੰਧਤ ਸਨ, ਉਸ ਵਿਚ ਇਸਤਰੀ ਦੀ ਅਵਸਥਾ ਅਜੇ ਵੀ ਤਰਸਯੋਗ ਬਣੀ ਹੋਈ ਸੀ। ਇਸਤਰੀ ਦੀ ਇਹ ਦਸ਼ਾ ਸਮੁੱਚੇ ਭਾਰਤ ਵਿਚ ਇਕੋ ਸੀ ਜਿਸ ਨੂੰ ਰੋਕਣ ਲਈ ਸਮਾਜ-ਸੁਧਾਰਕ ਸਭਾਵਾਂ ਬਣੀਆਂ। ਇਨ੍ਹਾਂ ਦਾ ਆਸ਼ਾ ਵਿਧਵਾ-ਵਿਆਹ, ਛੂਤ-ਛਾਤ ਦੂਰ ਕਰਨਾ, ਬਾਲ-ਵਿਆਹ ਤੇ ਰੋਕ

ਆਦਿ ਸੀ। ਸਵਾਮੀ ਦਯਾਨੰਦ ਨੇ ਕਿਹਾ ਕਿ ਸਮਾਜ ਵਿਚ ਇਸਤਰੀ ਸੁਧਾਰ ਉਦੋਂ ਤਕ ਸੰਭਵ ਨਹੀ ਜਦੋਂ ਤਕ ਅਨਪੜ੍ਹਤਾ ਦੂਰ ਨਹੀਂ ਕੀਤੀ ਜਾਂਦੀ। ਇਸ ਲਈ ਥਾਂ-ਥਾਂ ਸਕੂਲ ਖੋਲੇ ਗਏ। ਅਛੂਤੋ ਇਸਤਰੀਆਂ ਨੂੰ ਇਨ੍ਹਾਂ ਸੰਸਥਾਵਾਂ ਵਿਚ ਬਰਾਬਰ ਦਾ ਸਥਾਨ ਦਿੱਤਾ ਜਾਣ ਲੱਗਾ। ਇਸ ਤਰ੍ਹਾਂ ਇਸਤਰੀ ਤਰਸਯੋਗ ਸਥਿਤੀ ਨੂੰ ਵੇਖਦਿਆਂ, ਸੁਣਦਿਆਂ, ਸਮਝਦਿਆਂ ਤੇ ਅਨੁਭਵ ਕਰਦਿਆਂ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦਾ ਭਾਵੁਕ ਜਿਹਾ ਹਿਰਦਾ ਤ੍ਰਮਲਾ ਜਾਂਦਾ ਹੈ ਅਤੇ ਇਹ ਦੋਵੇਂ ਆਪਣੇ ਨਾਵਲਾਂ ਵਿਚ ਇਸਤਰੀ ਦੀ ਦਸ਼ਾ ਦਾ ਵਰਣਨ ਯਥਾਰਥਿਕ ਢੰਗ ਨਾਲ ਕਰਦੇ ਹਨ।

ਬੇਸ਼ਕ ਸੋਹਣ ਸਿੰਘ ਸੀਤਲ ਨੇ ਨਾਨਕ ਸਿੰਘ ਤੋਂ ਬਾਅਦ ਲਿਖਣਾ ਸ਼ੁਰੂ ਕੀਤਾ, ਪਰ ਦੋਹਾਂ ਨਾਵਲਕਾਰਾਂ ਦੇ ਸਮੇਂ ਦੇ ਆਰਥਿਕ ਹਾਲਾਤ ਇਕੋ ਜਿਹੇ ਸਨ। ਆਰਥਿਕ ਤੌਰ ਤੇ ਪਿੰਡਾਂ ਵਿਚ ਜਾਗੀਰਦਾਰੀ ਦਾ ਬੋਲਬਾਲਾ ਅਤੇ ਸ਼ਹਿਰਾਂ ਵਿਚ ਮਹਾਜਨੀ ਦਾ ਬੋਲਬਾਲਾ ਸੀ ।ਲੋਕ ਕਿਸਮਤ ਆਦਿ ਤੇ ਅੰਨ੍ਹਾ ਵਿਸ਼ਵਾਸ਼ ਰਖਦੇ ਸਨ। ਭੂਮੀਪਤੀ ਕਿਰਸਾਣਾਂ ਦਾ ਸਿਰ ਕਰਜ਼ੇ ਦੇ ਬੋਝ ਥੱਲੇ ਦਬਿਆ ਰਹਿੰਦਾ ਸੀ। ਮੱਧ-ਸ਼੍ਰੇਣੀ ਦੇ ਬਹੁਤ ਲੋਕ ਇਸ ਕਰਜ਼ੇ ਦਾ ਕਾਰਣ ਆਰਥਿਕ ਦੀ ਥਾਉਂ ਸਦਾਚਾਰਕ ਬਣਾਂਦੇ ਸਨ।ਉਹ ਇਸਦਾ ਜ਼ਿੰਮੇਦਾਰ ਸਾਰਾ ਹੀਭੂਮੀਪਤੀ ਕਿਰਸਾਣ ਨੂੰ ਬਣਾਂਦੇ ਸਨ। ਕਿਉਂਕਿ ਇਹੀ ਕਿਰਸਾਣ ਵੱਡੇ ਜ਼ਿੰਮੀਦਾਰਾਂ ਤੋਂ ਵਿਆਹ ਸ਼ਾਦੀ ਉਤੇ ਖਰਚ ਕਰਨ ਲਈ, ਸ਼ਰਾਬ ਪੀਣ ਲਈ ਆਦਿ ਕਰਜ਼ਾ ਲੈਂਦੇ ਸਨ। ਇਸਦਾ ਫਲਸਰੂਪ ਵੱਡੇ ਜ਼ਿੰਮੀਦਾਰ ਜਾਂ ਸ਼ਾਹੂਕਾਰ ਜੋ ਮੁੱਢ ਕਦੀਮਾਂਤੋਂ ਕਿਰਸਾਣਾਂ ਨੂੰ ਅੜੇ ਥੁੜੇ ਉਧਾਰ ਦੇਂਦਾ ਆਇਆ ਸੀ, ਹੁਣ ਵਧੇਰੇ ਖੁਲਦਿਲੀ ਨਾਲ ਉਧਾਰ ਦੇਣ ਤੋਂ ਕਿਰਸਾਣ ਵਧੇਰੇ ਖੁਲਦਿਲੀ ਨਾਲ ਕਰਜਾ ਲੈਣ ਲਗ ਪਿਆ। ਕਿਰਸਾਣ ਦੀ ਅਨਪੜ੍ਹਤਾ ਤੋਂ ਨਜਾਇਜ਼ ਫਾਇਦਾ ਉਠਾ ਕੇ ਸ਼ਾਹੂਕਾਰ ਇਨ੍ਹਾਂ ਕਰਜ਼ਿਆਂ ਉਤੇ ਵੱਡਾ ਵਿਆਜ ਲਗਾਣ ਤੇ ਬਹੁਤ ਵਾਰੀ ਝੂਠੀ ਮੂਠੀ ਕਰਜ਼ ਦੀ ਰਾਸ਼ੀ ਨੂੰ ਵਧਾਣ ਲਗ ਪਿਆ ਸੀ। ਕੁੱਝ ਸਮੇਂ ਪਿਛੋਂ ਕਿਰਸਾਣ ਦਾ ਕਰਜ਼ਾ ਇੰਨਾਂ ਵਧਾਕੇ ਦਿਖਾ ਦੇਂਦਾ ਸੀ ਕਿ ਉਸ ਵਿਚ ਹਿੰਮਤ ਨਹੀ ਹੁੰਦੀ ਸੀ ਉਸ ਕਰਜੇ ਨੂੰ ਮੋੜਨ ਦੀ ਅਤੇ ਸ਼ਾਹੂਕਾਰ ਉਸਦੀ ਜ਼ਮੀਨ ਤੇ ਕਾਨੂੰਨੀ ਤੌਰ ਤੇ ਕਬਜ਼ਾ ਕਰ ਲੈਂਦਾ ਸੀ। ਸ਼ਹਿਰਾਂ ਵਿਚ ਵੀ ਵੱਡੇ ਕਾਰਖਾਨੇਦਾਰ ਆਪਣੇ ਮਜ਼ਦੂਰਾਂ ਦੀ ਇਸੇ ਤਰ੍ਹਾਂ ਕਰਜੇ ਦੇ

ਜਾਲ ਵਿਚ ਫਸਾ ਕੇ ਉਨ੍ਹਾਂ ਦੇ ਘਰਾਂ ਆਦਿ ਦੀ ਕੁਰਕੀ ਕਰ ਲੈਂਦਾ ਸੀ। ਕਿਰਸਾਣਾਂ ਅਤੇ ਮਜ਼ਦੂਰਾਂ ਦੀ ਇਸ ਸਮੱਸਿਆ ਦਾ ਯਥਾਰਥਿਕ ਚਿਤਰਣ ਦੋਵਾਂ ਨਾਵਲਕਾਰਾਂ ਨੇ ਆਪਣੇ ਨਾਵਲਾਂ ਵਿਚ ਕੀਤਾ ਹੈ।

ਦੋਵਾਂ ਦਾ ਸਮਾਜਿਕ ਪਿਛੋਕੜ ਇਕੋ ਜਿਹਾ ਸੀ। ਇਕੋ ਜਿਹੀਆਂ ਸਮੱਸਿਆਵਾਂ , ਜੋ ਸਮਾਜ ਵਿਚ ਉਸ ਸਮੇਂ ਉਤਪੰਨ ਹੋ ਰਹੀਆਂ ਜਾਂ ਹੋ ਚੁੱਕੀਆਂ ਸਨ, ਉਨ੍ਹਾਂ ਨੂੰ ਦੋਵਾਂ ਨਾਵਲਕਾਰਾਂ ਨੇ ਆਪਣੇ ਨਾਵਲਾਂ ਵਿਚ ਪ੍ਰਤੱਖ ਤੇ ਸਪਸ਼ਟ ਰੂਪ ਵਿਚ ਪੇਸ਼ ਕੀਤਾ ਹੈ।

## ਰਾਜਨੀਤਕ ਪਿਛੋਕੜ

ਉਸ ਸਮੇਂ ਰਾਜਸੀ ਤੌਰ ਤੇ ਭਾਰਤ ਅੰਗਰੇਜ਼ਾਂ ਦਾ ਗੁਲਾਮ ਸੀ । ਰਾਜ ਦੀ ਬਾਗੁਡੋਰ ਸਾਡੇ ਆਪਣੇ ਹੱਥਾਂ ਵਿਚ ਨਾ ਰਹਿ ਕੇ ਬਿਦੇਸ਼ੀ ਹਕੂਮਤ ਦੇ ਜ਼ੁਲਮ ਜ਼ਬਰ ਵਿਰੁਧ ਭਾਰਤੀ ਸਮਾਜ ਨੂੰ ਜਾਗਰਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਸਮਾਜ ਵਿਚਲੀ ਰਾਜਨੀਤੀ ਨੂੰ ਇਤਿਹਾਸਕ ਸ਼ਕਤੀਆਂ ਅਤੇ ਪਰਿਸਥਿਤੀਆਂ ਪ੍ਰਭਾਵਿਤ ਕਰਦੀਆਂ ਹਨ। ਉਨ੍ਹਾਂ ਦਿਨਾਂ ਵਿਚ ਮਜ਼ਦੂਰ ਤਹਿਰੀਕ ਜ਼ੋਰ ਪਕੜ ਰਹੀ ਸੀ। ਸਰਮਾਏਦਾਰੀ ਯੁਗ ਖਤਮ ਹੋ ਰਿਹਾ ਸੀ। ਕਾਰਖ਼ਾਨੇਦਾਰ ਤੇ ਮਜ਼ਦੂਰ ਵਿਚਲੇ ਮਤਭੇਦ ਵਧਦੇ - ਵਧਦੇ ਹੜਤਾਲ ਤੀਕ ਜਾ ਪਹੁੰਚੇ ਸਨ। ਇਸ ਲਹਿਰ ਨੇ ਸਰਮਾਏਦਾਰੀ ਮਹਿਲ ਦੀਆਂ ਨੀਹਾਂ ਵਿੱਚ ਬਰੂਦ ਭਰਨਾ ਸ਼ੁਰੂ ਕਰ ਦਿੱਤਾ। ਦੇਸ਼ ਵਾਸੀਆਂ ਨੂੰ ਇਸ ਗਲ ਦੀ ਸਮਝ ਆਉਂਦੀ ਜਾ ਰਹੀ ਸੀ ਕਿ ਉਨ੍ਹਾਂ ਦੀ ਨਜਾਤ ਫਿਰਕੂ ਲੀਡਰਾਂ ਦੇ ਹੱਥ ਵਿਚ ਨਹੀਂ, ਸਗੋਂ ਆਰਥਿਕ ਮਸਲੇ ਦੇ ਹੱਥ ਵਿਚ ਹੈ। ਇਸ ਤਰ੍ਹਾਂ ਲੋਕਾਂ ਨੂੰ ਆਪਣੇ ਆਪ ਦੀ ਸੋਝੀ ਹੋਈ, ਤਿਮ੍ਹੇ ਚਾਲਣ ਦੇ ਝਾਉਲੇ ਪੈਣ ਲਗੇ ਕਿਉਂਕਿ ਇਸ ਵੇਲੇ ਤਕ ਸਮਝ ਪੈ ਚੁਕੀ ਸੀ ਕਿ ਅੰਗਰੇਜ਼ ਰਾਜ ਨੇ ਉਨ੍ਹਾਂ ਦੇ ਸਮਾਜਿਕ, ਆਰਥਿਕ ਅਤੇ ਸੰਸਕ੍ਰਿਤਕ ਜੀਵਨ ਨੂੰ ਆਪਣਾ ਗੁਲਾਮ ਬਣਾ ਲਿਆ ਸੀ। ਇਸ ਲਈ ਅੰਗਰੇਜ਼ ਹਕੂਮਤ ਦਾ ਪ੍ਰਵੇਸ਼ ਭਾਰਤ ਲਈ ਵਰ ਸੀ ਤੇ ਸਰਾਪ ਵੀ। ਸਰਾਪ, ਗੁਲਾਮੀ ਦਾ ਸੰਕਟ ਅਤੇ ਵਰ, ਚੇਤਨਤਾ ਨੂੰ ਗਤੀਸ਼ੀਲ ਰੂਪ ਦੇਣ ਵਿਚ ਸੀ। ਸਮਾਜ ਵਿਚ ਰਾਜਨੀਤਕ ਲਹਿਰਾਂ ਦਾ ਉਦੈ ਹੋਣ ਪਿਛੋਂ ਇਹੀ ਗਤੀਸ਼ੀਲ ਚੇਤਨਾ ਕਾਰਜਸ਼ੀਲ ਹੈ।

ਇਸ ਲਈ ਇਹ ਸਮਾਂ ਲੋਕ ਲਹਿਰਾਂ ਦਾ ਸਮਾਂ ਸੀ। ਆਪਸੀ ਖਿਚੋਤਾਣ ਵੱਧ ਰਹੀ ਸੀ, ਜਨਤਾ ਭੜਕ ਪਈ ਸੀ, ਆਪਣੇ ਹੱਕਾਂ ਨੂੰ ਖੋਹਣ ਲਈ ਭੁੱਖੇ ਸ਼ੇਰ ਵਾਂਗ ਮੂੰਹ ਖੋਲ੍ਹ ਕੇ ਹਰ ਉਠਦੀ ਵਿਰੋਧੀ ਤਾਕਤ ਖਾ ਜਾਣ ਲਈ ਤਤਪਰ ਸੀ। ਇਸ ਸਮੇਂ ਰਾਜਨੀਤਕ ਲਹਿਰਾਂ:ਕਾਂਗਰਸ ਲਹਿਰ , ਗਦਰ ਲਹਿਰ, ਅਕਾਲੀ ਲਹਿਰ ਵਰਗੀਆਂ ਲਹਿਰਾਂ ਆਪੋ ਆਪਣੇ ਪਿੜ ਤਿਆਰ ਕਰ ਚੁੱਕੀਆਂ ਸਨ। ਇਨ੍ਹਾਂ ਲਹਿਰਾਂ ਦਾ ਪ੍ਰਭਾਵ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੋਹਾਂ ਨੇ ਕਬੂਲਿਆ ਹੈ। ਉਸ ਸਮੇਂ ਗਦਰ ਪਾਰਟੀ ਆਪਣੀ ਹੋਂਦ ਅਖਤਿਆਰ ਕਰ ਚੁੱਕੀ ਸੀ ਜਿਸਦਾ ਅਸਰ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੇ ਨਾਵਲਾਂ ਉਤੇ ਪ੍ਰਤੱਖ ਰੂਪ ਵਿਚ ਪਿਆ ਮਿਲਦਾ ਹੈ। ਨਾਨਕ ਸਿੰਘ ਦਾ ਨਾਵਲ 'ਇਕ ਮਿਆਨ ਦੋ ਤਲਵਾਰਾਂ' ਵੀਹਵੀਂ ਸਦੀ ਦੇ ਦੂਜੇ ਦਿਹਾਕੇ ਦੇ ਸਮੇਂ ਦੀ ਤਸਵੀਰ ਹੈ ਜਿਸ ਵਿਚ 1914-15 ਈਂ ਵਿਚ ਚਲੀ ਗਦਰ ਲਹਿਰ ਦੀਆਂ ਕੁੱਝ ਘਟਨਾਵਾਂ ਅਤੇ ਪਾਤਰ ਤਾਰੀਖੀ ਹਨ। ਇਹ ਨਾਵਲ ਉਸ ਸਮੇਂ ਦੀ ਰਾਜਨੀਤਕ ਸਥਿਤੀ ਦੀ ਜਿਉਂਦੀ ਜਾਗਦੀ ਤਸਵੀਰ ਪੇਸ਼ ਕਰਦਾ ਹੈ। ਨਾਨਕ ਸਿੰਘ ਇਸ ਨਾਵਲ ਦੇ ਮੁਖ ਬੰਧ ਵਿਚ ਲਿਖਦਾ ਹੈ ਕਿ ਮੇਰਾ ਮਤਲਬ ਸੀ 1914-15 ਦੇ ਕ੍ਰਾਂਤੀਕਾਰੀ ਅੰਦੋਲਨ ਤੋਂ ਹੈ ਜਿਸਨੂੰ ਆਮ ਬੋਲੀ ਵਿਚ ਗਦਰ ਲਹਿਰ ਕਿਹਾ ਜਾਂਦਾ ਹੈ। ਉਦੋਂ ਭਾਰਤੀਆਂ ਨੇ ਆਜ਼ਾਦੀ ਦਾ ਮਸਾਂ ਨਾਂ ਹੀ ਸੁਣਿਆ ਸੀ ਜਦੋਂ ਲੱਗਭੱਗ ਸਾਰਾ ਦੇਸ਼ ਅੰਗਰੇਜ਼ੀ ਗੁਲਾਮੀ ਦੇ ਨਸ਼ੇ ਵਿਚ ਮਿੱਠੀ ਨੀਂਦ ਸੁੱਤਾ ਹੋਇਆ ਸੀ, ਵਤਨ ਤੋਂ ਹਜ਼ਾਰਾਂ ਮੀਲਾਂ ਦੀ ਦੂਰੀ ਤੇ ਬੈਠੇ, ਉਹ ਹਜ਼ਾਰਾਂ ਹਿੰਦੀ ਆਪਣੇ ਦਿਲਾਂ ਵਿਚ ਆਜ਼ਾਦੀ ਦੀ ਤੜਪ ਲੈ ਕੇ ਦੌੜੇ ਆਏ ਸਨ - - - ਵਤਨ ਦੇ ਇਸ਼ਕ ਨੇ ਜਿਨ੍ਹਾਂ ਨੂੰ ਇਸ ਹੱਦ ਤੀਕ ਬੇਖੁਦ ਕਰ ਦਿੱਤਾ ਸੀ ਕਿ ਅੰਗਰੇਜ਼ ਵਰਗੀ ਲਾਜਵਾਬ ਹਕੂਮਤ ਨਾਲ ਮੱਥਾ ਡਾਹੁਣ ਦਾ ਕੀ ਨਤੀਜਾ ਹੋਵੇਗਾ? ਇਸ ਗਦਰ ਤੋਂ ਪਿਛੋਂ ਜਦੋਂ ਅੰਗਰੇਜ਼ਾਂ ਨੇ ਪੂਰਣ ਰੂਪ ਵਿਚ ਭਾਰਤ ਉਤੇ ਕਬਜ਼ਾ ਕਰ ਲਿਆ ਤਾਂ ਭਾਰਤੀ ਲੋਕ ਗੁਲਾਮੀ ਦੀ ਭੰਗ ਵਰਗੀ ਨੀਂਦ ਵਿਚ ਸੌਂ ਗਏ। ਅੰਗਰੇਜ਼ ਭਾਰਤੀਆਂ ਨੂੰ ਆਪਣੀ ਮਰਜ਼ੀ ਨਾਲ, ਜਿਵੇਂ ਉਹ ਚਾਹੁੰਦੇ ਸਨ, ਵਰਤਦੇ ਰਹੇ। ਜਿਸਦੇ ਸਿੱਟੇ ਵਜੋਂ ਭਾਰਤੀ ਲੋਕਾਂ ਦੇ ਮਨਾਂ ਵਿਚ ਅੰਗਰੇਜ਼ਾਂ ਪ੍ਰਤੀ ਨਫਰਤ ਪੈਦਾ ਹੋ ਗਈ ਤੇ ਇਕ ਵਾਰ ਫਿਰ ਮਹਾਨ ਯੁੱਧ ਦੀ ਤਿਆਰੀ ਸ਼ੁਰੂ ਹੋਈ। ਗਦਰ ਦਾ ਦਬਿਆ ਲਾਵਾ ਇਕ ਵਾਰੀ ਫੇਰ ਭੜਕਿਆ ਜਿਸਨੂੰ ਨਾਨਕ ਸਿੰਘ ਨੇ ਇਸ ਨਾਵਲ

ਦ ਵਿਸ਼ਾ ਵਿਚ ਸਪਸ਼ਟ ਕੀਤਾ ਹੈ ਕਿ 'ਆਜ਼ਾਦੀ ਦੀ ਕਦਰ ਕੀਮਤ ਦਾ ਪਤਾ ਆਜ਼ਾਦ ਦੇਸ਼ਾਂ ਵਿਚ ਹੀ ਜਾ ਕੇ ਪਤਾ ਲਗ ਸਕਦਾ ਹੈ। - - - ਫਿਰ ਜਿਉਂ ਜਿਉਂ ਆਜ਼ਾਦ ਦੇਸ਼ਾਂ ਦੇ ਵਾਤਾਵਰਣ ਨੇ ਉਨ੍ਹਾਂ ਦੇ ਦਿਲਾਂ ਦਿਮਾਗਾਂ ਤੇ ਅਸਰ ਕਰਨਾ ਸ਼ੁਰੂ ਕੀਤਾ, ਉਨ੍ਹਾਂ ਦੀਆਂ ਅੱਖਾਂ ਖੁੱਲ੍ਹਦੀਆਂ ਗਈਆਂ ਤੇ ਉਨ੍ਹਾਂ ਦੀਆਂ ਖੁਲ੍ਹਦੀਆਂ ਹੋਈਆਂ ਅੱਖਾਂ ਵਿਚ ਗੁਲਾਮੀ ਦੇ ਵਿਰੁਧ ਕਰੋਧ ਦੀ ਲਾਲੀ ਵੀ ਉਤਰ ਆਈ। ਜਦ ਉਧਰ ਦੇ ਸਥਾਨਕ ਲੋਕੀ ਉਨ੍ਹਾਂ ਨਾਲ ਉਹੋ ਜਿਹਾ ਸਲੂਕ ਕਰਨ ਲੱਗ ਪਏ, ਜਿਹੋ ਜਿਹਾ ਕਿਸੇ-ਕਿਸੇ ਗੁਲਾਮ ਮੁਲਕ ਦੇ ਬਾਸ਼ਿੰਦਿਆਂ ਨਾਲ ਕਰਨ ਦੀ ਉਨ੍ਹਾਂ ਨੂੰ ਆਦਤ ਸੀ। ਹਿੰਦੀ ਮਾਲਕਾਂ ਦੀਆਂ ਨਜ਼ਰਾਂ ਵਿਚ ਪਸ਼ੂ ਤੋਂ ਵੱਧ ਦਰਜ਼ਾ ਨਹੀਂ ਸਨ ਰਖਦੇ। 'ਇਕ ਮਿਆਨ ਦੋ ਤਲਵਾਰਾਂ' ਨਾਵਲ ਵਿਚ ਕਰਤਾਰ ਸਿੰਘ ਸਰਾਭਾ ਗਦਰ ਲਹਿਰ ਦੇ ਅਸੂਲਾਂ ਤੋਂ ਪ੍ਰਭਾਵਿਤ ਹੋ ਕੇ ਇਸ ਲਹਿਰ ਵਿਚ ਹਿੱਸਾ ਲੈਣ ਖ਼ਾਤਰ ਲਾਲਾ ਹਰਦਿਆਲ ਨੂੰ ਉਤੱਰ ਦਿੰਦਾ ਹੈ ਕਿ ਉਹ ਜੀਣਾ ਜਾਣਦਾ ਹੈ, ਪਰ ਜੀਣਾ ਨਹੀਂ ਚਾਹੁੰਦਾ, ਕਿਉਂਕਿ ਗੁਲਾਮ ਦਾ ਜੀਣਾ ਵੀ ਕੋਈ ਜੀਣਾ ਹੈ।' ਇਸ ਤਰ੍ਹਾਂ ਦੇ ਵਿਚਾਰ ਸਰਾਭੇ ਜਾਂ ਸਾਰੀ ਪਾਰਟੀ ਦੇ ਹੀ ਨਹੀਂ ਸਨ, ਸਗੋਂ ਰਾਜਸੀ ਤੌਰ ਤੇ ਚੇਤੰਨ ਜਮਾਤ ਦੇ ਵੀ ਸਨ ਜਿਨ੍ਹਾਂ ਨੇ ਸਮੇਂ-ਸਮੇਂ ਗਦਰ ਪਾਰਟੀ ਦਾ ਸਾਥ ਦਿੱਤਾ।

ਸੋਹਣ ਸਿੰਘ ਸੀਤਲ ਦੇ ਨਾਵਲਾਂ ਵਿਚ ਪ੍ਰਸਤੁਤ ਪੇਂਡੂ ਜੀਵਨ ਦਾ ਇਕ ਅਹਿਮ ਪਹਿਲੂ ਪੇਂਡੂ ਲੋਕਾਂ ਦੀ ਰਾਜਨੀਤਕ ਚੇਤੰਨਤਾ ਵੀ ਹੈ। ਨਾਵਲ 'ਤੂਤਾਂ ਵਾਲਾ ਖੂਹ' ਵਿਚ ਬਾਬਾ ਅਕਾਲੀ ਅੰਗਰੇਜ਼ੀ ਸਾਮਰਾਜ ਦੀ ਨੀਤੀ ਬਾਰੇ ਪੂਰੀ ਜਾਣਕਾਰੀ ਦਿੰਦਾ ਹੈ। 'ਤੂਤਾਂ ਵਾਲਾ ਖੂਹ' ਨਾਵਲ ਵਿਚ ਪੇਂਡੂ ਜੀਵਨ ਦਾ ਰਾਜਨੀਤਕ ਪੱਖ ਉਸ ਸੋਚ ਨੂੰ ਉਭਾਰਦਾ ਹੈ ਜਿਹੜੀ ਕਨੇਡਾ ਵਿਚ ਉਪਜੀ ਗਦਰ ਲਹਿਰ ਨੂੰ ਆਪਣੇ ਪ੍ਰਚਾਰ ਅਤੇ ਕਿਰਦਾਰ ਨਾਲ ਪਿੰਡਾਂ ਵਿਚ ਪੈਦਾ ਕੀਤੀ ਸੀ। ਬਾਬਾ ਅਕਾਲੀ ਕਰਮ ਸਿੰਘ ਅਕਾਲੀ ਉਸ ਰਾਜਨੀਤਕ ਸੋਚ ਦੀ ਪ੍ਰਤਿਨਿਧਤਾ ਕਰਦੇ ਸਨ, ਜਿਹੜੀ ਪੜ੍ਹੇ ਲਿਖੇ ਪੇਂਡੂ ਨੌਜੁਆਨ ਵਰਗ ਵਿਚਆ ਰਹੀ ਸੀ। ਇਸ ਵਰਗ ਦੀ ਅਗਵਾਈ ਕਰਤਾਰ ਸਿੰਘ ਸਰਾਭਾ ਵਰਗੇ ਨੌਜੁਆਨ ਕਰ ਰਹੇ ਸਨ। ਕੁੱਝ ਸਮਾਂ ਪਾ ਕੇ ਦੇਸ਼ ਦੀ ਆਜ਼ਾਦੀ ਦਾ ਸੰਗਰਾਮ ਸ਼ੁਰੂ ਹੋ ਗਿਆ। ਚਾਰੇ ਪਾਸੇ ਲੁੱਟ-ਖਸੁਟ, ਖ਼ੂਨ-ਖਰਾਬਾ ਤੇ ਉਜਾੜਾ ਹੋ ਰਿਹਾ ਸੀ। ਇਸ ਸਮੇਂ ਨੂੰ ਉਜਾੜੇ

ਦਾ ਸਮਾਂ ਕਿਹਾ ਜਾ ਸਕਦਾ ਹੈ , ਜਦੋਂ ਭਰਾ-ਭਰਾ ਦਾ ਖ਼ੂਨ ਕਰ ਰਿਹਾ ਸੀ ਅਤੇ ਮਜ਼ਹਬੀ ਖ਼ੂਨ ਖਰਾਬੇ ਵਿਚ ਰੰਗੇ ਜਾ ਰਹੇ ਸਨ। ਸਮਾਜ ਵਿਚ ਸਮਾਜਿਕ ਆਰਥਿਕ, ਰਾਜਨੀਤਕ ਕਦਰਾਂ-ਕੀਮਤਾਂ ਉੱਥਲ-ਪੁੱਥਲ ਹੋ ਗਈਆਂ ਅਤੇ ਜਨਤਾ ਨੂੰ ਇਕ ਨਵਾਂ ਦੁੱਖਾਂ ਭਰਿਆ ਜੀਵਨ ਵੇਖਣਾ ਪਿਆ, ਜਿਸਦਾ ਮਾਰੂ ਪ੍ਰਭਾਵ ਕਈ ਵਰ੍ਹਿਆਂ ਤਕ ਪੈਂਦਾ ਰਿਹਾ। ਘਰੋਂ ਬੇਘਰ ਹੋ ਜਾਣਾ, ਸ਼ਰਨਾਰਥੀ ਬਣਕੇ ਕੈਂਪਾਂ ਵਿਚ ਰਹਿਣਾ, ਟੱਬਰਾਂ ਦੇ ਟੱਬਰਾਂ ਦਾ ਕੱਟ-ਵੱਢ ਦਾ ਸ਼ਿਕਾਰ ਹੋ ਜਾਣਾ, ਔਰਤਾਂ ਦੀ ਬੇਪਤੀ ਹੋਣੀ ਆਦਿ ਅਜਿਹੀਆਂ ਘਟਨਾਵਾਂ ਸਨ ਜਿਸਦਾ ਸ਼ਿਕਾਰ ਲੋਕਾਂ ਨੂੰ ਹੋਣਾ ਪਿਆ। ਇਨ੍ਹਾਂ ਘਟਨਾਵਾਂ ਦਾ ਵੇਰਵਾ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੇ ਨਾਵਲਾਂ ਵਿਚ ਵਿਸਤਾਰ ਪੂਰਵਕ ਮਿਲਦਾ ਹੈ।

ਨਾਨਕ ਸਿੰਘ ਨੇ ਵੰਡ ਪਿਛੋਂ ਅੰਗਰੇਜ਼ੀ ਸਰਕਾਰ ਦੀ ਰਾਜਸੀ ਚਾਲ ਨੂੰ 'ਖ਼ੂਨ ਦੇ ਸੋਹਲੇ' ਵਿਚ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਸਮਾਜ ਜਿਸ ਜਾਦੂਗਰ ਦੀ ਜਾਦੂਗਰੀ ਦਾ ਕ੍ਰਿਸ਼ਮਾ ਸੀ ਉਸਨੂੰ ਆਮ ਬੋਲੀ ਵਿਚ ਅੰਗਰੇਜ ਕਿਹਾ ਜਾਂਦਾ ਹੈ ਤੇ ਉਸਦੇ ਚਲਾਏ ਮਹਾਂਮੰਤ੍ਰ ਨੂੰ ਮੋਟੇ ਸ਼ਬਦਾਂ ਵਿਚ 'ਦੋ ਕੌਮਾਂ ਦੀ ਥਿਉਰੀ' ਜਿਹੜੀ ਪੱਕਦੀ-ਪੱਕਦੀ ਛੇਕੜ ਪਾਕਿਸਤਾਨ ਦੀ ਮੰਗ ਬਣਕੇ ਮਿ: ਜਿਨਾਹ ਦੀ ਖੋਪਰੀ ਵਿਚੋਂ ਫੁੱਟ ਨਿਕਲੀ। ਇਹ ਵੀ ਹਿੰਦੀ ਪਾਲਿਟਿਕਸ ਦੀ ਚੌਸਰ ਉਤੇ ਸਾਮਰਾਜ ਦੀ ਇਕ ਚਾਲ ਸੀ ਜੋ ਉਹ ਜਾਂਦਾ ਖੇਡ ਗਿਆ। 'ਪਾੜੋ ਤੇ ਰਾਜ ਕਰੋ' । ਉਸ ਸਮੇਂ ਦੀ ਰਾਜਨੀਤੀ ਬਾਰੇ ਨਾਨਕ ਸਿੰਘ ਦੇ ਨਾਵਲ 'ਖ਼ੂਨ ਦੇ ਸੋਹਲੇ' ਸੰਕੇਤ ਮਿਲਦਾ ਹੈ ਮੁਨਸ਼ੀ ਪਿੰਡ ਵਾਲਿਆਂ ਨੂੰ ਦੱਸਦਾ ਹੈਕਿ 'ਅੰਗਰੇਜ਼ ਦੀ ਹਕੂਮਤ ਵਿਚ ਸੌ ਸੁਖ ਸਨ - - - ਪਰ ਜਦੋਂ ਇਨ੍ਹਾਂ ਕਾਂਗਰਸੀ ਹਿੰਦੂਆਂ ਦੇ ਹੱਥ ਵਿਚ ਵਾਗਡੋਰ ਆ ਗਈ ਤਾਂ - - - ਇਨ੍ਹਾਂ ਨੇ ਮੁਸਲਮਾਨਾਂ ਦੇ ਤਵੇ ਤੇ ਰੋਟੀ ਨਹੀਓਂ ਰਹਿਣ ਦੇਣੀ। ਮੁਸਲਮਾਨ ਦੀ ਜ਼ਿੰਦਗੀ ਉਦੋਂ ਮਹਿਫੂਜ਼ ਹੋਵੇਗੀ ਜਦ ਇਸ ਮੁਲਕ ਉਤੇ ਪਾਕਿਸਤਾਨ ਦਾ ਝੰਡਾ ਝੂਲੇਗਾ' ਇਸ ਤੋਂ ਪਤਾ ਚਲਦਾ ਹੈ ਕਿ ਉਸ ਸਮੇਂ ਦੂਜੇ ਲੋਕਾਂ ਨਾਲ ਠੀਕ ਵਰਤਾਓ ਨਹੀਂ ਕੀਤਾ ਜਾਂਦਾ ਸੀ।

ਸੋਹਣ ਸਿੰਘ ਸੀਤਲ ਨੇ ਦੇਸ਼ ਦੀ ਇਸ ਪਲਟਾ ਖਾਦੀ ਰਾਜਨੀਤੀ ਨੂੰ ਆਪਣੇ ਨਾਵਲਾਂ

ਰਾਹੀਂ ਬਿਆਨ ਕੀਤਾ ਹੈ। ਸੋਹਣ ਸਿੰਘ ਸੀਤਲ ਆਪਣੇ ਨਾਵਲ 'ਪਤਵੰਤੇ ਕਾਤਲ' ਵਿਚ ਵੰਡ ਦੇ ਜਿਮੇਵਾਰ ਅੰਗਰੇਜ਼ ਹਾਕਮਾਂ ਤੇ ਨੇਤਾਵਾਂ ਨੂੰ ਹੀ ਠਹਿਰਾਉਂਦਾ ਹੈ। ਉਹ ਲਿਖਦਾ ਹੈ ਕਿ ਹਿੰਦੂ ਦੀ ਏਕਤਾ ਨੂੰ ਨਸ਼ਟ ਕਰਨ ਵਾਸਤੇ ਅੰਗਰੇਜ਼ ਸ਼ਾਸਕਾਂ ਨੇ ਛੋਟੀ ਜਿਹੀ ਚੰਗਿਆੜੀ ਸੁੱਟੀ ਸੀ। ਹਿੰਦੂ ਨੇਤਾਵਾਂ ਦੀ ਤੰਗਦਿਲੀ ਤੇ ਮੁਸਲਿਮ ਆਗੂਆਂ ਦੀ ਜਿੱਦ ਨੇ ਉਸਨੂੰ ਹਵਾ ਦਿੱਤੀ ਜਿਸਦਾ ਸਦਕਾ ਸਾਡੇ ਅਮਨ ਦੇ ਖਿਲਵਾੜ ਵਿਚ ਭਾਂਬੜ ਬਲ ਉਠੇ। ਭਰਾ-ਭਰਾ ਦਾ ਵੈਰੀ ਬਣ ਗਿਆ। ਹਿੰਦੁਸਤਾਨੀਅਤ ਖਤਮ ਹੋ ਗਈ। ਧਾਰਮਿਕ ਵਿਰੋਧ ਨੂੰ ਸਾਮਰਾਜ ਨੇ ਰਾਜਨੀਤਕ ਉਦੇਸ਼ ਲਈ ਵਰਤਿਆ। ਸੀਤਲ 'ਬਦਲਾ' ਨਾਵਲ ਵਿਚ ਸਪਸ਼ਟ ਸ਼ਬਦਾਂ ਵਿਚ ਕਹਿੰਦਾ ਹੈ ਕਿ 'ਜਿਥੇ ਕਾਂਗਰਸ ਸਾਰੇ ਦੇਸ਼ ਨੂੰ ਇਕ ਰਖਣਾ ਚਾਹੁੰਦੀ ਸੀ ਉਥੇ ਮੁਸਲਮਾਨਲੀਗ ਦੇਸ਼ ਦੇ ਟੁਕੜੇ ਕਰਕੇ ਮੁਸਲਮਾਨਾਂ ਦਾ ਹਿੱਸਾ ਪਾਕਿਸਤਾਨ ਦੇ ਰੂਪ ਵਿਚ ਵੱਖਰਾ ਲੈਣਾ ਚਾਹੁੰਦੀ ਸੀ।' 'ਤੂਤਾਂ ਵਾਲਾ ਖੂਹ' ਵਿਚ ਇਲਮਦੀਨ ਸੱਜਣ ਸਿੰਘ ਵਿਛੜਦੇ ਹੋਏ ਕਹਿੰਦੇ ਹਨ ਕਿ ਆਪਾਂ ਜਿਉਂਦੇ ਹੀ ਵਿਛੜ ਗਏ ।ਮਾਰ ਲਿਆ ਸਾਨੂੰ ਲੀਡਰਾਂ ਨੇ। ਜਨਤਾ ਦੀ ਆਵਾਜ਼ ਸੀ 'ਨਖੱਤੇ ਲੀਡਰਾਂ ਨੇ ਮਾਰ ਘਤਿਆ । 'ਬਦਲਾ' ਨਾਵਲ ਵਿਚ ਸੋਹਣ ਸਿੰਘ ਸੀਤਲ ਨੇ ਰਾਜਨੀਤੀ ਦਾ ਉਹ ਘਿਨਾਉਣਾ ਪੱਖ ਪੇਸ਼ ਕੀਤਾ ਹੈ ਜਿਹੜਾ ਧਰਮ ਦੀ ਆੜ ਹੇਠ ਧਾਰਮਿਕ ਰੰਗਣ ਅਧੀਨ 1947 ਦੀ ਕਤਲੋਗਾਰਤ ਦਾ ਆਧਾਰ ਬਣਦਾ ਹੈ।

ਭਾਵ ਇਹ ਕਿ ਦੋਹਾਂ ਨਾਵਲਕਾਰਾਂ ਦਾ ਰਾਜਨੀਤਕ ਪਿਛੋਕੜ ਵੀ ਇਕੋ ਜਿਹਾ ਸੀ।

## ਧਾਰਮਿਕ ਪਿਛੋਕੜ

ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦਾ ਧਾਰਮਿਕ ਪਿਛੋਕੜ ਵੀ ਸਮਾਜਿਕ ਅਤੇ ਰਾਜਨੀਤਕ ਪਿਛੋਕੜ ਵਾਂਗ ਇਕੋ ਜਿਹਾ ਸੀ ਉਸ ਸਮੇਂ ਧਰਮ ਦਾ ਪ੍ਰਚਾਰ ਜ਼ੋਰਾਂ-ਸ਼ੋਰਾਂ ਤੇ ਸੀ। ਉਸਸਮੇਂ ਧਾਰਮਿਕ ਲਹਿਰਾਂ ਸਿੰਘ ਸਭਾ ਲਹਿਰ, ਕੂਕਾ ਲਹਿਰ, ਨਾਮਧਾਰੀ ਲਹਿਰ ਆਦਿ ਉਭਰ ਕੇ ਸਾਹਮਣੇ ਆ ਰਹੀਆਂ ਸਨ। ਵੀਹਵੀਂ ਸਦੀ ਵਿਚ ਸਿੱਖ ਪੰਥ ਵਿਚ ਧਾਰਮਿਕ ਜਾਗ੍ਰਤੀ ਲਿਆਉਣ ਲਈ ਸਭ ਤੋਂ ਪ੍ਰਸਿੱਧ ਲਹਿਰ ਅਕਾਲੀ, ਲਹਿਰ ਸੀ ਜਿਸਦੇ ਪ੍ਰਭਾਵ ਕਾਰਣ ਪੇਡੂ ਲੋਕਾਂਦੇ ਜੀਵਨ ਦੇ ਧਾਰਮਿਕ ਦ੍ਰਿਸ਼ਟੀਕੋਣ ਵਿਚ ਤਬਦੀਲੀਆਂ ਆਉਣੀਆਂ ਸੰਭਵ ਸਨ। ਕੁਝ ਲੋਕ ਅਜੇ ਪੁਰਾਣੇ ਕੱਟੜ

ਪੰਥੀ ਸਨ ਅਤੇ ਕੁਝ ਲੋਕ ਨਵੇਂ ਗਿਆਨ ਦੀ ਰੋਸ਼ਨੀ ਵਿਚ ਸੋਚਦੇ ਅਤੇ ਵਿਚਰਦੇ ਸਨ। 1917-18 ਵਿਚ ਥਾਂ-ਥਾਂ ਉਤੇ ਗੁਰਦੁਆਰਿਆਂ ਦੇ ਪ੍ਰਬੰਧਾਂ ਵਿਰੁੱਧ ਧੜਾ-ਧੜ ਸ਼ਕਾਇਤਾਂ ਹੋਣੀਆਂ ਸ਼ੁਰੂ ਹੋ ਗਈਆਂ।[5] ਸਿੱਖਾਂ ਲਈ ਗੁਰਦੁਆਰੇ ਕੇਵਲ ਪਾਠ-ਪੂਜਾ ਦੀ ਥਾਂਹੀ ਨਹੀਂ ਬਲਕਿ ਸੇਵਾ, ਸਤਿਸੰਗ ਅਤੇ ਸਮਾਜਿਕ ਜੀਵਨ ਨਾਲ ਸੰਬੰਧ ਰਖਣ ਵਾਲੇ ਹੀ ਹਨ। 'ਗੁਰਦੁਆਰੇ ਸਿੱਖਾਂ ਦੇ ਧਾਰਮਿਕ, ਸਮਾਜਿਕ ਜੀਵਨ ਦਾ ਇਕ ਅਨਿਖੜਵਾਂ ਅੰਗ ਹਨ ਅਤੇ ਪਵਿੱਤਰਤਾ ਦਾ ਘਰ ਹਨ।[6] ਗੁਰਦੁਆਰਿਆਂ ਦੀ ਦੇਖਭਾਲ ਸਿੱਖ ਰਾਜ ਤੋਂ ਮਹੰਤਾਂ ਦੇ ਹੱਥਾਂ ਵਿਚ ਚਲੀ ਗਈ ਸੀ। ਮਹੰਤ ਸ਼ਾਹੂਕਾਰਾਂ ਦੀ ਤਰ੍ਹਾਂ ਮਾਲਕ ਬਣ ਕੇ ਭੋਲੀ ਜਨਤਾ ਨੂੰ ਆਪਣੇ ਜਾਲ ਵਿਚ ਫਸਾਉਣ ਲਗੇ। ਉਹ ਧਰਮ ਦੇ ਠੇਕੇਦਾਰ ਦਿਨ ਪਰ ਦਿਨ ਬਦਚਲਨ ਹੁੰਦੇ ਗਏ। ਨਾਨਕ ਸਿੰਘ ਦੇ ਨਾਵਲ 'ਅੱਧ ਖਿੜਿਆ ਫੁੱਲ' ਉਤੇ ਇਸ ਸਮੇਂ ਦੀ ਚਲੀ ਅਕਾਲੀ ਲਹਿਰ ਦਾ ਪ੍ਰਭਾਵ ਨਜ਼ਰ ਆਉਂਦਾ ਹੈ। ਨਾਨਕ ਸਿੰਘ ਨੇ ਨਾਵਲ 'ਚਿੱਟਾ ਲਹੂ' ਵਿੱਚ ਵੀ ਇਸ ਲਹਿਰਦਾ ਪ੍ਰਭਾਵ ਲਿਆ। ਇਸ ਵਿਚ ਗੁਰਦੁਆਰਿਆਂ ਵਿਚ ਹੋ ਰਹੇ ਦੁਰਾਚਾਰ ਨੂੰ ਪ੍ਰਗਟ ਕੀਤਾ ਹੈ।

ਸੋਹਣ ਸਿੰਘ ਸੀਤਲ ਦਾ 'ਜੁਗਤਾਂ ਵਾਲਾ ਖੂਹ' ਉਸ ਸਮੇਂ ਚਲ ਰਹੀ ਅਕਾਲੀ ਲਹਿਰ ਬਾਰੇ ਜਾਣਕਾਰੀ ਦਿੰਦਾ ਹੈ। ਬਾਬਾ ਅਕਾਲੀ ਸਭ ਧਰਮਾਂ ਨੂੰ ਸਮਾਨ ਸਮਝਦਾ ਹੈ। ਸੀਤਲ ਦਾ ਇਹ ਨਾਵਲ ਇਸ ਗਲ ਦੀ ਗਵਾਹੀ ਭਰਦਾ ਹੈ ਕਿਉਸ ਸਮੇਂ ਕਈ ਸਖਸੀਅਤਾਂ ਅਜਿਹੀਆਂ ਸਨ, ਜਿਹੜੀਆਂ ਸਭ ਧਰਮਾਂ ਨੂੰ ਇਕ ਨਜ਼ਰ ਨਾਲ ਦੇਖਦੀਆਂ ਸਨ। ਬਾਬਾ ਅਕਾਲੀ ਦਸਦਾ ਹੈ ਕਿ ਅਸਲ ਵਿਚ ਅਕਾਲੀ ਲਹਿਰ ਦਾ ਮੁੱਢ ਤਾਂ ਬੱਝਾ ਸੀ ਜਦੋਂ ਰਕਾਬ ਗੰਜ ਦੀ ਕੰਧ ਨੂੰ ਢਾਹਿਆ ਗਿਆ ਸੀ। ਅੰਤ ਵਿਚ ਸਰਕਾਰ ਨੂੰ ਹਾਰ ਮੰਨਣੀ ਪਈ ਸਭ ਤੋਂ ਸ਼ਾਨਦਾਰ ਮੋਰਚਾ ਗੁਰੂ ਕੇ ਬਾਗ, ਜੈਤੋਂ ਦਾ ਮੋਰਚਾ ਸੀ।

ਉਸ ਸਮੇਂ ਧਰਮ ਦੇ ਠੇਕੇਦਾਰਾਂ ਦਾ ਚਰਿੱਤਰ ਇੰਨਾ ਜ਼ਿਆਦਾ ਗਿਰ ਚੁੱਕਾ ਸੀ ਕਿ ਉਪਰੋਂ-ਉਪਰੋਂ ਤਾਂ ਉਹ ਧਾਰਮਿਕ ਉਪਦੇਸ਼ ਦੇਣ ਵਿਚ ਪੂਰੇ ਮਾਹਿਰ ਸਨ ਪਰ ਉਨ੍ਹਾਂ ਦਾ ਅੰਦਰ ਖੋਟੀਆਂ ਕਰਤੂਤਾਂ ਨਾਲ ਭਰਿਆ ਪਿਆ ਸੀ। ਗੁਰਦੁਆਰੇ ਜਾਂ ਮੰਦਿਰਾਂ ਦੇ ਪੁਜਾਰੀ ਇਸਤਰੀਆਂ ਨੂੰ ਗੁਮਰਾਹ ਕਰਦੇ ਸਨ। ਇਥੋਂ ਤਕ ਕਿ ਉਹ ਉਨ੍ਹਾਂ ਨੂੰ ਵੇਸ਼ਵਾ ਦੇ ਕੋਠਿਆਂ ਤਕ ਪਹੁੰਚਾ ਦਿੰਦੇ

ਸਨ। ਇਹੀ ਠੇਕੇਦਾਰਾਂ ਨੇਸਮਾਜ ਵਿਚ ਛੂਤ-ਛਾਤ ਦਾ ਪ੍ਰਚਾਰ ਵਧਾ ਦਿੱਤਾ ਸੀ। ਇਸ ਸਭ ਇਨ੍ਹਾਂ ਨੇ ਆਪਣਾ ਵਿਉਪਾਰ ਬਣਾਇਆ ਹੋਇਆ ਸੀ। ਪੂਜਾ ਦੀ ਆਮਦਨ ਇਨ੍ਹਾਂ ਆਪਣੇ ਨਿਜੀ ਕੰਮਾਂ ਤੇ ਲਾਉਣੀ ਹੁੰਦੀ ਸੀ।

ਇਸ ਤਰ੍ਹਾਂ ਦੇ ਧਾਰਮਿਕ ਆਗੂਆਂ ਪੰਡਿਤਾਂ ਅਤੇ ਗੁਰਦੁਆਰਿਆਂ ਦੇ ਭਾਈਆਂ ਦੀ ਜੀਵਨ ਅਸਲੀਅਤ ਦੋਵਾਂ ਨਾਵਲਕਾਰਾਂ ਦੇਨਾਵਲਾਂ ਵਿਚ ਵੇਖਣ ਨੂੰ ਮਿਲਦੀ ਹੈ। ਗੁਰਦੁਆਰਿਆਂ ਵਿਚ ਸੇਵਾਦਾਰਾਂ ਅਤੇ ਗੁਰਦੁਆਰਿਆਂ ਦੇ ਪ੍ਰਬੰਧਕਾਂ, ਪ੍ਰਧਾਨਾਂ ਆਦਿ ਦੇ ਧਾਰਮਿਕ ਜੀਵਨ ਦੀ ਅਸਲੀਅਤ ਨੂੰ ਨੰਗਾ ਵੀ ਕੀਤਾ ਹੈ। ਇਸ ਤਰ੍ਹਾਂ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦਾ ਸਮਾਜਿਕ, ਰਾਜਨੀਤਕ, ਧਾਰਮਿਕ ਪਿਛੋਕੜ ਇਕੋ ਜਿਹਾ ਸੀ।

## ਦੋਹਾਂ ਦੇ ਪ੍ਰੇਰਣਾ ਸ੍ਰੋਤ

ਕੋਈ ਵੀ ਸਾਹਿਤਕਾਰ ਆਪਣੇ ਦੇਸ਼ਕਾਲ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ। ਜਦੋਂ ਵੀ ਦੇਸ਼ ਵਿਚ ਕੋਈ ਲਹਿਰ ਉਤਪੰਨ ਹੁੰਦੀ ਹੈ, ਉਸਦਾ ਪ੍ਰਭਾਵ ਸਾਹਿਤਕਾਰ ਦੀ ਰਚਨਾ ਉਤੇ ਜ਼ਰੂਰ ਪੈਂਦਾ ਹੈ । ਹਿੰਦੀ ਦੇ ਮਹਾਨ ਕਥਾਕਾਰ ਮੁਨਸ਼ੀ ਪ੍ਰੇਮ ਚੰਦ ਨੇ ਕਿਹਾ ਹੈ ਕਿ ਸਾਹਿਤਕਾਰ ਜ਼ਿਆਦਾ ਆਪਣੇ ਦੇਸ਼ ਦੀਆਂ ਪਰਿਸਥਿੱਤੀਆਂ ਤੋਂ ਪ੍ਰਭਾਵਿਤ ਹੁੰਦਾ ਹੈ। ਜਦੋਂ ਕੋਈ ਲਹਿਰ ਦੇਸ਼ ਵਿਚ ਉਠਦੀ ਹੈ ਤਾਂ ਆਤਮਾ ਆਪਣੇ ਦੇਸ਼ ਵਾਸੀਆਂ ਦੇ ਦੁੱਖਾਂ ਤੋਂ ਅਲਗ ਨਹੀਂ ਹੁੰਦੀ। ਉਹ ਆਪਣੀ ਇਸੇ ਵਿਆਕੁਲਤਾ ਨੂੰ ਕਲਮ ਰਾਹੀ ਸ਼ਬਦਾਂ ਦੇ ਵਿਚ ਪ੍ਰਗਟ ਕਰਦਾ ਹੈ।[7]

ਉਪਰੋਕਤ ਕਥਨ ਤੋਂ ਇਹ ਸਪਸ਼ਟ ਹੈ ਕਿ ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਕੋਈ ਵੀ ਲੇਖਕ ਆਪਣੇ ਚੌਗਿਰਦੇ ਤੋਂ ਅਭਿਜ ਨਹੀ ਰਹਿ ਸਕਦਾ ਬਲਕਿ ਉਹ ਸਾਧਾਰਣ ਲੋਕਾਂ ਨਾਲੋ ਵੱਧ ਸੰਵੇਦਨਸ਼ੀਲ ਹੁੰਦਾ ਹੈ । ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੀ ਸਥਿਤੀ ਵੀ ਉਪਰੋਕਤ ਤੋਂ ਕੁੱਝ ਵੱਖਰੀ ਨਹੀਂ। ਨਾਨਕ ਸਿੰਘ ਦੇ ਆਪਣੇ ਸ਼ਬਦਾਂ ਵਿਚ "ਪਿਛਲੇ ਇਕ ਲੀ ਸਮੇਂ ਤੋਂ ਮੈਂ ਸਮਾਜ ਨਾਲ ਤੁਰਦਾ ਹੋਇਆ। ਜਿਨ੍ਹਾਂ ਜਿਨ੍ਹਾਂ ਰਾਹਾਂ ਥਾਈਂ ਲੰਘਿਆ ਹਾਂ ਤੇ

ਤੇ ਜਿਨ੍ਹਾਂ ਪ੍ਰਸਥਿਤੀਆਂ ਵਿਚ ਸਮਾਜ ਨੂੰ ਤਕਦਾ ਆਇਆ ਹਾਂ ਉਸਦੇ ਅਨੁਰੂਪ ਕੁੱਝ ਨਾ ਕੁੱਝ ਮੈਥੋਂ ਲਿਖੀਂਦਾ ਗਿਆ - - -। ਨਾਵਲਕਾਰ ਆਪਣੇ ਸਮਾਜ ਦਾ ਪੱਥ ਪ੍ਰਦਰਸ਼ਕ ਵੀ ਹੈ, ਚੌਕੀਦਾਰ ਵੀ ਤੇ ਡਾਕਟਰ ਵੀ। ਉਹ ਆਪਣੀ ਕ੍ਰਿਤੀ ਰਾਹੀਂ ਸਮਾਜ ਨੂੰ ਗਲਤ ਰਾਹਾਂ ਤੋਂ ਮੁੜਨ ਤੇ ਆਉਣ ਵਾਲੇ ਖ਼ਤਰਿਆਂ ਤੋਂ ਬਚਣ ਦੇ ਸੁਝਾਉ ਦੇਂਦਾ ਹੈ।[8] ਇਸ ਤੋਂ ਜ਼ਾਹਿਰ ਹੈ ਕਿ ਸਮੇਂ ਦੀਆਂ ਲਹਿਰਾਂ ਦਾ ਪ੍ਰਭਾਵ ਨਾਨਕ ਸਿੰਘ ਅਤੇ ਸੋਹਣ ਸਿੰਘਸੀਤਲ ਦੇ ਨਾਵਲਾਂ ਉਤੇ ਪੈਣਾ ਸੰਭਵ ਸੀ। ਦੋਵੇਂ ਨਾਵਲ-ਕਾਰ ਆਪਣੇ ਆਲੇ-ਦੁਆਲੇ ਦੇ ਪ੍ਰਭਾਵਾਂ ਨੂੰ ਪੂਰੀ ਤਰ੍ਹਾਂ ਸਵੀਕਾਰ ਹੀ ਨਹੀਂ ਕਰਦੇ ਸਗੋਂ ਉਹ ਕੁਰਾਹੇ ਪਏ ਸਮਾਜ ਨੂੰ ਕੁਝ ਆਦਰਸ਼ ਵੀ ਪ੍ਰਦਾਨ ਕਰਦੇ ਹਨ। ਇਹ ਮਨੋਰਥ ਇਨ੍ਹਾਂ ਦੋਵਾਂ ਨਾਵਲਕਾਰਾਂ ਦੀ ਵਿਸ਼ੇਸ਼ਤਾ ਵੀ ਹੈ ਤੇ ਸੀਮਾਂ ਵੀ।

ਪੰਜਾਬ ਦੀ ਮੁੱਖ ਸੰਗਠਿਤ ਸਮਾਜਿਕ, ਰਾਜਨੀਤਕ, ਧਾਰਮਿਕ ਲਹਿਰਾਂ ਦੀ ਰੋਸ਼ਨੀ ਵਿਚ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੇ ਨਾਵਲਾਂ ਦੀ ਪੜਚੋਲ ਕਰਾਂਗੇ ਅਤੇ ਉਨ੍ਹਾਂ ਦੇ ਪ੍ਰਭਾਵ ਦੇ ਸਵਰੂਪ ਨੂੰ ਦਰਸਾਣ ਦਾ ਯਤਨ ਕਰਾਂਗੇ। ਪੰਜਾਬ ਦੀਆਂ ਜਿਨ੍ਹਾਂ ਲਹਿਰਾਂ ਦਾ ਦੋਵਾਂ ਨਾਵਲਕਾਰਾਂ ਦੇ ਨਾਵਲਾਂ ਉਤੇ ਪ੍ਰਭਾਵ ਹੋ ਸਕਦਾ ਹੈ ਉਹ ਜਾਂ ਤਾਂ ਉਸ ਸਮੇਂ ਦੀਆਂ ਸਮਕਾਲੀ ਲਹਿਰਾਂ ਹਨ ਜਾਂ ਥੋੜੀ ਦੇਰ ਪਹਿਲਾਂ ਆਪਣਾ ਅਸਰ ਵਿਖਾ ਚੁੱਕੀਆਂ ਹਨ।

ਇਹ ਸਮਕਾਲੀ ਲਹਿਰਾਂ ਕਿਸੇ ਵੀ ਸਾਹਿਤਕਾਰ ਉਤੇ ਦੋ ਤਰ੍ਹਾਂ ਦਾ ਪ੍ਰਭਾਵ ਪਾਉਂਦੀਆਂ ਹਨ! ਇਕ ਤਾਂ ਇਹ ਲਹਿਰਾਂ ਅਤੇ ਆਪਣੇ ਨਾਲ ਸੰਬੰਧਤ ਘਟਨਾਵਾਂ ਸਾਹਿਤਕਾਰ ਨੂੰ ਉਸਦੇ ਸਾਹਿਤ ਦਾ ਵਿਸ਼ਾ ਪ੍ਰਦਾਨ ਕਰਦੀਆਂ ਹਨ। ਦੂਜਾ ਕਿਸੇ ਲਹਿਰ ਦੇ ਸਿਧਾਂਤ ਨੂੰ ਸਵੀਕਾਰ ਕਰਕੇ ਲੇਖਕ ਉਸਦੇ ਪ੍ਰਭਾਵ ਅਧੀਨ ਸਿਰਜਣਾ ਕਰੇ। ਜਿਥੋਂ ਤੱਕ ਨਾਨਕ ਸਿੰਘ ਅਤੇ ਸੀਤਲ ਦੇ ਨਾਵਲਾਂ ਦਾ ਸੰਬੰਧ ਹੈ, ਉਨ੍ਹਾਂ ਵਿਚ ਸਾਨੂੰ ਦੋਵੇਂ ਪ੍ਰਕਾਰ ਦੇ ਪ੍ਰਭਾਵ ਵਿਖਾਈ ਦਿੰਦੇ ਹਨ, ਪਰ ਜਿੱਥੇ ਪਹਿਲੇ ਪ੍ਰਕਾਰ ਦਾ ਪ੍ਰਭਾਵ ਅਨੇਕ ਕਾਰਣਾਂ ਕਰਕੇ ਜ਼ਿਆਦਾਤਰ ਉਪਰਾ-ਉਪਰਾ ਹੀ ਰਹਿ ਗਿਆ ਸਥਾਈ ਰੂਪ ਵਿਚ ਹੋਇਆ ਵੇਖਿਆ ਜਾ ਸਕਦਾ ਹੈ। ਅਰਥਾਤ ਸਾਹਿਤਕਾਰ ਆਪਣੀਆਂ ਸਮਕਾਲੀ ਲਹਿਰਾਂ ਸਿੰਘ ਸਭਾ ਤੇ ਆਰੀਆ ਸਮਾਜ ਦੇ ਸੁਧਾਰਵਾਦੀ ਪੱਖ ਨੂੰ ਕਾਂਗਰਸ (ਜਾਂ ਗਾਂਧੀਵਾਦੀ )

ਲਹਿਰ ਦੇ ਅਹਿੰਸਾਵਾਦੀ ਪੱਖ ਨੂੰ ਪੂਰੀ ਦ੍ਰਿੜਤਾ ਨਾਲ ਲੈ ਕੇ ਚਲਦਾ ਹੈ। ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੇ ਸਾਰੇ ਨਾਵਲ ਉਪਰੋਕਤ ਲੀਹਾਂ ਉਤੇ ਹੀ ਚਲਦੇ ਹਨ। ਇਸੇ ਲਈ ਇਨ੍ਹਾਂ ਦੋਵਾਂ ਦੇ ਨਾਵਲਾਂ ਦਾ ਘੇਰਾ ਕੇਵਲ ਸਮਾਜ ਦੀਆਂ ਬੁਰਾਈਆਂ ਦੇ ਵਰਣਨ ਅਤੇ ਉਨ੍ਹਾਂ ਦੇ ਸੁਧਾਰ ਦੇ ਭਾਵੁਕ ਘਟਨਾਂ ਵਿਚ ਹੀ ਸਿਮਟ ਕੇ ਰਹਿ ਗਿਆ ਹੈ।

ਸਮਾਜ ਅਤੇ ਉਸਦੇ ਸੁਧਾਰ ਦਾ ਵਿਸ਼ਾ ਦੋਵਾਂ ਨਾਵਲਕਾਰਾਂ ਨੂੰ ਬਹੁਤ ਪ੍ਰਿਯ ਸੀ। ਇਸਦਾ ਸਬੂਤ ਨਾਨਕ ਸਿੰਘ ਦੇ ਇਨ੍ਹਾਂ ਸ਼ਬਦਾਂ ਤੋਂ ਮਿਲਦਾ ਹੈ ਕਿ ਉਹ 1910 ਥੋਂ 1930 ਤਕ ਦੇ ਸਮੇਂ ਨੂੰ ਪੰਜਾਬ ਵਿਚ ਤੇਜ਼ ਤਰਾਰ ਦਾ ਕਿਸਮ ਦਾ ਸੁਧਾਰਵਾਦੀਸਮਾਂ ਮੰਨਦਾ ਹੈ, ਜਦੋਂ ਭਾਈਚਾਰੇ ਦੀਆਂ ਕਈ ਬੁਰਾਈਆਂ ਛੂਤਛਾਤ, ਕੁੜੀਆਂ ਵੇਚਣ ਦੀ ਪ੍ਰਥਾ, ਵਿਆਹ ਸ਼ਾਦੀਆਂ ਉਤੇ ਸ਼ਰਾਬ ਤੇ ਮੁਜ਼ਰਿਆਂ ਦਾ ਰਿਵਾਜ, ਬਹੁ-ਵਿਆਹ , ਬ੍ਰਿਧ ਵਿਆਹ ਤੇ ਵੇਸ਼ਵਾ-ਪੂਣਾ ਆਦਿ ਸਮਾਜ ਨੂੰ ਸਰਮਾਉਣ ਵਾਲੀਆਂ ਕੁਪ੍ਰਥਾਵਾਂ ਪ੍ਰਚੱਲਤ ਸਨ ਤੇ ਇਨ੍ਹਾਂ ਕੁਪ੍ਰਥਾਵਾਂ ਦਾ ਮਲੀਆਮੇਟ ਕਰਨ ਲਈ ਪੰਜਾਬ ਵਿਚ ਆਰੀਆ ਸਮਾਜ ਤੇ ਸਿੰਘ ਸਭਾ ਇਹ ਦੋਵੇਂ ਸੰਪ੍ਰਦਾਵਾਂ ਅਲਪ ਬਰਦਾਰ ਬਣਕੇ ਕੰਮ ਕਰ ਰਹੀਆਂ ਸਨ । ਇਸ ਵਿਚ ਸ਼ੱਕ ਨਹੀਂਕਿ ਇਨ੍ਹਾਂ ਦੋਹਾਂ ਸੰਪ੍ਰਦਾਵਾਂ ਨੇ ਆਪੋ ਆਪਣੇ ਥਾਂ ਮਾਹਰ ਕੇ ਕੰਮ ਕੀਤੇ। ਪਰ ਕੀਤੀ ਕੱਤਰੀ ਉਤੇ ਸੁਆਹ ਧੂੜਨ ਵਾਲੀ ਗੱਲ ਬਣੀ ਕਿ ਇਹਨਾਂ ਦੋਹਾਂ ਸੰਪ੍ਰਦਾਵਾਂ ਦਾ ਆਪੋ ਵਿਚ ਵੀ ਜੂਤ-ਪਤਾਣ ਚਲਦਾ ਸੀ।"[9]

ਇਹ ਗਲ ਹਰ ਕੋਈ ਜਾਣਦਾ ਹੈਕਿ 1910 ਤੋਂ 1930 ਤਕ ਦਾ ਸਮਾਂ ਰਾਜਨੀਤਕ ਪੱਖੋਂ ਅਤੇ ਸਮਾਜ ਸੁਧਾਰ ਦੀ ਦ੍ਰਿਸ਼ਟੀ ਪੱਖੋਂ ਵੀ ਬੜਾ ਮਹੱਤਵ ਪੂਰਨ ਸਮਾਂ ਰਿਹਾ ਹੈ। ਗਦਰ ਲਹਿਰ, ਜਲ੍ਹਿਆਂ ਵਾਲਾ ਬਾਗ ਕਾਂਡ ਅਤੇ ਆਜ਼ਾਦੀ ਲਈ ਤੀਬਰ ਸੰਘਰਸ਼ ਇਸੇ ਕਾਲ ਦੀਆਂ ਆਦਿ ਘਟਨਾਂਵਾਂ ਨੂੰ ਪੰਜਾਬ ਨੇ ਆਪਣੀ ਅਖੀਂ ਹੀ ਨਹੀ ਦੇਖਿਆ , ਬਲਕਿ ਇਹ ਕਹਿਣਾ ਜ਼ਿਆਦਾ ਠੀਕ ਰਹੇਗਾ ਕਿ ਇਨ੍ਹਾਂ ਸੰਘਰਸ਼ਾਂ ਨੂੰ ਪੰਜਾਬ ਨੇ ਆਪਣੇ ਸ਼ਰੀਰ ਉਤੇ ਡੂੰਘੇ ਜ਼ਖਮਾਂ ਦੇ ਰੂਪ ਵਿਚ ਸਹਿਨ ਵੀ ਕੀਤਾ ਸੀ, ਪਰ ਜਿਵੇਂ ਕਿ ਉਪਰ ਕਿਹਾ ਜਾ ਚੁਕਿਆ ਹੈ ਕਿ ਲੇਖਕ

ਦੀਆਂ ਕੁੱਝ ਨਿਜੀ ਸੀਮਾਵਾਂ ਹਨ, ਜਿਨ੍ਹਾਂ ਨੇ ਉਨ੍ਹਾਂ ਉਤੇ ਉਸ ਸਮੇਂ ਦੀਆਂ ਲਹਿਰਾਂ ਦਾ ਪ੍ਰਭਾਵ ਅਪ੍ਰਤੱਖ ਰੂਪ ਵਿੱਚ (ਸਿਧਾਂਤਕ ਪੱਖ) ਹੀ ਪੈਣ ਦਿੱਤਾ ਹੈ।

ਸਮਾਜਿਕ-ਧਾਰਮਿਕ ਲਹਿਰਾਂ

ਜਦੋਂ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਨੇ ਕਲਾ-ਨਿਰਮਾਣ ਵਲ ਰੁੱਖ ਮੋੜਿਆ ਤਾਂ ਉਹ ਸਮਾਂ ਸਮਾਜ-ਸੁਧਾਰਕ ਸਮਾਂ ਸੀ। ਅੰਗਰੇਜ਼ਾਂ ਦੀ ਕੂਟ ਨੀਤੀ ਦਾ ਚੱਕਰ ਜੋਰਾਂ ਤੇ ਸੀ। 'ਪਾੜੋ ਤੇ ਰਾਜ ਕਰੋ' ਦੀ ਕੂਟ ਨੀਤੀ ਸੀ। ਅਸੀ ਭਾਰਤੀ ਹਾਂ ਦਾ ਚੇਤਾ ਭੁੱਲ ਕੇ, ਹਿੰਦੂ ਹਾਂ, ਮੁਸਲਮਾਨ ਹਾਂ ਵਲ ਦੌੜ ਰਹੇ ਸੀ। ਇਸ ਜ਼ਹਿਲੀਅਤ ਵਿਚ ਇਕ ਦੋਗਲੀ ਜਿਹੀ ਕਿਸਮ ਦੇ ਸੁਧਾਰਵਾਦ ਨੇ ਜਨਮ ਲਿਆ। ਵੱਖ ਵੱਖ ਲਹਿਰਾਂ ਦੇ ਅਸਰਾਂ ਨੇ ਪੰਜਾਬ ਦੀ ਫਿਜ਼ਾਂ ਨੂੰ ਜ਼ਹਿਰੀਲੀ ਬਣਾ ਦਿੱਤਾ ਸੀ। ਇਨ੍ਹਾਂ ਵੱਖ-ਵੱਖ ਲਹਿਰਾਂ ਦਾ ਇਕ ਬਹੁਤ ਵੱਡਾ ਜ਼ਖੀਰਾ ਨਾਨਕ ਸਿੰਘ ਅੰਦਰ ਇਕੱਠਾ ਹੋਇਆ ਪਿਆ ਸੀ, ਜਿਸਦਾ ਵਿਕਾਸ 'ਚਿੱਟਾ ਲਹੂ' ਨਾਵਲ ਤੋਂ ਆਰੰਭ ਹੋ ਕੇ ਸਮੇਂ-ਸਮੇਂ ਦੇ ਦੂਸਰੇ ਨਾਵਲਾਂ ਵਿਚ ਪ੍ਰਗਟ ਹੁੰਦਾ ਚਲਾ ਗਿਆ।

ਸਿੰਘ ਸਭਾ ਲਹਿਰ : ਇਹ ਲਹਿਰ ਨਾਨਕ ਸਿੰਘ ਦੇ ਨਿਜੀ ਮੰਤਵਾਂ ਦੇ ਸਭ ਤੋਂ ਨੇੜੇ ਪੈਂਦੀ ਸੀ। ਇਸਦਾ ਪਹਿਲਾ ਮੰਤਵ ਸਿੱਖ ਮੱਤ ਨੂੰ ਅਤੇ ਗੁਰਦੁਆਰਿਆਂ ਨੂੰ ਆਪਣੀ ਪੁਰਾਣੀ ਪਵਿੱਤਰਤਾ ਦੇ ਦਰਜੇ ਤਕ ਪਹੁੰਚਾਉਣਾ, ਕੁਰਾਹੇ ਪੈਣ ਵਾਲਿਆਂ ਦਾ ਸੁਧਾਰ ਕਰਨਾ ਅਤੇ ਸਿੱਖ ਮੱਤ ਵਿਚ ਨਵਾਂ ਮੋੜ ਲਿਆਉਣਾ ਸੀ। ਇਸਤੋਂ ਇਲਾਵਾ ਅਨੇਕ ਵਿਸ਼ੇ, ਜਿਵੇਂ ਅਛੂਤ ਸਮੱਸਿਆ, ਇਸਤਰੀ ਸਿੱਖਿਆ ਦਾ ਪ੍ਰਚਾਰ, ਵਿਧਵਾ ਸਮੱਸਿਆ ਆਦਿ ਵੀ ਇਸ ਲਹਿਰ ਦੇ ਅੰਗ ਬਣ ਗਏ। ਵਿਸ਼ੇਸ਼ ਕਰਕੇ ਸਿੰਘ ਸਭਾ ਲਹਿਰ ਦੇ ਸੁਧਾਰਕ ਆਸ਼ੇ ਨੂੰ ਨਾਨਕ ਸਿੰਘ ਨੇ ਆਪਣੀ ਲੇਖਣੀ ਦਾ ਸ਼ਿੰਗਾਰ ਬਣਾਇਆ।[10] ਨਾਵਲ 'ਚਿੱਟਾ ਲਹੂ' ਸਿੰਘ ਸਭਾ ਲਹਿਰ ਦੇ ਗ੍ਰਹਿਣ ਕੀਤੇ ਪ੍ਰਭਾਵ ਦੀ ਦੇਣ ਹੈ।[11] ਇਸ ਨਾਵਲ ਵਿਚ ਨਾਨਕ ਸਿੰਘ ਨੇ ਕਿਸੇ ਇਕ ਮੁੱਖ ਵਿਸ਼ੇ ਨੂੰ ਸਾਹਮਣੇ ਰੱਖ ਕੇ ਨਹੀ ਲਿਖਿਆ, ਸਗੋਂ ਜਿਹੜੀਆਂ-ਜਿਹੜੀਆਂ ਗਲਤ ਕੀਮਤਾਂ ਤੇ ਨਜ਼ਰ ਪਈ, ਉਨ੍ਹਾਂ ਨੂੰ ਉਸਨੇ

ਆਪਣੇ ਸੁਧਾਰਵਾਦ ਦੇ ਸੰਕਲਪ ਵਿਚ ਫਿੱਟ ਕਰਕੇ ਦਿਲ ਦੀ ਭੜਾਸ ਕੱਢੀ ਕਿਉਂਕਿ ਨਾਨਕ ਸਿੰਘ ਸੁਧਾਰਕ ਸਮੇਂ ਦਾ ਜੰਮਪਲ ਹੈ। ਬਾਲ-ਵਿਆਹ ਅਤੇ ਅਨਜੋੜ ਵਿਆਹ ਦੀ ਇਕ ਤਸਵੀਰ, ਕੁੱਝ ਦਿਨ ਪਾ ਕੇ ਵਿਆਹ ਹੋ ਗਿਆ। - - - ਮੈਂ ਸਹੁਰੀਂ ਆਈ ਉਹਨਾਂ (ਪਤੀ) ਦੀ ਉਮਰ ਮੇਰੇ ਬਾਪੂ ਨਾਲੋਂ ਵੱਡੀ ਸੀ।[12] ਇਸ ਨਾਵਲ ਦਾ ਨਾਇਕ ਬਚਨ ਸਿੰਘ ਸਮਾਜ ਵਿਚ ਸੁਧਾਰ ਕਰਨ ਦਾ ਬੀੜਾ ਚੁੱਕਦਾ ਹੈ। ਗੁਰਦੁਆਰਿਆਂ ਦਾ ਸੁਧਾਰ ਸਿੰਘ ਸਭਾ ਲਹਿਰ ਦਾ ਮੁੱਖ ਮੰਤਵ ਸੀ। ਬਚਨ ਸਿੰਘ ਗੁਰਦੁਆਰੇ ਦੇ ਮਹੰਤ (ਦਸੌਂਧਾ ਸਿੰਘ) ਨੂੰ ਪਿੰਡ ਦੇ ਸੂਰਾਬੀਆਂ ਤੇ ਗੁੰਡਿਆਂ ਨਾਲ ਰਲ ਕੇ ਭੰਗ ਘੋਟ-ਘੋਟ ਕੇ ਪੀਣ ਤੋਂ ਮਨ੍ਹਾ ਕਰਨ ਲਈ ਹਰ ਲੋੜੀਂਦੀ ਵਾਹ ਲਾਉਂਦਾ ਹੈ।[13] ਦੂਜੇ ਪਾਸੇ ਪਿੰਡ ਦੇ ਪਤਵੰਤੇ ਸਮਾਜ ਦੇ ਠੇਕੇਦਾਰ, ਨਸ਼ਿਆਂ ਦਾ ਸੇਵਨ ਕਰਨਾ, ਕਥਾ ਕੀਰਤਨ ਨੂੰ ਤਿਲਾਂਜਲੀ, ਗੁਰਦੁਆਰੇ ਵਿਚ ਪ੍ਰਕਾਸ਼ ਦਿਨ ਵਾਰ ਹੋਣ ਨੂੰ ਤਾਂ ਚੰਗਾ ਸਮਝਦੇ ਹਨ ਪਰ ਪਿੰਡ ਵਿਚ ਸੁਧਾਰ ਲਈ ਚੁਕਿਆ ਕਦਮ ਉਨ੍ਹਾਂ ਦੇ ਤਨ ਮਨ ਨੂੰ ਲੂਹ ਦਿੰਦਾ ਹੈ। ਛੂਤ-ਛਾਤ ਦਾ ਬੋਲਬਾਲਾ ਇੰਨਾ ਜਿਆਦਾ ਸੀ ਕਿ ਗੁਰਦੁਆਰੇ ਜਿਹੇ ਪਵਿੱਤਰ ਅਸਥਾਨ ਵਿਚ ਕੁੱਤੇ ਦੀ ਹਜ਼ੂਰੀ ਕਿਸੇ ਨੂੰ ਨਹੀਂ ਰੜਕਦੀ ਪਰ ਕੀਰਤਨ ਸੁਣਨ ਆਈ ਇਨਸਾਨ ਦੀ ਬੱਚੀ (ਸੁੰਦਰੀ) ਨੂੰ ਲਹੂ ਲੁਹਾਨ ਕੀਤਾ ਜਾਂਦਾ ਹੈ, ਦੁਰਕਾਰਿਆ ਤੇ ਫਿਟਕਾਰਿਆ ਜਾਂਦਾ ਹੈ ਕਿਉਂਕਿ ਉਹ ਕਲੰਧਰ ਦੀ ਧੀ ਸੀ। ਬਚਨ ਸਿੰਘ ਦੇ ਪੁਛੱਣ ਤੇ ਕਿ ਸੁੰਦਰੀ ਨੂੰ ਕਿਉਂ ਮਾਰਿਆ ਗਿਆ ਹੈ, ਪਿੰਡ ਦੇ ਪਤਵੰਤੇ ਆਪੇ ਤੋਂ ਬਾਹਰ ਹੁੰਦੇ ਹਨ ਅਤੇ ਧਰਮ ਦਾ ਨਾਸ਼ ਹੋ ਗਿਆ ਸਮਝਦੇ ਹਨ।[14] ਆਪਣੇ ਆਰੰਭਕ ਨਾਵਲਾਂ ਵਿਚ ਸਰਾਬ, ਕੁਸੰਗਤੀ (ਕਾਲ ਚੱਕਰ) ਦੋ ਵਿਆਹ (ਮਿੱਠਾ ਮਹੁਰਾ), ਅਣਜੋੜ ਵਿਆਹ (ਫੌਲਾਦੀ ਫੁੱਲ), ਵੇਸ਼ਵਾਵਾਂ ਅਤੇ ਬਦਮਾਸ਼ਾਂ ਦੇ ਕਾਰਣ ਘਰਾਂ ਦੇ ਉਜਾੜੇ (ਕਾਗਤਾਂ ਦੀ ਬੇੜੀ), ਆਦਿ ਨਾਵਲਾਂ ਵਿਚ ਵਿਸ਼ਿਆਂ ਨੂੰ ਉਲੀਕਿਆ ਹੈ ਅਤੇ ਕੋਈ ਨਾ ਕੋਈ ਆਦਰਸ਼ ਪਾਤਰ ਘੜ ਕੇ ਸੁਧਾਰ ਦਾ ਰਾਹ ਹੀ ਦਰਸਾਇਆ ਹੈ। ਨਾਵਲ 'ਇਕ ਮਿਆਨ ਦੋ ਤਲਵਾਰਾਂ' ਵਿਚ ਸੋਢੀ ਸੁਖਦੇਵ ਸਿੰਘ ਦੀ ਕਥਾ ਦੁਆਰਾ ਜਿਥੇ ਸਿੱਖਾਂ ਦੇ ਅੰਧ ਵਿਸ਼ਵਾਸ਼ਾਂ ਦਾ ਯਥਾਰਥ ਵਰਣਨ ਹੈ, ਉਥੇ ਹੀ ਸਿੰਘ ਸਭਾ ਲਹਿਰ ਦਾ ਸੰਕੇਤ ਕਰਦੇ ਹੋਏ ਲੇਖਕ ਲਿਖਦਾ ਹੈ:

> ਸੱਚੋ ਹੀ ਸਮਾਂ ਜੇ ਸਿੰਘ ਸਭਾ ਲਹਿਰ ਨੂੰ ਜਨਮ ਨਾ ਦਿੰਦਾ ਤਾਂ ਸਾਹਿਬਜ਼ਾਦਾ ਖ਼ਾਨਦਾਨ ਉਤੇ ਕਦੇ ਵੀ ਇਹ ਜ਼ਵਾਲ ਨਾ ਆਉਂਦਾ। ਜਿਉਂ ਜਿਉਂ ਸਮੇਂ ਦੀ ਇਹ ਲਹਿਰ ਜ਼ੋਰ ਫੜਦੀ ਗਈ ਲੋਕਾਂ ਦੀਆਂ ਅੱਖਾਂ ਖੁਲਦੀਆਂ ਗਈਆਂ। ਇਕ ਵਾਰੀ ਅੱਖਾਂ ਖੁਲ੍ਹਣ ਦੀ ਦੇਰ ਸੀ ਕਿ ਹਰ ਕਿਸੇ ਨੂੰ ਹਕੀਕਤ ਦੀ ਸੋਝੀ ਪੈਣ ਲਗ ਪਈ। - - - ਅੱਜ ਸਟੇਜਾਂ ਤੇ ਖੜ੍ਹਕੇ ਬਾਹਾਂ ਉਲਾਰ ਕੇ, ਸੰਘ ਪਾੜ ਕੇ ਗੁਰੂਡੰਮ ਦ ਵਿਰੁਧ ਜਹਾਦ ਦੀਆਂ ਦੁਹਾਈਆਂ ਦੇਣ ਲਗ ਪਏ।[15]

ਨਾਨਕ ਸਿੰਘ ਵਾਂਗ ਹੀ ਸੋਹਣ ਸਿੰਘ ਸੀਤਲ ਨੇਵੀ ਸਿੰਘ ਸਭਾ ਲਹਿਰ ਦਾ ਪ੍ਰਭਾਵ ਪੈਣਾ ਆਵਸ਼ਕ ਸੀ ਕਿਉਂਕਿ ਸੀਤਲ ਵੀ ਇਸੇ ਸਮੇਂ ਦਾ ਜੰਮਪਲ ਹੈ। ਸੋਹਣ ਸਿੰਘ ਸੀਤਲ ਨੇ ਸਿੰਘ ਸਭਾ ਲਹਿਰ ਦੇ ਸੁਧਾਰਕ ਆਸ਼ੇ ਨੂੰ ਆਪਣੀ ਲੇਖਣੀ ਦਾ ਸਿੰਗਾਰ ਬਣਾਇਆ। ਨਾਵਲ 'ਤੂਤਾਂ ਵਾਲਾ ਖੂਹ' ਵਿਚ ਇਸਦਾ ਜ਼ਿਕਰ ਸੀਤਲ ਨੇ ਬੜੇ ਜ਼ੋਰਾਂ ਸ਼ੋਰਾਂ ਤੇ ਕੀਤਾ ਹੈ। ਬਾਬਾ ਅਕਾਲੀ ਜੋ ਗਦਰ ਲਹਿਰ,' ਅਕਾਲੀ ਲਹਿਰ ਦਾ ਜੋਧਾ ਤਾਂ ਜ਼ਰੂਰ ਹੈ ਪਰ ਉਹ ਨਾਲ ਹੀ ਛੂਤ-ਛਾਤ ਆਦਿ ਦਾ ਖਾਤਮਾਂ ਕਰਨਾ ਚਾਹੁੰਦਾ ਹੈ। ਬਾਬਾ ਅਕਾਲੀ ਇਲਮਦੀਨ ਦੇ ਘਰ ਦੀ ਚਾਹ ਪੀਂਦਾ ਹੈ।[16] ਇਸਤੋਂ ਇਲਾਵਾ ਬਾਬਾ ਅਕਾਲੀ ਧਾਰਮਿਕ ਝਗੜੇ ਹੋਣ ਤੋਂ ਵੀ ਰੋਕ ਲੈਂਦਾ ਹੈ। ਉਹ ਇਲਮਦੀਨ ਅਤੇ ਸੱਜਣ ਸਿੰਘ ਨੂੰ ਇਕ ਬਾਰ ਫਿਰ ਮਿਲਾ ਦਿੰਦਾ ਹੈ। ਬਾਬਾ ਅਕਾਲੀ ਦੁਆਰਾ ਕਹੇ ਇਹ ਸ਼ਬਦ:

> ਉਇ ਸੱਜਣਾ, ਉਇ ਇਲਮਿਆ - - - - "ਕੀ ਹੋ ਰਿਆ ਉਇ ਤੁਹਾਡੀ ਮੱਤ ਨੂੰ। ਕਿਉ ਅਕਲ 'ਤੇ ਪੜਦਾ ਪੈ ਗਿਆ ਜੇ। ਉਇ ਤੁਸੀਂ ਇਕ ਵੱਡੇ ਵਡੇਰੇ ਖਾਤਰੀ ਦੀ ਉਲਾਦ। ਇਕੋ ਲਹੂ। ਕਿਉਂ ਲੱਗੇ ਜੇ ਕੌਰਵਾਂ ਪਾਂਡਵਾਂ ਵਾਂਗ ਆਪਸ ਵਿਚ ਲੜ ਕੇ ਕੁਲ ਦਾ ਨਾਸ਼ ਕਰਨ ਤੇ ਲੜਦੇ ਕਿਹੜੀ ਗੱਲੋਂ ਜੇ? ਪਸ਼ੂਆਂ ਤੇ ਚਿੜ ਕੇ? ਕਦੇ ਗਾਈ ਤੇ ਸੂਰ ਆਪਸ ਵਿਚ ਲੜਦੇ ਵੇਖੇ ਜੇ?[17]

ਪਹਿਲਾ ਨਾਵਲ 'ਪੁੱਲ ਦਾ ਮਾਸ' ਵਿਚ ਵੀ ਸੁਧਾਰਕ ਵਿਸ਼ਾ ਲਿਆ ਹੈ ਇਸ ਨਾਵਲ ਵਿਚ

ਜਦੋਂ ਪਿੰਡ ਦਾ ਬਦਮਾਸ਼ ਚੰਦੋ ਨੂੰ ਤੰਗ ਕਰਦਾ ਹੈ ਤਾਂ ਚੰਦੋ ਦਾ ਮਤਰੇਇਆ ਪੁੱਤਰ ਸੁਰਤ ਸਿੰਘ ਬਚਾਉਣ ਦੀ ਕੋਸ਼ਿਸ਼ ਕਰਦਾ ਹੋਇਆ ਮਾਰਿਆ ਜਾਂਦਾ ਹੈ। 'ਪਤਵੰਤੇ ਕਾਤਲ' ਵਿਚ ਵੀ ਵਿਧਵਾ ਦੀ ਸਮੱਸਿਆ ਨੂੰ ਸੀਤਲ ਨੇ ਬੜੀ ਖੂਬੀ ਨਾਲ ਨਿਭਾਇਆ ਹੈ। ਵਿਧਵਾ ਮਨਜੀਤ ਦਾ ਵਿਆਹ ਉਸਦੇ ਪੁੱਤਰ ਵਰਗੇ ਰਲਦੇ ਨਾਲ ਕਰਵਾ ਦਿੰਦਾ ਹੈ ਇਸੇ ਤਰ੍ਹਾਂ ਇਸ ਨਾਵਲ ਵਿਚ ਗੁਰਦੁਆਰਿਆਂ ਦੇ ਭਾਈਆਂ ਦੀ ਬਦਚਲਨੀ ਨੂੰ ਵੀ ਨੰਗਾ ਕੀਤਾ ਹੈ ਜਦੋਂ ਵਿਧਵਾ ਮਨਜੀਤ ਪਿੰਡ ਦੇ ਬਦਮਾਸ਼ਾਂ ਹਥੋਂ ਤੰਗ ਹੋਣ ਤੇ ਘਰੋਂ ਨਿਕਲੀ ਤਾਂ ਉਹ ਦਇਆ ਕੌਰ ਦੀ ਸਹਾਇਤਾ ਨਾਲ ਮਿੰਟਗੁਮਰੀ ਪਹੁੰਚੀ। ਮਨਜੀਤ ਨੂੰ ਮਿੰਟਗੁਮਰੀ ਸ਼ਹਿਰ ਵਿਚ ਸਿੰਘ ਸਭਾ ਗੁਰਦੁਆਰੇ ਵਿਚ ਕੰਨਿਆ ਪਾਠਸ਼ਾਲਾ ਵਿਚ ਨੌਕਰੀ ਮਿਲ ਗਈ। ਪਹਿਲਾਂ ਸੇਵਾਦਾਰਾਂ ਸੱਜਣ ਸਿੰਘ ਅਤੇ ਸੁਜਾਨ ਸਿੰਘ ਨੇ ਬਦਸਲੂਕੀ ਕਰਨ ਦੀ ਕੋਸ਼ਿਸ਼ ਕੀਤੀ ਫਿਰ ਸਹਿਜੇ-ਸਹਿਜੇ ਮੈਨੇਜਰ ਧਰਮ ਸਿੰਘ ਦੀਆਂ ਹਰਕਤਾਂ ਕੋਝੀ ਹੱਦ ਤਕ ਪਹੁੰਚ ਰਹੀਆਂ ਸਨ।[18] ਇਸ ਤਰ੍ਹਾਂ ਸੋਹਣ ਸਿੰਘ ਸੀਤਲ ਨੇ ਸਿੰਘ ਸਭਾ ਲਹਿਰ ਦੇ ਇਸ ਸੁਧਾਰਕ ਆਸ਼ੇ ਨੂੰ 'ਦੀਵੇ ਦੀ ਲੋ' ਧਰਤੀ ਦੇ ਦੇਵਤੇ' ਵਿਚ ਪਿੰਡ ਸੁਧਾਰ ਆਦਿ ਲਿਆ ਹੈ। ਸੋਹਣ ਸਿੰਘ ਸੀਤਲ ਗੁਰਦੁਆਰਿਆਂ ਵਰਗੀਆਂ ਪਵਿੱਤਰ ਥਾਵਾਂ ਦੀ ਅਯੋਗ ਵਰਤੋਂ ਕਰਕੇ ਆਪਣੀਆਂ ਨਸਲਾਂ ਦਾ ਸਭਿਆ ਨਾਸ਼ ਕਰ ਰਹੇ ਹਨ। ਉਹ ਅਵਿਦਿਆ ਨੂੰ ਦੂਰ ਕਰਨ ਅਤੇ ਭਾਈਚਾਰਕ ਸੁਧਾਰ ਦੀਆਂ ਸਕੀਮਾਂ ਬਣਾਉਂਦਾ ਹੈ। ਵਿਆਹ ਸ਼ਾਦੀਆਂ ਦੀਆਂ ਰਸਮਾਂ ਉਤੇ ਫਜ਼ੂਲ ਖਰਚਿਆਂ ਅਤੇ ਨਾਚ ਮੁਜ਼ਰਿਆਂ ਨੂੰ ਰੋਕਣਾ ਵੀ ਸਿੰਘ ਸਭਾ ਦੇ ਪਰਚਾਰ ਦਾ ਹੀ ਅੰਗ ਸੀ। ਜਿਸਨੂੰ ਰੋਕਣ ਲਈ ਸੋਹਣ ਸਿੰਘ ਸੀਤਲ ਨੇ ਆਪਣੇ ਨਾਵਲਾਂ ਰਾਹੀਂ ਹਰ ਹੀਲਾ ਵਸੀਲਾ ਦਸਿਆ ਹੈ।

<u>ਆਰੀਆ ਸਮਾਜੀ ਲਹਿਰ :</u> ਨਾਵਲ ਲਿਖਣ ਸਮੇਂ ਤਕ ਧਰਮਾਂ ਦਾ ਰਲਿਆ-ਮਿਲਿਆ ਅਸਰ ਸੀ। "ਸਾਧਾਰਣ ਜਿਹੇ ਵਾਤਾਵਰਣ ਵਿਚ ਮੈਂ ਹੋਸ਼ ਸੰਭਾਲੀ ਸੀ, ਜਿਥੇ ਹਿੰਦੂ-ਸਿੱਖ ਦਾ ਕੋਈ ਫ਼ਰਕ ਨਹੀਂ ਸੀ।[19] ਆਰੀਆ ਸਮਾਜ ਅਤੇ ਸਿੰਘ ਸਭਾ ਲਹਿਰ ਨੇ ਦੇਸ਼ ਵਿੱਚ ਜਾਗ੍ਰਤੀ ਲਿਆਂਦੀ ਸਮਾਜਿਕ ਪੱਖ ਤੋਂ ਵੀ, ਵਿਅਕਤੀਗਤ ਪੱਖ ਤੋਂ ਵੀ ਅਤੇ ਧਾਰਮਿਕ ਪੱਖ ਤੋਂ ਵੀ । ਪਰ

ਇਸਦੇ ਨਾਲ ਹੀ ਇਨ੍ਹਾਂ ਪਾਸੋਂ ਕਈ ਐਸੀਆਂ ਗਲਤੀਆਂ ਵੀ ਹੋਈਆਂ, ਜਿਨ੍ਹਾਂ ਦਾ ਫਲਸਵਰੂਪ ਸਿੱਖ ਤੇ ਹਿੰਦੂ, ਇਕ ਤੋਂ ਦੋ ਹੋ ਗਏ।[20] ਇਹ ਦੋਵੇਂ ਲਹਿਰਾਂ ਹਿੰਦੂ ਸਿੱਖ ਸਮਾਜ ਦੇ ਸੁਧਾਰ ਨਿਰਮਾਣ ਲਈ ਚੱਲੀਆਂ ਸਨ। ਦੋਹਾਂ ਦਾ ਆਸ਼ਾ ਇਕੋ ਸੀ, ਮਨੋਰਥ ਇਕੋ ਸੀ ਪਰ ਫਿਰ ਰਾਸਾਂ ਦਾ ਮੇਲ ਨਾ ਹੋ ਸਕਿਆ। 'ਚਿੱਟਾ ਲਹੂ' ਨਾਵਲ ਵਿਚ ਮੁਨਸ਼ੀ ਦੇਵੀ ਦਿਆਲ ਦਾ ਪੜ੍ਹਿਆ-ਲਿਖਿਆਪੁਤਰ (ਮੋਹਨ) ਆਰੀਆ ਸਮਾਜ ਤੋਂ ਪ੍ਰਭਾਵਿਤ ਜਦੋਂ ਗੁਰਦੇਈ (ਵਿਧਵਾ) ਦੇ ਦੂਸਰੇ ਵਿਆਹ ਦੀ ਰਾਇ ਦਿੰਦਾ ਹੈ "ਖਿਮਾ ਕਰਨਾਪੰਡਤ ਜੀ ਮੈਂ ਕੋਈ ਬੁਰੀ ਗਲ ਨਹੀਂ ਆਖੀ। --- ਜੇ ਉਸਨੂੰ ਮੁੜ ਬਰਾਦਰੀ ਵਿਚ ਮਿਲਾ ਲਿਆ ਜਾਵੇ ਤਾਂ ਇਸ ਵਿਚ ਕੀ ਹਰਜ਼ ਏ। ਤੇ ਫਿਰ ਵਿਚਾਰੀ ਬਾਲਵਿਧਵਾ ਹੈ, ਜੇ ਲਾਲਾ ਕਰਮ ਚੰਦ ਹੋਰੀਂ ਪਾਲਣਾ ਨਹੀਂ ਕਰਦੇ ਤਾਂ ਕਿਸੇ ਸਪੁੱਤਰ ---, ਪੰਡਤ 'ਬਸ ਬਸ, ਇਹੋ ਜਿਹੀ ਮਲੇਸ਼ ਭਾਸ਼ਾ ਮੁੜ ਕੇ ਮੂੰਹੋ ਨਾ ਕੱਢੀਂ --- ਹਿੰਦੂ ਧਰਮ ਵਿਚ ਵਿਧਵਾ ਵਿਆਹ ਦਾ ਜ਼ਿਕਰ ਕਰਕੇ ਇਸ ਪਵਿੱਤਰ ਜਾਤੀ ਨੂੰ ਕਲੰਕਿਤ ਕਰਦਿਆਂ ਤੈਨੂੰ ਸ਼ਰਮ ਨਹੀਂ ਆਉਂਦੀ? --- ਇਨ੍ਹਾਂ ਆਰੀਆਂ ਤੇ ਅਕਾਲੀਆਂ ਭਾਰਤ ਦਾ ਬੇੜਾ ਗਰਕ ਕਰ ਛੱਡਿਆ ਏ।"[21] ਇਸ ਤਰ੍ਹਾਂ ਆਰੀਆਂ ਸਮਾਜੀ ਲਹਿਰ ਦਾ ਪ੍ਰਭਾਵ ਕਬੂਲਦਾ ਨਾਨਕ ਸਿੰਘ ਲਹਿਰ ਦੇ ਇਸ ਆਸ਼ੇ ਨੂੰ ਆਪਣੇ ਨਾਵਲਾਂ ਵਿਚ ਪ੍ਰਗਟ ਕਰਦਾ ਹੈ।

ਆਰੀਆ ਸਮਾਜੀ ਲਹਿਰ ਦੇ ਸਮਾਜ ਵਿਚੋਂ ਕੁਰੀਤੀਆਂ ਨੂੰ ਦੂਰ ਕੇ ਸੁਧਾਰ ਲਿਆਉਣ ਦੇ ਆਸ਼ੇ ਦਾ ਪ੍ਰਭਾਵ ਸੋਹਣ ਸਿੰਘ ਸੀਤਲ 'ਬਦਲਾ' ਵਿਚ ਚੰਗੀਤਰ੍ਹਾਂ ਕਬੂਲਦਾ ਹੈ।ਇਸ ਨਾਵਲ ਵਿਚ ਹੈਦਰ ਰਾਜੋ ਨਾਲ ਵਿਆਹ ਕਰਾਉਣ ਨੂੰ ਤਿਆਰ ਹੋਜਾਂਦਾ ਹੈ ਜਦੋਂ ਕਿ ਉਸਨੂੰ ਪਤਾ ਸੀ ਕਿ ਰਾਜੋ ਦੀ ਦੀ ਇੱਜਤ ਰਾਇ ਸਾਹਿਬ, ਕੰਵਰ ਸਾਹਿਬ ਲੁੱਟ ਚੁਕੇ ਹਨ। ਹੈਦਰ ਪਾਤਰ ਸੀਤਲ ਨੇ ਅਜਿਹਾ ਪਾਤਰ ਘੜਿਆ ਪੇਸ਼ ਕੀਤਾ ਹੈ ਜੋ ਰਾਜੋ ਵਰਗੀਆਂ ਇਸਤਰੀਆਂ ਦੇ ਬਦਲੇ ਲੈਣ ਲਈ ਵੱਡੇ ਲੋਕਾਂ ਨਾਲ ਦੁਸ਼ਮਣੀ ਲੈਂਦਾ ਹੈ ਤਾਂ ਜੋ ਉਹ ਸਮਾਜ ਵਿਚ ਇਸਤਰੀ ਦੀ ਮੰਦੀ ਹਾਲਤ ਹੋਣ ਤੋਂ ਬਚਾ ਸਕੇ।

ਨਾਵਲ 'ਪਤਵੰਤੇ ਕਾਤਲ' ਵਿਚ ਵਿਧਵਾ ਮਨਜੀਤ ਦਾ ਵਿਆਹ ਕਰਵਾ ਕੇ ਅਤੇ ਅਤੇ ਇਕ ਸੰਘਰਸ਼ਸ਼ੀਲ ਔਰਤ ਵਿਖਾ ਕੇ ਸੁਧਾਰਵਾਦੀ ਆਸ਼ੇ ਨੂੰ ਅਪਣਾਉਂਦਾ ਹੈ। ਨਾਵਲ 'ਅੰਨ੍ਹੀ ਸੁੰਦਰਤਾ' ਵਿਚ ਕੁਮਾਰੀ ਇਕ ਸ਼ੂਦਰ ਦੀ ਸਹਾਇਤਾ ਨਾਲ ਸਕੂਲ ਖੋਲਦੀ ਹੈ ਤੇ ਬਚਿਆਂ ਨੂੰ ਪ੍ਰਕ੍ਰਤ ਪੜ੍ਹਾਉਂਦੀ ਹੈ।[22] ਸੋਹਣ ਸਿੰਘ ਸੀਤਲ ਨਾਨਕ ਸਿੰਘ ਵਾਂਗ ਸਮਾਜ ਵਿਚੋਂ ਅਨਪੜ੍ਹਤਾ, ਛੂਤ-ਛਾਤ ਜਿਹੀਆਂ ਬਿਮਾਰੀਆਂ ਨੂੰ ਖਤਮ ਕਰਨਾ ਅਤੇ ਵਿਧਵਾ ਵਿਆਹ ਕਰਾਉਣ ਵਿਚ ਵਿਸ਼ਵਾਸ਼ ਰਖਦਾ ਹੈ।

<u>ਰਾਜਨੀਤਕ ਲਹਿਰਾਂ</u> : ਰਾਜਨੀਤੀ ਅਤੇ ਮਨੁੱਖ ਦਾ ਆਪਸ ਵਿਚ ਇੰਨਾ ਗੂੜ੍ਹਾ ਸੰਬੰਧ ਹੈ ਕਿ ਇਨ੍ਹਾਂ ਦਾ ਇਕ ਦੂਜੇ ਉਤੇ ਪ੍ਰਭਾਵ ਪੈਣਾ ਜ਼ਰੂਰੀ ਹੈ। ਜਦੋਂ ਪੰਜਾਬੀ ਸੂਬੇ ਦੀ ਧਰਤੀ ਉਤੇ ਸਮਾਜਿਕ ਉਥੱਲ-ਪੁਥੱਲ ਹੋਣ ਕਾਰਣ ਵਿਗੜੇ ਸਮਾਜਿਕ ਢਾਂਚੇ ਦੇ ਸੁਧਾਰ ਲਈ ਲਹਿਰਾਂ ਉਤਪੰਨ ਹੋਈਆਂ ਉਸ ਸਮੇਂ ਰਾਜਨੀਤਕ ਢਾਂਚਾ ਵੀ ਡਾਵਾਂਡੋਲ ਹੋ ਚੁੱਕਾ ਸੀ। ਦੇਸ਼ ਦੀ ਬਾਗਡੋਰ ਆਪਣੇ ਹੱਥਾਂ ਵਿਚ ਨਾ ਰਹਿ ਕੇ ਵਿਦੇਸ਼ੀ ਹਕੂਮਤ ਕੋਲ ਚਲੀ ਗਈ ਸੀ। ਅੰਗਰੇਜ਼ਾਂ ਨੂੰ ਲੋਕਾਂ ਨੂੰ ਆਪਸ ਵਿਚ ਲੜਾਇਆ, ਉਨ੍ਹਾਂ ਦੀ ਅਨਪੜ੍ਹਤਾ ਤੋਂ ਰਜ ਕੇ ਲਾਭ ਉਠਾਇਆ, ਅੰਨ੍ਹੀ ਆਰਥਿਕ ਲੁੱਟ-ਖਸੁੱਟ ਕੀਤੀ।

ਉਨੀਵੀਂ ਸਦੀ ਵਿਚ ਲੋਕਾਂ ਨੂੰ ਸੋਝੀ ਆਈ, ਨਿੰਮੇ-ਨਿੰਮੇ ਜਾਗਣ ਦੇ ਝਾਉਲੇ ਪੈਣ ਲੱਗੇ, ਕਿਉਂਕਿ ਇਸ ਵੇਲੇ ਤਕ ਸਮਝ ਪੈ ਚੁਕੀ ਸੀ ਕਿ ਅੰਗਰੇਜ਼ੀ ਰਾਜ ਨੇ ਉਨ੍ਹਾਂ ਦੇ ਸਮਾਜਿਕ, ਆਰਥਿਕ ਅਤੇ ਸਾਂਸਕ੍ਰਿਤਕ ਜੀਵਨ ਨੂੰ ਆਪਣਾ ਗੁਲਾਮ ਬਣਾ ਲਿਆ ਸੀ।[23] ਇਸ ਤਰ੍ਹਾਂ 19ਵੀਂ ਸਦੀ ਦੇ ਸਿੱਖਰ ਵਿੱਚ ਚਲੀਆਂ ਸਮਾਜ-ਸੁਧਾਰ ਦੀਆਂ ਲਹਿਰਾਂ ਨੇ ਜਨਤਾ ਵਿੱਚ ਇਕ ਤਰ੍ਹਾਂ ਦੀ ਤਬਦੀਲੀ ਲਿਆ ਕੇ ਰਾਸ਼ਟ੍ਰੀਅਤਾ ਦੀ ਜਾਗ ਲਾਈ।[24] ਇਸ ਤਰ੍ਹਾਂ 19ਵੀਂ ਸਦੀ ਦਾ ਸਮਾਂ ਸਮਾਜਿਕ, ਧਾਰਮਿਕ, ਆਰਥਿਕ ਅਤੇ ਇਸ ਤੋਂ ਵੀ ਵੱਧ ਕੇ ਰਾਜਨੀਤਕ ਸੰਕਟ ਦਾ ਸਮਾਂ ਹੈ। ਜਿੱਥੇ ਸਮਾਜਿਕ, ਧਾਰਮਿਕ ਖੇਤਰ ਦੇ ਸੁਧਾਰ ਲਈ ਸਿੰਘ ਸਭਾ, ਆਰੀਆ ਸਮਾਜ ਲਹਿਰਾਂ ਨੇ ਜਨਮ ਲਿਆ, ਉੱਥੇ ਨਾਲ ਹੀ ਇਨ੍ਹਾਂ ਬੁਰਾਈਆਂ ਨੂੰ ਖਤਮ ਕਰਨ ਲਈ ਰਾਜਨੀਤਕ ਲਹਿਰਾਂ ਨੇ ਸਿਰ ਚੁੱਕਿਆ।

<u>ਕਾਂਗਰਸ ਲਹਿਰ</u> : ਸਮੇਂ ਦੇ ਰਾਜਨੀਤਕ ਅੰਦੋਲਨਾ ਅਤੇ ਉਨ੍ਹਾਂ ਦਾ ਸਦਕਾ ਦੇਸ਼ ਵਿਚ ਜਾਗ੍ਰਤੀ ਦੀ ਵੰਗਾਰ, ਜਿਹੜੀ ਕਿ ਕਾਂਗਰਸ ਲਹਿਰ ਵਿਚੋਂ ਬੋਲਦੀ ਹੈ, ਦੀ ਤਸਵੀਰ ਨਾਨਕ ਸਿੰਘ ਦੇ ਕੁੱਝ ਨਾਵਲਾਂ ਵਿਚੋਂ ਦਿਸਦੀ ਹੈ। ਨਾਨਕ ਸਿੰਘ ਹਰ ਮਸਲੇ ਦਾ ਹੱਲ, ਹਰ ਤਬਦੀਲੀ ਅਹਿੰਸਕ ਢੰਗ ਨਾਲ ਲਿਆਉਣਾ ਚਾਹੁੰਦਾ ਸੀ। ਇਹ ਉਹ ਅਹਿੰਸਾਵਾਦੀ ਹੈ ਜਿਸਨੇ ਪਹਿਲਾ ਸਬਕ ਬਾਬੇ ਨਾਨਕ ਦੀ ਬਾਣੀ ਤੋਂ ਲਿਆ ਅਤੇ ਦੂਜਾ ਮਹਾਤਮਾ ਗਾਂਧੀ ਦੀ ਪਾਲਿਟਿਕਸ ਤੋਂ। ਨਾਵਲ 'ਪਿਆਰ ਦੀ ਦੁਨੀਆਂ' ਵਿਚ ਲਿਖਦਾ ਹੈ ਕਿ "ਮੇਰਾ ਇਹੋ ਵਿਸ਼ਵਾਸ਼ ਸੀ ਕਿ ਇਹੋ ਜਿਹਾ ਸਵੈਰਾਜ ਕੇਵਲ ਗਾਂਧੀਵਾਦੀ 'ਅਹਿੰਸਾ' ਦੇ ਹਥਿਆਰਾਂ ਨਾਲ ਹੀ ਪ੍ਰਾਪਤ ਹੋ ਸਕਦਾ ਹੈ ਨਾ ਕਿ ਖ਼ੂਨ-ਖਰਾਬੇ ਨਾਲ"[25] ਇਕ ਥਾਂ ਹੋਰ ਲਿਖਦਾ ਹੈ, "ਦੇਸ਼ ਦੀ ਸਭ ਤੋਂ ਵੱਡੀ ਜਮਾਤ ਕਾਂਗਰਸ ਦਾ ਅਹਿੰਸਾਵਾਦੀ ਪ੍ਰਭਾਵ ਉਦੋਂ ਸਾਰੇ ਦੇਸ਼ ਉਤੇ ਛਾਇਆ ਹੋਇਆ ਸੀ, ਵਿਸ਼ੇਸ਼ ਤੌਰ ਤੇ ਮਹਾਤਮਾ ਗਾਂਧੀ ਦੀ ਸਖਸੀਅਤ ਦਾ।"[26]

ਇਸ ਨਾਵਲ ਵਿਚ ਪ੍ਰੀਤਮ ਸਿੰਘ ਇੰਨਸਪੈਕਟਰ ਸਰਕਾਰ ਵਿਰੋਧੀ ਕਾਰਵਾਈਆਂ ਕਰਨਵਾਲਿਆਂ ਨੂੰ ਪਕੜਦਾਹੈ। ਅਤੇ ਪੁਸ਼ਪਾ 'ਭਾਰਤ ਪੁੱਤਰੀ' ਬਣਕੇ ਦੇਸ਼ ਦੀ ਆਜ਼ਾਦੀ ਲਈ ਲੜਦੀ ਹੈ। ਨਾਨਕ ਸਿੰਘ ਨੇ ਇਥੇ ਕਾਂਗਰਸੀ ਲੀਡਰਾਂ ਦੀ ਲੁੱਟ-ਖਸੁੱਟ ਨੂੰ ਭੰਡ ਕੇ ਮਨੁੱਖ ਨੂੰ ਆਪਣੇ ਫਰਜ਼ ਦੀ ਪਾਲਣਾ ਮਾਨਵਵਾਦੀ ਢੰਗ ਨਾਲ ਕਰਨ ਅਤੇ ਅਹਿੰਸਾ ਨੂੰ ਹਥੋਂ ਨਾ ਛੱਡਣ ਉਤੇ ਜੋਰ ਦਿੱਤਾ ਹੈ।

ਇਸ ਨਾਵਲ ਵਿਚ ਆਜ਼ਾਦੀ ਦੀ ਲਹਿਰ ਦੇ ਕੁੱਝ ਮਹੱਤਵ ਪੂਰਨ ਪੰਨਿਆਂ ਨੂੰ ਸੰਕੇਤ ਰੂਪ ਵਿਚ ਪ੍ਰਤੱਖ ਕਰਨ ਦਾ ਉਪਰਾਲਾ ਕੀਤਾ ਹੈ। ਜਿਵੇਂ 'ਕਈ ਵਾਰੀ ਉਨ੍ਹਾਂ ਦੇ ਜ਼ੁਲਮ ਅਸੀਂ ਵੇਖ ਚੁਕੇ ਹਾਂ। ਪਹਿਲੀ ਵਾਰੀ ਜਦੋਂ ਲਾਲਾ ਲਾਜਪਤ ਰਾਇ ਨੂੰ ਡਾਂਗਾ ਪਈਆਂ ਸਨ, ਮੈਂ ਉਸ ਵੇਲੇ ਉਥੇ ਮੌਜੂਦ ਸਾਂ, ਮੈਨੂੰ ਯਾਦ ਏ ਜਦੋਂ ਪੁਲਸੀਆਂ ਨੇ ਉਸ ਬੁੱਢੇ ਸ਼ੇਰ ਨੂੰ ਡਾਂਗਾ - - - - । ਬੋਲਦਿਆਂ ਪੁਸ਼ਪਾ ਦਾ ਗਲਾ ਭਰ ਗਿਆ, ਤੇ ਅਖਾਂ ਵੀ।[27]

'ਖ਼ੂਨ ਦੇ ਸੋਹਲੇ' ਅਤੇ 'ਅੱਗ ਦੀ ਖੇਡ' ਨਾਵਲਾਂ ਵਿਚ 1947 ਦੇ ਬਟਵਾਰੇ ਦੇ ਖ਼ੂਨ ਖਰਾਬੇ ਅਤੇ ਕਾਂਗਰਸੀ ਰਾਜ ਨੂੰ ਮੁੱਖ ਰਖ ਕੇ ਨਾਨਕ ਸਿੰਘ ਲਿਖਦਾ ਹੈ:

> ਕਾਂਗਰਸ ਦੀ ਕਮਾਨ ਹੇਠ ਰਹਿ ਕੇ ਪੌਣੀ ਸਦੀ ਤਕ ਦੇਸ਼-ਮਤਵਾਲਿਆਂ ਨੇ ਆਜ਼ਾਦੀ ਦੀ ਯਗ-ਵੇਦੀ ਉਤੇ ਬੇਓੜਕ ਆਹੂਤੀਆਂ ਦਿੱਤੀਆਂ ਤੇ ਅਖ਼ੀਰ ਫਿਰੰਗੀ ਅੰਗਰੇਜ਼ ਵਰਗੇ ਜਾਬਰ ਤੇ ਮੱਕਾਰ ਹਾਕਮ ਨੂੰ ਇਸ ਸ਼ਾਂਤਮਈ ਜੰਗ ਸ਼ਿਕੱਸਤ ਖਾਣੀ ਪਈ।[28]

ਨਾਵਲ 'ਮੰਝਧਾਰ' 'ਸੰਗਮ', 'ਕੋਈ ਹਰਿਆ ਬੂਟ ਰਹਿਓ ਰੀ' ਆਦਿ ਵਿਚ ਭ੍ਰਿਸ਼ਟਾਚਾਰੀ, ਚੋਰ ਬਾਜ਼ਾਰੀ, ਕਾਂਗਰਸੀ ਲੀਡਰਾਂ ਵਲੋਂ ਹੋਈਆਂ ਵਧੀਕੀਆਂ ਨੂੰ ਮੁੱਖ ਰੱਖਿਆ ਹੈ। 'ਕਟੀ ਹੋਈ ਪਤੰਗ' ਵਿਚ ਕਾਂਗਰਸੀ ਰਾਜ ਵਲੋਂ ਹੋਈ ਮਾਰ ਧਾੜ ਉਤੇ ਵਿਅੰਗ ਕਰਦਾ ਨਾਨਕ ਸਿੰਘ ਲਿਖਦਾ ਹੈ:

> --- ਪਹਿਲਾਂ ਅੰਗਰੇਜ਼ ਦਾ ਰਾਜ ਸੀ, ਉਹ ਲੋਕ ਤਾਂ ਸਾਡੇ ਦੇਸ਼ ਨੂੰ ਆਪ ਹੀ ਲੁੱਟਣ ਖੋਹਣ ਲਈ ਸਨ, ਲੁਟਦੇ ਰਹੇ ਪਰ ਹੁਣ ਜਦੋਂਕਿ ਸਾਡੇ ਆਪਣੇ ਹੀ ਲੋਕਾਂ ਦੇ ਹੱਥਾਂ ਵਿਚ ਰਾਜ ਦੀ ਬਾਗਡੋਰ ਹੈ ਤਾਂ ਲੁੱਟ ਮਾਰ ਵਿਚ ਕਮੀ ਹੋਣ ਦੀ ਥਾਂ ਸਗੋਂ ਵਾਧਾ ਹੋ ਗਿਆ।
> --- ਕੀ ਦੇਸ਼ ਪਿਤਾ ਗਾਂਧੀ ਦੇ ਇਹੋ ਸਿਧਾਂਤ ਸਨ।[29]

'ਪੁਜਾਰੀ' ਨਾਵਲ ਵਿਚ ਕਾਂਗਰਸੀਆਂ ਦੀਆਂ ਹੇਰਾ ਫੇਰੀਆਂ ਤੋਂ ਪੜ੍ਹਦਾ ਚੁੱਕਿਆ ਹੈ। ਨਾਨਕ ਸਿੰਘ ਨੇ ਸਮਾਜ ਦੀਆਂ ਭੈੜਾਂ ਨੂੰ, ਕੋਹਜਾਂ ਨੂੰ ਲੈ ਕੇ ਨਾਵਲ ਲਿਖੇ। ਉਸਨੇ ਰਾਜਸੀ ਦੇਸ਼ ਭਗਤੀ ਨੂੰ ਆਪਣੇ ਨਾਵਲ ਕਲਾ ਦਾ ਗੰਭੀਰ ਵਿਸ਼ਾ ਨਹੀਂ ਬਣਾਇਆ। ਉਸ ਦੇਸ਼ ਭਗਤੀ ਦੇ ਦੂਸਰੇ ਰਾਹ 'ਸਮਾਜ ਸੁਧਾਰ' ਨੂੰ ਅਪਣਾਇਆ। ਨਾਨਕ ਸਿੰਘ ਨਾਵਲਾਂ ਰਾਹੀਂ ਉਸ ਕਾਂਗਰਸ ਲਹਿਰ ਨੂੰ ਦੇਸ਼ ਦੀ ਆਜ਼ਾਦੀ ਦੀ ਲਹਿਰ ਤੇ ਕਾਂਗਰਸ ਦੇ ਸਿਧਾਂਤ ਨੂੰ ਦੇਸ਼ ਭਗਤੀ ਦਾ ਸਿਧਾਂਤ ਮੰਨਦਾ ਹੈ।[30]

ਗਦਰ ਲਹਿਰ : ਇਸ ਲਹਿਰ ਨੇ ਪੰਜਾਬੀ ਨਾਵਲ ਨੂੰ ਕਾਫੀ ਪ੍ਰਭਾਵਿਤ ਕੀਤਾ। ਇਸਦਾ ਮੁੱਢ ਭਾਵੇਂ ਵਿਦੇਸ਼ੀ ਸਰਕਾਰ ਵਲੋਂ ਸਤਾਏ ਹਿੰਦੀਆਂ ਵਲੋਂ ਕੈਨੇਡਾ-ਅਮਰੀਕਾ ਵਿਚ ਬੱਝਾ ਪਰ ਬਾਅਦ ਵਿਚ ਇਹ ਲਹਿਰ ਅੱਗ ਦੀ ਤਰ੍ਹਾਂ ਹਿੰਦੁਸਤਾਨ ਵਿਚ ਵੀ ਫੈਲ ਗਈ ਅਤੇ ਘਟਨਾ ਸਥਲ ਭਾਰਤ ਹੀ ਬਣਿਆ ਰਿਹਾ। ਇਸ ਲਹਿਰ ਦਾ ਪ੍ਰਭਾਵ ਨਾਨਕ ਸਿੰਘ ਦੇ ਨਾਵਲ 'ਇਕ ਮਿਆਨ ਦੋ ਤਲਵਾਰਾਂ' ਵਿਚ ਨਿਰੋਲ ਮਿਲਦਾ ਹੈ। ਇਸ ਨਾਵਲ ਵਿਚ 1914 - 15 ਵਿਚ ਚਲੀ ਗੱਦਰ ਲਹਿਰ ਦੀਆਂ ਕੁੱਝ ਘਟਨਾਵਾਂ ਅਤੇ ਪਾਤਰ ਤਾਰੀਖੀ ਹਨ ਅਤੇ ਕੁੱਝ ਕਾਲਪਨਿਕ। 'ਇਕ ਮਿਆਨ ਦੋ ਤਲਵਾਰਾਂ' ਨਾਵਲ ਇਕ ਇਤਿਹਾਸਕ ਨਾਵਲ ਹੈ ਜਿਸ ਵਿੱਚ ਇਕ ਵਿਸ਼ੇਸ਼ ਸਮੇਂ ਅਤੇ ਵਿਸ਼ੇਸ਼ ਲਹਿਰ ਦਾ ਇਤਿਹਾਸ ਹੈ।"[31]

ਇਸ ਗਦਰ ਲਹਿਰ ਦਾ ਪ੍ਰਭਾਵ ਨਾਨਕ ਸਿੰਘ ਕੇਵਲ ਓਪਰੇ ਜਿਹੇ ਢੰਗ ਨਾਲ ਸਵੀਕਾਰ ਕਰਦਾ ਹੈ। ਇਸਦਾ ਕਾਰਣ ਇਹ ਹੈ ਕਿ ਲੇਖਕ ਇਸ ਲਹਿਰ ਦੀ ਤੋੜ-ਫੋੜ ਤੇ ਖੂਨ-ਖਰਾਬੇ ਨਾਲ ਸਹਿਮਤ ਨਹੀਂ। ਫਿਰ ਵੀ ਉਸਨੇ ਗਦਰ ਲਹਿਰ ਦੇ ਉਨ੍ਹਾਂ ਸ਼ਹੀਦਾਂ ਨੂੰ ਸਰਧਾਂਜਲੀ ਭੇਂਟ ਕਰਨਾ ਆਪਣਾ ਫਰਜ਼ ਸਮਝਿਆ ਹੈ। "ਕਈ ਚਿਰਤੋਂ ਮੇਰੇ ਦਿਲ ਅੰਦਰ ਇਕ ਤਾਹਿਨਾ ਸੀ ਕਿ ਇਕ ਵਾਰੀ ਮੈਂ ਉਨ੍ਹਾਂ ਕਫਨਦੋਜ਼ਾਂ ਦੀ ਕਹਾਣੀ ਰਾਹੀਂ ਆਪਣੇ ਦੇਸ਼ਵਾਸੀਆਂ ਨੂੰ ਇਕ ਕੌੜਾ ਜਿਹਾ ਤਅਨਾ ਤਾਂ ਦਿਆਂ ਇਹ ਆਖ ਕੇ ਕਿ ਨਾ ਕੋਈ ਸਮਾਰੋਹ ਨਾਲ ਉਨ੍ਹਾਂ ਦੀਆਂ ਬਰਸੀਆਂ ਮਨਾਵੇ, ਬੇਸ਼ਕ ਕੋਈ ਨਾ ਕੋਈ ਉਨ੍ਹਾਂ ਸ਼ਹੀਦੀ ਦਿਨਾਂ ਉਤੇ ਸਰਧਾਂਜਲੀਆਂ ਭੇਂਟ ਕਰੇ, ਪਰ ਕਦੇ ਕਦਾਈਂ ਉਨ੍ਹਾਂ ਨੂੰ ਯਾਦ ਕਰਕੇ ਇਕ ਅੱਧਾ ਹੌਕਾ ਤਾਂ ਭਰਿਆ ਜਾਵੇ।"[32] ਇਸ ਲਈ ਇਹ ਠੀਕ ਹੀ ਕਿਹਾ ਗਿਆ ਹੈ ਕਿ ਕ੍ਰਾਂਤੀਕਾਰੀਆਂ ਨਾਲ ਸੰਬੰਧਤ ਇਤਿਹਾਸ ਨੂੰ ਸਿਰਫ ਹਮਦਰਦੀ ਮਾਤਰ ਵਿਖਾਉਣ ਲਈ ਹੀ ਨਾਵਲਕਾਰ ਨੇ ਹੱਥ ਵਿਚ ਤਾਂ ਲਿਆ ਹੈ ਪਰ ਉਹ ਇਸ ਨਾਲ ਨਿਆਂ ਨਹੀਂ ਕਰ ਸਕਿਆ।[33] ਇਸਦਾ ਕਾਰਣ ਇਹੀ ਹੈ ਕਿ ਲੇਖਕ ਨੇ ਗਦਰ ਲਹਿਰ ਨਾਲੋਂ ਵੱਧ ਗਾਂਧੀਵਾਦੀ/ਅਹਿੰਸਕ ਲਹਿਰ ਦਾ ਪ੍ਰਭਾਵ ਕਬੂਲਿਆ।

ਜਿਵੇਂ ਕਿ ਉਪਰ ਦਸਿਆ ਜਾ ਚੁੱਕਾ ਹੈ ਕਿ ਗਦਰ ਲਹਿਰ ਦਾ ਆਦਰਸ਼ ਭਾਰਤ ਆਜ਼ਾਦ ਕਰਾਉਣਾ ਸੀ। ਇਸ ਸੰਸਥਾ ਦੇ ਦਰਵਾਜ਼ੇ ਹਰ ਜਾਤੀ ਦੇ ਲੋਕਾਂ ਲਈ ਖੁੱਲ੍ਹੇ ਸਨ। ਨਸਲ ਰੰਗ ਦੀ ਕੋਈ ਰੋਕ ਟੋਕ ਨਹੀਂ ਸੀ। ਆਜ਼ਾਦੀ ਦਾ ਨਾਅਰਾ ਲਾਉਣ ਵਾਲਾ ਹਰ ਜੱਥਾ ਸਤਿਕਾਰਿਆ ਜਾਂਦਾ ਸੀ। ਸੋਹਣ ਸਿੰਘ ਸੀਤਲ ਵੀ ਇਸ ਲਹਿਰ ਦੇ ਪ੍ਰਭਾਵ ਤੋਂ ਅਭਿੱਜ ਨਾ ਰਹਿ ਸਕਿਆ। ਨਾਵਲ 'ਤੂਤਾਂ ਵਾਲਾ ਖੂਹ' ਵਿਚ ਜਿੱਥੇ ਬਾਬਾ ਅਕਾਲੀ, ਅਕਾਲੀ ਲਹਿਰ ਦੀ ਵਾਰਤਾ ਸੁਣਾਉਂਦਾ ਹੈ, ਉਥੇ ਉਹ ਗਦਰ ਲਹਿਰ ਬਾਰੇ ਵੀ ਪੂਰੀ ਜਾਣਕਾਰੀ ਰਖਦਾ ਹੈ। ਬਾਬਾ ਅਕਾਲੀ 1916-17 ਦੀ ਗਦਰ ਲਹਿਰ ਦਾ ਪੁਰਾਣਾ ਯੋਧਾ ਹੈ। ਗਦਰ ਲਹਿਰ ਵਿਚ ਉਚੇ-ਨੀਵੇਂ ਧਰਮਾਂ ਦੇ ਬੰਦਿਆਂ ਨੂੰ ਬਰਾਬਰੀ ਦਾ ਦਰਜਾ ਮਿਲਦਾ ਸੀ। ਇਸ ਗਲ ਦੀ ਗਵਾਹੀ ਬਾਬਾ ਅਕਾਲੀ ਦੇ ਇਹ ਸ਼ਬਦ ਕਰਦੇ ਹਨ:

> ਗਦਰ ਲਹਿਰ, ਵਿਚ, ਅਸੀਂ ਕੋਈ ਕਿਤੋਂ ਦਾ ਸੀ ਕੋਈ ਕਿਤੋਂ ਦਾ। ਅਸੀਂ ਸਾਰੇ ਇਕੱਠੇ ਖਾਂਦੇ ਪੀਂਦੇ ਸਾਂ। ਸਾਡੇ ਵਿਚ ਹਿੰਦੂ, ਸਿੱਖ, ਮੁਸਲਮਾਨ ਦਾ ਕੋਈ ਵਿਤਕਰਾ ਨਹੀਂ ਸੀ, ਫਿਰ ਜਲ੍ਹਿਆਂ ਵਾਲੇ ਬਾਗ ਵਿਚ ਹਿੰਦੂਆਂ, ਸਿੱਖਾਂ, ਮੁਸਲਮਾਨਾਂ, ਈਸਾਈਆਂ ਸਭ ਦਾ ਕੱਠਾ ਲਹੂ ਡੁੱਲ੍ਹਾ ਸੀ।[34]

ਇਸ ਤਰ੍ਹਾਂ ਸੀਤਲ ਨੇ ਬਾਬਾ ਅਕਾਲੀ ਪਾਤਰ ਰਾਹੀ ਗਦਰ ਲਹਿਰ, ਅਕਾਲੀ ਲਹਿਰ, ਮਾਰਸ਼ਲ ਲਾਅ ਦੀ ਜਾਣਕਾਰੀ ਕਰਵਾਈ ਹੈ।

ਅਕਾਲੀ ਲਹਿਰ : ਇਹ ਲਹਿਰ 1920 ਤੋਂ ਲੈ ਕੇ 1925 ਈ. ਤਕ ਪੂਰੇ ਜ਼ੋਰ ਨਾਲ ਚਲੀ। ਇਸ ਲਹਿਰ ਦਾ ਮੰਤਵ ਵੀਹਵੀਂ ਸਦੀ ਵਿਚ ਸਿੱਖ ਪੰਥ ਵਿਚ ਧਾਰਮਿਕ, ਰਾਜਨੀਤਕ ਜਾਗ੍ਰਤੀ ਲਿਆਉਣਾ ਸੀ। ਗੁਰਦੁਆਰਿਆਂ ਦੇ ਸੁਧਾਰ ਲਈ ਕੁਰਬਾਨੀ ਦਾ ਜਜ਼ਬਾ ਪੈਦਾ ਕਰਨ ਵਾਲੀ ਸਿੱਖਾਂ ਵਿਚਕਾਰ ਚਲੀ ਇਕ ਸ਼ਾਨਦਾਰ ਲਹਿਰ ਸੀ। ਅੰਗਰੇਜ਼ਾਂ ਦੇ ਆਉਣ ਨਾਲ ਜਿੱਥੇ ਸਮਾਜਿਕ, ਆਰਥਿਕ, ਰਾਜਨੀਤਕ ਅਵਸਥਾ ਵਿਚ ਤਬਦੀਲੀ ਆਈ ਉਥੇ ਧਾਰਮਿਕ ਅਸਥਾਨ ਵੀ ਇਨ੍ਹਾਂ ਦੀ ਮੰਦੀ ਨਜ਼ਰ

ਤੋਂ ਬੱਚ ਨਾ ਸਕੇ। ਮਹੰਤ ਜਾਂ ਗੁਰਦੁਆਰੇ ਦੇ ਭਾਈ ਆਪਣੇ ਆਪ ਨੂੰ ਮਾਲਕ ਸਮਝਣ ਲਗ ਪਏ ਅਤੇ ਧਾਰਮਿਕ ਅਸਥਾਨਾਂ ਦੀ ਆਮਦਨ ਨੂੰ ਆਪਣੇ ਨਿਜੀ ਕੰਮਾਂ ਤੇ ਖਰਚ ਕਰਨਾ ਸ਼ੁਰੂ ਕਰ ਦਿੱਤਾ। ਇਹੀ ਮਹੰਤ ਭੋਲੀ ਭਾਲੀ ਜਨਤਾ ਨੂੰ ਆਪਣੇ ਜਾਲ ਵਿਚ ਫਸਾਉਣ ਲਗੇ ਅਤੇ ਬਦਚਲਣ ਹੁੰਦੇ ਗਏ। ਪੰਜਾਬ ਦੇ ਸਮਾਜ ਦੀਆਂ ਵਿਆਪਕ ਸਮੱਸਿਆਵਾਂ ਵਲ ਜ਼ਿਆਦਾ ਰੁਚੀ ਰਖਣ ਕਾਰਣ ਨਾਨਕ ਸਿੰਘ ਨੇ ਇਸ ਸੰਕੁਚਿਤ ਖੇਤਰ ਦੀ ਲਹਿਰ ਵਲ ਵਿਸ਼ੇਸ਼ ਧਿਆਨ ਨਹੀਂ ਦਿੱਤਾ, ਕੇਵਲ 'ਚਿੱਟਾ ਲਹੂ' ਅਤੇ 'ਅੱਧ ਖਿੜਿਆ ਫੁੱਲ' ਨਾਵਲ ਵਿਚ ਇਸਦਾ ਸੰਕੇਤ ਮਾਤਰ ਕੀਤਾ ਗਿਆ ਹੈ।

ਸੋਹਣ ਸਿੰਘ ਸੀਤਲ ਨੇ ਇਸਦਾ ਜ਼ਿਕਰ ਆਪਣੇ ਨਾਵਲ 'ਤੂਤਾਂ ਵਾਲਾ ਖੂਹ' ਵਿਚ ਚੰਗੀ ਤਰ੍ਹਾਂ ਕੀਤਾ ਹੈ ਕਿ ਗੁਰਦੁਆਰੇ ਦੇ ਭਾਈਆਂ ਅਤੇ ਪੁਜਾਰੀਆਂ ਦਾ ਚਰਿੱਤਰ ਇੰਨਾ ਗਿਰ ਗਿਆ ਹੈ ਕਿ ਉਹ ਆਪਣੇ ਫਰਜ਼ਾਂ ਨੂੰ ਧਿਆਨ ਵਿਚ ਨਾ ਰਖਦੇ ਹੋਏ ਜਨਤਾ ਨਾਲ ਕਈ ਬਦਸਲੂਕੀਆਂ ਕਰਦੇ ਹਨ। ਇਸ ਗਲ ਦਾ ਸਬੂਤ ਬਾਬਾ ਅਕਾਲੀ ਦੇ ਇਨ੍ਹਾਂ ਸ਼ਬਦਾਂ ਰਾਹੀਂ ਮਿਲਦਾ ਹੈ:

> ਤਰਨ ਤਾਰਨ ਦੇ ਪੁਜਾਰੀਆਂ ਨੂੰ ਸਰਕਾਰ ਦੀ ਪੂਰੀ ਸ਼ਹਿ ਸੀ ਉਹ ਕੁੱਝ ਦਿਨ ਪਹਿਲਾਂ ਲਾਹੌਰ ਦੇ ਅੰਗਰੇਜ਼ ਕਮਿਸ਼ਨਰ ਮਿਸਟਰ ਕਿੰਗ ਨੂੰ ਮਿਲੇ ਸਨ। ਕਿੰਗ ਨੇ ਪੁਜਾਰੀਆਂ ਨੂੰ ਅਕਾਲੀਆਂ ਦੇ ਵਿਰੁੱਧ ਭੜਕਾਇਆ ਅਤੇ ਵਾਅਦਾ ਕੀਤਾ ਕਿ ਲੋੜ ਪਉ ਤਾਂ ਸਰਕਾਰ ਤੁਹਾਡੀ ਮਦਦ ਕਰੇਗੀ।[35]

ਇਸੇ ਤਰ੍ਹਾਂ ਬਾਬਾ ਅਕਾਲੀ ਨੇ ਧਾਰਮਿਕ ਆਗੂਆਂ ਦਾ ਚਰਿੱਤਰ ਨੰਗਿਆਂ ਕਰਦਿਆਂ ਦਸਿਆ ਹੈ ਕਿ, 'ਗਦਰ ਪਾਰਟੀ ਦੇ ਸ਼ਹੀਦਾਂ ਨੂੰ ਅੰਮ੍ਰਿਤਸਰ ਦੇ ਪੁਜਾਰੀਆਂ ਨੇ ਪਤਿਤ ਹੋਣ ਦਾ ਫਤਵਾ ਦਿੱਤਾ। ਬਾਬਾ ਗੁਰਦਿੱਤ ਸਿੰਘ ਤੇ ਕਾਮਾਗਾਟਾ ਮਾਰੂ ਜਹਾਜ਼ ਦੇ ਲੋਕਾਂ ਦੀ ਵੀ ਪੁਜਾਰੀਆਂ ਨੇ ਨਿਖੇਧੀ ਕੀਤੀ, ਤੇ ਸਭ ਤੋਂ ਬੁਰੀ ਕਰਤੂਤ, ਦਰਬਾਰ ਸਾਹਿਬ ਦੇ ਸਰਬਰਾਹ ਅਤੇ ਪੁਜਾਰੀਆਂ ਨੇ ਜਲ੍ਹਿਆਂ ਵਾਲੇ ਬਾਗ਼ ਵਿਚ ਗੋਲੀ ਚਲਾਉਣ ਵਾਲੇ ਜਨਰਲ ਡਾਇਰ ਨੂੰ ਦਰਬਾਰ ਸਾਹਿਬ ਬੁਲਾ ਕੇ ਸਿਰੋਪਾਓ

ਦਿੱਤਾ।[36] ਬਾਬਾ ਅਕਾਲੀ (ਕਰਮ ਸਿੰਘ) ਸਭ ਧਰਮਾਂ ਨੂੰ ਇਕ ਸਮਾਨ ਸਮਝਦਾ ਹੈ। ਸੀਤਲ ਬਾਬੇ ਦੀ ਸ਼ਖਸੀਅਤ ਇਨ੍ਹਾਂ ਸ਼ਬਦਾਂ ਰਾਹੀ ਪ੍ਰਗਟ ਕਰਦਾ ਹੈ ਕਿ, "ਬੁੱਢੇ ਦੇਸ਼ ਭਗਤ ਕਰਮ ਸਿੰਘ ਨੂੰ ਸਾਰੇ 'ਬਾਬਾ ਅਕਾਲੀ' ਆਖ ਕੇ ਬੁਲਾਉਂਦੇ ਸਨ — ਅੰਗ੍ਰੇਜ ਸਾਮਰਾਜ ਵਿਰੁਧ ਚਲਦੀਆਂ ਲਹਿਰਾਂ ਵਿਚ ਉਹ ਕਈ ਵਾਰ ਜੇਹਲ ਜਾ ਚੁਕਾ ਸੀ। ਫਿਰ ਉਹ ਸਾਰਿਆਂ ਦਾ ਸਾਝਾ ਤੇ ਸੁੱਚਾ ਆਦਮੀ ਸੀ।[37] ਬਾਬੇ ਦੀ ਦਿਲੀ ਤਮੰਨਾ ਦੇਸ਼ ਨੂੰ ਆਜ਼ਾਦ ਵੇਖਣਾ ਸੀ, ਮੈਂਉਨ੍ਹਾਂ ਚਿਰ ਬੈਂਤ ਖਾਂਦਾ ਰਹਾਂਗਾ ਜਿੰਨਾ ਚਿਰ ਅੰਗਰੇਜ਼ ਇਥੋਂ ਨਿਕਲ ਨਹੀਂ ਜਾਂਦੇ।[38] ਬਾਬਾ ਅਕਾਲੀ ਸਮੇਤ ਤਰੀਕਾਂ ਅਕਾਲੀ ਲਹਿਰ, ਗੁਰੂ ਕੇ ਬਾਗ, ਜੈਤੋਂ ਮੋਰਚਿਆਂ ਦਾ ਜ਼ਬਾਨੀ ਇਤਿਹਾਸ ਸੁਣਾਉਂਦਾ ਹੈ। ਬਾਬਾ ਅਕਾਲੀ ਕਹਿੰਦਾ ਹੈ ਕਿ "ਅਸਲ ਵਿਚ ਇਸ ਲਹਿਰ ਦਾਮੁੱਢ ਤਾਂ ਬੱਝਾ ਸੀ ਗੁਰਦੁਆਰਾ ਰਕਾਬਗੰਜ ਸਾਹਿਬ ਦੀ ਕੰਧ ਢਾਹੁਣ ਤੋਂ - - - ਤੇ ਅੰਤ ਸਰਕਾਰ ਨੇਪੂਰੀ ਤਰ੍ਹਾਂ ਦਖਲ ਹੋ ਕੇ ਇਸ ਲਹਿਰ ਵਿਚ ਪੂਰੀ ਤਰ੍ਹਾਂ ਹਾਰ ਮੰਨੀ, ਮੋਰਚੇ ਤਾਂ ਕਈ ਗੁਰਦੁਆਰਿਆਂ ਵਿਚ ਲੱਗੇ ਪਰ ਸਭ ਤੋਂ ਸ਼ਾਨਦਾਰ ਗੁਰੂ ਕੇ ਬਾਗ ਦਾ ਤੇ ਜੈਤੋਂ ਦਾ ਮੋਰਚਾ ਸੀ।[39] ਇਸ ਨਾਵਲ ਵਿਚ ਰਲੀਆਂ ਮਿਲੀਆਂ ਲਹਿਰਾਂ ਦਾਇਤਿਹਾਸ ਜਾਪਦਾ ਹੈ।ਇਨ੍ਹਾਂ ਲਹਿਰਾਂ ਵਿਚ ਲੋੜ ਅਨੁਸਾਰ ਪੈਦਾ ਹੋਣ ਵਾਲੇ ਰਾਸ਼ਟਰੀ ਕਿਰਦਾਰ ਪ੍ਰਤੀ ਲੇਖਕ ਇਤਨਾ ਚੇਤੰਨ ਹੈ ਕਿ ਉਹ ਆਪਣੇ ਉਪਨਿਆਸ ਵਿਚ ਕੋਈ ਅਜਿਹਾ ਮੌਕਾ ਖੁੰਝਣ ਨਹੀਂ ਦਿੰਦਾ ਜਿਥੇ ਇਨ੍ਹਾਂ ਲਹਿਰਾਂ ਦਾ ਇਸ ਅੰਗ ਦਾ ਚੇਤੰਨ ਭਾਂਤ ਦਾ ਵਰਣਨ ਨਾ ਕਰੇ।'[40]

<u>ਸਮਾਜਵਾਦੀ ਲਹਿਰ :</u> ਨਾਨਕ ਸਿੰਘ ਸਮੁੱਚੇ ਤੌਰ ਤੇ ਆਦਰਸ਼ਵਾਦੀ ਸੁਧਾਰ ਵਾਲੇ ਦ੍ਰਿਸ਼ਟੀਕੋਣ ਵਾਲਾ ਨਾਵਲਕਾਰ, ਪਰ ਨਵੀਂ ਅਗਾਂਹਵਧੂ ਲਹਿਰ ਤੋਂ ਨਾਨਕ ਸਿੰਘ ਵੀ ਪ੍ਰਭਾਵਿਤ ਹੋਇਆ। ਅੱਜ ਨਾਨਕ ਸਿੰਘ ਸਾਮਵਾਦ ਦ੍ਰਿਸ਼ਟੀਕੋਣ ਧਾਰਨ ਕਰ ਚੁੱਕਾ ਹੈ।[41] ਇਸਨੂੰ ਨਿਰੋਲ ਸਾਮਵਾਦੀ ਲੇਖਕ ਤਾਂ ਨਹੀਂ ਕਿਹਾ ਜਾ ਸਕਦਾ, "ਨਾਨਕ ਸਿੰਘ ਕਮਿਊਨਿਸ਼ਟ ਜਾਂ ਸਾਮਵਾਦ ਨੂੰ ਆਪਣੇ ਭਾਵੁਕ ਪਿਆਰ ਦੇ ਅਹਿੰਸਾਵਾਦੀ ਤੇ ਮਜ਼ਬ ਦੀ ਪੁੱਠ ਦੇ ਕੇ ਉਸਨੂੰ ਗਾਂਧੀਵਾਦ ਜਾਂ ਸਰਵੋਦੇ ਦੀ ਤਹਿਰੀਕ

ਵਿਚ ਪਲਟ ਦੇਣਾ ਲੋੜਦਾ ਹੈ।[42] ਉਹ ਮਨੁਖਵਾਦੀ ਹੈ, ਅਹਿੰਸਾਵਾਦੀ ਹੈ, ਉਪਭਾਵੁਕ ਹੈ, ਮਜ਼ਦੂਰਾਂ ਉਤੇ ਸਰਮਾਏਦਾਰਾਂ ਦੇ ਅਤਿਆਚਾਰਾਂ ਦੇ ਸਖਤ ਵਿਰੁਧ ਹੈ ਪਰ ਤਰਸਵਾਨ ਤੇ ਦਿਆਲੂ ਪੂੰਜੀਵਾਦ ਦੇ ਹੱਕ ਵਿਚ ਹੈ। ਨਾਨਕ ਸਿੰਘ ਸਮਾਜ-ਸੁਧਾਰ ਦੇ ਅਣਗਿਣਤ ਵਿਸ਼ਿਆਂ ਤੋਂ ਬਾਅਦ ਰੋਮਾਂਚਿਕ ਤੇ ਆਦਰਸ਼ਵਾਦੀ ਵਿਸ਼ੇ ਚੁਣਦਾ ਰਿਹਾ ਤੇ ਰਾਜਸੀ ਤੇ ਆਰਥਿਕ ਲੋੜਾਂ ਅਨੁਸਾਰ ਸਮਾਜ-ਵਾਦੀ ਹੋ ਨਿਬੜਿਆ।[43]

'ਗਰੀਬ ਦੀ ਦੁਨੀਆਂ' ਨਾਵਲ ਮਿਲ ਮਾਲਕਾਂ, ਕਾਰਖ਼ਾਨੇਦਾਰਾਂ (ਸਰਮਾਏਦਾਰਾਂ) ਹਥੋਂ ਨਪੀੜੇ ਗਰੀਬ ਦੀ ਵਾਰਤਾ ਹੈ। ਸ਼ੰਕਰ ਨੂੰ ਸੱਚ ਲਈ ਆਵਾਜ਼ ਉਠਾਉਣ ਖਾਤਰ ਆਪਣੀ ਫੁੱਲ ਵਰਗੀ ਧੀ ਮਾਲਤੀ ਨੂੰ ਨਿਆਸਰੀ ਛੱਡ ਜੇਲ੍ਹ ਜਾਣਾ ਪੈਂਦਾ ਹੈ। ਇੰਦਰਜੀਤ ਸਿੰਘ ਚਕਰਵਰਤੀ ਇਸ ਨਾਵਲ ਬਾਰੇ ਲਿਖਦਾ ਹੈ ਕਿ, "ਇਸ ਪੁਸਤਕ ਦੀ ਸਾਰੀ ਕਹਾਣੀ ਸਰਮਾਏਦਾਰਾਂ ਦੇ ਜ਼ੁਲਮ ਤੇ ਕਿਰਤੀਆਂ ਦੀ ਦੁੱਖਾਂ ਭਰੀ ਜ਼ਿੰਦਗੀ ਦੀ ਮੂੰਹ ਬੋਲਦੀ ਤਸਵੀਰ ਹੈ।[44]

'ਆਦਮਖੋਰ' ਨਾਵਲ ਵਿਚ ਆਰਥਿਕ ਨਾ-ਬਰਾਬਰੀ ਤੋਂ ਹੀ ਸਾਰੀ ਗੜਬੜ ਸ਼ੁਰੂ ਹੁੰਦੀ ਹੈ।[45] ਇਸਦੇ ਨਾਲ ਹੀ ਕਾਂਗਰਸ ਸਰਕਾਰ ਦੁਆਰਾ ਸਰਮਾਏਦਾਰਾਂ ਦੇ ਘਰ ਭਰਨ ਦੀ ਦਲੀਲ ਵੀ ਜ਼ੋਰ ਸ਼ੋਰ ਨਾਲ ਪੇਸ਼ ਕਰਵਾਈ ਗਈ ਹੈ, ਅਤੇ ਸਾਂਝੀਵਾਲਤਾ ਦੇ ਅਸੂਲ ਨੂੰ ਵੀ ਸਵੀਕਾਰ ਕੀਤਾ ਗਿਆ ਹੈ।[46] ਵਾਸਤਵ ਵਿਚ ਲੇਖਕ ਇਥੈ ਵੀ ਅਹਿੰਸਾਵਾਦੀ ਹਿਰਦੇ ਪਰਿਵਰਤਨ ਦੇ ਸਿਧਾਂਤ ਨੂੰ ਨਹੀਂ ਛੱਡ ਸਕਿਆ। ਇਥੇ ਵੀ ਅੰਤ ਵਿਚ ਸਰਮਾਏਦਾਰਾਂ ਨੂੰ ਮਾਫ ਕਰ ਦਿੱਤਾ ਗਿਆ ਹੈ। 'ਕਟੀ ਹੋਈ ਪਤੰਗ' ਨਾਵਲ ਵਿਚ ਸੁਖਬੀਰ ਪਾਤਰ ਰਾਹੀਂ ਸਮਾਜਵਾਦੀ ਲਹਿਰ ਨੂੰ ਮੁੱਖ ਕਥਾ ਉਤੇ ਸੌਂਪਣ ਦਾ ਯਤਨ ਹੋਇਆ ਹੈ। ਸੁਖਬੀਰ ਨਾਨਕ ਸਿੰਘ ਦਾ ਕਠਪੁਤਲੀ ਪਾਤਰ ਹੈ ਜੋ ਸਮਾਜਵਾਦੀ ਸਿਧਾਂਤਾਂ ਉਤੇ ਭਾਸ਼ਣ ਦਿੰਦਾ ਵੇਖਿਆ ਜਾ ਸਕਦਾ ਹੈ - - - 'ਅਸਲੀਅਤ ਇਹ ਹੈ ਕਿ ਜਦੋਂ ਤਕ ਸਾਡੇ ਦੇਸ਼ ਦੇ ਸੱਤਰ ਫ਼ੀ ਸਦੀ ਆਦਮੀਆਂ ਦੇ ਭੁੱਖੇ ਪੇਟ ਨਹੀਂ ਭਰਦੇ ਅੇਤ ਨੰਗੇ ਤਨ ਨਹੀਂ ਕੱਜੇ ਜਾਂਦੇ, ਤਦ ਤਕ ਸਾਡੇ ਲੋਕਾਂ ਦੀਆਂ ਇਹ ਫੈਲ ਚੁਕੀਆਂ ਸਾਹਾਨਾ ਠਾਠ-ਬਾਠ

ਅਤੇ ਹੁਨਰ ਤਹਿਜ਼ੀਬ ਦਾ ਵਿਖਾਵਾ ਕੇਵਲ ਬੇਮਤਲਬ ਹੀ ਨਹੀਂ ਬਲਕਿ ਤਾਕਾਜ਼ਨੀ ਹੈ —— ਇਨਸਾਨ ਹੀ ਤਕਤਲਟੀ ਹੈ।[47] ਬ੍ਰਿਜਮੋਹਨ ਜਿਹਾ ਖਲਪਾਤਰ ਵੀ ਅੰਤ ਵਿਚ ਕਮਿਊਨਿਸ਼ਟ ਬਣ ਜਾਂਦਾ ਹੈ।

ਵਾਸਤਵ ਵਿਚ ਸਮਾਜਵਾਦੀ ਲਹਿਰ ਦਾ ਪ੍ਰਭਾਵ ਉਸਦੇ ਸਥਾਈ ਪ੍ਰਭਾਵਾਂ ਦੇ ਵਿਰੁੱਧ ਜਾਂਦਾ ਹੈ। 'ਨਾਸੂਰ' ਨਾਵਲ ਦਾ ਅੰਤ ਜ਼ਰੂਰ ਕੁੱਝ ਅਜਿਹੇ ਢੰਗ ਨਾਲ ਕੀਤਾ ਗਿਆ ਹੈ ਜਿਵੇਂ ਲੇਖਕ ਸਮਾਜਵਾਦੀ ਸਿਧਾਂਤਾਂ ਦੇ ਨਾਲ ਬਦੋ-ਬਦੀ ਰਾਜੀ ਹੋ ਗਿਆ ਹੋਵੇ। ਉਹ ਹਾਲਾਤ ਨੂੰ ਹੀ ਸਭ ਸਮਾਜਿਕ, ਰਾਜਨੀਤਕ ਸਮੱਸਿਆਵਾਂ ਦਾ ਕਾਰਣ ਮੰਨ ਕੇ ਮੁੱਖ ਪਾਤਰ ਦੁਆਰਾ ਉਨ੍ਹਾਂ ਹਾਲਾਤਾਂ ਨੂੰ ਹੀ ਬਦਲਣ ਦਾ ਸੁਝਾਉ ਦਿੰਦਾ ਹੈ —— "ਪਰ ਉਹ ਸਾਰੇ ਖਟਮਲ, ਜਿਨ੍ਹਾਂ ਉਸਦਾ ਲਹੂ ਚੂਸਿਆ ਸੀ ਉਸਤੋਂ ਅਜੇ ਵੀ ਤੁਰੇ ਫਿਰਦੇ ਨੇ। ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਮਾਰਨਾ ਹੋਵੇਗਾ - - - ਨਹੀਂ ਫਿਜ਼ਾਂ ਬਦਲਣੀ ਹੋਵੇਗੀ — ਤਾਂ ਜੁ ਉਹ ਆਪ ਸਾਹ ਘੁੱਟ ਕੇ ਭੁਖੇ ਤਿਹਾਏ ਰਹਿ ਕੇ ਮਰ ਜਾਣ।[49]

ਇਸੇ ਤਰ੍ਹਾਂ ਹੋਰ ਕਈ ਨਾਵਲ : 'ਸੰਗਮ', 'ਧੁੰਧਲੇ ਪਰਛਾਵੇਂ', ਆਦਿ ਵਿਚ ਇਸ ਲਹਿਰ ਦਾ ਪ੍ਰਭਾਵ ਮਿਲਦਾ ਹ। ਨਾਨਕ ਸਿੰਘ ਨੇ ਸਮੇਂ ਦੀ ਪਰਿਸਥਿਤੀਆਂ ਤੋਂ ਲਹਿਰਾਂ ਤੋਂ ਪ੍ਰਭਾਵਿਤ ਹੋ ਕੇ ਨਾਵਲ ਲਿਖੇ ਪਰ ਆਪਣੀ ਦ੍ਰਿਸ਼ਟੀ ਵਜੋਂ ਆਦਰਸ਼ਵਾਦੀ ਹੀ ਰਿਹਾ। ਉਹ ਸਮਾਜਵਾਦੀ ਯਥਾਰਥਵਾਦ ਨੂੰ ਪੂਰੀ ਤਰ੍ਹਾਂ ਨਿਭਾ ਨਹੀਂ ਸਕਿਆ। ਇਸ ਤਰ੍ਹਾਂ ਪੰਜਾਬ ਦੀਆਂ ਲਹਿਰਾਂ ਦਾ ਨਾਨਕ ਸਿੰਘ ਦੇ ਨਾਵਲਾਂ ਉਤੇ ਸਮੁੱਚਾ ਪ੍ਰਭਾਵ ਦੇਖਣਾ ਹੋਵੇ ਤਾਂ ਇਹੀ ਕਹਿਣਾ ਪੈਂਦਾ ਹੈ ਕਿ ਉਹ ਇਕ ਪੱਖੀ ਜਿਹਾ ਹੈ। ਅਰਥਾਤ ਚੂੰਕਿ ਨਾਨਕ ਸਿੰਘ ਦੀ ਮੁੱਢਲੀ ਰੁਚੀ ਸਮਾਜ ਸੁਧਾਰ ਦੀ ਹੈ, ਜਿਸ ਲਈ ਜਿਨ੍ਹਾਂ ਲਹਿਰਾਂ ਵਿਚ ਸਮਾਜਿਕ ਸੁਰ ਪ੍ਰਧਾਨ ਹੈ, ਉਨ੍ਹਾਂ ਦਾ ਪ੍ਰਭਾਵ ਵੀ ਸਹਿਜੇ ਹੀ ਪ੍ਰਤੱਖ ਹੋ ਜਾਂਦਾ ਹੈ। ਪਰ ਰਾਜਨੀਤਕ ਲਹਿਰਾਂ ਵਿਚ ਜਾਂ ਤਾਂ ਤਾਂ ਲੇਖਕ ਦੀ ਡੂੰਘੀ ਰੁਚੀ ਨਹੀਂ ਅਥਵਾ ਉਨ੍ਹਾਂ ਲਹਿਰਾਂ ਦੇ ਸਿਧਾਂਤਕ ਪੱਖ ਨਾਲ ਹੀ ਉਹ ਸਹਿਮਤ ਨਹੀਂ।

ਇਸ ਲਈ ਉਨ੍ਹਾਂ ਦਾ ਸੰਕੇਤ ਮਾਤਰ ਜਾਂ ਤਾਂ ਪ੍ਰਸੰਗ ਵੱਸ ਹੀ ਹੋ ਗਿਆ ਹੈ ਜਾਂ ਉਨ੍ਹਾਂ ਨਾਲ ਹਮਦਰਦੀ ਵਿਖਾਦੇ ਹੋਏ ਵੀ ਲੇਖਕ ਉਨ੍ਹਾਂ ਪ੍ਰਤੀ ਨਿਆਂ ਨਹੀਂ ਕਰ ਸਕਿਆ। ਬਲਕਿ ਲਹਿਰ ਦੇ ਬਾਰੇ ਵਿਚ ਡੂੰਘੀ ਜਾਣਕਾਰੀ ਨਾ ਹੋਣ ਕਰਕੇ ਕਈ ਵਾਰੀ ਅਨਜਾਣੇ ਵਿਚ ਹੀ ਅਨਿਆਂ ਵੀ ਹੋ ਗਿਆ ਹੈ। ਇਸਦਾ ਮੂਲ ਕਾਰਣ ਇਹੀ ਹੈ ਕਿ ਲੇਖਕ ਸੁਧਾਰਵਾਦੀ ਦ੍ਰਿਸ਼ਟੀ ਤੋਂ ਪ੍ਰੇਰਿਤ ਹੋ ਕੇ ਮਾਨਵਤਾਵਾਦੀ (ਬਹੁਤ ਹੱਦ ਤਕ ਗਾਂਧੀਵਾਦੀ) ਅਸੂਲਾਂ ਨੂੰ ਕਿਧਰੇ ਵੀ ਛੱਡਣ ਲਈ ਤਿਆਰ ਨਹੀਂ।

ਜਿਵੇਂ ਪੰਜਾਬ ਵਿਚ ਗਦਰ, ਅਕਾਲੀ, ਬੱਬਰ ਇਨਕਲਾਬੀ ਲਹਿਰ ਦੇ ਵਿਰਸੇ ਵਜੋਂ ਸੋਵੀਅਤ ਇਨਕਲਾਬ ਦੇ ਪਰਭਾਵ ਹੇਠ ਕਿਰਤੀ ਕਿਸਾਨ ਤਹਿਰੀਕ ਦੀ ਪਿਉਂਦ ਲਗੀ। 1935 ਤਕ ਸਾਮਵਾਦ ਦ੍ਰਿਸ਼ਟੀਕੋਣ ਇਕ ਸਰਬ-ਵਿਆਪੀ ਲਹਿਰ ਦੇ ਰੂਪ ਵਿਚ ਸਿਰ ਚੁਕ ਰਿਹਾ ਸੀ।[49] ਇਸ ਤਰ੍ਹਾਂ ਇਕ ਨਵੀਂ ਲਹਿਰ ਕਿਰਤੀ ਲਹਿਰ ਹੋਂਦ ਵਿਚ ਆਈ। ਇਹ ਉਹ ਸਮਾਂ ਸੀ ਜਦੋਂ ਕਿਰਤੀਆਂ ਦੀ ਹਾਲਤ ਬਹੁਤ ਬੁਰੀ ਸੀ। ਉਨ੍ਹਾਂ ਦੇ ਆਲੇ-ਦੁਆਲੇ ਆਰਥਿਕ ਸੰਕਟ ਨੇ ਘੇਰਾ ਪਾਇਆ ਹੋਇਆ ਸੀ। ਇਸ ਪ੍ਰਗਤੀ ਦੀ ਲਹਿਰ ਨੇ ਨਾਵਲਕਾਰਾਂ ਨੂੰ ਪ੍ਰਭਾਵਿਤ ਕੀਤਾ ਜਿਨ੍ਹਾਂ ਵਿਚੋਂ ਇਕ ਸੋਹਣ ਸਿੰਘ ਸੀਤਲ ਵੀ ਹੈ। ਸੋਹਣ ਸਿੰਘ ਸੀਤਲ ਇਕ ਸਮੁੱਚੇ ਤੌਰ ਤੇ ਯਥਾਰਥਵਾਦੀ ਨਾਵਲਕਾਰ ਹੈ ਉਸਨੂੰ ਬੇਸ਼ਕ ਦਵੰਦਾਤਮਕ ਪਦਾਰਥਵਾਦ ਤੇ ਸਮਾਜਵਾਦੀ ਦੀ ਕੋਈ ਬਹੁਤੀ ਬਨੇਰੀ ਸੂਝ ਨਹੀਂ, ਪਰ ਫਿਰ ਵੀ ਉਹ ਮਨੁੱਖਵਾਦੀ ਪ੍ਰਗਤੀਵਾਦ ਜਿਹੇ ਉਜਵਲ ਤੇ ਸੁਹਣੇ ਦ੍ਰਿਸ਼ਟੀਕੋਣ ਦਾ ਮਾਲਕ ਹੈ। ਉਹ ਮਨੁੱਖ ਹਿਤੂ ਕਲਾਕਾਰ ਹੈ ਜੋ ਮਾਨਵ ਕਲਿਆਣ ਵਿਚ ਯਕੀਨ ਰਖਦਾ ਹੈ। ਉਹ ਜ਼ੁਲਮ ਦਾ ਵੈਰੀ ਹੈ ਅਤੇ ਮਜ਼ਲੂਮ ਦਾ ਰਾਖਾ ਹੈ। ਉਹ ਮਹਾਨ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦਾ ਆਗਿਆਕਾਰੀ ਸਿਪਾਹੀ ਹੈ।[50] ਕਿਸਾਨਾਂ ਉਤੇ ਵੱਡੇ ਜ਼ਿਮੀਦਾਰਾਂ ਦੇ ਅਤਿਆਚਾਰਾਂ ਦੇ ਸਖਤ ਵਿਰੁਧ ਹੈ। ਪਰ ਤਰਸਵਾਨ ਤੇ ਦਿਆਲੂ ਪੂੰਜੀਵਾਦ ਦੇ ਹੱਕ ਵਿਚ ਹੈ। ਨਾਵਲ 'ਜੁੱਗ ਬਦਲ ਗਿਆ' ਸੀਤਲ ਚੂੰਕਿ ਆਪ ਪੇਂਡੂ ਜੀਵਨ ਨਾਲ ਬਹੁਤੀ ਚੰਗੀ ਤਰ੍ਹਾਂ ਵਾਕਫ਼ ਹੈ, ਉਸਨੂੰ ਕਾਮਿਆਂ ਦੀ ਆਰਥਿਕ ਤੇ ਸਦਾਚਾਰਕ ਪੱਧਰ ਦਾ ਪਤਾ ਹੈ, ਉਹ ਜ਼ਿਮੀ

ਦੀਆਂ ਚਲਾਕੀਆਂ ਅਤੇ ਸੂਦਖੋਰਾਂ ਦੀਆਂ ਚਾਲਾਂ ਤੋਂਭਲੀਭਾਂਤ ਜਾਣੂ ਹੈ। ਲੱਖਾ ਸਿੰਘ ਵੱਡਾ ਜ਼ਿਮੀਦਾਰ ਹੈ ਜੋ ਸਮਾਜਿਕ ਅਤੇ ਆਰਥਿਕ ਤੌਰ ਤੇ ਸਮਾਜ ਵਿਚ ਉਚੀ ਪਦਵੀ ਰਖਦਾ ਹੈ । ਸਾਰਾ ਸਮਾਜ ਇਸ ਵਜੋਂ ਉਸਦਾ ਸਤਿਕਾਰ ਕਰਦਾ ਹੈ, ਪਰ ਇਸ ਬਦਲੇ ਉਹ ਗਰੀਬ ਤਬਕੇ ਦਾ ਲਹੂ ਚੂਸਣ ਤੋਂ ਗੁਰੇਜ਼ ਨਹੀਂ ਕਰਦਾ। ਲੱਖਾ ਸਿੰਘ ਗਰੀਬ ਡੂੰਝੇ ਦਾ ਆਰਥਿਕ ਤੇ ਸਦਾਚਾਰਕ ਪੱਖੋਂ ਸੋਸ਼ਣ ਕਰਦਾ ਹੈ। ਫਿਰ ਲੱਖਾ ਸਿੰਘ ਨੇ ਡੂੰਝੇ ਵਿਚ ਸਦਾਚਾਰਕ ਪੱਖ ਤੋਂ ਇਤਨੀ ਗਿਰਾਵਟ ਲਿਆ ਦਿੱਤੀ ਕਿ ਉਹ ਆਪਣੇ ਆਪ ਸਾਥੀਆਂ ਵਿਚ ਦੱਸ ਦਿੰਦਾ ਹੈ ਕਿ ਗਜੇ ਤੋਂ ਜਨਮਿਆ ਜਰਨੈਲ ਲੱਖਾ ਸਿੰਘ ਦਾ ਮੁੰਡਾ ਹੈ। ਸਮੇਂ ਦੀ ਤਬਦੀਲੀ ਕਾਰਣ ਇਨ੍ਹਾਂ ਕਾਮਿਆਂ ਵਿਚ ਵੀ ਬਰਾਬਰੀ ਦੀ ਲੀਹਾਂ ਉਸਾਰੀਆਂ । ਜਰਨੈਲ ਇਸ ਸਮੇਂ ਦਾ ਪੂਰਾ-ਪੂਰਾ ਫਾਇਦਾ ਉਠਾਂਦਾ ਹੈ। ਉਹ ਲੱਖਾ ਸਿੰਘ ਤੋਂ ਅਪਣਾ ਹਿੱਸਾ ਮੰਗਦਾ ਹੈ। ਜਰਨੈਲ ਆਖਦਾ ਹੈ , "ਬਾਬਾ ਜੁਗ ਬਦਲ ਗਿਆ ਏ, ਹੁਣ ਪੁਰਾਣੇ ਵਹਿਮਾਂ-ਭਰਮਾਂ ਤੋਂ ਵੀ ਛੁਟਕਾਰਾ ਪਾਉਣਾ ਪਵੇਗਾ। ਉਚ-ਨੀਚ ਤੇ ਛੂਤ-ਛਾਤ ਦੀ ਬਿਮਾਰੀ ਨੂੰ ਮਗਰੋਂ ਲਾਹੁਣਾ ਪਵੇਗਾ। ਤੈਨੂੰ ਮੇਰੀ ਮਾਂ ਨਾਲ ਬਕਾਇਦਾ ਵਿਆਹ ਕਰਾਉਣਾ ਪਵੇਗਾ।"[51] ਇਸ ਤਰ੍ਹਾਂ ਜਰਨੈਲ ਲੱਖਾ ਸਿੰਘ ਨੂੰ ਬਦਲ ਦਿੰਦਾ ਹੈ। ਅਤੇ ਉਹ ਕਹਿੰਦਾ ਹੈ ਕਿ ਹੁਣ ਤੇਰੀ ਮਾਂ ਹੀ ਮੇਰੀ ਸੁੰਞੀ ਜ਼ਿੰਦਗੀ ਨੂੰ ਸੁਖਾਵੀਂ ਬਣਾ ਸਕਦੀ ਹੈ। ਮੈਨੂੰ ਸੱਚੇ ਦਿਲੋਂ ਪ੍ਰਵਾਨ ਏ।[52]

ਨਾਵਲ ਬਦਲਾਂ ਵਿਚ ਵੀ ਇਸੇ ਲਹਿਰ ਦਾ ਪ੍ਰਭਾਵ ਪਿਆ ਦਿਸਦਾ ਹੈ। ਇਸ ਨਾਵਲ ਵਿਚ ਰਾਏ ਸਾਹਿਬ ਗਰੀਬਾਂ ਦਾ ਸ਼ੋਸਣ ਕਰਦਾ ਹੈ ਇਹ ਲੋਕ ਨਾ-ਬਰਾਬਰੀ ਦੇ ਜ਼ਿੰਮੇਦਾਰ ਹਨ। ਸੋਹਣ ਸਿੰਘ ਸੀਤਲ ਆਰਥਿਕ ਲੁਟ ਦੇ ਮਸਲੇ ਨੂੰ ਪਿਛੇ ਛੱਡ ਕੇ, ਰਾਏ ਸਾਹਿਬ ਦੇ ਅਖਲਾਕੀ ਕੁਕਰਮ ਉਤੇ ਜ਼ਿਆਦਾ ਜ਼ੋਰ ਦਿੰਦਾ ਹੈ। ਜੇਉਹ ਸਮਾਜਵਾਦ ਲਿਆਉਣਾ ਚਾਹੁੰਦਾ ਹੈ ਤਾਂ ਉਹ ਬਦਲ ਰਾਹੀਂ । ਰਾਇ ਸਾਹਿਬ ਨੇ ਗਰੀਬਾਂ ਦੀ ਇੱਜ਼ਤ ਲੁੱਟੀ। ਉਨ੍ਹਾਂ ਨੂੰ ਤੰਗ ਕੀਤਾ। ਪਰ ਇਨਕਲਾਬ ਦੇ ਦਿਨਾਂ ਵਿਚ ਜੋ ਉਹ ਪੱਗ ਥੱਲੇ ਲਤਾੜੇ ਹੋਏ ਮੁਜ਼ਾਰੇ ਖੂਨ ਦੇ ਪਿਆਸੇ ਬਣ ਜਾਣ, ਤਾਂ ਉਹ ਅਸੰਭਵ ਨਹੀਂ । ਚਰਾਗੋ, ਝੰਡਾ, ਸਰਾਜ ਬੁਝੇ ਹੋਏ ਕੋਲੇਹਨ, ਜੋ ਬਲਦੀ ਅੱਗ ਵਿਚ ਪੈ ਕੇ ਅਪਣੀ ਅੰਗਿਆਰ ਬਣ ਜਾਂਦੇ ਹਨ।[53]

ਨਾਜੋ ਵਰਗੀਆਂ ਪੈਰਾਂ ਥੱਲੇ ਮਿੱਧੀਆਂ ਹੋਈਆਂ ਕੋਮਲ ਕਲੀਆਂ, ਸਮਾਂ ਆਉਣ ਤੇ ਸੂਲਾਂ ਹੀ ਨਹੀਂ ਸੂਲੀਆਂ ਬਣ ਜਾਂਦੀਆਂ ਹਨ।[54]

ਇਸੇ ਤਰ੍ਹਾਂ 'ਬਦਲਾ' ਨਾਵਲ ਵਿਚ ਹੈਦਰ ਵਿਚ ਵੀ ਰਾਇ ਸਾਹਿਬ ਕਹਾਣੀਆਂ ਸੁਣ ਕੇ ਬਦਲਾ ਲੈਣ ਦੀ ਭਾਵਨਾ ਜਾਗ ਪੈਂਦੀ ਹੈ। ਉਹ ਬਦਲਾ ਲੈਣ ਲਈ ਕਮਿਊਨਿਸ਼ਟ ਬਣਦਾ ਹੈ, ਫਿਰ ਲੀਗੀ ਬਣਦਾ ਹੈ ਪਰ ਸਿਧਾਂਤਕ ਤੌਰ ਤੇ ਉਹ ਨਾ ਕਮਿਊਨਿਸ਼ਟ ਹੈ, ਨਾ ਮੁਸਲਮਲੀਗੀ। ਉਸਦੇ ਅੰਦਰ ਸਿਰਫ਼ ਬਦਲੇ ਦੀ ਅੱਗ ਹੈ। ਜਿਹੜੀ ਵੀ ਪਾਰਟੀ ਉਸਨੂੰ ਬਦਲਾ ਲੈਣ ਲਈ ਹਾਮੀ ਭਰਦੀ ਹੈ ਉਸ ਪਾਰਟੀ ਨੂੰ ਹੀ ਅਪਨਾ ਲੈਂਦਾ ਹੈ। ਇਸ ਤਰ੍ਹਾਂ ਹੈਦਰ ਰਾਇ ਸਾਹਿਬ ਨੂੰ ਆਪਣੇ ਅੱਗੇ ਝੁਕਾ ਲੈਂਦਾ ਹੈ। ਰਾਇ ਸਾਹਿਬ ਦੇ ਇਨ੍ਹਾਂ ਸ਼ਬਦਾਂ ਰਾਹੀਂ ਇਹ ਗਲ ਸੱਚ ਹੋ ਜਾਂਦੀ ਹੈ ਕਿ "ਵੇਖ ਹੈਦਰ। ਇਨਸਾਨ ਤੋਂ ਕੋਈ ਗਲਤੀਆਂ ਹੋ ਜਾਂਦੀਆਂ ਨੇ। ਪਰ ਰਬ ਸਭ ਨੂੰ ਬਖ਼ਸ ਦੇਂਦਾ ਏ। ਇਕ ਗੁਨਾਹ ਤੂੰ ਵੀ ਮੈਨੂੰ ਬਖਸ਼ ਦਿਹ।[55]

ਸੋਹਣ ਸਿੰਘ ਸੀਤਲ ਆਰਥਿਕਤਾ ਨੂੰ ਸਮਾਜ ਦਾ ਮਿਅਦਾ ਮੰਨਦਾ ਹੋਇਆ ਸਮਝਦਾ ਹੈ ਕਿ ਆਰਥਿਕ ਨਾ-ਬਰਾਬਰੀ ਤੋਂਹੀ ਸਾਰੀ ਗੜਬੜ ਸ਼ੁਰੂ ਹੁੰਦੀ ਹੈ। ਇਸ ਤਰ੍ਹਾਂ ਨਾਵਲਕਾਰ ਇਸ ਗਲ ਉਤੇ ਜ਼ੋਰ ਦਿੰਦਾ ਹੈ ਕਿ ਗ਼ਰੀਬ ਨੂੰ ਮਿਹਨਤ ਦੀ ਚੱਕੀ ਦੇ ਪੁੜਾਂ ਵਿਚ ਪਿਸਦੇ ਹੋਏ ਵੀ ਦੋ ਵੇਲੇ ਦੀ ਰੋਟੀ ਨਸੀਬ ਨਹੀਂਹੁੰਦੀ। ਜੋ ਕੁਝ ਉਹ ਮਜ਼ਬੂਰ ਹੋ ਕੇ ਕਰਦਾ ਹੈ, ਉਸਦਾ ਜਿੰਮੇਵਾਰ ਸਮਾਜ ਹੈ।

ਇਸ ਤਰ੍ਹਾਂ ਸੋਹਣ ਸਿੰਘ ਸੀਤਲ ਵੀ ਸਮਾਜਿਕ-ਰਾਜਨੀਤਕ ਪ੍ਰਸਥਿਤੀਆਂ ਦੇ ਨਾਲ-ਨਾਲ ਆਪਣੇ ਪੈਂਤੜੇ ਬਦਲਦਾ ਰਿਹਾ। ਸਿੰਘ ਸਭਾ ਦੇਧਾਰਮਿਕ ਆਸਿਆਂ ਨੂੰ ਸੀਤਲ ਨੇ ਪ੍ਰਚਾਰਿਆ। ਸਮੁੱਚੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਸੋਹਣ ਸਿੰਘ ਸੀਤਲ ਮਨੁੱਖੀ ਜੀਵਨ ਦੀ ਤਰਜਮਾਨੀ ਕਰਦਾ ਹੋਇਆ ਸਮੇਂ ਦੀਆਂ ਪ੍ਰਸਥਿੱਤੀਆਂ ਨੂੰ ਅਖੋਂ ਉਹਲੇ ਨਹੀਂ ਕਰ ਸਕਦਾ।

<u>ਪ੍ਰਗਤੀਵਾਦ :</u>

ਨਾਨਕ ਸਿੰਘ ਜਮਾਂਦਰੂ ਸਾਹਿਤਕਾਰ ਤੇ ਪ੍ਰਗਤੀਸ਼ੀਲ ਸੁਭਾ ਦਾ ਵਿਅਕਤੀ ਸੀ। ਉਸਨੇ

ਛੋਟੀ ਉਮਰੇ ਜੱਦੀ ਪ੍ਰਸਤੀ ਕਿੱਤਾ ਦੁਕਾਨਦਾਰੀ ਕੀਤੀ। ਘਾਟਾ ਪੈਣ ਤੇ ਇਸਨੂੰ ਛੱਡ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਹਿੰਦੂ ਘਰਾਣੇ ਦੀਆਂ ਪਰੰਪਰਾਵਾਂ ਨੂੰ ਤਿਆਗ ਕੇ ਹੰਸਰਾਜ ਤੋਂ ਨਾਨਕ ਸਿੰਘ ਬਣ ਜਾਣਾ ਆਦਿ ਉਸਦੀ ਪ੍ਰਗਤੀਸ਼ੀਲ ਸ਼ਖਸੀਅਤ ਦੀ ਹੀ ਸੂਚਨਾ ਹੈ। 20ਵੀਂ ਸਦੀ ਦੇ ਮੁੱਢ ਵਿਚ ਇਕ ਹਿੰਦੂ ਖਤਰੀ ਦਾ ਆਰੀਆ ਸਮਾਜ ਦੇ ਟਾਕਰੇ ਵਿਚ ਸਿੰਘ ਸਭਾ ਵਲ ਲਹਿਰ ਵਲ ਝੁਕ ਜਾਣਾ ਬੜੇ ਮਹੱਤਵ ਦੀ ਗਲ ਸੀ। ਉਸ ਸਮੇਂ ਸਮਾਜ ਵਿਚ ਪੈਦਾ ਹੋ ਰਹੇ ਕੋਹੜਾਂ ਜਿਵੇਂ ਧਾਰਮਿਕ ਪਾਖੰਡ, ਛੂਤ-ਛਾਤ, ਕੁੜੀਆਂ ਨੂੰ ਵੇਚਣ ਦਾ ਰਿਵਾਜ, ਅਨਜੋੜ ਵਿਆਹ, ਵੇਸ਼ਵਾ ਗਮਨੀ, ਸ਼ਰਾਬ ਨੋਸ਼ੀ ਆਦਿਕ ਦਾ ਮਖੌਲ ਉਡਾ ਕੇ ਉਸਨੇ ਪਰ-ਉਪਕਾਰ ਤੇ ਪਿਆਰ ਦੀ ਭਾਵਨਾ, ਇਸਤਰੀ ਦੇ ਸਤਿਕਾਰ ਤੇ ਨੇਕੀ ਦੇ ਜੀਵਨ ਨੂੰ ਆਪਣੇ ਨਾਵਲਾਂ ਵਿਚ ਪੇਸ਼ ਕੀਤਾ ਅਤੇ ਪੰਜਾਬੀ ਪਾਠਕਾਂ ਦਾ ਇਨ੍ਹਾਂ ਵਲ ਧਿਆਨ ਖਿਚਿਆ । ਨਾਨਕ ਸਿੰਘ ਦਾ ਨਾਵਲ 'ਚਿੱਟਾ ਲਹੂ' ਪ੍ਰਗਤੀਸ਼ੀਲਤਾ ਦਾ ਸਰੂਪ ਹੈ।

ਇਸੇ ਸਮਾਜੀ ਅਸਲੀਅਤ ਨੂੰ ਉਹ ਯਥਾਰਥਕ ਰੰਗਣ ਵਿਚ ਪੇਸ਼ ਕਰਨ ਦਾ ਯਤਨ ਕਰਦਾ ਹੈ। ਪ੍ਰਗਤੀਸ਼ੀਲ ਪ੍ਰਤੀ ਉਸਦੀ ਪੇਤਲੀ ਹੈ। ਉਸਦਾ ਦ੍ਰਿਸ਼ਟੀਕੋਣ ਮਾਨਵਵਾਦੀ ਹੈ ਅਤੇ ਇਸੇ ਦ੍ਰਿਸ਼ਟੀਕੋਣ ਤੋਂ ਉਹ ਜ਼ਿੰਦਗੀ ਦੀ ਸਮਝ ਨੂੰ ਪਕੜਦਾ ਹੈ। ਉਹ ਆਪਣੇ ਨਾਵਲਾਂ ਵਿਚ ਪ੍ਰਗਤੀਵਾਦੀ ਵਿਸ਼ੇ ਅਤੇ ਸਮੱਸਿਆਵਾਂ ਪੇਸ਼ ਕਰਨ ਦਾ ਯਤਨ ਕਰਦਾ ਹੈ। ਪਰ ਉਸਦੀ ਉਪਭਾਵੁਕਤਾ ਅਤੇ ਰੋਮਾਂਸਵਾਦੀ ਬਿਰਤੀ ਕਾਰਨ ਉਸਦਾ ਪ੍ਰਗਤੀਵਾਦ ਆਪਣੀ ਕਿਸਮ ਦਾ ਹੀ ਹੈ।

ਪੰਜਾਬੀ ਆਲੋਚਨਾ ਵਿਚ ਇਸਨੂੰ ਸੁਧਾਰਵਾਦ, 'ਮਾਨਵਵਾਦ, ਤੇ ਆਦਰਸ਼ਵਾਦ ਦਾ ਨਾਂ ਵੀ ਦਿੱਤਾ ਗਿਆ ਹੈ। ਅਸਲ ਵਿਚ ਇਹ ਤਿੰਨੇ 'ਪ੍ਰਗਤੀਵਾਦ' ਦੇ ਹੀ ਲਛਣ ਹਨ।

ਨਾਨਕ ਸਿੰਘ ਨੇ ਗੁਰਬਾਣੀ ਅਤੇ ਮੁਨਸ਼ੀ ਪ੍ਰੇਮ ਚੰਦ ਦੇ ਨਾਵਲਾਂ ਤੋਂ ਪ੍ਰੇਰਨਾ ਪ੍ਰਾਪਤ ਕੀਤੀ ਹੈ।[56] ਇਹ ਗਲ 'ਮੇਰੀ ਦੁਨੀਆਂ' ਪੁਸਤਕ ਪੜ੍ਹ ਕੇ ਸਪਸ਼ਟ ਹੋ ਜਾਂਦੀ ਹੈ । ਮੁਨਸ਼ੀ ਪ੍ਰੇਮ ਚੰਦ ਹਿੰਦੀ-ਉਰਦੂ ਦਾ ਪ੍ਰਸਿੱਧ ਪ੍ਰਗਤੀਸ਼ੀਲ ਲੇਖਕ ਸੀ।[57] ਨਾਨਕ ਸਿੰਘ ਦੇ ਨਾਵਲ

'ਚਿੱਟਾ ਲਹੂ', 'ਪਵਿੱਤਰ ਪਾਪੀ', 'ਅਧ ਖਿੜਿਆ ਫੁੱਲ', 'ਗਰੀਬ ਦੀ ਦੁਨੀਆਂ', 'ਪਿਆਰ ਦੀ ਦੁਨੀਆਂ', 'ਚਿਤ੍ਰਕਾਰ', 'ਕਟੀ ਹੋਈ ਪਤੰਗ', 'ਆਦਮਖੋਰ', 'ਪੁਜਾਰੀ', 'ਆਸਤਕ-ਨਾਸਤਕ', ਸੰਗਮ, 'ਛਲਾਵਾ', 'ਇਕ ਮਿਆਨ ਦੋ ਤਲਵਾਰਾਂ' ਆਦਿ ਨੂੰ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਨਾਨਕ ਸਿੰਘ ਵੀ ਆਪਣੇ ਸਮੇਂ ਉਤਪੰਨ ਰਾਜਨੀਤਕ ਲਹਿਰਾਂ ਅਤੇ ਅਗਾਂਹ-ਵਧੂ ਸਾਹਿਤਕਾਰਾਂ ਤੋਂ ਚੋਖਾ ਪ੍ਰਭਾਵਿਤ ਹੋਇਆ ਹੈ। ਅਕਾਲੀ ਲਹਿਰ, ਗਦਰ ਲਹਿਰ, ਕਾਂਗਰਸ ਲਹਿਰ, ਪ੍ਰਗਤੀਵਾਦੀ ਸਾਹਿਤਕ ਲਹਿਰ, ਮੁਨਸ਼ੀ ਪ੍ਰੇਮ ਚੰਦ ਤੇ ਸਰਦਾਰ ਗੁਰਬਖਸ਼ ਸਿੰਘ [58] ਦੇ ਪ੍ਰਭਾਵ ਹੇਠ ਉਸਨੇ ਸਮਾਜਵਾਦੀ, ਗਾਂਧੀਵਾਦੀ ਤੇ ਨਾਨਕਵਾਦੀ ਵਿਚਾਰਾਂ ਨੂੰ ਅਪਣਾਇਆ ਹੈ।

ਇਸ ਤਰ੍ਹਾਂ ਧਾਰਮਿਕ ਪਾਖੰਡ ਦਾ ਵਿਰੋਧ, ਜਾਤਪਾਤ ਦੀ ਨਿਖੇਧੀ, ਇਸਤਰੀ ਜਾਤੀ ਦੀ ਹਮਾਇਤ, ਪਿਆਰ-ਵਿਆਹ ਤੇ ਅੰਤਰ-ਜਾਤੀ ਵਿਆਹ ਦਾ ਸਮਰਥਨ, ਆਪਣੇ ਹੱਕ ਪ੍ਰਾਪਤ ਕਰਨ ਲਈ ਸ਼ਾਂਤਮਈ ਹੜਤਾਲ, ਕਿਰਤ ਤੇ ਕਿਰਤੀ ਦਾ ਸਤਿਕਾਰ, ਸਮਾਜ ਵਿਚ ਨਿਮਨ ਵਰਗ ਨੂੰ ਸੰਘਰਸ਼ ਦੀ ਸੋਝੀ ਆਦਿ ਨਾਨਕ ਸਿੰਘ ਦੇ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਦਾ ਆਧਾਰ ਬਣੇ ਰਹੇ ਹਨ। ਨਾਨਕ ਸਿੰਘ ਦਾ ਇਹ ਪ੍ਰਗਤੀਵਾਦੀ ਦ੍ਰਿਸ਼ਟੀਕੋਣ 'ਮਾਨਵਵਾਦ' ਗਾਂਧੀ ਦਾ 'ਸ਼ਾਂਤੀਵਾਦ' ਮਾਰਕਸ ਦਾ 'ਸਮਾਜਵਾਦ' ਤਿੰਨਾ ਦਾ ਹੀ ਮਿਲਗੋਭਾ ਪ੍ਰਗਤੀਵਾਦ ਹੈ।

ਨਾਨਕ ਸਿੰਘ ਦਾ ਮਜ਼ਦੂਰ ਵਰਗ ਦਾ ਪੱਖ ਲੈਣਾ ਵੀ ਉਸਦਾ ਪ੍ਰਗਤੀਸ਼ੀਲ ਦ੍ਰਿਸ਼ਟੀਕੋਣ ਹੀ ਹੈ। ਨਾਵਲ 'ਗਰੀਬ ਦੀ ਦੁਨੀਆਂ' ਜੋ 1947 ਤੋਂ ਪਹਿਲਾਂ ਦੀ ਰਚਨਾ ਹੈ, ਵਿਚ ਮਜ਼ਦੂਰਾਂ ਦੀਆਂ ਮੁੱਖ ਮੰਗਾਂ ਜਿਵੇਂ ਤਨਖਾਹਾਂ ਦੀ ਵੇਲੇ ਸਿਰ ਅਦਾਇਗੀ, ਤਨਖਾਹਾਂ ਵਿਚ ਵਾਧਾ ਤੇ ਭੈੜੇ ਮੈਨੇਜਰ ਦੀ ਤਬਦੀਲੀ ਆਦਿ ਨੂੰ ਪੇਸ਼ ਕੀਤਾ ਹੈ। ਇਹਸਾਰੇ ਮਜ਼ਦੂਰ ਜਾਤ-ਪਾਤ ਤੇ ਦੀਨ ਈਮਾਨ ਦੇ ਵਿਤਕਰਿਆਂ ਨੂੰ ਭੁੱਲਕੇ ਇਕ-ਮੁੱਠ ਹੁੰਦੇ ਹਨ। ਕੁੱਝ ਮੌਕਾ ਪ੍ਰਸਤ ਮਜ਼ਦੂਰਾਂ ਨੂੰ ਛੱਡ ਕੇ ਬਾਕੀ ਸਾਰੇ ਸ਼ੰਕਰ ਤੇ ਕਰਮਦੀਨ ਦੀ ਲੀਡਰਸ਼ਿਪ ਹੇਠ ਹੜਤਾਲ ਕਰ ਦਿੰਦੇ ਹਨ। ਸ਼ੰਕਰ ਹਿੰਦੂ ਹੈ ਤੇ ਕਰਮਦੀਨ ਮੁਸਲਮਾਨ, ਪਰ ਦੋਵੇਂ ਸੱਕੇ ਭਰਾਵਾਂ ਵਾਂਗ ਰਹਿੰਦੇਹਨ। ਦੂਜੇ ਪਾਸੇ ਮਿੱਲ ਮਾਲਕ ਰਾਇ ਸਾਹਿਬ ਲਾਲਾ ਅਮਰਨਾਥ, ਕੁੱਝ ਹੋਰ ਮਿੱਲ ਮਾਲਕ ਤੇ ਮਿੱਲ ਦਾ ਮੈਨੇਜਰ ਪੂੰਜੀਪਤੀ

ਵਰਗ ਦੇ ਪ੍ਰਤਿਨਿਧ ਹਨ। ਡਾਕਟਰ ਚਮਨ ਲਾਲ ਤੇ ਉਸ ਵਰਗੇ ਕੁੱਝ ਹੋਰ ਪਾਤਰ ਨਗਰ ਸੁਧਾਰ ਦੇ ਢੌਂਗ ਦੇ ਪਰਦੇ ਹੇਠ ਹਿੰਦੂ-ਮੁਸਲਿਮ ਫਸਾਦ ਕਰਵਾ ਕੇ ਮਜ਼ਦੂਰ ਸੰਘਰਸ਼ ਦੀ ਧਾਰਾ ਗਲਤ ਪਾਸੇ ਮੋੜ ਕੇ ਹੜਤਾਲ ਨੂੰ ਅਸਫਲ ਬਣਾਉਣ ਦਾ ਜਤਨ ਕਰਕੇ ਪੂੰਜੀਪਤੀ ਵਰਗ ਦਾ ਸਾਥ ਦਿੰਦੇ ਹਨ। ਰਾਇ ਸਾਹਿਬ ਦਾ ਇਕਲੌਤਾ ਪੁੱਤਰ, ਬਲਦੇਵ, ਰਾਇ ਸਾਹਿਬ ਦੀ ਪਤਨੀ, ਪਾਰਵਤੀ ਤੇ ਉਸਦਾ ਇਕ ਦੋਸਤ, ਮਿਰਜ਼ਾ ਸਾਹਿਬ, ਇਨ੍ਹਾਂ ਦੋਹਾਂ ਵਰਗਾਂ ਦੇ ਵਿਚਕਾਰ ਸਮਝੌਤੇ ਦੀ ਕੜੀ ਹਨ। ਮਜ਼ਦੂਰ ਲੀਡਰ ਸ਼ੰਕਰ ਦੀ ਗ੍ਰਿਫਤਾਰੀ ਤੇ ਬਾਅਦ ਬਲਦੇਵ ਹੀ ਇਕ ਡੇਢ ਮਹੀਨਾ ਹੜਤਾਲ ਚਲਾਉਂਦਾ ਰਿਹਾ ਹੈ। ਬਲਦੇਵ ਹੀ ਮਜ਼ਦੂਰਾਂ ਦਾ ਪ੍ਰਤਿਨਿਧ ਬਣ ਕੇ ਮਿਲ ਮਾਲਕਾਂ ਦੀ ਕਮੇਟੀ ਨਾਲ ਗੱਲਬਾਤ ਕਰਦਾ ਹੈ ਤੇ ਉਹ ਹੀ ਡਾ: ਚਮਨ ਲਾਲ ਦੀ ਕਰਤੂਤਾਂ ਨੂੰ ਨੰਗਾ ਕਰਕੇ ਫਸਾਦ ਕਰਾਉਣ ਤੇ ਦੋਸ਼ ਵਿਚ ਗ੍ਰਿਫਤਾਰ ਕਰਾਉਂਦਾ ਹੈ। ਅਮੀਰੀ ਭੁੱਲ ਕੇ ਗਰੀਬਾਂ ਦੀਆਂ ਝੁੱਗੀਆਂ ਵਿਚ ਰਹਿੰਦਾ ਹੈ। ਨਾਵਲ ਦੇ ਅੰਤ ਵਿਚ ਜਦੋਂ ਰਾਇ ਸਾਹਿਬ ਅਦਾਲਤ ਵਿਚ ਪੇਸ਼ ਹੁੰਦਾ ਹੈ ਤਾਂ ਬਲਦੇਵ ਦੀ ਪ੍ਰੇਰਨਾ ਨਾਲ 'ਪਸ਼ਚਾਤਾਪ' ਕਰਦਾ ਹੈ ਤੇ ਦਿਲ ਦਾ ਦੌਰਾ ਪੈਣ ਨਾਲ ਅਦਾਲਤ ਵਿਚ ਹੀ ਦਮ ਤੋੜ ਦਿੰਦਾ ਹੈ। ਮਿਲਦਾ ਮਾਲਕ ਬਣਕੇ ਬਲਦੇਵ ਮਜ਼ਦੂਰਾਂ ਦੀਆਂ ਸਾਰੀਆਂ ਮੰਗਾਂ ਪੂਰੀ ਕਰਦਾ ਹੈ। ਇਸ ਤੋਂ ਇਲਾਵਾ ਉਹ ਐਲਾਨ ਕਰਦਾ ਹੈ ਕਿ ਕਾਰਖ਼ਾਨੇ ਦੇ ਮੁਨਾਫ਼ੇ ਵਿਚ ਮਜ਼ਦੂਰਾਂ ਦਾ ਵੀ ਹਿੱਸਾ ਹੋਵੇਗਾ। ਇਹ ਨਾਵਲ 'ਪੂੰਜੀਪਤੀ' ਤੇ 'ਮਜ਼ਦੂਰ' ਦੇ ਸਮਝੌਤੇ ਉਤੇ ਖ਼ਤਮ ਹੁੰਦਾ ਹੈ। ਇਸ ਤਰ੍ਹਾਂ ਇਹ ਨਾਨਕ ਸਿੰਘ ਦੀ ਪ੍ਰਗਤੀਵਾਦ ਦੀ ਇਕ ਸਿਖਰ ਹੈ।

ਨਾਨਕ ਸਿੰਘ ਆਪਣੇ ਨਾਵਲਾਂ ਵਿਚ ਆਰਥਿਕ ਨਾ-ਬਰਾਬਰੀ ਤੋਂ ਪੈਦਾ ਹੋਈਆਂ ਸਮੱਸਿਆਵਾਂ ਨੂੰ ਵੀ ਲੈਂਦਾ ਹੈ। ਨਾਵਲ 'ਆਦਮਖੋਰ' ਦੀ ਭੂਮਿਕਾ ਵਿਚ ਲਿਖਦਾ ਹੈ ਕਿ "ਇਹ ਮੰਨਣੋਂ ਤਾਂ ਕਿਸੇ ਨੂੰ ਵੀ ਇਨਕਾਰ ਨਹੀਂ ਹੋ ਸਕਦਾ ਕਿ ਸਾਡੇ ਸਮਾਜ ਦੀਆਂ ਸਾਰੀਆਂ ਉਲਝਣਾਂ ਦਾ ਮੁੱਖ ਕਾਰਣ ਹੈ ਆਰਥਿਕ ਨਾ-ਬਰਾਬਰੀ । - - - ਲਾਜ਼ਮੀ ਤੌਰ ਤੇ ਆਰਥਿਕ ਨਾ-ਬਰਾਬਰੀ ਭੁੱਖ ਨੂੰ ਜਨਮ ਦਿੰਦੀ ਹੈ। ਇਸ ਲਈ ਦੇਸ਼ ਵਿਚੋਂ ਆਰਥਿਕਤਾ ਦੇ ਸਵਾਲ ਨੂੰ ਹਲ ਕਰਨਾ ਸਾਡਾ ਸਭ ਤੋਂ ਪਹਿਲਾ ਫ਼ਰਜ਼ ਹੈ । ਪਰ ਮੈਂ ਏਸ ਸਿਧਾਂਤ ਨੂੰ ਜ਼ਰਾ ਹੋਰ ਚੌੜੀ ਨਜ਼ਰ ਨਾਲ ਤਕਣਾ ਚਾਹੁੰਦਾ ਹਾਂ

ਕਿ ਆਰਥਿਕ ਨਾ-ਬਰਾਬਰੀ ਨਿਰਾ ਭੁੱਖ ਨੂੰ ਹੀ ਜਨਮ/ਨਹੀਂ ਦਿੰਦੀ , ਇਕ ਹਰ ਚੀਜ਼ ਵੀ ਪੈਦਾ ਕਰਦੀ ਹੈ, ਜਿਹੜੀ ਭੁੱਖ ਨਾਲੋਂ ਵੀ ਹਜ਼ਾਰ ਦਰਜੇ ਵੱਧ ਹਾਨੀਕਾਰਕ ਹੈ ਤੇ ਉਸ ਚੀਜ਼ ਦਾ ਨਾਂ ਹੈ 'ਬਦ ਇਖਲਾਕੀ' --- ਆਦਮਖੋਰ ਵਿਚ ਮੈਂ ਬਹੁਤਾ ਜ਼ੋਰ ਇਹੋ ਪ੍ਰਗਟਾਉਣ ਵਿਚ ਲਾਇਆ ਹੈ ਕਿ ਸਰਮਾਏਦਾਰੀ ਭੁੱਖ ਤੋਂ ਬਿਨਾਂ ਬਦ-ਇਖਲਾਕੀ ਪੈਦਾਕਰਨ ਦੀ ਵੀ ਜ਼ਿੰਮੇਵਾਰ ਹੈ।"[59]

ਇਸ ਨਾਵਲ ਵਿਚ ਮੁੱਖ ਪਾਤਰ ਅਪਾਹਜ ਕਿਸਾਣ ਸ਼ਿੰਗਾਰਾ ਸਿੰਘ ਹੈ ਜਿਹੜਾ ਭਰਾਵਾਂ ਦੀ ਬੇਈਮਾਨੀ ਦਾ ਸ਼ਿਕਾਰ ਹੋ ਕੇ ਜ਼ਮੀਨ ਤੋਂ ਹੱਥ ਧੋ ਬੈਠਦਾ ਹੈ ਤੇ ਦੁਕਾਨਦਾਰੀ ਦਾ ਧੰਦਾ ਕਰਨਾ ਸ਼ੁਰੂ ਕਰਦਾ ਹੈ। ਇਸ ਧੰਦੇ ਵਿਚ ਵੀ ਸਫਲਤਾ ਨਾ ਪ੍ਰਾਪਤ ਕਰਦਾ ਹੋਇਆ ਉਹ ਠਾਕੁਰ ਸਿੰਘ ਦੇ ਚੁੰਗਲ ਵਿਚਫਸ ਕੇ ਮਾਨਵਤਾ ਤੋਂਵਾਂਝਾ ਹੋ ਜਾਂਦਾ ਹੈ। ਇਸ ਨਾਵਲ ਵਿਚ ਵੀ ਪ੍ਰਿਤਪਾਲ ਬਲਦੇਵ ਵਾਂਗ ਠਾਕੁਰ ਸਿੰਘ ਨੂੰ ਪਸ਼ਚਾਤਾਪ ਦੀ ਅਗਨੀ ਵਿਚ ਸ਼ੁੱਧ ਕਰਕੇ ਉਹ ਦੋਹਾਂ ਵਰਗਾਂ ਦਾ ਸਮਝੌਤਾ ਕਰਾਉਂਦਾ ਹੈ। ਨਾਨਕ ਸਿੰਘ ਸਮਾਜਕ ਤੌਰ ਤੇ ਪ੍ਰਗਤੀ ਨੂੰ ਪਛਾਣਦਾ ਤਾਂ ਹੈ ਪਰ ਇਹ ਸਮਝੌਤਾ ਕਰਵਾ ਕੇ ਨਾਨਕ ਸਿੰਘ ਦਾ 'ਪ੍ਰਗਤੀਵਾਦ' ਇਕ ਦਮ ਨਿਰੋਲ ਆਦਰਸ਼ਵਾਦ ਹੋ ਜਾਂਦਾ ਹੈ।

ਪ੍ਰਗਤੀਸ਼ੀਲ ਸਾਹਿਤਕਾਰ ਹਮੇਸ਼ਾ ਇਸਤਰੀ ਜਾਤੀ ਦੀ ਵਕਾਲਤ ਕਰਦਾ ਹੈ। ਇਸ ਆਧਾਰ ਉਤੇ ਅਸੀਂ ਵੇਖਦੇ ਹਾਂ ਕਿ ਨਾਨਕ ਸਿੰਘ ਆਪਣੇ ਸਾਰੇ ਨਾਵਲਾਂ ਵਿਚ ਇਸਤਰੀ ਜਾਤੀ ਦੇ ਹੱਕ ਵਿਚ ਗਲ ਕਰਦਾਹੈ। ਮਰਦ ਪ੍ਰਧਾਨ ਸਮਾਜ ਵਿਚ ਇਸਤਰੀ ਜ਼ੁਲਮਾਂ ਨੂੰ ਸਹਾਰਦੀ ਹੋਈ ਆਪਣੇ ਨਾਵਲਾਂ ਵਿਚ ਪ੍ਰਤੱਖ ਰੂਪ ਵਿਚ ਦਖਾਈ ਹੈ। ਉਹ ਇਸਤਰੀ ਜਾਤੀ ਨੂੰ ਸਦੀਆਂ ਦੀ ਗੁਲਾਮੀ ਦੇ ਬੰਧਨ ਤੋਂ ਛੁਟਕਾਰਾ ਪਾਉਣ ਲਈ ਪ੍ਰੇਰਣਾ ਦਿੰਦਾ ਹੈ। ਉਹ ਸਦੀਆਂ ਦੀ ਗੁਲਾਮੀ ਕਾਰਣ ਆਏ ਹੀਣਤਾ ਭਾਵ ਨੂੰ ਦੂਰ ਕਰਨ ਦਾ ਯਤਨ ਕਰਦਾ ਹੈ। ਇਸਤਰੀ ਜਾਤੀ ਵਿਚ ਆਈ ਕਮਜ਼ੋਰੀ ਨੂੰ ਦੂਰ ਕਰਨ ਦਾ ਉਪਰਾਲਾ ਤਾਂ ਜ਼ਰੂਰ ਕਰਦਾ ਹੈ ਪਰ ਇਕ ਗਲ ਜੋ ਉਸਦੇ ਮਨ ਤੋਂ ਦੂਰ ਨਹੀ ਹੋ ਸਕੀ,'ਉਹ ਇਹ ਕਿ ਇਸਤਰੀ ਮਰਦ ਦੇ ਸਹਾਰੇ ਤੋਂ ਬਿਨਾਂ ਅਧੂਰੀ ਹੈ। ਉਹ ਮਰਦ ਦੀ ਸਹਾਇਤਾ ਨਾਲ ਹੀ ਹਰ ਇਕ ਖੇਤਰ ਵਿਚ ਕਾਮਯਾਬ ਹੋ ਸਕਦੀ ਹੈ।

ਇਸ ਤਰ੍ਹਾਂ ਨਾਨਕ ਸਿੰਘ ਦਾ ਪ੍ਰਗਤੀਵਾਦ ਕੇਵਲ 'ਸਮਝੌਤਾਵਾਦ' ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ

ਜਿਥੋਂ ਤੱਕ ਸੀਤਲ ਦੇ ਪ੍ਰਗਤੀਵਾਦ ਦਾ ਸਵਾਲ ਹੈ ਤਾਂ ਇਸ ਬਾਰੇ ਅਸੀਂ ਇਹੀ ਕਹਿ ਸਕਦੇ ਹਾਂ ਕਿ ਸੀਤਲ ਨੂੰ ਨਾਨਕ ਸਿੰਘ ਵਾਂਗ ਹੀ ਜੀਵਨ ਦੇ ਕੌੜੇ ਅਨੁਭਵਾਂ ਦਾ ਘੁੱਟ ਭਰਿਆ ਅਤੇ ਹੌਲੀ-ਹੌਲੀ ਤਰੱਕੀ ਕਰਦਾ ਗਿਆ ਜਿਵੇਂ : ਸੀਤਲ ਨੇ ਖੇਤੀ ਦਾ ਕੰਮ ਕੀਤਾ, ਵਾਰਾਂ ਲਿਖੀਆਂ ਤੇ ਉਨ੍ਹਾਂ ਨੂੰ ਸਟੇਜਾਂ ਤੇ ਗਾਇਆ ਜਿਸਤੋਂ ਉਹ ਪ੍ਰਸਿੱਧ ਢਾਡੀ ਬਣ ਗਿਆ। ਕਵਿਤਾਵਾਂ ਵਲ ਰੁਚੀ ਵਧੀ ਤੇ ਇਤਿਹਾਸ ਲਿਖਣ ਦੇ ਨਾਲ ਨਾਲ ਨਾਵਲ ਲਿਖਣੇ ਸ਼ੁਰੂ ਕੀਤੇ। ਇਸ ਸਾਰੀ ਕਰੜੀ ਮਿਹਨਤ ਦੇ ਬਾਅਦ ਜਦੋਂ ਉਹਨੂੰ ਪ੍ਰਸਿੱਧੀ ਮਿਲੀ ਤਾਂ ਉਸਦੇ ਵੈਰੀ ਵੀ ਮਿੱਤਰ ਬਣ ਗਏ। ਇਸ ਪ੍ਰਗਤੀਸ਼ੀਲ ਸ਼ਖਸੀਅਤ ਦਾ ਹੀ ਇਕ ਨਮੂਨਾ ਹੈ।

ਪ੍ਰਗਤੀਵਾਦੀ ਲੇਖਕ ਜਾਤ-ਪਾਤ, ਊਚ-ਨੀਚ ਫ਼ਿਰਕੂ ਪੱਖ-ਪਾਤ ਦਾ ਵਿਰੋਧੀ ਹੁੰਦਾ ਹੈ ਅਤੇ ਉਹ ਹਮੇਸ਼ਾ, 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਨੂੰ ਪ੍ਰਚਾਰਦਾ ਹੈ। ਸੀਤਲ ਇਸ ਕਸਵੱਟੀ ਤੇ ਪੂਰਾ ਉਤਰਦਾ ਹੈ। ਉਹ ਹਰ ਨਾਵਲ ਵਿਚ ਜਾਤ ਪਾਤ, ਫ਼ਿਰਕੂ-ਪੱਖ-ਪਾਤ ਦੇ ਵਿਰੁਧ ਹੈ। ਸੀਤਲ ਦੇ ਕੰਮੀ ਕਮੀਨ ਜੋ ਛੋਟੀਆਂ ਜਾਤਾਂ ਨਾਲ ਸੰਬੰਧ ਰਖਦੇ ਹਨ ਉਹ ਚੰਗੇ ਪਾਤਰ ਦਰਸਾਏ ਹਨ। ਇਹ ਕਾਣੀ ਵੰਡ ਨਹੀਂ ਕੀਤੀ ਕਿ ਜੱਟ ਪਾਤਰ ਹੀ ਚੰਗੇ , ਆਦਰਸ਼ਵਾਦੀ ਹੋ ਸਕਦੇ ਹਨ। ਸੀਤਲ ਕਿਸੇ ਇਕ ਧਰਮ ਦਾ ਪੱਖ ਨਹੀਂ ਲੈਂਦਾ। ਉਹ 'ਤੂਤਾਂ ਵਾਲਾ ਖੂਹ' ਨਾਵਲ ਵਿੱਚ ਸਿੱਖ-ਮੁਸਲਮ ਏਕਤਾ ਨੂੰ ਦਰਸਾਉਂਦਾ ਹੈ। ਜਾਤ-ਪਾਤ ਦਾ ਭੇਦ ਭਾਵ ਨਾ ਮੰਨਣ ਦਾ ਇਕ ਹੋਰ ਨਮੂਨਾ ਸਾਨੂੰ ਸੀਤਲ ਦੇ ਨਾਵਲ 'ਕਾਲੇ ਪਰਛਾਵੇਂ' ਤੋਂ ਮਿਲਦਾ ਹੈ। ਭਗਤ ਦੁਰਗਾਦਾਸ ਇਕ ਯਤੀਮ ਬੱਚੀ ਨੂੰ ਗੁਰਦੁਆਰਿਉਂ ਉਠਾ ਲਿਆਂਦਾ ਹੈ। ਉਸ ਨਾਲ ਬੁਰਾ ਸਲੂਕ ਕਰਦਾ ਹੈ।ਕਰਮਦੀਨ ਜੋ ਕਿ ਮੁਸਲਮਾਨ ਹੈ,ਉਸ ਬੱਚੀ ਨੂੰ ਉਠਾ ਕੇ ਲੈ ਜਾਂਦਾ ਹੈ ਅਤੇ ਬੜੇ ਪਿਆਰ ਨਾਲ ਉਸਦਾ ਪਾਲਣ ਪੋਸਣ ਕਰਦਾ ਹੈ। ਸਮੁੱਚੇ ਨਾਵਲ ਦਾ ਵਿਸ਼ਾ ਇਸ ਗਲ ਤੇ ਜ਼ੋਰ ਦੇਣਾ ਹੈ ਕਿ ਮਨੁੱਖ ਦੀ ਨੇੜਤਾ ਬਾਹਰੀ ਦਿਖਾਵੇ ਨਾਲ ਜਾਂ ਕਿਸੇ ਧਰਮ ਪਖੋਂ ਨਹੀਂ ਹੁੰਦੀ; ਸਗੋਂ

ਧੁਰ ਆਤਮਾ ਵਿਚ ਵੱਸਦੀ ਇਨਸਾਨੀਅਤ ਸਦਕਾ ਹੈ। ਭਗਤ ਦੁਰਗਾਦਾਸ ਧਰਮ ਕਰਮ ਵਾਲਾ ਮਨੁੱਖ ਹੈ, ਪਰ ਉਸਦਾ ਵਤੀਰਾ ਅਣ-ਮਨੁੱਖੀ ਹੈ। ਕਰਮਦੀਨ ਗੈਰ-ਧਰਮ ਭਾਵ ਮੁਸਲਮਾਨ ਧਰਮ ਦਾ ਹੈ, ਪਰ ਪ੍ਰਕਾਸ਼ ਨਾਲ ਉਸਦਾ ਵਤੀਰਾ ਪੁੱਤਰਾਂ ਨਾਲੋਂ ਵੀ ਚੰਗਾ ਹੈ। ਸੀਤਲ ਦਾ ਮੂਲ ਮੰਤਵ ਹੈ ਕਿ ਸੁਹਿਰਦ ਤੇ ਨੇਕ ਮਨੁੱਖ ਧਰਮ, ਜਾਤਾਂ ਅਤੇ ਨਸਲਾਂ ਦੇ ਵਿਤਕਰਿਆਂ ਤੋਂ ਉਪਰ ਹੁੰਦੇ ਹਨ ਅਤੇ ਉਨ੍ਹਾਂ ਦਾ ਧਰਮ ਕੇਵਲ ਇਨਸਾਨੀਅਤ ਨੂੰ ਪਿਆਰ ਕਰਨਾ ਹੈ।

ਪ੍ਰਗਤੀਵਾਦੀ ਲੇਖਕ ਹਮੇਸ਼ਾ ਇਸਤਰੀ ਜਾਤੀ ਦੀ ਵਕਾਲਤ ਕਰਦਾ ਹੈ। ਇਸ ਆਧਾਰ ਉਤੇ ਜਦ ਅਸੀਂ ਸੀਤਲ ਦੇ ਨਾਵਲਾਂ ਨੂੰ ਪਰਖਦੇ ਹਾਂ ਤਾਂ ਅਸੀਂ ਦੇਖਦੇ ਹਾਂ ਕਿ ਉਹ ਬਹੁਤੇ ਨਾਵਲਾਂ ਵਿਚ ਇਸਤਰੀ ਜਾਤੀ ਦੇ ਹੱਕ ਵਿਚ ਭੁਗਤਦਾ ਪ੍ਰਤੀਤ ਹੁੰਦਾ ਹੈ। ਮਰਦ ਪ੍ਰਧਾਨ ਸਮਾਜ ਵਿਚ ਇਸਤਰੀ ਤੇ ਹੋ ਰਹੇ ਜ਼ੁਲਮ,' ਅਤਿਆਚਾਰ ਦੀ ਮੂੰਹ ਬੋਲਦੀ ਤਸਵੀਰ ਸੀਤਲ ਦੇ ਨਾਵਲਾਂ ਵਿੱਚ ਮਿਲਦੀ ਹੈ ਜਿਵੇਂ 'ਪੁੱਲ ਦਾ ਮਾਸ' ਨਾਵਲ ਦੀ ਚੰਦੋ ਨਾਲ ਪਿਉ ਵਲੋਂ ਹੋਈ ਬੇਇਨਸਾਫੀ ( ਪੈਸੇ ਲੈ ਕੇ 60 ਸਾਲ ਦੇ ਬੁੱਢੇ ਨਾਲ ਵਿਆਹੁਣਾ) ਅਤੇ ਪਤੀ ਦੀ ਮੌਤ ਤੋਂ ਬਾਅਦ ਦੁੱਲੇ ਬਦਮਾਸ਼ ਵਲੋਂ ਦੁਖੀ ਹੋਣਾ ਆਦਿ ਮਰਦਾਂ ਦੇ ਅਤਿਆਚਾਰ ਸਹਿੰਦੀ ਹੋਈ ਆਤਮ-ਹਤਿਆ ਕਰ ਲੈਂਦੀ ਹੈ। ਇਸ ਤੋਂ ਸਿਵਾ ਉਸ ਕੋਲ ਹੋਰ ਕੋਈ ਚਾਰਾ ਨਹੀਂ । ਸੀਤਲ ਦੀਆਂ ਰਚਨਾਵਾਂ ਵਿੱਚੋਂ ਇਸਤਰੀ ਜਾਤੀ ਦੀਆਂ ਤਕਲੀਫਾਂ , ਦੁੱਖਾਂ ਅਤੇ ਮਜ਼ਬੂਰੀਆਂ ਦਾ ਵਰਣਨ ਮਿਲਦਾ ਹੈ ।ਉਹ ਇਸਤਰੀ ਜਾਤੀ ਦੀ ਹੋ ਰਹੀ ਦੁਰਦਸ਼ਾ ਨੂੰ ਭੰਡਦਾ ਹੋਇਆ, ਉਸਨੂੰ ਇਸ ਚੁੰਗਲ ਵਿਚੋਂ ਨਿਕਲਣ ਲਈ ਪ੍ਰੇਰਣਾ ਦਿੰਦਾ ਹੈ। ਜਿਵੇਂ ਮਨਜੀਤ (ਪਤਵੰਤੇ ਕਾਤਲ) ਕੁਲਵੰਤ ਵਲੋਂ ਜਾਣ ਬੁਝ ਕੇ ਨਾ ਪਛਾਣਨ ਤੋਂ ਹੌਸਲਾ ਜ਼ਰੂਰ ਛੱਡ ਦਿੰਦੀ ਹੈ ਪਰ ਆਪਣੇ ਆਪ ਨੂੰ ਸੰਭਾਲ ਲੈਣਾ ਤੇ ਮਰਦ ਦੇ ਜ਼ੁਲਮਾਂ ਦੇ ਖਿਲਾਫ਼ ਆਵਾਜ਼ ਉਠਾਣਾ ਹੀ ਆਪਣੀ ਜ਼ਿੰਦਗੀ ਦਾ ਮਨੋਰਥ ਸਮਝਦੀ ਹੈ। ਇਸ ਤਰ੍ਹਾਂ ਸੀਤਲ ਕਿਤੇ ਸਿੱਧੇ ਕਿਤੇ ਅਸਿੱਧੇ ਤੌਰ ਤੇ ਔਰਤ ਨਾਲ ਹੋ ਰਹੀ ਬੇਇਨਸਾਫੀ ਵਿਰੁਧ ਅਵਾਜ਼ ਬੁਲੰਦ ਕਰਦਾ ਹੈ । ਉਹ ਦਸਦਾ ਹੈ ਕਿ ਔਰਤ ਮਰਦ ਨਾਲੋਂ ਕਿਸੇ ਵੀ ਪੱਖ ਤੋਂ ਘੱਟ ਨਹੀਂ। ਜਿਵੇਂ 'ਧਰਤੀ ਦੀ ਬੇਟੀ' ਦੀ ਰੂਪਾਂ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੀ ਹੈ। ਸੀਤਲ ਇਸਤਰੀ ਜਾਤੀ ਨੂੰ ਆਪ ਕੁੱਝ ਕਰਨ ਅਤੇ

ਹਿੱਕ ਦੇ ਜ਼ੋਰ ਨਾਲ ਅੱਗੇ ਵੱਧਣ ਦੀ ਪ੍ਰੇਰਣਾ ਤੇ ਚੇਤੰਨਤਾ ਪ੍ਰਦਾਨ ਕਰਦਾ ਹੈ। ਇਸ ਮਰਦ ਪ੍ਰਧਾਨ ਸਮਾਜ ਵਿਚ ਇਸਤਰੀ ਤੇ ਹੋ ਰਹੇ ਜ਼ੁਲਮ, ਅਤਿਆਚਾਰ ਵਿਰੁੱਧ ਬਗਾਵਤ ਕਰਨ ਲਈ ਇਸਤਰੀ ਜਾਤੀ ਨੂੰ ਹਲੂਣਾ ਦਿੰਦਾ ਹੈ। ਸਵਰਨੋ ਦਾ ਚਿਤਰਣ ਇਕ ਆਧੁਨਿਕ ਔਰਤ ਪੱਖੋਂ ਕੀਤਾ ਜੋ ਪਰਾਧੀਨਤਾ ਵਿਚ ਦਬੀ ਹੋਈ ਹੋਣ ਦੇ ਬਾਵਜੂਦ ਆਪਣੀ ਅੰਦਰੂਨੀ ਪੁਕਾਰ ਸੁਣਦੀ ਹੈ ਅਤੇ ਅਸੰਤੁਸ਼ਟਾ ਪ੍ਰਾਪਤ ਕਰਦਾ ਹੈ। ਉਹ ਆਪਣੇ ਪਤੀ ਲੱਖਾ ਸਿੰਘ ਨੂੰ ਪਿਆਰ ਨਹੀਂ ਕਰਦੀ ਅਤੇ ਇਸੇ ਕਰਕੇ ਉਹ ਆਪਣੇ ਭੈਣ ਦੇ ਦਿਉਰ ਦਾ ਬੱਚਾ ਜੰਮਦੀ ਹੈ। ਅਜਿਹਾ ਕਰਨ ਵਿਚ ਉਹ ਸ਼ਰਮਾਂਦੀ ਨਹੀਂ। ਇਸ ਪਾਤਰ ਰਾਹੀਂ ਸੀਤਲ ਆਧੁਨਿਕ ਇਸਤਰੀ ਦਾ ਚਿਤਰਣ ਕਰਦਾ ਹੈ।

ਸੀਤਲ ਇਸ ਪ੍ਰਗਤੀਸ਼ੀਲ ਦ੍ਰਿਸ਼ਟੀਕੋਣ ਅਧੀਨ ਇਸਤਰੀ ਦੀ ਸਮਾਜਿਕ ਹਾਲਤ ਸੁਧਾਰਨ ਦਾ ਚਾਹਵਾਨ ਹੈ। ਸੀਤਲ ਅਨੁਸਾਰ, ਇਸਦਾ ਮੁੱਖ ਕਾਰਨ ਮਰਦ ਦੀ ਸਮਾਜਿਕ ਪ੍ਰਧਾਨਤਾ ਹੈ। ਦੂਜਾ ਕਾਰਨ ਇਸਤਰੀ ਦੀ ਆਰਥਿਕ ਪੱਖ ਤੋਂ ਪਰਾਧੀਨਤਾ

ਇਹ ਵੀ ਸੀਤਲ ਦਾ ਪ੍ਰਗਤੀਵਾਦ ਹੀ ਹੈ ਕਿ ਉਹ ਵਰਗਹੀਣ ਸਮਾਜ ਦਾ ਸਮਰੱਥਕ ਹੁੰਦਾ ਹੈਅਤੇ ਉਹ ਮਨੁੱਖਾਂ ਨੂੰ ਵਰਗਹੀਣ ਸਮਾਜ ਦੀ ਸਥਾਪਨਾ ਲਈ ਪ੍ਰੇਰਣਾ ਦਿੰਦਾ ਹੈ। ਸੀਤਲ ਊਚ-ਨੀਚ ਦੇ ਟੋਏਟਿੱਬਿਆਂ ਨੂੰ ਮਿਟਾ ਕੇ ਸਮਤਲ ਧਰਾਤਲ ਪੈਦਾ ਕਰਦਾ ਹੈ ਜਿਸ ਉਪਰ ਪੂੰਜੀਪਤੀ ਅਤੇ ਮਜ਼ਦੂਰ ਬਰਾਬਰੀ ਦੇ ਆਧਾਰ ਉਤੇ ਵਿਚਰਦੇ ਹਨ। ਉਹ ਵਰਗਹੀਣ ਸਮਾਜ ਦੀ ਸਥਾਪਨਾ ਹਿੱਤ ਸ਼ੋਸ਼ਿਤ ਵਰਗ ਨੂੰ ਕਰਾਂਤੀ ਲਈ ਚੇਤੰਨ ਕਰਦਾ ਹੈ। ਇਸਦਾ ਜ਼ਿਕਰ 'ਬਦਲਾ' ਵਿਚ ਮਿਲਦਾ ਹੈ। ਇਸ ਨਾਵਲ ਵਿਚ ਦੇਸ਼ ਵੰਡ ਤੋਂ ਪਹਿਲਾਂ ਜਿਨ੍ਹਾਂ ਜਾਗੀਰਦਾਰਾਂ ਨੇ ਆਪਣੇ ਮੁਜ਼ਾਰਿਆਂ ਨੂੰ ਤੰਗ ਕੀਤਾ ਸੀ, ਜਿਨ੍ਹਾਂ ਮੁਜਾਰਿਆਂ ਦੀਆਂ ਧੀਆਂ ਭੈਣਾ ਦੀ ਇੱਜ਼ਤ ਲੁੱਟੀ ਸੀ, ਉਹੀ ਮੁਜ਼ਾਰੇ ਵੰਡ ਸਮੇਂ ਮੁਸਲਮਾਨਲੀਗੀਆਂ ਦੇ ਆਸਰੇ ਨਾਲ ਉਨ੍ਹਾਂ ਜਾਗੀਰਦਾਰਾਂ ਪਾਸੋਂ ਗਿਣ-ਗਿਣ ਕੇ ਬਦਲੇ ਲੈਂਦੇ ਹਨ। 'ਹੈਦਰ ਪਹਿਲਾਂ ਕਮਿਊਨਿਸਟ ਹੈ, ਤੇ ਫਿਰ ਲੀਗੀ ਬਣ ਜਾਂਦਾ ਹੈ। ਪਰ ਸਿਧਾਂਤਕ ਤੌਰ ਤੇ ਨਾ ਉਹਕਮਿਊਨਿਸਟ ਹੈ , ਨਾ ਮੁਸਲਮਾਨਲੀਗੀ ਉਸਦੇ ਅੰਦਰ ਬਦਲੇ ਦੀ ਅੱਗ ਹੈ। ਜਿਹੜੀ ਪਾਰਟੀ ਵੀ 'ਰਾਏ ਸਾਹਿਬ' ਤੋਂ ਬਦਲਾ ਲੈਣ ਦੀ ਹਾਮੀ ਭਰੇ, ਉਹ ਉਸੇ ਧੜੇ ਦਾ

ਦਾ ਪੁੱਜਾਈ ਹੈ। ਸਮਾਂ ਬਣੇ 'ਤੇ ਉਹ ਬਦਲਾ ਲੈਣ ਵਾਸਤੇ ਬੁਰੇ ਦੇ ਘਰ ਤਕ ਪਹੁੰਚ ਹੈ।"[60] ਸੁਰੇਤ ਪੱਧਰ ਤੇ ਸੀਤਲ ਵਰਗਹੀਣ ਸਮਾਜ ਦਾ ਸਮਰਥਕ ਹੈ।

ਸੀਤਲ ਆਪਣੇ ਨਾਵਲਾਂ ਵਿਚ ਆਰਥਿਕ- ਨਾ-ਬਰਾਬਰੀ ਦੇ ਕਾਰਣ ਪੈਦਾ ਹੋਈਆਂ ਸਮੱਸਿਆਵਾਂ ਨੂੰ ਲੈਂਦਾ ਹੈ ਕਿ ਕਿਸ ਤਰ੍ਹਾਂ ਵੱਡੇ ਜ਼ਿਮੀਦਾਰ ਛੋਟੇ ਕਿਸਾਨਾਂ ਨੂੰ ਪੈਸਾ ਵਿਆਜ ਤੇ ਦੇ ਕੇ ਉਨ੍ਹਾਂ ਦਾ ਸਭ ਕੁੱਝ ਆਪਣਾ ਬਣਾ ਲੈਂਦੇ ਹਨ। ਜਿਵੇਂ 'ਜੁੱਗ ਬਦਲ ਗਿਆ' ਨਾਵਲ ਵਿਚ ਧੰਨੇ ਸ਼ਾਹ 'ਤੂਤਾਂ ਵਾਲਾ ਖੂਹ' ਤੇ ਕਬਜ਼ਾ ਕਰਨਾ ਚਾਹੁੰਦਾ ਹੈ। ਇਸੇ ਦੀ ਪ੍ਰਾਪਤੀ ਲਈ ਉਹ ਸੱਜਣ ਸਿੰਘ ਅਤੇ ਇਲਮਦੀਨ ਨੂੰ ਆਪਣੀ ਕਰਜ਼ਈ ਬਣਾ ਲੈਂਦਾ ਹੈ। ਉਹ ਕਰਜ਼ਈ ਇਸ ਲਈ ਬਣਦੇ ਹਨ ਕਿ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਇਕ ਵਾਰੀ ਪੈਸੇ ਉਧਾਰ ਲੈ ਲੈਂਦੇ ਹਨ। ਮੁੜ ਧੰਨੇ ਸ਼ਾਹ ਉਨ੍ਹਾਂ ਨੂੰ ਆਪਣੇ ਜ਼ਾਲ ਵਿਚ ਫਸਾ ਲੈਂਦਾ ਹੈ। ਕਈ ਮਾਂ-ਪਿਉ ਨੂੰ ਆਰਥਿਕ ਹਾਲਤ ਮੰਦੀ ਹੋਣ ਕਰਕੇ ਆਪਣੀ ਪੰਦਰਾਂ-ਪੰਦਰਾਂ ਸਾਲਾਂ ਦੀ ਕੁੜੀਆਂ ਨੂੰ 60 ਸਾਲੇ ਬੁੱਢਿਆਂ ਨਾਲ ਵਿਆਉਣਾ ਪੈਂਦਾ ਹੈ ਜਾਂ ਉਹ ਵੇਚ ਦਿੰਦੇ ਹਨ।

ਸੀਤਲ ਆਪਣੇ ਨਾਵਲਾਂ ਵਿਚ ਸਮਾਜਿਕ ਬੁਰਾਈਆਂ ਜਿਵੇਂ ਭ੍ਰਿਸ਼ਟਾਚਾਰ, ਨਸ਼ਿਆਂ ਦਾ ਸੇਵਨ ਸੰਤਾਂ ਅਤੇ ਪੰਡਤਾਂ ਦੁਆਰਾ ਫੈਲਾਇਆ ਜਾ ਰਿਹਾ ਅੰਧ-ਵਿਸ਼ਵਾਸ, ਲੁੱਟ-ਖਸੁੱਟ ਅਤੇ ਉਨ੍ਹਾਂ ਦੇ ਪਾਖੰਡਾਂ ਦਾ ਚਿਤਰਣ ਆਮ ਮਿਲਦਾ ਹੈ। ਸੀਤਲ ਉਨ੍ਹਾਂ ਲੋਕਾਂ ਦੀ ਨਿਖੇਧੀ ਕਰਦਾ ਹੈ ਜਿਨ੍ਹਾਂ ਨੇ ਸਿੱਧੀ ਜਾਦੂਗਰੀ ਅਤੇ ਕਰਾਮਾਤਾਂ ਨੂੰ ਆਪਣਾ ਧਰਮ ਬਣਾਇਆ ਹੋਇਆ ਹੈ। ਉਹ ਸਮਝਦਾ ਹੈ ਕਿ ਸੱਚਾ ਧਰਮ ਤਾਂ ਮਨੁੱਖਤਾ ਦਾ ਭਲਾ ਕਰਨਾ ਹੈ । ਇਸ ਲਈ ਉਹ ਸੰਤਾਂ ਅਤੇ ਪੰਡਤਾਂ ਨੂੰ ਆਪਣਾ ਰਾਹ ਬਦਲਕੇ ਮਨੁੱਖਤਾ ਦੇ ਕਲਿਆਣ ਕਰਨ ਦੇ ਮਾਰਗ ਉਤੇ ਚਲਣ ਲਈ ਸਲਾਹ ਦਿੰਦਾ ਹੈ ਜਿਸ ਨਾਲ ਸੰਸਾਰ ਦੇ ਦੁੱਖ ਤਕਲੀਫ਼ਾਂ ਖਤਮ ਹੋ ਜਾਣ। ਗਰੀਬਾਂ ਦੀ ਗ਼ਰੀਬੀ ਖਤਮ ਹੋ ਜਾਵੇ । ਹਰ ਕੋਈ ਬਰਾਬਰ ਦੇ ਹੱਕ ਪ੍ਰਾਪਤ ਕਰੇ।

ਸੀਤਲ ਦੇ ਨਾਵਲਾਂ ਵਿਚ ਹਰ ਤਰ੍ਹਾਂ ਦੇ ਮਾਨਵੀ ਰਿਸ਼ਤੇ ਭਰਪੂਰ ਸਾਰਥਾ ਵਿਚ ਪੇਸ਼ ਕੀਤੇ ਹਨ। ਇਨ੍ਹਾਂ ਰਿਸ਼ਤਿਆਂ ਵਿਚ ਪਿਆਰ, ਜਾਤ-ਪਾਤ ਵਰਗੀਆਂ ਭਾਵਨਾਵਾਂ ਇਕ ਕੜੀ ਦਾ

ਕੰਮ ਕਰਦੀਆਂ ਹਨ। ਨਾਵਲਾਂ ਵਿਚ ਧਨੀ ਕਿਰਸਾਣ ਅਤੇ ਛੋਟੇ ਕਿਰਸਾਣ ਦੇ ਸੰਬੰਧ। ਛੋਟੇ ਕਿਰਸਾਣ ਅਤੇ ਕਾਮਿਆਂ ਦੇ ਸੰਬੰਧ , ਪਰਿਵਾਰਿਕ ਰਿਸ਼ਤੇ ,ਮਾਂ-ਪਿਉ, ਪੁੱਤਰ-ਧੀ, ਅਤੇ ਹੋਰ ਪਰਿਵਾਰਿਕ ਰਿਸ਼ਤੇ, ਪੇਂਡੂ ਸਮਾਜ ਵਿਚ ਲਾਗੀ, ਜ਼ਜਮਾਨੀ ਸੰਬੰਧ, ਪੇਂਡੂ ਸਮਾਜ ਵਿਚ ਔਰਤ ਦਾ ਸਥਾਨ ਆਦਿ ਨੂੰ ਬੜੀ ਕੁਸ਼ਲਤਾ ਨਾਲ ਬਿਆਨ ਕਰਦਾ ਹੈ। ਇਹ ਅਗਾਂਹਵਧੂ ਰੁਚੀਆਂ ਹੀ ਉਸਦਾ ਪ੍ਰਗਤੀਵਾਦ ਹੈ।

## ਹਵਾਲੇ ਅਤੇ ਟਿੱਪਣੀਆਂ


1. ਨਾਨਕ ਸਿੰਘ, ਮੇਰੀ ਦੁਨੀਆ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1968, ਪੰਨਾ 47
2. ਉਹੀ, ਪੰ. 89
3. ਸੀਤਲ, ਸੋਹਣ ਸਿੰਘ, ਮੇਰੀ ਸਾਹਿਤਕ ਸਵੈ-ਜੀਵਨੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1985, ਪੰ. 12
4. ਉਹੀ, ਪੰ. 13
5. ਗਿਆਨੀ, ਨਾਹਰ ਸਿੰਘ, ਆਜ਼ਾਦੀ ਦੀਆਂ ਲਹਿਰਾਂ, ਅਗਸਤ 1910 ਤੋਂ 1960 ਤਕ ਦਾ ਇਤਿਹਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ, 1960, ਪੰ. 188
6. ਖੁਸ਼ਵੰਤ ਸਿੰਘ, ਦੀ ਸਿੱਖਜ਼, ਜਾਰੱਜੇ ਏਲਨ ਐਂਡ ਯਨਵੀਨ ਲਿਮਿਟੇਡ, ਲੰਡਨ, ਪਹਿਲੀ ਵਾਰ 1953, ਪੰ. 102
7. ਮੁਨਸ਼ੀ ਪ੍ਰੇਮ ਚੰਦ, ਹੰਸ, ਅਪ੍ਰੈਲ, 1932, ਪੰ. 40
8. ਨਾਨਕ ਸਿੰਘ, ਮੇਰੀ ਦੁਨੀਆ, ਪੰ. 242
9. ਉਹੀ, ਪੰ. 240-41
10. ਉਪੱਲ, ਸਵਿੰਦਰ ਸਿੰਘ (ਡਾ.), ਨਾਨਕ ਸਿੰਘ ਤੇ ਉਸਦੀ ਕਲਾ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ, ਨਵੀਂ ਦਿੱਲੀ, 1964, ਪੰ. 32
11. ਉਹੀ, ਪੰ. 99
12. ਨਾਨਕ ਸਿੰਘ, ਚਿੱਟਾ ਲਹੂ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1932, ਪੰ. 28
13. ਉਹੀ, ਪੰ. 70
14. ਉਹੀ, ਪੰ. 104
15. ਉਹੀ, ਇਕ ਮਿਆਨ ਦੋ ਤਲਵਾਰਾਂ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਪੰ. 38

16. ਕਰਨ ਜੀਤ ਸਿੰਘ, ਨਾਵਲਕਾਰ ਸੋਹਣ ਸਿੰਘ ਸੀਤਲ, ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 1973, ਪੰ. 89

17. ਸੀਤਲ, ਸੋਹਣ ਸਿੰਘ, ਤੂਤਾਂ ਵਾਲਾ ਖੂਹ, ਸੀਤਲ ਪੁਸਤਕ ਭੰਡਾਰ, ਲੁਧਿਆਣਾ, ਤੀਜੀ ਐਡੀਸਨ, 1976, ਪੰ. 278

18. ਉਹੀ, ਪਤਵੰਤੇ ਕਾਤਲ, ਸੀਤਲ ਪੁਸਤਕ ਭੰਡਾਰ, ਲੁਧਿਆਣਾ, 1955, ਪੰ. 59

19. ਨਾਨਕ ਸਿੰਘ, ਆਸਤਕ-ਨਾਸਤਕ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1957, ਪੰ. 3

20. ਉਹੀ, ਪੁਜਾਰੀ , ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1958, ਪੰ. 2-3

21. ਉਹੀ, ਚਿੱਟਾ ਲਹੂ, ਪ. 41

22. ਸੀਤਲ, ਸੋਹਣ ਸਿੰਘ, ਅੰਨ੍ਹੀ ਸੁੰਦਰਤਾ, ਸੀਤਲ ਪੁਸਤਕ ਭੰਡਾਰ, ਲੁਧਿਆਣਾ, 1952 ਪੰ. 198

23. ਦੇਸਾਈ, ਏ.ਆਰ., ਸੋਸ਼ਲ ਬੈਕ ਗਰਾਊਂਡ ਆਫ਼ ਇੰਡੀਅਨ ਨੈਸ਼ਨਲੀਜ਼ਮ ਐਮੀਨੈਂਟ, ਦੂਜੀ ਐਡੀਸ਼ਨ, ਬੰਬੇ, ਪਾਪੂਲਰ ਬੁੱਕ ਡਿਪੂ, 1954, ਪੰ. 283

24. ਫੌਜਾ ਸਿੰਘ, ਪੰਜਾਬ ਫਰੀਡਮ ਫਾਈਟਰਜ਼ ਆਫ਼ ਪੰਜਾਬ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972, ਪੰ. 18

25. ਨਾਨਕ ਸਿੰਘ, ਪਿਆਰ ਦੀ ਦੁਨੀਆ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1938, ਮੁੱਖ ਬੰਦ, 8

26. ਉਹੀ, ਪੰ.7-8

27. ਉਹੀ, ਪੰ. 38

28. ਉਹੀ, ਖੂਨ ਦੇ ਸੋਹਲੇ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1948, ਪੰ. 13

29. ਉਹੀ, ਟੁੱਟੀ ਹੋਈ ਪਤੰਗ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1951, ਪੰ. 301-02

30. ਗੁਰਚਰਨ ਸਿੰਘ (ਪ੍ਰੋ.), ਪੰਜਾਬੀ ਗਲਪਕਾਰ, ਹਿੰਦ ਪਬਲਿਸ਼ਰਜ਼, ਅੰਮ੍ਰਿਤਸਰ, 1954, ਪੰ. 338

31. ਦੁਸਾਂਝ, ਸੁਰਿੰਦਰ ਸਿੰਘ, ਪੰਜਾਬੀ ਇਤਿਹਾਸਕ ਨਾਵਲ, ਸਿਰਜਣਾ ਪ੍ਰੈਸ, ਲੁਧਿਆਣਾ, 1969, ਪੰ. 122

32. ਨਾਨਕ ਸਿੰਘ, ਇਕ ਮਿਆਨ ਦੋ ਤਲਵਾਰਾਂ, ਪੰ. 6

33. ਬਖਸ਼ੀ, ਯੋਗੇਂਦ੍ਰ, ਹਿੰਦੀ ਤਥਾ ਪੰਜਾਬੀ ਉਪਨਿਆਸੋਂ ਕਾ ਤੁਲਨਾਤਮਕ ਅਧਿਐਨ, ਸ਼ੋਧ ਪ੍ਰਬੰਧ ਪ੍ਰਕਾਸ਼ਨ, ਦਿੱਲੀ, 1976, ਪੰ. 233

34. ਸੀਤਲ, ਸੋਹਣ ਸਿੰਘ, ਤੂਤਾਂ ਵਾਲਾ ਖੂਹ, ਪੰ. 284

35. ਉਹੀ, ਪੰ. 138

36. ਉਹੀ, ਪੰ. 137

37. ਉਹੀ, ਪੰ. 31

38. ਉਹੀ, ਪੰ. 34

39. ਉਹੀ, ਪੰ. 144-45

40. ਕਰਨ ਜੀਤ ਸਿੰਘ, ਨਾਵਲਕਾਰ ਸੋਹਣ ਸਿੰਘ ਸੀਤਲ, ਪੰ. 88

41. ਹਰਚਰਨ ਸਿੰਘ (ਡਾ.), ਜੀਹੀ ਪੰਜਾਬੀ ਸਾਹਿਤ ਦਾ ਇਤਿਹਾਸ, ਨਵਯੁਗ ਪਬਲਿਸ਼ਰਜ਼, ਨਿਊ ਦਿੱਲੀ, 1954, ਪੰ. 9

42. ਗੁਰਚਰਨ ਸਿੰਘ (ਪ੍ਰੋ.), ਪੰਜਾਬੀ ਗਲਪਕਾਰ, ਪੰ. 385

43. ਸੇਠੀ, ਸੁਰਜੀਤ ਸਿੰਘ, ਪੰਜਾਬੀ ਨਾਵਲ, ਕੁਲਦੀਪ ਪਬਲਿਸ਼ਰਜ਼, ਅੰਮ੍ਰਿਤਸਰ, 1957, ਪੰ. 73

44. ਨਾਨਕ ਸਿੰਘ, ਗਰੀਬ ਦੀ ਦੁਨੀਆਂ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1939, ਮੁੱਖ ਬੰਧ (ੲ)

45 ਨਾਨਕ ਸਿੰਘ, ਆਦਮ ਖੋਰ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ,1951, ਪੰ. 4

46. ਉਹੀ, ਕਾਂਡ 17

47. ਉਹੀ, ਕਟੀ ਹੋਈ ਪਤੰਗ, ਪੰ. 293

48. ਉਹੀ, ਨਾਸੂਰ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1953, ਪੰ. 336

49. ਗੁਰਚਰਨਸਿੰਘ (ਪ੍ਰੋ.), ਪੰਜਾਬੀ ਗਲਪ ਦਾ ਇਤਿਹਾਸ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1961 ਪੰ. 208

50. ਕਰਨਜੀਤ ਸਿੰਘ, ਨਾਵਲਕਾਰ ਸੋਹਣ ਸਿੰਘ ਸੀਤਲ, ਪੰ. 101

51. ਸੀਤਲ, ਸੋਹਣ ਸਿੰਘ, ਜੁੱਗ ਬਦਲ ਗਿਆ, ਸੀਤਲ ਪੁਸਤਕ ਭੰਡਾਰ, ਲੁੱਧਿਆਣਾ, ਚੌਥੀ ਵਾਰ 19 ਪੰ. 196

52. ਉਹੀ, ਪੰ. 196

53. ਉਹੀ, ਵੇਖੀ ਮਾਣੀ ਦੁਨੀਆ, ਸੀਤਲ ਪੁਸਤਕ ਭੰਡਾਰ, ਲੁਧਿਆਣਾ, 1983, ਪੰ. 314

54. ਉਹੀ, ਪੰ. 314

55. ਉਹੀ, ਬਦਲਾ, ਦਰਬਾਰ ਪਬਲਿਸ਼ਿੰਗ ਹਾਊਸ, ਅੰਮ੍ਰਿਤਸਰ, 1967, ਪੰ. 94

56. ਨਾਨਕ ਸਿੰਘ, ਮੇਰੀ ਦੁਨੀਆ (ਪੰਜਵੀਂ ਵਾਰ), 1968, ਪੰ. 88

57. ਮਦਾਨ, ਇੰਦਰ ਨਾਥ, ਪ੍ਰੇਮ ਚੰਦ ਪ੍ਰਤਿਭਾ, ਸਰਸਵਤੀ ਪ੍ਰੈਸ, ਇਲਾਹਾਬਾਦ, 1977, ਪੰ. 35

58. ਸੇਖੋਂ, ਸੰਤ ਸਿੰਘ, ਦੀ ਸਨਡੇ ਸਟੈਂਡਰਡ, ਡੇਟ, 28.8.1965, ਮਾਡਰਨ ਪੰਜਾਬੀ ਲਿਟਰੇਚਰ।

59. ਨਾਨਕ ਸਿੰਘ, ਆਦਮ ਖੋਰ, ਮੁੱਖਬੰਧ

60. ਸੀਤਲ, ਸੋਹਣ ਸਿੰਘ, ਵੇਖੀ ਮਾਣੀ ਦੁਨੀਆ, ਪੰ. 315

## ਅਧਿਆਇ ਦੂਜਾ :

*
*
*
*
*
*
*

### ਪ੍ਰਵਿਰਤੀਗਤ ਅਧਿਐਨ

1) ਨਾਨਕ ਸਿੰਘ ਦੇ ਨਾਵਲਾਂ ਦੀਆਂ ਪ੍ਰਮੁੱਖ ਪ੍ਰਵਿਰਤੀਆਂ

2) ਸੋਹਣ ਸਿੰਘ ਸੀਤਲ ਦੇ ਨਾਵਲਾਂ ਦੀਆਂ ਪ੍ਰਮੁੱਖ ਪ੍ਰਵਿਰਤੀਆਂ

3) ਸਮਾਨਤਾਵਾਂ ਤੇ ਵੱਖਰਤਾਵਾਂ

# ਪ੍ਰਵਿਰਤੀਗਤ ਅਧਿਐਨ

ਕਿਸੇ ਵੀ ਭਾਸ਼ਾ ਦੇ ਗਲਪ ਸਾਹਿਤ ਨੂੰ ਵਾਚਦਿਆਂ ਜਿਹੜੀਆਂ ਪ੍ਰਮੁੱਖ ਪ੍ਰਵਿਰਤੀਆਂ ਨਜ਼ਰ ਆਉਂਦੀਆਂ ਹਨ, ਉਨ੍ਹਾਂ ਦਾ ਆਧਾਰ, ਉਸ ਭਾਸ਼ਾ ਦੇ ਬੋਲਣ ਵਾਲਿਆਂ ਦਾ ਸਭਿਆਚਾਰਕ ਵਿਰਸਾ ਅਤੇ ਉਨ੍ਹਾਂ ਦੇ ਸਮਾਜ ਵਿਚ ਵੱਖ-ਵੱਖ ਸਮੇਂ ਤੇ ਆਈਆਂ ਪਦਾਰਥਕ ਅਤੇ ਬੌਧਿਕ ਤਬਦੀਲੀਆਂ ਹੁੰਦੀਆਂ ਹਨ। ਇਨ੍ਹਾਂ ਤਬਦੀਲੀਆਂ ਕਾਰਣ ਹੀ ਸਾਹਿਤ ਵਿਚ ਨਵੀਨ ਪ੍ਰਵਿਰਤੀਆਂ ਪੈਦਾ ਹੁੰਦੀਆਂ ਹਨ। ਜਦੋਂ ਵੀ ਕਿਸੇ ਭਾਸ਼ਾ ਨਾਲ ਸੰਬੰਧਤ ਸਮਾਜ ਨਵੀਨ ਕਦਰਾਂ-ਕੀਮਤਾਂ ਦਾ ਧਾਰਨੀ ਹੁੰਦਾ ਹੈ ਤਾਂ ਉਸਦੇ ਸ਼ੁਰੂ ਵਿਚ ਹੀ ਸਾਹਿਤਕਾਰ ਨਵੀਨ ਪ੍ਰਾਪਤ ਦ੍ਰਿਸ਼ਟੀ ਅਧੀਨ ਪਹਿਲਾਂ ਆਪਣੇ ਵਿਰਸੇ ਦਾ ਪੁਨਰ-ਮੁਲਾਂਕਣ ਕਰਨ ਵਲ ਰੁਚਿਤ ਹੁੰਦੇ ਹਨ।

## ਨਾਨਕ ਸਿੰਘ ਦੇ ਨਾਵਲਾਂ ਦੀਆਂ ਪ੍ਰਮੁੱਖ ਪ੍ਰਵਿਰਤੀਆਂ :

ਨਾਨਕ ਸਿੰਘ ਦਾ ਯੁੱਗ ਪਰਿਵਰਤਨ ਯੁਗ ਸੀ। ਇਸ ਸਮੇਂ ਦੌਰਾਨ ਸਮਾਜ ਵਿਚ ਸਮੇਂ ਸਮੇਂ ਤੇ ਪਰਿਵਰਤਨ ਹੁੰਦੇ ਰਹੇ। ਇਨ੍ਹਾਂ ਪਰਿਵਰਤਨਾਂ ਦੌਰਾਨ ਜੋ ਪ੍ਰਵਿਰਤੀਆਂ ਪੈਦਾ ਹੁੰਦੀਆਂ ਗਈਆਂ ਨਾਨਕ ਸਿੰਘ ਨੇ ਜਿਨ੍ਹਾਂ ਪ੍ਰਵਿਰਤੀਆਂ ਅਧੀਨ ਨਾਵਲਾਂ ਦੀ ਰਚਨਾ ਕੀਤੀ, ਉਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:

ਇਤਿਹਾਸਕ ਪੱਖੋਂ ਦੇਸ਼ ਦੀ ਵੰਡ ਅਤੇ ਭਾਰਤ ਆਜ਼ਾਦ ਹੋਣ ਦੀ ਇਕ ਅਜਿਹੀ ਮਹੱਤਵਪੂਰਨ ਘਟਨਾ ਹੈ ਜਿਸਦਾ ਪੰਜਾਬੀ ਗਲਪ ਤੇ ਗਲਪਕਾਰਾਂ ਤੇ ਪ੍ਰਭਾਵ ਪੈਣਾ ਆਵੱਸ਼ਕ ਸੀ। ਇਸੇ ਪ੍ਰਭਾਵ ਅਧੀਨ ਰਾਸ਼ਟਰਵਾਦੀ ਅਤੇ ਅੰਤਰਰਾਸ਼ਟਰਵਾਦੀ ਪ੍ਰਵਿਰਤੀਆਂ ਪੈਦਾ ਹੋਈਆਂ।

PANJAB UNIVERSITY LIBRARY

### ਰਾਸ਼ਟਰਵਾਦੀ ਚੇਤਨਾ :

ਦੇਸ਼ ਵੰਡ ਤੋਂ ਪਹਿਲਾਂ ਭਾਰਤ ਵਿਚ ਰਾਸ਼ਟਰਵਾਦੀ ਭਾਵਨਾ ਭਾਵ ਸੁਤੰਤਰਤਾ ਪ੍ਰਾਪਤੀ ਲਈ ਦ੍ਰਿੜ ਇਰਾਦੇ ਦਾ ਹੋਣਾ ਜ਼ਰੂਰੀ ਸੀ। ਉਸ ਸਮੇਂ ਉਹੀ ਸਮਾਜ, ਪਾਰਟੀ, ਧੜਾ ਜਾਂ ਵਿਅਕਤੀ ;ਰਾਸ਼ਟਰਵਾਦੀ ਸਮਝਿਆ ਜਾਂਦਾ ਸੀ, ਜੋ ਕਿਸੇ ਨਾ ਕਿਸੇ ਤਰ੍ਹਾਂ ਸੁਤੰਤਰਤਾ ਸੰਗਰਾਮ ਨਾਲ ਜੁੜਾ

541629

ਹੋਵੇ। ਵੰਡ ਤੋਂ ਬਾਅਦ ਅੱਡ-ਅੱਡ ਧਾਰਨਾਵਾਂ ਪ੍ਰਚੱਲਤ ਹੋਈਆਂ। ਭਾਰਤ ਵਿਚ ਧਰਮ, ਸਭਿਆਚਾਰ, ਰਸਮੋ ਰਿਵਾਜ, ਬੋਲੀ ਤੇ ਭੂਗੋਲਿਕ ਭਿੰਨਤਾਵਾਂ ਬਹੁਤ ਜ਼ਿਆਦਾ ਹਨ, ਜਿਨ੍ਹਾਂ ਕਾਰਣ ਇਥੇ ਰਾਸ਼ਟਰ-ਵਾਦ ਦੀ ਮੂਲ ਭਾਵਨਾ ਸਮੁੱਚੇ ਵਾਤਾਵਰਣ ਦੇ ਅਨੁਕੂਲ ਨਹੀਂ। ਨਾ ਹੀ ਇਹ ਭਾਵਨਾ ਸਾਰੇ ਭਾਰਤ ਵਾਸੀਆਂ ਨੂੰ ਇਕ ਲੜੀ ਵਿਚ ਪਰੋ ਕੇ ਰਖ ਸਕੀ। ਇਸ ਲਈ ਭਾਰਤੀ ਰਾਸ਼ਟਰਵਾਦ ਤੋਂ ਭਾਵ ਰਾਜਨੀਤੀ ਪੱਧਰ ਤੇ ਸੰਗਠਿਤ ਇਕਾਈ ਪ੍ਰਤੀ ਪੂਰਨ ਵਫਾਦਾਰੀ ਦਾ ਸਬੂਤ ਦੇਣਾ ਹੀ ਸਿਖਿਆ ਜਾ ਸਕਦਾ ਹੈ। ਨਾਨਕ ਸਿੰਘ ਦਾ ਨਾਵਲ 'ਗਗਨ ਦਮਾਮਾ ਬਾਜਿਓ' ਇਸੇ ਪ੍ਰਵਿਰਤੀ ਅਧੀਨ ਰਚਿਆ ਗਿਆ। ਇਸ ਵਿਚ ਕੱਟੜ ਰਾਸ਼ਟਰਵਾਦ ਦੇ ਪ੍ਰਭਾਵ ਅਧੀਨ ਭਾਵਨਾਵਾਂ ਨੂੰ ਪ੍ਰਗਟਾਇਆ ਗਿਆ ਹੈ। ਇਸ ਨਾਵਲ ਵਿਚ ਫ਼ੌਜੀਆਂ ਦੀ ਬਹਾਦਰੀ, ਸ਼ਹੀਦ ਹੋਣ ਦਾ ਗੌਰਵ, ਹਰ ਇਕ ਨਾਗਰਿਕ ਦੁਆਰਾ ਸੰਕਟ ਸਮੇਂ ਯੋਗਦਾਨ, ਦੁਸ਼ਮਨ, ਦੇਸ਼ ਪ੍ਰਤੀ ਨਫ਼ਰਤ ਦੀ ਭਾਵਨਾ ਆਦਿ ਦਾ ਵਰਣਨ ਮਿਲਦਾ ਹੈ। ਜਿਵੇਂ ਕਿ ਇਸ ਨਾਵਲ ਦੇ ਨਾਇਕ ਮੋਤੀ ਨੇਇਕ ਜਵਾਨ ਨੂੰ (ਜੋ ਕਿ ਚੀਨ-ਭਾਰਤ ਦੀ ਲੜਾਈ ਲਈ ਜਾ ਰਹੇ ਸਨ) ਪੁਛਿਆ:

> ਸਰਦਾਰ ਜੀ, ਉਥੇ ਤਾਂ ਸੁਣਿਆ ਏ, ਦਿਨੇ ਰਾਤ ਹਵਾਈ ਜਹਾਜਾਂ ਤੋਂ ਬੰਬ ਤੇ ਤੋਪਾਂ 'ਚੋਂ ਗੋਲੇ ਵਰ੍ਹਦੇ ਰਹਿੰਦੇ ਨੇ।
>
> ਤੇ ਹੋਰ ਤੇਰਾ ਕੀ ਖਿਆਲ ਏ, ਲੜਾਈ ਦੇ ਮੋਰਚਿਆਂ ਵਿਚ ਲੱਡੂ ਪੇੜੇ ਵੰਡੀਦੇ ਹੁੰਦੇ ਨੇ?
>
> ਮੇਰਾ ਮਤਲਬ ਹੈ, ਤੁਹਾਨੂੰ ਲੋਕਾਂ ਨੂੰ ਡਰ ਨਹੀਂ ਲਗਦਾ ਹੋਵੇਗਾ।
>
> ਵਾਹ, ਇਹ ਵੀ ਖੂਬ ਕਹੀ ਤੂੰ। ਭਲਾ ਦਸ ਖਾਂ ਗਭਰੂਆਂ, ਕੁਠਾਲੀ ਵਿਚ ਪੈਣ ਨਾਲ ਸੋਨੇ ਦਾ ਰੰਗ ਕਾਲਾ ਪੈ ਜਾਂਦਾ ਏ? ਤੂੰ ਸੋਚਦਾ ਹੋਵੇਗਾ ਕਿ ਜਿਥੇ ਹਰ ਵੇਲੇ ਮੌਤ ਸਿਰ ਉਤੇ ਮੰਡਲਾਂਦੀ ਰਹਿੰਦੀਹੈ, ਉਥੇ ਡਰਦੇ ਮਾਰੇ ਸਿਪਾਹੀਆਂ ਦੇ ਪ੍ਰਾਣ ਖੁਸ਼ਕ ਹੋ ਜਾਂਦੇ ਹੋਣਗੇ। ਤਾਂ ਤੂੰ ਭੁਲਦਾ ਹੈ ਜਵਾਨ। ਮੌਤ ਬੇਸ਼ਕ ਡਰਾਉਣੀ ਚੀਜ਼ ਹੈ- ਵੱਡੇ ਵੱਡੇ ਰੁਸਤਮ ਵੀ ਜਿਸਦਾ ਨਾਂ ਸੁਣ ਕੇ ਕੰਬ ਉਠਦੇ ਨੇ। ਪਰ ਜਿਨ੍ਹਾਂ ਲੋਕਾਂ ਦੇ ਦਿਲ ਵਿਚ ਵਤਨ ਦਾ ਪਿਆਰ ਠਾਠਾਂ ਮਾਰ ਰਿਹਾ ਹੋਵੇ ਜਿਹੜੇ ਜਨਮ ਭੂਮੀ ਨੂੰ ਬਚਾਣ ਦਾ ਪ੍ਰਣ ਲੈ ਕੇ ਘਰੋਂ ਨਿਕਲੇ ਹੋਣ, ਉਹਨੂੰ ਕੀ ਆਖੇ ਮੌਤ ਦਾ ਡਰ।[1]

ਨਾਵਲ 'ਮੰਝਧਾਰ' ਵਿਚ ਵੀ ਨਾਨਕ ਸਿੰਘ ਨੇ ਕਾਂਗਰਸੀ ਨੇਤਾਵਾਂ ਨੂੰ ਧੰਨ ਤੇ ਸ਼ਕਤੀ ਦੇ ਵਾਧੇ ਦੀ ਲਾਲਸਾ ਹੇਠ ਆਦਰਸ਼ਹੀਣ ਹੁੰਦੇ ਪੇਸ਼ ਕੀਤਾ ਹੈ। ਇਸ ਨਾਵਲ ਵਿਚ ਡਾ. ਆਨੰਦ ਸੁਤੰਤਰਤਾ ਸੰਗਰਾਮੀ ਹੈ, ਪਰ ਸੁਤੰਤਰਤਾ ਉਪਰੰਤ ਜਦੋਂ ਉਹ ਆਪਣੀਆਂ ਕੁਰਸੀਆਂ ਦੇ ਇਵਜਾਨੇ ਵਜੋਂ ਕਸਟੋਡੀਅਨ ਦਾ ਅਹੁਦਾ ਪ੍ਰਾਪਤ ਕਰਦਾ ਹੈ ਤਾਂ ਉਸਦੀ ਰੁਚੀ, ਇੱਜਤ ਘਟਣ ਦੀ ਲਾਲਸਾ ਅਤੇ ਤਾਕ ਪ੍ਰਾਪਤੀ ਦੀ ਹਵਸ ਵਿਚ ਬਦਲਣੀ ਸ਼ੁਰੂ ਹੋ ਜਾਂਦੀ ਹੈ। ਇਸੇ ਲਈ ਉਹ ਬਲੈਕ ਕਰਨ ਵਾਲਿਆਂ, ਠੱਗਾਂ, ਦੇਸ਼ ਸੇਵਾ ਤੇ ਲੋਕ ਸੇਵਾ ਦੇ ਪਰਦੇ ਹੇਠ ਦੇਸ਼ ਧਰੋਹ ਤੇ ਲੋਕ ਧਰੋਹ ਦਾ ਜਾਲ ਬੁਣਦਾ ਹੈ। ਅਸੈਂਬਲੀ ਦੀ ਮੈਂਬਰੀ ਜਾਂ ਮੰਤਰੀ ਪਦ ਪ੍ਰਾਪਤ ਕਰਨ ਦੇ ਯਤਨ ਪਿਛੇ ਇਹ ਲਾਲਸਾ ਕੰਮ ਕਰਦੀ ਹੈ।

ਇਸ ਵੰਡ ਕਾਰਣ ਹੋਏ ਫਸਾਦ ਅੰਤ ਘਿਣਾਉਣੇ ਅਤੇ ਮਨੁੱਖੀ ਇਤਿਹਾਸ ਦੀ ਸਭ ਤੋਂ ਸ਼ਰਮਨਾਕ ਘਟਨਾ ਸੀ। ਇੰਨੇ ਚਿਰਾਂ ਤੋਂ ਇਕੱਠੇ ਰਹਿੰਦੇ ਆ ਰਹੇ ਮੁਸਲਮਾਨ ਤੇ ਹਿੰਦੂ-ਸਿਖਾਂ ਵਿਚ ਪੈਦਾ ਹੋਈ ਨਫ਼ਰਤ ਦੀ ਭਾਵਨਾ ਬੁਰੀ ਤਰ੍ਹਾਂ ਫੈਲ ਗਈ।

ਨਾਨਕ ਸਿੰਘ (ਪੁਜਾਰੀ, 1957 ਈ.) ਨੂੰ ਗਾਂਧੀਵਾਦੀ ਗਲਪਕਾਰ ਹੋਣ ਕਰਕੇ 'ਦੇਸ਼ ਵੰਡ' ਅਤੇ ਮਜ਼ਹਬੀ ਫਸਾਦ ਮੁਸਲਿਮਲੀਗ ਅਤੇ ਜਿਨਾਹ ਦੀ ਸ਼ਰਾਰਤ ਲਗਦੇ ਹਨ। ਵੰਡ ਵਰਗੀ ਦਰਦਨਾਕ ਤੇ ਦਿਲੋਂ ਹਿਲਾਓ ਘਟਨਾ ਸਮੇਂ ਆਪ ਮੁਸ਼ਕਲਾਂ ਦਾ ਸਾਹਮਣਾ ਕਰ ਰਿਹਾ ਲੇਖਕ ਸੁਭਾਵਿਕ ਤੌਰ ਤੇ ਹੀ ਭਾਵੁਕਤਾ ਦਾ ਸ਼ਿਕਾਰ ਹੋਇਆ। ਇਸ ਲਈ ਡਾ. ਸਵਿੰਦਰ ਸਿੰਘ ਉੱਪਲ ਦਾ ਇਹ ਕਹਿਣਾ ਹੈ ਕਿ ਵੰਡ ਨਾਲ ਸੰਬੰਧਤ ਗਲਪ ਰਚਨਾਵਾਂ ਦਾ ਸੰਤੁਲਿਤ ਵਤੀਰਾ ਹੈ।[2] ਠੀਕ ਪ੍ਰਤੀਤ ਨਹੀਂ ਹੁੰਦਾ ਸਗੋਂ ਰਚਨਾਵਾਂ ਦੇ ਮੁਲਾਂਕਣ ਉਪਰੰਤ ਸਥਿਤੀ ਇਸਦੇ ਉਲਟ ਪ੍ਰਤੀਤ ਹੈ। ਉਦਾਹਰਣ ਵਜੋਂ ਨਾਨਕ ਸਿੰਘ ਦੇ ਨਾਵਲ 'ਅੱਗ ਦੀ ਖੇਡ', 'ਖ਼ੂਨ ਦੇ ਸੋਹਲੇ' ਆਦਿ ਵਿਚ ਵੇਖਿਆ ਜਾ ਸਕਦਾ ਹੈ ਕਿ ਵੰਡ ਨਾਲ ਸੰਬੰਧਿਤ ਘਟਨਾਵਾਂ ਨੂੰ ਨਿਜੀ ਦੁੱਖਾਂ ਦੇ ਪ੍ਰਭਾਵ ਅਧੀਨ, ਜਜ਼ਬਾਤ ਦੀ ਰੌ ਵਿਚ ਉਪ-ਭਾਵੁਕਤਾ ਸਹਿਤ ਪੇਸ਼ ਕੀਤਾ ਗਿਆ ਹੈ। ਨਿਆਏ ਅਤੇ ਤਰਕ ਦੀ ਘਾਟ ਸਪਸ਼ਟ ਹੈ।

ਮੁਸਲਿਮਲੀਗ ਨੂੰ, ਇਨ੍ਹਾਂ ਫਸਾਦਾਂ ਦੀ ਜ਼ਿੰਮੇਦਾਰ ਠਹਿਰਾਉ ਦੀ ਕ੍ਰਿਸ਼ਨਾ (ਨਸੀਮ) ਆਖਦੀ ਹੈ:

> ਇਹ ਗਲ ਮੈਨੂੰ ਬੜੇ ਦੁਖ ਨਾਲ ਕਹਿਣੀ ਪੈਂਦੀ ਹੈ ਕਿ ਹੁਣ ਤਕ ਅਮੂਮਨ ਪਹਿਲ ਮੁਸਲਮਾਨਾਂ ਵੱਲੋਂ ਹੀ ਹੁੰਦੀ ਪ੍ਰਤੀਤ ਹੁੰਦੀ ਰਹੀ ਹੈ, ਜਿਹੜੇ ਮੁਸਲਿਮ ਲੀਗ ਦੀਆਂ ਬਾਰੂਦੀ ਤਕਰੀਰਾਂ ਸੁਣ-ਸੁਣ ਕੇ ਵਹਿਸ਼ੀ ਬਣ ਗਏ ਸਨ। ਪਰ ਇਹ ਕਹਿਣੋਂ ਵੀ ਮੈਂ ਸੰਗਦੀ ਨਹੀਂ ਕਿ ਇਸ ਮਰਜ਼ ਦਾ ਜਿਹੜਾ ਇਲਾਜ ਇਸ ਵੇਲੇ ਅਮਲ ਵਿਚ ਲਿਆਂਦਾ ਜਾ ਰਿਹਾ ਹੈ, ਇਹ ਖ਼ੂਨ ਨਾਲ ਖ਼ੂਨ ਧੋਣ ਵਾਲੀ ਗੱਲ ਹੈ।[3]

ਹਿੰਦੂਆਂ ਅਤੇ ਸਿੱਖਾਂ ਦੇ ਪਰਸਪਰ ਝਗੜਿਆਂ ਦਾ ਮੂਲ ਕਾਰਣ ਪੂੰਜੀਪਤੀ ਸ਼ਕਤੀਆਂ ਦਾ, ਆਪਣੇ ਹਿੱਤਾਂ ਲਈ ਭੋਲੇ-ਭਾਲੇ ਲੋਕਾਂ ਦੀਆਂ ਭਾਵਨਾਵਾਂ ਨੂੰ ਉਭਾਰਨਾ ਸੀ। ਇਸ ਤੋਂ ਵੀ ਗੰਭੀਰ ਸਥਿਤੀ ਉਦੋਂ ਪੈਦਾ ਹੋਈ ਜਦੋਂ ਪੂੰਜੀਵਾਦੀ ਸ਼ਕਤੀਆਂ ਅਰਥਾਤ ਪਿਛਾਂਹ-ਖਿਚੂ ਲੋਕ ਕਾਂਗਰਸ ਪਾਰਟੀ ਅਤੇ ਸਰਕਾਰ ਉਤੇ ਛਾ ਗਏ। ਨਾਨਕ ਸਿੰਘ ਦੇ ਨਾਵਲ 'ਪੁਜਾਰੀ' ਵਿਚ ਕਾਂਗਰਸ ਨੇਤਾ ਆਪਣੇ ਸਵਾਰਥ ਦੀ ਪੂਰਤੀ ਲਈ ਫਿਰਕੂ ਭਾਵਨਾਂ ਨੂੰ ਹਟਾ ਕੇ ਫਸਾਦ ਕਰਾਉਂਦੇ ਹਨ। ਇਸ ਖਿਚੋਤਾਣ ਬਾਰੇ ਨਾਨਕ ਸਿੰਘ ਮੁੱਖ ਬੰਧ ਵਿਚ ਲਿਖਦਾ ਹੈ ਕਿ:

> ਦੋਹਾਂ ਧਿਰਾਂ ਦਾ ਫ਼ਿਰਕੂ ਅਨਸਰ ਜਿਹੜਾ ਅਕਸਰ ਇਸ ਕਿਸਮ ਦੇ ਮੌਕਿਆਂ ਦੀ ਭਾਲ ਵਿਚ ਰਹਿੰਦਾ ਹੈ, ਉਸੇ ਸਮੇਂ ਦੁਪਾਸਿਉਂ ਹਰਕਤ ਵਿਚ ਆ ਗਿਆ। ਇਧਰ ਹਿੰਦੂਆਂ ਨੂੰ ਕਹਿ-ਕਹਿ ਕੇ ਭੜਕਾਇਆ ਜਾ ਰਿਹਾ ਸੀ — ਜਿਸ ਵੀ ਹਿੰਦੂ ਦੇ ਘਰ ਵਿਚ ਗੁਰੂ ਗ੍ਰੰਥ ਸਾਹਿਬ ਦੇਖਿਆ ਜਾਵੇਗਾ ਉਸਨੂੰ ਗੁਰਦੁਆਰਾ ਤਸੱਵਰ ਕਰਕੇ ਅਕਾਲੀ ਕਬਜ਼ੇ ਵਿਚ ਲੈ ਲੈਣਗੇ। ਦੂਜੇ ਪਾਸੇ ਸਿੱਖਾਂ ਵਿਚ ਇਹੋ ਜਿਹੇ ਸ਼ੋਸ਼ੇ ਉਡਾਏ ਜਾਣ ਲੱਗੇ। ਹਿੰਦੂਆਂ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਅਗਨ ਭੇਟ ਤੇ ਜਲ ਪ੍ਰਵਾਹ ਕਰਨਾ ਸ਼ੁਰੂ ਕਰ ਦਿੱਤਾ।[4]

ਅਜਿਹੀ ਸਥਿਤੀ ਵਿਚ ਲੋਕਾਂ ਦਾ ਸੁਤੰਤਰਤਾ ਅਤੇ ਇਨ੍ਹਾਂ ਦੀ ਰਾਖੀ ਕਰਨ ਵਾਲੇ ਨੇਤਾਵਾਂ ਤੋਂ ਵਿਸ਼ਵਾਸ਼ ਉਠੋਂ ਜਾਣਾ ਸੁਭਾਵਿਕ ਹੈ। ਇਸ ਲਈ ਰਾਸ਼ਟਰਵਾਦੀ ਪ੍ਰਵਿਰਤੀ ਦਾ ਨਾਨਕ ਸਿੰਘ ਦੀ ਗਲਪ-ਰਚਨਾ

ਵਿਚ ਜ਼ਾਹਿਰ ਅਤੇ ਚੇਤੰਨ ਤੌਰ ਤੇ ਵਰਣਨ ਕੇਵਲ ਸੰਕਟਕਾਲੀਨ ਸਥਿਤੀਆਂ ਦੌਰਾਨ ਹੀ ਹੋਇਆ ਹੈ।

ਵੰਡ ਤੋਂ ਬਾਅਦ ਲੋਕਾਂ ਨੂੰ ਮੁੜ ਵਸਾਉਣ ਦੀ ਸਮੱਸਿਆ, ਲੋਕਾਂ ਵਿਚ ਇਕ ਦਮ ਅਮੀਰ ਹੋਣ ਦੀ ਲਾਲਸਾ, ਨੇਤਾਵਾਂ ਦਾ ਸਵਾਰਥੀਪਣ, ਸਰਮਾਏਦਾਰੀ ਸ਼ਕਤੀਆਂ ਦਾ ਕੌਮੀ ਵਸੀਲਿਆਂ ਉਤੇ ਕਾਬੂ ਦੇਸ਼ ਵਿਰੋਧੀ ਤੱਤਾਂ ਦੀਆਂ ਸਰਗਰਮੀਆਂ ਆਦਿ ਕਾਰਨ ਉਪਰੋਕਤ ਕੁਰੀਤੀਆਂ ਦੇ ਜ਼ਿੰਮੇਵਾਰ ਸਨ। ਇਸ ਸੰਦਰਭ ਵਿਚ 'ਮੰਝਧਾਰ', 'ਚਿਤ੍ਰਕਾਰ', ਕੋਈ ਹਰਿਆ ਬੂਟ ਰਹਿਓ ਰੀ', 'ਛਲਾਵਾ' ਆਦਿ ਵਰਣਨਯੋਗ ਕ੍ਰਿਤੀਆਂ ਹਨ।

ਅੰਤਰ-ਰਾਸ਼ਟਰੀ ਦ੍ਰਿਸ਼ਟੀ :

ਭਾਰਤ ਦੇ ਸੁਤੰਤਰ ਹੋਣ ਤੋਂ ਪਹਿਲਾਂ ਦੇ ਭਾਰਤ ਦੀ ਅੰਤਰ-ਰਾਸ਼ਟਰੀ ਨੀਤੀ, ਸੁਭਾਵਿਕ ਤੌਰ ਤੇ, ਅੰਗਰੇਜ਼ਾਂ ਦੀ ਨੀਤੀ ਹੀ ਸੀ। ਪਰ ਨਾਲ ਹੀ ਸੁਤੰਤਰਤਾ ਸੰਗਰਾਮ ਸਮੇਂ ਸਮਰੱਥਕ ਦੇਸ਼ਾਂ ਨਾਲ ਮੇਲ-ਜੋਲ ਕਾਇਮ ਹੋਣ ਕਰਕੇ ਅਤੇ ਭਾਰਤ ਵਿਚ ਕਮਿਊਨਿਸਟ ਪਾਰਟੀ ਦੀ ਸਥਾਪਨਾ ਕਰਕੇ, ਗੈਰ-ਸਰਕਾਰੀ ਪੱਧਰ ਤੇ ਵੀ ਅੰਤਰ-ਰਾਸ਼ਟਰੀ ਨੀਤੀ ਅਪਣਾਈ ਗਈ। ਇਸ ਨੀਤੀ ਵਿਚ ਅੰਗਰੇਜ਼ ਹਾਕਮਾਂ ਨਾਲੋਂ ਵੱਖਰੇ ਵਿਚਾਰ ਵੇਖਣ ਵਿਚ ਮਿਲਦੇ ਹਨ। ਗ਼ਦਰ ਕਾਮਾਗਾਟਾਮਾਰੂ ਦੀ ਘਟਨਾ ਆਜ਼ਾਦ ਹਿੰਦ ਫ਼ੌਜ, ਦੂਜੀ ਵਿਸ਼ਵ ਜੰਗ ਸਮੇਂ ਰੂਪ ਦਾ ਸਰਮਾਏਦਾਰੀ ਮੁਲਕਾਂ ਨਾਲ ਮਿਲਕੇ ਹਿਟਲਰ ਵਿਰੁਧ ਲੜਨਾ ਆਦਿ ਕੁੱਝ ਅਜਿਹੀਆਂ ਅੰਤਰਰਾਸ਼ਟਰੀ ਪੱਧਰ ਤੇ ਸਰਗਰਮੀਆਂ ਹਨ ਜਿਨ੍ਹਾਂ ਦਾ ਭਾਰਤੀ ਰਾਜਨੀਤੀ ਅਤੇ ਸਾਹਿਤ ਉਤੇ ਵੀ ਪ੍ਰਭਾਵ ਪਿਆ। ਨਾਨਕ ਸਿੰਘ ਦਾ ਨਾਵਲ 'ਇਕ ਮਿਆਨ ਦੋ ਤਲਵਾਰਾਂ' ਗ਼ਦਰ ਲਹਿਰ ਸੰਬੰਧੀ ਰਚਨਾ ਪ੍ਰਾਪਤ ਹੁੰਦੀ ਹੈ। ਇਸ ਵਿਚ 20ਵੀਂ ਸਦੀ ਦੇ ਪੰਜ ਦਿਹਾਕਿਆਂ ਦੀ ਅੰਤਰ-ਰਾਸ਼ਟਰੀ ਸਥਿਤੀ ਸੰਬੰਧੀ ਸੰਕੇਤਕ ਤੌਰ ਤੇ ਵਰਣਨ ਮਿਲਦਾ ਹੈ। ਇਸ ਤਰ੍ਹਾਂ ਨਾਨਕ ਸਿੰਘ ਨੇ ਜਿਆਦਾਂ ਨਕੌਤਾਂ ਥੋੜਾ ਸਾਹਿਤ ਇਸ ਪ੍ਰਵਿਰਤੀ ਅਧੀਨ ਰਚਿਆ ਗਿਆ।

<u>ਮਾਨਵਵਾਦੀ ਪ੍ਰਵਿਰਤੀ :</u>

ਨਾਨਕ ਸਿੰਘ ਦਾ ਗਲਪ ਸਾਹਿਤ ਮਾਨਵਵਾਦ ਦੇ ਸਿਧਾਂਤ ਦਾ ਲਖਾਇਕ ਹੈ। ਨਾਨਕ ਸਿੰਘ ਨੇ ਆਪਣੇ ਨਾਵਲ 'ਫੌਲਾਦੀ ਫੁੱਲ' ਦੇ ਮੁੱਖ ਬੰਧ ਵਿਚ ਇਸੇ ਭਾਵਨਾਂ ਦਾ ਪ੍ਰਗਟਾਉ ਕੀਤਾ ਹੈ ਉਹ ਕਹਿੰਦਾ ਹੈ ਕਿ ਪੁਸਤਕ ਦਾ ਨਾਉਂ ਫੌਲਾਦੀ ਫੁੱਲ ਬੇਸ਼ਕ ਪਾਠਕਾਂ ਨੂੰ ਕੁਝ ਅਨੋਖਾ ਜਿਹਾ ਜਾਪੇਗਾ ਤੇ ਸ਼ਾਇਦ ਅਨੋਖੇ ਤੋਂ ਛੁਟ ਪਰਸਪਰ ਵਿਰੋਧੀ ਵੀ। ਕਿਉਂਕਿ ਫੌਲਾਦ ਤੇ ਫੁਲ ਦੋ ਬਿਲਕੁਲ ਪ੍ਰਤਜ਼ਾਦ ਚੀਜ਼ਾਂ ਹੁੰਦੀਆਂ ਹਨ। - - - ਪਰ ਆਪਣੇ ਨਾਵਲ ਦੀ ਜਿਸ ਨਾਇਕਾ, ਸਰਲਾ, ਨੂੰ ਮੈਂ ਇਨ੍ਹਾਂ ਦੋ ਪਰਸਪਰ ਵਿਰੋਧੀ ਗੁਣਾਂ ਦੀ ਪ੍ਰਤੀਕ ਦੇ ਤੌਰ ਤੇ ਪੇਸ਼ ਕੀਤਾ ਹੈ - - - ਇਕ ਅਜਿਹਾ ਵਿਅਕਤੀ ਹੈ ਜਿਸਦੇ ਸੁਭਾਉ ਵਿਚ ਫੁਲ ਦੀ ਕੋਮਲਤਾ ਤੇ ਫੌਲਾਦ ਦੀ ਕਰੜਾਈ, ਦੋਵੇਂ ਗੁਣ ਨਾਲੇ-ਨਾਲ ਚਲਦੇ ਹਨ। ਜਿਥੇ ਸੁਹਪਣ, ਸੁਹਿਰਦਤਾ ਤੇ ਕੋਮਲਤਾ ਦੇ ਉਦਗਾਰਾਂ ਨਾਲ ਸਰਲਾ ਦਾ ਹਿਰਦਾ ਲਬਰੇਜ਼ ਹੈ, ਉਥੇ ਸਵੈ-ਸੰਜਮ, ਦ੍ਰਿੜਤਾ ਤੇ ਕਠੋਰਤਾ ਵਰਗੇ ਫੌਲਾਦੀ ਗੁਣ ਵੀ ਉਸ ਅੰਦਰ ਪਾਏ ਜਾਂਦੇ ਹਨ।[5]

ਨਾਨਕ ਸਿੰਘ ਦੇ ਇਸ ਕਾਲ ਦੇ ਨਾਵਲ 'ਸੂਲਾਂ ਦੀ ਸੇਜ' ਤੇ 'ਗੰਗਾ ਜਲੀ ਵਿਚ ਸ਼ਰਾਬ' ਵਿਚ ਸਮਾਜਿਕ ਕੁਰੀਤੀਆਂ ਨੂੰ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਵਿਚ ਪਰਿਵਾਰਕ ਅਤੇ ਸਮਾਜੀ ਰਿਸ਼ਤੇ, ਸਮਾਜਿਕ-ਆਰਥਿਕ ਤੇ ਵਿਅਕਤੀਗਤ ਸਮੱਸਿਆਵਾਂ, ਧਾਰਮਿਕ ਪਾਖੰਡਾਂ ਦੰਭੀ ਸਾਧੂ ਸੰਤਾਂ, ਧੰਨ ਦੌਲਤ ਦੀ ਲਾਲਸਾ ਤੋਂ ਉਤਪੰਨ ਪਰਿਸਥਿਤੀਆਂ, ਵਪਾਰਕ ਹਥਕੰਡਿਆਂ ਅਤੇ ਹਰ ਪ੍ਰਕਾਰ ਦੀਆਂ ਪ੍ਰਚਲਤ ਕੁਰੀਤੀਆਂ ਨੂੰ ਨਿੰਦਦਿਆਂ ਹੋਇਆਂ ਉਸਾਰੂ ਸਮਾਜੀ ਕੀਮਤਾਂ ਉਤੇ ਆਧਾਰਿਤ ਮਾਨਵਵਾਦੀ ਸਮਾਜ ਦੀ ਸਿਰਜਣਾ ਕਰਨ ਦਾ ਯਤਨ ਕੀਤਾ ਹੈ।

ਨਾਵਲ 'ਗੰਗਾਜਲੀ ਵਿਚ ਸ਼ਰਾਬ' ਵਿਚ ਉਰਵਸੀ ਦੇ ਇਹ ਸ਼ਬਦ ਇਸ ਗੱਲ ਦੀ ਪ੍ਰੋੜਤਾ ਕਰਦੇ ਹਨ ਕਿ, "ਮੇਰੀ ਮਾਂ ਮਰਦੀ ਹੈ ਤਾਂ ਮਰੇ, ਘਰ ਬਰਬਾਦ ਹੁੰਦਾ ਹੈ ਤਾਂ ਹੋਵੇ, ਪਰ ਮੈਂ ਇਨ੍ਹਾਂ ਜਕੜਬੰਦਾਂ ਵਿਚ ਹੋਰ ਇਕ ਮਿੰਟ ਲਈ ਵੀ ਕੈਦ ਨਹੀ ਰਹਿ ਸਕਦੀ।"[6] ਮਦਨ ਦੇ ਇਨ੍ਹਾਂ ਸ਼ਬਦਾਂ ਵਿਚ ਵੀ ਮਾਨਵਵਾਦ ਦੀ ਝਲਕ ਨਜ਼ਰ ਆਉਂਦੀ ਹੈ:

ਖ਼ੈਰ, ਇਸ ਬਾਬਤ ਮੈਂ ਬਹੁਤਾ ਕੀ ਕਹਾਂ, ਕਦੀ ਵਕਤ ਹੀ ਸ਼ਾਇਦ ਦੱਸ ਸਕੇ, ਮੈਂ ਤਾਂ ਇਤਨਾ ਹੀ ਜਾਣਦਾ ਹਾਂ ਕਿ ਮੋਤੀ ਦਾ ਜਨਮ ਮੋਤੀ ਦੇਪੇਟੋਂ ਨਹੀਂਹੁੰਦਾ ਨਾ ਹੀ ਕੰਵਲ ਦਾ ਜਨਮ ਫੁਲਵਾੜੀ ਵਿਚੋਂ। ਹੋ ਸਕਦਾ ਹੈ ਤੂੰ ਕਿਸੇ ਇਹੋ ਜਿਹੀ ਗੱਲ ਵੱਲ ਇਸ਼ਾਰਾ ਕਰ ਰਹੀ ਹੋਵੇਂ, ਉਸ ਤੋਂ ਬਾਅਦ ਸਿਧੀਆਂ ਦੀ ਪੜਚੋਲ ਨਾਲ ਮੇਰਾ ਵਾਸਤਾ ਹੀ ਕੋਈ ਨਹੀਂ ਰਿਹਾ।[7]

ਨਾਵਲ 'ਲਵ ਮੈਰਿਜ' ਵਿਚ ਨਾਨਕ ਸਿੰਘ ਨੇ ਸਮਕਾਲੀ ਪੰਜਾਬੀ ਸਮਾਜ ਦੀ ਨਵੀਂ ਸਮੱਸਿਆ 'ਪਿਆਰ-ਵਿਆਹ' ਨੂੰ ਪੇਸ਼ ਕਰਦਿਆਂ ਹੋਇਆਂ ਉਸ ਦਾ ਸਮਾਧਾਨ ਕੀਤਾ ਹੈ। ਨਾਨਕ ਸਿੰਘ ਨਾਵਲ 'ਧੁੰਧਲੇ ਪਰਛਾਵੇਂ' ਵਿਚ ਗ਼ਰੀਬ ਤੇ ਬੇਸਹਾਰਾ ਲੜਕੀਆਂ ਦੇ ਵੇਸ਼ਵਾ ਬਣਨ ਦੀ ਸਮੱਸਿਆ ਅਰਥਾਤ ਉਨ੍ਹਾਂ ਦੀ ਇਸ ਹਾਲਤ ਦੇ ਜ਼ਿੰਮੇਵਾਰ ਬਦਇਖ਼ਲਾਕ ਤੇ ਬਦਮਾਸ਼ ਲੋਕਾਂ ਦੇ ਵਿਵਹਾਰ ਨੂੰ ਬਿਆਨ ਅਤੇ ਇਨ੍ਹਾਂ ਤਰਸ ਪਾਤਰ ਕੁੜੀਆਂ ਨੂੰ ਗੰਦੀ ਜ਼ਿੰਦਗੀ ਵਿਚੋਂ ਕੱਢ ਕੇ ਉਹ ਆਦਰਸ਼ ਵਾਲਾ ਜੀਵਨ ਬਤੀਤ ਕਰਦਿਆਂ ਹੋਇਆਂ ਪੇਸ਼ ਕੀਤਾ ਹੈ। ਨਾਨਕਸਿੰਘ ਦੇ ਅਜਿਹੇ ਯਤਨਾਂ ਤੋਂ ਪ੍ਰਭਾਵਿਤ ਹੋ ਕੇ ਹੀ ਸਵਿੰਦਰ ਸਿੰਘ ਉੱਪਲ ਨਾਨਕ ਸਿੰਘ ਨੂੰ ਐਚ.ਜੀ. ਵੈਲਜ਼ ਵਾਂਗ ਸਮਾਜ ਸੁਧਾਰ ਦਾ ਮਨੋਰਥ ਲੈ ਕੇ ਚਲਿਆ ਹੋਇਆ ਗਲਪਕਾਰ ਮੰਨਦਾ ਹੈ।[8] ਨਾਨਕ ਸਿੰਘ ਆਪਣੀਆਂ ਗਲਪ ਕਿਰਤਾਂ ਵਿਚ ਆਦਰਸ਼ ਧਰਾਤਲ ਦਾ ਸਹਾਰਾ ਲੈਂਦਾ ਹੈ।

ਨਾਵਲ 'ਪਿਆਰ ਦੀ ਦੁਨੀਆਂ' ਵੰਡ ਤੋਂ ਪਹਿਲਾਂ ਛਪਿਆ। ਨਾਨਕ ਸਿੰਘ ਦੀਆਂ 30 ਗਲਪ ਪੁਸਤਕਾਂ ਵਿਚੋਂ ਇਕ ਹੈ। ਇਸ ਵਿਚ ਸੁਤੰਤਰਤਾ ਸੰਗਰਾਮ ਨਾਲ ਸੰਬੰਧਿਤ ਇਕ ਲਹਿਰ ਦਾ ਸੰਕੇਤਕ ਤੌਰ ਤੇ ਵਰਣਨ ਹੈ। ਇਸ ਰਚਨਾ ਵਿਚ ਯਕਰਾਓ ਲਹਿਰ ਨੂੰ ਗਲਤ ਸਿੱਧ ਕਰਦਿਆਂ ਇਸ ਨੂੰ ਖ਼ਤਮ ਹੁੰਦੇ ਦਿਖਾਇਆ ਹੈ। 'ਭਾਰਤ ਪੁਤਰੀ' ਜੋ ਨਾਵਲ ਦੀ ਨਾਇਕਾ ਤੇ 'ਯਕਰਾਓ ਲਹਿਰ' ਪਾਰਟੀ ਦੀ ਸਰਗਰਮ ਵਰਕਰ ਹੈ, ਦੇਸ਼ ਦੀ ਸੁੰਤੰਤਰਤਾ ਖ਼ਾਤਰ ਨਾਰੀ ਉਪਰ ਵਿਆਹ ਨਾ ਕਰਾਉਣ ਦਾ ਪ੍ਰਣ ਲੈਂਦੀ ਹੈ ਅਤੇ ਆਪਣੀਆਂ ਸਰਗਰਮੀਆਂ ਰਾਹੀਂ ਸਾਰੀ ਸਰਕਾਰੀ ਮਿਸ਼ਨਰੀ

ਨੂੰ ਭੈ-ਭੀਤ ਕਰ ਦੇਂਦੀ ਹੈ ਪਰ ਅੰਤ ਵਿਚ ਉਹ ਹਿੰਸਕ ਕਾਰਵਾਈਆਂ ਦੇ ਵਿਰੁੱਧ ਹੋ ਕੇ ਇਸ ਰਸਤੇ ਤੋਂ ਅਲੱਗ ਹੋ ਜਾਂਦਾ ਹੈ।

ਪਿਆਰ ਦੀ ਦੁਨੀਆਂ ਰਚਾ ਕੇ ਅਰਥਾਤ ਵਿਆਹਕਰਵਾ ਕੇ ਜੀਵਨ ਨਿਰਬਾਹ ਕਰਨ ਲਗ ਜਾਂਦੀ ਹੈ। ਇਸ ਤਰ੍ਹਾਂ ਲੇਖਕ ਨੇ ਸੁਤੰਤਰਤਾ ਸੰਗਰਾਮ ਸੰਬੰਧੀ ਰੁਮਾਂਚਕ ਕਥਾਨਕ ਅੰਦਰ-ਜਾਸੂਸੀ ਢੰਗ ਦਾ ਵਾਤਾਵਰਣ ਪੈਦਾ ਕਰਨ ਅਤੇ ਹਿੰਸਕ ਵਿਚਾਰਾਂ ਨੂੰ ਨਿੰਦਣ ਲਈ ਹੀ 'ਯਕਰਾਉ ਲਹਿਰ' ਨੂੰ ਸੰਕੇਤਕ ਤੌਰ ਤੇ ਆਧਾਰ ਬਣਾਇਆ ਹੈ।

ਪੂਰਵ ਸੁਤੰਤਰਤਾ ਕਾਲ ਵਿਚ ਨਾਨਕ ਸਿੰਘ ਆਪਣੀ ਨਾਵਲ ਰਚਨਾ ਰਾਹੀਂ 'ਫ਼ਿਰਕੂ-ਭਾਵਨਾਂ' ਦਾ ਵਿਰੋਧ ਕਰਕੇ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਪਾਏ ਭੁਲੇਖਿਆਂ ਨੂੰ ਦੂਰ ਕਰਨ ਦਾ ਯਤਨ ਕਰਦਾ ਹੈ। ਇਸ ਸੰਬੰਧੀ ਨਾਨਕ ਸਿੰਘ ਨੇ 'ਚਿੱਟਾ ਲਹੂ' ਨਾਵਲ ਵਿਚ ਧਿਆਨ ਨਾਲ ਆਦਰਸ਼ ਮੁਸਲਮਾਨ ਪਾਤਰਾਂ ਨੂੰ ਪੇਸ਼ ਕੀਤਾ ਹੈ। ਇਸ ਨਾਵਲ ਵਿਚ ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਨੂੰ ਧਾਰਮਿਕ ਫਿਰਕੂਪੁਣੇ ਤੋਂ ਸੁਤੰਤਰ ,ਸੁਖੀ ਜੀਵਨ ਬਤੀਤ ਕਰਦਿਆਂ ਦਿਖਾਇਆ ਹੈ।

ਨਾਵਲ 'ਗ਼ਰੀਬ ਦੀ ਦੁਨੀਆਂ' ਵਿਚ ਫ਼ਿਰਕੂ ਭਾਵਨਾਂ ਦਾ ਕਾਰਨ ਸਰਮਾਏਦਾਰੀ ਸ਼ਕਤੀਆਂ ਨੂੰ ਮਿਥੰਦਿਆਂ ਹੋਇਆਂ ਲੋਕਾਂ ਨੂੰ ਇਨ੍ਹਾਂ ਤੋਂ ਬਚਣ ਦੀ ਪ੍ਰੇਰਣਾ ਦਿੱਤੀ ਹੈ ਅਤੇ ਨਾਲ ਹੀ ਸਰਮਾਏਦਾਰਾਂ ਨੂੰ ਪਛਤਾਵੇ ਦੀ ਅੱਗ ਵਿਚ ਜਲਦਿਆਂ ਦਿਖਾਇਆ ਹੈ ਜਿਵੇਂ ਰਾਇਸਾਹਿਬ ਪਸ਼ਚਾਤਾਪ ਕਰਦਿਆਂ ਕਹਿੰਦਾ ਹੈ:

> ਪੁੱਤਰ ਮੈਂ ਪਸ਼ਚਾਤਾਪ ਕਰਦਾ ਹਾਂ । ਸਿਰ ਹਿਲਾਂਦਿਆਂ ਰਾਇ ਸਾਹਿਬ ਨੇ ਕਿਹਾ।[9]

'ਖ਼ੂਨ ਦੇ ਸੋਹਲੇ', ਅੱਗ ਦੀ ਖੇਡ' ਨਾਵਲ ਵੀ ਵੰਡ ਤੋਂ ਬਾਪਦਿਆਂ 1946 ਵਿਚ ਸ਼ੁਰੂ ਹੋਏ ਫ਼ਿਰਕੂ ਫ਼ਸਾਦਾਂ ਦਾ ਵਰਣਨ ਕੀਤਾ ਹੈ । ਨਾਨਕ ਸਿੰਘ ਨੇ ਪੂਰਵ ਸੁਤੰਤਰਤਾ ਕਾਲ ਵਿਚ ਨਿਡਰ ਹੋ ਕੇ ਫ਼ਿਰਕੂ ਭਾਵਨਾਂ ਵਿਰੁਧ ਆਵਾਜ਼ ਉਠਾਈ ਅਤੇ ਵਾਪਰਨ ਵਾਲੇ ਦਰਦਨਾਕ ਦੁਖਾਂਤ

ਭੋ ਲੋਕਾਂ ਨੂੰ ਚੇਤੰਨ ਕਰਦਿਆਂ ਹੋਇਆਂ ਉਨ੍ਹਾਂ ਅੰਦਰ ਮਾਨਵਵਾਦੀ ਭਾਵਨਾਂ ਉਜਾਗਰ ਕਰਨ ਦੇ ਉਪਰਾਲੇ ਕੀਤੇ, ਪਰ ਇਸਦਾ ਘੇਰਾ ਸੀਮਿਤ ਹੀ ਰਿਹਾ।

ਪ੍ਰਗਤੀਵਾਦੀ ਪ੍ਰਵਿਰਤੀ :

ਨਾਨਕ ਸਿੰਘ ਦੇ ਫਿਰਕੂ ਭਾਵਨਾਂ ਪ੍ਰਤੀ ਨਫਰਤ ਪੈਦਾ ਕਰਨ ਵਾਲੇ ਨਾਵਲਾਂ 'ਗਰੀਬ ਦੀ ਦੁਨੀਆਂ', 'ਚਿੱਟਾ ਲਹੂ' 'ਅੱਗ ਦੀ ਖੇਡ' ਆਦਿ ਨੂੰ ਉਸਦੀ ਪ੍ਰਗਤੀਵਾਦੀ ਚੇਤਨਾ ਦਾ ਸੂਚਕ ਮੰਨਿਆ ਜਾ ਸਕਦਾ ਹੈ। ਇਨ੍ਹਾਂ ਰਚਨਾਵਾਂ ਵਿਚ ਸਰਮਾਏਦਾਰੀ ਸ਼ਕਤੀਆਂ ਦੀ ਚਾਲ ਨੂੰ ਫਿਰਕੂ ਫ਼ਸਾਦਾਂ ਲਈ ਜ਼ਿੰਮੇਵਾਰ ਮੰਨਿਆ ਹੈ। ਦੂਜੇ ਪਾਸੇ ਧੰਨ ਅਤੇ ਸ਼ਕਤੀ ਦੀ ਭਾਵਨਾਂ ਦੀ ਲਾਲਸਾ ਨੇ ਸੁਤੰਤਰਤਾ ਸੰਗਰਾਮੀਆਂ ਨੂੰ ਵੀ ਆਚਰਣਹੀਣ ਕਰ ਦਿੱਤਾ।[10] ਅਤੇ ਲੋਕ ਰਿਸ਼ਵਤਖੋਰੀ, ਸਮਗਲਿੰਗ, ਕੁਨਬਾ-ਪਰਵਾਰੀ ਆਦਿ ਹਰ ਪ੍ਰਕਾਰ ਦੀਆਂ ਕੁਰੀਤੀਆਂ ਨੂੰ ਆਪਣੇ ਜੀਵਨ ਦਾ ਅੰਗ ਬਣਾ ਬੈਠੇ। ਪਰ ਇਹ ਸਭ ਕੁਝ ਖਤਮ ਕਰਨ ਲਈ ਨਾਨਕ ਸਿੰਘ ਨੇ ਪ੍ਰਗਤੀਵਾਦੀ ਪਾਤਰ ਵੀ ਉਘਾੜੇ ਹਨ। ਜੋ ਇਨ੍ਹਾਂ ਕੁਰੀਤੀਆਂ ਨੂੰ ਖਤਮ ਕਰਕੇ ਇਕ ਪ੍ਰਗਤੀਸ਼ੀਲ ਦੇਸ਼ ਦੀ ਸਥਾਪਨਾ ਕਰਨਾ ਚਾਹੁੰਦੇ ਹਨ ਜਿਵੇਂਕਿ 'ਪਿਆਰ ਦੀ ਦੁਨੀਆਂ' ਨਾਵਲ ਵਿਚ ਪ੍ਰੀਤਮ ਸਿੰਘ ਰਿਸ਼ਵਤਖੋਰੀ ਦੇ ਵਿਰੁੱਧ ਜਾਂਦਾ ਹੈ ਤੇ ਇਸ ਮੰਤਵ ਨੂੰ ਪੂਰਿਆਂ ਕਰ ਦਿਖਾਂਦਾ ਹੈ।

> ਕਈ ਪਰਚਿਆਂ ਵਿਚ ਤਾਂ ਇਥੋ ਤਕ ਪੜ੍ਹਿਆ ਗਿਆ, 'ਪੰਜਾਬ ਦੇ ਇਤਿਹਾਸ ਵਿਚ ਇਹ ਪਹਿਲਾ ਹੀ ਮੌਕਾ ਹੈ, ਜਦ ਕਿਸੇ ਪੁਲਸ ਕਰਮਚਾਰੀ ਵਲੋਂ ਬਦ ਅਨਵਾਨੀਆਂ ਦੇ ਖ਼ਿਲਾਫ ਏਡੀ ਭਾਰੀ ਮੁਹਿੰਮ ਸ਼ੁਰੂ ਕੀਤੀ ਗਈ ਹੋਵੇ।[11]

'ਮੰਝਧਾਰ' ਨਾਵਲ ਦੇ ਨਾਇਕ ਤਾਂ ਆਨੰਦ ਨੂੰ ਸੁਤੰਤਰਤਾ ਸੰਗਰਾਮੀ ਦੇ ਰੂਪ ਵਿਚ ਉਚੇ ਆਦਰਸ਼ਾਂ ਦਾ ਧਾਰਨੀ ਦਿਖਾਂਦੇ ਹੋਏ ਸੁਤੰਤਰਤਾ ਉਪਰੰਤ ਇਸ ਚੱਕਰ-ਵਿਊ ਵਿਚ ਪੈਂਦਿਆਂ ਦਿਖਾਇਆ ਹੈ। ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਹਿੰਦੂ-ਮੁਸਲਮਾਨ ਅਤੇ ਪੰਜਾਬ ਵਿਚ ਹਿੰਦੂ-ਸਿੱਖ ਫਿਰਕੂ ਖਿਚੋਤਾਣ ਅਤੇ ਨਤੀਜੇ ਵਜੋਂ ਫ਼ਸਾਦ ਹੋਣੇ ਸ਼ੁਰੂ ਹੋ ਗਏ। ਪਰ ਨਾਨਕ ਸਿੰਘ ਵਰਗੇ ਨਾਵਲਕਾਰ

ਨੇ ਸਰਕਾਰ ਦੀ ਇਸ ਨੀਤੀ ਤੋ ਲੋਕਾਂ ਨੂੰ ਸੁਚੇਤ ਕਰਨ ਦੇ ਯਤਨ ਕੀਤੇ। ਨਾਨਕ ਸਿੰਘ ਦੇ ਨਾਵਲ 'ਪੁਜਾਰੀ' ਵਿਚ ਹਿੰਦੂ-ਸਿੱਖ ਫਸਾਦਾਂ ਦੀ ਜ਼ਿੰਮੇਵਾਰੀ ਸਰਕਾਰ ਦੇ ਸਿਰ ਸੁਣੀ ਗਈ ਹੈ ਜੋ ਲੇਖਕ ਅਨੁਸਾਰ ਅਸਲੀ ਤੌਰ ਤੇ ਅੰਗਰੇਜ਼ਾਂ ਵਾਂਗ ਹੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਤੇ ਚਲ ਰਹੀ ਸੀ। ਨਾਨਕ ਸਿੰਘ ਨੇ ਇਸ ਪ੍ਰਵਿਰਤੀ ਦੇ ਉਦੇਸ਼ ਧਾਰਮਿਕ ਅੰਧ-ਵਿਸ਼ਵਾਸ਼ ਤੇ ਪੁਰਾਤਨਵਾਦ ਦਾ ਵਿਰੋਧ ਇਸਤਰੀ ਦੇ ਸਮਾਜਿਕ ਤੇ ਹੋਰ ਬੰਧਨਾਂ ਦਾ ਜੋ ਉਸਨੂੰ ਪੁਰਖ ਦੇ ਅਧੀਨ ਕਰਦੇ ਹਨ,ਵਿਰੋਧ, ਕਿਰਤ ਤੇ ਪੂੰਜੀ ਦੀ ਟੱਕਰ, ਵਿਚ ਪੂੰਜੀ ਦੇ ਅਨਿਆਂਈਂ ਅਧਿਕਾਰਾਂ ਦਾ ਵਿਰੋਧ, ਤੇ ਕਿਰਤੀ ਕਲਿਆਣ ਦਾ ਸਮਰੱਥਨਆਦਿ ਨੂੰ ਆਪਣੇ ਨਾਵਲਾਂ ਵਿਚ ਪੇਸ਼ ਕੀਤਾ ਹੈ। ਇਸ ਤੋ ਇਲਾਵਾ ਇਸ ਪ੍ਰਵਿਰਤੀ ਨੂੰ ਦ੍ਰਿੜਤਾ ਨਾਲ ਅਪਣਾਇਆ।

ਨਾਨਕ ਸਿੰਘ ਨੇ ਪ੍ਰਗਤੀਸ਼ੀਲ ਵਿਚਾਰਧਾਰਾ ਵਾਲੀ ਚੇਤਨਤਾ ਨੂੰ ਨਾਵਲਾਂ ਦਾ ਆਧਾਰ ਬਣਾਇਆ ਨਾਵਲ ਕੋਈ 'ਹਰਿਆ ਬੂਟ ਰਹਿਓ ਰੀ' ਵਿਚ ਵੀ ਇਹ ਚੇਤਨਤਾ ਉਭਰ ਕੇ ਸਾਹਮਣੇ ਆਉਂਦੀ ਹੈ।

ਆਦਰਸ਼ਵਾਦੀ ਪ੍ਰਵਿਰਤੀ :

ਆਦਰਸ਼ਵਾਦੀ ਪ੍ਰਵਿਰਤੀ ਦੇ ਸਭ ਤੋ ਵੱਡੇ ਲੇਖਕ ਨਾਨਕ ਸਿੰਘ ਅਤੇ ਗੁਰਬਖਸ਼ ਸਿੰਘ ਹਨ। ਆਦਰਸ਼ਵਾਦੀ ਪ੍ਰਵਿਰਤੀ 1950 ਈ: ਤਕ ਪੰਜਾਬੀ ਨਾਵਲ ਦੀ ਉਭਰਵੀਂ ਪ੍ਰਵਿਰਤੀ ਰਹੀ ਹੈ। ਇਹੀ ਕਾਰਣ ਹੈ ਕਿ ਨਾਨਕ ਸਿੰਘ ਦੇ ਨਾਵਲਾਂ ਵਿਚ ਆਦਰਸ਼ਵਾਦ ਦੀ ਭਾਵਨਾਂ ਵੇਖਣ ਨੂੰ ਮਿਲਦੀ ਹੈ। ਨਾਨਕ ਸਿੰਘ ਹਰ ਨਾਵਲ ਵਿਚ ਹੀ ਸਮਾਜ ਦੀ ਕਿਸੇ ਨਾ ਕਿਸੇ ਸਮੱਸਿਆ ਨੂੰ ਲੈਂਦਾ ਹੈ। ਅਤੇ ਉਸ ਸਮੱਸਿਆ ਨੂੰ ਖਤਮ ਕਰਨ ਦਾ ਸਮਾਧਾਨ ਵੀ ਦਸਦਾ ਹੈ। ਉਹ ਸਮੱਸਿਆ ਪੇਸ਼ ਕਰਨ ਲਗਿਆਂ ਤਾਂ ਯਥਾਰਥਵਾਦੀ ਹੀ ਰਹਿੰਦਾ ਹੈ, ਪਰ ਜਦੋ ਕੋਈ ਸਮਾਧਾਨ ਦੇਣਾ ਹੋਵੇ ਤਾਂ ਆਦਰਸ਼ਵਾਦੀ ਹੋ ਬੈਠਦਾ ਹੈ। ਜਿਸ ਤਰ੍ਹਾਂ ਦੇ ਆਦਰਸ਼ਵਾਦ ਬਾਰੇ ਪ੍ਰੋ: ਪਿਆਰਾ ਸਿੰਘ ਲਿਖਦਾ ਹੈ ਕਿ:

> ਆਦਰਸ਼ਵਾਦ ਜੀਵਨ ਨੂੰ ਨਵੀਂ ਦ੍ਰਿਸ਼ਟੀ ਤੋ ਵੇਖਣ ਤੇ ਜੀਵਨ ਮੁੱਲਾਂ ਨੂੰ ਨਵੇਂ ਰੂਪ ਵਿਚ ਸਥਾਪਿਤ ਕਰਨ ਦਾ ਚਾਹਵਾਨ ਹੁੰਦਾ ਹੈ। ਆਦਰਸ਼-ਵਾਦ ਸਮਾਜਿਕ ਕਮਜ਼ੋਰੀਆਂ ਨੂੰ ਹਮਦਰਦੀ ਪੂਰਵਕ ਦੂਰ ਕਰਨ ਲਈ ਪਿਆਰ ਜਾਂ ਸਹਿਜ ਪਿਆਰ ਦਾ ਰਾਸਤਾ ਅਖਤਿਆਰ ਕਰਦਾ ਹੈ।

ਉਸੇ ਕਿਸਮ ਦਾ ਆਦਰਸ਼ਵਾਦ ਨਾਨਕ ਸਿੰਘ ਦੇ ਨਾਵਲਾਂ ਵਿਚ ਮਿਲਦਾ ਹੈ। ਨਾਵਲ 'ਮਤਰੇਈ ਮਾਂ' ਵਿਚ ਆਪਣੇ ਮਤਰੇਏ ਪੁੱਤਰ ਮਦਨ ਨਾਲ ਬਦਸਲੂਕੀ ਕਰਦੀ ਹੈ। ਉਸਨੂੰ ਪੜ੍ਹਨ-ਲਿਖਣ ਅਤੇ ਕੁੱਝ ਬਣਨ ਬਾਰੇ ਸੋਚਣ ਦਾ ਸਮਾਂ ਵੀ ਨਹੀ ਦਿੰਦੀ। ਪਰ ਨਾਨਕ ਸਿੰਘ ਅੰਤ ਵਿਚ ਮਦਨ ਨੂੰ ਗੁਆਂਢੀਆਂ ਦੀ ਸਹਾਇਤਾ ਨਾਲ ਪੜ੍ਹਾ ਕੇ ਸਰਕਾਰੀ ਵਕੀਲ ਬਣਾ ਦਿੰਦਾ ਹੈ।

ਨਾਨਕ ਸਿੰਘ ਆਪਣੇ ਨਾਵਲਾਂ ਵਿਚ ਵੇਸ਼ਵਾਵਾਂ ਨੂੰ ਵੀ ਆਦਰਸ਼ਵਾਦੀ ਢੰਗ ਨਾਲ ਚਿਤ੍ਰਦਾ ਹੈ। 'ਕਾਗਤਾਂ ਦੀ ਬੇੜੀ' ਨਾਵਲ ਦੀ ਵੇਸ਼ਵਾ ਦਾ ਆਦਰਸ਼ਵਾਦ ਤਾਂ ਵੇਖਣ ਵਾਲਾ ਹੈ। ਪ੍ਰੇਮ ਦੀ ਪਤਨੀ ਜਦੋਂ ਵੇਸ਼ਵਾ ਕੋਲ ਜਾ ਕੇ ਆਪਣੀ ਮੰਦੀ ਅਵਸਥਾ ਬਾਰੇ ਦਸਦੀ ਹੈ ਤਾਂ ਵੇਸ਼ਵਾ ਉਸਤੇ ਤਰਸ ਖਾ ਕੇ ਪ੍ਰੇਮ ਦੁਆਰਾ ਲਿਆਂਦੇ ਹੋਏ ਗਹਿਣੇ ਹੀ ਵਾਪਸ ਨਹੀਂ ਕਰਦੀ, ਸਗੋਂ ਪ੍ਰੇਮ ਨੂੰ ਅੱਗੇ ਤੋਂ ਆਪਣੇ ਕੋਠੇ ਤੇ ਆਉਣ ਤੋਂ ਵੀ ਰੋਕ ਦਿੰਦੀ ਹੈ। 'ਚਿੱਟਾ ਲਹੂ' ਦੀ ਗੁਰਦੇਈ, ਸੁੰਦਰੀ ਦੇ ਕਹਿਣ ਤੇ ਪਿੰਡ ਵਿਚ ਮੁਜਰਾ ਨਾ ਕਰਨ ਲਈ ਮੰਨ ਜਾਂਦੀ ਹੈ ਅਤੇ 'ਨਾਸੂਰ' ਵਿਚ ਬਾਲੀ ਮੰਗਤੂ ਦੇ ਕਹਿਣ ਤੇ ਆਪਣਾ ਪੇਸ਼ਾ ਹੀ ਛੱਡ ਦਿੰਦੀ ਹੈ।

ਯਥਾਰਥਵਾਦੀ ਪ੍ਰਵਿਰਤੀ :

ਨਾਨਕ ਸਿੰਘ ਦਾ ਸਮੁੱਚੇ ਨਾਵਲ ਸਾਹਿਤ ਦਾ ਸੁਭਾਅ ਆਦਰਸ਼ਵਾਦੀ ਵੀ ਹੈ ਅਤੇ ਯਥਾਰਥਵਾਦੀ ਵੀ। ਨਾਨਕ ਸਿੰਘ ਦੇ ਨਾਵਲਾਂ ਦਾ ਉਦੇਸ਼ ਇਸਤਰੀ ਦੀ ਅਵਸਥਾ ਵਿਚ ਸੋਧ ਲਿਆਉਣਾ ਹੈ। ਭਾਰਤੀ ਸਮਾਜ ਵਿਚ ਇਸਤਰੀ ਦੀ ਹਾਲਤ ਸਦਾ ਨਿਘਰੀ ਹੋਈ ਰਹੀ ਹੈ। ਇਸ ਦਾ ਯਥਾਰਥਿਕ ਚਿਤਰਣ ਨਾਨਕ ਸਿੰਘ ਨੇ ਆਪਣੇ ਨਾਵਲ 'ਕਟੀ ਹੋਈ ਪਤੰਗ' ਵਿਚ ਕੀਤਾ ਹੈ। ਨਾਨਕ ਸਿੰਘ ਯਥਾਰਥਵਾਦ ਪੇਸ਼ ਕਰਨ ਲਗਿਆਂ ਝਿਝਕਦਾ ਨਹੀ। ਉਸਦੇ ਆਪਣੇ ਸ਼ਬਦਾਂ ਵਿਚ 'ਇਸ ਨਾਵਲ ਰਾਹੀਂ ਸਮਾਜ ਦੇ ਜਿਸ ਅੰਗ ਉਤੇ ਮੈਂ ਤੁਹਾਡੀ ਨਜ਼ਰ ਪੁਆਣੀ ਚਾਹੁੰਦਾ ਹਾਂ ਸਾਡੀ ਮਨੁੱਖਤਾ ਦੇ ਅਧੇ ਅੰਗ ਇਸਤਰੀ ਜਾਤੀ ਦੀ ਕਰੁਣਾ-ਕਥਾ --- ਇਸਤਰੀ ਜਾਤੀ ਦੀ ਮੌਜੂਦਾ ਹਾਲਤ ਨੂੰ ਵਿਸਥਾਰਨ ਲਗਿਆਂ ਕੋਈ ਇਸਤਰੀ ਨੂੰ ਮਰਦ ਦੇ ਪੈਰ ਦੀ ਜੁੱਤੀ, ਦਰਸਾਂਦਾ ਹੈ। ਇਸਨੂੰ ਮਰਦ ਲਈ ਐਯਾਸ਼ੀ ਦੀ ਖੁਰਾਕ ਦਸ ਕੇ ਸਮਾਜ ਨੂੰ ਕੋਸਦਾ ਹੈ, ਤੇ ਕੋਈ ਹੋਰ ਉਪਮਾਵਾਂ ਤੇ ਨਾਵਾਂ ਨਾਲ ਇਸਦੀ ਵਿਆਖਿਆ ਕਰਦਾ ਹੈ।[13]

ਨਾਨਕ ਸਿੰਘ ਨੇ ਸਰਮਾਏਦਾਰਾਂ ਦੀਆਂ ਕਾਲੀਆਂ ਕਰਤੂਤਾਂ ਜਿਵੇਂ ਔਰਤ ਨੂੰ ਗੁਮਰਾਹ ਕਰਕੇ ਆਪਣੀ ਹਵਸ ਦਾ ਸ਼ਿਕਾਰ ਬਣਾਉਣਾ ਅਤੇ ਪੈਸਾ ਬਣਾਉਣ ਲਈ ਗਲਤ ਤੋਂ ਗਲਤ ਕੰਮ ਕਰਨ ਤੋ ਵੀ ਨਹੀਂ ਡਰਨਾ ਆਦਿ ਨੂੰ ਯਥਾਰਥਿਕ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਨਾਵਲ 'ਧੁੰਧਲੇ ਪਰਛਾਵੇਂ' ਵਿਚ ਦਵਿੰਦਰ ਇਕ ਅਜਿਹਾ ਸਰਮਾਏਦਾਰ ਪਾਤਰ ਹੈ ਜਿਸਨੇ ਸੁਭੱਦਰਾ ਤੇ ਉਸਦੀ ਮਾਂ ਨਾਲ ਸੰਬੰਧ ਜੋੜ ਕੇ ਉਨ੍ਹਾਂ ਨੂੰ ਬਰਬਾਦ ਕਰ ਛੱਡਿਆ। ਨਾਨਕ ਸਿੰਘ ਇਨ੍ਹਾਂ ਸਰਮਾਏਦਾਰਾਂ ਬਾਰੇ ਲਿਖਦਾ ਹੈ:

> ਮੈਂ ਤੁਹਾਨੂੰ ਸੱਚ ਕਹਿੰਦਾ ਹਾਂ ਕਿ ਇਸ ਨਾਵਲ ਵਿਚਲੀ ਕਹਾਣੀ ਮੇਰੀ ਮਨੋ ਕਲਪਿਤ ਨਹੀਂ ਇਹ ਇਕ ਸੱਚ ਤੇ ਬੀਤੀ ਘਟਨਾ ਹੈ। ਅੱਜ ਵੀ ਉਸ ਖਾਨਦਾਨ ਦੇ ਕੁੱਝ ਨਾਓ ਮਾਤਰ ਮੈਂਬਰ ਇਸ ਧਰਤੀ ਤੇ ਮੌਜੂਦ ਹਨ, ਜਿਨ੍ਹਾਂ ਦਾ ਮਲੀਆ ਮੇਟ ਕਰਨ ਲਈ ਇਕ ਉਘੇ ਮਾਇਆਧਾਰੀ ਨੇ ਆਪਣੀ ਅਕਲ, ਦੌਲਤ ਤੇ ਉਮਰ ਦਾ ਕਾਫੀ ਹਿੱਸਾ ਖਰਚ ਕਰ ਦਿੱਤਾ ਸੀ। ਮੈਂ ਇਸ ਵਿਚ ਕੇਵਲ ਨਾਵਾਂ-ਥਾਵਾਂ ਤੇ ਘਟਨਾਵਾਂ ਦੀ ਹੀ ਅਦਲਾ-ਬਦਲੀ ਕੀਤੀ ਹੈ।[14]

ਸਰਮਾਏਦਾਰ, ਆਪਣੇ ਮਿਲ ਮਜ਼ਦੂਰਾਂ ਨਾਲ ਜੋ ਵਰਤਾਵ ਕਰਦੇ ਹਨ, ਉਸ ਦਾ ਯਥਾਰਥਿਕ ਚਿਤਰਣ 'ਗਰੀਬ ਦੀ ਦੁਨੀਆਂ' ਦੇ ਸ਼ਕਰ ਨਾਮੀ ਪੁਰਖ ਪਾਤਰ ਰਾਹੀਂ ਉਭਰ ਕੇ ਸਾਹਮਣੇ ਆਉਂਦਾ ਹੈ। ਇੰਦਰ ਸਿੰਘ ਚਕਰਵਰਤੀ ਇਸ ਪਾਤਰ ਬਾਰੇ ਲਿਖਦਾ ਹੈ:

> 'ਗਰੀਬ ਦੀ ਦੁਨੀਆਂ' ਵਿਚ ਨਾਨਕ ਸਿੰਘ ਨੇ ਗਰੀਬ ਮਜ਼ਦੂਰਾਂ ਦਾ ਜਿਹੜਾ ਚਿੱਤਰ 'ਸ਼ੰਕਰ' ਦੇ ਰੂਪ ਵਿਚ ਪੇਸ਼ ਕੀਤਾ ਹੈ, ਉਸਨੂੰ ਦੇਖ ਕੇ ਡਰ ਲਗਣ ਲਗ ਪੈਂਦਾ ਹੈ। ਅਰ ਭਾਰਤ-ਸਪੁਤਰਾਂ ਦੀ ਹਾਲਤ ਤੇ ਕਿਸਮਤ ਵੀ ਸਿਰ ਧੁਨ ਦੀ ਜਾਪਦੀ ਹੈ।[15]

ਇਸ ਤਰ੍ਹਾਂ ਨਾਨਕ ਸਿੰਘ ਦੇ ਨਾਵਲਾਂ ਵਿਚ ਯਥਾਰਥਵਾਦੀ ਪ੍ਰਵਿਰਤੀ ਮਿਲਦੀ ਹੈ। ਨਾਨਕ ਸਿੰਘ ਨਿਰੋਲ ਯਥਾਰਥਵਾਦੀ ਤਾਂ ਨਹੀ ਕਿਤੇ-ਕਿਤੇ ਉਹ ਕਲਪਨਾ ਨਾਲ ਵੀ ਕੰਮ ਲੈਂਦਾ ਹੈ। ਨਾਨਕ ਸਿੰਘ ਦੇ ਨਾਵਲ ਪੂੰਜੀਵਾਦ ਦਾ ਚਿਤਰਣ ਵੀ ਸਪਸ਼ਟ ਰੂਪ ਵਿਚ ਕਰਦੇ ਹਨ। ਪਿਆਰ ਅਨੁਭਵ ਤੇ ਲਿੰਗਕ

ਸੰਬੰਧ ਵਿਗਾੜ, ਸਮਾਜਿਕ ਕੀਮਤਾਂ ਇਹ ਪੂੰਜੀਵਾਦੀ ਪ੍ਰਵਿਰਤੀ ਅਧੀਨ ਆਉਂਦੀਆਂ ਹਨ। ਪਰੰਤੂ ਪੰਜਾਬੀ ਗਲਪ ਸਾਹਿਤ ਵਿਚਲੇ ਪੂੰਜੀਵਾਦੀ ਵਤੀਰੇ ਦੇ ਵਿਸ਼ਲੇਸ਼ਣਾਤਮਕ ਅਧਿਐਨ ਲਈ ਦੋ ਆਧਾਰ ਮੌਜੂਦ ਹਨ। ਪਹਿਲਾ ਆਧਾਰ ਭਾਰਤੀ ਅਰਥ-ਵਿਵਸਥਾ ਕਾਰਨ ਪੂੰਜੀਵਾਦੀ ਬਿਰਤੀ ਦਾ ਪੈਦਾ ਹੋਣਾ ਹੈ, ਅਤੇ ਦੂਜਾ ਆਧਾਰ ਇਸ ਪੂੰਜੀਵਾਦੀ ਬਿਰਤੀ ਤੋਂ ਉਤਪੰਨ ਪਰਿਸਥਿਤੀਆਂ ਹਨ। 'ਆਦਮਖੋਰ' ਨਾਵਲਦਾ ਵਿਸ਼ਾ ਪੂੰਜੀਵਾਦੀ ਹੈ ਅਰਥਾਤ ਪੂੰਜੀਵਾਦੀ ਪ੍ਰਵਿਰਤੀ ਨੂੰ ਇਸ ਨਾਵਲ ਦਾ ਆਧਾਰ ਬਣਾਇਆ ਹੈ। ਇਸ ਭ੍ਰਿਸ਼ਟਾਚਾਰ, ਦੁਰਾਚਾਰ ਤੇ ਸਮਾਜਿਕ ਤਾਕਤਾਂ ਦੀ ਚੜ੍ਹਤ ਤੇ ਜਥੇਬੰਦੀ ਹੈ, ਪੂੰਜੀਵਾਦੀ ਦੇਸ਼ ਲਈ ਖਤਰਾ ਸਭ ਐਬਾਂ ਦੀ ਜੜ੍ਹ ਹੈ, ਇਸ ਵਿਚ ਇਸਤਰੀ ਜਾਤੀ ਦੀ ਦੁਰਦਸ਼ਾ ਸਭ ਨਾਲੋਂ ਵਧੇਰੇ ਹੁੰਦੀ ਹੈ। 'ਅਮਰ ਕੌਰ' ਸੁਲੋਚਨਾ ਤੇ ਚਿੰਤਾਮਣੀ ਸਭ ਦੁਖੀ ਹਨ। ਹਿੰਸਾ, ਕਤਲ, ਖੂਨ 'ਪਾਰਟੀ ਪ੍ਰਾਪੇਗੰਡਾ' ,ਲਹਿਰ ਨਾਲ ਜੁੜਨਾ' ਦਾ ਉਪਰਾਲਾ ਵੀ ਹੈ। ਅਮੀਰਾਂ ਤੋਂ ਨਫਰਤ ਦਰਸਾ ਕੇ ਸੰਕੇਤ ਕੀ ਹੈ,ਕਿ ਇਲਾਜ਼ ਘਰ ਵਿਚ ਲਭੇਗਾ, ਅਮੀਰ ਦੀ ਪਤਨੀ, ਉਸਦਾ ਪੁੱਤਰ ਹੀ ਹੋਰ ਸਮਾਜਵਾਦੀ ਤਾਕਤਾਂ ਨੂੰ ਉਭਾਰ ਕੇ ਜਾਗ੍ਰਤੀ ਲਿਆਉਣਗੇ।

'ਨਾਸੂਰ', 'ਵਰ ਨਹੀਂ ਸਰਾਪ' ਨਾਵਲਾਂ ਵਿਚ ਨਾਨਕ ਸਿੰਘ ਨੇ ਪੂੰਜੀਵਾਦ ਨੂੰ ਲਿਆ ਹੈ ਕਿ ਜੇ ਪੂੰਜੀਪਤੀ ਮਰਦ ਵਧੀਕੀ ਕਰਦਾ ਹੈ ਤਾਂ ਪੂੰਜੀਧਾਰੀ ਇਸਤਰੀ ਵੀ ਗਰੀਬਾਂ ਦਾ ਸੋਸ਼ਣ ਘੱਟ ਨਹੀਂ ਕਰਦੀ। ਇਸ ਤਰ੍ਹਾਂ ਪੂੰਜੀਵਾਦ ਨੂੰ ਚਿਤਰਣ ਲਗਿਆਂ ਵੀ ਨਾਨਕ ਸਿੰਘ ਯਥਾਰਥ ਨੂੰ ਸਾਹਮਣੇ ਰਖਦਾ ਹੈ।

ਇਤਿਹਾਸਕ ਦ੍ਰਿਸ਼ਟੀ :

ਵੀਹਵੀਂ ਸਦੀ ਦੇ ਦੂਜੇ ਦਹਾਕੇ ਤੋਂ ਆਰੰਭ ਹੋਈ, ਪੰਜਾਬੀ ਗਲਪ ਸਾਹਿਤ ਦੀ ਪ੍ਰਗਤੀਵਾਦੀ ਲਹਿਰ, ਦੂਜੀ ਵਿਸ਼ਵ ਜੰਗ, ਸੁਤੰਤਰਤਾ ਸੰਗਰਾਮ, ਸੁਤੰਤਰਤਾ ਪ੍ਰਾਪਤੀ ਅਤੇ ਵੰਡ ਤੋਂ ਉਤਪੰਨ ਸਥਿਤੀਆਂ ਦੇ ਫਲਸਵਰੂਪ ਆਪਣਾ ਪ੍ਰਭਾਵ ਕਾਫੀ ਹੱਦ ਤਕ ਗੁਆ ਚੁਕੀ ਸੀ। ਦੂਜੀ ਵਿਸ਼ਵ ਜੰਗ ਵਿਚ ਐਲਾਇਡ ਫੌਜ਼ਾਂ ਲਾਲ ਰੂਸ ਦੇ ਗਠ-ਜੋੜ ਕਾਰਣ, ਭਾਰਤੀ ਪ੍ਰਗਤੀਵਾਦੀ ਨੇਤਾ ਤੇ ਲੇਖਕ ਦਵੰਦਮਈ ਸਥਿਤੀ ਵਿਚ ਫਸ ਗਏ। ਇਕ ਪਾਸੇ ਸੁਤੰਤਰਤਾ ਸੰਗਰਾਮ ਅੰਗਰੇਜ਼ਾਂ ਦੀ ਗੰਭੀਰ

ਸਥਿਤੀ ਤੋਂ ਲਾਭ ਉਠਾਉਣ ਦੇ ਯਤਨ ਵਿਚ ਸਨ, ਦੂਜੇ ਪਾਸੇ ਵਿਸ਼ਵ ਜੰਗ ਵਿਚ ਅੰਗਰੇਜ਼ਾਂ ਦੀ ਜਿੱਤ ਹੀ ਪ੍ਰਗਤੀਵਾਦੀ ਲੋਕਾਂ ਦੀ ਜਿੱਤ ਸਮਝੀ ਜਾ ਰਹੀ ਸੀ। ਇਸਦੇ ਨਾਲ ਹੀ ਆਜ਼ਾਦ ਹਿੰਦ ਫੌਜ ਸੁਭਾਸ਼ ਚੰਦਰ ਬੋਸ ਦੀ ਅਗਵਾਈ ਹੇਠ, ਜਪਾਨੀਆਂ ਨਾਲ ਮਿਲ ਕੇ, ਬਰਮਾ ਦੀ ਧਰਤੀ ਤੇ ਫੌਜੀ ਸ਼ਕਤੀ ਨਾਲ ਭਾਰਤੀ ਸੁਤੰਤਰਤਾ ਲਈ ਸੰਘਰਸ਼ ਕਰ ਰਹੀ ਸੀ। ਇਨ੍ਹਾਂ ਸਥਿੱਤੀਆਂ ਵਿਚ ਹਰੇਕ ਭਾਰਤੀ ਕੋਲੋਂ ਆਸ ਨਹੀ ਰਖੀ ਜਾਂਦੀ ਸੀ ਕਿ ਉਹ ਸੁਤੰਤਰਤਾ ਸੰਗਰਾਮ ਵਿਚ ਵਿਚ ਸਰਗਰਮ ਹਿੱਸਾ ਪਾਵੇ , ਪਰ ਭਾਰਤੀ ਕਮਿਊਨਿਸਟ ਦੁਚਿੱਤੀ ਦੀ ਹਾਲਤ ਵਿਚ ਹੀ ਰਹੇ ਨਤੀਜੇ ਵਜੋਂ ਆਮ ਲੋਕਾਂ ਵਿਚ ਕਮਿਊਨਿਸਟ ਵਿਚਾਰਧਾਰਾ ਪ੍ਰਤੀ ਸਹਾਨਭੂਤੀ ਘੱਟ ਗਈ।[16] ਇਸਦਾ ਪ੍ਰਭਾਵ ਸੁਭਾਵਿਕ ਤੌਰ ਤੇ ਸਾਹਿਤ ਉਤੇ ਵੀ ਪਿਆ।

ਦੂਜੀ ਵਿਸ਼ਵ ਜੰਗ ਤੋਂ ਪੈਦਾ ਹੋਈ ਅੰਗਰੇਜ਼ੀ ਸਾਮਰਾਜ ਦੀ ਕਮਜ਼ੋਰ ਰਾਜਨੀਤਕ ਤੇ ਆਰਥਿਕ ਸਥਿਤੀ ਨੂੰ ਸਾਹਮਣੇ ਰਖਦਿਆਂ ਭਾਰਤੀ ਨੇਤਾਵਾਂ ਵਲੋਂ ਦੇਸ਼ ਵਿਆਪੀ ਸੁਤੰਤਰਤਾ ਅੰਦੋਲਨ ਵੱਡੀ ਪੱਧਰ ਉਤੇ ਆਰੰਭ ਕੀਤਾ ਗਿਆ। ਇਸ ਅੰਦੋਲਨ ਦੇ ਤੀਖਣ ਪ੍ਰਭਾਵ ਸਾਹਮਣੇ ਕਮਿਊਨਿਸਟ ਲਹਿਰ ਦਾ ਖੜ੍ਹੇ ਹੋ ਸਕਣਾ ਸੰਭਵ ਨਹੀ ਸੀ। ਇਸ ਕਾਰਣ, ਇਸ ਦੌਰ ਵਿਚ ਸਾਹਿਤ ਵਿਚ ਸੁਤੰਤਰਤਾ ਪ੍ਰਾਪਤੀ ਦੇ ਉਦੇਸ਼ ਦੀ ਪੂਰਤੀ ਲਈ ਸੰਘਰਸ਼ ਦਾ ਵਰਣਨ ਕਰਨ ਵਾਲੀਆਂ ਕਿਰਤਾਂ ਦੀ ਹੀ ਰਚਨਾ ਹੁੰਦੀ ਰਹੀ।

ਇਸ ਸਮੇਂ ਧਨ ਅਤੇ ਸ਼ਕਤੀ ਦੀ ਲਾਲਸਾ ਨੇ ਸੁਤੰਤਰਤਾ ਸੰਗਰਾਮੀਆਂ ਨੂੰ ਵੀ ਆਚਰਨ-ਹੀਣ ਕਰ ਦਿੱਤਾ।[17] ਅਤੇ ਉਹ ਰਿਸ਼ਵਤਖੋਰੀ, ਸਮਗਲਿੰਗ, ਕੁਨਬਾ ਪਰਵਾਰੀ ਆਦਿ ਹਰ ਪ੍ਰਕਾਰ ਦੀਆਂ ਕੁਰੀਤੀਆਂ ਨੂੰ ਆਪਣੇ ਜੀਵਨ ਦਾ ਅੰਗ ਬਣਾ ਬੈਠੇ। 'ਮੰਝਧਾਰ' ਨਾਵਲ ਵਿਚ ਨਾਨਕ ਸਿੰਘ ਦੇ ਨਾਇਕ ਆਨੰਦ ਨੂੰ ਸੁਤੰਤਰਤਾ ਸੰਗਰਾਮੀ ਦੇ ਰੂਪ ਵਿਚ ਉਚੇ ਆਦਰਸ਼ਾਂ ਦਾ ਧਾਰਨੀ ਦਿਖਾਦੇ ਹੋਏ ਸੁਤੰਤਰਤਾ ਇਸ ਚੱਕਰ-ਵਿਊ ਵਿਚ ਘਿਰਦਿਆਂ ਵਿਖਾਇਆ ਹੈ। ਇਸੇ ਤਰ੍ਹਾਂ ਇਤਿਹਾਸਕ ਦ੍ਰਿਸ਼ਟੀ ਅਧੀਨ ਨਾਨਕ ਸਿੰਘ ਨੇ 'ਇਕ ਮਿਆਨ ਦੋ ਤਲਵਾਰਾਂ' ਨਾਵਲ ਰਚਿਆ।

ਇਸ ਨਾਵਲ ਵਿਚ ਸਰਮਾਏਦਾਰਾਂ ਦੀ ਅਯਾਸ਼ੀ ਪਰ-ਇਸਤਰੀ-ਗਮਨ, ਆਪਣੇ ਮਨੋਰਥ ਦੀ ਸਿੱਧੀ ਲਈ ਕਈਆਂ ਨੂੰ ਪਾਰ ਬੁਲਾਉਣਾ, ਮਜ਼ਦੂਰਾਂ ਦੇ ਹੱਕ ਮਾਰਨਾ, ਪੁਲਿਸ ਨਾਲ ਮਿਲਕੇ ਅਤਿਆਚਾਰ ਕਰਨ ਤੇ ਸਭ ਤੋਂ ਵੱਧ ਕੇ ਇਸਤਰੀ ਜਾਤੀ ਉੱਤੇ ਜ਼ੁਲਮ ਕਰਨ ਦੀ ਕਹਾਣੀ ਦਰਜ ਹੈ। ਪਤੀ-ਪਿਆਰ ਤੋਂ ਹੀਣੀਆਂ ਕਾਮਣੀਆਂ/ਕੱਟੀਆਂ ਹੋਈਆਂ ਪਤੰਗਾਂ ਹੀ ਤਾਂ ਹਨ।/ਸਮਕਾਲੀ ਸਮਾਜ ਨਾਲ ਜੋੜਨ ਲਈ ਮਜ਼ਦੂਰਾਂ ਯੂਨੀਅਨਾਂ, ਹੜਤਾਲਾਂ, ਜਲੂਸ ਲਾਠੀ ਚਾਰਜ ਆਦਿ ਦਾ ਜ਼ਿਕਰ ਇਸਨੂੰ ਨਾਨਕ ਸਿੰਘ ਦੇ ਪਹਿਲੇ ਦੌਰ ਦੇ ਸੁਧਾਰਵਾਦੀ ਨਾਵਲਾਂ ਨਾਲੋਂ ਨਿਖੇੜਨ ਤੇ ਉਚਿਆਉਣ ਵਾਲੇ ਹਨ।

ਅੰਤ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਨਾਨਕ ਸਿੰਘ ਨੇ ਆਪਣੇ ਸਮੇਂ ਵਾਪਰੀ ਹਰ ਘਟਨਾ ਤੋਂ ਪੈਦਾ ਹੋਈਆਂ ਤਬਦੀਲੀਆਂ ਦੇ ਪ੍ਰਭਾਵ ਨੂੰ ਗ੍ਰਹਿਣ ਕੀਤਾ ਹੈ ਅਤੇ ਆਪਣੀ ਹਰ ਰਚਨਾ ਵਿਚ ਕਿਸੇ ਨਾ ਕਿਸੇ ਢੰਗ ਨਾਲ ਬਿਆਨ ਕਰਨ ਵਿਚ ਸਫ਼ਲਹੋਇਆ ਹੈ।

## ਸੋਹਣ ਸਿੰਘ ਸੀਤਲ ਦੀਆਂ ਪ੍ਰਮੁੱਖ ਪ੍ਰਵਿਰਤੀਆਂ :

ਸੋਹਣ ਸਿੰਘ ਸੀਤਲ ਪੰਜਾਬੀ ਕਿਸਾਨੀ ਜੀਵਨ ਦਾ ਇਕ ਪ੍ਰਮਾਣਿਕ ਚਿਤੇਰਾ ਹੈ। ਉਸਨੇ ਆਪਣੇ ਅਨੁਭਵ ਦੇ ਪ੍ਰਗਟਾਵੇ ਲਈ ਭਿੰਨ-ਭਿੰਨ ਪ੍ਰਵਿਰਤੀਆਂ ਨੂੰ ਆਪਣੇ ਨਾਵਲਾਂ ਦਾ ਆਧਾਰ ਬਣਾਇਆ ਹੈ। ਦੂਜੀ ਵਿਸ਼ਵਾ ਜੰਗ, ਦੇਸ਼ ਦੀ ਵੰਡ, ਹਿੰਦ-ਪਾਕ ਜੰਗ ਸਭ ਉਸਦੀ ਰਚਨਾ ਦਾ ਵਿਸ਼ਾ-ਵਸਤੂ ਬਣੇ ਹਨ, ਜਿਨ੍ਹਾਂ ਕਰਕੇ ਯਥਾਰਥਵਾਦੀ ਪ੍ਰਵਿਰਤੀ ਨੂੰ ਜ਼ਿਆਦਾਤਰ ਲਿਆ ਹੈ। ਪੰਜਾਬੀ ਕਿਰਸਾਣੀ ਦੀਆਂ ਸਾਰੀਆਂ ਪਰਤਾਂ ਉਸਦੇ ਨਾਵਲਾਂ ਵਿਚ ਚਿਤ੍ਰਤ ਹੋਈਆਂ ਹਨ। ਜਿਥੇ ਉਹ ਗ਼ਰੀਬ ਕਿਸਾਨਾਂ ਦੀ ਆਰਥਿਕ ਮੰਦਹਾਲੀ ਦਾ ਚਿੱਤਰ ਪ੍ਰਸਤੁਤ ਕਰਦਾ ਹੈ, ਉਥੇ ਉਹ ਧਨੀ ਕਿਰਸਾਣ ਦੇ ਸ਼ੋਸ਼ਕ ਹੋਣ ਦੇ ਤੱਥ ਨੂੰ ਵੀ ਅੱਖੋਂ ਪਰੋਖੇ ਨਹੀਂ ਕਰਦਾ। ਸੰਘਣੀ ਭਾਵੁਕਤਾ ਦੇ ਰੋਮਾਂਸ ਤੋਂ ਮੁਕਤ ਸੀਤਲ ਦੇ ਨਾਵਲ, ਪੰਜਾਬ ਦੇ ਪਿੰਡਾਂ ਦੀ ਇਕ ਕਲਾਤਮਕ ਤਸਵੀਰ ਪੇਸ਼ ਕਰਦੇ ਹਨ।

### ਮਾਨਵਵਾਦੀ ਪ੍ਰਵਿਰਤੀ :

ਦੇਸ਼ ਦੀ ਵੰਡ ਦਾ ਪ੍ਰਭਾਵ ਪੰਜਾਬੀ ਸਾਹਿਤ ਉਤੇ ਕਾਫ਼ੀ ਪਿਆ, ਦੇਸ਼ ਦੀ ਵੰਡ ਅਤੇ ਫ਼ਿਰਕੂ ਫ਼ਸਾਦਾਂ ਤੋਂ ਉਪਜੇ ਭਿਆਨਿਕ ਸਿੱਟਿਆਂ ਪ੍ਰਤੀ ਨਿਖੇਧਾਤਮਿਕ ਦ੍ਰਿਸ਼ਟੀ ਤੋਂ ਬਹੁਤ ਸਾਰਾ

ਸਾਹਿਤ ਰਚਿਆ ਗਿਆ। ਪੰਜਾਬੀ ਨਾਵਲ ਵੀ ਇਸ ਪ੍ਰਵਿਰਤੀ ਦੇ ਪ੍ਰਭਾਵ ਤੋਂ ਨਹੀਂ ਬੱਚ ਸਕਿਆ। ਸੋਹਣ ਸਿੰਘ ਸੀਤਲ ਨੇ ਇਸ ਪ੍ਰਵਿਰਤੀ ਅਧੀਨ 'ਤੂਤਾਂ ਵਾਲਾ ਖੂਹ' 'ਈਚੋਗਿਲ ਨਹਿਰ ਤਕ' ਨਾਵਲ ਰਚੇ। ਇਨ੍ਹਾਂ ਨਾਵਲਾਂ ਦਾ ਮੰਤਵ ਸੀ ਵੰਡ ਕਾਰਣ ਉਪਜੇ ਦੁਖਾਂਤ ਦੀ ਰੋਸ਼ਨੀ ਵਿਚ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ। ਧਰਮ ਸਿੰਘ ਦੇ ਇਨ੍ਹਾਂ ਸ਼ਬਦਾਂ ਵਿਚ ਮਾਨਵਵਾਦ ਝਲਕਦਾ ਹੈ ਕਿ ਭੈੜਿਆ, ਬੰਦਾ ਮਾਰਨ ਵਰਗਾ ਪਾਪ ਹੈ ਕੋਈ? ਫਿਰ ਨਿਰਦੋਸ਼ਾਂ ਨੂੰ ਮਾਰਨਾ?"[18]

ਨਾਵਲ 'ਜਵਾਲਾਮੁਖੀ' ਵਿਚ ਵੀ ਇਹ ਪ੍ਰਵਿਰਤੀ ਮਿਲਦੀ ਹੈ :

> ਜਵਾਲਾਮੁਖੀ ਨਾਵਲ ਇਕ ਬਹੁਤ ਹੀ ਸੂਖਮ ਮਾਨਵਵਾਦੀ ਸੰਵੇਦਨਾ ਦੀ ਕਥਾ ਪੇਸ਼ ਕਰਦਾ ਹੈ। ਪੇਂਡੂ ਜੀਵਨ ਦੇ ਸੰਕੀਰਣਤਾ ਭਰੇ ਨਿਰਦਈ ਵਾਤਾਵਰਣ ਨੂੰ ਸੀਤਲ ਪਿਛੋਕੜ ਵਿਚ ਰਖਕੇ ਉਸ ਸਾਰੀ ਮਾਨਵੀ ਬਰਬਾਦੀ ਦਾ ਚਿੱਤਰ ਉਲੀਕਦਾ ਹੈ ਜਿਹੜੀ ਈਰਖਾ ਬੁਜ਼ਦਿਲੀ, ਬਦਲੇ, ਝੂਠੀ ਮੁਕੱਦਮੇਬਾਜੀ ਆਦਿ ਵਿਚੋਂ ਉਪਜਦੀ ਹੈ, ਦੋ ਮਾਸੂਮ ਬਾਲ - ਪ੍ਰੇਮੀ ਇਸ ਚੱਕਰ ਵਿਚ ਉਲਝ ਕੇ ਆਪਣੇ ਆਪਣੇ ਢੰਗ ਨਾਲ ਆਪਣੀ ਆਹੂਤੀ ਦਿੰਦੇ ਹਨ। ਕੁੜੀ ਆਪਣੀ ਜਾਨ ਦੀ ਮੁੰਡਾ ਆਪਣੀ ਮਾਨਵਤਾ ਦੀ।[19]

<u>ਪ੍ਰਗਤੀਵਾਦੀ ਪ੍ਰਵਿਰਤੀ :</u>

ਸੋਹਣ ਸਿੰਘ ਸੀਤਲ ਦਾ ਨਾਵਲ 'ਜੁਗ ਬਦਲ ਗਿਆ' ਪ੍ਰਗਤੀਸ਼ੀਲ ਨਾਵਲ ਹੈ। ਜਿਸ ਢੰਗ ਨਾਲ ਲੇਖਕ ਨੇ ਇਸ ਨਾਵਲ ਦੇ ਨਾਇਕ ਦਾ ਵੰਡ ਤੋਂ ਬਾਅਦ ਦਾ ਜੀਵਨ ਪੇਸ਼ ਕੀਤਾ ਹੈ ਉਹ ਨਿਰਸੰਦੇਹ ਹੀ ਪ੍ਰਗਤੀਵਾਦੀ ਦ੍ਰਿਸ਼ਟੀ ਦਾ ਲਖਾਇਕ ਹੈ। ਇਸ ਨਾਵਲ ਵਿਚ ਧਾਰਮਿਕ ਵਿਸ਼ਵਾਸ਼ਾਂ ਨੂੰ ਹਲੂਣਾ ਦਿੱਤਾ ਗਿਆ ਹੈ। ਸਾਡੀ ਸੋਝੀ ਨੂੰ ਝੰਜੋੜਿਆ ਗਿਆ ਹੈ। ਉਹ ਕਾਮਾ ਜੋ ਸਦੀਆਂ ਤੋਂ ਜ਼ਿਮੀਦਾਰਾਂ ਦੀ ਗੁਲਾਮੀ ਕਰਦਾ ਆ ਰਿਹਾ ਸੀ, ਹੋਰ ਕਿੰਨੀ ਦੇਰ ਉਹ ਅਜਿਹੀ ਹਾਲਤ ਵਿਚ ਗੁਜ਼ਾਰਦਾ ਰਹਿੰਦਾ। ਅਖੀਰ ਇਕ ਦਿਨ ਉਸ ਵਿਚ ਜਾਗ੍ਰਤੀ ਆ ਹੀ ਗਈ ।

ਸੀਤਲ ਲਿਖਦਾ ਹੈ, ਜਦੋ ਗਰੀਬ ਕਾਮਾ ਆਪਣੀ ਗਰੀਬੀ ਬਾਰੇ ਸੋਚਣ ਲਗ ਪਵੇ ਤਾਂ ਧਰਤੀ ਤੇ ਭੁਚਾਲ ਆ ਜਾਂਦਾ ਹੈ।[20] ਇਸ ਤਰ੍ਹਾਂ ਗਰੀਬ ਕਾਮੇ ਨੇ ਪ੍ਰਗਤੀ ਕੀਤੀ। ਗੁਲਾਮੀ ਦਾ ਜੂਲਾ ਲਾਹ ਸੁਟਿਆ ਉਸਨੂੰ ਇਸ ਗਲ ਦੀ ਸਮਝ ਆ ਗਈ ਹੈ ਕਿ:

> ਪਰਚਾਰਕ ਲੱਖ ਟਾਹਰਾਂ ਪਏ ਮਾਰਨ, ਕਿ ਗੁਰੂ ਸਾਹਿਬ ਦਾ ਵਰ ਹੈ: ਰੰਘਰੇਟੇ ਗੁਰੂ ਕੇ ਬੇਟੇ। ਪਰ ਸਿੱਖੀ ਦੇ ਠੇਕੇਦਾਰ ਏਸ ਵਾਰ ਦੀ ਪਰਵਾਹ ਨਹੀਂ ਕਰਦੇ। ਮਾਲੀ ਨਾ ਬਰਾਬਰੀ ਹੀ ਸਮਾਜਕ ਨਾ-ਬਰਾਬਰੀ ਦੀ ਜੜ੍ਹ।[21]

ਜਰਨੈਲ ਸਿੰਘ (ਕਾਮੇ ਢੂੰਡੇ ਦਾ ਪੁੱਤਰ) ਅੱਜ ਪਟਵਾਰੀ ਹੈ ਤੇ ਉਸ ਵਿਚ ਸਾਹਸ ਹੈ ਕਿ ਉਹ ਜ਼ਿਮੀਦਾਰਾਂ ਦਾ ਸਾਹਮਣਾ ਕਰ ਸਕੇ। ਉਸਦੇ ਇਸ ਉੱਤਰ ਤੋਂ ਜੋ ਉਹ ਜ਼ਿਮੀਦਾਰ ਲੱਖਾ ਸਿੰਘ ਨੂੰ ਦਿੰਦਾ, ਸਮਾਜ ਵਿਚ ਹੋਈ ਪ੍ਰਗਤੀ ਨੂੰ ਦ੍ਰਿੜ ਕਰਾਂਵਾਦਾ ਹੈ:

> ਜੇ ਮਾਂ ਤੇ ਗੱਲ ਨਿਬੜੀ ਏ, ਤਾਂ ਮੇਰਾ ਹੱਕ ਬਣਦਾ ਏ ਤੇਰੀ ਅੱਧੀ ਜਾਇਦਾਦ। ਬੋਲ ਦੇ ਸਕਦਾ ਏਂ? ਹੈ ਹਿੰਮਤ? - - - ਚੁੱਪ ਕਿਉਂ ਕਰ ਗਿਆ ਏਂ? ਹੁੰਗਾਰਾ ਕਿਉ ਨਹੀਂ ਭਰਿਆ ਅਗੋਂ? ਮੈਂ ਝੂਠ ਕਿਹਾ ਏ?[22]

ਇਸ ਤਰ੍ਹਾਂ ਸੋਹਣ ਸਿੰਘ ਸੀਤਲ ਦੇ ਨਾਵਲਾਂ ਵਿਚ ਪ੍ਰਗਤੀਸ਼ੀਲ ਭਾਵਨਾਂ ਸਪਸ਼ਟ ਰੂਪ ਵਿਚ ਪ੍ਰਗਟ ਹੁੰਦੀ ਹੈ।

<u>ਆਂਚਲਿਕਤਾ ਦੀ ਪ੍ਰਵਿਰਤੀ:</u>

ਸੀਤਲ ਦੇ ਸਾਰੇ ਨਾਵਲ ਪੇਂਡੂ ਜੀਵਨ ਨਾਲ ਸੰਬੰਧਿਤ ਨਾਵਲ ਹਨ ਜਿਸਦਾ ਕਾਰਣ ਸੀਤਲ ਦਾ ਪੇਂਡੂ ਜੰਮਪਲ ਹੋਣਾ ਹੈ ਇਸ ਕਰਕੇ ਸਾਰੇ ਨਾਵਲਾਂ ਵਿਚ ਆਂਚਲਿਕ ਪ੍ਰਵਿਰਤੀ ਕਿਤੇ ਨਾ ਕਿਤੇ ਜ਼ਰੂਰ ਨਜ਼ਰ ਆਉਂਦੀ ਹੈ। ਇਸ ਪ੍ਰਵਿਰਤੀ ਦਾ ਆਰੰਭ ਹੀ ਸੋਹਣ ਸਿੰਘ ਸੀਤਲ ਨਾਲ ਹੀ ਹੁੰਦਾ ਹੈ। ਆਂਚਲਿਕ ਨਾਵਲ ਵਿਚ ਸੰਬੰਧਿਤ ਆਂਚਲ ਦੀ ਪ੍ਰਵਿਰਤੀ ਸੰਸਕ੍ਰਿਤੀ, ਆਂਚ-ਖੇਤਰ,

ਆਂਚਲ ਦੀ ਰਹਿਣ-ਸਹਿਣ, ਵਿਧੀ-ਭੋਜਨ ,ਪਹਿਰਾਵਾ, ਬਸ, ਧੰਦਾ ਅਤੇ ਅਮਲ ਸਮਾਜਿਕ ਸੰਬੰਧ ਦਾ ਵਰਣਨ ਹੁੰਦਾ ਹੈ। ਆਂਚਲਿਕ ਅੰਦਾਜ਼ ਵਿਚ ਸਭ ਤੋਂ ਪਹਿਲੀ ਗੱਲ ਆਂਚਲ ਖੇਤਰ ਦੀ ਹੈ । ਸੀਤਲ ਨੇ ਕੇਂਦਰੀ ਮਾਝੇ ਦੇ ਇਲਾਕੇ ਨੂੰ ਆਪਣੇ ਨਾਵਲ ਦਾ ਅਧਾਰ ਬਣਾਇਆ ਹੈ। ਸੀਤਲ ਨੇ 'ਤੂਤਾਂ ਵਾਲਾ ਖੂਹ' ਨਾਵਲ ਵਿਚ ਵਰਨਾ, ਕਸੂਰ, ਪੀਰੂ ਵਾਲਾ, ਖੇਮ ਕਰਨ, ਪੱਟੀ ਤੇ ਤਰਨ ਤਾਰਨ ਦੇ ਇਲਾਕੇ ਨੂੰ ਲਿਆ ਹੈ। ਸੀਤਲ ਦੇ ਇਸ ਨਾਵਲ ਦੀ ਮੁੱਖ ਸਮੱਸਿਆ ਕਿਸਾਨੀ ਦੇ ਧੰਦੇ ਦੀ ਸਮੱਸਿਆ ਹੈ। ਧੰਨੇ ਸ਼ਾਹ ਲੱਖਾ ਸਿੰਘ ਵਲੋਂ ਸ਼ਾਹੂਕਾਰੀ ਤੇ ਜ਼ਿਮੀਦਾਰੀ ਦੀ ਸਾਂਝੀ ਮਿਲੀ ਭੁਗਤ ਅਧੀਨ ਛੋਟੀ ਕਿਸਾਨੀ ਲੁੱਟੀ ਜਾ ਰਹੀ ਸੀ। ਸੀਤਲ ਨੇ ਸਿਰਫ਼ ਇਸ ਸਮੱਸਿਆ ਨੂੰ ਨਹੀਂ, ਸਗੋਂ ਕਿਸਾਨ ਤਬਕੇ ਦੇ ਸਮੁੱਚੇ ਜੀਵਨ ਨੂੰ ਬਿਆਨ ਕੀਤਾ ਹੈ। ਕਿਸਾਨ ਲਈ ਲਵੇਰਾ ਜ਼ਰੂਰ ਹੈ। ਇਸੇ ਕਰਕੇ ਭਜਨ ਕੌਰ ਧੰਨੇਸ਼ਾਹ ਦੇ ਕਹਿਣ ਤੇ ਸੱਜਣ ਸਿੰਘ ਨੂੰ ਮੱਝ ਲੈਣ ਤੇ ਜ਼ੋਰ ਪਾਉਂਦੀ ਹੈ ਜਿਸ ਨਾਲ ਉਹ ਧੰਨੇਸ਼ਾਹ ਦੇ ਫਰੇਬ ਵਿਚ ਆ ਜਾਂਦਾ ਹੈ।

ਮਾਝੇ ਦੇ ਆਂਚਲ ਵਿਚ ਕਿਸਾਨ ਦੀ ਇਕ ਹੋਰ ਸਮੱਸਿਆ ਕਿ ਥੋੜੀ ਜ਼ਮੀਨ ਵਾਲਾ ਜੱਟ ਵਿਆਹਿਆ ਨਹੀਂ ਜਾਂਦਾ ਸੀ। 'ਤੂਤਾਂ ਵਾਲਾ ਖੂਹ' ਨਾਵਲ ਵਿਚ ਧਰਮ ਸਿੰਘ ਇਸੇ ਕਰਕੇ ਛੜਾ ਹੀ ਰਹਿ ਜਾਂਦਾ ਹੈ। 'ਜੰਗ ਜਾਂ ਅਮਨ' ਨਾਵਲ ਵਿਚ ਜਿਸ ਇਲਾਕੇ ਨੂੰ ਬਿਆਨ ਕੀਤਾ ਗਿਆ ਹੈ ਉਸਦੀ ਸਮੁੱਚੀ ਆਂਚਲਿਕਤਾ ਨੂੰ ਸੀਤਲ ਨੇ ਬਿਆਨ ਕੀਤਾ ਹੈ।

ਯਥਾਰਥਵਾਦੀ ਪ੍ਰਵਿਰਤੀ :

ਇਸ ਪ੍ਰਵਿਰਤੀ ਅਧੀਨ ਸੋਹਣ ਸਿੰਘ ਸੀਤਲ ਨੇ 'ਧਰਤੀਦੇ ਦੇਵਤੇ', 'ਤੂਤਾਂ ਵਾਲਾ ਖੂਹ', 'ਦੀਵੇ ਦੀ ਲੋਅ', 'ਜਵਾਲਾਮੁਖੀ', 'ਪ੍ਰੀਤ ਕਿ ਪੈਸਾ', 'ਨਾਵਲ ਰਚੇ। 'ਧਰਤੀ ਦੇ ਦੇਵਤੇ' ਨਾਵਲ ਵਿਚ ਪੇਂਡੂ ਕਿਸਾਨਾਂ ਦੇ ਜੀਵਨ ਨੂੰ ਵਾਸਤਵਿਕ ਰੂਪ ਬਿਆਨ ਕੀਤਾ ਗਿਆ ਹੈ। ਸਿਧਾਂਤਕ ਰੂਪ ਵਿਚ ਯਥਾਰਥਵਾਦ ਦੇਅੰਤਰਗਤ ਕਈ ਦ੍ਰਿਸ਼ਟੀਕੋਣ ਮਿਲਦੇ ਹਨ। ਇਨ੍ਹਾਂ ਵਿਚੋਂ ਇਕ ਆਲੋਚਨਾਤਮਕ ਯਥਾਰਥ ਦਾ ਦ੍ਰਿਸ਼ਟੀਕੋਣ ਵੀ ਮਹੱਤਵ ਪੂਰਣ ਹੈ। ਇਸ ਪ੍ਰਕਾਰ ਦੇ ਨਾਵਲਾਂ ਵਿਚ ਮਨੁੱਖੀ ਜੀਵਨ

ਨੂੰ ਸਮਾਜਿਕ ਸੰਦਰਭ ਤੋਂ ਵੱਖਰੇ ਕਰਕੇ ਨਹੀਂ ਸਗੋਂ ਉਸ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਇਸ ਪ੍ਰਵਿਰਤੀ ਅਧੀਨ ਸੋਹਣ ਸਿੰਘ ਸੀਤਲ ਦੇ ਨਾਵਲ 'ਤੂਤਾਂ ਵਾਲਾ ਖੂਹ' ਪ੍ਰਚੱਲਤ ਸਮਾਜ ਵਿਚੋਂ ਪਾਖੰਡੀ ਕਿਰਦਾਰਾਂ ਦੇ ਬੁਰੇ ਕੰਮਾਂ ਨੂੰ ਨੰਗਿਆਂ ਕੀਤਾ ਹੈ। ਸ਼ਾਹੂਕਾਰ ਧੰਨੇਸ਼ਾਹ ਦਾ ਦੰਭ ਨੰਗਿਆਂ ਕਰਦਿਆਂ ਦਸਿਆ ਹੈ ਕਿ ਇਹ ਛੋਟੇ ਜ਼ਿਮੀਦਾਰਾਂ ਨੂੰ ਰਕਮ ਵਿਆਜ ਤੇ ਦੇ ਕੇ ਉਨ੍ਹਾਂ ਨੂੰ ਆਪਣੇ ਅਜਿਹੇ ਜਾਲ ਵਿਚ ਫਸਾ ਲੈਂਦਾ ਹੈ ਜਿਸਤੋਂ ਉਹ ਕਰਜ਼ਾ ਵਾਪਸ ਹੀ ਨਹੀਂ ਕਰ ਸਕਦੇ। ਇਨ੍ਹਾਂ ਸ਼ਬਦਾਂ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ:

> ਧੰਨੇਸ਼ਾਹ ਦਾ ਵਧੇਰੇ ਸ਼ਾਹੂਕਾਰਾਂ ਪਿੰਡਾਂ ਦੇ ਛੋਟੇ ਜ਼ਿਮੀਦਾਰਾਂ ਨਾਲਸੀ। ਸੂਦ ਦਰ ਸੂਦ ਲਾ ਕੇ ਉਹ ਰਕਮ ਵਧਾਉਣ ਵਿਚ ਬੜਾ ਉਸਤਾਦ ਸੀ। ਜਿਹੜਾ ਜੱਟ ਇਕ ਵਾਰ ਉਸਦੇ ਕਾਬੂ ਆ ਜਾਂਦਾ, ਜਿਉਂਦੇ ਜੀ ਕਰਜ਼ੇ ਦੇ ਭਾਰ ਹੇਠੋਂ ਨਿਕਲ ਨਾ ਸਕਦਾ। ਅੰਤ ਜ਼ਮੀਨ ਉਤੇ ਗੱਲ ਆ ਨਿਬੜਦੀ।[23]
> ਇਥੋਂ ਤੱਕ ਕਿ ਧੰਨੇਸ਼ਾਹ ਦੀ ਕੰਜੂਸੀ ਤੋਂ ਘਰ ਦੇ ਸਾਰੇ ਜੀ ਤੰਗ ਸਨ।[24]

ਸੀਤਲ ਨੇ ਅੰਗਰੇਜ਼ੀ ਸਾਮਰਾਜ ਦੇ ਕਾਨੂੰਨ ਤੇ ਫੱਜ਼ਲ ਤੱਕ ਤੇਜ਼ਿੰਦਰ ਸਿੰਘ ਤੇਧਰਮ ਨੂੰ ਤੇ ਧੰਨੇਸ਼ਾਹ ਦੀ ਨੈਤਿਕਤਾ ਨੂੰ ਵਿਖਾਵੇ ਦੀ ਹੈ, ਬੁਰੀ ਤਰ੍ਹਾਂ ਚੀਰ-ਫਾੜ ਕੀਤਾ ਹੈ। ਸੱਚੇ - ਸੁੱਚੇ ਇਨਸਾਨ ਦੇ ਜੀਵਨ ਵਿਚ ਇਹ ਰੁਕਾਵਟਾਂ ਹਨ।

ਨਾਵਲ 'ਦੀਵੇ ਦੀ ਲੋਅ' ਵਿਚ ਵੀ ਯਥਾਰਥਵਾਦੀ ਪ੍ਰਵਿਰਤੀ ਮਿਲਦੀ ਹੈ। ਸੀਤਲ ਨੇ ਆਪਣੇ ਪਿੰਡ ਕਾਦੀ ਵਿੰਡ ਵਿਚੋਂ ਲਈ ਹੈ। ਨਾਵਲ ਦਾ ਨਾਇਕ ਯੂਸਫ ਪਿੰਡ ਦਾ ਗਰੀਬ ਮੋਚੀ ਹੈ, ਉਸਦਾ ਪਿਆਰ ਆਪਣੀ ਭੂਆ ਦੀ ਧੀ ਨਜ਼ੀਰਾਂ ਨਾਲ ਹੋ ਜਾਂਦਾ ਹੈ ਤੇ ਵਿਆਹ ਵੀ, ਜੋ ਉਸਦੀ ਮਾਂ ਦੀ ਮਰਜ਼ੀ ਦੇ ਖਿਲਾਫ ਹੁੰਦਾ ਹੈ। ਨਜ਼ੀਰਾਂ ਦੇ ਘਰ ਔਲਾਦ ਨਾ ਹੋਣ ਕਰਕੇ ਯੂਸਫ ਮਾਂ ਦੇ ਕਹਿਣ ਮੁਤਾਬਿਕ ਉਸਨੂੰ ਘਰੋਂ ਕੱਢ ਦਿੰਦਾ ਹੈ। ਇਸ ਨਾਵਲ ਵਿਚ ਜੋ ਕੁੱਝ ਵੀ ਵਾਪਰਦਾ ਹੈ, ਬਿਲਕੁਲ ਸੱਚ ਹੈ। ਸੋਹਣ ਸਿੰਘ ਸੀਤਲ ਇਸ ਨਾਵਲ ਦੀ ਕਹਾਣੀ ਯਥਾਰਥਕ ਤੌਰ ਦਾ ਸਬੂਤ ਦਿੰਦਿਆਂ ਕਹਿੰਦਾ ਹੈ:

> ਇਸ ਨਾਵਲ ਦੀ ਸਾਰੀ ਕਹਾਣੀ ਮੇਰੇ ਜੱਦੀ ਪਿੰਡ, ਕਾਦੀ ਵਿੰਡ ਦੀ ਸੱਚੀ ਕਹਾਣੀ ਹੈ। ਕੋਈ ਵੀ ਕਲਪਨਾ ਹੋਈ ਬੀਤੀ ਨਾਲੋਂ ਵਧੇਰੇ ਸੱਚੀ ਨਹੀਂ ਹੋ ਸਕਦੀ। ਇਸ ਲਈ ਮੈਂ ਇਸ ਕਹਾਣੀ ਨੂੰ ਇੰਨ ਬਿੰਨ ਬਿਆਨ ਕਰ ਦਿੱਤਾ ਹੈ। ਸਿਰਫ ਨਾਮ ਬਦਲੇ ਹਨ, ਜਾਂ ਨਾਵਲੀ ਰੂਪ ਰੂਪ ਦਿੱਤਾ ਹੈ।[25]

ਯਥਾਰਥਵਾਦੀ ਪ੍ਰਵਿਰਤੀ ਦੇ ਪ੍ਰਸੰਗ ਵਿਚ ਸੀਤਲ ਇਕ ਥਾਂ ਲਿਖਦਾ ਹੈ ਕਿ:

> ਯੂਸਫ ਤੇ ਨਸੀਰਾਂ ਸਾਡੇ ਪਿੰਡ ਆ ਕੇ ਵਸੇ, ਉਦੋਂ ਰਾਹਮਤ ਸਾਲ ਕੁ ਦਾ ਸੀ। ਉਹ ਚਾਰ ਪੰਜ ਸਾਲ ਦੀ ਉਮਰ ਤੱਕ ਨਸੀਰਾਂ ਦਾ ਦੁੱਧ ਚੁੰਘਦਾ ਰਿਹਾ। ਇਹ ਮੈਂ ਅੱਖੀ ਵੇਖਿਆ ਹੈ। ਉਸਦਾ ਵੱਡਾ ਪੁੱਤਰ ਮੈਥੋਂ ਸਾਲ ਕੁ ਛੋਟਾ ਸੀ। ਜਦੋਂ ਮੈਂ ਇਹ ਨਾਵਲ ਲਿਖ ਰਿਹਾ ਸਾਂ, ਇਉ ਮਹਿਸੂਸ ਕਰਦਾ ਸਾਂ, ਜਿਵੇਂ ਉਹ ਦੋਵੇਂ ਹੁਣੇ-ਹੁਣੇ ਮੇਰੇ ਨਾਲ ਖੇਡਦੇ-ਖੇਡਦੇ ਘਰ ਨੂੰ ਗਏ ਹੋਣ।[26]

ਨਾਵਲ ਜਵਾਲਾਮੁਖੀ' ਵਿਚ ਸੋਹਣ ਸਿੰਘ ਸੀਤਲ ਦੀ ਯਥਾਰਥ ਝਲਕਦਾ ਨਜ਼ਰੀ ਆਉਂਦਾ ਹੈ। ਇਸ ਨਾਵਲ ਦੀ ਕਹਾਣੀ ਦੀ ਯਥਾਰਥਿਕਤਾ ਦੇ ਪ੍ਰਸੰਗ ਵਿਚ ਸੋਹਣ ਸਿੰਘ ਸੀਤਲ ਲਿਖਦਾ ਹੈ ਕਿ,:

> ਜਵਾਲਾਮੁਖੀ, ਇਕ ਮਜ਼ਬੂਰ ਲੜਕੀ ਦੀ ਛੋਟੀ ਜਿਹੀ ਕਹਾਣੀ ਹੈ, ਪਰ ਬਿਲਕੁਲ ਸੱਚੀ। ਹਾਂ ਮੇਰੇ ਦੂਸਰੇ ਨਾਵਲਾਂ ਵਾਂਗ ਇਸ ਵਿਚ ਆਏ ਸਾਰੇ ਪਾਤਰਾਂ ਦੇ ਨਾਮ ਫਰਜ਼ੀ ਹਨ।[27]

ਇਸ ਨਾਵਲ ਵਿਚ ਸੀਤਲ ਨੇ ਸਮਾਜ ਦੇ ਮਹੱਤਵਪੂਰਨ ਪੱਖ ਭੂਮੀਹੀਣ ਕਿਰਤੀਆਂ ਦੇ ਜੀਵਨ ਦਾ ਇਕ ਸਫਲ ਚਿੱਤਰ ਪੇਸ਼ ਕੀਤਾ ਹੈ। ਪਿੰਡ ਦੀ ਜ਼ਮੀਨ ਦੇ ਮਾਲਕ, ਜਦੋਂ ਚਾਹੁੰਣ ਉਹ ਮੁਜ਼ਾਰਿਆਂ ਦੀਆਂ ਧੀਆਂ-ਭੈਣਾਂ ਨਾਲ ਵੀ ਚੰਗਾ ਸਲੂਕ ਨਹੀਂ ਕਰਦੇ। ਇਸ ਨਾਵਲ ਵਿਚ ਛੋਟੇ ਮੁਜ਼ਾਰੇ ਦੇ ਇਹ ਸ਼ਬਦ ਪੇਂਡੂ ਜੀਵਨ ਦੇ ਇਸ ਪੱਖ ਬਾਰੇ ਜਾਣਕਾਰੀ ਦਿੰਦੇ ਹਨ:

> ਲੰਬਰਦਾਰਾਂ ਨੇ ਸਾਨੂੰ ਅਗ੍ਹਾਂ ਪੈਲੀਓਂ ਜਵਾਬ ਦੇ ਦਿੱਤਾ ਤੇ ਤੁਹਾਡੇ ਵਹੀਕਾਂ ਨੇ ਉਧਰ ਜਾ ਪੱਕ ਕੀਤਾ ਏ। ਤੁਸੀਂ ਹੁਣ ਸਾਡੇ ਤੇ ਮਿਹਰ ਕਰੋ। ਤੋਰੀਏ ਦੇ ਵੱਢ ਵਿਹਲੇ ਪਏ ਨੇ। ਹੁਣ ਤੋਂ ਹਲ ਖੁਲ੍ਹੇ ਕਰਾਂਗੇ, ਤਾਂ ਵੇਲੇ ਸਿਰ ਸੌਣੀ ਬੀਜੀ ਜਾਵੇਗੀ।[28]

ਇਸ ਨਾਵਲ ਵਿਚਸ਼ਰੀਕੇ ਦੀ ਭਾਵਨਾ ਪੇਸ਼ ਕਰਨਾ ਸੀਤਲ ਦਾ ਪੱਕਾ ਯਥਾਰਥਵਾਦ ਸਾਹਮਣੇ ਆਉਂਦਾ ਹੈ। ਮੱਖਣ ਸਿੰਘ ਦੇ ਇਹ ਸ਼ਬਦ ਇਸ ਭਾਵਨਾਂ ਦੀ ਪ੍ਰੋੜਤਾ ਕਰਦੇ ਹਨ:

> ਭਰਾ ਭਤੀਏ ਵਾਲੀ ਵੀ ਚੰਗੀ ਕਹੀ ਉ। ਅਖੇ: ਉਹ ਫਿਰੇ ਨੱਥ ਘੜੌਨ ਨੂੰ, ਤੇ ਉਹ ਫਿਰੇ ਨਕ ਵੱਢਾਉਣ ਨੂੰ। ਭਰਾ ਨਾਲ ਬੋੜੀਆਂ ਬੁਰਕੀਆਂ ਸਾਝੀਆਂ ਨੇ।ਉਹ ਸਾਨੂੰ ਵੇਖ ਕੇ ਨਹੀਂ ਸੁਖਾਂਦੇ , ਤੇ ਇਹ ਉਨ੍ਹਾਂ ਦੇ ਪੁੰਡੇ ਨੂੰ ਸਾਕ ਕਰੌਂਦੀ ਫਿਰਦੀ ਏ। ਜਿਵੇਂ ਆਹਦੇ ਹੁੰਦੇ ਨੇ ਮੈਂ ਏਸ ਸਾਕ ਦੀ ਹਾਮੀ ਕਦੇ ਨਹੀਂ ਭਰਨ ਲੱਗਾ।[29]

ਨਾਵਲ 'ਪ੍ਰੀਤ ਕਿ ਪੈਸਾ' ਵਿਚ ਯਥਾਰਥਵਾਦੀ ਪ੍ਰਵਿਰਤੀ ਅਧੀਨ ਰਚਿਆ ਗਿਆ ਹੈ। ਇਸ ਨਾਵਲ ਦੀ ਕਹਾਣੀ ਕਸੂਰ ਸ਼ਹਿਰ ਦੀ ਕਹਾਣੀ ਹੈ। ਸੀਤਲ ਦਾ ਚਿੰਤਨ ਭਾਵੇਂ ਮਾਰਕਸਵਾਦੀ ਨਹੀਂ, ਪਰ ਪੇਂਡੂ ਜੀਵਨ ਦਾ ਨੇੜਲਾ ਅਹਿਸਾਸ ਹੋਣ ਕਰਕੇ ਉਹ ਪੂੰਜੀ ਪ੍ਰਧਾਨ ਤੇ ਜਾਗੀਰਦਾਰੀ (ਜ਼ਿੰਮੀਦਾਰ) ਸਮਾਜ ਦੀਆਂ ਜੜ੍ਹਾਂ ਉਘੇੜਨ ਲਈ ਇਸਦੀ ਨਿਰਾਰਥਕਤਾ ਨੂੰ ਸਿੱਧ ਕਰਦਾ ਹੈ। ਉਹ ਸਮਾਜ ਦੀਆਂ ਸਮੱਸਿਆਵਾਂ ਦੀ ਚੀਰ-ਫਾੜ ਕਰਦਾ ਹੈ, ਵੇਲਾ ਵਿਹਾਹ ਚੁਕੀਆਂ ਕਦਾਰਾਂ ਕੀਮੱਤਾਂ ਲਈ ਪਾਠਕਾਂ ਦੇ ਮਨ ਵਿਚ ਨਫਰਤ ਦਾ ਬੀਜ਼ ਸੁਟਦਾ ਹੈ। ਉਹ ਨਾਵਲਾਂ ਰਾਹੀਂ ਪ੍ਰਚੱਲਤ ਸਮਾਜਕ ਸੰਸਥਾਵਾਂ ਦੇ ਚੰਭੀ ਕਿਰਦਾਰ ਨੂੰ ਨੰਗਾ ਕਰਦਾ ਹੈ।[30]

ਇਸ ਨਾਵਲ ਦੀ ਕਹਾਣੀ ਦਾ ਆਧਾਰ ਲੇਖਕ ਦੇ ਆਪਣੇ ਕਹਿਣ ਅਨੁਸਾਰ ਇਕ ਹੋਈ ਵਰਤੀ ਘਟਨਾ ਹੈ ਅਤੇ ਪਾਗਲ ਆਦਮੀ ਸੀਤਲ ਨੇ ਆਪ ਆਪਣੀ ਅੱਖੀਂ ਵੇਖਿਆ।[31] ਇਕ ਗ਼ਰੀਬ ਆਦਮੀ ਮਿਲਦੀ ਦੀ ਪਤਨੀ ਜੋ ਬਹੁਤ ਖੂਬਸੂਰਤ ਹੈ ਨੂੰ ਅਮੀਰ ਆਮੀ ਚੰਦ ਦਾ ਪੁੱਤਰ ਜੱਗੀ, ਕੱਢ ਕੇ ਲੈ ਜਾਂਦਾ ਹੈ। ਮਿਲਦੀ ਇਸ ਸਦਮੇ ਨੂੰ ਸਹਿਣ ਨਾ ਕਰਦਾ ਹੋਇਆ ਪਾਗਲ ਹੋ ਜਾਂਦਾ ਹੈ।ਜੋ

ਸੀਤਲ ਨੇ ਆਪਣੀ ਅੱਖੀਂ ਵੇਖਿਆ ਅਤੇ ਜੀਵਨ ਦੇ ਅੰਤਲੇ ਦਿਨਾਂ ਵਿਚ ਪਾਗਲਾਂ ਵਾਲੀ ਹਾਲਤ ਵਿਚ ਸਿਵਿਆਂ ਵਿਚ ਰੈਣ ਬਸੇਰਾ ਕਰਦਾ ਹੈ।[32]

ਸੁਧਾਰਵਾਦੀ ਪ੍ਰਵਿਰਤੀ :

ਸੋਹਣ ਸਿੰਘ ਸੀਤਲ ਦੇ ਨਾਵਲਾਂ ਵਿਚ ਸੁਧਾਰਵਾਦੀ ਭਾਵਨਾ ਵੀ ਨਜ਼ਰ ਆਉਂਦੀ ਹੈ। ਪੰਜਾਬੀ ਸਮਾਜ ਮੱਧਕਾਲੀਨ ਜਾਗੀਰਦਾਰੀ ਸਮਾਜ ਪ੍ਰਬੰਧ ਤੋਂ ਅੰਗਰੇਜ਼ਾਂ ਦੇ ਆਗਮਨ ਨਾਲ ਨਵੀਨ ਸਰਮਾਏਦਾਰੀ ਸਮਾਜ ਪ੍ਰਬੰਧ ਵਿਚ ਤਬਦੀਲ ਹੋ ਰਿਹਾ ਸੀ। ਲੋਕਾਂ ਵਿਚ ਨਵੀਂ ਚੇਤਨਤਾ ਆ ਰਹੀ ਸੀ। ਇਸ ਤਬਦੀਲੀ ਸਮੇਂ ਸੁਧਾਰਵਾਦੀ ਪ੍ਰਵਿਰਤੀ ਦਾ ਜ਼ੋਰ ਪਕੜਨਾ ਕੁਦਰਤੀ ਤੇ ਜ਼ਰੂਰੀ ਸੀ। ਸੀਤਲ ਨੇ ਸਮਾਜਿਕ ਬੁਰਾਈਆਂ ਜਿਵੇਂ ਛੂਤ-ਛਾਤ, ਅਨਪੜ੍ਹਤਾ ਧਾਰਮਿਕ ਅੰਧ-ਵਿਸ਼ਵਾਸ ,ਗਰੀਬ ਕਿਸਾਨ ਅਤੇ ਵੱਡੇ ਜ਼ਿਮੀਂਦਾਰਾਂ ਦੇ ਸੰਬੰਧਾਂ ਬਾਰੇ ਅਤੇ ਹੋਰ ਅਨੇਕਾਂ ਸਮਾਜਿਕ ਬੁਰਾਈਆਂ ਬਾਰੇ ਨਾਵਲ ਲਿਖੇ। ਸੀਤਲ ਨੇ ਨਾਵਲ 'ਮੁੱਲ ਦਾ ਮਾਸ', 'ਪਤਵੰਤੇਕਾਤਲ', 'ਬਦਲਾ', 'ਧਰਤੀ ਦੇ ਦੇਵਤੇ' ਆਦਿ ਨਾਵਲਾਂ ਵਿਚ ਕਿਸੇ ਨਾ ਕਿਸੇ ਸਮੱਸਿਆ ਨੂੰ ਲੈ ਕੇ ਉਸ ਦਾ ਸੁਧਾਰ ਕਰਨ ਬਾਰੇ ਦਸਿਆ ਹੈ। ਜਿਵੇਂ 'ਮੁੱਲ ਦਾ ਮਾਸ' ਨਾਵਲ ਵਿਚ ਸੋਹਣ ਸਿੰਘ ਸੀਤਲ ਨੇ ਇਸਤਰੀ ਦੀ ਸਮਾਜ ਵਿਚ ਸਥਿਤੀ ਨੂੰ ਸਪਸ਼ਟ ਰੂਪ ਵਿਚ ਪੇਸ਼ ਕੀਤਾ ਹੈ।:

> ਇਸ ਵਿਚ ਸੁਧਾਰ ਦਾ ਵਿਸ਼ਾ, ਅਨਜੋੜ ਵਿਆਹ ਦਾ ਦੁਖਾਂਤ ਤੇ ਸਜੋੜ ਹਾਣ-ਪ੍ਰਵਾਣ ਦਾ ਸੁਖਾਂਤ, ਦੂਵਲੀ ਕਹਾਣੀ ਰਾਹੀਂ ਬਿਆਨ ਕੀਤਾ ਗਿਆ ਹੈ।[33]

ਨਾਵਲ 'ਪਤਵੰਤੇ ਕਾਤਲ' ਵਿਚ ਮਨਜੀਤ ਇਸਤਰੀ ਦੀ ਅਜ਼ਾਦੀ ਲਈ ਇਨਕਲਾਬੀ ਜੰਗ ਲੜਦੀ ਹੈ। ਮਨਜੀਤ ਔਰਤ ਦੀ ਦੁਰਦਸ਼ਾ ਨੂੰ ਖਤਮ ਕਰਨ ਲਈ ਸੰਘਰਸ਼ ਕਰਦੀ ਹੈ। ਇਸੇ ਨਾਵਲ ਵਿਚ ਸੀਤਲ ਨੇ ਵਿਧਵਾ-ਵਿਆਹ ਕਰਵਾ ਕੇ ਇਸਤਰੀ ਦੀ ਦਸ਼ਾ ਆਉਦਾ ਸੁਧਾਰ ਦਰਸਾਇਆ ਹੈ ਅਤੇ ਆਪਣੇ ਅਧਿਕਾਰਾਂ ਤੋਂਭਲੀਭਾਂਤ ਜਾਣੂ ਹੋ ਗਈ ਹੈ। ਉਸਦੀ ਥਾਂ ਮਰਦ ਦੇ ਬਰਾਬਰ ਦੀ ਥਾਂ ਹੈ। ਮਨਜੀਤ ਕੁੜੀਆਂ ਨੂੰ ਪੜ੍ਹਾਉਂਦੀ ਹੈ ਕਿ ਮਰਦ ਨਾਲ ਸਮਝੌਤਾ ਬੇਸ਼ਕ ਕਰ ਲੈਣਾ ਚਾਹੀਦਾ

ਹੈ ਪਰ ਅੰਧ ਵਿਸ਼ਵਾਸੀ ਵਿਚ ਆ ਕੇ ਇਤਬਾਰ ਕਦੇ ਨਹੀਂ ਕਰਨਾ ਚਾਹੀਦਾ।[34] ਪਰ ਮਰਦ ਦੇ ਸੁਭਾ ਵਿਚ ਸੁਧਾਰ ਆਉਣਾ ਵੀ ਮਨਜੀਤ ਦੇ ਇਹ ਸ਼ਬਦ ਪੱਕਾ ਕਰਦੇ ਹਨ ਕਿ, "ਮਰਦ ਜਿੱਥੇ ਰਾਕਸ਼ ਹੈ, ਉਥੇ ਦੇਵਤਾ ਵੀ ਹੈ। ਉਹ ਬੇਵਫ਼ਾ ਹੈ, ਤਾਂ ਪਿਆਰ ਦਾ ਪੁਤਲਾ ਵੀ ਹੈ। ਉਹ ਧੱਕੇਖੋਰ ਹੈ, ਤਾਂ ਕੁਰਬਾਨੀ ਦਾ ਪੁੰਜ ਵੀ ਹੈ। ਮਰਦ ਤੇ ਇਸਤਰੀ ਮਨੁੱਖਤਾ ਦੇ ਦੋ ਅੰਗ ਹਨ।"[35]

ਇਸ ਤਰ੍ਹਾਂ ਸੋਹਣ ਸਿੰਘ ਸੀਤਲ ਨੇ ਸਮਾਜ ਵਿਚ ਇਸਤਰੀ ਦੀ ਦਸ਼ਾ ਵਿਚ ਸੁਧਾਰ ਆਉਂਦਾ ਦਿਖਾਇਆ ਹੈ। ਇਥੇ ਵੀ ਸੁਧਾਰ ਦੀ ਝਲਕ ਨਜ਼ਰ ਆਉਂਦੀ ਹੈ। ਜਦੋਂ ਮਨਜੀਤ ਕਹਿੰਦੀ ਹੈ ਕਿ ਮੈਂ ਸਦੀਆਂ ਤੋਂ ਮਰਦ ਦੇ ਪੈਰਾਂ ਥੱਲੇ ਲਤਾੜੀ ਹੋਈ ਇਸਤਰੀ ਦੇ ਹੱਕਾਂ ਵਾਸਤੇ ਲੜਾਂਗੀ। ਮੈਂ ਇਸਤਰੀ ਜਗਤ ਵਿਚ ਇਨਕਲਾਬ ਲਿਆ ਦਿਆਂਗੀ। ਮੈਂ ਸਵਾਰਥੀ ਮਰਦ ਦੇ ਬਣਾਏ ਹੋਏ ਸਮਾਜ ਦੇ ਵਿਰੁਧ ਬਗਾਵਤ ਕਰ ਦਿਆਂਗੀ।"[37]

ਨਾਵਲ ਧਰਤੀ ਦੇ ਦੇਵਤੇ' ਵੀ ਸੁਧਾਰਵਾਦੀ ਪ੍ਰਵਿਰਤੀ ਅਧੀਨ ਰਚਿਆ ਗਿਆ। ਇਸ ਵਿਚ ਸਾਂਝੀ ਬਹੀ ਦੀ ਥਾਂ ਘਰੇਲੂ ਦਸਤਕਾਰੀ ਨੂੰ ਜਾਰੀ ਕਰਕੇ ਪਿੰਡਾਂ ਦੀ ਹਾਲਤ ਸੁਧਾਰਨ ਵਲਇਸ਼ਾਰਾ ਹੈ। ਇਸ ਨਾਵਲ ਵਿਚ ਗਿਆਨ ਸਿੰਘ ਪਿੰਡ ਸੁਧਾਰ ਦਾ ਬੀੜਾ ਚੁੱਕਦਾ ਹੈ।

<u>ਸਮਾਜਵਾਦੀ ਪ੍ਰਵਿਰਤੀ :</u>

ਸੋਹਣ ਸਿੰਘ ਸੀਤਲ ਦੇ ਨਾਵਲ 'ਤੂਤਾਂ ਵਾਲਾ ਖੂਹ' , 'ਜੁੱਗ ਬਦਲਗਿਆ' ਵਿਚ ਸੀਤਲ ਦੇ ਸਮਾਜਵਾਦ ਦੀ ਭਾਵਨਾਂ ਪ੍ਰਸਤੁਤ ਕੀਤੀ ਮਿਲਦੀ ਹੈ।ਇਸ ਪ੍ਰਵਿਰਤੀ ਅਧੀਨ ਵੈਰ-ਵਿਰੋਧ ਦੀ ਭਾਵਨਾਂ ਦੂਰ ਕਰਨਾ, ਸਾਰੀ ਸ੍ਰਿਸ਼ਟੀ ਨੂੰ ਇਕ ਸਮਝਕੇ ਸਭ ਦਾ ਭਲਾ ਮੰਗਣਾ ਹੈ। ਸੀਤਲ ਸਮਾਜ ਵਿਚ ਹੋ ਰਹੇ ਝਗੜੇ ਜੋ ਜ਼ੋਰਾਵਰ ਅਤੇ ਸ਼ਕਤੀਹੀਣ ਧੜਿਆਂ ਵਿਚ ਹੁੰਦੇ ਹਨ, ਉਨ੍ਹਾਂ ਨੂੰ ਦੁਖੀ ਹੋ ਕੇ ਆਪਣੇ ਨਾਵਲਾਂ ਵਿਚ ਬਿਆਨ ਕਰਦਾ ਹੈ। ਜਿਵੇਂ ਕਿ 'ਤੂਤਾਂ ਵਾਲਾ ਖੂਹ' ਨਾਵਲ ਵਿਚ ਧੰਨੇਸ਼ਾਹ ਅਤੇ ਸੱਜਣ ਸਿੰਘ ਦਾ ਆਪਸੀ ਝਗੜਾ ਤੂਤਾਂ ਵਾਲਾ ਖੂਹ ਦਾ ਹੈ। ਇਹ ਆਪਸ ਵਿਚ ਦੁਸ਼ਮਣ ਬਣ ਚੁਕੇ ਹਨ। ਪਰ ਸੋਹਣ ਸਿੰਘ ਸੀਤਲਅੰਤ ਵਿਚ ਇਲਮਦੀਨ ਅਤੇ ਸੱਜਣ ਸਿੰਘ ਦੀ ਆਪਸ ਵਿਚ ਜੱਫੀਆਂ ਪੁਆ ਦਿੰਦਾ ਹੈ।

ਇਤਿਹਾਸਕ ਪ੍ਰਵਿਰਤੀ :

ਸੋਹਣ ਸਿੰਘ ਸੀਤਲ ਦੇ ਨਾਵਲ 'ਤੂਤਾਂ ਵਾਲਾ ਖੂਹ' ਤੇ 'ਇਚੋਗਿਲ ਨਹਿਰ ਤਕ' ਵਿਚ ਉਸਦੀ ਇਤਿਹਾਸਕ ਪ੍ਰਵਿਰਤੀਵੇਖਣ ਨੂੰਮਿਲਦੀ ਹੈ। ਨਾਨਕ ਸਿੰਘ ਨੇ 'ਇਕ ਮਿਆਨ ਦੋ ਤਲਵਾਰਾਂ' ਨਾਵਲ ਵਿਚ ਗਦਰ ਪਾਰਟੀ ਦਾ ਜ਼ਿਕਰ ਕੀਤਾ ਹੈ। ਇਸੇ ਪ੍ਰਵਿਰਤੀ ਅਧੀਨ ਸੋਹਣ ਸਿੰਘ ਸੀਤਲ ਨੇ 'ਤੂਤਾਂ ਵਾਲਾ ਖੂਹ' ਨਾਵਲ ਲਿਖਿਆ। ਇਸ ਨਾਵਲ ਦੀ ਇਤਿਹਾਸਕਤਾ ਦੇ ਪ੍ਰਸੰਗ ਵਿਚ ਕਿਹਾ ਜਾਂਦਾ ਹੈ ਕਿ ਪੇਂਡੂ ਜੀਵਨ ਦਾ ਅਜਿਹਾ ਅਧਿਐਨ ਭਾਰਤ ਦੀ ਆਜ਼ਾਦੀ ਦੀ ਲੜਾਈ ਦੇ ਪ੍ਰਸੰਗ ਵਿਚ ਕੀਤਾ ਗਿਆ ਹੈ। ਇਸ ਤਰ੍ਹਾਂ ਇਹ ਉਪਨਿਆਸ ਭਾਰਤੀ ਇਤਿਹਾਸ ਦੀ ਇਕ ਅਤਿ ਮਹੱਤਵ ਪੂਰਨ 'ਲਹਿਰ' ਦਾ ਅਧਿਐਨ ਵੀ ਪੇਸ਼ ਕਰਦਾ ਹੈ।[37]

ਨਾਵਲ 'ਇਚੋਗਿਲ ਨਹਿਰ ਤਕ' ਵਿਚ 1965 ਵਿਚ ਹੋਏ ਪਾਕ-ਭਾਰਤ ਯੁੱਧ ਬਾਰੇ ਵਰਣਨ ਕੀਤਾ ਗਿਆ ਹੈ। ਇਸ ਲੜਾਈ ਦਾ ਜਜ਼ਬਾਤੀ ਬੰਦਿਆਂ ਤੇ ਬੁਰਾ ਅਸਰ ਪਿਆ। 'ਈਚੋਗਿਲ ਨਹਿਰ ਤੱਕ' ਨਾਵਲਵਿਚ ਇਕ ਨਵਾਂ ਰਾਸ਼ਟਰੀ ਵਿਸ਼ਾ ਸਾਹਮਣੇ ਆਉਂਦਾ ਹੈ। 1965 ਦਾ ਹਿੰਦ-ਪਾਕ ਯੁੱਧ ਪ੍ਰਧਾਨ ਇਤਿਹਾਸਕ ਘਟਨਾਹੈ ਜਿਸਨੇ ਭਾਰਤ ਦੇ ਰਾਸ਼ਟਰੀ ਜੀਵਨ ਵਿਚ ਇਕ ਨਵਾਂ ਮੋੜ ਤੇ ਜਾਗ੍ਰਿਤੀ ਲੈ ਆਂਦੀ। ਇਸ ਯੁੱਧ ਦਾ ਸੀਤਲ ਨੇ ਵਿਸਤ੍ਰਿਤ ਵਰਣਨ ਕੀਤਾ ਹੈ।[38]

ਇਸ ਤਰ੍ਹਾਂ ਵੱਖ ਵੱਖ ਪ੍ਰਵਿਰਤੀਆਂ ਨੂੰ ਸੋਹਣ ਸਿੰਘ ਸੀਤਲ ਨੇ ਆਪਣੇ ਨਾਵਲਾਂ ਦਾ ਆਧਾਰ ਬਣਾਇਆ ਹੈ ਅਤੇ ਵੱਖ-ਵੱਖ ਸਮੇਂ ਅਨੁਸਾਰ ਬਦਲਦੀਆਂ ਪ੍ਰਸਿਥਤੀਆਂ ਦੇਅਧੀਨ ਆਪਣੇ ਨਾਵਲਾਂ ਦੀ ਸਿਰਜਣਾ ਕਰਕੇ ਪੰਜਾਬੀ ਗਲਪ ਸਾਹਿਤ ਨੂੰ ਅਮੀਰ ਕੀਤਾ।

ਸਮਾਨਤਾਵਾਂ :

ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੇ ਨਾਵਲਾਂ ਵਿਚ ਮਿਲਦੀਆਂ ਪ੍ਰਵਿਰਤੀਆਂ ਵਿਚ ਕਾਫ਼ੀ ਹੱਦ ਤਕ ਸਮਾਨਤਾ ਪਾਈ ਜਾਂਦੀ ਹੈ। ਕਿਉਂਕਿ ਦੋਵੇਂ ਨਾਵਲਕਾਰ ਸਮਕਾਲੀ ਹਨ। ਇਸ ਕਰਕੇ ਨਾਵਲਕਾਰਾਂ ਦਾ ਇਕ ਦੂਜੇ ਉਪਰ ਪ੍ਰਭਾਵ ਪੈਣਾ ਵੀ ਸੁਭਾਵਿਕ ਹੈ। ਇਹ ਪ੍ਰਭਾਵ ਦੋਹਾਂ ਨਾਵਲਕਾਰਾਂ ਦੇ ਆਪਣੇ ਵਿਅਕਤਿਤਵ ਦੀ ਮੂਲ-ਪਛਾਣ ਅਤੇ ਸਮਰਥਾ ਕਾਰਣ ਇਕ ਦੂਜੇ ਦੇ

ਰਚਨਾਤਮਕ ਵਿਕਾਸ ਵਿਚ ਸਹਾਇਕ ਵੀ ਹੁੰਦਾ ਹੈ। ਇਸ ਤਰ੍ਹਾਂ ਦੋਵੇਂ ਨਾਵਲਕਾਰਾਂ ਉਤੇ ਕੁੱਝ ਸਾਂਝੇ ਪ੍ਰਭਾਵ ਪਾਏ ਅਤੇ ਕੁੱਝ ਵੱਖਰੇ ਵੀ। ਨਾਨਕ ਸਿੰਘ ਅਤੇ ਸੋਹਣ ਸਿੰਘਸੀਤਲ ਦੇ ਨਾਵਲਾਂ ਵਿਚ ਪ੍ਰਵਿਰਤੀ ਪੱਖ ਤੋਂ ਜੋ ਸਮਾਨਤਾਵਾਂ ਮਿਲਦੀਆਂ ਹਨ ਉਹ ਇਸ ਪ੍ਰਕਾਰ ਹਨ:

ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ, ਦੋਵੇਂ ਹੀ ਅਜਿਹੇ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਹਨ, ਜਿਸ ਵਿਚ ਕੋਈ ਊਚ-ਨੀਚ , ਛੂਤ-ਛਾਤ, ਵੈਰ-ਵਿਰੋਧ, ਦੀ ਭਾਵਨਾਂ ਨਾ ਹੋਵੇ। ਸਾਰੇ ਵਿਅਕਤੀ ਇਕ ਸਮਾਨ ਹੋਣ। ਦੋਵੇਂ ਨਾਵਲਕਾਰ ਅਜਿਹੇ ਸਮਾਜ ਨੂੰ ਖਤਮ ਕਰ ਦੇਣਾ ਚਾਹੁੰਦੇ ਹਨ, ਜਿਸ ਵਿਚ ਜਨਤਾ ਤੇ ਜ਼ੁਲਮ ਹੁੰਦੇ ਹੋਣ ਅਤੇ ਬਰਾਬਰਤਾ ਨਾ ਮਿਲਦੀ ਹੋਵੇ।

ਦੋਵੇਂ ਨਾਵਲਕਾਰ ਇਸਤਰੀ ਨੂੰ ਉਹ ਵਿਸ਼ੇਸ਼ ਸਥਾਨ ਦਿੰਦੇ ਹਨ, ਜਿਸ ਨਾਲ ਸਮਾਜ ਵਿਚ ਸਿਰ ਉਚਾ ਕਰਕੇ ਜੀ ਸਕੇ। ਸਪਸ਼ਟ ਸ਼ਬਦਾਂ ਵਿਚ ਇਸਤਰੀ ਦੇ ਹੱਕਾਂ ਦਾ ਪੱਖ ਪੂਰਦੇ ਹੋਏ ਚਾਹੁੰਦੇ ਹਨ ਕਿ ਇਸਤਰੀ ਮਰਦ ਦੇ ਬਰਾਬਰ, ਮੋਢੇ ਨਾਲ ਮੋਢਾ ਜੋੜ ਕੇ, ਸੂਰਬੀਰਤਾ ਦੇ ਖੰਬੇ ਨੂੰ ਹੱਥ ਲਾਵੇ, ਜਾਂ ਸਮਾਜ ਵਿਚ ਮਰਦ ਦੇ ਬਰਾਬਰ ਦਾ ਦਰਜ਼ਾ ਖੁਦ ਲਵੇ। ਦੋਵਾਂ ਨਾਵਲਕਾਰਾਂ ਦਾ ਵਿਚਾਰ ਹੈ ਕਿ ਕੋਈ ਵੀ ਸਮਾਜ ਉਨੀ ਦੇਰ ਤਕ ਉਨਤੀ ਨਹੀਂ ਕਰ ਸਕਦਾ ਜਦੋ ਤਕ ਸਮਾਜ ਵਿਚ ਇਸਤਰੀ ਨੂੰ ਮਰਦ ਦੇ ਬਰਾਬਰ ਹੱਕ ਪ੍ਰਾਪਤ ਨਾ ਹੋ ਜਾਣ। ਇਸ ਸਮਾਜਵਾਦੀ ਦ੍ਰਿਸ਼ਟੀਕੋਣ ਪੱਖੋਂ ਦੋਵੇਂ ਨਾਵਲਕਾਰ ਇਸਤਰੀਦੇ ਬਰਾਬਰ ਦੇ ਹੱਕਾਂ ਦੀ ਗਲ ਕਰਦੇ ਹਨ।

ਦੋਵੇਂ ਨਾਵਲਕਾਰ ਆਪਣੇ ਨਾਵਲਾਂ ਵਿਚ ਇਸ ਤਰ੍ਹਾਂ ਦਾ ਰਾਜ ਖਤਮ ਕਰ ਦੇਣਾ ਚਾਹੁੰਦੇ ਹਨ, ਜਿਸ ਵਿਚ ਵੈਰ-ਵਿਰੋਧ ਦੀ ਭਾਵਨਾਂ, ਛੂਤ-ਛਾਤ ਦੀ ਭਾਵਨਾਂ ਅਤੇ ਧਰਮ, ਮੁਲਕ, ਕੌਮ ਨੂੰ ਬਰਾਬਰ ਨਾ ਸਮਝਿਆ ਜਾਵੇ। ਇਸੇ ਤਰ੍ਹਾਂ ਉਨ੍ਹਾਂ ਅਨੁਸਾਰ ਜਿਹੜੀ ਹਕੂਮਤ ਗਰੀਬਾਂ ਦਾ ਖੂਨ ਚੂਸਦੀ ਹੈ, ਲੁੱਟ-ਖਸੁੱਟ ਕਰਦੀ ਹੈ, ਗ਼ਰੀਬਾਂ ਨੂੰ ਹੋਰ ਗ਼ਰੀਬ ਬਣਾਕੇ ਉਨ੍ਹਾਂ ਦੀ ਇੱਜਤ ਤਕ ਵੀ ਲੁੱਟਣਾ ਚਾਹੁੰਦੀ ਹੈ, ਉਸਦਾ ਸਮਾਂ ਨੇੜੇ ਆ ਚੁੱਕਾ ਹੈ।

ਦੋਵੇਂ ਨਾਵਲਕਾਰ ਚਾਹੁੰਦੇ ਹਨ ਕਿ ਸਾਡਾ ਸਮਾਜ ਇਕ ਆਦਰਸ਼ਵਾਦ ਸਮਾਜ ਬਣੇ, ਜਿਸ

ਵਿਚ ਮਨੁੱਖ ਖ਼ੁਦ-ਗਰਜ਼ ਨਾ ਹੋਵੇ, ਸਗੋਂ ਦੂਜਿਆਂ ਦਾ ਭਲਾ ਕਰੇ। ਦੂਜਿਆਂ ਦੇ ਦੁਖ ਦਰਦ ਨੂੰ ਆਪਣਾ ਦੁਖ ਦਰਦ ਸਮਝ ਕੇ ਉਨ੍ਹਾਂ ਦੀ ਸਹਾਇਤਾ ਕਰੇ। ਮਨੁੱਖ ਨੂੰ ਪਰਉਪਕਾਰੀ ਹੋਣਾ ਚਾਹੀਦਾ ਹੈ। ਦੋਵੇਂ ਲੇਖਕ ਆਦਰਸ਼ਵਾਦੀ ਮਨੁੱਖ ਨੂੰ ਹੀ ਮੰਨਦੇ ਹਨ, ਜਿਹੜਾ ਦੂਜਿਆਂ ਲਈ ਬਿਨਾਂ ਕਿਸੇ ਸਵਾਰਥ ਦੇ ਕੁਝ ਕਰ ਸਕਦਾ ਹੋਵੇ।

ਦੋਵੇਂ ਨਾਵਲਕਾਰਾਂ ਦੀਆਂ ਰਚਨਾਵਾਂ ਵਿਚ ਮਾਨਵਵਾਦੀ ਪ੍ਰਵਿਰਤੀ ਮਿਲਦੀ ਹੈ। ਦੋਵੇਂ ਹੀ ਅਜਿਹੇ ਖੁਸ਼ਹਾਲ ਸਮਾਜ ਦੀ ਉਮੀਦ ਰਖਦੇ ਹਨ ਜਿਸ ਵਿਚ ਉਚੇਰੀ ਥਾਂ ਮਾਨਵ-ਪਿਆਰ ਨੂੰ ਮਿਲੇ। ਦੋਵੇਂ ਨਾਵਲਕਾਰ ਮਨੁੱਖਤਾ ਦੇ ਦੁੱਖ ਦਰਦ ਨੂੰ ਘਟਾਉਣ ਅਤੇ ਮਨੁੱਖਤਾ ਦੇ ਕਲਿਆਣ ਨੂੰ ਵਧਾਉਣ ਤੇ ਜ਼ੋਰ ਦਿੰਦੇ ਹਨ।

ਸਮਾਜ ਸੁਧਾਰ ਦੀ ਪ੍ਰਵਿਰਤੀ ਦੋਵਾਂ ਨਾਵਲਕਾਰਾਂ ਵਿਚ ਮਿਲਦੀ ਹੈ। ਦੋਵੇਂ ਹੀ ਸਮਾਜ ਵਿਚੋਂ ਵਿਧਵਾ-ਜੀਵਨ, ਵੇਸ਼ਵਾਪੁਣਾ, ਔਰਤ ਨਾਲ ਬਦਸਲੂਕੀ, ਬਦ ਅਮਲੀ ਆਦਿ ਸਮੱਸਿਆਵਾਂ ਨੂੰ ਖਤਮ ਕਰਕੇ, ਇਸਤਰੀ ਜੀਵਨ ਵਿਚ ਸੁਧਾਰ ਲਿਆਉਣ ਦਾ ਉਦੇਸ਼ ਸਾਹਮਣੇ ਰਖਦੇ ਹੋਏ ਨਾਵਲ ਰਚਨਾ ਕਰਦੇ ਹਨ। ਦੋਵੇਂ ਨਾਵਲਕਾਰ ਪ੍ਰਗਤੀਸ਼ੀਲ ਸੁਭਾ ਦੇ ਵਿਅਕਤੀ ਹਨ।

ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੋਵਾਂ ਦੇ ਪਾਸ ਇਤਿਹਾਸਕ ਦ੍ਰਿਸ਼ਟੀ ਹੈ। ਨਾਨਕ ਸਿੰਘ ਦੇ ਨਾਵਲ 'ਇਕ ਮਿਆਨ ਦੋ ਤਲਵਾਰਾਂ' ਵਿਚ ਅਤੇ ਸੀਤਲ ਦੇ ਦੋ ਨਾਵਲਾਂ 'ਤੂਤ ਵਾਲਾ ਖੂਹ' ਅਤੇ 'ਈਚੋਗਿਲ ਨਹਿਰ ਤੱਕ' ਵਿਚ ਇਸੇ ਇਤਿਹਾਸਕ ਦ੍ਰਿਸ਼ਟੀ ਦੇ ਦਰਸ਼ਨ ਹੁੰਦੇ ਹਨ।

ਵੱਖਰਤਾਵਾਂ :

ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੀਆਂ ਰਚਨਾਵਾਂ ਦੀ ਮੁੱਖ ਭਿੰਨਤਾ ਇਹ ਹੈ ਕਿ ਨਾਨਕ ਸਿੰਘ ਦੀਆਂ ਸਮੁਚੀਆਂ ਰਚਨਾਵਾਂ ਵਿਚ ਰੁਮਾਂਸਵਾਦ ਦੀ ਪ੍ਰਵਿਰਤੀ ਮਿਲਦੀ ਹੈ। ਨਾਨਕ ਸਿੰਘ ਦਾ ਰੁਮਾਂਸ ਉਸਾਰੂ ਭਾਂਤ ਦਾ ਹੈ। ਨਾਨਕ ਸਿੰਘ ਗਗਨਾਂ ਉਤੇ ਉਡਦਾ ਰਹਿੰਦਾ ਹੈ। ਅਤਿ ਭਾਵੁਕ ਹੋ ਕੇ ਉਸਨੇ ਰੁਮਾਂਸਵਾਦ ਦੀ ਪ੍ਰਵਿਰਤੀ ਅਪਣਾਈ ਹੈ। 'ਇਕ ਮਿਆਨ ਦੋ ਤਲਵਾਰਾਂ'

ਨਾਵਲ ਵਿਚ ਸੋਢੀਆਂ ਦੀ ਕੁੜੀ ਦਾ ਜੋ ਪਿਆਰ ਵਿਖਾਇਆ ਹੈ, ਉਹ ਨਾਵਲਕਾਰ ਦੀ ਇਸੇ ਦ੍ਰਿਸ਼ਟੀ ਦਾ ਲਖਾਇਕ ਹੈ। ਸੋਹਣ ਸਿੰਘ ਸੀਤਲ ਨੇ ਆਪਣੇ ਨਾਵਲਾਂ ਵਿਚ ਪਿਆਰ-ਸੰਬੰਧਾਂ ਨੂੰ ਸਮਾਜਿਕ ਪੱਧਰ ਤੇ ਬਿਆਨ ਕੀਤਾ ਹੈ। ਸੀਤਲ ਨੇ ਆਪਣੇ ਨਾਵਲਾਂ ਵਿਚ ਦੰਪਤੀ-ਪਿਆਰ ਦੀ ਗੱਲ ਕੀਤੀ ਹੈ। ਇਹ ਠੀਕ ਹੈ ਕਿ ਸ਼੍ਰੇਣੀ ਖਾਸੇ ਦੇ ਅਧੀਨ ਉਸਦੇ ਪਾਤਰ ਆਪਣੀ ਕਾਮੁਕ ਭੁੱਖ ਮਿਟਾਉਣ ਲਈ ਦਲਿਤ ਸ਼੍ਰੇਣੀ ਦੇ ਲੋਕਾਂ ਦਾ ਸੋਸ਼ਣ ਕਰਦੇ ਹਨ। ਜੇਕਰ 'ਬਦਲਾ' 'ਜੁੱਗ ਬਦਲ ਗਿਆ' ਨਾਵਲਾਂ ਵਿਚ ਇਸਦਾ ਜ਼ਿਕਰ ਹੈ, ਤਾਂ 'ਤੂਤਾਂ ਵਾਲਾ ਖੂਹ' ਨਾਵਲ ਵਿਚ ਵੀ ਧਨੰਸ਼ਾਹ ਦਾ ਧੰਮੀ ਦੀ ਮਾਂ ਨਾਲ ਇਹ ਕਾਮੁਕ ਸੰਬਧ ਸ਼੍ਰੇਣੀ ਖਾਸੇ ਅਧੀਨ ਹੈ। ਉਂਝ ਸਾਰੇ ਨਾਵਲਾਂ ਵਿਚ ਸੱਜਣ ਸਿੰਘ, ਭਜਨ ਕੌਰ, ਇਲਮਦੀਨ, ਜੈਨਾਂ ਤੇ ਫਤਹਿ ਬੀਬੀ ਦਾ ਜ਼ਿਕਰ ਦੰਪਤੀ ਰੂਪ ਵਿਚ ਆਇਆ ਹੈ।

ਨਾਨਕ ਸਿੰਘ ਦੇ ਕੁਝ ਨਾਵਲਾਂ 'ਅੱਗ ਦੀ ਖੇਡ', 'ਖੂਨਦੇ ਸੋਹਲੇ' ਵਿਚ ਪੰਜਾਬ ਦੀ ਵੰਡ ਦੇ ਕੁਝ ਯਥਾਰਥਿਕ ਚਿੱਤਰ ਹਨ ਪਰ ਉਸਦੀ ਸੋਚ ਵਧੇਰੇ ਸੁਧਾਰਵਾਦੀ ਹੈ। ਸੋਹਣ ਸਿੰਘ ਸੀਤਲ ਦੇ ਨਾਵਲ 'ਮੁੱਲ ਦਾ ਮਾਸ' ਤੋਂ ਲੈ ਕੇ 'ਜਵਾਲਾਮੁਖੀ' ਤਕ ਸਾਰੇ ਨਾਵਲ ਯਥਾਰਥ ਦੀ ਧਰਤੀ ਤੇ ਖੜੇ ਹਨ। ਇਹ ਵਿਸ਼ੇ ਦੀ ਚੋਣ ਅਸਲੀ ਜੀਵਨ ਵਿਚ ਕਰਦਾ ਹੈ ਤੇ ਉਸਨੂੰ ਸੱਚ ਸਮਝ ਕੇ ਬਿਆਨ ਕਰਦਾ ਹੈ। ਸੀਤਲ ਖੁਦ ਕਿਸਾਣ ਹੋਣ ਕਰਕੇ ਕਿਰਸਾਣੀ ਜੀਵਨ ਦੀਆਂ ਸਮੱਸਿਆਵਾਂ ਨੂੰ ਵਾਸਤਵਿਕ ਰੰਗਣ ਦੇਣ ਵਿਚ ਪੂਰਨ ਰੂਪ ਵਿਚ ਸਫਲ ਹੋਇਆ ਹੈ। ਸੀਤਲ ਦਾ ਆਪਣਾ ਕਹਿਣਾ ਹੈ ਕਿ 'ਮੇਰਾ ਨਿਸ਼ਚਾ ਹੈ ਹਜ਼ਾਰ ਕਲਪਨਾ ਵੀ ਯਥਾਰਥ ਦਾ ਮੁਕਾਬਲਾ ਨਹੀ ਕਰ ਸਕਦੀ।[39]

ਸੋਹਣ ਸਿੰਘ ਸੀਤਲ ਨੇ ਤਕਰੀਬਨ ਸਾਰੇ ਨਾਵਲਾਂ ਵਿਚ ਆਂਚਲਿਕਤਾ ਦੀ ਛੂਹ ਦਿੱਤੀ ਹੈ। ਆਂਚਲਿਕਤਾ ਕਿਉਂਕਿ ਇਕ ਲੰਮੇ ਇਤਿਹਾਸ ਵਾਲੇ ਸਭਿਆਚਾਰ ਵਿਚੋਂ ਉਪਜਦੀ ਹੈ, ਇਸ ਲਈ ਇਸ ਵਿਚ ਉਸ ਇਲਾਕੇ ਦਾ ਖਾਣ-ਪੀਣ, ਰਹਿਣ-ਸਹਿਣ, ਪਹਿਰਾਵਾ ਤੇ ਧੰਦੇ ਮੁੱਖ ਰੂਪ ਵਿਚ ਆਉਂਦੇ ਹਨ। ਸੀਤਲ ਦੇ ਨਾਵਲ 'ਤੂਤਾਂ ਵਾਲਾ ਖੂਹ' ਦੀ ਮੁੱਖ ਸਮੱਸਿਆ ਕਿਸਾਨੀ ਦੇ ਧੰਦੇ

ਦੀ ਮੁੱਖ ਸਮੱਸਿਆ ਹੈ। ਮਾਝੇ ਦੀ ਕਿਰਸਾਨੀ ਦਾ ਮਨੋਰੰਜਨ ਦਾ ਆਧਾਰ ਤਾਸ਼ ਖੇਡ ਲੈਣਾ ਹੈ। ਵਿਸ਼ੇਸ਼ ਖਿੱਤੇ ਦੇ ਮੋਹ ਵਿਚ ਹੀ ਆਂਚਲਿਕ ਨਾਵਲ ਦਾ ਜਨਮ ਹੁੰਦਾ ਹੈ। ਜਦੋਂ ਲੇਖਕ ਆਪਣੇ ਖਿੱਤੇ ਦਾ ਵਰਣਨ ਕਰਦਾ ਹੈ, ਤਦ ਉਸਦਾ ਚਿੱਤ ਇਕਾਗਰ ਹੋ ਕੇ ਆਪਣੇ ਆਲੇ-ਦੁਆਲੇ ਨੂੰ ਬੜੇ ਹੀ ਸਹਿਜ ਢੰਗ ਨਾਲ ਚਿਤਰਦਾ ਹੈ। ਇਸੇ ਕਰਕੇ ਆਂਚਲਿਕ ਨਾਵਲ ਦਾ ਸਭ ਤੋਂ ਵੱਡਾ ਗੁਣ ਸੱਚ ਦੀ ਸਹਿਜ ਪ੍ਰਤੀਤ ਹੁੰਦਾ ਹੈ।"[40] ਇਹ ਯਥਾਰਥਿਕ ਸੱਚ ਸੀਤਲ ਦੇ ਨਾਵਲਾਂ ਵਿਚ ਮਿਲਦਾ ਹੈ। ਜਦੋਂ ਕਿ ਨਾਨਕ ਸਿੰਘ ਬਹੁਤਾ ਪੰਜਾਬ ਦੇ ਸ਼ਹਿਰੀ ਜੀਵਨ ਦਾ ਚਿਤੱਰਕਾਰ ਹੀ ਸੀ।

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਦੋਵੇਂ ਨਾਵਲਕਾਰ ਇਕੋ ਸਮੇਂ ਦੀ ਉਪਜ ਹਨ। ਉਹ ਸਮਾਂ ਜਿਸ ਵਿਚ ਸਮੇਂ ਸਮੇਂ ਤੇ ਪਰਿਵਰਤਨ ਹੁੰਦੇ ਰਹੇ। ਇਨ੍ਹਾਂ ਪਰਿਵਰਤਨਾਂ ਦੌਰਾਨ ਜਿਨ੍ਹਾਂ ਸਮਾਜਿਕ ਪ੍ਰਵਿਰਤੀਆਂ ਨੇ ਜਨਮ ਲਿਆ, ਉਨ੍ਹਾਂ ਦਾ ਪ੍ਰਭਾਵ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਤੇ ਪੈਣਾ ਸੁਭਾਵਿਕ ਸੀ। ਦੋਹਾਂ ਨਾਵਲਕਾਰਾਂ ਦੇ ਨਾਵਲਾਂ ਵਿਚ ਮਿਲਦੀਆਂ ਪ੍ਰਵਿਰਤੀਆਂ ਵਿਚ ਅਸਮਾਨਤਾਵਾਂ ਘੱਟ ਹਨ ਅਤੇ ਸਮਾਨਤਾਵਾਂ ਜ਼ਿਆਦਾ ਹਨ।

## ਹਵਾਲੇ ਅਤੇ ਟਿੱਪਣੀਆਂ


1. ਨਾਨਕ ਸਿੰਘ, ਗਗਨ ਦਮਾਮਾ ਬਾਜਿਓ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, ਪੰ. 96-97
2. ਉੱਪਲ, ਸਵਿੰਦਰ ਸਿੰਘ, ਪੰਜਾਬੀ ਸੋਰਟ ਸਟੋਰੀ, ਇਟਸ ਉਰੀਜ਼ਨ ਐਂਡ ਡੇਵਲਪਮੈਂਟਸ, ਪੁਸ਼ਪ ਪ੍ਰਕਾਸ਼ਨ, ਦਿੱਲੀ, 1966, ਪੰ. 312
3. ਨਾਨਕ ਸਿੰਘ, ਅੱਗ ਦੀ ਖੇਡ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ,1948 ਪੰ. 275
4. ਉਹੀ, ਪੁਜਾਰੀ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 1958,ਮੁੱਖ-ਬੰਧ,ਪੰ.8
5. ਉਹੀ, ਫੌਲਾਦੀ ਫੁੱਲ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, ਅਠਵੀ ਵਾਰ,1966, ਪੰ. 5-6
6. ਉਹੀ, ਗੰਗਜਲੀ ਵਿਚ ਸ਼ਰਾਬ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1988,ਮੁਖ ਬੰਧ, ਪੰ. 7
7. ਉਹੀ, ਪੰ. 195-96
8. ਉੱਪਲ, ਸਵਿੰਦਰ ਸਿੰਘ, ਪੰਜਾਬੀ ਸੋਰਟ ਸਟੋਰੀ, ਪੰ. 202
9. ਨਾਨਕ ਸਿੰਘ, ਗ਼ਰੀਬ ਦੀ ਦੁਨੀਆਂ, ਪੰ. 235
10. ਰੇਡਾ, ਐਚ.ਸੀ., ਆਨੋਂ ਦੀ ਹਾਈ ਸੀਜ਼, ਦੀ ਇੰਨਸੀਟਯੂਟ ਆਫ਼ ਨੈਸਨਲ ਅਫੇਅਰਜ਼, ਨਊ ਦਿੱਲੀ, 1958, ਪੰ. 17-18
11. ਨਾਨਕ ਸਿੰਘ, ਪਿਆਰ ਦੀ ਦੁਨੀਆਂ, ਪੰ. 91
12. ਪਿਆਰਾ ਸਿੰਘ (ਪ੍ਰੋ.), ਪੰਜਾਬੀ ਗਲਪ, ਸਿਧਾਂਤ ਇਤਿਹਾਸ ਤੇ ਪ੍ਰਵਿਰਤੀਆਂ, ਨਿਊ ਬੁੱਕ ਕੰਪਨੀ, ਜਲੰਧਰ, 1989, ਪੰ. 83
13. ਨਾਨਕ ਸਿੰਘ, ਕੱਟੀ ਹੋਈ ਪਤੰਗ, ਮੁੱਖ ਬੰਧ, ਪੰ. 5
14. ਉਹੀ, ਧੁੰਧਲੇ ਪ੍ਰਛਾਵੇਂ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 1944,ਪੰ. 5
15. ਉਹੀ, ਗ਼ਰੀਬ ਦੀ ਦੁਨੀਆਂ, ਮੁੱਖ ਬੰਧ (ੲ)

17. ਰੇਡਾ, ਐਚ.ਸੀ., ਆਨ ਹਾਈ ਸੀਜ਼, ਪੰ. 17-21

18. ਸੀਤਲ, ਸੋਹਣ ਸਿੰਘ, ਈਚੋਗਿਲ ਨਹਿਰ ਤਕ, ਸੀਤਲ ਪੁਸਤਕ ਭੰਡਾਰ, ਲੁਧਿਆਣਾ, 1966 ਪੰ. 38

19. ਰਤਨਜੀਤ ਸਿੰਘ, ਨਾਵਲਕਾਰ ਸੋਹਣ ਸਿੰਘ ਸੀਤਲ, ਪੰ. 107

20. ਸੀਤਲ, ਸੋਹਣ ਸਿੰਘ, ਜੁੱਗ ਬਦਲ ਗਿਆ, ਸੀਤਲ ਪੁਸਤਕ ਭੰਡਾਰ, ਲੁਧਿਆਣਾ, ਚੌਥੀ ਐਡੀਸ਼ਨ, 1985, ਪੰ. 128

21. ਉਹੀ, ਪੰ. 116

22. ਉਹੀ, ਪੰ. 192

23. ਉਹੀ, ਤੂਤਾਂ ਵਾਲਾ ਖੂਹ, ਸੀਤਲ ਪੁਸਤਕ ਭੰਡਾਰ, ਲੁਧਿਆਣਾ, ਤੀਜੀ ਐਡੀਸ਼ਨ, 1976 ਪੰ. 24

24. ਉਹੀ, ਪੰ. 26

25. ਉਹੀ, ਵੇਖੀ ਮਾਣੀ ਦੁਨੀਆਂ, ਪੰ. 300

26. ਉਹੀ, ਪੰ. 301

27. ਉਹੀ, ਪੰ. 327

28. ਉਹੀ, ਜਵਾਲਾ ਮੁਖੀ, ਸੀਤਲ ਪੁਸਤਕ ਭੰਡਾਰ, ਲੁਧਿਆਣਾ, 1972, ਪੰ. 135

29. ਉਹੀ, ਪੰ. 108

30. ਰਤਨਜੀਤ ਸਿੰਘ, ਨਾਵਲਕਾਰ ਸੋਹਣ ਸਿੰਘ ਸੀਤਲ, ਪੰ. 42

31. ਸੀਤਲ, ਸੋਹਣ ਸਿੰਘ, ਵੇਖੀ ਮਾਣੀ ਦੁਨੀਆਂ, ਸੀਤਲ ਪੁਸਤਕ ਭੰਡਾਰ, ਲੁਧਿਆਣਾ, ਸਤੰਬਰ 1983, ਪੰ. 319

32. ਉਹੀ, ਪੰ. 319

33. ਗੁਰਚਰਨ ਸਿੰਘ (ਪ੍ਰੋ.), ਪੰਜਾਬੀ ਦਾ ਨਵਾਂ ਨਾਵਲਕਾਰ ਸੋਹਣ ਸਿੰਘ ਸੀਤਲ, ਸਾਹਿਤ ਸਮਾਚਾਰ ਅਗਸਤ 1961, ਪੰ. 130

34. ਸੀਤਲ, ਸੋਹਣ ਸਿੰਘ, ਪਤਵੰਤੇ ਕਾਤਲ, ਸੀਤਲ ਪੁਸਤਕ ਭੰਡਾਰ, ਲੁਧਿਆਣਾ, ਜੂਨ 1967 ਪੰ. 96

35. ਸੀਤਲ, ਸੋਹਣ ਸਿੰਘ, ਪਤਵੰਤੇ ਕਾਤਲ, ਪੰ. 96

36. ਉਹੀ, ਪੰ. 187

37. ਕਰਨਜੀਤ ਸਿੰਘ, ਨਾਵਲਕਾਰ ਸੋਹਣ ਸਿੰਘ ਸੀਤਲ, ਪੰ. 82

38. ਉਹੀ, ਪੰ. 59

39. ਉਹੀ, ਪੰ. 113

40. ਗਾਸੋ, ਓਮ ਪ੍ਰਕਾਸ਼, ਪੰਜਾਬੀ ਨਾਵਲ ਵਿਚ ਆਂਚਲਿਕਤਾ, ਖੋਜ ਪਤ੍ਰਿਕਾ, ਗਲਪ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 151

## ਅਧਿਆਇ ਤੀਜਾ :

*
*
*
*
*
*
*

### ਵਿਸ਼ਾ ਪੱਖ

1) ਨਾਨਕ ਸਿੰਘ ਦੇ ਨਾਵਲਾ ਦਾ ਵਿਸ਼ਾ- ਵਸਤੂ
2) ਸੋਹਣ ਸਿੰਘ ਸੀਤਲ ਦੇ ਨਾਵਲਾਂ ਦਾ ਵਿਸ਼ਾ-ਵਸਤੂ
3) ਵਿਸ਼ਾ ਵਸਤੂ ਦੀ ਸਮਾਨਤਾ/ਵੱਖਰਤਾ
4) ਵਿਸ਼ਾ ਵਸਤੂ ਦੀ ਚੋਣ ਦੇ ਸ੍ਰੋਤ

## ਵਿਸ਼ਾ ਪੱਖ

ਹਰ ਸਾਹਿੱਤਕ ਰਚਨਾ ਦੇ ਦੋ ਭਾਗ ਕੀਤੇ ਜਾ ਸਕਦੇ ਹਨ, ਕੀ ਕਿਹਾ ਤੇ ਕਿਵੇਂ ਕਿਹਾ? ਕੀ ਕਿਹਾ ਉਸਦਾ ਵਿਸ਼ਾ-ਵਸਤੂ ਹੁੰਦਾ ਹੈ। ਕਿਸੇ ਰਚਨਾ ਦੇ ਵਿਸ਼ੇਗਤ ਅਧਿਐਨ ਵਿਚ ਉਸ ਵਿਚਲੀ ਸਮੱਸਿਆ ਅਤੇ ਲੇਖਕ ਦੀ ਵਿਚਾਰਧਾਰਾ ਦੋਵੇਂ ਆਉਂਦੇ ਹਨ। ਨਾਵਲ ਵਿਚ ਵਿਸ਼ੇ ਦਾ ਮਹੱਤਵ ਇਸਦੇ ਬਾਕੀ ਤੱਤਾਂ ਵਾਂਗ ਹੀ ਹੁੰਦਾ ਹੈ।ਅਸਲ ਵਿਚ ਵਿਸ਼ਾ ਉਸ ਸਮੱਸਿਆ ਤੇ ਆਧਾਰਤ ਹੈ, ਜਿਸ ਵਲ ਧਿਆਨ ਦਵਾਉਣ ਲਈ ਨਾਵਲਕਾਰ ਨਾਵਲ ਲਿਖਦਾ ਹੈ। ਵਿਸ਼ੇ ਵਿਚ ਹੀ ਨਾਵਲਕਾਰ ਦਾ ਆਪਣੇ ਪਾਠਕਾਂ ਪ੍ਰਤੀ ਸੰਦੇਸ਼ ਲੁਕਿਆ ਹੁੰਦਾ ਹੈ ਜਿਸਨੂੰ ਮੁੱਖ ਕਰਕੇ ਨਾਵਲਕਾਰ ਨਾਵਲ ਦੀ ਰਚਨਾ ਕਰਦਾ ਹੈ। ਪ੍ਰੋ. ਸ. ਸੇਂਜ ਲਿਖਦੇਹਨ :

> ਨਾਵਲ ਦਾ ਵੀ ਹਰ ਮਨੁੱਖ ਵਾਂਗ ਇਕ ਫ਼ਲਸਫ਼ਾ ਹੁੰਦਾ ਹੈ।
> ਪਰ ਨਾਵਲ ਦੀ ਬੰਦਸ ਆਮਤੌਰ ਤੇ ਇਹ ਮੰਗ ਕਰਦੀ ਹੈ
> ਕਿ ਨਾਵਲਕਾਰ ਖੁਲ੍ਹਮ ਖੁਲ੍ਹਾ ਫਲਸਫ਼ੀ ਨਾ ਬਣ ਬੈਠੇ।[1]

ਨਾਵਲ ਦੇ ਵਿਸ਼ੇ ਤੋਂ ਨਾਵਲਕਾਰ ਦੀ ਜੀਵਨ ਫ਼ਿਲਾਸਫ਼ੀ ਦਾ ਅਨੁਮਾਨ ਲਾਇਆ ਜਾਂਦਾ ਹੈ। ਇਸ ਤਰ੍ਹਾਂ ਨਾਵਲ ਵਿਚ ਵਿਸ਼ੇ-ਵਸਤੂ ਦੀ ਮਹਾਨਤਾ, ਜਿੱਥੇ ਨਾਵਲ ਦੇ ਢਾਂਚੇ ਨੂੰ ਖੜ੍ਹਾ ਕਰਨ ਵਿਚ ਹੈ, ਉੱਥੇ ਨਾਵਲਕਾਰ ਦੇ ਫਲਸਫੇ ਨੂੰ ਸਮਝਣ ਲਈ ਵੀ ਸਹਾਇਤਾ ਕਰਦੀ ਹੈ।

ਨਾਵਲ ਵਿਚ ਵਿਸ਼ੇ ਦਾ ਬਹੁਤ ਮਹੱਤਵ ਹੈ। ਇਸਨੂੰ ਸਪਸ਼ਟ ਕਰਦਿਆਂ ਪ੍ਰੋ. ਪ੍ਰਿਤਪਾਲ ਸਿੰਘ ਲਿਖਦੇ ਹਨ ਕਿ, "ਵਿਸ਼ਾ ਭਾਵ ਹੈ, ਕੇਂਦਰੀ ਜਾਂ ਮੁੱਖ ਭਾਵ, ਜਿਸ ਉਤੇ ਨਾਵਲ ਦਾ ਢਾਂਚਾ ਉਸਾਰਿਆ ਜਾਂਦਾ ਹੈ।"[2]

### ਨਾਨਕ ਸਿੰਘ ਦੇ ਨਾਵਲਾਂ ਦਾ ਵਿਸ਼ਾ-ਵਸਤੂ :

ਪੁਰਾਣਾ ਪੰਜਾਬੀ ਸਾਹਿਤ ਉਪਰਲੀਆਂ ਸ਼੍ਰੇਣੀਆਂ ਨੂੰ ਹੀ ਚਿਤਰਦਾ ਸੀ, ਪਰ ਨਾਨਕ ਸਿੰਘ ਨੇ ਹੇਠਲੀ ਮੱਧ-ਸ਼੍ਰੇਣੀ ਅਤੇ ਗਰੀਬ ਨੂੰ ਸਾਹਿਤ ਦਾ ਵਿਸ਼ਾ ਬਣਾਇਆ। ਨਾਨਕ ਸਿੰਘ ਦਾ ਸਾਹਿਤ ਪਰੀਆਂ, ਬਾਦਸ਼ਾਹਾਂ ਅਤੇ ਪੁਜਾਰੀਆਂ ਬਾਰੇ ਨਹੀਂ ਲਿਖਿਆ ਗਿਆ, ਸਗੋਂ ਉਸਦੇ ਨਾਵਲਾਂ ਵਿਚ

ਤਾਂ ਹਿੰਦੂ-ਸਿਖ,ਮੁਸਲਮਾਨ, ਕਾਮੇ, ਕਿਰਸਾਣ, ਹਟਵਾਣੀਏ, ਬਾਬੂ, ਅਧਿਆਪਕ, ਸਿਪਾਹੀ, ਵਿਦਿਆਰਥੀ ਅਤੇ ਵਪਾਰੀ ਹਰ ਵਰਗ ਦੇ, ਹਰ ਕਿੱਤੇ ਦੇ ਲੋਕ ਪਾਏ ਜਾਂਦੇ ਹਨ। ਜਨਤਾ ਵਿੱਚ ਰਹਿੰਦਿਆਂ ਹੀ ਉਸਨੂੰ ਸਾਹਿੱਤਕ ਜਨਮ ਮਿਲਿਆ ਅਤੇ ਉਸਦਾ ਸਾਹਿਤ ਸਮਕਾਲੀ ਜੀਵਨ ਦਾ ਸਾਹਿਤ ਹੀ ਹੈ। ਜੀਵਨ ਵਿਚ ਨਾਨਕ ਸਿੰਘ ਨੇ ਹਰ ਪਾਸੇ ਅਨਿਆਂ, ਬਦ-ਦਿਆਨਤੀ, ਪਾਖੰਡ, ਜ਼ੁਲਮ ਅਤੇ ਜ਼ਬਰ ਵੀ ਵੇਖਿਆ ਹੈ। ਇਕ ਲਿਖਾਰੀ ਦੇ ਤੌਰ ਤੇ ਉਸਨੇ ਇਨ੍ਹਾਂ ਬੁਰਾਈਆਂ ਨੂੰ ਜੜ੍ਹੋ ਪੁੱਟਣ ਦੀ ਕਸਮ ਖਾ ਲਈ ਕਿਉਂਕਿ ਨਾਨਕ ਸਿੰਘ ਇਸ ਆਸ਼ੇ ਨੂੰ ਮੁੱਖ ਰਖਕੇ ਹੀ ਸਾਹਿਤ ਰਚ ਰਿਹਾ ਸੀ। ਇਸ ਲਈ ਆਪਣੇ ਪਹਿਲੇ ਹੀ ਨਿੱਕੇ ਜਿਹੇ ਨਾਵਲ 'ਮਤਰੇਈ ਮਾਂ' ਵਿਚ ਉਸਨੇ ਸਮਾਜਿਕ ਸਮੱਸਿਆਵਾਂ ਨੂੰ ਹੱਥ ਪਾ ਲਿਆ ਸੀ।

ਸਮਾਜਿਕ ਵਿਸ਼ੇ :

ਮੂਲ ਰੂਪ ਵਿਚ ਨਾਨਕ ਸਿੰਘ ਸਮਾਜ ਸੁਧਾਰਕ ਨਾਵਲਕਾਰ ਹੈ। ਉਸਨੇ ਆਪਣੇ ਨਾਵਲਾਂ ਵਿਚ ਮਨੁੱਖ ਅਤੇ ਸਮਾਜ ਦੀਆਂ ਸਮੱਸਿਆਵਾਂ ਨੂੰ ਭਰਵੇਂ ਰੂਪ ਵਿਚ ਬਿਆਨ ਕੀਤਾ ਹੈ। ਪੰਜਾਬੀ ਜੀਵਨ ਦੀ ਲੱਗਭੱਗ ਹਰ ਸਮੱਸਿਆ ਉਸਦੇ ਨਾਵਲਾਂ ਦਾ ਵਿਸ਼ਾ ਬਣੀ ਰਹੀ ਹੈ। ਨਾਨਕ ਸਿੰਘ ਦਾ ਸਭ ਤੋਂ ਪਹਿਲਾ ਨਾਵਲ 'ਮਤਰੇਈ ਮਾਂ' ਹੈ। ਇਸ ਨਾਵਲ ਵਿਚ ਨਾਨਕ ਸਿੰਘ ਨੇ ਉਸ ਸਮੇਂ ਦੇ ਸਮਾਜਿਕ ਜੀਵਨ ਬਾਰੇ ਦਸਿਆ ਹੈ ਕਿ ਇਕ ਮਤਰੇਈ ਮਾਂ ਆਪਣੀ ਸੁਤੇਲੀ ਸੰਤਾਨ ਨਾਲ ਕਿਵੇਂ ਨਿਰਦੈਤਾ ਭਰਪੂਰ ਵਰਤਾਉ ਕਰਦੀ ਹੈ, ਪਰ ਕਿਤੇ-ਕਿਤੇ ਗੁਆਂਢੀ ਵੀ ਚੰਗੇ ਹੁੰਦੇ ਹਨ ਕਿ ਉਹ ਬਿਗਾਨੇ ਤੇ ਦੁੱਖੀ ਬੱਚੇ ਦੀ ਆਪਣੇ ਬੱਚਿਆਂ ਵਾਂਗ ਪਾਲਣਾ ਕਰਦੇ ਹਨ। ਇਸ ਨਾਵਲ ਵਿਚ ਇਕ ਯਤੀਮ ਬੱਚੇ ਦੀ ਦੁਰਦਸ਼ਾ ਨੂੰ ਬੜੇ ਦਰਦ ਭਰੇ ਢੰਗ ਨਾਲ ਬਿਆਨ ਕੀਤਾ ਹੈ। 'ਮਿਠਾ ਮਹੁਰਾ' ਨਾਵਲ ਵੀ ਨਾਨਕ ਸਿੰਘ ਦੇ ਮੁੱਢਲੇ ਨਾਵਲਾਂ ਵਿਚੋ ਹੈ। ਇਸ ਨਾਵਲ ਵਿਚ ਵੀ ਉਸ ਸਮੇਂ ਦੀ ਸਮਾਜਿਕ ਅਵਸਥਾ ਤੇ ਚਾਨਣਾ ਪਾਇਆ ਹੈ ਕਿ ਕਿਵੇਂ ਉਸ ਸਮੇਂ ਲੋਕੀਂ ਸੰਤਾਨ ਪ੍ਰਾਪਤੀ ਦੀ ਇੱਛਾ ਪੂਰਤੀ ਲਈ ਦੂਜੀ ਸ਼ਾਦੀ ਕਰ ਲੈਂਦੇ ਸਨ। ਇਸ ਦੂਸਰੀ ਸ਼ਾਦੀ ਕਰਨ ਲਈ ਘਰੇਗੀ ਸੁੱਖ ਨੂੰ ਤਿਲਾਂਜਲੀ ਮਿਲ ਜਾਂਦੀ ਸੀ ਅਤੇ ਘਰ ਕਲੇਸ਼ ਦਾ ਕੇਂਦਰ ਬਣ ਜਾਂਦੇ

ਸਨ। ਨਾਨਕ ਸਿੰਘ ਸਮਾਜ ਵਿਚ ਹੋ ਰਹੀ ਵਿਧਵਾ ਦੀ ਦੁਰਗਤੀ। ਸਮੁੱਚੀ ਇਸਤਰੀ ਜਾਤੀ ਨਾਲ ਅਨਿਆਏ, ਅਛੂਤਾਂ ਦੀ ਦੁਰਦਸ਼ਾ, ਮੁਕੱਦਮੇਬਾਜ਼ੀ, ਧਰਮ ਦੇ ਠੇਕੇਦਾਰਾਂ ਦੇ ਪਾਖੰਡ, ਸ਼ਰਾਬਖੋਰੀ ਤੇ ਨਸ਼ਿਆਂ ਦਾ ਸੇਵਨ, ਪਾਖੰਡੀਆਂ-ਆਗੂਆਂ ਦੇ ਫਰੇਬ ਆਦਿ ਦਾ ਖੁਲ੍ਹ ਕੇ ਵਰਨਣ ਕਰਦਾ ਹੈ। ਨਾਨਕ ਸਿੰਘ ਨੇ ਸਮਾਜ ਸੰਬੰਧੀ ਜਿਨ੍ਹਾਂ ਸਮੱਸਿਆਵਾਂ ਨੂੰ ਲਿਆ ਹੈ, ਉਹ ਹਨ:

(ੳ) ਸਮਾਜ ਵਿਚ ਇਸਤਰੀ ਦੀ ਸਥਿਤੀ

(ਅ) ਸਮਾਜ ਦੀ ਧਾਰਮਿਕ ਸਥਿਤੀ

(ੲ) ਛੂਤ-ਛਾਤ ਅਤੇ ਜਾਤ-ਪਾਤ

(ੳ) <u>ਸਮਾਜ ਵਿਚ ਇਸਤਰੀ ਦੀ ਸਥਿਤੀ</u> : ਇਸਤਰੀ ਦੀ ਸਮੱਸਿਆ ਨਾਨਕ ਸਿੰਘ ਦੇ ਨਾਵਲਾਂ ਦਾ ਮੁੱਖ ਵਿਸ਼ਾ ਰਹੀ ਹੈ। ਮੁੱਢ ਕਦੀਮ ਤੋਂ ਹੀ ਅਬਲਾ 'ਇਸਤਰੀ' ਨਾਲ ਬੁਰਾ ਸਲੂਕ ਹੁੰਦਾ ਰਿਹਾ ਹੈ। ਪੈਰ ਦੀ ਜੁੱਤੀ, ਰਿੱਛ ਵਰਗੀ ਮੰਦੀ, ਭੋਗ ਵਿਲਾਸ ਦਾ ਜ਼ਰੀਆ, ਭੇਡ ਦਾ ਮੁਜਸਮਾ ਆਦਿਕ ਉਪਮਾਵਾਂ ਇਸਤਰੀ ਜਾਤੀ ਦੇ ਨਾਂ ਨਾਲ ਲਈਆਂ ਜਾਂਦੀਆਂ ਹਨ। ਪੀਲੂ ਅਤੇ ਵਾਰਸ਼-ਸ਼ਾਹ ਵਰਗੇ ਕਵੀਆਂ ਨੇ ਵੀ ਉਸਨੂੰ ਰਜ ਕੇ ਨਿੰਦਿਆ। ਗੁਰੂ ਨਾਨਕ ਪਹਿਲਾ ਸਾਹਿੱਤਕਾਰ ਸੀ ਜਿਸਨੇ ਇਸਤਰੀ ਦੀ ਨਿੱਘਰਦੀ ਹੋਈ ਹਾਲਤ ਨੂੰ ਵੇਖ ਕੇ "ਸੋ ਕਿਉ ਮੰਦਾ ਆਖੀਐ ਜਿਤ ਜਮਹਿ ਰਾਜਾਨ" ਦਾ ਨਾਹਰਾ ਲਾਇਆ। ਆਧੁਨਿਕ ਪੰਜਾਬੀ ਸਾਹਿਤ ਵਿਚ ਅੰਮ੍ਰਿਤਾ ਪ੍ਰੀਤਮ ਨੇ ਆਪਣੀ ਕਲਮ ਨੂੰ ਇਸਤਰੀ ਜਾਤੀ ਨੂੰ ਉਚਿਆਉਣ ਲਈ ਵਰਤਿਆ ਹੈ। ਪਰ ਨਾਨਕ ਸਿੰਘ ਤਾਂ ਆਪਣੇ ਹਰ ਨਾਵਲ ਵਿਚ ਇਸਤਰੀ ਜਾਤੀ ਦੀ ਕਿਸੇ ਨਾ ਕਿਸੇ ਸਮੱਸਿਆ ਨੂੰ ਫੜ ਕੇ ਨਜਿੱਠਦਾ ਹੈ। ਉਸਦਾ ਵਿਸ਼ਵਾਸ ਹੈ ਕਿ ਸਾਡੇ ਸਮਾਜਿਕ ਸ਼ਰੀਰ ਨੂੰ ਲਗੇ ਹੋਏ ਰੋਗ ਤਦ ਹੀ ਦੂਰ ਹੋ ਸਕਦੇ ਹਨ ਜੇਕਰ ਇਸਤਰੀ ਵਿਰੁਧ ਅੰਨਿਆਂ ਅਤੇ ਜ਼ਬਰ ਨੂੰ ਖਤਮ ਕਰਨ ਲਈ ਹੰਭਲੇ ਭਰਿਆ ਪ੍ਰੋਗਰਾਮ ਚਲਾਇਆ ਜਾਵੇ। 'ਚਿੱਟਾ ਲਹੂ' ਤੋਂ ਪਹਿਲਾਂ ਵੀ ਭਾਵੇਂ ਉਸਨੇ 'ਮਤਰੇਈ ਮਾਂ' 'ਮਿੱਠਾ ਮਹੁਰਾ', 'ਪ੍ਰੇਮ ਸੰਗੀਤ' ਆਦਿ ਨਾਵਲ ਲਿਖੇ ਤੇ ਜਿਸ ਵਿਚ ਇਸਤਰੀ ਦੀ ਦੁਰਦਸ਼ਾ ਤੇ ਵਿਆਹ ਕਰਾਣ ਜਿਹੇ ਸਮਾਜਿਕ ਬੁਰਾਈ ਦਾ ਖੰਡਨ ਕੀਤਾ ਹੈ। ਪਰ ਜੋ ਰੋਸ਼ ਉਸਦੇ ਨਾਵਲ 'ਚਿੱਟਾ ਲਹੂ' ਵਿਚ, ਉਨ੍ਹਾਂ ਵਿਚ ਨਹੀਂ ਸੀ।

ਨਾਵਲ 'ਚਿੱਟਾ ਲਹੂ' ਲਿਖਣ ਵੇਲੇ ਨਾਨਕ ਸਿੰਘ ਦੇ ਮੰਨ ਅੰਦਰ ਸਮਾਜ ਦੀ ਉਹ ਸੰਪੂਰਨ ਤਸਵੀਰ ਸੀ ਜਿਸਨੂੰ ਉਹ ਪਿਛਲੇ ਵੀਹਾਂ ਸਾਲਾਂ ਤੋਂ ਵੇਖਦਾ ਆਇਆ ਸੀ। ਸਮਾਜ ਦੇ ਅੰਗਾਂ ਅੰਦਰ ਭਰੀ ਹੋਈ ਕੁਚੀਲਤਾ ਲਿਖਾਰੀ ਦੇ ਮਨ ਨੂੰ ਟੁੰਬ ਰਹੀ ਸੀ। ਨਿਜੀ ਜੀਵਨ ਵਿਚ ਵੀ ਉਸ ਨਾਲ ਸਮਾਜ ਵਲੋਂ ਜ਼ਿਆਦਤੀ ਹੋਈ, ਰਿਸ਼ਤੇਦਾਰਾਂ ਨੇ ਉਸਦੀ ਵਿਧਵਾ ਮਾਂ ਦਾ ਸਾਰਾ ਪੈਸਾ ਲੁੱਟਣ ਪਿਛੋਂ ਉਸਨੂੰ ਤੰਗ ਕੀਤਾ, ਉਸਤੇ ਤੋਹਮਤਾਂ ਲਾਈਆਂ, ਉਸਦਾ ਸਤ ਭੰਗ ਕਰਨ ਦਾ ਯਤਨ ਕੀਤਾ। ਉਸਨੇ ਆਪਣੀ ਵਿਧਵਾ ਪ੍ਰੇਮਿਕਾ ਨੂੰ ਸਮਾਜ ਹਥੋਂ ਦੁਖੀ ਹੁੰਦਿਆਂ ਵੇਖਿਆ। ਉਸਦੀ ਆਪਣੀ ਗਰੀਬੀ ਤੋਂ ਲੋਕਾਂ ਨੇ ਨਜਾਇਜ਼ ਲਾਭ ਉਠਾਉਣ ਦਾ ਯਤਨ ਕੀਤਾ। ਨਿਜੀ ਜੀਵਨ ਤੋਂ ਛੁੱਟ ਚੁਫੇਰੇ ਝਾਤੀ ਮਾਰ ਕੇ ਵੇਖਿਆ ਵੀ। ਜਦ ਇਹੋ ਕੁੱਝ ਨਜ਼ਰ ਆਇਆ ਤਾਂ ਉਸਦੇ ਅੰਦਰ ਇਸ ਜ਼ਿੰਦਗੀ ਨੂੰ ਦੂਰ ਕਰਨ ਲਈ ਇਕ ਤੂਫ਼ਾਨ ਉਠ ਖੜੋਤਾ "ਮੇਰੀ-ਦੁਨੀਆਂ" ਵਿਚ ਉਹ ਆਪ ਕਹਿੰਦਾ ਹੈ:

> ਉਦੋਂ ਮੇਰੇ ਅੰਦਰ ਇਕ ਬੇਪਨਾਹ ਜੋਸ਼ ਸੀ, ਆਦਰਸ਼ਵਾਦ ਦਾ ਅਰੁਕ ਤੂਫ਼ਾਨ, ਅਗਾਂਹਵਧੂ ਖਾਬਾਂ ਦਾ ਹੜ ਤੇ ਸਮਾਜ ਵਿੱਚ ਰੋਹ ਦਾ ਜ਼ਲਜ਼ਲਾ। ਹੋ ਸਕਦਾ ਹੈ ਅਜ ਅਠਾਰਾਂ ਸਾਲਾਂ ਬਾਅਦ ਸਮਾਜ ਦੀ ਹਾਲਤ ਉਦੋਂ ਨਾਲੋਂ ਕੁੱਝ ਸੁਧਰ ਗਈ ਹੋਵੇ, ਪਰ ਉਦੋਂ/ਆਪਣੇ ਸਮਾਜ ਦੀ ਜਿਹੜੀ ਸਕਲ ਮੇਰੇ ਸਾਹਮਣੇ ਸੀ ਮੇਰਾ ਨੌਜਵਾਨ ਹਿਰਦਾ ਕਚੀਚੀਆਂ ਖਾ ਖਾ ਕੇ ਲੂਹੀਆਂ ਲੈ ਲੈ ਕੇ ਉਸਨੂੰ ਤੱਕਦਾ ਪੈਂਦਾ।[3]

ਇਸ ਤਰ੍ਹਾਂ ਇਸ ਨਾਵਲ ਵਿਚ ਨਾਨਕ ਸਿੰਘ ਨੇ ਸਾਰੀਆਂ ਸਮੱਸਿਆਵਾਂ ਨੂੰ ਚਿਤਰਿਆ ਹੈ। ਪ੍ਰਿੰਸੀਪਲ ਤੇਜਾ ਸਿੰਘ ਨੇ 'ਚਿੱਟਾ ਲਹੂ' ਦੀ ਭੂਮਿਕਾ ਵਿਚ ਲਿਖਿਆ ਹੈ:

> ਨਾਨਕ ਸਿੰਘ ਜੀ ਅਗੇ ਸਮਾਜ ਦਾ ਕੋਈ ਇੱਕਾ ਦੁੱਕਾ ਔਗੁਣ ਲੈ ਕੇ ਨਾਵਲ ਲਿਖਦੇ ਸਨ, ਪਰ ਹੁਣ ਤਾਂ ਸਾਰੇ ਸਮਾਜ ਨੂੰ ਤਕੜੇ ਹੱਥ ਪਾ ਕੇ ਹਲੂਣਿਆ ਹੈ ਅਤੇ ਹਰ ਪਾਸੇ ਚੋਟਾਂ ਲਾਈਆਂ ਹਨ। - - - ਅਵਿਦਿਆ ਛੂਤ-ਛਾਤ, ਨਸ਼ਿਆਂ ਦਾ ਸੇਵਨ, ਵਿਆਹ

> ਸ਼ਾਦੀਆਂ ਦੀਆਂ ਕੁਰੀਤੀਆਂ, ਇਸਤਰੀ ਜ਼ਾਤੀ ਖਾਸ ਕਰਕੇ ਵਿਧਵਾ ਤੇ ਜ਼ੁਲਮ, ਗੁਰਦੁਆਰਿਆਂ ਵਲੋਂ ਅਣਗਹਿਲੀ, ਗੱਲ-ਗੱਲ ਤੇ ਲੜ ਪੈਣਾ, ਮੁਕੱਦਮੇਬਾਜ਼ੀ ਆਦਿ ਕੁਕਰਮ ਤੇ ਭੇਡ-ਚਾਲ ਐਸੇ ਸੋਹਣੇ ਤਰੀਕੇ ਨਾਲ ਕਹਾਣੀ ਵਿਚ ਗੁੰਦੀਆਂ ਹਨ ਕਿ ਪੜ੍ਹਨ ਵਾਲੇ ਦੇ ਦਿਲ ਉਤੇ ਬਹੁਤ ਛੇਤੀ ਅਤੇ ਡੂੰਘਾ ਅਸਰ ਹੁੰਦਾ ਹੈ।[4]

'ਚਿੱਟਾ ਲਹੂ' ਨਾਵਲ ਵਿਚ ਫੁੱਟ ਪਾਉਣ ਵਾਲੇ ਫਿਰਕੂ ਅਨਸਰਾਂ ਤੇ ਵੀ ਰੋਸ਼ਨੀ ਪਾਈ ਗਈ ਹੈ। 'ਚਿੱਟਾ ਲਹੂ' ਨਾਵਲ ਤੋਂ ਨਾਨਕ ਸਿੰਘ ਦੀ ਨਾਵਲ ਰਚਨਾ ਵਿਚ ਸਮਾਜ- ਸੁਧਾਰ ਦੇ ਵਿਸ਼ੇ ਦਾ ਦੌਰ ਆਰੰਭ ਹੁੰਦਾ ਹੈ। ਇਨ੍ਹਾਂ ਨਾਵਲਾਂ ਵਿਚ ਵੀ ਰੁਮਾਂਸ ਦਾ ਅੰਸ਼ ਚੋਖਾ ਹੈ, ਪਰ ਪ੍ਰਧਾਨਤਾ ਇਨ੍ਹਾਂ ਵਿਚ ਸਮਾਜ-ਸੁਧਾਰ ਦੀ ਭਾਵਨਾਂ ਦੀ ਪ੍ਰਤੀਤ ਹੁੰਦੀ ਹੈ। ਹੁਣ ਨਾਨਕ ਸਿੰਘ ਸਿਖਾਂਦਰੂ ਨਾਵਲਕਾਰ ਨਹੀਂ ਰਿਹਾ, ਇਕ ਕਾਰੀਗਰ ਬਣ ਗਿਆ ਹੈ, ਭਾਵੇਂ ਉਸਦੀ ਕਾਰੀਗਰੀ ਦਾ ਮਿਆਰ ਬਹੁਤਾ ਉਚੱਾ ਨਾ ਵੀ ਸਮਝਿਆ ਜਾਵੇ"[5] ਜਿਥੋਂ ਤਕ ਚਿੱਟੇ ਲਹੂ ਦੀ ਗੱਲ ਹੈ ਸੰਤ ਸਿੰਘ ਸੇਖੋਂ ਇਕ ਥਾਂ ਲਿਖਦੇ ਹਨ:

> ਨਾਨਕ ਸਿੰਘ ਦਾ ਪਹਿਲਾ ਮੌਲਿਕ ਨਾਵਲ ਜਿਸਨੂੰ ਪ੍ਰੌਢ ਕਿਹਾ ਜਾ ਸਕਦਾ ਹੈ, 1932 ਈ. ਵਿਚ ਪ੍ਰਕਾਸ਼ਿਤ ਹੋਇਆ 'ਚਿੱਟਾ ਲਹੂ' ਹੈ। ਪਰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਸਤੋਂ ਪਿਛੋਂ ਜਿਹੜੇ ਵੀ ਤੀਹ ਕੁ ਨਾਵਲ ਨਾਨਕ ਸਿੰਘ ਨੇ 1966 ਈ. ਤਕ ਲਿਖੇ ਉਨ੍ਹਾਂ ਦਾ ਪੱਧਰ ਜਾਂ ਵਰਗ 'ਚਿੱਟਾ ਲਹੂ' ਨਾਲੋਂ ਉਚੇਰਾ ਜਾਂ ਵੱਖਰਾ ਨਹੀਂ, ਭਾਵੇਂ ਉਸਨੇ ਸਮੇਂ-ਸਮੇਂ ਬਦਲਦੇ ਹਾਲਾਤ ਤੇ ਵਾਪਰਦੀਆਂ ਘਟਨਾਵਾਂ ਨੂੰ ਆਪਣੇ ਨਾਵਲਾਂ ਦਾ ਵਿਸ਼ੇ ਬਣਾਇਆ। - - - ਇਨ੍ਹਾਂ ਸਾਰੇ ਨਾਵਲਾਂ ਦੇ ਪੱਧਰ 'ਚਿੱਟਾ ਲਹੂ' ਦੇ ਪੱਧਰ ਤੋਂ ਉਪਰ ਨਾ ਉਠ ਸਕੇ। ਕਹਿਣ ਦਾ ਭਾਵ ਇਹ ਹੈ ਕਿ ਸ਼ੈਲੀ ਚਿੱਤ੍ਰਨ ਤੇ ਕਲਾ ਸਭਨਾਂ ਪੱਖਾਂ ਤੋਂ ਨਾਨਕ ਸਿੰਘ ਦੀ ਪ੍ਰਤਿਭਾ ਮਸਾਂ ਪਹਿਲੀ ਪ੍ਰੌਢ ਆਯੂ ਤਕ ਪਹੁੰਚਦੀ ਹੈ, ਉਸਤੋਂ ਅਗੇ ਉਸ ਨੇ ਕੋਈ ਉਲੇਖਣੀ ਉਨੱਤੀ ਨਹੀਂ ਕੀਤੀ।[6]

ਨਾਵਲ 'ਚਿੱਟਾ ਲਹੂ' ਵਿਚ ਨਾਨਕ ਸਿੰਘ ਦਸਣਾ ਚਾਹੁੰਦਾ ਹੈ ਕਿ ਸਮਾਜ ਦੇ ਲਹੂ ਵਿਚ ਸਿਹਤ ਦੀ ਲਾਲੀ (ਲਾਲ ਘੁਰੇ) ਨਹੀਂ ਰਹੀ। ਸਭ ਚਿੱਟੇ ਹੋ ਗਏ ਹਨ। ਜਿਵੇਂ ਸੁੰਦਰੀ ਆਪਣੇ ਖਤ ਵਿਚ ਬਚਨ ਸਿੰਘ ਨੂੰ ਆਖਦੀ ਹੈ ਕਿ ਤੁਸੀਂ ਉਨ੍ਹਾਂ ਲੋਕਾਂ ਨੂੰ ਸੁਧਾਰਨ ਦੇ ਖ਼ੁਆਬ ਲੈ ਰਹੇ ਹੋ ਜਿਨ੍ਹਾਂ ਦੇ ਦਿਲ ਕਾਲੇ ਦੀ ਅੱਗ ਨਾਲ ਸੜੇ ਪਏ ਹਨ; ਜਿਨ੍ਹਾਂ ਦੇ ਦਿਮਾਗ ਹੰਕਾਰ ਨਾਲ ਝੁਲਸੇ ਪਏ ਹਨ, ਤੇ ਜਿਨ੍ਹਾਂ ਦੇ ਡੌਲੇ ਚਿੱਟੇ ਲਹੂ ਨਾਲ ਮੁਰਦਾ ਹੋਏ ਪਏ ਹਨ? - - - ਉਨ੍ਹਾਂ ਲੋਕਾਂ ਦੇ ਸ਼ਰੀਰ ਵਿਚੋਂ ਚਿੱਟੇ ਲਹੂ ਨੂੰ ਕੱਢ ਕੇ ਜਦ ਤਕ ਧਰਤੀ ਤੇ ਨਾ ਡੋਲ੍ਹ ਦਿੱਤਾ ਜਾਵੇਗਾ, ਤੇ ਜਦ ਤਕ ਅਜਿਹੇ ਚਿੱਟੇ ਲਹੂ ਦੀ ਇਕ ਬੂੰਦ ਵੀ ਬਾਕੀ ਰਹਿਣ ਦਿੱਤੀ ਜਾਵੇਗੀ, ਤਦ ਤਕ ਹੋਣ ਵਾਲੀਆਂ ਨਸਲਾਂ ਉਤੇ ਇਸਦਾ ਅਸਰ ਹੋਣੋਂ ਨਹੀਂ ਰੁਕੇਗਾ।"[7]

ਪਰ ਇਸ ਕ੍ਰਾਂਤੀਕਾਰੀ ਤੇ ਹਿੰਸਾਕਾਰੀ ਇਲਾਜ ਦੁਆਰਾ ਨਾਨਕ ਸਿੰਘ ਸਮਾਜ ਦੀ ਰੋਗੀ ਦਸ਼ਾ ਦਾ ਇਲਾਜ ਕਰਵਾਣ ਲਈ ਤਿਆਰ ਨਹੀਂ। ਇਥੇ ਵੀ ਸੁੰਦਰੀ ਦੇ ਖ਼ਤ ਦੇ ਜਵਾਬ ਵਿਚ ਬਚਨ ਸਿੰਘ ਲਿਖਦਾ ਹੈ:

> ਸਾਡੇ ਸਮਾਜ ਦਾ ਲਹੂ ਸੱਚ ਮੁੱਚ ਦਿਨੋ ਦਿਨ ਚਿੱਟਾ ਹੁੰਦਾ ਜਾ ਰਿਹਾ ਹੈ ਪਰ ਇਸਦਾ ਸੁਧਾਰ ਕਰਨ ਲਈ ਜਿਹੜਾ ਇਲਾਜ ਤੁਸੀਂ ਵਰਤਣਾ ਚਾਹੁੰਦੇ ਹੋ, ਉਹ ਉਤਨਾ ਹੀ ਭਿਆਨਕ ਹੈ ਜਿਤਨਾ ਹਲਕਾਏ ਕੁੱਤੇ ਦੇ ਵੱਢੇ ਨੂੰ ਕੋਈ ਨੁਹਾ ਕੇ ਰਾਜੀ ਕਰਨਾ ਚਾਹੇ।[8]

ਇਸ ਤਰ੍ਹਾਂ ਇਸ ਨਾਵਲ ਵਿਚ ਦਸਿਆ ਹੈ ਕਿ ਸਮਾਜ ਵਿਚ ਲੋਕਾਂ ਦਾ ਲਹੂ ਦਿਨ-ਪਰ-ਦਿਨ ਲਾਲ ਦੀ ਥਾਂ ਚਿੱਟਾ ਹੁੰਦਾ ਜਾ ਰਿਹਾ ਹੈ । ਪੰਡਿਤ ਰਾਧਾ ਕ੍ਰਿਸ਼ਨ ਅਨਵਰ ਬਾਈ ਨੂੰ ਧੀ-ਧੀ ਕਹਿ ਕੇ ਬੁਲਾਉਣ ਵਾਲਾ ਅਤੇ ਉਸਦਾ ਮਤਰੇਆ ਪੁਤਰ ਪ੍ਰੇਮ ਦੋਵੇਂ ਹੀ ਉਸ ਪਾਸ ਪ੍ਰੇਮ ਭਿਛਿਆ ਮੰਗਣ ਜਾਂਦੇ ਹਨ। ਜਦੋਂ ਗੁਰਦੇਈ ਵਿਧਵਾ ਹੋਣ ਤੋਂ ਬਾਅਦ ਇਨ੍ਹਾਂ ਲੋਕਾਂ ਦੇ ਤਰਲੇ ਮਾਰਦੀ ਸੀ ਕਿ ਉਸਨੂੰ ਸਮਾਜ ਵਿਚ ਇੱਜਤ ਨਾਲ ਰਹਿਣ ਦਿੱਤਾ ਜਾਵੇ, ਤਾਂ ਇਨ੍ਹਾਂ ਲੋਕਾਂ ਨੇ ਹੀ ਇਸਨੂੰ ਬੇਇੱਜ਼ਤ ਕਰਕੇ ਅਤੇ ਠੁੱਡੇ ਮਾਰ-ਮਾਰ ਵੇਸ਼ਵਾ ਦੇ ਕੋਠੇ ਤਕ ਪਹੁੰਚਾ ਦਿੱਤਾ। ਜਦੋਂ ਇਹ ਵੇਸ਼ਵਾ ਬਣ ਗਈ ਤਾਂ ਇਹੀ ਲੋਕ ਉਸਤੋਂ ਸਦਕੇ ਜਾਂਦੇ ਹਨ।

ਇਸ ਤਰ੍ਹਾਂ ਨਾਨਕ ਸਿੰਘ ਨੇ ਇਸਤਰੀ ਜੀਵਨ ਨਾਲ ਸੰਬੰਧਿਤ ਤਕਰੀਬਨ ਹਰ ਸਮੱਸਿਆ ਨੂੰ ਨਾਵਲਾਂ ਦਾ ਵਿਸ਼ਾ ਬਣਾਇਆ ਅਤੇ ਉਸਦੇ ਜੀਵਨ ਵਿਚ ਸੁਧਾਰ ਕਰਨ ਦਾ ਯਤਨ ਵੀ ਕੀਤਾ ਹੈ। ਇਹ ਸਮੱਸਿਆਵਾਂ ਇਸ ਪ੍ਰਕਾਰ ਹਨ :

ਸਮਾਜ ਵਿਚ ਇਸਤਰੀ ਦੀ ਸਥਿਤੀ, ਅਨਜੋੜ ਵਿਆਹ, ਬਾਲ-ਵਿਆਹ, ਵਿਧਵਾ ਦੀ ਸਮੱਸਿਆ ਜਾਂ ਵਿਧਵਾ-ਜੀਵਨ, ਬਹੁ-ਵਿਆਹ, ਵੇਸ਼ਵਾ ਜੀਵਨ ਆਦਿ ਇਸਤਰੀ ਦੀਆਂ ਮੁੱਖ ਸਮੱਸਿਆ ਹਨ, ਜਿਨ੍ਹਾਂ ਨੂੰ ਨਾਨਕ ਸਿੰਘ ਨਾਵਲਾਂ ਦਾ ਵਿਸ਼ਾ ਬਣਾਂਦਾ ਹੈ।

<u>ਅਨਜੋੜ-ਵਿਆਹ :</u> ਅਨਜੋੜ ਵਿਆਹ ਦੀ ਸਮੱਸਿਆ ਨੂੰ ਨਾਨਕ ਸਿੰਘ ਆਪਣੇ ਨਾਵਲਾਂ ਦਾ ਵਿਸ਼ਾ ਬਣਾਉਂਦਾ ਹੈ। ਇਹ ਸਮੱਸਿਆ ਨਾਨਕ ਸਿੰਘ ਦੇ ਨਾਵਲਾਂ ਵਿਚ ਦੋ ਸਥਿਤੀਆਂ ਵਿਚ ਉਭਰਦੀ ਹੈ। ਇਕ ਆਰਥਿਕ ਅਸਮਾਨਤਾ ਤੇ ਦੂਜੀ ਸੰਤਾਨ ਪ੍ਰਾਪਤੀ ਲਈ। ਇਸ ਸਮੱਸਿਆ ਦਾ ਵਰਣਨ 'ਫੌਲਾਦੀ ਫੁੱਲ', 'ਪਿਆਰ ਦੀ ਦੁਨੀਆਂ', 'ਚਿੱਟਾ ਲਹੂ' 'ਟੁੱਟੀ ਵੀਣਾ', 'ਜੀਵਨ ਸੰਗਰਾਮ' 'ਆਦਮਖੋਰ', ਆਦਿ ਨਾਵਲਾਂ ਵਿਚ ਚੰਗੀ ਤਰ੍ਹਾਂ ਕੀਤਾ ਹੈ। ਨਾਨਕ ਸਿੰਘ 'ਫੌਲਾਦੀ ਫੁੱਲ' ਨਾਵਲ ਵਿਚ ਦਸਦਾ ਹੈ ਕਿ ਪਹਿਠਾਂ ਵਰ੍ਹਿਆਂ ਦਾ ਬੁੱਢਾ ਤਰਲੋਚਨ ਸਿੰਘ, ਡਾਕਟਰ ਮੋਹਣਾ ਸਿੰਘ ਦੀ ਸਹਾਇਤਾ ਨਾਲ ਸਰਲਾ ਦੇ ਗਰੀਬ ਪਿਉ ਨੂੰ ਦੋ ਹਜ਼ਾਰ ਰੁਪਏ ਦੇ ਕੇ ਸੋਲ੍ਹਾਂ ਵਰ੍ਹਿਆਂ ਦੀ ਸਰਲਾ ਨੂੰ ਖਰੀਦ ਲੈਂਦਾ ਹੈ ਜਾਂ ਵਿਆਹ ਕਰਵਾ ਲੈਂਦਾ ਹੈ। "ਸੋਲਾਂ ਵਰ੍ਹਿਆਂ ਦੀ ਬਾਲੜੀ ਨੂੰ ਪੈਹਿਠਾਂ ਵਰ੍ਹਿਆਂ ਦੇ ਬੁੱਢੇ ਨਾਲ ਨਰੜ ਦੇਣ ਦੀ ਗੱਲ ਜਿਸ-ਜਿਸ ਨੇ ਸੁਣੀ, ਸੁਣਕੇ ਦੰਗ ਰਹਿ ਗਿਆ।"[9]

'ਚਿੱਟਾ ਲਹੂ' ਦੀ ਗੁਰਦੇਈ ਦਾ ਅਨਜੋੜ ਵਿਆਹ ਹੋਣ ਕਰਕੇ ਜੀਵਨ ਬਰਬਾਦ ਹੋ ਜਾਂਦਾ ਹੈ। ਉਹ ਦਸਾਂ ਵਰ੍ਹਿਆਂ ਦੀ ਬਾਲੜੀ ਹੈ। ਉਸਦੀ ਮਾਂ ਗੁਰਦੇਈ ਦੀ ਮੰਗਣੀ ਤਾਂ ਕਰ ਦਿੰਦੀ ਹੈ ਪਰ ਮਾਂ ਦੇ ਮਰਨ ਉਪਰੰਤ ਹੀ ਮੰਗਣੀ ਟੁੱਟ ਜਾਂਦੀ ਹੈ। ਗਰੀਬ ਪਿਓ ਉਸਦੇ ਪਹਿਲੇ ਸੌਹਰਿਆਂ ਤੋਂ ਪੈਸੇ ਲੈ ਕੇ ਬੁੱਢੇ ਆਦਮੀ ਨਾਲ ਗੁਰਦੇਈ ਦਾ ਵਿਆਹ ਕਰ ਦਿੰਦਾ ਹੈ। ਸੌਹਰੇ ਘਰ ਗਈ ਤਾਂ ਉਸਨੂੰ ਪਤਾ ਲਗਿਆ ਕਿ ਉਸਦੇ ਪਤੀ ਦੀ ਉਮਰ, ਉਸਦੇ ਪਿਤਾ ਤੋਂ ਵੀ ਵਡੇਰੀ

ਸੀ ਤੇ ਪਿਛਲੇ ਹੀ ਸਾਲ ਉਸਨੇ ਆਪਣੀ ਪੋਤਰੇ ਦਾ ਮੁੰਡਨ ਕੀਤਾ ਹੈ।[10]

'ਪਿਆਰ ਦੀ ਦੁਨੀਆਂ' ਵਿਚ ਵੀ ਇਸੇ ਸਮੱਸਿਆ ਨੂੰ ਲਿਆ ਗਿਆ ਹੈ। ਉਜਾਗਰ ਸਿੰਘ ਵੱਡਾ ਅਮੀਰ ਆਦਮੀ ਹੈ ਜੋ ਲਖਨਊ ਵਿਚ ਸਬ ਜੱਜ ਦੀ ਪਦਵੀ ਤੇ ਬਿਰਾਜਮਾਨ ਹੈ। ਆਪਣੀ ਪਹਿਲੀ ਪਤਨੀ ਗੁਲਾਬ ਕੌਰ ਤੋਂ ਔਲਾਦ ਪ੍ਰਾਪਤ ਹੋਣ ਦੀ ਉਮੀਦ ਨਾ ਰਖਦਾ ਹੋਇਆ ਉਹ 18 ਵਰ੍ਹਿਆਂ ਦੀ ਲੜਕੀ ਨਾਲ ਸ਼ਾਦੀ ਕਰਵਾ ਲੈਂਦਾ ਹੈ। "ਇਹੋ ਜਿਹਾ ਖੁਲ੍ਹ ਦਿਲਾ ਉਨ੍ਹਾਂ ਲਈ ਲੱਭ ਹੀ ਪਿਆ, ਜਿਸਨੇ ਆਪਣੀ 18 ਵਰ੍ਹਿਆਂ ਦੀ ਲੜਕੀ ਦੂਣੇ ਰੁਪਿਆਂ ਨਾਲ ਤੋਲ ਕੇ ਜੱਜ ਸਾਹਿਬ ਦੇ ਹਵਾਲੇ ਕਰ ਦਿੱਤੀ।"[11]

'ਟੁੱਟੀ ਵੀਣਾ' ਦੀ ਪ੍ਰਤਿਮਾਂ ਵੀ ਇਸ ਸਮੱਸਿਆ ਦਾ ਸ਼ਿਕਾਰ ਬਣਦੀ ਹੈ।

'ਜੀਵਨ ਸੰਗਰਾਮ' ਨਾਵਲ ਵਿਚ, "ਲਾਜਵੰਤੀ ਦੇ ਪੇਕਿਆਂ ਨੇ ਉਸਨੂੰ ਪਤੀ ਨਾਲ ਨਹੀਂ ਦੌਲਤ ਨਾਲ ਵਿਆਹਿਆ ਸੀ। ਨਹੀਂ ਤਾਂ ਕਿਹੜੇ ਪੱਥਰ ਦਿਲ ਮਾਪੇ ਹੋਣਗੇ ਜਿਹੜੇ ਆਪਣੀ ਪੰਦਰਾਂ ਵਰ੍ਹਿਆਂ ਦੀ ਲੜਕੀ ਨੂੰ ਪੰਜਾਹ ਵਰ੍ਹਿਆਂ ਦੇ ਪਤੀ ਨਾਲ ਵਿਆਹ ਦੇਣ।"[12]

<u>ਬਾਲ-ਵਿਆਹ :</u> ਇਕ ਕੋਹਜੀ ਰਸਮ ਜਿਹੜੀ ਸਾਡੇ ਸਮਾਜ ਵਿਚ ਪੁਰਾਣੇ ਸਮੇਂ ਤੋਂ ਚਲੀ ਆ ਰਹੀ ਸੀ, ਉਹ ਹੈ ਬਾਲ-ਵਿਆਹ, ਜਿਸਦਾ ਨਾਨਕ ਸਿੰਘ ਨੇ ਖੰਡਨ ਕੀਤਾ ਹੈ। ਸਰੋਜ 'ਅੱਧ ਖਿੜਿਆ ਫੁੱਲ' ਦੀ ਨਾਇਕਾ ਹੈ ਜਦੋਂ ਇਹ ਫੁੱਲ ਖਿੜਨ ਵਾਲਾ ਹੁੰਦਾ ਹੈ ਇਸਤੋਂ ਪਹਿਲਾਂ ਹੀ ਖਤਮ ਹੋ ਜਾਂਦਾ ਹੈ। ਛੋਟੀ ਉਮਰ ਵਿਚ ਹੀ ਸਰੋਜ ਵਿਧਵਾ ਹੋ ਜਾਂਦੀ ਹੈ। ਇਸੇ ਤਰ੍ਹਾਂ 'ਜੀਵਨ ਸੰਗਰਾਮ' ਨਾਵਲ ਵਿਚ ਚੰਪਾ ਬਾਲ-ਵਿਧਵਾ ਹੈ। ਨਾਨਕ ਸਿੰਘ ਨੇ ਦਸਿਆ ਹੈ ਕਿ ਜੀਵਨ ਇਕ ਸੰਗਰਾਮ ਹੈ। ਸਮਾਜ ਵਿਚ ਰਹਿੰਦਾ ਮਨੁੱਖ ਆਰਾਮ ਨਾਲ ਜੀਵਨ ਬਤੀਤ ਨਹੀਂ ਕਰ ਸਕਦਾ। ਉਸਨੂੰ ਹਰ ਪਾਸੇ ਮਿਹਨਤ ਕਰਨੀ ਪੈਂਦੀ ਹੈ। ਇਸ ਵਿਚ ਕੋਈ ਜਿੱਤਦਾ ਹੈ ਤੇ ਕੋਈ ਹਾਰਦਾ ਹੈ। ਜੀਵਨ ਦੀ ਇਸ ਰਣਭੂਮੀ ਵਿਚ ਦੈਵੀ ਤੇ ਦਾਨਵੀ ਦੋਹਾਂ ਤਾਕਤਾਂ ਦਾ ਯੁੱਧ ਹੁੰਦਾ ਹੈ, ਪਰ ਅੰਤ ਵਿਚ ਜਿੱਤ ਦੈਵੀ ਤਾਕਤਾਂ ਦੀ ਹੀ ਹੁੰਦੀ ਹੈ। ਭਾਵੇਂ ਊਸ਼ਾ ਮਰ ਜਾਂਦੀ ਹੈ, ਪਰ ਬਖ਼ਸ਼ੀ ਧਰਮ

ਚੀਹ ਵਰਗੇ ਦੁਬਾਜਰੇ ਬੰਦੇ ਦਾ ਪਾਜ ਵੀ ਖੁਲ੍ਹ ਜਾਂਦਾ ਹੈ ਤੇ ਉਸਦਾ ਇਹ ਹਾਲ ਹੁੰਦਾ ਹੈ। ਆਪ ਵੀ ਡੁਬਿਉਂ ਬਾਹਮਣਾ , ਜ਼ਜਮਾਨ ਵੀ ਨਾਲੇ। ਅੰਤ ਵਿਚ ਉਸਨੂੰ ਆਪ ਵੀ ਕੁੱਝ ਪ੍ਰਾਪਤ ਨਹੀਂ ਹੁੰਦਾ, ਪਰ ਉਸਦੇ ਕਾਰਿਆਂ ਕਰਕੇ ਉਸਦੇ ਮਾਲਕਾਂ ਦੇ ਘਰ ਦਾ ਅਮਨ ਚੈਨ ਤਾਂ ਬਰਬਾਦ ਹੋ ਹੀ ਜਾਂਦਾ ਹੈ। ਪੂਰਨ ਚੰਦ ਦੀ ਵਾਸ਼ਨਾ ਦਾ ਸਿਕਾਰ ਹੋਈ ਚੰਪਾ ਨੂੰ ਆਤਮ-ਹਤਿਆ ਕਰਨੀ ਪੈਂਦੀ ਹੈ। ਇਸ ਨਾਵਲ ਵਿਚ ਇਹ ਵੀ ਦੱਸਿਆ ਹੈ ਕਿ ਸੱਚੇ ਪਿਆਰ ਵਿਚਅਜਿਹੀ ਸ਼ਕਤੀ ਹੈ ਜਿਹੜੀ ਮਨੁੱਖ ਦਾ ਜੀਵਨ ਪਲਟ ਕੇ ਰਖ ਦਿੰਦੀ ਹੈ। ਜਿਵੇਂ ਬਲਵੰਤ ਰਾਇ ਦੇ ਜੀਵਨ ਵਿਚ ਊਸ਼ਾ ਦੇ ਭੈਣ-ਪਿਆਰ ਨਾਲ ਬੜਾ ਭਾਰੀ ਪਲਟਾ ਆ ਜਾਂਦਾ ਹੈ।

ਬਹੁ-ਵਿਆਹ : ਬਹੁ-ਵਿਆਹ ਦੀ ਸਮੱਸਿਆ ਨਾਨਕ ਸਿੰਘ ਨੇ ਉਸੇ ਤਰ੍ਹਾਂ ਨਾਵਲਾਂ ਵਿਚ ਪੇਸ਼ ਕੀਤੀ ਹੈ ਜਿਵੇਂ ਉਸ ਸਮੇਂ ਸਮਾਜ ਵਿਚ ਪ੍ਰਚੱਲਤ ਸੀ। ਆਦਮੀ ਆਪਣੀ ਮਰਜ਼ੀ ਮੁਤਾਬਿਕ ਜਿੰਨੇ ਚਾਹੇ ਵਿਆਹ ਕਰਵਾ ਸਕਦਾ ਸੀ। ਅਜਿਹਾ ਕਰਨ ਦੀ ਉਸ ਤੇ ਕੋਈ ਰੋਕ ਟੋਕ ਨਹੀਂ ਸੀ ਹੁੰਦੀ। ਇਸ ਬਹੁ-ਵਿਆਹ ਦਾ ਜੋ ਪਰਿਣਾਮ ਨਿਕਲਦਾ ਉਹ ਇਸ ਤਰੀ ਨੂੰ ਹੀ ਭੁਗਤਣਾ ਪੈਂਦਾ ਸੀ। 'ਕੌਲਾਂਦੀ ਫੁੱਲ', 'ਪੱਥਰ ਦੇਖੰਭੇ' 'ਦਰ ਨਹੀ ਸ਼ਰਾਪ', 'ਪ੍ਰੇਮ ਸੰਗੀਤ, 'ਮਤਰੇਈ ਮਾਂ', 'ਮਿੱਠਾ ਮਹੁਰਾ' 'ਲਵ ਮੈਰਿਜ', 'ਜੀਵਨ ਸੰਗਰਾਮ', 'ਆਦਮ ਖੋਰ' ਵਿਚੋਂ ਉਭਰ ਕੇ ਸਾਹਮਣੇ ਆਉਂਦੀ ਹੈ। 'ਪੱਥਰ ਦੇ ਖੰਭ' ਨਾਵਲ ਵਿਚ ਸਿੱਬੂ ਦੀ ਪਤਨੀ ਟੀ.ਬੀ. ਦੀ ਮਰੀਜ਼ ਹੋਣ ਕਰਕੇ ਮਰ ਜਾਂਦੀ ਹੈ। ਸਿੱਬੂ ਦੂਜੀ ਸ਼ਾਦੀ ਉਸ ਅਧਖੜ ਉਮਰ ਦੀਪਹਾੜਨ ਰੋਜ਼ ਨਾਲ ਕਰਾਉਂਦਾ ਹੈ ਜਿਸਨੇ ਪਹਿਲਾਂ ਵੀ ਕਿਸੇ ਪੰਜਾਬੀ ਨਾਲ ਵਿਆਹ ਕਰਵਾਇਆ ਸੀ। ਪਰ ਰੋਜ਼ ਜਮਾਂਦਰੂ ਬੜਬੋਲੀਤੇ ਮੂਹ ਫੱਟ ਹੋਣ ਕਰਕੇ ਚੌਵੀ ਘੰਟੇ ਘਰ ਵਿਚ ਕਲੇਸ਼ ਪਾਈ ਰਖਦੀ ਸੀ। "ਘਰ ਵਿਚ ਨੂੰਹ-ਸੱਸ ਦੀ ਲੜਾਈ ਦਿਨੋ ਦਿਨ ਭਿਆਨਕ ਸ਼ਕਲ ਫੜਦੀ ਜਾ ਰਹੀ ਸੀ।"[13]

'ਪ੍ਰੇਮ ਸੰਗੀਤ' ਦਾ ਦਿਆਲ ਸਿੰਘ ਅਮੀਰ ਪਿਉ ਦਾ ਪੁਤਰ ਹੋਣਕਰਕੇ ਇਸਤਰੀ ਨੂੰ ਕੁੱਝ ਸਮਝਦਾ ਹੀ ਨਹੀਂ ਸੀ। ਉਸਦਾ ਵਿਆਹ ਭੋਲੀ-ਭਾਲੀ ਗੰਗਾਦੇਈ ਨਾਲ ਹੋਇਆ । ਸ਼ਰਾਬੀ ਹੋਣ ਕਰਕੇ ਉਸਦਾ ਸ਼ਰੀਰਕ ਸੰਬੰਧ ਚੰਦਨ ਨਾਲ ਇਥੋ ਤਕ ਵੱਧ ਗਿਆ ਕਿ ਉਹ ਉਸਨੂੰ ਘਰ

ਘਰ ਲੈ ਆਇਆ। "ਦਿਆਲ ਸਿੰਘ ਆਪਣੀ ਪਹਿਲੀ ਪਤਨੀ ਨੂੰ ਕਈ ਵਾਰੀ ਚਪੇੜਾਂ ਤੇ ਬੈਂਤਾਂ ਨਾਲ ਮਾਰਦਾ, ਪਰ ਉਹ ਉਫ਼ ਨਹੀਂ ਕਰਦੀ ਸੀ। ਉਹ ਸਿਆਲ ਦੀਆਂ ਠੰਢੀਆਂ ਰਾਤਾਂ ਵਿਚ ਉਸਨੂੰ ਗੁੱਤੋਂ ਫੜ ਕੇ ਬਾਹਰ ਕੱਢ ਦਿੰਦਾ। ਉਹ ਵਿਚਾਰੀ ਸਾਰੀ-ਸਾਰੀ ਰਾਤ ਬਾਹਰ ਠੰਢ ਵਿਚ ਥੜੇ ਤੇ ਬੈਠੀ ਰਹਿੰਦੀ। ਇਕ ਦਿਨ ਚੰਦਨ ਦੇਈ ਦੀ ਚੁੱਕ ਵਿਚ ਆ ਕੇ ਦਿਆਲ ਸਿੰਘ ਨੂੰ ਏਨਾ ਗੁੱਸਾ ਚੜ੍ਹਿਆ ਕਿ ਉਸਨੇ ਗੰਗਾਦੇਈ ਨੂੰ ਗਰਭ ਦੀ ਹਾਲਤ ਵਿਚ ਘਰੋਂ ਕੱਢ ਦਿੱਤਾ।"[14]

'ਮਤਰੇਈ ਮਾਂ' ਵਿਚ ਦਿਆਲੀ ਦੋਨਾਂ ਪਿਉ-ਪੁੱਤਰਾਂ ਦਾ ਜੀਣਾ ਹਰਾਮ ਕਰ ਦਿੰਦੀ ਹੈ ਸੌਤਲੇ ਪੁੱਤਰ ਦੇ ਖਿਲਾਫ਼ ਪਤੀ ਨੂੰ ਭੜਕਾਉਂਦੀ ਹੈ। ਤੇ ਬਿਮਾਰੀ ਦੀ ਹਾਲਤ ਵਿਚ ਪਤੀ ਨੂੰ ਛੱਡ ਕੇ ਪੇਕੇ ਚਲੀ ਜਾਂਦੀ ਹੈ। 'ਆਦਮਖੋਰ' ਦੇ ਠਾਕਰ ਸਿੰਘ ਨੇ ਆਪਣੀ ਪਹਿਲੀ ਪਤਨੀ ਦੇ ਹੁੰਦਿਆਂ ਚਿੰਤਮਣੀ ਨਾਲ ਸ਼ਾਦੀ ਕਰ ਲਈ। ਜਿਸਤੋਂ ਪਹਿਲੀ ਪਤਨੀ ਅਮਰ ਕੌਰ ਦਾ ਜੀਵਨ ਬਰਬਾਦ ਹੋ ਗਿਆ। ਉਸ ਅਗੇ ਹਨੇਰਾ ਹੀ ਹਨੇਰਾ ਸੀ। ਅਖੀਰ ਉਹ ਹਰਦੁਆਰ ਚਲੀ ਜਾਂਦੀ ਹੈ।

ਨਾਨਕ ਸਿੰਘ ਨੇ ਬਹੁ-ਵਿਆਹ ਤੋਂ ਉਤਪੰਨ ਇਸਤਰੀ ਦੇ ਜੀਵਨ ਵਿਚ ਦੁਖਾਂ ਦਾ ਵਰਣਨ ਕੀਤਾ ਹੈ। ਕਿ ਨਾ ਚਾਹੁੰਦੇ ਹੋਏ ਵੀ ਔਰਤ ਨੂੰ ਆਪਣੇ ਪਤੀ ਦੀ ਵਧੀਕੀਆਂ ਨੂੰ ਸਹਿਨ ਕਰਨਾ ਪੈਂਦਾ ਸੀ।

<u>ਵਿਧਵਾ ਜੀਵਨ ਦੀ ਸਮੱਸਿਆ :</u> ਨਾਨਕ ਸਿੰਘ ਨੇ ਆਪਣੇ ਨਾਵਲਾਂ ਵਿਚ ਵਿਧਵਾ ਸਮੱਸਿਆ ਨੂੰ ਲਿਆ ਹੈ। ਵਿਧਵਾ ਇਸਤਰੀ ਇਕ ਤਾਂ ਪਤੀ ਦੀ ਮੌਤ ਦੇ ਕਾਰਣ ਦੁਖੀ ਹੁੰਦੀ ਹੈ ਦੂਜਾ ਸਮਾਜ ਦਾ ਬੁਰਾ ਵਰਤਾਉ ਉਸਨੂੰ ਹੋਰ ਦੁਖੀ ਕਰਦਾ ਹੈ। ਸਰੋਜ 'ਅੱਧ ਖਿੜਿਆ ਫੁੱਲ', ਚੰਪਾ ਗੁਰਦੇਈ ('ਚਿੱਟਾ ਲਹੂ') ਲਈ ਜਿਉਣਾ ਮੁਸ਼ਕਿਲ ਹੋ ਜਾਂਦਾ ਹੈ। ਮੁੱਢਲੇ ਨਾਵਲਾਂ ਵਿਚ ਲੇਖਕ ਨੇ ਇਸਦਾ ਕੋਈ ਯੋਗ ਹੱਲ ਨਹੀਂ ਦਿੱਤਾ। ਕੁੱਝ ਤਾਂ ਜਿਵੇਂ ਚੰਪਾ ਆਤਮ-ਘਾਤ ਕਰ ਲੈਂਦੀ ਹੈ ਅਤੇ ਕੁੱਝ ਵੇਸ਼ਵਾਵਾਂ ਬਣ ਜਾਂਦੀਆਂ ਹਨ। ਜਿਵੇਂ ਗੁਰਦੇਈ । ਪਰ ਪਿਛੋਂ ਲਿਖੇ ਨਾਵਲਾਂ ਵਿਚ ਇਸਦਾ ਯੋਗ ਹਲ, ਦੂਜਾ ਵਿਆਹ ਦਸਿਆ ਹੈ ਜਿਵੇਂ ਸਲੋਚਨਾ (ਆਦਮਖੋਰ), ਮਨੋਰਮਾਂ (ਪਿਆਰ ਦੀ ਦੁਨੀਆਂ) ਆਦਿ ਕਰਦੀਆਂ ਹਨ।

ਮਰਦ ਵਲੋਂ ਇਸਤਰੀ ਨੂੰ ਘਰੋਂ ਕੱਢਣ ਦੀ ਸਮੱਸਿਆ ਵੀ ਨਾਨਕ ਸਿੰਘ ਦੇ ਕੁੱਝ ਨਾਵਲਾਂ ਵਿਚ ਜ਼ਿਕਰ ਆਉਂਦਾ ਹੈ। ਸੁਧਾ (ਫਿਟਕਾਰ), ਕਾਮਨੀ (ਕਟੀ ਹੋਈ ਪਤੰਗ) ਜਿਹੀਆਂ ਮੁਸੀਬਤਾਂ ਦੀਆਂ ਸ਼ਿਕਾਰ ਹਨ। ਇਸਤਰੀ ਨੂੰ ਮਰਦ ਇਸੇ ਲਈ ਘਰੋਂ ਕੱਢ ਦਿੰਦਾ ਹੈ ਕਿਉਂਕਿ ਉਹ ਉਸਦੇ ਟੁਕੜਿਆਂ ਤੇ ਪਲਦੀ ਹੈ ਅਤੇ ਆਰਥਿਕ ਤੌਰ ਤੇ ਆਜ਼ਾਦ ਨਹੀਂ। ਇਸ ਲਈ ਇਸ ਲੇਖਕ ਨੇ ਸੁਝਾਉ ਦਿੱਤਾ ਹੈ ਕਿ ਇਸਤਰੀ ਨੂੰ ਆਰਥਿਕ ਤੌਰ ਤੇ ਆਜ਼ਾਦ ਹੋਣਾ ਚਾਹੀਦਾ ਹੈ ਜਿਵੇਂ ਕਿ ਕਾਮਨੀ। ਇਸੇ ਨਾਲ ਹੀ ਉਸਦੀਆਂ ਮੁਸੀਬਤਾਂ ਘੱਟ ਸਕਦੀਆਂ ਹਨ। ਕਾਮਨੀ ਆਰਥਿਕ ਤੌਰ ਤੇ ਆਜ਼ਾਦ ਤਾਂ ਭਾਵੇਂ ਹੋ ਜਾਂਦੀ ਹੈ ਪਰ ਉਸਨੂੰ ਕੋਈ ਇਨਕਲਾਬ ਕਦਮ ਨਹੀਂ ਲੈਣ ਦਿੰਦਾ, ਉਹ ਆਪਣੇ ਪਤੀ ਬ੍ਰਤ ਧਰਮ ਵਿਚ ਉਸੇ ਤਰ੍ਹਾਂ ਪੱਕੀ ਰਹਿੰਦੀ ਹੈ। ਇਸੇ ਲਈ ਨਾਨਕ ਸਿੰਘ ਬ੍ਰਿਜ ਮੋਹਨ ਦਾ ਸੁਧਾਰ ਕਰਨ ਤੇ ਮਜ਼ਦੂਰਾਂ ਦੇ ਆਗੂ ਬਣਨ ਪਿਛੋਂ ਕਾਮਨੀ ਨਾਲ ਮਿਲਾ ਦਿੰਦਾ ਹੈ। ਪਰ ਹਰ ਇਸਤਰੀ ਦੇ ਪਤੀ ਦਾ ਇਸ ਤਰ੍ਹਾਂ ਸੁਧਾਰ ਤੇ ਮਿਲਾਪ ਨਹੀਂ ਹੋ ਸਕਦਾ। ਅਜਿਹਾ ਨਾਨਕ ਸਿੰਘ ਇਸ ਲਈ ਕਰਦਾ ਹੈ ਕਿ ਉਸਦੇ ਮਨ ਵਿਚ ਇਸਤਰੀ ਦੀ ਇਕ ਖਾਸ ਤਰ੍ਹਾਂ ਦੀ ਤਸਵੀਰ ਹੈ। ਉਹ ਕਹਿੰਦਾ ਹੈ :

> ਮਰਦ ਦੀ ਅਵਸਥਾ ਭਾਵੇਂ ਕਿੰਨੀ ਹੀ ਗਿਰੀ ਹੋਈ ਕਿਉਂ ਨਾ ਹੋਵੇ,
> ਪਰ ਇਸ ਭਾਰਤੀ ਨਾਰੀ ਨੂੰ/ਮੈਂ ਭਾਰਤੀ ਦੇ ਰੂਪ ਵਿਚ ਹੀ ਵੇਖਣਾ
> ਚਾਹੁੰਦਾ ਹਾਂ, ਯੂਰਪੀਨ ਰੂਪ ਵਿਚ ਨਹੀਂ।[15]

<u>ਵੇਸਵਾ :</u> ਨਾਨਕ ਸਿੰਘ ਨੇ 'ਚਿੱਟਾ ਲਹੂ' ਦੀ ਗੁਰਦੇਈ ਨੂੰ ਲੈ ਕੇ ਸਮਾਜ ਵਿਚ ਇਸਤਰੀ ਤੇ ਹੋ ਰਹੇ ਜ਼ੁਲਮ ਨੂੰ ਬਿਆਨ ਕਰਦਾ ਹੈ। ਇਸ ਤਰ੍ਹਾਂ ਇਸਤਰੀ ਦੀ ਇੱਛਾ ਤੋਂ ਬਿਨ੍ਹਾਂ ਉਸਦਾ ਵਿਆਹ ਬੁੱਢੇ ਆਦਮੀ ਨਾਲ ਵੀ ਕੀਤਾ ਜਾ ਸਕਦਾ ਹੈ। ਗੁਰਦੇਈ ਦਾ ਪਿਉ ਸ਼ਰਾਬੀ ਤੇ ਜਵਾਰੀਆ ਹੈ, ਉਹ ਆਪਣੀ ਲੜਕੀ ਦੇ ਪੈਸੇ ਲੈ ਕੇ ਗਾਉਣੀ ਪਿੰਡ ਦੇਇਕ ਬੁੱਢੇ ਨਾਲ ਵਿਆਹ ਦਿੰਦਾ ਹੈ। ਬੁੱਢਾ ਸਾਲ ਦੇ ਅੰਦਰ ਹੀ ਮਰ ਜਾਂਦਾ ਹੈ। ਉਸਦਾ ਮਤਰੇਆ ਪੁੱਤਰ ਰਾਮ ਚੰਦ ਗੁਰਦੇਈ ਤੇ ਜ਼ੁਲਮ ਕਰਦਾ ਹੈ। ਗੁਰਦੇਈ ਇਨ੍ਹਾਂ ਮੁਸ਼ਕਲਾਂ ਚੋਂ ਲੰਘਦੀ ਹੋਈ ਵੇਸਵਾ ਬਣਨ ਤੇ ਮਜ਼ਬੂਰ ਹੋ ਜਾਂਦੀ ਹੈ।

'ਟੁੱਟੀ ਵੀਣਾ' ਵਿਚ ਵੀ ਵੇਸ਼ਵਾ ਦੀ ਸਮੱਸਿਆ ਨੂੰ ਲਿਆ ਹੈ। ਇਸ ਨਾਵਲ ਦੀ ਨਾਇਕਾ ਜਿਸਦਾ ਕਿ ਸਾਰਾ ਜੀਵਨ ਟੁੱਟੀ ਵੀਣਾ ਹੀ ਹੈ, ਦੇ ਮਨ ਤੇ ਬਚਪਨ ਦੇ ਸਮੇਂ ਜਦੋਂ ਉਹ ਪਾਪ ਦੀ ਦੁਨੀਆਂ ਵਿਚ ਵਸਦੀ ਸੀ, ਦੀਆਂ ਲਕੀਰਾਂ ਕਿਵੇਂ ਕਿਵੇਂ ਉਘੜ ਆਉਂਦੀਆਂ ਹਨ। ਕਿੱਥੇ ਉਹ ਉਹ ਵੀਣਾ ਕਿ ਜਦੋਂ ਆਪਣੇ ਸਰਬੰਸ ਉਦੋਂ ਸੰਕਰ ਨੂੰ ਉਸਦੇ ਉਦੇਸ਼ ਤੋਂ ਡਿਗਣ ਤੋਂ ਬਚਾਉਂਦੀ ਹੈ। ਕਿਥੇ ਉਹ ਵੀਣਾ ਕਿ ਜਦੋਂ ਉਸਨੂੰ ਸਮਾਜ ਠੁਕਰਾ ਦਿੰਦਾ ਹੈ ਤਾਂ ਉਹ ਫਿਰ ਉਸੇ ਖਾਈ ਵਿਚ ਜਾ ਡਿਗਦੀ ਹੈ, ਜਿਸ ਵਿਚੋਂਗੰਗਾ ਰਾਮ ਨੇ ਉਸਦੀ ਮਾਂ ਨੂੰ ਕੱਢਿਆ ਸੀ। ਨਾਵਲ ਦੀ ਨਾਇਕਾ ਪ੍ਰਤਿਮਾ ਆਪਣੀ ਧੀ ਬਦਲੇ ਰਾਤ ਦੇ ਹਨੇਰਿਆਂ ਵਿਚ ਆਪਣਾ ਇਸਤ੍ਰੀਤਵ ਵੇਚਦੀ ਹੈ, ਪਰ ਇਸ ਗਲ ਦਾ ਸਾਇਆ ਆਪਣੀ ਧੀ ਤੇ ਨਹੀਂ ਪੈਣ ਦਿੰਦੀ। ਉਹ ਇਸ ਲਈ ਪੈਸੇ ਇਕੱਠੇ ਕਰ ਰਹੀ ਹੈ। ਕਿ ਚਾਂਦੀ ਦੀ ਜੁੱਤੀ ਨਾਲ ਉਹ ਆਪਣੀ ਧੀ ਦਾ ਭਵਿੱਖ ਉਜਲਾ ਬਣਾ ਸਕੇ।

'ਧੁੰਧਲੇ ਪਰਛਾਵੇਂ' ਨਾਵਲ ਵਿਚ ਨਾਨਕ ਸਿੰਘ ਨੇ ਉਨ੍ਹਾਂ ਅਭਾਗੀਆਂ ਇਸਤਰੀਆਂ ਦਾ ਵਰਣਨ ਕੀਤਾਹੈ, ਜਿਨ੍ਹਾਂ ਦੇ ਜੀਵਨ ਨੂੰ ਸਰਮਾਏਦਾਰ ਆਪਣੇ ਵਿਲਾਸ ਤ੍ਰਿਪਤੀ ਖਾਤਰ ਤਬਾਹ ਕਰ ਦਿੰਦੇ ਹਨ, ਅਰਥਾਤ ਹਮੇਸ਼ਾਂ ਲਈ ਨਰਕ ਕੁੰਡ ਦੀਆਂ ਭਾਗੀ ਬਣਾ ਦਿੰਦੇ ਹਨ। ਇਸ ਨਾਵਲ ਵਿਚ ਦਵਿੰਦਰ ਸਿੰਘ ਦਮੋਦਰੀ ਤੇ ਉਸਦੀ ਧੀ ਦਾ ਜੀਵਨ ਤਬਾਹ ਕਰ ਦਿੰਦਾ ਹੈ। ਦਵਿੰਦਰ ਸਿੰਘ ਦਮੋਦਰੀ ਨੂੰ ਤਾਂ ਆਪਣੇ ਭੋਗ-ਵਿਲਾਸ ਦੀ ਵਸਤੂ ਸਮਝਿਆ ਹੋਇਆ ਹੀ ਹੈ ਪਰ ਜਦੋਂ ਦਮੋਦਰੀ ਆਪਣੀ ਧੀ ਸੁਭੱਦਰਾ ਨੂੰ ਛੱਡ ਕੇ ਕਿਸੇ ਰਿਸ਼ਤੇਦਾਰ ਦੇ ਵਿਆਹ ਤੇ ਜਾਂਦੀ ਹੈ ਤਾਂ ਪਿਛੋਂ ਦਵਿੰਦਰ ਸਿੰਘ ਸੁਭੱਦਰਾ ਦੀ ਇੱਜ਼ਤ ਨਾਲ ਖੇਡਦਾਹੈ। ਜਿਸਦਾ ਸਿੱਟਾ ਇਹ ਨਿਕਲਦਾ ਹੈ ਕਿ ਸੁਭਦਰਾ ਮਰਦ ਦਾ ਸ਼ਿਕਾਰ ਹੁੰਦੀ ਹੁੰਦੀਅਖੀਰ ਵੇਸ਼ਵਾ ਦੇ ਕੋਠੇ ਜਾ ਪਹੁੰਚਦੀ ਹੈ।

ਨਾਨਕ ਸਿੰਘ ਨੇ ਆਪਣੇ ਨਾਵਲਾਂ ਵਿਚ ਵੇਸ਼ਵਾ ਜੀਵਨ ਦੀ ਸਮੱਸਿਆ ਨੂੰ ਆਪਣੇ ਨਾਵਲਾਂ ਵਿਚ ਪੇਸ਼ ਕੀਤਾ ਹੈ। ਇਸ ਤਰ੍ਹਾਂ ਦੇ ਜੀਵਨ ਖਿਲਾਫ਼ ਆਵਾਜ਼ ਉਠਾਈ ਹੈ। 'ਚਿਤ੍ਰਕਾਰ' ਨਾਵਲ ਵਿਚ ਨਾਨਕ ਸਿੰਘ ਆਪ ਲਿਖਦਾ ਹੈ ਕਿ:

> ਬੰਗਾਲ ਵਿਚ ਜਦੋਂ ਕਾਲ ਪਿਆ ਤਾਂ ਭੁੱਖ ਮਾਰੀ ਕਾਰਨ ਸਭ ਤੋਂ ਜਿਆਦਾਂ ਕੀਮਤ ਔਰਤ ਨੂੰ ਦੇਣੀ ਪਈ। ਉਸਨੂੰ ਸਿੱਕੇ ਵਾਂਗ ਵਰਤਿਆ ਗਿਆ। ਉਨ੍ਹਾਂ

> ਦੀ ਕੀਮਤ ਤਿੰਨ-ਤਿੰਨ ਤੇ ਪੰਜ-ਪੰਜ ਰੁਪਏ ਲਗਾਈ ਗਈ,' ਉਨ੍ਹਾਂ ਨੂੰ ਵੇਚ ਕੇ ਵੇਸ਼ਵਾ ਬਣਾਉਣ ਵਾਲਾ ਕੋਈ ਹੋਰ ਨਹੀਂ ਸੀ। ਉਹਨਾਂ ਦੇ ਮਾਪੇ, ਪਤੀ ਤੇ ਭਰਾ ਹੀ ਸਨ। ਇਹ ਬੰਗਾਲ ਦੀਆਂ ਵੇਸ਼ਵਾਵਾਂ ਬਆਦ ਵਿਚ ਪੇਸ਼ਾਵਰ ਵੇਸ਼ਵਾਵਾਂ ਬਣ ਗਈਆਂ।[16]

ਝਸੀ ਨੂੰ ਆਪਣੇਭਰਾ ਦਾ ਜੀਵਨ ਬਚਾਉਣ ਲਈ ਵੇਸ਼ਵਾ ਬਣਨਾ ਪਿਆ। ਉਹ ਆਪ ਕਹਿੰਦੀ ਹੈ ਕਿ "ਮੈਂ ਇਕ ਤਰ੍ਹਾਂ ਨਾਲ ਵੇਸ਼ਵਾ ਦਾ ਜੀਵਨ ਜੀਉ ਰਹੀ ਹਾਂ।"[17]

'ਕਟੀ ਹੋਈ ਪਤੰਗ' ਦਾ ਬ੍ਰਿਜਮੋਹਨ ਤੇ ਕਾਮਨੀ ਪਤੀ-ਪਤਨੀ ਹਨ। ਪਰ ਬ੍ਰਿਜ ਮੋਹਨ ਨੇ ਕੰਮ ਕਰਨ ਵਾਲੀ 16 ਸਾਲਾਂ ਦੀ ਕੁੜੀ ਦੇ ਮਾਂ-ਪਿਉ ਨੂੰ ਝਾਂਸਾ ਦੇ ਕੇ, ਕਿ ਉਸਦੀ ਪਤਨੀ ਇਕ ਦੁਰਘਟਨਾ ਵਿਚ ਮਰ ਗਈ ਹੈ ,ਨਾਲ ਵਿਆਹ ਕਰਵਾ ਲਿਆ। ਜਿਸਦਾ ਅੰਤ ਕੇਸਰੀ ਦਾ ਵੇਸ਼ਵਾ ਬਣਨਾ ਹੋਇਆ। "ਪਹਿਲਾਂ ਪਹਿਲ ਉਹ ਆਪਣੇ ਆਪ ਨੂੰ ਬ੍ਰਿਜ ਮੋਹਨ ਦੀ ਪਤਨੀ ਸਮਝਦੀ ਸੀ, ਫੇਰ ਉਸਦੇ ਭਰਾਵਾਂ, ਭਣੇਵਿਆਂ ਦੀ ਤੇ ਛੇਕੜ ਉਹ ਇਕ ਸਾਊ ਕਿਸਮ ਦੀ ਵੇਸ਼ਵਾ ਬਣ ਕੇ ਰਹਿ ਗਈ।[18]

ਇਸਤਰੀ ਜਾਤੀ ਨਾਲ ਭਾਵੁਕ ਹਮਦਰਦੀ ਵਿਖਾਉਣ ਲਈ ਉਸਦੇ ਕਈ ਜਾਤੀ ਕਾਰਣ ਵੀ ਹਨ। ਨਾਨਕ ਸਿੰਘ ਨੇ ਆਪਣੇ ਬਚਪਨ ਵਿਚ ਹੀ ਆਪਣੀ ਮਾਤਾ ਨੂੰ ਬਦਸਲੂਕੀ ਅਤੇ ਬਦ-ਕਿਸਮਤੀ ਦਾ ਸ਼ਿਕਾਰ ਹੁੰਦਿਆਂ ਵੇਖਿਆ। ਪਿਤਾ ਦੇ ਮਰਨ ਤੋਂ ਬਾਦ ਉਸਦੇ ਪਤੀ ਦੇ ਭਰਾਵਾਂ ਨੇ ਸਿਰਫ ਆਰਥਿਕ ਤੌਰ ਤੇ ਹੀ ਤਬਾਹ ਨਹੀਂ ਕੀਤਾ,' ਸਗੋਂ ਉਸਦੀ ਅਸਮਤ ਲੁੱਟਣ ਦਾ ਵੀ ਯਤਨ ਕੀਤਾ। ਪਰ ਉਸ ਸਿਰੜੀ ਇਸਤਰੀ ਨੇ ਇਨ੍ਹਾਂ ਸਭ ਮੁਸੀਬਤਾਂ ਨੂੰ ਜ਼ਰਿਆ ਅਤੇ ਜ਼ਿੰਦਗੀ ਨਾਲ ਇਕ ਦਲੇਰਾਨਾ ਘੋਲ ਘੁਲੀ। ਨਾਨਕ ਸਿੰਘ ਨੇ ਆਪਣੀ ਮਾਤਾ ਅੰਦਰ ਆਤਮਕ ਉਚੱਤਾ ਅਤੇ ਸਵੈ-ਸੰਜਮ ਦਾ ਇਕ ਚਮਤਕਾਰ ਵੇਖਿਆ। ਉਸਦੇ ਕਹਿਣ ਮੁਤਾਬਿਕ ਇਸ ਚੀਜ਼ ਨੇ "ਨਾ ਕੇਵਲ ਮਾਂ ਲਈ ਹੀ ਸਗੋਂ ਸੰਸਾਰ ਭਰ ਦੀ ਇਸਤਰੀ ਜਾਤੀ ਲਈ ਮੇਰੇ ਅੰਦਰ ਸਦੀਵੀਂ ਸਤਿਕਾਰ ਪੈਦਾ ਕਰ ਦਿੱਤਾ।"[19] ਇਸਤੋਂ ਇਲਾਵਾ ਚੜ੍ਹਦੀ ਜਵਾਨੀ ਵਿਚ ਨਾਨਕ ਸਿੰਘ ਨੂੰ ਇਕ ਵਿਧਵਾ ਮੁਟਿਆਰ

ਨਾਲ ਪ੍ਰੇਮ ਹੋਗਿਆ ਸੀ। ਇਹ ਪਿਆਰ ਇਕ ਅਸਫਲ ਪਿਆਰ ਸਾਬਤ ਹੋਇਆ ।ਉਸਦੀ ਮਹਿਬੂਬਾ ਤਪੈਦਿਕ ਦਾ ਸ਼ਿਕਾਰ ਹੋ ਗਈ। ਉਸਦੀ ਯਾਦ ਵਿਚ ਹੀ ਨਾਨਕ ਸਿੰਘ ਆਪਣੀ ਨਾਇਕਾਵਾਂ ਦੇ ਨਾਂ 'ਸ' ਨਾਲ ਸ਼ੁਰੂ ਕਰਦਾ ਹੈ। ਉਸਦੇਂ ਨਾਵਲਾਂ ਵਿਚ ਇਸਤਰੀ ਪਾਤਰਾਂ ਦਾ ਅੰਤ ਦੁਖਾਂਤ ਵਿਚ ਹੋਣਦਾ ਇਕ ਕਾਰਣ ਨਾਨਕ ਸਿੰਘ ਦੀ ਆਪਣੇ ਪਿਆਰ ਵਿਚ ਨਾਕਾਮੀ ਸੀ। ਇਨ੍ਹਾਂ ਜਾਤੀ ਕਾਰਨਾਂ ਕਰਕੇ ਨਾਨਕ ਸਿੰਘ ਇਸਤਰੀ ਪਾਤਰਾਂ ਦੇ ਚਿਤਰਣ ਵੇਲੇ ਬੜਾ ਭਾਵੁਕ ਹੋ ਜਾਂਦਾ ਹੈ, ਉਨ੍ਹਾਂ ਨੂੰ ਉਚਿਆ ਕੇ ਅਤੇ ਚਮਕਾ ਕੇ ਪੇਸ਼ ਕਰਦਾ ਹੈ। ਉਸਦੇ ਨਾਵਲਾਂ ਵਿਚ ਇਸਤਰੀਆਂ ਦੇ ਦਰਦ ਪਾਏ ਜਾਂਦੇ ਹਨ। ਇਸਤਰੀ ਦੇ ਹਿਰਦੇ ਦੀ ਵਿਸ਼ਾਲ ਪੀੜਾ ਨਾਲ ਉਸਨੂੰ ਹਮਦਰਦੀ ਹੈ।

ਨਾਨਕ ਸਿੰਘ ਦੇ ਬਹੁਤ ਨਾਵਲਾਂ ਦਾ ਵਿਸ਼ਾ ਭਾਰਤੀ ਇਸਤਰੀ ਦੇ ਸੁਧਾਰ ਨਾਲ ਸੰਬੰਧਤ ਹੈ। ਉਸਦੀਆਂ ਰਚਨਾਵਾਂ - - - ਇਸਤਰੀ ਦੇ ਰੋਗ ਨੂੰ ਚੰਗੀ ਤਰ੍ਹਾਂ ਭਾਂਪਦੀਆਂ ਹਨ ਅਤੇ ਉਹ ਸਮਾਜ ਦੇ ਇਸ ਕੋਹੜ ਨੂੰ ਦੂਰ ਕਰਨ ਲਈ ਟਿੱਲ ਲਾ ਦਿੰਦਾਹੈ। ਉਸਦਾ ਹਰ ਨਾਵਲ ਇਕ ਅਸੰਤੁਸਟ ਇਸਤਰੀ ਦੀ ਕਹਾਣੀ ਹੈ। ਅਤੇ ਉਨ੍ਹਾਂ ਦੀਆਂ ਵੱਖ-ਵੱਖ ਸਮੱਸਿਆਵਾਂ ਨੂੰ ਛੂਹਿਆ ਹੈ ਜਿਵੇਂਕਿ ਬਾਲ-ਵਿਆਹ ,ਅਨਜੋੜ- ਵਿਆਹ, ਵਿਧਵਾ-ਵਿਆਹ, ਵੇਸ਼ਵਾ-ਜੀਵਨ ਅਤੇ ਮਰਦ ਦੇ ਜ਼ੁਲਮਾਂ ਦਾ ਸ਼ਿਕਾਰ ਹੋਈ ਇਸਤਰੀ।

ਅ) <u>ਸਮਾਜ ਦੀ ਧਾਰਮਿਕ ਸਥਿਤੀ</u> :

ਉਸ ਸਮੇਂ ਜਿਥੇ ਸਮਾਜਿਕ ਜੀਵਨ ਦੇ ਲਈ ਹੋਰ ਪੱਖਾਂ ਵਿਚ ਗਿਰਾਵਟ ਆ ਗਈ ਸੀ ਉਥੇ 'ਧਾਰਮਿਕ ਪੱਖ' ਵੀ ਇਸ ਅਸਰ ਤੋਂ ਬੱਚ ਨਹੀਂ ਸੀ ਸਕਿਆ। ਧਰਮ, ਜਿਹੜਾ ਕਿ ਮਨੁੱਖ ਨੂੰ ਉਚਿਆਈ ਅਤੇ ਪਵਿਤਰੱਤਾ ਵਲ ਲੈ ਜਾਂਦਾ ਹੈ, ਉਸਦੀ ਆੜ ਲੈ ਕੇ ਮਨੁੱਖ ਨੇ ਕਈ ਕੁਕਰਮ ਕਰਨੇ ਸ਼ੁਰੂ ਕਰ ਦਿੱਤੇ ਸਨ। ਨਾਨਕ ਸਿੰਘ ਨੇ ਇਥੇ ਭਾਈ ਵੀਰ ਸਿੰਘ ਵਾਂਗ ਕਿਸੇ ਖਾਸ ਧਰਮ ਦਾ ਪ੍ਰਚਾਰ ਕਰਨ ਲਈ ਇਸਨੂੰ ਆਪਣੇ ਨਾਵਲਾਂ ਦਾ ਵਿਸ਼ਾ ਨਹੀਂ ਬਣਾਇਆ ਸਗੋਂ ਇਸਦੇ ਹੁੱਲ ਪੱਖ ਲੈ ਕੇ ਸੁਧਾਰ ਕਰਨ ਦਾ ਯਤਨ ਕੀਤਾ ਹੈ, ਜਿਨ੍ਹਾਂ ਵਿਚੋਂ ਮਹੱਤਾ ਜ਼ੋਰ ਹੇਠਲੇ ਦੋ ਪੱਖਾਂ ਤੇ ਦਿੱਤਾ:

ਇਕ ਤਾਂ ਉਸਨੇ ਦਸਿਆ ਕਿ ਕਿਸ ਤਰ੍ਹਾਂ ਵਿਭਚਾਰੀ ਮਨੁੱਖ ਧਰਮ ਦੇ ਨਾਂ ਹੇਠ ਸੰਤਾਂ-ਸਾਧਾਂ ਦਾ ਰੂਪ ਧਾਰਨ ਕਰਕੇ ਭੋਲੀ-ਭਾਲੀ ਜਨਤਾ ਤੇ ਅਨਪੜ੍ਹ ਲੋਕਾਂ ਨੂੰ ਆਪਣੇ ਜਾਲ ਵਿਚ ਫਸਾਉਂਦੇ ਹਨ। ਇਸ ਵਿਸ਼ੇ ਨੂੰ ਉਸਨੇ ਆਪਣੇ ਨਾਵਲ 'ਫੌਲਾਦੀ ਫੁੱਲ', 'ਪਿਆਰ ਦੀ ਦੁਨੀਆਂ', 'ਆਸਤਕ-ਨਾਸਤਕ' ਵਿਚ ਲਿਆ ਹੈ। ਫੌਲਾਦੀ ਫੁੱਲ ਵਿਚਲਾ ਮਹਾਤਮਾ ਇਕ ਪਾਸੇ ਤਾਂ ਮਸੂਮ ਇਸਤਰੀਆਂ ਨੂੰ ਕੁਰਾਹ ਪਾਉਂਦਾ ਹੈ, ਬਿਮਾਰੀਆਂ ਦੇ ਇਲਾਜ ਦੀ ਥਾਂ ਉਨ੍ਹਾਂ ਨੂੰ ਧਾਗੇ-ਤਵੀਤ ਦੇਂਦਾ, ਤੇ ਮੜ੍ਹੀਆਂ-ਮਸਾਣਾਂ ਵਿਚ ਵਿਅਰਥ ਟਕਰਾਂ ਮਾਰਨ ਲਈ ਭੇਜਦਾ ਹੈ। ਦੂਜੇ ਪਾਸੇ ਜਗਤ ਸਿੰਘ ਵਰਗੇ ਬਦਚਲਨ ਆਦਮੀਆਂ ਨਾਲ ਮਿਲਕੇ ਸਮਾਜ ਵਿਚ ਵਿਭਚਾਰ ਫੈਲਾਉਂਦਾ ਹੈ। ਸੰਤ ਉਂਕਾਰ ਨਾਥ 'ਪਿਆਰ ਦੀ ਦੁਨੀਆਂ' ਨਾਵਲ ਵਿਚ ਸਰਮਾਏਦਾਰਾਂ ਨਾਲ ਮਿਲਕੇ ਨਾ ਕੇਵਲ ਅਗਵਾ ਕਰਾਉਣ ਅਤੇ ਖ਼ੂਨ ਕਰਾਉਣ ਵਰਗੇ ਜ਼ੁਰਮ ਵੀ ਕਰਦਾ ਹੈ। ਮਾਸੂਮ ਇਸਤਰੀਆਂ ਨੂੰ ਫਸਾ ਕੇ ਉਨ੍ਹਾਂ ਦੀ ਦੌਲਤ ਤਾਂ ਲੁੱਟਦਾ ਹੀ ਹੈ, ਇਸਤੋਂ ਇਲਾਵਾ ਉਨ੍ਹਾਂ ਦੀ ਅਸਮਤ ਲੁੱਟਣ ਤੋਂ ਵੀ ਪਰਹੇਜ਼ ਨਹੀਂ ਕਰਦਾ। ਉਜਾਗਰ ਸਿੰਘ ਦੀ ਪਤਨੀ ਨਾਲ ਇਹੋ ਵਰਤਾਵ ਕਰਦਾ ਹੈ। ਮਨੋਰਮਾ ਨੂੰ ਇਸੇ ਮਤਲਬ ਲਈ ਫਸਾਉਣ ਦਾ ਯਤਨ ਕਰਦਾ ਹੈ। ਧਰਮ ਦਾ ਦੂਜਾ ਪੱਖ ਹੈ ਮਤਲਬੀ ਤੇ ਖ਼ੁਦਗਰਜ਼ ਮਨੁੱਖਾਂ ਦਾ। ਆਪਣਾ ਉਲੂ ਸਿੱਧਾ ਕਰਨ ਲਈ ਜਨਤਾ ਨੂੰ ਧਰਮ ਦੇ ਨਾਂ ਤੇ ਲੜਾਉਣਾ। ਅਜਿਹਾ ਕੰਮ ਉਸ ਵੇਲੇ ਦੀਆਂ ਧਰਮ ਦਾ ਸੁਧਾਰ ਕਰਨ ਵਾਲੀਆਂ ਸੰਪ੍ਰਦਾਵਾਂ ਕਰ ਰਹੀਆਂ ਸਨ। ਉਹ ਆਪਣੇ ਧਰਮ ਨੂੰ ਫੈਲਾਉਣ ਲਈ ਦੂਜੇ ਧਰਮਾਂ ਦੇ ਵਿਰੁਧ ਪ੍ਰਚਾਰ ਕਰਦੀਆਂ ਸਨ। ਕਿਉਂਕਿ ਇਹ ਸਭ ਕੁੱਝ ਉਹ ਧਰਮ ਦੇ ਪ੍ਰਚਾਰ ਲਈ ਕਰ ਰਹੀਆਂ ਸਨ। ਆਰੀਆ ਸਮਾਜ ਤੇ ਸਿੰਘ ਸਭਾ ਲਹਿਰ ਦਾ ਜ਼ਿਕਰ ਕਰਦਾ ਹੋਇਆ ਨਾਨਕ ਸਿੰਘ ਕਹਿੰਦਾ ਹੈ:

> ਇਸ ਵਿਚ ਸ਼ਕ ਨਹੀਂ ਕਿ ਇਨ੍ਹਾਂ ਦੋਹਾਂ ਸੰਪਰਦਾਵਾਂ ਨੇ। ਆਪੋ ਆਪਣੇ ਥਾਂ ਮਾਹਰ ਕੇ ਕੰਮ ਕੀਤੇ। ਪਰ ਸਾਰੀ ਕੀਤੀ ਕਤਰੀ ਉਤੇ ਸੁਆਹ ਧੂੜਨ ਵਾਲੀ ਗਲ ਇਹ ਬਣੀ ਕਿ ਇਨ੍ਹਾਂ ਦੋਹਾਂ ਸੰਪਰਦਾਵਾਂ ਦਾ ਆਪੋ ਵਿਚ ਜੂਤ ਪਟਾਂਗ ਖੂਬ ਚਲਦਾ ਸੀ। ਦੋਹਾਂ ਤੋਂ ਛੁੱਟ ਤੀਜੀ ਸੰਪ੍ਰਦਾ (ਮੁਸਲਮਾਨ) ਵੀ ਇਸੇ ਮਰਜ਼ ਦੀ

> ਦੀ ਮਰੀਜ਼ ਵਿਖਾਈ ਦਿੰਦੀ ਸੀ। ਗੋਇਆ ਸਮਾਜ ਦੀ ਹਾਲਤ ਉਸ ਵੇਲੇ ਸੜਰਹੇ ਉਸ ਮਕਾਨ ਵਰਗੀ ਸੀ, ਜਿਸ ਉਤੇ ਇਕ ਬੰਨ੍ਹਿਉ ਤੇਲ ਦੇ ਪੀਪੇ।[20]

ਇਨ੍ਹਾਂ ਸੰਪਰਦਾਵਾਂ ਦੀ ਜੁਤ-ਪਟਾਂਗ ਦਾ ਅਸਰ ਹੀ ਸਾਨੂੰ 'ਪਿਆਰ ਦੀ ਦੁਨੀਆਂ' ਵਿਚ ਨਜ਼ਰ ਆਉਂਦਾ ਹੈ। ਜਦ ਪ੍ਰੀਤਮ ਸਿੰਘ ਦੇ ਮਹੱਲਿਆਂ ਤੇ ਇਕ ਨਿਗੂਣੇ ਥੜੇ, ਜਿਸਨੂੰ ਕਿ ਕਦੇ ਬੈਠਣ ਲਈ ਬਣਾਇਆ ਗਿਆ ਸੀ, ਹਿੰਦੂ - ਮੁਸਲਮਾਨ ਆਪੋ ਆਪਣੇ ਕਿਸੇ ਸੰਤ ਫਕੀਰ ਦੀ ਸਮਾਧ ਸਮਝਕੇ ਲੜਨ ਮਰਨ ਲਈ ਤਿਆਰ ਹੋ ਜਾਂਦੇ ਹਨ ਅਤੇ ਇਸ ਬਲਦੀ ਤੇ ਤੇਲ ਪਾਉਣ ਲਈ ਇਹ ਸੰਪਰਦਾਵਾਂ ਹੋਰ ਵਧੇਰੇ ਪ੍ਰਚਾਰ ਕਰਦੀਆਂ ਹਨ। ਇਸ ਅੱਗ ਨੂੰ ਭੜਕਾਉਣ ਵਾਲੀਆਂ ਇਨ੍ਹਾਂ ਸੰਪ੍ਰਦਾਵਾਂ ਤੋਂ ਛੁੱਟ ਦੂਜੀ ਸ਼੍ਰੇਣੀ ਸਰਮਾਏਦਾਰਾਂ ਦੀ ਹੈ। ਉਹ ਆਪਣੇ ਨਿਜੀ ਲਾਭ ਲਈ ਧਰਮ ਦੇ ਨਾਂ ਤੇ ਲੋਕਾਂ ਨੂੰ ਭੜਕਾਉਂਦੇ ਹਨ। ਰਾਇ ਸਾਹਿਬ ਲਾਲਾ ਅਮਰਨਾਥ ਨਾਵਲ 'ਗਰੀਬ ਦੀ ਦੁਨੀਆਂ' ਵਿਚ ਮਜ਼ਦੂਰਾਂ ਦੀ ਆਪਸ ਵਿਚ ਫੁੱਟ ਪੁਆਣ ਲਈ ਹਿੰਦੂ-ਮੁਸਲਮਾਨ ਦਾ ਸਵਾਲ ਉਠਾਂਦਾ ਹੈ। ਅਜਿਹਾ ਕਰਕੇ ਉਹ ਉਨ੍ਹਾਂ ਕੋਲੋਂ ਆਪਣੀ ਸ਼ਰਤਾਂ ਮਨਵਾ ਸਕਦਾ ਸੀ। ਆਪਣੇ ਮੰਤਵ ਦੀ ਪੂਰਤੀ ਲਈ ਉਹ ਬੇਦੋਸ਼ੀ ਲੜਕੀ ਮਾਲਤੀ ,ਜਿਸਦੀ ਮਾਂ ਮਰ ਗਈ ਹੁੰਦੀ ਹੈ ਤੇ ਜਿਸਦਾ ਪਿਉ ਬਿਨਾਂ ਕਿਸੇ ਕਸੂਰ ਤੋਂ ਕੈਦ ਕਰਵਾਇਆ ਹੋਇਆ ਹੈ, ਨੂੰ ਅਗਵਾ ਕਰਾਉਣ ਤਕ ਤੁੱਲ ਜਾਂਦਾ ਹੈ। ਨਾਨਕ ਸਿੰਘ ਦਸਦਾ ਹੈ ਕਿ ਇਸ ਫੁੱਟ ਕਾਰਨ ਹੀ ਸਾਡਾ ਦੇਸ਼ ਹਰ ਪੱਖ ਵਿਚ ਹੀ ਪਿੱਛੇ ਰਹਿ ਗਿਆ ਹੈ। ਉਸਦਾ ਇਕ ਪਾਤਰ ਕਹਿੰਦਾ ਹੈ:

> ਤਾਂਹੀਏਂ ਤੇ ਰੰਗੇਜ ਸਤ ਸਮੁੰਦਰ ਪਾਰੋਂ ਆ ਕੇ ਸਾਡੇ ਉਤੇ ਰਾਜ ਪਏ ਕਰਦੇ ਨੇ। ਜੇ ਹਿੰਦੂ-ਮੁਸਲਮਾਨ ਦਾ ਤੜਾਕ ਹੋ ਜਾਏ ਤਾਂ ਅੱਜ ਈ ਨਾ ਜਹਾਜੇ ਚੜ੍ਹ ਜਾਣ ਇਹ ਰੰਗੇਜ਼?[21]

'ਪੁਜਾਰੀ' ਨਾਵਲ ਵਿਚ ਇਕ ਮਾਨਵਤਾ ਦੇ ਪੁਜਾਰੀ ਦੀ ਜੀਵਨੀ ਨੂੰ ਉਲੀਕਿਆ ਹੈ। ਇਹ ਕਹਾਣੀ ਮਾਨਵਤਾ ਦੇ ਉਸ ਪੁਜਾਰੀ ਦੀ ਹੈ ਜਿਹੜਾ ਕਿ ਆਪ ਦੁੱਖ ਸਹਾਰ ਕੇ ਵੀ ਦੂਸਰਿਆਂ

ਨੂੰ ਸੁੱਖ ਪਰਚਣਾ ਚਾਹੁੰਦਾ ਹੈ ਅਤੇ ਮਾਨਵਤਾ ਦਾ ਪ੍ਰੇਮ ਅਸਲੀ ਅਰਥਾਂ ਵਿਚ ਪਸਰਿਆ ਦੇਖਣਾ ਚਾਹੁੰਦਾ ਹੈ। 'ਪੁਜਾਰੀ' ਦੇ ਮੁੱਖ-ਬੰਧ ਵਿਚ ਆਪਣੇ ਬਚਪਨ ਤੇ ਨਵੀਂ ਜਵਾਨੀ ਸਮੇਂ ਦੀ ਸਿੰਘ ਸਭਾ ਤੇ ਆਰੀਆ ਸਮਾਜ ਵਿਚਕਾਰਲੀ ਖਿਚੋਤਾਣ ਬਾਰੇ ਉਹ ਲਿਖਦਾ ਹੈ:

> ਦੋਹਾਂ ਧਿਰਾਂ ਦਾ ਫਿਰਕੂ ਅਨਸਰ ਜਿਹੜਾ ਅਕਸਰ ਇਸ ਕਿਸਮ ਦੇ ਮੌਕਿਆਂ ਦੀ ਭਾਲ ਵਿਚ ਰਹਿੰਦਾ ਹੈ। ਉਸ ਸਮੇਂ ਦੁਪਾਸਿਉਂ ਹਰਕਤ ਵਿਚ ਆ ਗਿਆ। ਇੱਧਰ ਹਿੰਦੂਆਂ ਨੂੰ ਕਹਿ-ਕਹਿ ਕੇ ਭੜਕਾਇਆ ਜਾ ਰਿਹਾ ਸੀ— ਜਿਸ ਵੀ ਹਿੰਦੂ ਦੇ ਘਰ ਗੁਰੂ ਗ੍ਰੰਥ ਸਾਹਿਬ ਦੇਖਿਆ ਜਾਵੇਗਾ ਉਸਨੂੰ ਗੁਰਦੁਆਰਾ ਤਸੱਵਰ ਕਰਕੇ ਅਕਾਲੀ ਕਬਜੇ ਵਿਚ ਲੈ ਲੈਣਗੇ। ਦੂਜੇ ਪਾਸੇ ਸਿੱਖਾਂ ਵਿਚ ਇਹੋ ਜਿਹੇ ਸ਼ੋਸ਼ੇ ਉਡਾਏ ਜਾਣ ਲੱਗੇ ਹਿੰਦੂਆਂ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਅਗਨ ਭੇਟ ਤੇ ਜਲ ਪ੍ਰਵਾਹ ਕਰਨਾ ਸ਼ੁਰੂ ਕਰ ਦਿੱਤਾ।[22]

ਤੇ ਇਸ ਨਵੀਂ ਸਥਿਤੀ ਬਾਰੇ ਉਹ ਆਖਦਾ ਹੈ:

> ਚਾਲੀਆਂ ਸਾਲਾਂ ਬਾਅਦ ਅਜ ਫਿਰ ਮੈਂ ਉਹੀ ਕੁੱਝ ਵੇਖ ਰਿਹਾ ਹਾਂ – ਉਸੇ ਚਾਰ ਦਿਹਾਕੇ ਪਿੱਛੇ ਜਾ ਟਿਕਿਆ ਹਾਂ, 1917 ਦੇ ਟਿਕਾਣੇ ਉਤੇ ਜਾਂ ਫਿਰ 1917 ਦੀ ਕਬਰ ਵਿਚੋਂ ਨਿਕਲ ਕੇ ਕੋਈ ਗਲੀ ਸੜੀ ਲੋਥ ਅਜ ਦੇ ਜਿਉਂਦੇ ਸਾਲਨਾਲ ਆ ਲਿਪਟੀ ਹੈ। ਸਭ ਕੁੱਝ ਉਸੇ ਤਰ੍ਹਾਂ ਦਿਖਾਈ ਦੇ ਰਿਹਾ ਹੈ। ਮੈਨੂੰ — ਉਹੀ ਹਿੰਦੂ-ਸਿੱਖ ਦਾ ਖਿਚਾਉ, ਉਹੀ ਇਕ ਦੂਜੇ ਵਿਰੁਧ ਮਾਣਸ ਗੰਧ ਮਾਣਸ ਗੰਧ ਦੀਆਂ ਆਵਾਜ਼ਾਂ ਸਭ ਕੁੱਝ ਉਵੇਂ ਕਿਵੇਂ।[23]

'ਪਿੰਜਰ' ਦੀ ਕਹਾਣੀ ਪੁਜਾਰੀ ਨਾਵਲ ਤੋਂ ਦੋ ਵਰ੍ਹੇ ਪਹਿਲਾਂ ਦੀ ਹੈ ਜਦੋਂ ਨਿਰੋਲ ਪੰਜਾਬ ਤੇ ਮਹਾ-ਪੰਜਾਬ ਦਾ ਦੋਹੀਂ ਪਾਸੀਂ ਰੌਲਾ ਪਿਆ ਹੋਇਆ ਸੀ। ਨਾਨਕ ਸਿੰਘ ਨੇ ਨਾਵਲ ਵਿਚ ਦਸਿਆ ਕਿ ਕਿਵੇਂ ਫਿਰਕੂ ਲੀਡਰ ਲੋਕਾਂ ਨੂੰ ਭੜਕਾ ਕੇ ਆਪਣਾ ਉਲੂੱ ਸਿੱਧਾ ਕਰਦੇ ਸਨ ਤੇ ਆਪ ਲੋਕਾਂ ਨੂੰ ਦੋਹੀਂ ਹੱਥੀਂ ਲੁਟਦੇ ਹਨ ਤੇ ਅਜਿਹਾ ਕੰਮ ਕਰਨ ਲਈ ਸਾਹਿਤਕਾਰਾਂ ਨੂੰ ਖਰੀਦ ਲੈਂਦੇ ਹਨ ।

ਉਨ੍ਹਾਂ ਦੀਆਂ ਮਜ਼ਬੂਰੀਆਂ ਦਾ ਲਾਭ ਉਠਾਂਦੇ ਹਨ। ਜਿਵੇਂ ਇਸ ਨਾਵਲ ਵਿਚ 'ਤੂਫ਼ਾਨ' ਸਾਹਿਬ ਪੰਡਿਤ ਬਦਰੀ ਨਾਥ ਵੀ ਮਾਇਆ ਦਾ ਝਾਂਸਾ ਦੇ ਕੇ ਹੱਥ ਲਿਖ ਕਰ ਲੈਂਦਾ ਹੈ ਪਰ ਉਨ੍ਹਾਂ ਦੀ ਲਿਖਤ ਕਾਰਨ ਮਾਇਆ ਦਾ ਮੀਂਹ ਵਸਣ ਲਗ ਪੈਂਦਾ ਹੈ ਤਾਂ ਉਹ ਪੰਡਤ ਜੀ ਵਲੋਂ ਅੱਖਾਂ ਫੇਰ ਲੈਂਦਾ ਹੈ। 'ਫੌਲਾਦੀ ਫੁੱਲ' ਨਾਵਲ ਵਿਚ ਫਿਰਕਾ-ਪ੍ਰਸਤ ਅਖ਼ਬਾਰਾਂ ਦੇ ਐਡੀਟਰ ਫ਼ਿਰਕੂ ਵਿਚਾਰਾਂ ਦਾ ਪ੍ਰਚਾਰ ਕਰਦੇ ਹਨ। ਪਾਖੰਡੀ ਮਹਾਤਮਾ ਅਬਲਾਵਾਂ ਦੀ ਅਸਮਤ ਨਾਲ ਖੇਡਦੇ ਹਨ, ਤੇ ਲਾਲਚੀ ਮਾਪੇ ਧੀਆਂ ਨੂੰ ਪੈਸੇ ਦੇ ਲੋਭ ਵਿਚ ਆਕੇ ਬੁੱਢਿਆਂ ਨਾਲ ਵਿਆਹ ਦਿੰਦੇ ਹਨ।

ਧਰਮ ਮਨੁੱਖ ਨੂੰ ਆਤਮਿਕ ਤੌਰ ਤੇ ਉਚੱਾ ਕਰਨ ਲਾਈ ਅਤੇ ਉਸਦੇ ਅੰਦਰ ਸ਼ਹਿਨਸ਼ੀਲਤਾ ਤੇ ਭਰਾਤਰੀ ਭਾਵ ਭਰਨ ਲਈ ਪੈਦਾ ਕੀਤਾ ਗਿਆ ਸੀ, ਪਰ ਜਿੰਨਾਂ ਖ਼ੂਨ ਧਰਮ ਦੇ ਨਾਂ ਤੇ ਬਹਾਇਆ ਗਿਆ ਹੈ ਸ਼ਾਇਦ ਕਿਸੇ ਹੋਰ ਮੰਤਵ ਲਈ ਨਹੀਂ ਬਹਾਇਆ ਗਿਆ। ਇਸ ਫ਼ਿਰਕੂ ਨਫ਼ਰਤ ਨੇ 1947 ਦੀ ਵੰਡ ਵੇਲੇ ਪੰਜਾਬ ਦੇ ਵਾਤਾਵਰਣ ਨੂੰ ਜ਼ਹਿਰੀਲਾ ਬਣਾ ਦਿੱਤਾ। ਫ਼ਿਰਕੂ ਨਫ਼ਰਤ ਦੇ ਦੌਰ ਨੇ ਹਿੰਦੂ-ਸਿੱਖਾਂ ਅਤੇ ਮੁਸਲਮਾਨਾਂ ਤੋਂ ਅਜਿਹੇ ਕੁਕਰਮ ਕਰਵਾਏ, ਜਿਨ੍ਹਾਂ ਨੂੰ ਸੁਣ-ਸੁਣ ਕੇ ਰੌਂਗਟੇ ਖੜੇ ਹੋ ਜਾਂਦੇ ਹਨ। ਇਸਦਾ ਨਕਸ਼ਾ ਨਾਨਕ ਸਿੰਘ ਨੇ ਆਪਣੇ ਨਾਵਲਾਂ 'ਖ਼ੂਨ ਦੇ ਸੋਹਲੇ', 'ਅੱਗ ਦੀ ਖੇਡ' ਵਿਚ ਖਿਚਿਆ ਗਿਆ ਹੈ। 'ਅੱਗ ਦੀ ਖੇਡ' ਵਿਚ ਨਾਨਕ ਸਿੰਘ ਨੇ ਭਿਆਨਕ ਦ੍ਰਿਸ਼ ਚਿਤਰੇ ਹਨ ਕਿਵੇਂ ਉਸਸਮੇਂ 'ਹਮਸਾਏ ਮਾਂ-ਪਿਉ ਜਾਏ' ਦਾ ਅਖਾਣ ਝੂਠਾ ਪੈ ਰਿਹਾ ਸੀ ਤੇ ਕਿਵੇਂ ਹਿੰਦੂ-ਮੁਸਲਮਾਨ , ਸਿੱਖ ਤੇ ਇਸਾਈ ਇਕ ਦੂਜੇ ਦੇ ਦੁਸ਼ਮਣ ਬਣ ਗਏ ਸਨ। ਇਕ ਦੂਜੇ ਦੇ ਖ਼ੂਨ ਨਾਲ ਉਨ੍ਹਾਂ ਨੇ ਹੱਥ ਰੰਗੇ, ਘਰ ਲੁੱਟੇ ਤੇ ਮਾਵਾਂ-ਭੈਣਾਂ ਦੀਆਂ ਰਜਵੀਆਂ ਬੇਇਜ਼ਤੀਆਂ ਕੀਤੀਆਂ। ਲੋਕੀਂ ਘਰੋਂ ਬੇਘਰ ਹੋ ਗਏ ਤੇ ਵਤਨੋਂ ਬੇਵਤਨ। ਇਸ ਇਤਿਹਾਸਕ ਘਟਨਾ ਨੂੰ ਕਹਾਣੀ ਦਾ ਰੂਪ ਦਿੱਤਾ ਗਿਆ ਹੈ। ਇਸ ਤਰ੍ਹਾਂ ਇਨ੍ਹਾਂ ਦੋਹਾਂ ਨਾਵਲਾਂ ਦੇ ਨਾਂ ਤੋ ਪਤਾ ਲਗ ਜਾਂਦਾ ਹੈ ਕਿ 1947 ਤੋਂ ਪਿਛੋਂ ਵੀ ਇਹ ਫ਼ਿਰਕੂ ਨਫ਼ਰਤ ਹਿੰਦੂਆਂ ਅਤੇ ਸਿੱਖਾਂ ਦੇ ਮਨਾਂ 'ਚੋਂ ਧੋਤੀ ਨਾ ਗਈ। ਭਾਸ਼ਾ ਦੇ ਨਾਂ'ਤੇ ਕਈ ਵਾਰ ਫ਼ਿਰਕੂ ਫ਼ਸਾਦ ਹੋਏ। ਦਿਨੇ ਰਾਤੀ ਪੰਜਾਬੀ ਬੋਲਣ ਵਾਲੇ ਭਾਸ਼ਾ ਦੇ ਨਾਂਤੇ ਮਜ਼੍ਹਬੀ ਜਨੂਨ ਹੇਠਾਂ ਸਭਿਅਤਾ ਅਤੇ ਇਨਸਾਨੀਅਤ ਦੇ ਸੁਨਹਿਰੀ ਅਸੂਲਾਂ ਨੂੰ ਭੁਲ ਕੇ ਵਹਿਸ਼ੀ ਦਰਿੰਦੇ ਬਣ ਗਏ। ਅਤੇ ਆਪਣੇ ਭਾਈਆਂ ਦੇ ਖ਼ੂਨ ਦੇ ਪਿਆਸੇ ਹੋ ਗਏ।

ਇਸ ਖਿਚੋਤਾਣ ਬਾਰੇ ਵੀ ਨਾਨਕ ਸਿੰਘ ਨੇ ਆਪਣੇ ਕਈ ਨਾਵਲਾਂ ਵਿਚ ਲਿਖਿਆ ਹੈ।

'ਆਸਤਕ ਨਾਸਤਕ' ਨਾਵਲ ਵਿਚ ਨਾਨਕ ਸਿੰਘ ਨੇ ਦਸਿਆ ਹੈ ਕਿ ਜੋ ਲੋਕ ਦੁਨੀਆਂ ਦੇ ਸੁੱਖ ਆਰਾਮ ਤਿਆਗ ਕੇ ਸਾਧੂ-ਸੰਤ ਬਣ ਜਾਂਦੇ ਹਨ ਤੇ ਲੋਕਾਂ ਨੂੰ ਮੋਹ ਮਾਇਆ ਦੇ ਜਾਲ ਤੋਂ ਦੂਰ ਰਹਿਣ ਦਾ ਉਪਦੇਸ਼ ਦਿੰਦੇ ਹਨ, ਉਹੀ ਲੋਕ ਦੁਨੀਆਂ ਦੇ ਆਮ ਲੋਕਾਂ ਨਾਲੋਂ ਜ਼ਿਆਦਾ ਸੁੱਖ ਆਰਾਮ ਪ੍ਰਾਪਤ ਕਰਨ ਉਪਰੰਤ ਆਪਣੇ ਮਨ ਤੇ ਕਾਬੂ ਨਹੀਂ ਪਾ ਸਕਦੇ। ਲੋਕਾਂ ਨੂੰ ਉਪਦੇਸ਼ ਦਿੰਦਿਆਂ-ਦਿੰਦਿਆਂ ਉਹ ਆਪ ਵਿਸ਼ੇ-ਵਿਕਾਰਾਂ ਦੇ ਵਹਿਣ ਵਿਚ ਵਹਿ ਜਾਂਦੇ ਹਨ। ਇਸ ਨਾਵਲ ਵਿਚ ਉਨ੍ਹਾਂ ਪਾਖੰਡੀਆਂ ਦੇ ਆਚਰਣ ਤੇ ਝਾਤ ਪੁਆਈ ਹੈ ਜਿਹੜੇ ਕਿ ਸੰਤ ਗਿਰੀ ਦੇ ਪਾਖੰਡ ਦੇ ਪਰਦੇ ਪਿੱਛੇ ਭੋਲੀਆਂ ਭਾਲੀਆਂ ਤੀਵੀਆਂ ਦੀ ਅਸ਼ਮਤ ਨਾਲ ਖੇਡਦੇ ਹਨ। ਉਨ੍ਹਾਂ ਨੂੰ ਪ੍ਰਚਾਰ ਕਰਦੇ ਹਨ ਕਿ ਮਨ ਕਾਬੂ ਵਿਚ ਰਖਣ, ਵਿਸ਼ੇ ਵਿਕਾਰਾਂ ਤੋ ਦੂਰ ਰਹੋ, ਪਰ ਤਾਂ ਵੀ ਲੋਕ ਇਨ੍ਹਾਂ ਨੂੰ ਭਗਤ ਤੇ ਆਸਤਕ ਸਮਝਕੇ ਪੂਜਦੇ ਹਨ। 'ਪਿਆਰ ਦੀ ਦੁਨੀਆਂ' ਨਾਵਲ ਵਿਚ ਨਾਨਕ ਸਿੰਘ ਨੇ ਉਸ ਸਮੇਂ ਦੀ ਫ਼ਿਰਕੂ ਸਮਾਜਿਕ ਦਸ਼ਾ ਨੂੰ ਚਿਤਰਿਆ ਹੈ। ਉਸ ਸਮੇਂ ਫ਼ਿਰਕੂ ਫ਼ਸਾਦ ਆਮ ਹੁੰਦੇ ਸਨ। ਨਿੱਕੀ ਗੱਲ ਤੋਂ ਹਿੰਦੂ- ਸਿੱਖ ਤੇ ਮੁਸਲਮਾਨਾਂ ਵਿਚ ਫਸ਼ਾਦ ਹੋ ਜਾਂਦੇ ਸੀ ਅਤੇ ਕਈ ਜਾਨਾਂ ਅਜਾਈਂ ਚਲੀਆਂ ਜਾਂਦੀਆਂ ਸਨ। ਪਹਿਲੇ ਭਾਗ ਵਿਚ ਦਸਿਆ ਹੈ ਕਿ ਕਿਸ ਤਰ੍ਹਾਂ ਨਿੱਕੇ ਜਿਹੇ ਥੜੇ ਖਾਤਰ ਹੀ, ਜਿਸਦੇ ਇਹ ਵੀ ਪੱਕਾ ਪਤਾ ਨਹੀਂ ਕਿ ਉਹ ਸਿੱਖ ਜਾਂ ਹਿੰਦੂ ਸੰਤ ਦੀ ਮਲਕੀਅਤ ਹੈ ਜਾਂ ਮੁਸਲਮਾਨ ਪੀਰ ਦੀ, ਕਈ ਮੌਤਾਂ ਹੋ ਜਾਂਦੀਆਂ ਹਨ।

ਛੂਤ-ਛਾਤ ਤੇ ਜਾਤ-ਪਾਤ :

ਛੂਤ-ਛਾਤ ਤੇ ਜਾਤ ਪਾਤ ਦੀ ਸਮੱਸਿਆ ਸਾਡੇ ਸਮਾਜ ਵਿਚ ਕਾਫ਼ੀ ਚਿਰ ਤੋਂ ਚਲੀ ਆ ਰਹੀ ਸੀ ਜਿਸਨੂੰ ਖਤਮ ਕਰਨ ਲਈ ਆਰੀਆ ਸਮਾਜ, ਬ੍ਰਹਮੋ ਸਮਾਜ ਅਤੇ ਅਕਾਲੀ ਲਹਿਰਾਂ ਆਦਿ ਸਥਾਪਿਤ ਹੋਈਆਂ। ਇਸਾਈ ਮਿਸ਼ਨਰੀਆਂ ਨੇ ਇਸ ਸਮੱਸਿਆ ਨੂੰ ਖਤਮ ਕਰਨ ਲਈ ਕੋਸ਼ਿਸ਼ ਕੀਤੀ। ਨਾਨਕ ਸਿੰਘ ਨੇ 'ਚਿੱਟਾ ਲਹੂ', 'ਅੱਧ ਖਿੜਿਆ ਫੁੱਲ' ਅਤੇ 'ਮੰਝਧਾਰ' ਵਿਚ ਇਸ ਸਮੱਸਿਆ ਨੂੰ ਲਿਆ ਹੈ।

ਨਾਵਲ 'ਚਿੱਟਾ ਲਹੂ' ਵਿਚ ਛੂਤ-ਛਾਤ ਦੀ ਸਮੱਸਿਆ ਨੂੰ ਖੋਲ੍ਹ ਕੇ ਲਿਖਿਆ ਹੈ ਕਿ ਕਿਸ ਤਰ੍ਹਾਂ ਲੋਕੀਂ ਛੂਤ-ਛਾਤ ਦੇ ਜੰਜਾਲ ਵਿਚ ਫਸੇ ਹੋਏ ਸਨ। ਜੇਕਰ ਕੋਈ ਪੜ੍ਹਿਆ-ਲਿਖਿਆ ਦੂਰ ਕਰਨ ਦੀ ਕੋਸ਼ਿਸ਼ ਵੀ ਕਰੇ ਤਾਂ ਸਮਾਜ ਦੇ ਲੋਕੀ ਉਸ ਨੂੰ ਕਾਮਯਾਬ ਨਹੀਂ ਹੋਣ ਦਿੰਦੇ। ਜਿਵੇਂ ਮੁਸਲਮਾਨ ਗਫੂਰ ਬੇਹੋਸ ਪਈ ਗੁਰਦੇਈ ਨੂੰ ਉਸਦ ਪਿੰਡ ਪਹੁੰਚਾ ਦਿੰਦਾ ਹੈ। ਉਸਨੂੰ ਭੈਣ ਦੀ ਥਾਂ ਦਿੰਦਾ ਹੈ। ਇਸੇ ਸਮੇਂ ਪੰਡਿਤ ਰਾਧੇ ਕ੍ਰਿਸ਼ਨ ਉਸਨੂੰ ਆਖਦਾ ਹੈ:

> ਜੇ ਤੂੰ ਪੜ੍ਹਿਆ ਨਾ ਹੁੰਦੋਂ ਤਾਂ ਇਕ ਹਿੰਦੂ ਕੰਨਿਆ ਨੂੰ ਭੈਣ ਕਹਿਣ ਦੀ ਗਲਤੀ ਕਦੇ ਨਾ ਕਰਦੋਂ। ਆਪਣੇ ਨਾਲ ਟਾਂਗੇ ਵਿਚ ਬਿਠਾ ਕੇ ਤੇ ਘਰ ਲਿਜਾ ਕੇ ਕਦੇ ਵੀ ਇਸ ਵਿਚਾਰੀ ਦਾ ਜਨਮ ਭ੍ਰਿਸ਼ਟ ਨਾ ਕਰਦੋਂ।[24]

ਇਸ ਤਰ੍ਹਾਂ ਪੰਡਿਤ ਦੇ ਵਿਚਾਰ ਹਨ ਕਿ ਗੁਰਦੇਈ ਮੁਸਲਮਾਨ ਦੇ ਹੱਥ ਲਗਣ ਕਰਕੇ ਛੂਤ ਹੋ ਗਈ ਹੈ। ਇਸੇ ਨਾਵਲ ਵਿਚ ਸੁੰਦਰੀ ਜਾਤ - ਪਾਤ ਦੇ ਆਧਾਰ ਤੇ ਅਛੂਤ ਮੰਨੀ ਜਾਂਦੀ ਹੈ ਕਿਉਂਕਿ ਉਸਦਾ ਪਾਲਣ-ਪੋਸ਼ਣ ਇਕ ਕਲੰਦਰ ਕਰਦਾ ਹੈ:

> ਬਾਬਾ ਜੀ ਇਹ ਤਾਂ ਸ਼ਾਇਦ ਅਛੂਤਾਂ ਦੀ ਕੁੜੀ ਜੇ, ਤੁਸੀਂ ਇਸ ਤਰ੍ਹਾਂ ਬੇ ਖਟਕੇ ਛੂਹ ਰਹਉ। ਮੈਨੂੰ ਤਾਂ ਵਿਚਾਰ ਨਹੀਂ, ਪਰ ਪਿੰਡ ਦੇ ਲੋਕ ਬੜੇ ਕੱਬੇ ਜੇ।[25]

ਬਾਬਾ ਜੋ ਕਿ ਖੁਲ੍ਹੇ ਦਿਲ ਦਾ ਹੈ ਜਾਤ-ਪਾਤ ਵਿਚ ਵਿਸ਼ਵਾਸ਼ ਨਹੀਂ ਰਖਦਾ। ਉਹ ਵੀ ਸੁੰਦਰੀ ਨੂੰ ਦੂਜੇ ਬੱਚਿਆਂ ਨਾਲ ਨਾ ਬਿਠਾ ਕੇ ਬੂਹੇ ਤੋਂ ਬਾਹਰ ਬਿਠਾਂਦਾ ਹੈ। ਜਦੋਂ ਗੁਰਦੁਆਰੇ ਵਿਚ ਭੋਗ ਪੈਣ ਲਗਦਾ ਹੈ। ਉਹ ਲੋਕ ਨੂੰ ਮੱਥਾ ਟੇਕਣ ਲਗਿਆਂ ਡਿਗ ਪੈਂਦੀ ਹੈ। ਉਸਨੂੰ ਅਛੂਤ ਮੰਨਦੇ ਹੋਏ ਸਾਰੇ ਕੁੱਟਦੇ ਹਨ ਪਰ ਬਚਨ ਸਿੰਘ ਉਸਦੀ ਮਦਦ ਕਰਦਾ ਹੈ। ਇਸ ਤਰ੍ਹਾਂ ਨਾਨਕ ਸਿੰਘ ਨੇ ਛੂਤ-ਛਾਤ ਤੇ ਜਾਤ-ਪਾਤ ਦੀ ਸਮੱਸਿਆ ਨੂੰ ਵੀ ਇਸ ਨਾਵਲ ਰਾਹੀਂ ਉਜਾਗਰ ਕੀਤਾ ਹੈ।

ਨਾਵਲ 'ਅੱਧ ਖਿੜਿਆ ਫੁੱਲ' ਵਿਚ ਜਦੋਂ ਹਿੰਦੂ ਕੁਲਦੀਪ ਦਾ ਦੋਸਤ ਮੁਸਲਮਾਨ ਅਹਿਮਦ ਆਪਣੀ ਜ਼ੁਬੈਦਾਂ ਨੂੰ ਪਾਣੀ ਦੇਣ ਵਾਸਤੇ ਆਖਦਾ ਹੈ ਤਾਂ ਜ਼ੁਬੈਦਾਂ ਕਹਿੰਦੀ ਹੈ ਕਿ ਜਾਮੋਂ ਕੀਕਣ ਪੁੱਛਾਂ ਮੇਰੇ ਰੱਬ ਦਾ ਇਹਨੇ ਪੀਣਾ ਏ? ਹਿੰਦੂ ਦੀ ਦੁਕਾਨ ਤੋਂ ਜਾ ਕੇ ਕਿਸੇ ਮੁੰਡੇ ਛੋਂ ਚੁਕਾ ਲਿਆ।[26]

ਰਾਜਨੀਤਕ ਵਿਸ਼ੇ :

ਸੰਪਰਦਾਇਕ ਸਮੱਸਿਆਵਾਂ, ਵੰਡ ਦੌਰਾਨ ਸਮਾਜ ਵਿਚ ਔਰਤਾਂ ਅਤੇ ਮਰਦਾਂ ਦੀ ਮੰਦੀ ਹਾਲਤ, ਵੰਡ ਉਪਰਾਂਤ ਸਰਨਾਰਥੀਆਂ ਦੀ ਦਸ਼ਾ ਆਦਿ ਰਾਜਨੀਤਕ ਸਮੱਸਿਆਵਾਂ ਨੂੰ ਵਿਸ਼ੇ ਦੇ ਰੂਪ ਵਿਚ ਲਿਆ ਹੈ। ਨਾਨਕ ਸਿੰਘ ਨੂੰ ਇਕ ਹੋਰ ਜਿਹੜੀ ਚੀਜ਼ ਦਾ ਦੁੱਖ ਹੋਇਆ ਤੇ ਜਿਸਨੂੰ ਉਹਨੇ ਆਪਣੇ ਨਾਵਲਾਂ ਦਾ ਵਿਸ਼ਾ ਬਣਾਇਆ, ਉਹ ਸੀ ਸਾਡੇ ਦੇਸ਼ ਦੀ ਪੁਲਿਸ ਦੇ ਕਰਤੱਵ। ਜਾਂ ਇਉਂ ਕਹਿ ਲਵੋ ਕਿ ਨਾਨਕ ਸਿੰਘ ਦਾਇਕ ਨਾਵਲ ਅਜਿਹਾ ਵੀ ਹੈ ਜਿਸ ਵਿਚ ਉਸ ਸਮੇਂ ਦੀ ਰਾਜਨੀਤੀ ਤੇ ਟਕੋਰਾਂ ਕੀਤੀਆਂ ਗਈਆਂ ਹਨ। ਉਹ ਨਾਵਲ 'ਪਿਆਰ ਦੀ ਦੁਨੀਆਂ' ਨਾਵਲ ਹੈ। 'ਪਿਆਰ ਦੀ ਦੁਨੀਆਂ' ਦੇ ਮੁੱਢਲੇ ਕਾਂਡ ਵਿਚ ਆਪਣੇ ਬਾਰੇ ਨਾਨਕ ਸਿੰਘ ਕਹਿੰਦਾ ਹੈ:

> ਇਸਤੋਂ ਛੁੱਟ ਇਹ ਨਾਵਲ ਲਿਖਣ ਵੇਲੇ ਇਕ ਹੋਰ ਉਕਸਾਹਟ ਵੀ ਮੇਰੇ ਮਨ ਅੰਦਰ ਸੀ ਤੇ ਇਹ ਸੀ ਉਸ ਜ਼ਮਾਨੇ ਦੀ ਪੁਲਸੀ ਨਾਦਰਸ਼ਾਹੀ ਦਾ ਅਸਰ। ਸ਼ਹਿਰ ਦਾ ਗੁੰਡਾ ਅਨਸਰ ਪੂਰੇ ਜੋਬਨ ਵਿਚ ਸੀ। ਜਿਹੜੇ ਪੁਲਿਸ ਨਾਲ ਰਲਕੇ ਹਰ ਕਿਸਮ ਦੀ ਚੋਰੀ ਠੱਗੀ, ਚਾਲਸਾਜ਼ੀ ਤੇ ਅਗਵਾ ਆਦਿ ਵਾਰਦਾਤਾਂ ਪੁੱਨ੍ਹੇ ਬੰਦੀ ਕਰਦੇ ਸਨ, ਤੇ ਕੋਈ ਉਨ੍ਹਾਂ ਦੀ ਵਾ ਵਲ ਨਹੀਂ ਸੀ ਤਕ ਸਕਦਾ। ਗੁੰਡਿਆਂ ਦੀਆਂ ਕਈ ਪਾਰਟੀਆਂ ਬਾਕਾਇਦਾ ਜੱਥੇ ਬੰਦਕ ਤੌਰ ਤੇ ਇਸ ਕਿਸਮ ਦੀ ਕਾਨੂੰਨ ਸ਼ਿਕਨੀ ਵਿਚ ਹਿੱਸਾ ਲੈਂਦੀਆਂ ਸਨ।[27]

ਇਸ ਸਮੱਸਿਆ ਨੂੰ 'ਚਿੱਟਾ ਲਹੂ', 'ਚਿਤ੍ਰਕਾਰ', 'ਕੋਈ ਹਰਿਆ ਬੂਟ ਰਹਿਓ ਰੀ' ਆਦਿ ਵਿਚ ਛੋਹਿਆ ਗਿਆ ਹੈ। 'ਪਿਆਰ ਦੀ ਦੁਨੀਆਂ' ਵਿਚ ਪੁਲਿਸ ਸਰਮਾਏਦਾਰਾਂ ਨਾਲ ਮਿਲਕੇ ਚੋਰੀਆਂ ਕਰਾਉਂਦੀ, ਖ਼ੂਨ ਕਰਾਉਂਦੀ, ਇਸਤਰੀਆਂ ਨੂੰ ਅਗਵਾ ਕਰਾਉਂਦੀ ਤੇ ਜਾਹਲੀ ਸਿੱਕੇ

ਬਣਾਉਣ ਤਕ ਵਿਚ ਉਨ੍ਹਾਂ ਦੀ ਮਦਦ ਕਰਦੀ ਹੈ। ਬੇਕਸੂਰ ਰੂਪ ਲਾਲ ਨੂੰ ਕੈਦ ਕੀਤਾ ਜਾਂਦਾ ਹੈ। ਉਸਦੀ ਪਤਨੀ ਮਨੋਰਮਾਂ ਨੂੰ ਸਰਮਾਏਦਾਰਾਂ ਦੀ ਹਵੱਸ ਪੂਰੀ ਕਰਨ ਲਈ ਨਠਾਇਆ ਜਾਂਦਾ ਹੈ। ਅਜਿਹਾ ਕਰਕੇ ਇਕ ਤਾਂ ਉਹ ਸਰਮਾਏਦਾਰਾਂ ਦੇ ਮੰਤਵਾਂ ਦੀ ਪੂਰਤੀ ਕਰਦੇ ਹਨ ਤੇ ਦੂਜਾ ਉਨ੍ਹਾਂ ਤੇ ਆਪਣੇ ਵੀ ਪੇਟ ਭਰਦੇ ਹਨ।

ਇਸ ਤੋਂ ਇਲਾਵਾ ਨਾਨਕ ਸਿੰਘ ਦੇ ਨਾਵਲਾਂ ਵਿਚ ਅਜਿਹੀ ਰਾਜਨੀਤੀ ਦਾ ਚਿਤਰਣ ਮਿਲਦਾ ਹੈ ਜੋ ਸੰਪਰਦਾਇਕ ਦੰਗੇ-ਫਸਾਦ ਕਰਾਉਣ ਵਿਚ ਪੂਰਾ ਹਿੱਸਾ ਲੈਂਦੀ ਹੈ ਡਾ. ਮਾਹਣਾ ਸਿੰਘ, ਉਧਮ ਸਿੰਘ (ਫ਼ੌਲਾਦੀ ਫੁੱਲ) ਅਜਿਹਾ ਗਰਮਾ-ਗਰਮ ਪਰਚਾ ਛਾਪਦੇ ਹਨ, ਜਿਸ ਵਿਚ ਮੁਸਲਮਾਨਾਂ ਦੇ ਖਿਲਾਫ਼ ਲਿਖ ਕੇ ਪੈਸਾ ਕਮਾਉਂਦੇ ਹਨ। ਦੂਜੇ ਪਾਸੇ ਮੁਸਲਿਮ ਆਗੂ ਵੀ ਧਰਮ ਨੂੰ ਖਤਰੇ ਵਿਚ ਦਸਕੇ ਸਿੱਖਾਂ ਅਤੇ ਮੁਸਲਮਾਨਾਂ ਵਿਚ ਅਜਿਹੀ ਤਨਾਉ ਪੂਰਨ ਸਥਿਤੀ ਪੈਦਾ ਕਰਦੇ ਹਨ, ਜਿਸਤੋਂ ਦੋਵੇਂ ਕੌਮਾਂ ਇਕ ਦੂਜੇ ਦੇ ਲਹੂ ਦੀ ਪਿਆਸੀ ਹੋ ਜਾਂਦੀਆਂ ਹਨ।[28]

ਨਾਵਲ 'ਪਿਆਰ ਦੀ ਦੁਨੀਆਂ' ਵਿਚ ਪ੍ਰੀਤਮ ਸਿੰਘ ਦੇ ਪਿਤਾ ਮੁਨਸ਼ੀ ਨਰੈਣ ਸਿੰਘ ਦੀ ਜ਼ਮੀਨ ਵਿਚ ਇਕ ਮੜ੍ਹੀ ਸੀ ਜਿਸਦਾ ਪਤਾ ਨਹੀਂ ਸੀ ਕਿ ਉਹ ਸਿੱਖ ਦੀ ਜਾਂ ਕਿਸੇ ਮੁਸਲਮਾਨ ਫ਼ਕੀਰ ਦੀ ਹੈ। ਇਸ ਮੜ੍ਹੀ ਪਿਛੇ ਹਿੰਦੂ-ਮੁਸਲਮਾਨਾਂ ਵਿਚ ਝਗੜਾ ਕਰਾਉਣਾ ਅਤੇ ਇੰਸ ਝਗੜੇ ਵਿਚ ਜਿੰਨੇ ਆਦਮੀ ਮਰੇ ਸਾਰੇ ਦੋਨਾਂ ਧਿਰਾਂ ਦੇਆਗੂਆਂ ਦੀ ਬਦੌਲਤ ਹਨ।

ਨਾਵਲ 'ਗਰੀਬ ਦੀ ਦੁਨੀਆਂ' ਵਿਚ ਲਾਲਾ ਅਮਰਨਾਥ ਦੇ ਕਾਰਖ਼ਾਨੇ ਦੇ ਮਜ਼ਦੂਰ ਹੜਤਾਲ ਕਰਦੇ ਹਨ। ਉਨ੍ਹਾਂ ਦੀ ਹੜਤਾਲ ਮੰਜ਼ਿਲ ਤਕ ਪਹੁੰਚਣ ਦੀ ਬਜਾਇ ਅਸਫ਼ਲ ਕਰਨ ਲਈ ਲਾਲਾ ਅਮਰਨਾਥ ਸੰਪ੍ਰਦਾਇਕ ਦੰਗਿਆਂ ਦਾ ਆਸਰਾ ਲੈਂਦਾ ਹੈ। ਹਿੰਦੂ ਸੰਕਰ ਆਪਣੀ ਬੇਟੀ ਮਾਲਤੀ ਨੂੰ ਮੁਸਲਮਾਨ ਦੋਸਤ ਦੇ ਹਵਾਲੇ ਕਰਦਾ ਹੈ। ਜਦੋਂ ਉਹ ਜੇਲ੍ਹ ਜਾਂਦਾ ਹੈ ਤਾਂ ਪਿਛੋਂ ਮਾਲਤੀ ਬਿਮਾਰ ਹੋ ਜਾਂਦੀ ਹੈ ਤਾਂ ਡਾ. ਰਹਿਮਾਨ ਲਾਲ ਇਲਾਜ ਕਰਾਣ ਆਉਂਦਾ ਹੈ। ਉਹ ਮਾਲਤੀ ਨੂੰ ਮੁਸਲਮਾਨਾਂ ਘਰ ਦੇਖ ਕੇ ਰਾਇ ਸਾਹਿਬ ਨੂੰ ਸਲਾਹ ਦਿੰਦਾ ਹੈ ਕਿ ਮਾਲਤੀ ਇਕ ਅਜਿਹਾ ਹਥਿਆਰ ਹੈ ਜਦੋਂ ਹਿੰਦੂ-

ਮੁਸਲਮਾਨਾਂ ਵਿਚ ਦੰਗਾ ਕਰਾਉਣ ਲਈ ਉਹ ਵਰਤ ਸਕਦਾ ਹੈ। ਉਹ ਮੁਸਲਮਾਨਾਂ ਵਿਚ ਅੱਗ ਭੜਕਾਉਣ ਲਈ ਕਹਿੰਦਾ ਹੈ:

> ਮੁਸਲਮਾਨ ਹਜ਼ਾਰਾਂ ਆਦਮੀਆਂ ਨੂੰ ਮੁਸਲਮਾਨ ਬਣਾ ਚੁਕੇ ਨੇ।
> ਜੇ ਇਹੋ ਹਾਲ ਰਿਹਾ ਤਾਂ ਹਿੰਦੂ ਕੌਮ ਕਿਸੇ ਦਿਨ ਹੀ ਮਹਿਮਾਨ
> ਸਮਝੋ।[29]

ਨਾਨਕ ਸਿੰਘ ਨੇ ਵੰਡ ਦੌਰਾਨ ਔਰਤਾਂ ਅਤੇ ਮਰਦਾਂ ਦੀ ਮੰਦੀ ਹਾਲਤ ਦਾ ਬਿਆਨ 'ਮੰਝਧਾਰ' 'ਖ਼ੂਨ ਦੇ ਸੋਹਲੇ', 'ਅੱਗ ਦੀ ਖੇਡ' ਨਾਵਲਾਂ ਵਿਚ ਕੀਤਾ ਹੈ। ਨਾਨਕ ਸਿੰਘ ਨੇ ਵੰਡ ਸਮੇਂ ਦੇ ਹਾਲਾਤ ਆਪਣੀ ਅੱਖੀ ਵੇਖੇ। 'ਮੰਝਧਾਰ' ਨਾਵਲਵਿਚ ਵੰਡ ਦੌਰਾਨ ਹਿੰਦੂ ਲੜਕੀਆਂ ਨੂੰ ਅਗਵਾਹ ਕਰਕੇ ਜੰਗਲਾਂ ਵਿਚ ਲਜਾਇਆ ਗਿਆ ਜਿੱਥੇ ਉਹਨਾਂ ਦੀ ਇੱਜ਼ਤ ਨੂੰ ਰੋਲਿਆ ਗਿਆ, ਜ਼ਬਰਦਸਤੀ ਮੁਸਲਮਾਨਾਂ ਨਾਲ ਵਿਆਹ ਕਰ ਦਿੱਤੇ ਗਏ। ਮਾਸੂਮ ਲੋਕਾਂ ਨੂੰ ਇਸ ਸਮੇਂ ਦਾ ਸ਼ਿਕਾਰ ਬਣਨਾ ਪਿਆ।

'ਖ਼ੂਨ ਦੇ ਸੋਹਲੇ' ਨਾਵਲ ਵਿਚ ਨਾਨਕ ਸਿੰਘ ਦਸਦਾ ਹੈ ਕਿ ਕਈਆਂ ਨੇ ਆਪਣੀਆਂ ਔਰਤਾਂ ਨੂੰ ਕਿਸੇ ਹੋਰ ਦਾ ਸਿਕਾਰ ਬਣਨ ਤੋਂ ਬਚਾਣ ਵਾਸਤੇ ਅਫ਼ੀਮ ਖੁਆ ਕੇ ਮਾਰ ਦਿੱਤਾ। ਕਈਆਂ ਨੇ ਖੂਹਾਂ ਵਿਚ ਛਾਲਾਂ ਮਾਰ ਦਿੱਤੀਆਂ। ਜਿਹੜੀਆਂ ਔਰਤਾਂ ਹੱਥ ਲਗਿਆ? ,ਉਹਨਾਂ ਨੂੰ ਕੋਹ ਸੁਟਿਆ। ਪੈਦਲ ਜਾਂਦੇ ਜਥਿੱਆਂ ਨੂੰ ਲੁੱਟਿਆ ਅਤੇ ਉਹਨਾਂ ਦੇ ਕਪੜੇ ਤਕ ਉਤਾਰ ਲਏ ਗਏ ਸਨ। ਚੌਧਰੀ ਦਾ ਪੁੱਤਰ ਫੱਤਾ ਅਤੇ ਭਾਨੇਸ਼ਾਹ ਦਾ ਪੁੱਤਰ ਬੂਟੇ ਸਾਹ ਇਸੇ ਦੌਰਾਨ ਮਾਰੇ ਜਾਂਦੇ ਹਨ। ਬੂਟੇ ਸ਼ਾਹ ਦੀ ਪਤਨੀ ਮੁਸਲਮਾਨਾਂ ਦੇ ਹੱਥਾਂ ਵਿਚ ਆ ਜਾਂਦੀ ਹੈ। ਭਾਨੇ ਸ਼ਾਹ ਤੇ ਨਸੀਮਾਂ ਬੱਚ ਜਾਂਦੇ ਹਨ ਅਤੇ ਉਹ ਭਾਰਤ ਠੀਕ-ਠਾਕ ਪਹੁੰਚ ਜਾਂਦੇ ਹਨ।

ਨਾਵਲ 'ਅੱਗ ਦੀ ਖੇਡ' ਵਿਚ ਦਸਿਆ ਹੈ ਕਿ ਪੁਲਿਸ ਕਰਮਚਾਰੀ ਵੀ ਅਜਿਹੇ ਕੰਮ ਕਰਨ ਲਈ ਅਜਿਹੇ ਲੋਕਾਂ ਦੀ ਸਹਾਇਤਾ ਕਰਦੇ ਸਨ। 'ਅੱਗ ਦੀ ਖੇਡ' ਦਾ ਇਕ ਪੁਲਿਸੀਆ ਕਹਿੰਦਾ ਹੈ:

ਲੁੱਟ ਲੈ ਖਾਲਸਾ ਜੀ, ਸਾਫ ਕਰ ਦਿਉ
ਮੁਸਲਮਾਨਾਂ ਦੇ ਘਰਾਂ ਦੁਕਾਨਾਂ ਨੂੰ।

ਇਤਿਹਾਸਕ ਵਿਸ਼ੇ :

ਨਾਨਕ ਸਿੰਘ ਨੇ 'ਅਣਸੀਤੇ ਜ਼ਖਮ', 'ਇਕ ਮਿਆਨ ਦੋ ਤਲਵਾਰਾਂ' ਅਤੇ 'ਗਗਨ ਦਮਾਮਾ ਬਾਜਿਓ' ਨਾਵਲਾਂ ਵਿਚ ਇਤਿਹਾਸਕ ਘਟਨਾਵਾਂ ਨੂੰ ਆਪਣੇ ਨਾਵਲਾਂ ਦਾ ਵਿਸ਼ਾ ਬਣਾਇਆ ਹੈ। 'ਅਣਸੀਤੇ ਜ਼ਖਮ' ਨਾਵਲ ਇਕ ਇਤਿਹਾਸਕ ਘਟਨਾ ਨਾਲ ਸੰਬੰਧਿਤ ਹੈ, ਜਿਸਦਾ ਪਿਛੋਕੜ ਤਾਂ 1857 ਦੇ ਗਦਰ ਨਾਲ ਸੰਬੰਧਿਤ ਹੈ ਤੇ ਅੱਗਾ 1942-43 ਦੇ ਕਾਂਗਰਸ ਅੰਦੋਲਨ ਨਾਲ। ਇਸ ਸਮੇਂ ਦੇ ਵਿਚਕਾਰ ਹੀ ਇਹ ਕਹਾਣੀ ਉਗਮਦੀ ਹੈ। ਕਿਸਾਨਾਂ ਦੀ ਸਥਾਨਕ ਐਜੀਟੇਸ਼ਨ ਹੁੰਦੀ ਹੈ, ਇਸ ਨਾਵਲ ਦਾ ਨਾਇਕ ਸ਼ਰਮਾ ਕਾਂਗਰਸ ਅੰਦੋਲਨ ਵਿਚ ਸ਼ਾਮਲ ਹੋ ਜਾਂਦਾ ਹੈ। ਕਿਸਾਨਾਂ ਦਾ ਉਹ ਨੇਤਾ ਹੁੰਦਾ ਹੈ। ਉਸਦੀ ਪਤਨੀ ਮਾਲਾ ਕਿਸਾਨਾਂ ਦੀ ਅਗਵਾਈ ਕਰਦੀ ਹੈ। ਨਵਾਬ ਨਾਲ ਟੱਕਰ ਲੈਂਦੀ ਹੈ ਤੇ ਬਲੀਦਾਨ ਦਿੰਦੀ ਹੈ। ਇਹ ਲੜਕੀ ਅਨਪੜ੍ਹ ਹੋਣ ਕਰਕੇ ਲੈਕਚਰਾਂ ਨੂੰ ਸਮਝ ਨਹੀਂ ਸਕਦੀ। ਉਸਦਾ ਜੀਵਨ ਅਸਲੀ ਹੈ ਅਤੇ ਸਮਾਂ ਆਉਣ ਤੇ ਉਹ ਆਪਣੇ ਲੋਕਾਂ ਦੀ ਖਾਤਰ ਜੂਝ ਮਰਦੀ ਹੈ।

'ਇਕ ਮਿਆਨ ਦੋ ਤਲਵਾਰਾਂ' ਨਾਵਲ ਵੀ ਇਕ ਇਤਿਹਾਸਕ ਨਾਵਲ ਹੈ। ਇਸ ਨਾਵਲ ਦਾ ਵਿਸ਼ਾ ਦੇਸ਼ ਭਗਤੀ ਹੈ।[30] ਇਸ ਨਾਵਲ ਦੀ ਕਹਾਣੀ ਉਨ੍ਹਾਂ ਵਤਨ ਦੇ ਪਿਆਰਿਆਂ ਨਾਲ ਸੰਬੰਧਿਤ ਹੈ, ਜਿਨ੍ਹਾਂ ਨੇ ਆਪਣੇ ਦੇਸ਼ ਦੀ ਖਾਤਰ ਆਪਣੀ ਲੱਖਾਂ ਰੁਪਇਆਂ ਦੀ ਜਾਇਦਾਦ ਤੇ ਆਮਦਨ ਨੂੰ ਲੱਤ ਮਾਰ ਕੇ ਦੇਸ਼ ਨੂੰ ਆਜ਼ਾਦ ਕਰਾਉਣ ਦਾ ਬੀੜਾ ਚੁਕਿਆ। ਸੀ। ਇਸ ਸਮੇਂ ਅਜੇ ਦੇਸ਼ ਵਾਸੀਆਂ ਵਿਚ ਰਾਜਸੀ ਜਾਗ੍ਰਤੀ ਪੂਰੀ ਤਰ੍ਹਾਂ ਨਹੀਂ ਸੀ ਆਈ। ਇਹ ਵਾਕਿਆ 1914-15 ਦਾ ਹੈ।

ਇਸ ਨਾਵਲ ਨੂੰ ਲਿਖਣ ਦਾ ਮੰਤਵ ਲੇਖਕ ਨੇ ਮੁੱਖ ਬੰਧ ਵਿਚ ਦਸਿਆ ਹੈ ਕਿ 'ਬੜੀ

ਦੌਰ ਤੋਂ ਰੀ ਇਹ ਇੱਛਿਆ ਸੀ ਕਿ ਇਨ੍ਹਾਂ ਸ਼ਹੀਦਾਂ ਦੀ ਬੇਕਦਰੀ ਕਰਨ ਦਾ ਤਿੱਖਾ ਜਿਹਾ ਮਿਹਣਾ ਮੈਂ ਆਪਣੇ ਦੇਸ਼ਵਾਸੀਆਂ ਨੂੰ ਮਾਰਾਂ। ਜੇ ਅਸੀਂ ਉਨ੍ਹਾਂ ਦੀਆਂ ਬਰਸੀਆਂ ਨਹੀਂ ਮਨਾਉਂਦੇ ਤਾਂ ਘਟੋ-ਘੱਟ ਉਨ੍ਹਾਂ ਨੂੰ ਯਾਦ ਕਰਕੇ ਇਕ ਹਉਕਾ ਤਾਂ ਕਦੇ ਭਰਿਆ ਜਾ ਸਕਦਾ ਹੈ।"[31]

'ਗਗਨ ਦਮਾਮਾ ਬਾਜਿਓ' ਨਾਨਕ ਸਿੰਘ ਦਾ ਅੰਤਰਲਾ ਨਾਵਲ ਹੈ। ਇਸ ਨਾਵਲ ਵਿਚ ਨਾਨਕ ਸਿੰਘ ਨੇ ਇਕ ਤਾਜ਼ਾ ਘਟਨਾ 1965 ਦੀ ਹਿੰਦ-ਪਾਕਿ ਜੰਗ ਨੂੰ ਵਿਸ਼ਾ ਬਣਾ ਕੇ ਕਥਾਨਕ ਦੀ ਉਸਾਰੀ ਕੀਤੀ ਹੈ। ਇਸ ਨਾਵਲ ਵਿਚ ਨਾਨਕ ਸਿੰਘ ਨੇ ਇਕ ਅੰਤਰ-ਰਾਸ਼ਟਰੀ ਸਮੱਸਿਆ ਸੰਸਾਰ ਅਮਨ ਨੂੰ ਹੱਥ ਪਾਇਆ ਹੈ। ਸਮਾਜ-ਸੁਧਾਰ ਅਤੇ ਰਾਸ਼ਟਰੀ ਸਮੱਸਿਆ ਨਾਲ ਸੰਬੰਧਿਤ ਉਸਦੇ ਅਨੇਕਾਂ ਨਾਵਲ ਮਿਲਦੇ ਹਨ। ਅੰਤਰ-ਰਾਸ਼ਟਰੀ ਕਿਸਮ ਦਾ ਉਸਦਾ ਇਹ ਪਹਿਲਾ ਅਤੇ ਇਕੋ ਇਕ ਨਾਵਲ ਹੈ। ਇਸ ਨਾਵਲ ਵਿਚ ਨਾਨਕ ਸਿੰਘ ਨੇ ਦੇਸ਼ਾਂ ਦੀ ਲੜਾਈ ਦੇ ਨਾਲ-ਨਾਲ ਘਰੇਲੂ ਲੜਾਈ ਦਾ ਵਰਣਨ ਵੀ ਕਰਦਾ ਹੈ। ਉਸਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਜਿਸ ਤਰ੍ਹਾਂ ਘਰੇਲੂ, ਲੜਾਈਆਂ ਘਰਾਂ ਨੂੰ ਤਬਾਹ ਕਰ ਦਿੰਦੀਆਂ ਹਨ, ਉਸੇ ਤਰ੍ਹਾਂ ਦੋ ਦੇਸ਼ਾਂ ਵਿਚਕਾਰ ਹੋਈ ਲੜਾਈ ਦੋਹਾਂ ਦੇਸ਼ਾਂ ਨੂੰ ਤਬਾਹ ਕਰ ਸਕਦੀ ਹੈ।

## ਸੋਹਣ ਸਿੰਘ ਸੀਤਲ ਦੇ ਨਾਵਲਾਂ ਦਾ ਵਿਸ਼ਾ ਵਸਤੂ :

ਆਪਣੇ ਸਮਾਜ ਨੂੰ ਡੂੰਘੀ, ਪਾਰਖੂ ਅਤ ਅਨੁਭਵੀ ਨੀਝ ਨਾਲ ਵੇਖਣ ਵਾਲਾ ਸਮਾਜ ਦੀ ਹਰ ਵਸਤੂ ਦੀਆਂ ਡੂੰਘੀਆਂ ਤੇਹਾਂ ਉਤੇ ਪਹੁੰਚ ਕੇ ਉਨ੍ਹਾਂ ਦੀ ਵਾਸਤਵਿਕ ਦਸ਼ਾ ਨੂੰ ਪ੍ਰਗਟਾਉਣ ਵਾਲਾ, ਤੇ ਪੰਜਾਬੀ ਪਾਠਕਾਂ ਦੇ ਦਿਲਾਂ ਨੂੰ ਵਿਲਾਸਤਾ ਤੇ ਦਲੇਰੀ ਬਖਸ਼ਣ ਵਾਲਾ ਸੋਹਣ ਸਿੰਘ ਸੀਤਲ ਉਘਾ ਨਾਵਲਕਾਰ ਹੈ। ਸੀਤਲ ਨੇ ਆਪਣੇ ਜੀਵਨ ਅਨੁਭਵ ਦੇ ਆਧਾਰ ਤੇ ਪੇਂਡੂ ਜੀਵਨ ਦੀਆਂ ਸਮੱਸਿਆਵਾਂ ਨੂੰ ਆਪਣੇ ਨਾਵਲਾਂ ਦਾ ਵਿਸ਼ਾ ਬਣਾਇਆ ਹੈ। ਪਿੰਡ ਦੇ ਜਨ-ਜੀਵਨ, ਰਸਮੋ-ਰਿਵਾਜ, ਧਰਮ, ਰਾਜਨੀਤੀ ਦੇ ਮਸਲੇ ਤੇ ਵੱਖ ਵੱਖ ਧਰਮਾਂ ਦੇ ਲੋਕਾਂ ਦਾ ਰਹਿਣ-ਸਹਿਣ ਆਦਿ ਤੋਂ ਬਿਨਾਂ ਪਿੰਡ ਦੇ ਹਰ ਵਰਗ ਦੇ ਲੋਕਾਂ ਦੀਆਂ ਦੁੱਖ ਤਕਲੀਫ਼ਾਂ ਹਸਰਤ, ਉਮੰਗਾਂ ਤੇ ਹਾਵਾਂ-ਭਾਵਾਂ ਨੂੰ

ਬਿਆਨ ਕੀਤਾ ਹੈ। ਉਹ ਜਿੱਥੇ ਇਕ ਪਾਸੇ ਸੂਦ-ਖ਼ੋਰ ਬਾਣੀਆ ਦੀਆਂ ਖੋਟੀਆਂ ਕਰਤੂਤਾਂ ਨੂੰ ਨੰਗਿਆਂ ਕਰਦਾ ਹੈ, ਉਥੇ ਐਸ-ਪ੍ਰਸਤ ਜ਼ਿਮੀਦਾਰਾਂ ਦੇ ਪੋਲ ਵੀ ਜ਼ਾਹਿਰ ਕੀਤੇ ਹਨ। ਸੋਹਣ ਸਿੰਘ ਸੀਤਲ ਤੋਂ ਬਿਨਾਂ ਸਾਇਦ ਹੀ ਕੋਈ ਨਾਵਲਕਾਰ ਲੱਖਾ ਸਿੰਘ ਵਰਗੇ ਜ਼ਿਮੀਦਾਰਾਂ ਦੀਆਂ ਕੋਝੀਆਂ ਕਾਮ ਪ੍ਰਵਿਰਤੀਆਂ ਨੂੰ ਨੰਗਿਆਂ ਕਰ ਸਕਿਆ ਹੋਵੇ। ਸੋਹਣ ਸਿੰਘ ਸੀਤਲ ਖੁਦ ਕਿਸਾਨ ਹੋਣ ਕਰਕੇ ਜੀਵਨ ਦੀਆਂ ਸਮੱਸਿਆਵਾਂ ਨੂੰ ਵਾਸਤਵਿਕ ਰੰਗਣ ਦੇਣ ਵਿਚ ਪੂਰਨ ਰੂਪ ਵਿਚ ਸਫਲ ਹੋਇਆ ਹੈ।

ਸਮਾਜਿਕ ਵਿਸ਼ੇ :

ਸੀਤਲ ਵੀ ਨਾਨਕ ਸਿੰਘ ਵਾਂਗ ਹੀ ਆਪਣੇ ਨਾਵਲਾਂ ਵਿਚ ਆਮ ਤੌਰ ਤੇ ਸਮਾਜਿਕ ਵਿਸ਼ੇ ਹੀ ਲੈਂਦਾ ਹੈ।ਸੇਖੋਂ ਤੋਂ ਪਿਛੋਂ ਪੰਜਾਬੀ ਸਾਹਿਤ ਦਾ ਇਹ ਦੂਸਰਾ ਲਿਖਾਰੀ ਹੈ ਜਿਸਨੇ ਪਿਆਰ ਕਹਾਣੀ ਨੂੰ ਤਿਲਾਂਜਲੀ ਦੇ ਕੇ ਜੀਵਨ ਦੀ ਹੋਰ ਜ਼ਿਆਦਾ ਮਹੱਤਵਪੂਰਨ ਸਮੱਸਿਆਵਾਂ ਵਲ ਝਾਤ ਪੁਆਈ ਹੈ। ਸਮਾਜਿਕ ਬੁਰਾਈਆਂ ਤੇ ਚੋਟ ਕਰਨਾ ਹੀ ਉਸਦਾ ਕਰਤੱਵ ਰਿਹਾ ਹੈ। ਜਾਗੀਰਦਾਰੀ ਸਮਾਜ ਦੀ ਲੁੱਟ, ਗਰੀਬਾਂ ਦੀ ਆਰਥਿਕ ਦਸ਼ਾ ਦਾ ਚਿਤਰਣ, ਔਰਤ ਦੀ ਬੇਵਸੀ ਤੇ ਮਜ਼ਬੂਰੀ ਦੀ ਅਵਸਥਾ ਅਤੇ ਉਸ ਵਿਚ ਆ ਰਹੀ ਜਾਗ੍ਰਤੀ ਆਦਿ ਸਮੱਸਿਆਵਾਂ ਨੂੰ ਆਪਣੇ ਨਾਵਲਾਂ ਦਾ ਵਿਸ਼ਾ ਬਣਾਇਆ ਹੈ। ਲੱਖਾ ਸਿੰਘ ਵਰਗੇ ਪਾਤਰਾਂ ਨੂੰ ਜਾਗੀਰਦਾਰੀ ਸਮਾਜ ਦੀ ਲੋਟੂ ਸ਼੍ਰੇਣੀ ਦਾ ਪ੍ਰਤੀਨਿਧ ਪਾਤਰ ਮੰਨਦਾ ਹੈ। ਜੋ ਆਪਣੀਆਂ ਐਸ਼ਿਕ ਰੁਚੀਆਂ ਅਧੀਨ ਕੇਵਲ ਗਰੀਬਾਂ ਦਾ ਲਹੂ ਹੀ ਨਹੀਂ ਚੂਸਦੇ ਔਰਤ ਨੂੰ ਵੀ ਪੈਰ ਦੀ ਜੁੱਤੀ, ਖਿਡੌਣਾ ਅਤੇ ਮਰਦ ਦੀ ਹੱਵਸ ਪੂਰੀ ਕਰਨ ਦਾ ਖਿਡੌਣਾ ਸਮਝਦੇ ਹਨ। ਜੋ ਖਾਂਦੇ ਪੀਂਦੇ ਘਰਾਂ ਦੇ ਮਰਦਾਂ ਦਾ ਦੋ ਜਾਂ ਤਿੰਨ ਵਿਆਹ ਕਰਨੇ ਸਮਾਜਿਕ ਬੁਰਾਈ ਨਹੀਂ ਸਗੋਂ ਸਰਦਾਰੀ ਸ਼ਾਨ ਸਮਝਦੇ ਹਨ। ਇਸ ਤਰ੍ਹਾਂ ਸੋਹਣ ਸਿੰਘ ਸੀਤਲ ਨੇ ਹੇਠ ਦਿੱਤੀਆਂ ਸਮਾਜਿਕ ਸਮੱਸਿਆਵਾਂ ਨੂੰ ਨਾਵਲਾਂ ਦਾ ਵਿਸ਼ਾ ਬਣਾਇਆ ਹੈ।

ਸਮਾਜ ਵਿਚ ਇਸਤਰੀ ਦੀ ਸਥਿਤੀ :

ਸੋਹਣ ਸਿੰਘ ਸੀਤਲ ਨੇ ਆਪਣੇ ਨਾਵਲਾਂ ਵਿਚ ਅਜਿਹੇ ਸਮਾਜ ਦੀ ਤਸਵੀਰ ਖਿਚੀ ਹੈ।

ਜਿਸ ਵਿਚ ਸਮਾਜਿਕ ਢਾਂਚੇ ਦੀ ਨੀਂਹ, ਇਸਤਰੀ ਦੇ ਅਰਮਾਨਾਂ ਨੂੰ ਕੁਚਲਿਆ ਜਾਂਦਾ ਹੈ, ਉਸਦੀ ਜੀਵਨੀ ਨੂੰ ਬੁੱਢਿਆਂ ਠੇਰਿਆਂ ਨਾਲ ਨਰੜ ਕੇ ਸਮਾਜ ਸੌ-ਸੌ ਜ਼ੁਲਮ ਢਾਹੁੰਦਾ ਹੈ। ਸੀਤਲਨੇ ਉਸ ਸਮਾਜ ਦਾ ਜ਼ਿਕਰ ਕੀਤਾ ਹੈ ਜਿਸ ਵਿਚ ਇਸਤਰੀ ਨੂੰ ਸਿਰਫ ਆਟੇ ਦੀ ਤੌਣ ਹੀ ਸਮਝਿਆ ਜਾਂਦਾ ਹੈ। ਉਹ ਆਪਣੇ ਨਾਵਲ 'ਮੁੱਲ ਦਾ ਮਾਸ' ਵਿਚ ਲਿਖਦਾ ਹੈ:

> ਉਹ ਇਸਤਰੀ, ਤਾਂ ਆਟੇ ਦੀ ਤੌਣ ਹੁੰਦੀ ਏ, ਜਿਸਨੂੰ
> ਬਾਹਰ ਇਲ੍ਹਾਂ ਤੇ ਅੰਦਰ ਚੂਹੇ।[32]

ਇਸ ਤਰ੍ਹਾਂ ਸੋਹਣ ਸਿੰਘ ਸੀਤਲ ਦੇ ਨਾਵਲਾਂ ਦਾ ਧੁਰਾ ਇਸਤਰੀ ਹੈ। ਉਸਨੇ ਆਪਣੇ ਪਹਿਲੇ ਨਾਵਲ 'ਮੁੱਲ ਦਾ ਮਾਸ' ਤੋਂ ਲੈ ਕੇ 'ਜੁੱਗ ਬਦਲ ਗਿਆ' ਤਕ ਇਸਤਰੀ ਨੂੰ ਕਿਸੇ ਨਾ ਕਿਸੇ ਰੂਪ ਵਿਚ ਸਾਡੇ ਸਾਹਮਣੇ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ। ਆਪਣੇ ਨਾਵਲਾਂ ਵਿਚ ਇਸਤਰੀ ਦੀਆਂ ਸਮੱਸਿਆਵਾਂ ਦਾ ਜਿਕਰ ਕੀਤਾ ਹੈ। ਸੋਹਣ ਸਿੰਘ ਸੀਤਲ ਦੇ ਨਾਵਲ ਪੜ੍ਹ ਕੇ ਇੰਜ ਲਗਦਾ ਹੈ ਜਿਵੇਂ ਸੀਤਲ ਨੂੰ ਵਿਸ਼ਵਾਸ ਹੈ ਕਿ ਸਮਾਜ ਨੂੰ ਅਗਾਂਹ ਲੈਜਾਣ ਲਈ ਇਸਤਰੀ ਨੂੰ ਅਗਾਂਹ-ਵਧੂ ਬਣਾਉਣਾ ਅਤਿ ਆਵਸ਼ਕ ਹੈ। ਇਸਤਰੀ ਜਾਤੀ ਉਤੇ ਮਰਦ ਪ੍ਰਧਾਨ ਸਮਾਜ ਦੀ ਜ਼ਿਆਦਤੀ ਨੂੰ ਉਸਨੇ ਜ਼ਿਆਦਾ ਤਰ ਬਿਆਨ ਕੀਤਾ ਹੈ।

ੳ) <u>ਅਨਜੋੜ ਵਿਆਹ :</u>

ਸੀਤਲ ਨੇ ਨਾਵਲਾਂ ਵਿਚ ਵੀ ਅਨਜੋੜ ਵਿਆਹ ਦੀ ਸਮੱਸਿਆ ਨੂੰ ਵਿਸ਼ਾ ਬਣਾਇਆ ਗਿਆ ਹੈ। ਸੀਤਲ ਦਸਦਾ ਹੈ ਕਿ ਅਨਜੋੜ ਵਿਆਹ ਕਾਰਣ ਔਰਤ ਨੂੰ ਕਈ ਮੁਸੀਬਤਾਂ ਦਾਸਾਹਮਣਾ ਕਰਨਾ ਪੈਂਦਾ ਹੈ। ਨਾਵਲ 'ਮੁੱਲ ਦਾ ਮਾਸ' ਅਜਿਹੀ ਸਮੱਸਿਆ ਨੂੰ ਹੀ ਪੇਸ਼ ਕਰਦਾ ਹੈ। ਇਸ ਨਾਵਲ ਵਿਚ ਕੁੜੀਆ ਨੂੰ ਬੁਢਿਆਂ ਅਤੇ ਧਨੀ ਆਦਮੀਆਂ ਨਾਲ ਵਿਆਹੁਣ ਦੀ ਸਮੱਸਿਆ ਨੂੰ ਲਿਆ ਹੈ। ਇਸ ਭੋੜ ਤੇ ਉਪਜੇ ਦੁਖਾਂਤ ਦਾ ਜ਼ਿਕਰ ਕਰਕੇ ਇਹ ਦਸਿਆ ਹੈ ਕਿ ਉਸ ਔਰਤ, ਜਿਸਦੇ ਮਾਸ ਨੂੰ ਮਾਂ ਪਿਉ ਨੇ ਵੇਚਿਆ ਹੁੰਦਾ ਹੈ, ਨਾਲ ਖਰੀਦਣ ਵਾਲਾ ਮੁਲ ਖਰੀਦੀ ਚੀਜ਼ ਵਾਂਗ ਹੀ ਵਰਤਾਉ ਕਰਦਾ ਹੈ। ਇਸੇ ਕਰਕੇ ਹੀ ਔਰਤ ਦਾ ਘਰੇਲੂ ਦੁਖਾਂਤਕ ਬਣ ਜਾਂਦਾ ਹੈ। ਕਾਰਣ ਆਰਥਿਕ ਹਾਲਤ ਪਤਲੀ ਹੋਣ ਕਰਕੇ ਅਨਜੋੜ-ਵਿਆਹ ਹੈ। ਕਈ ਵਾਰੀ ਮਾਪਿਆਂ ਦੀ

ਗਲਤੀ ਦਾ ਫਲ ਔਲਾਦ ਨੂੰ ਭੁਗਤਣਾ ਪੈਂਦਾ ਹੈ। ਇਸ ਨਾਵਲ ਵਿਚਲੀ ਇਸਤਰੀ ਪਾਤਰ ਚੰਦੋ ਇਸੇ ਸਮੱਸਿਆ ਦਾ ਸ਼ਿਕਾਰ ਬਣਦੀ ਹੈ। ਉਹ ਆਪਣੇ ਮਾਪਿਆਂ ਕਰਕੇ ਦੁਖਾਂਤ ਦੀ ਭਾਗੀ ਬਣਦੀ ਹੈ। ਉਸਦੇ ਮਾਪਿਉ ਗ਼ਰੀਬੀ ਵਿਚ ਬੇਵਸ ਹੋ ਕੇ ਚੰਦੋ ਨੂੰ ਬੁਢੇ ਆਦਮੀ ਕੋਲ ਵੇਚਣ ਲਈ ਮਜ਼ਬੂਰ ਹੋ ਜਾਂਦੇ ਹਨ। ਛੋਟੀ ਉਮਰ ਦੀ ਚੰਦੋ ਲਈ ਉਸਦਾ ਬੁੱਢਾਪਤੀ ਹੀ ਦੁਖਾਂਤ ਦਾ ਕਾਰਣ ਬਣਦਾ ਹੈ ਅਤੇ ਸਾਰਾ ਦਿਨ ਉਸਨੂੰ ਖਰੀਦ ਕੇ ਲਿਆਉਣ ਦੇ ਮਿਹਣੇ ਦਿੰਦਾ ਹੈ:

> ਚਾਂਦੀ ਚਾਂਦੀ - - - ਚਾਂਦੀ ਨਾਲ ਖਰੀਦ ਕੇ ਲਿਆਂਦੀ
> ਏਤੇ ਬਹਿੰਦੀ ਏ ਛੁੱਪਛੁੱਪ ਕੇ।33

ਨਾਵਲ 'ਜਵਾਲਾਮੁਖੀ' ਵਿਚ ਅਨਜੋੜ ਵਿਆਹ ਦੀ ਕੋਹਜੀ ਰਸਮ ਨੂੰ ਚਿਤਰਿਆ ਹੈ ਕਿ ਕਿਸ ਤਰ੍ਹਾਂ ਇਸਤਰੀ ਸਮਾਜ ਦੀ ਜ਼ਿਆਦਤੀ ਨੂੰ ਸਹਾਰਦੀ ਹੈ। ਇਸ ਜਿਆਦਤੀ ਕਾਰਣ ਔਰਤ ਦੇ ਮਨ ਵਿਚ ਪੈਦਾ ਹੋਈ ਜਵਾਲਾ ਨੂੰ ਚਿਤਰਿਆ ਹੈ ਜਿਸਤੋਂ ਸਮਾਜ ਨੇ ਉਸਦਾ ਪ੍ਰੇਮੀ ਖੋਹ ਕੇ ਬੁੱਢੇ ਪਤੀ ਨਾਲ ਨਰੜਿਆ ਹੁੰਦਾ ਹੈ। ਇਸੇ ਦੁੱਖ ਦੀ ਜਵਾਲਾ ਵਿਚ ਔਰਤ ਨੂੰ ਆਪਣੇ ਪ੍ਰੇਮੀ ਤੋਂ ਬਿਨਾਂ ਤੋਂ ਬਿਨਾਂ ਮੱਖਣ ਸਿੰਘ ਦੀਆਂ ਲੱਖਾਂ ਖੁਸ਼ੀਆਂ ਵੀ ਸੋਹਾਂਦੀਆਂ ਨਹੀਂ ਅਤੇ ਆਪਣੇ ਉਤੇ ਝੁਲਾਈ ਮਾਰੂ ਹਨੇਰੀ ਦੇ ਝਖੜ ਵਿਚ ਹੀ ਰੁਲਦੀ ਰਹਿੰਦੀ ਹੈ। ਇਸਤਰੀ ਦੇ ਮਨ ਦੇ ਦੁਖ ਨੂੰ ਹੀ ਜਵਾਲਾ ਦਾ ਨਾਂ ਦਿਤਾ ਹੈ।

ਅਨਜੋੜ ਵਿਆਹ ਦੀ ਸਮੱਸਿਆ, ਸੀਤਲ ਦੇ ਨਾਵਲਾਂ ਵਿਚ ਦੋ ਸਥਿੱਤੀਆਂ ਵਿਚ ਉਭਰਦੀ ਹੈ। ਇਕ ਪੁਤਰ ਪ੍ਰਾਪਤੀ ਪੁਰਖ-ਪ੍ਰਧਾਨ ਸਮਾਜ ਇਸ ਦਾ ਆਧਾਰ ਹੈ। ਦੂਜੀ ਸਥਿਤੀ ਅਯਾਸੀ ਆਦਮੀ ਪੈਦਾ ਕਰਦੇ ਹਨ,' ਜਿਸਦਾ ਆਧਾਰ ਆਰਥਿਕ ਅਸਮਾਨਤਾ ਹੈ।

ਸੋਹਣ ਸਿੰਘ ਸੀਤਲ 'ਅੰਨ੍ਹੀ ਸੱਦਰਤਾ' ਨਾਵਲ ਵਿਚ ਇਹ ਦਸਣਦੀ ਕੋਸਿਸ਼ ਕੀਤੀ ਹੈ ਕਿ ਇਸਤਰੀ ... ਸੰਤਾਨ ਪ੍ਰਾਪਤੀ ਦੀ ਇੱਛਾ ਨੂੰ ਮਨ ਵਿਚ ਹੀ ਦਬਾ ਰਖਦੀ ਹੈ। ਪਰ ਮਰਦ ਇਹ ਕਦੇ ਨਹੀਂ ਕਰ ਸਕਦਾ ਹੈ। ਇਸ ਪੂਰਤੀ ਲਈ ਭਾਵੇਂ ਉਸਨੂੰ ਕਿੰਨੇ ਹੀ ਵਿਆਹ ਕਿਉਂ ਨਾ ਦਰਵਾਣੇ ਪੈਣ । ਇਸ ਨਾਵਲ ਦਾ ਵਿਸ਼ਾ ਔਰਤ ਅੰਦਰ ਜਨਮ ਤੋਂ ਵੀਰ, ਪਤੀ, ਪੁੱਤਰ

ਦੀ ਭੁੱਖ ਨੂੰ ਲਿਆ ਹੈ। ਇਨ੍ਹਾਂ ਖਾਹਿਸਾਂ ਨੂੰ ਪੂਰਾ ਕਰਨ ਲਈ ਉਤਾਵਲੀ ਰਹਿੰਦੀ ਹੈ। ਨਾਵਲ ਦੇ ਮੁੱਖ-ਬੰਧ ਵਿਚ ਸੀਤਲ ਲਿਖਦਾ ਹੈ:

> ਇਨ੍ਹਾਂ ਕੁਦਰਤੀ ਖਾਹਸਾਂ ਵਲ ਝਾਤ ਪਾਉਣ ਦਾ ਇਹ ਮੇਰਾ ਨਿਮਾਣਾ ਜਿਹਾ ਯਤਨ ਹੈ।[34]

ਨਾਵਲ ਦੀ ਨਾਇਕਾ ਇਸ ਭੁੱਖ ਦਾ ਪ੍ਰਗਟਾਵਾ ਕਰਦੀ ਹੋਈ ਕਹਿੰਦੀ ਹੈ:

> ਇਸਤਰੀ ਜਨਮ ਦੀ ਭੁੱਖੀ ਹੈ। ਜ਼ਰਾ ਕੁ ਹੋਸ਼ ਸੰਭਾਲਦੀ ਹੈ ਤਾਂ ਇਹਦੇ ਅੰਦਰ ਵੀਰ ਦੀ ਭੁੱਖ ਪ੍ਰਗਟ ਹੁੰਦੀ ਹੈ। ਉਸਤੋਂ ਪਿਛੋਂ ਭਰਜਾਈਆਂ ਤੇ ਭਤੀਜਿਆਂ ਦੀ। ਜਵਾਨੀ ਦੇ ਨਾਲ-ਨਾਲ ਇਸ ਅੰਦਰ ਇਕ ਹੋਰ ਭੁਖ ਜਨਮ ਲੈਂਦੀ ਹੈ, ਪਤੀ ਦੀ ਜੀਵਨ ਸਾਥੀ ਦੀ। ਤੇ ਸਭ ਤੋਂ ਵੱਧ ਭੁੱਖ ਇਸਤਰੀ ਦੇ ਖਮੀਰ ਵਿਚ ਪੁਤਰ ਦੀ ਹੁੰਦੀ ਹੈ। --- । ਮੇਰੇ ਅੰਦਰ ਵੀ ਇਹ ਕੁਦਰਤੀ ਭੁੱਖਾਂ ਹਨ। ਪਤਨੀ ਬਣਨ ਦੀਆਂ ਖਾਹਸਾਂ ਨੂੰ ਤਿਆਗ ਕੇ ਭਾਰੇ ਪੱਥਰਾਂ ਥੱਲੇ ਦਬਾ ਕੇ ਚੁੱਪ ਕਰਾ ਲਿਆ। ਪਰ ਮਾਂ ਬਣਨ ਦੀਆਂ ਖਾਹਸਾਂ ਉਮਰ ਨਾਲ ਸਗੋਂ ਦਿਨੋਂ ਦਿਨ ਮੂੰਹ ਜੋਰ ਹੁੰਦੀਆਂ ਜਾਂਦੀਆਂ ਹਨ।[35]

ਕੁਮਾਰੀ ਪਤੀ ਬਣਨ ਦੀਆਂ ਖਾਹਿਸਾਂ ਨੂੰ ਦਬਾ ਸਕਦੀ ਹੈ ਪਰ ਆਪਣੀ ਭੈਣ ਦਾ ਬੱਚਾ ਲੈ ਕੇ ਇਸਦੀ ਖਾਹਿਸ਼ ਦੀ ਪੂਰਤੀ ਕਰਦੀ ਹੈ ਜਦੋਂ ਕਿ ਮਰਦ ਇਸ ਤਰ੍ਹਾਂ ਦਾ ਸਮਝੌਤਾ ਨਹੀਂ ਕਰਦਾ।

ਸੋਹਣ ਸਿੰਘ ਸੀਤਲ 'ਦੀਵੇ ਦੀ ਲੋਅ' ਨਾਵਲ ਵਿਚ ਦਸਦਾ ਹੈ ਕਿ ਮਰਦ ਇਸ ਖਾਹਿਸ਼ ਨੂੰ ਪੂਰਾ ਕਰਨ ਲਈ ਦੂਜਾ ਵਿਆਹ ਕਰਦਾ ਹੈ। ਭਾਵੇਂ ਉਹ ਵਿਆਹ ਉਸਦੀ ਉਮਰ ਦੀ ਕੁੜੀ ਨਾਲ ਹੋਵੇ ਭਾਵੇਂ ਛੋਟੀ ਉਮਰ ਦੀ। ਇਸ ਨਾਵਲ ਵਿਚ ਸੀਤਲ ਨੇ ਔਰਤ ਦੀ ਅਥਾਹ ਮਮਤਾ ਨੂੰ ਦਰਸਾ ਕੇ ਉਸਦੀ ਬੱਚੇ ਤੋਂ ਬਿਨਾਂ ਸਾਰਾ ਜ਼ਿੰਦਗੀ ਥਾਂ ਨੂੰ ਦਰਸਾਉਣ ਦਾ ਯਤਨ ਕੀਤਾ ਹੈ।

ਬੱਚਾ ਨਾ ਹੋਣ ਕਰਕੇ ਇਸਤਰੀ ਦਾ ਮਨ ਦੁਖੀ ਰਹਿੰਦਾ ਹੈ ਅਤੇ ਸਮਾਜ ਵੀ ਉਸਨੂੰ ਤੜਫਾਉਂਦਾ ਹੈ। ਨਸੀਰਾਂ ਦੀ ਕੁੱਖੋਂ ਬੱਚਾ ਨਾ ਹੋਣ ਕਰਕੇ ਉਸਦੀ ਸੱਸ ਅਤੇ ਪਤੀ ਦੋਵੇਂ ਹੀ ਦਿਨ-ਰਾਤ ਮਿਹਣੇ ਮਾਰਦੇ ਹਨ ਅਤੇ ਨਸੀਰਾਂ ਦੇ ਮਨ ਵਿਚ ਇਹ ਗਲ ਖਟਕਦੀ ਰਹਿੰਦੀ ਹੈ ਕੀ ਤੈਨੂੰ ਕੁੱਝ ਨਾ ਲੱਗਾ ਮੁਟਿਆਰੇ। ਨਸੀਰਾਂ ਅਖੀਰ ਤੇ ਆਪਣੀ ਸੌਂਕਣ ਦੇ ਬਚਿਆਂ ਨੂੰ ਪਾਲਦੀ ਹੈ ਅਤੇ ਉਨ੍ਹਾਂ ਦੇ ਵਿਯੋਗ ਵਿਚ ਹੀ ਪਾਗਲਹੋ ਕੇ ਮਰ ਜਾਂਦੀ ਹੈ। ਪ੍ਰੋ. ਗੁਰਚਰਨ ਸਿੰਘ ਅਨੁਸਾਰ:

> ਇਹ ਨਾਵਲ ਇਸਤਰੀ ਦੇ ਪਿਆਰ ਦੀ ਸ਼ੁਧਤਾ ਨਿਸ਼ਕਾਮਤਾ ਤੇ ਅਮਰਤਾ ਨੂੰ ਬਿਆਨ ਕਰਦਾ ਹੈ।[36]

ੲ) <u>ਵਿਧਵਾ-ਜੀਵਨ ਦੀ ਸਮੱਸਿਆ :</u>

ਸੀਤਲ ਨੇ ਵਿਧਵਾ ਇਸਤਰੀ ਦੀ ਸਮਾਜ ਵਿਚ ਸਥਿਤੀ ਨੂੰ ਨਾਵਲਾਂ ਰਾਹੀਂ ਬਿਆਨ ਕੀਤਾ ਹੈ। ਵਿਧਵਾ ਇਸਤਰੀ ਨੂੰ ਕਿਨ੍ਹਾਂ-ਕਿਨ੍ਹਾਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਮੁਸੀਬਤਾਂ ਦਾ ਜ਼ਿਕਰ 'ਮੁੱਲ ਦਾ ਮਾਸ', 'ਪਤਵੰਤੇਕਾਤਲ', 'ਵਿਜੋਗਣ', 'ਜੰਗ ਜਾਂ ਅਮਨ' ਆਦਿ ਨਾਵਲਾਂ ਵਿਚ ਕੀਤਾ ਹੈ। ਨਾਵਲ 'ਮੁੱਲ ਦਾ ਮਾਸ' ਵਿਚ ਵਿਧਵਾ ਚੰਦੋ ਦੇ ਜੀਵਨ ਵਿਚ ਹਨੇਰਾ ਛਾ ਗਿਆ ਕਿਉਂਕਿ ਸਮਾਜ ਨੇ ਉਸਨੂੰ ਅਜਿਹੇ ਧੱਕੇ ਦਿੱਤੇ ਕਿ ਉਹ ਉਨ੍ਹਾਂ ਨੂੰ ਨਾ ਸਹਾਰਦੀ ਹੋਈ ਆਤਮ-ਹੱਤਿਆ ਕਰ ਲੈਂਦੀ ਹੈ।

ਨਾਵਲ 'ਪਤਵੰਤੇ ਕਾਤਲ' ਵਿਚ ਵਿਧਵਾ ਮਨਜੀਤ ਦੇ ਦੁੱਖਾਂ ਨੂੰ ਬਿਆਨ ਕੀਤਾ ਹੈ। ਸਮਾਜ ਦੇ ਉਨ੍ਹਾਂ ਪਤਵੰਤਿਆਂ ਦੇ ਪਾਜ ਖੋਲੇ ਹਨ ਜੋ ਮੂੰਹ ਵਿਚ ਰਾਮ-ਰਾਮ ਤੇ ਬਗਲ ਛੁਰੀ ਰਖੀ ਫਿਰਦੇ ਹਨ। ਵਿਧਵਾ ਮਨਜੀਤ ਨੂੰ ਪਿੰਡ ਦੇ ਬਦਮਾਸ਼ ਨੇ ਦੁਖੀ ਕੀਤਾ ਜਿਸ ਕਾਰਣ ਉਹ ਪਿੰਡ ਛੱਡ ਗਈ। ਪਰ ਉਹ ਪਤਵੰਤੇ ਜੋ ਪੈਸੇ ਕਾਰਣ ਬਾਹਰ ਤਾਂ ਪੂਰੀ ਸ਼ੋਭਾ ਪ੍ਰਾਪਤ ਕਰੀ ਬੈਠੇ ਹਨ, ਵਿਚੋਂ ਸਮਾਜ ਦੇ ਕਾਤਿਲ ਹੁੰਦੇ ਹਨ, ਨੇ ਵੀ ਮਨਜੀਤ ਨੂੰ ਟਿਕਣ ਨਾ ਦਿੱਤਾ। ਬਾਅਦ ਵਿਚ ਉਸਦੇ ਦੂਜੇ ਪਤੀ ਕੁਲਦੀਪ ਨੇ ਵੀ ਉਸਨੂੰ ਪਾਗਲ ਸਮਝ ਕੇ ਘਰੋਂ ਕੱਢ ਦਿੱਤਾ। ਅਖੀਰ ਵਿਚ ਮਨਜੀਤ ਇਨ੍ਹਾਂ ਪਤਵੰਤਿਆਂ ਬਾਰੇ ਬਗ਼ਾਵਤ ਕਰਦੀ ਹੈ। ਸੋਹਣ ਸਿੰਘ ਸੀਤਲ ਦਸਦਾ ਹੈ:

> ਭਾਰਤ ਦੀ ਦੇਵੀ ਦਾ ਜਹਾਨ ਠੀਕ ਹੀ ਉਸਦੇ ਪਤੀ
> ਨਾਲ ਹੀ ਮੁੱਕ ਜਾਂਦਾ ਹੈ।[37]

ਨਾਵਲ 'ਵਿਜੋਗਣ' ਵਿਚ ਵਿਧਵਾ ਇਸਤਰੀ ਦੇ ਜੀਵਨ ਦੀਆਂ ਸਮੱਸਿਆਵਾਂ ਨੂੰ ਵਿਸ਼ਾ ਬਣਾਇਆ ਹੈ। ਸੀਤਲ ਦਸਦਾਹੈ ਕਿ ਪਤੀ ਦੇ ਵਿਯੋਗ ਤੋਂ ਬਿਨਾਂ ਔਰਤ ਨੂੰ ਦਿਨ-ਰਾਤ ਤੜਫਨਾ ਪੈਂਦਾ ਹੈ ਕਿਉਂਕਿ ਪਤੀ ਤੋਂ ਬਿਨਾਂ ਹੋਰ ਸਭ ਉਸਨੂੰ ਤੜਫਾਉਂਦੇ ਹਨ। ਇਸ ਨਾਵਲ ਵਿਚ ਵਿਜੋਗਣ ਇਸਤਰੀ, ਜਿਸਦਾ ਗੁੰਮ ਹੋਇਆ ਪਤੀ ਮਰ ਗਿਆ ਸਮਝ ਲਿਆ ਜਾਂਦਾ ਹੈ, ਵਿਯੋਗ ਵਿਚ ਤੜਫਦੀ ਰਹਿੰਦੀ ਹੈ। ਨਾਵਲ ਵਿਚ ਰੂਪਾਂ ਅਤੇ ਰੂਪਾਂ ਦੀ ਨਨਾਣ ਦੋਵੇਂ ਹੀ ਪਤੀ ਦੇ ਵਿਯੋਗ ਵਿਚ ਤੜਫਦੀਆਂ ਰਹਿੰਦੀਆਂ ਹਨ। ਵਿਧਵਾ ਇਸਤਰੀਆਂ ਨੂੰ ਸਮਾਜ ਦੀਆਂ ਇਸਤਰੀਆਂ ਵੀ ਵਹਿਮਾਂ-ਭਰਮਾਂ ਵਿਚ ਫਸੀ ਹੋਣ ਕਰਕੇ ਮੱਥੇ ਨਹੀਂ ਲਾਉਂਦੀਆਂ।

ਨਾਵਲ 'ਜੰਗ ਜਾਂ ਅਮਨ' ਦੀ ਕਿਰਪਾਲ ਕੌਰ ਦਾ ਪਤੀ ਮਹਿੰਦਰ ਜੰਗ ਲੜਦਾ ਹੋਇਆ ਲੰਗੜਾ ਜ਼ਰੂਰ ਹੋ ਜਾਂਦਾ ਹੈ ਪਰ ਮਰਦਾ ਨਹੀਂ। ਮਹਿੰਦਰ ਦੇ ਘਰ ਦੇ ਜਿਉਂਦੇ ਮਹਿੰਦਰ ਨੂੰ ਜ਼ਰੂਰ ਮਾਰ ਦਿੰਦੇ ਹਨ। ਪਿਆਰ ਤੇ ਪਤੀਬਰਤਾ ਦੀ ਸਾਖਸਾਤ ਤਸਵੀਰ ਕਿਰਪਾਲ ਕੌਰ ਨੂੰ ਵਿਧਵਾ ਜੀਵਨ ਦੇ ਦੁਖਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਮਾਜ ਉਸਦਾ ਵਿਆਹ ਜ਼ਬਰਦਸਤੀ ਉਸਦੇ ਜੇਠ ਨਾਲ ਕਰ ਦਿੰਦਾ ਹੈ। ਜਿਸਨੂੰ ਉਹ ਦੇਖ ਕੇ ਵੀ ਖੁਸ਼ ਨਹੀਂ ਸੀ। ਇਸ ਤਰ੍ਹਾਂ ਚੁਪ-ਚਾਪ ਉਸਨੂੰ ਸਮਝੌਤਾ ਕਰਨਾ ਪੈਂਦਾ ਹੈਂ।

(ਸ) <u>ਇਸਤਰੀ ਦਾ ਸ਼ੋਸ਼ਣ</u> :

ਇਸਤਰੀ ਦਾ ਜੀਵਨ ਦੁਖਾਂ ਭਰਿਆ ਜੀਵਨ ਰਿਹਾ ਹੈ। ਇਸਦਾ ਕਾਰਣ ਆਰਥਿਕ ਹਾਲਤ ਕਮਜ਼ੋਰ ਹੋਣ ਕਰਕੇ ਉਸਨੂੰ ਮਰਦ ਤੇ ਨਿਰਭਰ ਕਰਨਾ ਪੈਂਦਾ ਹੈ। 'ਜੁਗ ਬਦਲ ਗਿਆ', 'ਕਾਲੇ ਪਰਛਾਵੇਂ' 'ਪ੍ਰੀਤ ਕਿ ਪੈਸਾ' ਨਾਵਲ ਵਿਚਲੀਆਂ ਇਸਤਰੀਆਂ ਦਾ ਸੋਸ਼ਣ ਅਮੀਰ ਆਦਮੀਆਂ ਦੁਆਰਾਕੀਤਾ ਜਾਂਦਾ ਹੈ। 'ਜੁਗ ਬਦਲ ਗਿਆ' ਨਾਵਲ ਵਿਚ ਰਾਜੋ ਦਾ ਸੋਸ਼ਣ ਲੱਖਾ ਸਿੰਘ ਕਰਦਾ ਹੈ। ਲੱਖਾ ਸਿੰਘ ਆਪਣੀ ਪਹਿਲੀ ਪਤਨੀ ਅਤੇ ਸਰਦਾਰਨੋ ਦਾ ਸੋਸ਼ਣ ਕਰਦਾ ਹੈ। ਉਸਾਦਾ ਵਿਚਾਰ

ਹੈ ਕਿ ਘਰ ਦੀਆਂ ਭਾਵੇਂ ਚਾਰ ਹੋ ਜਾਣ ਬੁੱਧੇ ਜਣਨ ਵਾਸਤੇ ਹੀ ਹੁੰਦੀਆਂ ਹਨ। ਸੌਂਕੀ ਬੰਦੇ ਦਾ ਮਨ ਤਾਂ ਓਪਰੀ ਨਾਲ ਈ ਪਰਚਦਾ ਹੈ।

ਨਾਵਲ 'ਕਾਲੇ ਪਰਛਾਵੇਂ' ਵਿਚ ਉਨ੍ਹਾਂ ਪਰਛਾਵਿਆਂ ਦਾ ਜਿਕਰ ਕੀਤਾ ਹੈ। ਜਿਹੜੇ ਸੇਠ ਵਰਗੇ ਦੁਕਾਨਦਾਰ ਮੰਦਿਰਾਂ, ਗੁਰਦੁਆਰਿਆਂ ਦੇ ਮੈਂਬਰ ਬਣਕੇ ਆਪਣੀ ਪਵਿੱਤਰਤਾ ਦਸਦੇ ਹਨ ਪਰ ਆਰਥਿਕ ਹਾਲਤ ਵਿਚ ਨਪੀੜੀ ਇਸਤਰੀ ਦਾ ਜਿਉਣਾ ਹਰਾਮ ਕਰ ਦਿੰਦੇ ਹਨ। ਪੈਸੇ ਦੇ ਨਸ਼ੇ ਵਿਚ ਚੂਰ ਪਰਵਾਨ ਔਰਤ ਨੂੰ ਨਿਰਮੋਹੀ ਬਣਾ ਦਿੰਦੇ ਹਨ। ਪ੍ਰਕਾਸ਼ ਦੀ ਮਾਂ ਉਸਨੂੰ ਇਸੇ ਲਈ ਹੀ ਘਰੋਂ ਛੱਡ ਕੇ ਤੁਰ ਜਾਂਦੀ ਹੈ ਕਿਉਂਕਿ ਉਸ ਕੋਲ ਪ੍ਰਕਾਸ਼ ਨੂੰ ਪਾਲਣ ਲਈ ਤੇ ਸਰਮਾਏਦਾਰਾਂ ਦੇ ਕਰਜ਼ੇ ਤੋਂ ਖਹਿੜਾ ਛੁਡਾਉਣ ਲਈ ਹੋਰ ਕੋਈ ਰਸਤਾ ਨਹੀਂ। ਪੈਸੇ ਵਾਲਾ ਧੰਨਵਾਨ ਹੀ ਪ੍ਰਕਾਸ਼ ਦੀ ਮਾਂ ਨੂੰ ਪੈਸੇ ਦਾ ਲਾਲਚ ਦੇ ਕੇ ਉਸਨੂੰ ਪੁੱਤਰ ਪਿਆਰ ਤੋਂ ਵੀ ਵੰਚਿਤ ਕਰਕੇ ਲੈ ਜਾਂਦਾ ਹੈ। ਥੋੜੇ ਚਿਰ ਬਾਅਦ ਉਸਨੂੰ ਛੱਡ ਵੀ ਦਿੰਦਾ ਹੈ।

'ਪ੍ਰੀਤ ਕਿ ਪੈਸਾ' ਨਾਵਲ ਵਿਚ ਸੀਤਲ ਨੇ ਔਰਤ ਦੇ ਸੋਸ਼ਣ ਦਾ ਕਾਰਣ ਉਸਦੀ ਗਰੀਬੀ ਨੂੰ ਹੀ ਲਿਆ ਹੈ। ਅਮੀਰ ਆਦਮੀ ਇਨ੍ਹਾਂ ਗਰੀਬ ਇਸਤਰੀਆਂ ਨੂੰ ਚੋਗਾ ਪਾ ਕੇ ਆਪਣੇ ਜਾਲ਼ ਵਿਚ ਫਸਾ ਲੈਂਦੇ ਹਨ। ਅਮੀਰਾਂ ਦੇ ਚੋਗੇ ਉਤੇ ਤੁਲ ਕੇ ਇਹ ਸੋਚਾਂ ਵਿਚ ਪੈ ਜਾਂਦੀਆਂ ਹਨ ਕਿ ਪ੍ਰੀਤ ਤੇ ਪੈਸਾ ਦੋਨਾਂ ਵਿਚੋਂ ਕਿਸਨੂੰ ਜਿਆਦਾ ਮਹੱਤਵ ਦੇਣ। ਨਾਵਲ ਵਿਚਲੀ ਸੋਤੀ ਦੇ ਮਨ ਵਿਚ ਅਮੀਰ ਸਹੇਲੀ ਦੇ ਸੋਹਣੇ-ਸੋਹਣੇ ਗਹਿਣੇ ਤੇ ਕਪੜੇ ਪਾਉਣ ਦੀ ਰੀਝ ਜਾਗਦੀ ਹੈ। ਜਿਸ ਕਾਰਣ ਉਹ ਅਮੀਰ ਆਦਮੀਆਂ ਦੇ ਜਾਲ਼ ਵਿਚ ਫਸ ਜਾਂਦੀ ਹੈ।

ਰਾਜਨੀਤਕ ਵਿਸ਼ੇ :

ਰਾਜਨੀਤੀ ਵਿਚ ਆਈ ਆਚਰਣਹੀਣਤਾ ਤੋਂ ਜੋ ਸਮੱਸਿਆਵਾਂ ਉਤਪੰਨ ਹੋਈਆਂ ਹਨ, ਸੀਤਲ ਵੀ ਉਨ੍ਹਾਂ ਪ੍ਰਤੀ ਚੇਤੰਨ ਹੈ। ਉਸਨੇ ਨਾਵਲ 'ਤੂਤਾਂ ਵਾਲਾ ਖੂਹ' ਵਿਚ ਲੀਡਰਾਂ ਦੀ ਨਿਖੇਧੀ ਕੀਤੀ ਗਈ ਹੈ। ਇਲਮ ਦੀਨ ਦੇ ਸੱਜਣ ਸਿੰਘ ਨਾਲ ਝਿੜਦੇ ਹੋਏ ਇਹ ਸ਼ਬਦ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ:

ਆਪਾਂ ਜਿਉਂਦੇ ਹੀ ਵਿਛੜ ਗਏ। ਮਾਰ ਲਿਆ ਸਾਨੂੰ
ਲੀਡਰਾਂ ਨੇ।[38]

ਜਨਤਾ ਦੀ ਅਵਾਜ ਸੀ ''ਨਖੱਤੇ ਲੀਡਰਾਂ ਨੇ ਮਾਰ ਘਤਿਆ''।"[39] ਕਿਉਂਕਿ ਇਹੀ ਲੀਡਰ ਹੀ ਇਧਰ ਦੀ ਉਧਰ ਲਾਕੇ ਫੁੱਟ ਪੁਆ ਰਹੇ ਸਨ। ਇਨ੍ਹਾਂ ਦਾ ਕੀ ਵਿਗੜਦਾ ਸੀ। ਜੇਕਰ ਕੋਈ ਸਮਝਾਉਣ ਦਾ ਯਤਨ ਕਰਦਾ ਤਾਂ ਮੂੰਹ ਤੋੜ ਜਵਾਬ ਦਿੰਦੇ, 'ਅਸੀ ਸਿੱਖਾਂ ਦੇ ਭਾਈ ਨਹੀਂ। ਅਸੀਂ ਇਕ ਵੱਖਰੀ ਕੌਮ ਮੁਸਲਮਾਨ ਹਾਂ ਤੇ ਸਾਡਾ ਦੇਸ਼ ਪਾਕਿਸਤਾਨ ਹੈ।"[40]

'ਬਦਲਾ' ਨਾਵਲ ਵਿਚ ਲੇਖਕ ਨੇ ਸਪਸ਼ਟ ਸ਼ਬਦਾਂ ਵਿਚ ਲਿਖਿਆ ਹੈ ਕਿ ਜਿਥੇ ਕਾਂਗਰਸ ਸਾਰੇ ਦੇਸ਼ ਨੂੰ ਇਕ ਰਖਣਾ ਚਾਹੁੰਦੀ ਸੀ ਉਥੇ ਮੁਸਲਿਮ ਲੀਗ ਦੇਸ਼ ਦੇ ਟੁਕੜੇ ਕਰਕੇ ਮੁਸਲਮਾਨਾਂ ਦਾ ਹਿੱਸਾ ਪਾਕਿਸਤਾਨ ਦੇ ਰੂਪ ਵਿਚ ਵੱਖਰਾ ਲੈਣਾ ਚਾਹੁੰਦੀ ਸੀ।[41]

'ਈਰੋਗਿਲ ਨਹਿਰ ਤਕ' ਨਾਵਲ ਵਿਚ ਵੀ ਅਜਿਹੀ ਰਾਜਨੀਤਕ ਸਾਜ਼ਿਸ਼ਾਂ ਦਾ ਵਰਣਨ ਮਿਲਦਾ ਹੈ ਜਿਸ ਵਿਚ ਇਹ ਪੱਖ ਪ੍ਰਗਟ ਹੁੰਦਾ ਹੈ ਕਿ 'ਅੰਗਰੇਜ਼ ਹਾਕਮਾਂ ਚਾਰੀ ਉਪਰੋਂ-ਉਪਰੋਂ ਦੋਹਾਂ ਧੜਿਆਂ ਵਿਚ ਸੁਲਾਹ ਵਿਚ ਸੁਲਾਹ ਕਰਾਉਣ ਦਾ ਯਤਨ ਕਰਦਾ ਪਰ ਅੰਦਰ-ਅੰਦਰ ਮੁਸਲਿਮ ਲੀਗ ਨੂੰ ਚੁੱਕ ਕੇ ਪਾੜ ਵਧਾਉਂਦੇ ਜਾਂਦੇ।"[42]

'ਪਤਵੰਤੇ ਕਾਤਲ' ਨਾਵਲ ਵਿਚ ਵੰਡ ਦੇ ਜ਼ਿੰਮੇਵਾਰ ਅੰਗਰੇਜ਼ ਹਾਕਮਾਂ ਤੇ ਨੇਤਾਵਾਂ ਨੂੰ ਹੀ ਠਹਿਰਾਉਂਦਾ ਹੈ। ਉਹ ਲਿਖਦਾ ਹੈ ਹਿੰਦ ਦੀ ਏਕਤਾ ਨੂੰ ਨਸ਼ਟ ਕਰਨ ਵਾਸਤੇ ਅੰਗਰੇਜ਼ ਸ਼ਾਸਕਾਂ ਨੇ ਛੋਟੀ ਜਿਹੀ ਚੰਗਿਆੜੀ ਸੁੱਟੀ ਸੀ ਹਿੰਦੂ ਨੇਤਾਵਾਂ ਦੀ ਤੰਗਦਿਲੀ ਤੇ ਮੁਸਲਿਮ ਆਗੂਆਂ ਦੀ ਜ਼ਿਦ ਨੇ ਉਸਨੂੰ ਹਵਾ ਦਿੱਤੀ। ਜਿਸਦਾ ਸਦਕਾ ਸਾਡੇ ਅਮਨ ਦੇ ਮਿਲਵਾੜ ਵਿਚ ਭਾਂਬੜ ਬਲ ਉਠੇ। ਭਰਾ-ਭਰਾ ਦਾ ਵੈਰੀ ਬਣ ਗਿਆ — ਹਿੰਦੁਸਤਾਨੀਅਤ ਖਤਮ ਹੋ ਗਈ।[43]

ਵੰਡ ਦੌਰਾਨ ਔਰਤਾਂ ਅਤੇ ਮਰਦਾਂ ਦੀ ਮੰਦੀ ਹਾਲਤ ਦਾ ਵਰਣਨ ਸੀਤਲ ਨੇ ਯਥਾਰਥਿਕ ਢੰਗ ਨਾਲ ਕੀਤਾ ਹੈ। ਇਧਰੋਂ ਉਧੱਰ ਆਉਣ-ਜਾਣ ਦੇ ਸਮੇਂ ਬੇਕਸੂਰ ਲੋਕਾਂ ਦਾ ਮਾਰਿਆ ਜਾਣਾ, ਹਿੰਦੂ ਮੁਸਲਮਾਨ ਜੋ ਕਦੇ ਆਪਸ ਵਿਚ ਦੋਸਤ ਸਨ, ਇਕ ਦੂਜੇ ਦੇ ਵੈਰ ਬਣ ਗਏ।

## 3) ਆਰਥਿਕ ਵਿਸ਼ੇ :

ਸਾਡਾ ਸਮਾਜ ਆਰਥਿਕ ਤੌਰ ਤੇ ਦੋ ਹਿਸਿਆਂ ਵਿਚ ਵੰਡਿਆ ਹੋਇਆ ਹੈ ਅਮੀਰ ਅਤੇ ਗ਼ਰੀਬ। ਸੀਤਲ ਦੀ ਹਮਦਰਦੀ ਗ਼ਰੀਬ ਵਰਗ ਨਾਲ ਹੈ ਅਤੇ ਉਹ ਉਸਦੇ ਸੋਸ਼ਣ ਦਾ ਯਥਾਰਥ ਚਿਤ੍ਰਣ ਵੀ ਕਰਦਾ ਹੈ ਤੇ ਉਸਦੀਆਂ ਸਮਸਿਆਵਾਂ ਪ੍ਰਤੀ ਜਾਗ੍ਰਤ ਵੀ ਹੈ।

### ਛੋਟੇ ਕਿਸਾਨ ਤੇ ਧਨੀ ਕਿਸਾਨ :

ਮੋਹਨ ਸਿੰਘ ਸੀਤਲ ਆਪਣੇ ਅਨੁਭਵ ਦਾ ਸਭ ਤੋਂ ਨੇੜਲਾ ਵਰਗ ਹੋਣ ਸਦਕਾ ਆਪਣਾ ਧਿਆਨ ਭਾਵੇਂ ਕਿਰਸਾਣੀ ਸਮਾਜ ਦੇ ਸਭਨਾਂ ਪੱਧਰਾਂ ਉਤੇ ਕੇਂਦਰਿਤ ਕਰਦਾ ਹੈ ਪਰ ਉਸਦੀ ਹਮਦਰਦੀ ਦਾ ਪਾਤਰ ਛੋਟਾ ਕਿਸਾਨ ਹੀ ਹੈ। ਛੋਟੇ ਗਰੀਬ ਕਿਸਾਨ ਦੀ ਆਰਥਿਕ ਮੰਦਹਾਲੀ 'ਚੋਂ ਉਤਪੰਨ ਹੁੰਦੀਆਂ ਸਮਸਿਆਵਾਂ ਨੂੰ ਸੀਤਲ ਨੇ ਵਿਸਤਾਰ ਨਾਲ ਬਿਆਨ ਕੀਤਾ ਹੈ।

ਕਿਰਸਾਣੀ ਸਮਾਜ ਵਿਚ ਗਰੀਬ ਕਿਸਾਨ ਹੀ ਨਹੀਂ ਹਨ। ਇਸ ਵਿਚ ਧਨੀ ਕਿਸਾਨ ਵੀ ਹਨ ਜੋ ਨਾ ਕੇਵਲ ਬੇ-ਜ਼ਮੀਨੇ ਕਿਰਤੀਆਂ ਦਾ ਸੋਸ਼ਣ ਕਰਦੇ ਹਨ ਸਗੋਂ ਆਪਣੇ ਕਮਜ਼ੋਰ ਭਰਾਵਾਂ ਨੂੰ ਨਪੀੜਨ ਵਿਚ ਵੀ ਕੋਈ ਘੱਟ ਕਸਰ ਨਹੀਂ ਛੱਡਦੇ। ਧਨੀ ਕਿਸਾਨ ਦੇ ਇਸ ਵਰਗ ਦੇ ਲੋਕਾਂ ਨਾਲ ਸੀਤਲ ਦੀ ਕੋਈ ਹਮਦਰਦੀ ਨਹੀਂ। 'ਮੁਲ ਦਾ ਮਾਸ' ਵਿਚ ਬਸੰਧਾ ਸਿੰਘ ਏਸੇ ਵਰਗ ਦਾ ਪ੍ਰਤਿਨਿਧ ਹੈ। ਪਰ ਆਪਣੇ ਪਰਿਪੂਰਨ ਰੂਪ ਵਿਚ ਇਹ ਧਨੀ ਕਿਸਾਨ 'ਤੂਤਾਂ ਵਾਲਾ ਖੂਹ' ਅਤੇ 'ਜੁੱਗਲ ਬਦਲ ਗਿਆ' ਵਿਚ ਲੱਖਾ ਸਿੰਘ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ ਜੋ ਧੰਨੇ ਸ਼ਾਹ ਨਾਲ ਮਿਲਕੇ[44] ਆਪਣੇ ਸਰੀਕੇ ਅਮਲੀ ਨੱਥਾ ਸਿੰਘ ਦੀ ਸੱਤ ਘੁਮਾਂ ਪੈਲੀ ਪਹਿਲਾਂ ਗਹਿਣੇ ਤੇ ਮਗਰੋਂ ਬੈ ਲੈ ਲੈਂਦਾ ਹੈ।[45] ਇਹ ਧਨੀ ਕਿਸਾਨ ਬਾਣੀਆਂ ਤੇ ਸ਼ਾਹੂਕਾਰਾਂ ਵਰਗੀਆਂ ਸਾਰੀਆਂ ਚਲਾਕੀਆਂ ਜਾਣਦੇ ਹਨ।

'ਜੰਗ ਜਾਂ ਅਮਨ' ਵਿਚ ਧਨੀ ਕਿਸਾਨ ਸ਼ਾਹ ਬਹਾਦਰ ਹੈ ਜਿਸਦੇ 'ਚੱਟੇ' ਰੁੱਖ ਵੀ ਹਰੇ ਨਹੀਂ ਹੋਏ ਪੁੜਕੇ।' ਉਹ ਆਪਣੇ ਸ਼ਰੀਕ ਬੰਤਾ ਸਿੰਘ ਦੀ ਚਾਰ ਵਿਘੇ ਜ਼ਮੀਨ ਗਹਿਣੇ ਲੈਂਦਾ ਹੈ।[46] ਤੇ ਕਬਜ਼ਾ ਲੈਣ ਦੀ ਥਾਂ ਹਰ ਸਾਲ ਠੇਕਾ ਲੈਂਦਾ ਰਹਿੰਦਾ ਹੈ। ਪਰ ਬੰਤਾ ਸਿੰਘ ਦੀ

ਮੌਤ ਉਪਰੰਤ ਮਹਿੰਦਰ ਸਿੰਘ ਦੀ ਕਰੜੀ ਮਿਹਨਤ ਨਾਲ ਪਾਲੀ ਹੋਈ ਫਸਲ ਵੇਖ ਕੇ ਈਰਖਾ ਤੇ ਲਾਲਚ ਵਸ ਜ਼ਮੀਨ ਦਾ ਕਬਜ਼ਾ ਲੈਣ ਲਈ ਕੋਰਾ ਹੋ ਕੇ ਆਖ ਵੀ ਦਿੰਦਾ ਹੈ।[47] ਇਸ ਤਰ੍ਹਾਂ ਇਹ ਸ਼ਰੀਕਾਂ ਅਥਵਾ ਗਰੀਬ ਕਿਸਾਨਾਂ ਦੀ ਜ਼ਮੀਨ ਸਹਿਜੇ-ਸਹਿਜੇ ਹਥਿਆਉਂਦੇ ਜਾਂਦੇ ਹਨ। ਇਸ ਤੋਂ ਬਿਨਾਂ ਉਹ ਪੇਂਡੂ ਕਾਮਿਆਂ ਦਾ ਖ਼ੂਨ ਵੀ ਬੁਰੀ ਤਰ੍ਹਾਂ ਚੂਸਦੇ ਜਾਂਦੇ ਹਨ।

'ਬਦਲਾ' ਨਾਵਲ ਪਿੰਡ ਦਾ ਇਕੱਲਾ ਮਾਲਕ ਰਾਏ ਸਾਹਿਬ ਜਸਵੰਤ ਰਾਏ ਆਪਣੇ ਮੁਜ਼ਾਰਿਆਂ ਨੂੰ ਹਮੇਸ਼ਾਂ ਅੱਧ ਭੁੱਖਾ ਰਖ ਕੇ ਪਿੰਡ ਵਿਚ ਜੰਗਲ ਦਾ ਕਾਨੂੰਨ ਲਾਗੂ ਕਰਦਾ ਹੈ। ਮੁਜ਼ਾਰਿਆਂ ਦੀ ਸਾਰੀ ਫਸਲ ਨੂੰ ਉਹ ਬੋਹਲਾਂ ਵਿਚੋਂ ਹੀ ਸਿੱਧਾ ਆਪਣੇ ਗੁਦਾਮਾਂ ਵਿਚ ਸੁੱਟ ਕੇ ਉਹਨਾਂ ਨੂੰ ਕੇਵਲ ਦੋ-ਦੋ ਮਣ ਦਾਣੇ ਦੇਣ ਦਾ ਆਦੇਸ਼ ਦਿੰਦਾ ਹੈ।[48] ਕਿਸੇ ਮੁਜ਼ਾਰੇ ਤੋਂ ਉਹ ਵਾਹੀ ਹੇਠਲੀ ਭੋਂ ਇਸ ਕਾਰਣ ਖੋਹ ਲੈਂਦਾ ਹੈ ਕਿ ਉਸਦੀ ਘਰ ਵਾਲੀ ਨੇ ਰਾਇ ਸਾਹਿਬ ਵਲੋਂ ਕੀਤੇ ਗਏ ਜਸ਼ਨਾਂ ਸਮੇਂ ਪਿੰਡ ਦੇ ਹਰ ਮੁਜ਼ਾਰੇ ਦੀ ਜਵਾਨ ਜਾਂ ਅਧੱਖੜ ਇਸਤਰੀ ਵਾਂਗ ਆਏ ਭੱਦਰਪੁਰਸ਼ਾਂ ਦੀ ਸੇਵਾ ਦਾ ਸੋਭਾਗ ਪ੍ਰਾਪਤ ਨਹੀਂ ਕੀਤਾ।[49] ਇਹ ਸ਼ਬਦ 'ਤੇ ਉਹ ਹਰਾਮਣ ਵੀ ਜਾਣਕੇ ਈ ਮਰ ਗਈ ਭਲਾ ਅੱਗੇ ਕਿਸੇ ਜਨਾਨੀ ਨੂੰ ਕਿਸੇ ਅਮੀਰ ਪਰਾਹੁਣੇ ਕੋਲੋਂ ਇਹ ਬਿਮਾਰੀ ਨਹੀਂ ਸੀ ਹੋਈ? ਉਹ ਵੇਲੇ ਸਿਰ ਇਲਾਜ ਕਰਾ ਲੈਂਦੀ।[50] ਇਸ ਗਲ ਦੀ ਪ੍ਰੋੜ੍ਹਤਾ ਕਰਦੇ ਹਨ।

**ਪਿੰਡ** ਵਿਚ ਧਨੀ ਕਿਸਾਨਾਂ ਦਾ ਇਕ ਹੋਰ ਵਰਗ ਵੀ ਹੈ ਜੋ ਸੀਤਲ ਦੀ ਨਿਗਾਹ ਤੋਂ ਉਹਲੇ ਨਹੀਂ ਰਹਿੰਦਾ। ਇਹ ਵਰਗ ਹੈ ਨੰਬਰਦਾਰਾਂ, ਜੈਲਦਾਰਾਂ, ਸਫੈਦਪੋਸ਼ਾਂ ਆਦਿ ਦਾ। ਇਹ ਲੋਕਾਂ ਵਿਰੁਧ ਸਰਕਾਰ ਦੇ ਹਰ ਤਰ੍ਹਾਂ ਕੰਮ ਆਉਂਦੇ ਹਨ।

ਕਰਜ਼ ਦੀ ਸਮੱਸਿਆ :

ਗਰੀਬ ਵਰਗ ਦੀ ਦੂਜੀ ਸਭ ਤੋਂ ਵੱਡੀ ਸਮੱਸਿਆ ਕਰਜ਼ ਦੀ ਹੈ। ਇਹ ਸਮੱਸਿਆ 'ਤੂਤਾਂ ਵਾਲਾ ਖੂਹ' 'ਜੁਗ ਬਦਲ ਗਿਆ', 'ਜੰਗ ਜਾਂ ਅਮਨ' ਨਾਵਲਾਂ ਵਿਚ ਮਿਲਦੀ ਹੈ। 'ਤੂਤਾਂ ਵਾਲਾ ਖੂਹ' ਨਾਵਲ ਵਿਚ ਸੱਜਣ ਸਿੰਘ ਅਤੇ ਇਲਮਦੀਨ ਧੰਨੇ ਸ਼ਾਹ ਤੋਂ ਕਰਜ਼ਾ ਲੈਣ ਲਈ ਮਜ਼ਬੂਰ ਹਨ। ਧੰਨੇ ਸ਼ਾਹ ਆਪਣੇ ਜਾਲ ਵਿਚ ਫਸਾ ਕੇ ਇਨ੍ਹਾਂ ਨੂੰ ਆਪਣੇ ਕਰਜ ਥੱਲੇ ਫਸਾ ਲੈਂਦਾ ਹੈ।

'ਜੁੱਗ ਬਦਲ ਗਿਆ' ਨਾਵਲ ਵਿਚ ਅਮਲੀ ਨੱਥਾ ਸਿੰਘ ਧੰਨੋਸ਼ਾਹ ਅਤੇ ਪਿੰਡ ਦੇ ਧਨੀ ਕਿਸਾਨ ਲੱਖਾ ਸਿੰਘ ਦਾ ਸਾਂਝਾ ਕਰਜ਼ਾਈ ਹੈ। ਅਮਲੀ ਨੱਥਾ ਸਿੰਘ ਨੇ ਛੀ ਧੀਆਂ ਪਿਛੋਂ ਇਕ ਪੁੱਤਰ ਹੋਣ ਦੀ ਖੁਸ਼ੀ ਮਨਾਉਣ ਲਈ ਅਖੰਡ ਪਾਠ ਕਰਾਉਣ ਵਾਸਤੇ[51] ਤੇ ਮਗਰੋਂ ਦੋ ਧੀਆਂ ਬੂਹੀਉਂ ਉਠਾਉਣ ਵਾਸਤੇ[52] ਕਰਜ਼ਾ ਚੁਕਿਆ ਸੀ। ਜਦ ਕਿ ਸੱਜਣ ਸਿੰਘ (ਤੂਤਾਂ ਵਾਲਾ ਖੂਹ) ਨੇ ਮੱਝ ਖਰੀਦਣ[53] ਲਈ ਤੇ ਸਾਲੀ ਦੇ ਵਿਆਹ[54] ਉਤੇ ਖਰਚ ਦੀ ਖਾਤਰ ਅਤੇ ਇਲਮਦੀਨ ਨੇ ਬਲਦ ਖਰੀਦਣ ,ਮਾਮਲਾ ਤਾਰਨ ਤੇ ਹੋਰ ਨਿੱਕੇ ਮੋਟੇ ਘਰੋਗੀ ਖਰਚਾਂ ਦੀ ਖਾਤਰ ਧੰਨੋਸ਼ਾਹ ਦੇ ਕਾਗਜ਼ਾਂ ਉਤੇ ਅੰਗੂਠੇ ਲਾਏ ਸਨ।

'ਜੰਗ ਜਾਂ ਅਮਨ' ਵਿਚ ਨੌਜਵਾਨ ਮਹਿੰਦਰ ਆਪਣੇ ਖੇਤਾਂ ਵਿਚ ਹੱਡ ਭੰਨਵੀਂ ਮਿਹਨਤ ਕਰਦਾ ਹੈ। ਪਰ ਉਸਦੀ ਇਹ ਸਾਰੀ ਮਿਹਨਤ ਵਰ ਆਉਣ ਤੋਂ ਪਹਿਲਾਂ ਹੀ ਹੜ੍ਹਾਂ ਦੀ ਭੇਂਟ ਹੋ ਜਾਂਦੀ ਹੈ।[55] ਅਤੇ ਹਾਲਤ ਏਨੀ ਮੰਦੀ ਹੈ ਕਿ ਮਾਮਲਾ ਤਾਰਨ ਲਈ ਉਸਨੂੰ ਆੜ੍ਹਤੀਆਂ ਤੋਂ ਵੀ ਪੈਸੇ ਨਹੀਂ ਮਿਲਦੇ। ਸਾਰੀ ਉਮਰ ਇਹੀ ਝੋਰਾ ਉਸਦੇ ਪਿਉ ਬੰਤਾ ਸਿੰਘ ਨੂੰ ਰਿਹਾ ਸੀ ਜਿਸਨੂੰ ਕਿਸਾਨ ਜਿੰਦਿਆਂ ਆਖਦਾ ਹੈ ਕਿ ਝੱਖੜ, ਮੀਂਹ ਹਨੇਰੀਆਂ ਦੀ ਮਾਰ ਵਾਹੀਵਾਨ ਨੂੰ ਕੱਲੀ ਜਾਨ ਤੇ ਸਹਿਣੀ ਪੈਂਦੀ ਹੈ, ਕੋਈ ਵਿਉਪਾਰੀ ਨੁਕਸਾਨ ਦਾ ਹਿੱਸੇਦਾਰ ਨਹੀਂ ਬਣਦਾ ਸਿੱਟੇ ਵਜੋਂ ਭਾਰੀ ਬਹੁਗਿਣਤੀ ਵਿਚ ਜੱਟ ਕਰਜ਼ਈ ਸਨ।

ਵਿਸ਼ਾ ਵਸਤੂ ਦੀ ਸਮਾਨਤਾ/ਵੱਖਰਤਾ :

ਨਾਨਕ ਸਿੰਘ ਤੇ ਸੋਹਣ ਸਿੰਘ ਸੀਤਲ ਦੇ ਨਾਵਲਾਂ ਦੇ ਬਹੁਤੇ ਵਿਸ਼ੇ ਆਪਸ ਵਿਚ ਮਿਲਦੇ-ਜੁਲਦੇ ਹਨ ਕਿਉਂਕਿ ਨਾਨਕ ਸਿੰਘ ਦੀ ਨਾਵਲ-ਰਚਨਾ ਦਾ ਆਧਾਰ ਵੀ ਸਮਾਜਿਕ ਸਮੱਸਿਆਵਾਂ ਹਨ ਅਤੇ ਸੀਤਲ ਦੇ ਨਾਵਲਾਂਦਾ ਵੀ। ਸੀਤਲ ਨੇ ਆਪਣੇ ਨਾਵਲਾਂ ਉਪਰ ਨਾਨਕ ਸਿੰਘ ਦਾ ਪ੍ਰਭਾਵ ਆਪ ਕਬੂਲਿਆ ਹੈ:

> ਨਾਨਕ ਸਿੰਘ ਮੈਨੂੰ ਕੁੱਝ ਵਖਰਾ ਜਾਪਿਆ। ਮੇਰੇ ਪਹਿਲੇ ਦੋ ਤਿੰਨ ਨਾਵਲਾਂ ਉਤੇ ਨਾਨਕ ਸਿੰਘ ਦਾ ਪ੍ਰਭਾਵ ਵੀ ਪ੍ਰਤੱਖ ਹੈ। ਪ੍ਰੇਮ ਚੰਦ ਨੂੰ ਮੈਂ ਨਾਨਕ ਸਿੰਘ ਦੇ ਕਹਿਣ ਉਤੇ ਪੜ੍ਹਿਆ।[56]

ਨਾਨਕ ਸਿੰਘ ਵਾਂਗ ਸੋਹਣ ਸਿੰਘ ਸੀਤਲ ਵੀ ਸਮਾਜਿਕ ਸਮੱਸਿਆਵਾਂ ਨੂੰ ਲੈ ਕੇ ਨਾਵਲ ਲਿਖਦਾ ਹੈ ਪਰ ਜੋ ਦੋਹਾਂ ਨਾਵਲਕਾਰਾਂ ਦੇ ਵਿਸ਼ਿਆਂ ਦੀ ਸਾਂਝ ਹੈ, ਉਹ ਸਮਕਾਲੀ ਹੋਣ ਦੇ ਨਾਤੇ ਉਸ ਸਮੇਂ ਦੇ ਸਮਾਜ ਦੀਆਂ ਸਾਂਝੀਆਂ ਸਮੱਸਿਆਵਾਂ ਕਾਰਣ ਹੀ ਪੈਦਾ ਹੁੰਦੀ ਹੈ। ਉਨ੍ਹਾਂ ਦੇ ਸਮੇਂ ਦੀਆਂ ਸਮਾਜਿਕ, ਧਾਰਮਿਕ ਤੇ ਰਾਜਨੀਤਕ ਲਹਿਰਾਂ ਅਥਵਾ ਅੰਦੋਲਨਾਂ ਦਾ ਪ੍ਰਭਾਵ ਵੀ ਉਨ੍ਹਾਂ ਦੀਆਂ ਰਚਨਾਵਾਂ ਤੇ ਪੈਂਦਾ ਹੈ। ਇਸ ਤੋਂ ਛੁੱਟ ਦੋਹਾਂ ਨਾਵਲਕਾਰਾਂ ਦੇ ਮੁੱਢਲੇ ਜੀਵਨ ਦੀਆਂ ਆਰਥਿਕ ਪਰਿਸਥਿੱਤੀਆਂ ਵੀ ਬਹੁਤੀਆਂ ਵੱਖਰੀਆਂ ਨਹੀਂ ਸਨ।

ਦੋਹਾਂ ਨਾਵਲਕਾਰਾਂਨੇ ਆਪਣੇ ਨਾਵਲਾਂ ਵਿਚ ਮੱਧ-ਵਰਗ ਦਾ ਚਿਤਰਣ ਕੀਤਾਹੈ ਅਤੇ ਮੱਧ-ਵਰਗ ਦੇ ਲੋਕਾਂ ਦਾ ਰਹਿਣ-ਸਹਿਣ , ਬੋਲ-ਚਾਲ , ਤੌਰ-ਤਰੀਕਿਆਂ ਨੂੰ ਬਿਆਨਿਆ ਹੈ। ਕੁੱਝ ਪ੍ਰਮੁੱਖ ਸਮੱਸਿਆਵਾਂ ਜੋ ਇਨ੍ਹਾਂ ਦੇ ਨਾਵਲਾਂ ਦਾਵਿਸ਼ਾ ਬਣੀਆਂ ਹਨ, ਨਿਮਨ-ਲਿਖਤ ਹਨ:

## ਵਿਧਵਾ ਦੀ ਸਮੱਸਿਆ :

ਵਿਧਵਾ ਦੀ ਸਮੱਸਿਆ ਸ਼ੁਰੂ ਤੋਂ ਹੀ ਭਾਰਤੀ ਸਮਾਜ ਦੀ ਇਕ ਗੰਭੀਰ ਸਮੱਸਿਆ ਰਹੀ ਹੈ। ਇਸ ਸਮੱਸਿਆ ਨੂੰ ਭਿੰਨ -ਭਿੰਨ ਭਾਰਤੀ ਭਾਸ਼ਾਵਾਂ ਦੇ ਨਾਵਲਾਂਵਿਚ ਚਿਤ੍ਰਿਤ ਕੀਤਾ ਗਿਆ ਹੈ। ਨਾਨਕ ਸਿੰਘ ਤੇ ਸੋਹਣ ਸਿੰਘ ਸੀਤਲ ਦੋਹਾਂ ਨੇ ਇਸ ਸਮੱਸਿਆ ਨੂੰ ਆਪਣੇ ਨਾਵਲਾਂ ਦਾ ਵਿਸ਼ਾ ਬਣਾਇਆ। ਨਾਨਕ ਸਿੰਘ ਦੇ ਨਾਵਲ 'ਚਿੱਟਾ ਲਹੂ' ਦੀ ਵਿਧਵਾ ਗੁਰਦੇਈ , 'ਧੁੰਧਲੇ ਪਰਛਾਵੇਂ' ਦੀ ਦਮੋਦਰੀ ਨੂੰ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪੈਂਦੀਆਂ ਹਨ। ਇਨ੍ਹਾਂ ਠੋਕਰਾਂ ਨੂੰ ਨਾਨਕ ਸਿੰਘ ਨੇ ਹਮਦਰਦੀ ਨਾਲ ਬਿਆਨ ਕੀਤਾ ਹੈ।

ਸੀਤਲ ਦੇ ਨਾਵਲ 'ਧੁੱਲ ਦਾ ਮਾਸ' ਵਿਚ ਵਿਧਵਾ ਚੰਦੋ ਨੂੰ ਪਿੰਡ ਦਾ ਬਦਮਾਸ਼ ਦੁੱਲਾ ਸਿੰਘ ਤੰਗ ਕਰਦਾ ਹੈ। ਉਸਦੇ ਇਹ ਸ਼ਬਦ ਵਿਧਵਾ ਚੰਦੋ ਨੂੰ ਮੁਸੀਬਤਾਂ ਵਿਚ ਘੇਰਦੇ ਨਜ਼ਰ ਆਉਂਦੇ ਹਨ ਅਤੇ ਉਸਨੂੰ ਬਦਨਸੀਬੀ ਦੀ ਦਰਗਾਹ ਤਕ ਪਹੁੰਚਾ ਦਿੰਦੇ ਹਨ:

> ਮੈਂ ਵੇਖ ਲਵਾਂਗਾ ਤੈਨੂੰ ਸਤਵੰਤੀ ਨੂੰ। ਮੈਂ ਤੇਰਾ ਪ੍ਰੀਤਾ ਮਾਰ ਦਿਆਂਗਾ। ਜੇ ਸਿੱਧੀ ਤਰ੍ਹਾਂ ਨਾ ਮੰਨੇਗੀ, ਤਾਂ ਮੈਂ ਤੈਨੂੰ ਰਾਤ ਬਦੋਬਦੀ ਚੁੱਕ ਲਜਾਵਾਂਗਾ। ਤੂੰ ਆਪਣੀ ਇੱਜਤ ਮੈਥੋਂ ਕਿਸੇ ਢੰਗ ਨਾਲ ਵੀ ਨਹੀਂ ਬਚਾ ਸਕੇਗੀ।[57]

ਨਾਵਲ 'ਪਤਵੰਤੇ ਕਾਤਲ' ਵਿਚ ਸੀਤਲ ਦਸਦਾ ਹੈ ਕਿ ਮਨਜੀਤ ਵਿਧਵਾ ਹੋਣ ਕਰਕੇ ਘਰ ਛੱਡ ਜਾਂਦੀ ਹੈ ਕਿਉਂਕਿ ਉਹ ਆਪਣੇ ਸ਼ਰੀਕਾਂ ਦੇ ਜ਼ੁਲਮਾਂ ਤੋਂ ਦੁਖੀ ਹੋ ਜਾਂਦੀ ਹੈ। ਬਾਲ-ਵਿਧਵਾ ਦੀ ਸਮੱਸਿਆ ਵੀ ਦੋਹਾਂ ਨਾਵਲਕਾਰਾਂ ਨੇ ਲਈ ਹੈ। ਨਾਨਕ ਸਿੰਘ ਦੇ ਨਾਵਲ 'ਅੱਧ ਖਿੜਿਆ ਫੁੱਲ' ਦੀ ਸਰੋਜ ਅਤੇ 'ਜੀਵਨ ਸੰਗਰਾਮ' ਦੀ ਚੰਪਾ ਬਾਲ-ਵਿਧਵਾਵਾਂ ਸੋਹਣ ਸਿੰਘ ਸੀਤਲ ਦੇ ਨਾਵਲ 'ਮੁੱਲ ਦਾ ਮਾਸ' ਦੀ ਚੰਦੋ ਬਾਲ-ਵਿਧਵਾ ਹੈ। ਇਨ੍ਹਾਂ ਦੋਹਾਂ ਨਾਵਲਕਾਰਾਂ ਨੇ ਸਮਾਜ ਵਿਚ ਬਾਲ-ਵਿਧਵਾ ਦਾ ਤ੍ਰਿਸਕਾਰਿਆ ਹੋਇਆ ਤੇ ਅਪਮਾਨਿਤ ਜੀਵਨ ਵਿਖਾਉਣ ਦੀ ਕੋਸ਼ਿਸ਼ ਕੀਤੀ ਹੈ।

'ਜੀਵਨ ਸੰਗਰਾਮ' ਵਿਚ ਨਾਨਕ ਸਿੰਘ ਨੇ ਵਿਧਵਾ ਅੰਦਰ ਉਪਜਦੇ ਸੁਭਾਵਿਕ ਕਾਮਵੇਗ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਕੀਤਾ ਹੈ। ਚੰਪਾ ਦੇ ਆਂਤਰਿਕ ਵੇਗ ਨੂੰ ਪੂਰਨ ਚੰਦ ਉਤੇਜਿਤ ਕਰਨ ਵਿਚ ਸਫਲ ਹੋ ਜਾਂਦਾ ਹੈ ਤੇ ਉਸਨੂੰ ਆਪਣੀ ਵਾਸ਼ਨਾ ਦੇ ਜਾਲ ਵਿਚ ਫਸਾ ਲੈਂਦਾ ਹੈ। ਬਾਲ-ਵਿਧਵਾ 'ਚੰਪਾ' ਆਪਣੇ ਸਤ-ਧਰਮ ਤੋਂ ਡਿਗ ਪੈਂਦੀ ਹੈ। ਉਹ ਸਮਾਜ ਦੀਆਂ ਨਜ਼ਰਾਂ ਵਿਚ ਕਲੰਕਿਤ ਹੋਣ ਦੇ ਡਰੋਂ ਆਤਮ-ਹੱਤਿਆ ਕਰ ਲੈਂਦੀ ਹੈ।

ਇਸੇ ਤਰ੍ਹਾਂ 'ਅੱਧ ਖਿੜਿਆ ਫੁੱਲ' ਵਿਚ ਸਰੋਜ ਕੁਲਦੀਪ ਸਿੰਘ ਨੂੰ ਅਪਣਾਉਣਾ ਚਾਹੁੰਦੀ ਹੈ। ਕੁਲਦੀਪ ਵੀ ਉਸਨੂੰ ਪਿਆਰ ਕਰਦਾ ਹੈ, ਪਰ ਹੋਣੀ ਦੋਹਾਂ ਨੂੰ ਮਿਲਣ ਨਹੀਂ ਦਿੰਦੀ। 'ਸਰੋਜ' ਦੀਆਂ ਆਸ਼ਾਂ ਦਾ ਫੁੱਲ ਅੱਧ-ਖਿੜਿਆ ਹੀ ਰਹਿ ਜਾਂਦਾ ਹੈ।

ਸੋਹਣ ਸਿੰਘ ਸੀਤਲ ਦੇ ਨਾਵਲ 'ਪਤਵੰਤੇ ਕਾਤਲ' ਦੀ 'ਮਨਜੀਤ' ਵੀ ਬਾਲ-ਵਿਧਵਾ ਹੈ। ਉਹ ਪਿੰਡ ਦੇ ਬਦਮਾਸ਼ 'ਤਾਰੂ' ਵਲੋਂ ਤੰਗ ਕੀਤੀ ਜਾਂਦੀ ਹੈ। ਜੋ ਸੋਚਦਾ ਹੈ ਕਿ ਮਨਜੀਤ ਦੇ ਦਿਉਰ ਕੁਲਵੰਤ ਦਾ ਕਤਲ ਕਰਕੇ ਮਨਜੀਤ ਤੇ ਉਸਦੀ ਜ਼ਮੀਨ ਪ੍ਰਾਪਤ ਕੀਤੀ ਜਾਵੇ:

> ਤਾਰੂ ਜਦ ਵਿਚੋਂ ਕੁਲਵੰਤ ਦਾ ਨਜ਼ਦੀਕੀ ਸੀ। ਕੁਲਵੰਤ ਪਿਛੋਂ ਉਸਦੀ ਜਾਇਦਾਦ ਦਾ ਹੱਕ ਤਾਰੂ ਨੂੰ ਹੀ ਪਹੁੰਚਦਾ ਸੀ। ਇਸ ਵਾਸਤੇ ਉਹ ਆਪਣੇ ਰਾਹ ਵਿਚੋਂ ਕੁਲਵੰਤ ਦਾ ਰੋੜਾ ਕੱਢ ਕੇ ਉਸਦੀ ਜਾਇਦਾਦ ਸੰਭਾਲਣੀ ਚਾਹੁੰਦਾ ਸੀ। ਇਸੇ ਚਾਅ ਵਿਚ ਉਸਨੇ ਆਪਣੀ ਜ਼ਮੀਨ ਵੇਚਣੀ ਸ਼ੁਰੂ ਕਰ ਦਿੱਤੀ। ਮਨਜੀਤ ਸ਼ਰੀਕੇ ਵਿਚੋਂ ਤਾਰੂ ਦੀ ਭਰਜਾਈ ਲੱਗਦੀ ਸੀ। ਜਿਸ ਦਿਨ ਉਹ ਨਿਆਸਰੀ ਹੋਈ ਸੀ, ਤਾਰੂ ਨੇ ਉਸਦਾ ਜੀਉਣਾ ਔਖਾ ਕਰ ਦਿੱਤਾ ਸੀ। ਤਾਰੂ ਨੇ ਵਿਚੋਲਣਾ ਹੱਥ ਸੁਨੇਹੇ ਘੱਲੇ, ਕਿ ਮਨਜੀਤ ਉਸਦੇ ਘਰ ਬਹਿ ਜਾਵੇ - - ।[58]

ਮਨਜੀਤ ਪਹਿਲਾਂ ਆਪਣੇ ਦਿਓਰ ਕੁਲਵੰਤ ਨੂੰ ਬੱਚਿਆਂ ਵਾਂਗ ਪਾਲਦੀ ਹੈ, ਪਰ ਜਦੋਂ ਉਹ ਜਵਾਨ ਹੁੰਦਾ ਹੈ ਤਾਂ ਉਸਨੂੰ ਉਸ ਵਿਚੋਂ ਆਪਣੇ ਪਤੀ ਦੀ ਸ਼ਕਲ ਨਜ਼ਰ ਆਉਂਦੀ ਹੈ ਤੇ ਉਹ ਦੋਵੇਂ ਵਿਆਹ ਕਰ ਲੈਂਦੇ ਹਨ।

ਇਸ ਤਰ੍ਹਾਂ ਇਹ ਸਮੱਸਿਆ ਸਮਾਨ ਹੁੰਦਿਆਂ ਹੋਇਆਂ ਵੀ ਦੋਹਾਂ ਨਾਵਲਕਾਰਾਂ ਨੇ ਆਪੋ ਆਪਣੇ ਢੰਗ ਨਾਲ ਇਸਨੂੰ ਆਪਣੇ ਨਾਵਲਾਂ ਦਾ ਵਿਸ਼ਾ ਵਸਤੂ ਬਣਾਇਆ ਹੈ।

ਸੋਸ਼ਣ ਦੀ ਸਮੱਸਿਆ :

ਦੋਹਾਂ ਨਾਵਲਕਾਰਾਂ ਨੇ ਸੋਸ਼ਣ ਦੀ ਸਮੱਸਿਆ ਨੂੰ ਵੀ ਆਪਣੇ ਨਾਵਲਾਂ ਦਾ ਵਿਸ਼ਾ ਬਣਾਇਆ ਹੈ ਕਿ ਕਿਸ ਤਰ੍ਹਾਂ ਸਰਮਾਏਦਾਰ ਗਰੀਬ ਲੋਕਾਂ ਤੇ ਜ਼ੁਲਮ ਢਾਹੁੰਦੇ ਹਨ। ਨਾਨਕ ਸਿੰਘ ਦੇ ਨਾਵਲਾਂ 'ਕੋਈ ਹਰਿਆ ਬੂਟ ਰਹਿਓ ਰੀ', 'ਆਦਮਖੋਰ' ਤੇ 'ਨਾਸੂਰ' ਵਿਚ ਜੋ ਵਿਸ਼ਾ ਲਿਆ ਗਿਆ ਹੈ, ਉਹ ਹੈ ਸਰਮਾਏਦਾਰਾਂ ਦੀਆਂ ਜ਼ਿਆਦਤੀਆਂ । 'ਗ਼ਰੀਬ ਦੀ ਦੁਨੀਆਂ' ਅਤੇ 'ਧੁੰਧਲੇ ਪਰਛਾਵੇਂ' ਵਿਚ ਮਜ਼ਦੂਰ ਮਿਹਨਤ ਕਰਦੇ ਹਨ ਪਰ ਉਹ ਭੁੱਖੇ ਮਰਦੇ ਹਨ ਕਿਉਂਕਿ ਸਰਮਾਏਦਾਰ ਗ਼ਰੀਬ ਦਾ ਸੋਸ਼ਣ ਕਰਦੇ ਹਨ। ਉਨ੍ਹਾਂ ਦੀ ਖੱਟੀ ਖਾਂਦੇ ਹਨ ਅਤੇ ਐਸ਼ ਕਰਦੇ ਹਨ। 'ਗ਼ਰੀਬ ਦੀ ਦੁਨੀਆਂ' ਨਾਵਲ ਵਿਚ ਲਾਲਾ ਅਮਰ ਨਾਥ ਮਜ਼ਦੂਰਾਂ ਨੂੰ ਤਿੰਨ ਮਹੀਨਿਆਂ ਦੀ ਤਨਖ਼ਾਹ ਦੇਣ ਤੋਂ ਇਨਕਾਰ ਕਰ ਦਿੰਦਾ ਹੈ। ਜਦੋਂ ਸੌਕਰਨਾਮੀ ਮਜ਼ਦੂਰ ਇਕ ਦਰਖ਼ਾਸਤ ਉਸ ਸੇਠ ਨੂੰ ਭੇਜਦਾ ਹੈ ਕਿ ਉਨ੍ਹਾਂ ਨੂੰ ਤਿੰਨਾਂ ਮਹੀਨਿਆਂ ਦੀ ਤਨਖ਼ਾਹ ਦਿੱਤੀ ਜਾਵੇ ਤਾਂ ਉਸਨੂੰ ਇਸ ਬਦਲੇ

ਨੌਕਰੀ ਤੋਂ ਜੁਆਬ ਦੇ ਦਿੱਤਾ ਜਾਂਦਾ ਹੈ। ਲਾਲਾ ਅਮਰ ਨਾਥ ਇੰਨੇ ਤੋਂ ਹੀ ਸੰਤੁਸ਼ਟ ਨਹੀਂ ਹੁੰਦਾ ਸਗੋਂ ਉਹ ਉਸਨੂੰ ਜਿਹਲ ਭੇਜਣਾ ਚਾਹੁੰਦਾ ਹੈ। ਇਸੇ ਤਰ੍ਹਾਂ 'ਧੁੰਧਲੇ ਪਰਛਾਵੇਂ' ਨਾਵਲ ਵਿਚ ਦੇਵਿੰਦਰ ਸਿੰਘ ਵਪਾਰੀ ਕਾਰਖ਼ਾਨੇਦਾਰ ਮੱਧ-ਸ਼੍ਰੇਣੀ ਦਾ ਪ੍ਰਤਿਨਿਧ ਹੈ। ਉਹ ਵਿਭਚਾਰੀ ਹੈ ਤੇ ਉਸਨੇ ਛਾਪੇ-ਖਾਨੇ ਦੇ ਇਕ ਕਾਮੇ ਦੀ ਵਿਧਵਾ ਦਮੋਦਰੀ ਨੂੰ ਰਖੇਲ ਬਣਾਇਆ ਹੋਇਆ ਹੈ। ਪਰ ਉਹ ਕੇਵਲ ਉਸ ਉਤੇ ਹੀ ਜ਼ੁਲਮ ਨਹੀਂ ਕਰਦਾ ਬਲਕਿ ਉਸਦੀ ਧੀ ਪੁਰਂਦਰਾ ਦੀ ਵੀ ਇੱਜਤ ਲੁੱਟਣ ਦੀ ਕੋਸ਼ਿਸ਼ ਕਰਦਾ ਹੈ। ਦਮੋਦਰੀ ਆਪਣੀ ਧੀ ਨੂੰ ਦੇਵਿੰਦਰ ਸਿੰਘ ਦੀ ਹਵਸ ਦਾ ਸ਼ਿਕਾਰ ਬਣਨ ਤੋਂ ਬਚਾਉਣ ਲਈ ਉਸਨੂੰ ਦਿੱਲੀ ਲੈ ਜਾਂਦੀ ਹੈ। 'ਜੀਵਨ ਸੰਗਰਾਮ' ਨਾਵਲ ਵਿਚ ਨਾਨਕ ਸਿੰਘ ਨੇ ਸਾਮੰਤਵਾਦੀ ਤੇ ਪੂੰਜੀਵਾਦੀ ਸ਼ਕਤੀਆਂ ਨੂੰ ਆਪਣੇ ਪਿਆਰ ਦੇ ਸਿਧਾਂਤ ਵਿਚ ਗਲੇਫ ਦਿੱਤਾ ਹੈ। ਪੂਰਨ ਚੰਦ ਇਕ ਵੱਡੇ ਜ਼ਿਮੀਂਦਾਰ ਦੇਵ ਰਾਜ ਦਾ ਜਵਾਈ ਹੈ। ਉਸਨੂੰ ਆਪਣੇ ਸਹੁਰੇ ਦੀ ਭੂਮੀ ਦਾ ਲਾਲਚ ਹੈ। ਉਹ ਊਸ਼ਾ ਨੂੰ ਪਿਆਰ ਨਹੀਂ ਕਰਦਾ। ਦੇਵ ਰਾਜ ਦੇ ਨੌਕਰ ਦੁਰਗੇ ਦੀ ਧੀ ਚੰਪਾ ਨੂੰ ਪਿਆਰ ਕਰਦਾ ਹੈ ਅਤੇ ਉਹ ਚੰਪਾ ਨੂੰ ਫੁਸਲਾਉਣ ਵਿਚ ਸਫਲ ਹੋ ਜਾਂਦਾ ਹੈ। 'ਕੋਈ ਹਰਿਆ ਬੂਟ ਰਹਿਓ ਰੀ' ਨਾਵਲ ਵਿਚ ਸਰਮਾਏਦਾਰਾਂ ਦੀਆਂ ਕਾਲੀਆਂ ਕਰਤੂਤਾਂ ਨੂੰ ਚਿਤ੍ਰਿਆ ਗਿਆ ਹੈ, ਜਿੱਥੇ ਕਿ ਚੌਹਾਨ ਵਰਗੇ ਸਰਮਾਏਦਾਰ, ਅਧੀਨ ਮੱਧ-ਸ਼੍ਰੇਣੀ ਦਾ ਸੋਸ਼ਣ ਕਰਦੇ ਹੋਏ ਆਪਣਾ ਉੱਲੂ ਸਿੱਧਾ ਕਰਦੇ ਦਰਸਾਏ ਗਏ ਹਨ।

ਸੋਹਣ ਸਿੰਘ ਸੀਤਲ ਦੇ ਨਾਵਲ 'ਤੂਤਾਂ ਵਾਲਾ ਖੂਹ' ਅਤੇ 'ਜੁੱਗ ਬਦਲ ਗਿਆ' ਵੀ ਅਜਿਹੇ ਹੀ ਨਾਵਲ ਹਨ ਜਿਨ੍ਹਾਂ ਵਿਚ ਕਿਸਾਨੀ ਨੂੰ ਸ਼ਾਹੂਕਾਰ ਤਬਕੇ ਵਲੋਂ ਲੱਗੀ ਢਾਹ ਨੂੰ ਬਿਆਨਿਆ ਗਿਆ ਹੈ। 'ਤੂਤਾਂ ਵਾਲਾ ਖੂਹ' ਵਿਚ ਪੰਜਾਬ ਦਾ ਛੋਟਾ ਤੇ ਗ਼ਰੀਬ ਕਿਸਾਨ ਸ਼ਾਹੂਕਾਰ ਤੇ ਜਾਗੀਰਦਾਰ ਦੇ ਚੁੰਗਲ ਵਿਚੋਂ ਛੁੱਟ ਨਹੀ ਸਕਿਆ। ਸੱਜਣ ਸਿੰਘ ਤੇ ਇਲਮਦੀਨ ਛੋਟੀ ਕਿਸਾਨੀ ਦੇ ਪ੍ਰਤਿਨਿਧ ਹਨ, ਜੋ ਧੰਨੇ ਸ਼ਾਹ ਦੀਆਂ ਕੂਟ ਨੀਤੀਆਂ ਦਾ ਸ਼ਿਕਾਰ ਹਨ। ਸੱਜਣ ਸਿੰਘ ਤੇ ਇਲਮਦੀਨ ਦੀ ਸਾਂਝ ਉਨ੍ਹਾਂ ਦੇ ਪਿਉ ਦਾਦੇ ਦੇ ਵੇਲੇ ਤੋਂ ਚਲੀ ਆਉਂਦੀ ਸੀ। ਪਿੰਡ ਦੀ ਜ਼ਮੀਨ ਵਿਚ 'ਤੂਤਾਂ ਵਾਲਾ ਖੂਹ' ਉਨ੍ਹਾਂ ਦੀ ਸਾਂਝ ਦਾ ਚਿੰਨ੍ਹ ਹੈ। ਦੋਹਾਂ ਕੋਲ ਇੰਨੀ ਕੁ ਭੂਮੀ ਹੈ ਜਿਸ ਨਾਲ

ਉਹ ਆਪਣਾ ਗੁਜ਼ਾਰਾ ਚਲਾ ਸਕਣ। ਪਰ ਦੋਹਾਂ ਨੂੰ ਆਪਣੀਆਂ ਲੋੜਾਂ ਨੂੰ ਪੂਰਿਆਂ ਕਰਨ ਲਈ ਇਕ ਵਾਰੀ ਕਰਜ਼ਾ ਲੈਣਾ ਪੈ ਜਾਂਦਾ ਹੈ। ਸੱਜਣ ਸਿੰਘ ਜੀਵਨ ਦੀ ਇਕ ਲੋੜ ਆਪਣੀ ਸ਼ਾਲੀ ਦੇ ਵਿਆਹ ਤੇ ਖਰਚ ਕਰਨ ਹਿੱਤ ਧੰਨੇ ਸ਼ਾਹ ਤੋਂ ਕਰਜ਼ਾ ਲੈਂਦਾ ਹੈ, ਅਤੇ ਇਲਮਦੀਨ ਆਪਣੇ ਟੱਬਰ ਦੀ ਪਾਲਣਾ ਕਰਨ ਲਈ। ਧੰਨੇ ਸ਼ਾਹ ਨਾਲ ਹੀ ਸੱਜਣ ਸਿੰਘ ਅਤੇ ਇਲਮਦੀਨ ਦੋਹਾਂ ਵਿਚ ਨੰਬਰਦਾਰੀ ਦਾ ਝਗੜਾ ਪੁਆ ਦਿੰਦਾ ਹੈ। ਜਿਸਦੇ ਸਿੱਟੇ ਵਜੋ ਇਲਮਦੀਨ ਕਰਜੇ ਹੇਠ ਬੁਰੀ ਤਰ੍ਹਾਂ ਫਸ ਜਾਂਦਾ ਹੈ । ਧੰਨੇ ਸ਼ਾਹ ਜੋ ਕਿ ਅੰਗਰੇਜ਼ੀ ਸਾਮਰਾਜ ਦਾ ਪਿੱਠੂ ਹੈ ਅਜਿਹਾ ਇਸ ਲਈ ਕਰਦਾ ਹੈ ਕਿਉਂਕਿ ਉਸਦੀ ਨਜ਼ਰ ਤੂਤਾਂ ਵਾਲਾ ਖੂਹ ਉਤੇ ਹੈ। ਇਸ ਤਰ੍ਹਾਂ ਧੰਨੇ ਸ਼ਾਹ ਦੋਹਾਂ ਨੂੰ ਆਪਣਾ ਨਿਸ਼ਾਨਾ ਬਣਾਉਣ ਲਈ ਧਾਰਮਿਕ ਦੁਫੇੜ ਦਾ ਮੋਢੀ ਬਣਾਉਂਦਾ ਹੈ ਜਿਸਦੇ ਪਰਿਣਾਮ ਵਜੋਂ ਇਕ ਹੋਰ ਸ਼੍ਰੇਣੀ, ਸੰਪਰਦਾਇਕ ਸ਼੍ਰੇਣੀ , ਪੈਦਾ ਹੋ ਜਾਂਦੀ ਹੈ ਫਿਰ ਸੁੰਦਰ ਸਿੰਘ ਅਤੇ ਫਜ਼ਲਹੱਕ ਧੰਨੇ ਸ਼ਾਹ ਨਾਲ ਮਿਲਕੇ ਕਿਰਸਾਣੀ ਦੇ ਪ੍ਰਤਿਨਿਧਾਂ ਸੱਜਣ ਸਿੰਘ ਅਤੇ ਇਲਮਦੀਨ ਨੂੰ ਖੂਬ ਲੁਟਦੇ ਹਨ।

'ਜੁੱਗ ਬਦਲ ਗਿਆ' ਨਾਵਲ ਵਿਚਲੀ ਸਮੱਸਿਆ 'ਕਾਮੇ ਤੇ ਵੱਡੇ ਜਿਮੀਦਾਰਾਂ ਦੇ ਸੰਬੰਧਾਂ' ਦੀ ਹੈ। ਇਸ ਨਾਵਲ ਵਿਚ ਲੱਖਾ ਸਿੰਘ ਸਮੁੰਦ ਸਿੰਘ ਕਾਮਿਆਂ ਦੀ ਕੁੜੀਆਂ ਦੀ ਇੱਜਤ ਹੀ ਨਹੀਂ ਲੁੱਟਦੇ, ਉਨ੍ਹਾਂ ਦੀਆਂ ਨੂੰਹਾਂ ਤੇ ਵੀ ਦਸਤਦਰਾਜ਼ੀ ਕਰਦੇ ਹਨ। ਉਹ ਇਸ ਸਭ ਨੂੰ ਪਰਵਾਨ ਕਰਨ ਤੇ ਮਜ਼ਬੂਰ ਹਨ। ਸਗੋ ਜਿਨ੍ਹਾਂ ਦੀ ਉਹ ਪੱਤ ਲੁੱਟਦੇ ਸਨ, ਉਹ ਵੀ ਇਸ ਗਲ ਦਾ ਬੁਰਾ ਨਹੀਂ ਮਨਾਉਂਦੀਆਂ, ਉਲਟਾ ਇਸਤੇ ਮਾਣ ਕਰਦੀਆਂ ਸਨ। ਰਾਜੋ ਦੇ ਸ਼ਬਦਾਂ ਵਿਚ:

> ਮੇਰੀ ਗਲਬਾਤ ਹੈਗੀ ਏ, ਤਾਂ ਇਕ ਮੰਨੇ ਪਰਮੰਨੇ ਸਰਦਾਰ ਨਾਲ,
> ਸਾਰੇ ਪਿੰਡ ਦੇ ਮੁਖੀਏ ਨਾਲ।[59]

ਇਸੇ ਤਰ੍ਹਾਂ ਲੱਖਾ ਸਿੰਘ ਕਾਮੇ ਭੂੰਡੇ ਦੀ ਪਤਨੀ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਂਦਾ ਹੈ। ਇਸ ਨਾਵਲ ਵਿਚਲੇ ਕਾਮਿਆਂ ਵਿਚ ਜਾਗ੍ਰਤੀ ਆ ਜਾਂਦੀ ਹੈ। ਕਾਮਾ ਜੋ ਪੀਹੜੀਆਂ ਤੋਂ ਗੁਲਾਮੀ ਤੇ ਗ਼ਰੀਬੀ ਦਾ ਸ਼ਿਕਾਰ ਹੈ ਅਤੇ ਸਰਦਾਰਾਂ ਅੱਗੇ ਸਿਰ ਝੁਕਾਈ ਤੁਰਿਆ ਆ ਰਿਹਾ ਹੈ, ਹੋਰ ਕਿੰਨਾ

ਚਿਰ ਇਹੋ ਹਾਲਤ ਵਿਚ ਦਿਨ ਕੱਟੇਗਾ? ਸੀਤਲ ਲਿਖਦਾ ਹੈ ਕਿ ਜਦੋਂ ਗਰੀਬ ਕਾਮਾ ਆਪਣੀ ਗਰੀਬੀ ਬਾਰੇ ਸੋਚਣ ਲਗ ਪਵੇ, ਤਾਂ ਧਰਤੀ ਤੇ ਭੂਚਾਲ ਆ ਜਾਂਦਾ ਹੈ।

ਇਸੇ ਤਰ੍ਹਾਂ ਇਸਤਰੀਆਂ ਦੀ ਦਸ਼ਾ ਭੂਪਵਾਦੀ ਅਰਥਚਾਰੇ ਵਿਚ ਚੰਗੀ ਨਹੀਂ ਸੀ। 'ਵੱਡਾ ਜ਼ਿਮੀਦਾਰ' ਇਸਤਰੀ ਨੂੰ ਕੇਵਲ ਆਪਣੀ ਕਾਮ-ਵਾਸਨਾ ਦੀ ਪੂਰਤੀ ਦਾ ਸਾਧਨ ਮਾਤ੍ਰ ਹੀ ਮੰਨਦਾ ਸੀ। ਆਰਥਕ ਹੀਣਤਾ ਵਾਲੀ ਸਥਿਤੀ ਵਿਚ ਚਰਾਗੋ ਵਰਗੀ ਗਰੀਬ ਔਰਤਾਂ ਆਰਥਕਤਾ ਦੀ ਚੱਕੀ ਵਿਚ ਪਿਸਦੇ ਹੋਏ ਆਪਣੀ ਧੀਆਂ ਦੀਆਂ ਇੱਜ਼ਤਾਂ ਦੀ ਰਾਖੀ ਕਰਨ ਤੋਂ ਅਸਮਰਥ ਹਨ। ਇਨ੍ਹਾਂ ਦੀ ਗ਼ਰੀਬੀ ਦਾ ਲਾਭ ਉਠਾ ਕੇ 'ਰਾਣੇ ਸਾਹਿਬ' ਅਤੇ 'ਕੰਵਰ ਸਾਹਿਬ', 'ਨਾਜੋ' ਤੇ 'ਰਾਜੋ', ਵਰਗੀਆਂ ਮਾਸੂਮ ਮੁਟਿਆਰਾਂ ਨਾਲ ਜ਼ਬਰਦਸਤੀ ਕਰਦੇ ਹਨ। 'ਬਦਲਾ' ਨਾਵਲ ਦੇ ਇਹ ਸ਼ਬਦ ਇਸ ਗਲ ਦੀ ਪੁਸ਼ਟੀ ਕਰਦੇ ਹਨ:

ਉਹਦੀ ਫੋਹਾ ਭਰ ਕੁੜੀ। ਕੋਈ ਜਿਉਣ ਦਾ ਹੱਜ ਏ?[60]

ਇਸ ਤਰ੍ਹਾਂ 'ਬਦਲਾ' ਨਾਵਲ ਵਿਚ ਦਸਿਆ ਹੈ ਜ਼ਿਮੀਦਾਰ ਮਾਲਕ ਆਪਣੇ ਮੁਜ਼ਾਰਿਆਂ ਨੂੰ ਤੰਗ ਰਖਦੇ ਸਨ, ਉਨ੍ਹਾਂ ਦੀਆਂ ਧੀਆਂ, ਭੈਣਾਂ ਤੇ ਪਤਨੀਆਂ ਨਾਲ ਜ਼ਬਰ ਜਿਨਾਹ ਕਰਦੇ ਸਨ। ਇਸ ਨਾਵਲ ਨੂੰ ਲਿਖਣ ਦੀ ਪ੍ਰੇਰਨਾ ਬਾਰੇ ਸੀਤਲ ਲਿਖਦਾ ਹੈ:

> ਇਕ ਵਾਰੀ ਅਸੀਂ ਇਕ ਪਿੰਡ ਗਏ ਜਿਸਦਾ ਮਾਲਕ ਇਕੋ ਸਰਦਾਰ ਸੀ। ਉਹਦੇ ਸਾਰੇ ਮੁਜ਼ਾਰੇ ਮੁਸਲਮਾਨ ਸਨ। ਉਹਦੇ ਅਖੰਡ ਪਾਠ ਦੇ ਭੋਗ ਤੇ ਅਸੀਂ ਸਿੱਖ ਇਤਿਹਾਸ ਦੀਆਂ ਵਾਰਾਂ ਗਾਈਆਂ। ਵਾਪਸੀ ਤੇ ਆਉਣ ਦਾ ਸਾਧਨ ਨਾ ਹੋਣ ਕਰਕੇ ਸਾਨੂੰ ਰਾਤ ਉਥੇ ਹੀ ਰਹਿਣਾ ਪਿਆ। ਜਿਸ ਥਾਂ ਤੇ ਸਵੇਰੇ ਗੁਰਬਾਣੀ ਦਾ ਕਿਰਤਨ ਹੋਇਆ ਸੀ। ਉਸ ਥਾਂ ਰਾਤ ਨੂੰ ਵੇਸ਼ਵਾ ਨੱਚੀਆਂ ਤੇ ਸ਼ਰਾਬ ਦਾ ਦੌਰ ਚਲਿਆ। ਇਥੇ ਹੀ ਬਸ ਨਹੀਂ ਇਕ ਭੇਤੀ ਨੇ ਦਸਿਆ ਕਿ ਹਰ ਮੁਜ਼ਾਰੇ ਦੀ ਮੁਟਿਆਰ, ਧੀ, ਭੈਣ ਜਾਂ ਪਤਨੀ ਨੂੰ ਆਏ ਪ੍ਰਾਹੁਣਿਆਂ ਦੀ ਸੇਵਾ ਵਿਚ ਰਾਤ ਕੱਟਣੀ ਪੈਂਦੀ ਸੀ। ਇਹ ਅਜ ਹੀ ਗਲ ਨਹੀਂ, ਜਦ ਕੋਈ ਆਵੇ ਕਿਸੇ ਨਾ ਕਿਸੇ ਮੁਜ਼ਾਰੇ ਦੀ ਜਨਾਨੀ ਨੂੰ ਹਾਜ਼ਰ ਹੋਣਾ ਪੈਂਦਾ ਹੈ।[61]

ਇਸ ਤਰ੍ਹਾਂ ਨਾਨਕ ਸਿੰਘ ਵਾਂਗ ਸੋਹਣ ਸਿੰਘ ਸੀਤਲ ਨੇ ਵੀ ਇਸ ਸਮੱਸਿਆ ਨੂੰ ਆਪਣੇ ਨਾਵਲਾਂ ਦਾ ਵਿਸ਼ਾ ਲਿਆ ਹੈ।

ਭਾਰਤ ਦੀ ਵੰਡ :

1947 ਈਸਵੀ ਵਿਚ ਭਾਰਤ ਦੀ ਵੰਡ, ਖ਼ੂਨ ਖ਼ਰਾਬੇ ਦੇ ਘਿਨਾਉਣੇ ਦ੍ਰਿਸ਼ ਅਤੇ ਵਸੋਂ ਦੇ ਉਜਾੜੇ ਨੇ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੇ ਸੂਖਮ ਦਿਲ ਵਿਚ ਡੂੰਘਾ ਜ਼ਖਮ ਕੀਤਾ ਜਿਸਦਾ ਪਰਿਣਾਮ ਇਹ ਰਿਹਾ ਕਿ ਦੋਵਾਂ ਨੇ ਇਸ ਵੰਡ ਨਾਲ ਸੰਬੰਧਿਤ ਨਾਵਲ ਲਿਖੇ। ਦੋਹਾਂ ਨੇ ਆਪਣੀਆਂ ਅੱਖਾਂ ਨਾਲ ਅੱਗ ਦੀ ਖੇਡ ਦੇਖੀ ਤੇ ਖ਼ੂਨ ਦੇ ਸੋਹਲੇ ਗਾਏ। ਨਾਨਕ ਸਿੰਘ ਨੇ ਦੋ ਨਾਵਲਾਂ 'ਅੱਗ ਦੀ ਖੇਡ' ਅਤੇ 'ਖ਼ੂਨ ਦੇ ਸੋਹਲੇ' ਵਿਚ ਉਸਨੇ 1947 ਈ. ਦੇ ਘਲੂ ਘਾਰੇ ਦਾ ਕੇਵਲ ਘਟਨਾਵੀ ਬਿਆਨ ਹੀ ਅੰਕਿਤ ਨਹੀਂ ਕੀਤਾ ਸਗੋਂ ਫਸਾਦਾਂ ਵਿਚ ਵਾਪਰੀਆਂ ਘਟਨਾਵਾਂ ਦੇ ਹੂ-ਬ-ਹੂ ਵਰਣਨ ਪਿਛੋਂ ਉਸਨੇ ਡੂੰਘੀ ਤਰ੍ਹਾਂ ਸੋਚਿਆ ਅਤੇ ਸੂਬੇ ਦੀ ਵੰਡ ਕਾਰਨ ਲੋਕਾਂ ਦੇ ਜੀਵਨ ਉਤੇ ਪੈ ਰਹੇ ਪ੍ਰਭਾਵ ਨੂੰ ਅਨੁਭਵ ਕੀਤਾ। ਵੰਡ ਨਾਲ ਸੰਬੰਧਿਤ ਅਗਲੇ ਦੋ ਨਾਵਲ 'ਮੰਝਧਾਰ' ਤੇ 'ਚਿਤ੍ਰਕਾਰ' ਪਹਿਲਿਆਂ ਨਾਲੋਂ ਵਧੇਰੇ ਸਫਲ ਹਨ। 1947 ਦੇ ਖ਼ੂਨ ਖਰਾਬੇ ਤੇ ਨਿਜੀ ਅਨੁਭਵ ਨੇ ਉਸਦੀਆਂ ਅੱਖਾਂ ਤੋਂ ਰੁਮਾਂਸ ਤੇ ਆਦਰਸ਼ਵਾਦ ਦੀ ਪੱਟੀ ਲਾਹ ਦਿੱਤੀ। ਉਸਨੂੰ ਸਹਿਜ ਸੁਭਾ ਅਸਲੀਅਤ ਦਾ ਗਿਆਨ ਹੋਣਾ ਸ਼ੁਰੂ ਹੋਇਆ।

ਵੰਡ ਦਾ ਪ੍ਰਭਾਵ ਸੋਹਣ ਸਿੰਘ ਸੀਤਲ ਦੇ ਨਾਵਲਾਂ ਤੇ ਵੀ ਪਿਆ ਕਿਉਂਕਿ ਜਦੋਂ ਸੀਤਲ ਨੇ ਨਾਵਲ ਲਿਖਣੇ ਸ਼ੁਰੂ ਕੀਤੇ ਉਦੋਂ ਹੀ ਦੇਸ਼ ਦੀ ਵੰਡ ਹੋਈ ਸੀ। 'ਪਤਵੰਤੇ ਕਾਤਲ' 'ਬਦਲਾ' ਆਦਿ ਨਾਵਲ ਹਨ। 'ਪਤਵੰਤੇ ਕਾਤਲ' ਇਹ ਸੀਤਲ ਦਾ ਪੰਜਵਾਂ ਨਾਵਲ ਹੈ। ਇਸਦਾ ਵਧੇਰੇ ਭਾਗ 1947 ਦੇ ਬਟਵਾਰੇ ਨਾਲ ਸੰਬੰਧਿਤ ਹੈ।"[62] ਇਸ ਨਾਵਲ ਵਿਚ ਬਟਵਾਰੇ ਤੋਂ ਪਹਿਲਾਂ ਤੇ ਬਟਵਾਰੇ ਤੋਂ ਬਾਅਦ ਦਾ ਦ੍ਰਿਸ਼ ਪੇਸ਼ ਕੀਤਾ ਗਿਆ ਹੈ। ਇਸੇ ਤਰ੍ਹਾਂ 'ਬਦਲਾ' ਨਾਵਲ ਵਿਚ ਵੀ ਵੰਡ ਤੋਂ ਪਹਿਲਾਂ ਤੇ ਵੰਡ ਤੋਂ ਬਾਅਦ ਦੇ ਸਮਾਜ ਨੂੰ ਚਿਤਰਿਆ ਹੈ ਤੇ ਦਸਿਆ ਹੈ ਕਿ ਵੰਡ ਤੋਂ ਪਹਿਲਾਂ ਜਿਹੜੇ ਕਾਮੀ, ਜ਼ਿਮੀਦਾਰਾਂ ਹੱਥੋਂ ਤੰਗ ਸਨ ਉਨ੍ਹਾਂ ਵੰਡ ਤੋਂ ਬਾਅਦ ਗਿਣ-ਗਿਣ ਕੇ ਬਦਲੇ ਲਏ

ਜਿਵੇਂ ਕਿ 'ਮਹਿੰਦਰ' ਪਹਿਲਾਂ ਕਮਿਊਨਿਸਟ ਪਾਰਟੀ ਦਾ ਮੈਂਬਰ ਬਣਦਾ ਹੈ। ਅਤੇ ਫਿਰ ਮੁਸਲਿਮ ਲੀਗੀ। ਅਸਲ ਵਿਚ ਉਸਦਾ ਸੰਬੰਧ ਇਨ੍ਹਾਂ ਦੋਹਾਂ ਪਾਰਟੀਆਂ ਨਾਲ ਕੋਈ ਨਹੀਂ ਉਸਦੇ ਅੰਦਰ ਤਾਂ ਬਦਲੇ ਦੀ ਭਾਵਨਾਂ ਭੜਕ ਰਹੀ ਹੈ। ਜਿਹੜੀ ਵੀ ਪਾਰਟੀ ਰਾਇ ਸਾਹਿਬ, ਜਾਗੀਰਦਾਰ, ਅਮੀਰ ਸ਼੍ਰੇਣੀ ਤੋਂ ਬਦਲਾ ਲੈਣ ਬਾਰੇ ਯਤਨ ਕਰਦੀ ਹੈ, ਉਹਉਸ ਨਾਲ ਹੀ ਰਲ ਜਾਂਦੀ ਹੈ। ਅਤੇ ਮੁਸਲਮ ਲੀਗੀਆਂ ਬਣਕੇ ਉਹ 1947 ਦੀ ਵੰਡ ਸਮੇਂ ਇਸ ਖਿਆਲ ਨੂੰ ਯਥਾਰਥ ਰੂਪ ਵਿਚ ਬਦਲਦਾ ਹੈ।[63]

ਹਿੰਦੂ-ਮੁਸਲਿਮ ਏਕਤਾ ਦੀ ਸਮੱਸਿਆ :

ਨਾਨਕ ਸਿੰਘ ਤੇ ਸੋਹਣ ਸਿੰਘ ਸੀਤਲ ਅਜਿਹੇ ਮਾਨਵਵਾਦੀ ਸਾਹਿਤਕਾਰ ਹਨ ਕਿ ਮਜ਼੍ਹਬ ਦੇ ਨਾਂ ਉਤੇ ਹੁੰਦੇ ਖ਼ੂਨ ਨੂੰ ਦੇਖ ਕੇ ਦੋਹਾਂ ਦੀਆਂ ਆਤਮਾਵਾਂ ਕੁਰਲਾ ਉਠਦੀਆਂ ਹਨ। ਉਨ੍ਹਾਂ ਦੀ ਨਜ਼ਰ ਵਿਚ ਮਨੁੱਖ-ਮਨੁੱਖ ਹੈ — ਹਿੰਦੂ-ਮੁਸਲਿਮ ਜਾਂਸਿੱਖ ਇਸਾਈ ਨਹੀਂ।

ਵੰਡ ਸਮੇਂ ਹਿੰਦੂ-ਮੁਸਲਮਾਨ ਤਾਂ ਆਪੋ ਵਿਚ ਫਰਕ ਸਮਝਦੇ ਹੀ ਸਨ, ਸਿੱਖਾਂ ਅਤੇ ਮੁਸਲਮਾਨਾਂ ਦੀ ਵੀ ਖਿੱਚੋਤਾਣ ਘੱਟ ਨਹੀਂਸੀ। ਦੋਹਾਂ ਨੇ ਇਸ ਘੱਲੂਘਾਰੇ ਤੋਂ ਪ੍ਰਭਾਵਿਤ ਹੋ ਕੇ ਨਾਵਲ ਲਿਖੇ। ਨਾਨਕ ਸਿੰਘ ਨੇ 'ਪਿਆਰ ਦੀ ਦੁਨੀਆਂ' ਨਾਵਲ ਵਿਚ ਪਹਿਲਾਂ ਪ੍ਰੀਤਮ ਤੇ ਸਾਦਕ ਦਾ ਪਿਆਰ ਦਿਖਾਇਆ ਹੈ ਪਰ ਜਦੋਂ ਪ੍ਰੀਤਮ ਪੁਲਿਸ ਅਫਸਰ ਬਣ ਜਾਂਦਾ ਹੈ ਤਾਂ ਸਾਦਕ ਵਿਚ ਨਫਰਤ ਦੀ ਭਾਵਨਾਂ ਪੈਦਾ ਹੋ ਜਾਂਦੀ ਹੈ। ਇਥੋਂ ਤਕ ਕਿ ਉਸਨੇ ਪ੍ਰੀਤਮ ਦਾ ਕਤਲ ਕਰਨ ਦਾ ਫੈਸਲਾ ਕਰ ਲਿਆ ਜਿਵੇਂ ਕਿ "ਮੈਂ ਕੁਰਾਨ ਨੂੰ ਹੱਥ ਵਿਚ ਲੈ ਕੇ ਤੈਨੂੰ ਕਤਲ ਕਰਨਦੀ ਕਸਮ ਖਾ ਲਈ ਜਿਸ ਦਿਨ ਦਾ ਇਹ ਵਾਕਿਆ ਹੈ ਉਸ ਦਿਨ ਮੈਂ ਤੈਨੂੰ ਹੀ ਕਤਲ ਕਰਨ ਲਈ ਨਿਕਲਿਆ ਸਾਂ।"[64]

ਇਸੇ ਤਰ੍ਹਾਂ ਸੋਹਣ ਸਿੰਘ ਸੀਤਲ ਦੇ ਨਾਵਲ 'ਤੂਤਾਂ ਵਾਲਾ ਖੂਹ' ਵਿਚ ਧੰਨੇ ਸ਼ਾਹ ਸੱਜਣ ਸਿੰਘ ਤੇ ਇਲਮਦੀਨ ਨੂੰ ਅਲੱਗ - ਅਲੱਗ ਕਰ ਦਿੰਦਾ ਹੈ। ਅਲਗ ਹੀ ਨਹੀਂ ਸਗੋਂ ਫਿਰਕਾ-ਪ੍ਰਸਤੀ ਦੀ ਅੱਗ ਵੀ ਬਾਲ ਦਿੰਦਾ ਹੈ। ਇਹ ਸਭ ਉਹ ਇਸ ਲਈ ਕਰਦਾ ਹੈ ਕਿ ਉਸਨੇ 'ਤੂਤਾਂ ਵਾਲਾ ਖੂਹ' ਆਪਣੇ ਕਬਜ਼ੇ ਵਿਚ ਕਰਨਾ ਹੁੰਦਾ ਹੈ। ਉਹ ਮੀਰੂ ਨਾਲੇ ਨੂੰ ਸਿੱਖ ਤੇ ਮੁਸਲਮਾਨ ਦੇ ਲੜਾ।

ਵਿਚ ਵੰਡ ਦਿੰਦਾ ਹੈ। ਪੀਰੂ ਵਾਲੇ ਦਾ ਜੇਕਰ ਸੱਜਣ ਸਿੰਘ ਨੰਬਰਦਾਰ ਹੈ ਤਾਂ ਇਲਮਦੀਨ ਮੁਸਲਮਾਨ ਨੰਬਰਦਾਰ ਹੋਣਾ ਚਾਹੀਦਾ ਹੈ। ਧੰਨੇ ਸ਼ਾਹ ਨੇ ਇਸਨੂੰ ਫਿਰਕੂ ਰੰਗਣ ਦੇਣ ਲਈ ਈਦ ਦੇ ਮੌਕੇ ਤੇ 'ਤੂਤਾਂ ਵਾਲਾ ਖੂਹ' ਤੇ ਜਿੱਥੇ ਪਿੰਡ ਦੇ ਮੁਸਲਮਾਨ ਨਮਾਜ਼ ਪੜ੍ਹਦੇ ਸਨ, ਉਥੇ ਕਿਸੇ ਕੋਲੋਂ ਸੂਰ ਦਾ ਬੱਚਾ ਮਰਵਾ ਕੇ ਸੁੱਟ ਦਿੱਤਾ, ਜਿਸ ਤੋਂ ਇਲਮਦੀਨ ਸੱਜਣ ਸਿੰਘ ਤੇ ਹੀ ਸ਼ੱਕ ਕਰੇ। ਗੱਲ ਵੀ ਇਹੋ ਹੁੰਦੀ ਹੈ, ਜਦੋਂ ਇਲਮਦੀਨ ਕਹਿੰਦਾ ਹੈ:

> ਮੈਂ ਸਮਝ ਲਿਆ ਏ, ਇਹ ਜੀਹਦੀ ਕਾਰਸਤਾਨੀ ਏ। ਫਿਕਰ ਨਾ ਕਰੋ, ਮੈਂ ਆਪੇ ਨਜਿੱਠ ਲਵਾਂਗਾ।[65]

ਨਾਨਕ ਸਿੰਘ ਤੇ ਸੋਹਣ ਸਿੰਘ ਸੀਤਲ ਦੋਵਾਂ ਦੇ ਨਾਵਲਾਂ ਵਿਚ ਇਸ ਸਮੱਸਿਆ ਨੂੰ ਪ੍ਰਧਾਨਤਾ ਮਿਲੀ ਹੈ। 'ਅੱਧ ਖਿੜਿਆ ਫੁੱਲ', 'ਪਿਆਰ ਦੀ ਦੁਨੀਆਂ' ਤੇ 'ਤੂਤਾਂ ਵਾਲਾ ਖੂਹ' ('ਜੁਗ ਬਦਲ ਗਿਆ', 'ਪ੍ਰੀਤ ਕਿ ਰੂਪ', 'ਇਕੋਗਿਲ ਨਹਿਰ ਤਕ', ਆਦਿ ਨਾਵਲਾਂ ਵਿਚ ਹਿੰਦੂ-ਸਿੱਖ ਤੇ ਮੁਸਲਮਾਨ ਏਕਤਾ ਦੇ ਸੰਦੇਸ਼ ਦਾ ਸੁਰ ਪ੍ਰਬਲ ਹੈ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਅਨੁਸਾਰ:

> ਪੰਜਾਬ ਦੀ ਸਥਿਤੀ ਤੇ ਉਸ ਤੇ ਅਧਾਰਤ ਸੂਤਰ ਅਨੁਸਾਰ, ਸਿੱਖ ਤੇ ਮੁਸਲਮਾਨ ਜੱਟ ਇਕੋ ਬਜ਼ੁਰਗ ਦੀ ਸੰਤਾਨ ਹਨ, ਜਿਸਦੀ ਇਕ ਸਾਖ ਮੁਸਲਮਾਨ ਹੋ ਗਈ ਤੇ ਇਕ ਸਿੱਖ। ਸੂਤਰ ਅਨੁਸਾਰ ਪੰਜਾਬ ਦੇ ਸਿੱਖ ਤੇ ਮੁਸਲਮਾਨ ਜਿਨ੍ਹਾਂ ਵਿਚ ਰਾਜਸੀ ਬਖੇੜਾ ਪੈਇਆ ਰਹਿੰਦਾ ਸੀ, ਮੂਲ ਰੂਪ ਵਿਚ ਇਕੋ ਲਹੂ ਹਨ ਤੇ ਧਰਮ ਦਾ ਝਗੜਾ ਝੂਠਾ ਹੈ। ਇਨ੍ਹਾਂ ਦੇ ਦੁਸ਼ਮਣ ਆਰਥਿਕ ਪੱਧਰ ਤੇ ਹਿੰਦੂ ਸਾਹੂਕਾਰ ਤੇ ਰਾਜਸੀ ਪੱਧਰ ਤੇ ਅੰਗਰੇਜ਼ ਸਾਮਰਾਜ ਸੀ।[66]

ਜੇਕਰ ਇਨ੍ਹਾਂ ਵਿਚ ਫ਼ਿਰਕੂ ਭਾਵਨਾ ਪੈਦਾ ਹੁੰਦੀ ਹੈ ਤਾਂ ਉਸ ਪਿਛੇ ਸਾਹੂਕਾਰੀ ਤਬਕੇ ਦਾ ਹੱਥ ਹੁੰਦਾ ਹੈ। 'ਪਿਆਰ ਦੀ ਦੁਨੀਆਂ' ਨਾਵਲ ਦੀ ਭੂਮਿਕਾ ਵਿਚ ਗੁਰਬਖਸ਼ ਸਿੰਘ ਪ੍ਰੀਤਲੜੀ ਲਿਖਦਾ ਹੈ ਕਿ "ਪ੍ਰੀਤਮ ਸਿੰਘ ਤੇ ਸਾਦਿਕ ਦੇਸ਼ ਪ੍ਰੇਮ ਨਾਲ ਪਸੀਜੇ ਹੋਏ ਹਨ। ਫ਼ਿਰਕੂ ਜ਼ਹਿਨੀਅਤ ਨੂੰ

ਨਿਰਾਰਥਕ ਸਾਬਤ ਕਰਨ ਵਿਚ ਆਮ ਕਰਕੇ ਕਾਮਯਾਬ ਹੋਏ ਹਨ। ਪਹਿਲੇ ਭਾਗ ਵਿਚ ਫ਼ਿਰਕੂ ਫ਼ਸਾਦਾਂ ਸੰਬੰਧੀ ਜਨਤਾ ਦੀ ਜਹਾਲਤ ਨੂੰ ਬੜੀ ਸਫਲਤਾ ਨਾਲ ਨਿਰੂਪਣ ਕੀਤਾ ਹੈ। ਇਸ ਭਾਗ ਦਾ ਪਾਠਕਾਂ ਉਤੇ ਬੜਾ ਡੂੰਘਾ ਅਸਰ ਪਵੇਗਾ ਕਿਹਾ ਨਹੀਂ ਜਾ ਸਕਦਾ ਕਿੰਨੇ ਸੰਭਵ ਫ਼ਸਾਦਾਂ ਨੂੰ ਰੋਕਣ ਦਾ ਕਾਰਣ ਬਣੇਗਾ। ਤੇ ਕਿੰਨਿਆਂ ਜਾਨਾਂ ਨੂੰ ਬਿਨ ਆਈ ਮੌਤ ਤੋਂ ਬਚਾ ਸਕੇਗਾ। ਇਸ ਪੁਸਤਕ ਦੇ ਹਰ ਪੰਨੇ ਵਿਚ ਕਰਤਾ ਜੀ ਦੀ ਇਹ ਰੀਝ ਪ੍ਰਗਟ ਹੋ ਰਹੀ ਹੈ ਕਿ ਉਨ੍ਹਾਂ ਦੇ ਹਮਵਤਨ ਫ਼ਿਰਕੂ ਤੁਅੱਸਬਾਂ ਤੇ ਮਜ਼੍ਹਬੀ ਕਾਇਮਾਂ ਤੋਂ ਸੁਤੰਤਰ ਹੋ ਕੇ ਸਾਂਝੇ ਮੁਲਕ ਦੇ ਮਾਨਨੀਕ ਸ਼ਹਿਰਦਾਰ ਹੋਣ।"[67] ਇਸ ਤੋਂ ਸਪਸ਼ਟ ਹੈ ਕਿ ਪ੍ਰੀਤਮ ਤੇ ਸਾਹਿਤ ਦੋਹਾਂ ਆਪਸੀ ਪਿਆਰ ਦੇ ਤੇ ਉਹ ਦੇਸ਼ ਪ੍ਰੇਮੀ ਹਨ।

ਇਸ ਤਰ੍ਹਾਂ ਨਾਨਕ ਸਿੰਘ ਤੇ ਸੋਹਣ ਸਿੰਘ ਸੀਤਲ ਨੇ ਇਸ ਆਪਸੀ ਫੁੱਟ ਦਾ ਜ਼ੋਰਦਾਰ ਨਿਖੇਧ ਕੀਤਾ ਹੈ, ਦੋਹਾਂ ਨੂੰ ਮਾਨਵਤਾ ਤੇ ਭਰਾਤਰੀ ਭਾਵ ਦਾ ਸੰਦੇਸ਼ ਦਿੱਤਾ ਹੈ, ਦੋਹਾਂ ਨਾਵਲਕਾਰਾਂ ਨੇ ਇਸ ਸਮੱਸਿਆ ਨੂੰ ਵਧੇਰੇ ਭਾਵੁਕ ਹੋ ਕੇ ਚਿਤਰਿਆ ਹੈ।

ਵਿਭਚਾਰ ਦੀ ਭੈੜੀ :

ਦੋਹਾਂ ਨਾਵਲਕਾਰਾਂ ਨੇ ਇਕ ਹੋਰ ਸਾਂਝੀ ਸਮੱਸਿਆ ਨੂੰ ਆਪਣੇ ਨਾਵਲਾਂ ਵਿਚ ਚਿਤਰਿਆ ਹੈ ਉਹ ਇਹ ਹੈ ਕਿ ਪਾਖੰਡੀ ਤੇ ਵਿਭਚਾਰੀ ਲੋਕ ਸੰਤਾਂ-ਸਾਧੂਆਂ ਦੇ ਭੇਸ ਵਿਚ ਕਿਵੇਂ ਅਨਪੜ੍ਹ ਤੇ ਗ਼ਰੀਬ ਜਨਤਾ ਨੂੰ ਲੁਟਦੇ ਹਨ। ਭੋਲੀਆਂ-ਭਾਲੀਆਂ ਤੇ ਮਾਸੂਮ ਲੜਕੀਆਂ ਨੂੰ ਗੁਮਰਾਹ ਕਰਦੇ ਹਨ। 'ਚਿੱਟਾ ਲਹੂ' 'ਫੌਲਾਦੀ ਫੁੱਲ', 'ਪਿਆਰ ਦੀ ਦੁਨੀਆਂ', 'ਆਸਤਕ ਨਾਸਤਕ', ਅਤੇ ਸੋਹਣ ਸਿੰਘ ਸੀਤਲ ਦੇ ਨਾਵਲ 'ਅੰਨ੍ਹੀ ਸ਼ਰਧਾ', 'ਪਤਵੰਤੇ ਕਾਤਲ', 'ਕਾਲੇ ਪਰਛਾਵੇਂ' ਵਿਚ ਇਸ ਧਾਰਣਾ ਦੇ ਚੋਖੇ ਪਰਮਾਣ ਮਿਲ ਜਾਂਦੇ ਹਨ। 'ਪਿਆਰ ਦੀ ਦੁਨੀਆਂ' ਵਿਚ ਸੰਤ ਓਅੰਕਾਰ ਨਾਥ ਵਰਗੇ ਖ਼ਤਰਨਾਕ ਕਿਸਮ ਦੇ ਸਾਧੂ ਧਨ ਦੌਲਤ ਲੁੱਟਣ ਤੋਂ ਛੁੱਟ ਉਨ੍ਹਾਂ ਦੀ ਅਸਮਤ ਵੀ ਲੁੱਟਦੇ ਹਨ ਤੇ ਕਈ ਵਾਰੀ ਅਗਵਾਹ ਕਰਕੇ ਵੀ ਲੈ ਜਾਂਦੇ ਹਨ। ਮਾਈ ਜਿੰਦਰੋ, ਗੰਗਾਦੇਈ ਤੇ ਮਨੋਰਮਾ ਇਹੋ ਜਿਹੀਆਂ ਸ਼ਿਕਾਰ ਹੋਈਆਂ ਮਿਸਾਲਾਂ ਹਨ। ਗੰਗਾਦੇਈ ਦੇ ਇਹ ਸ਼ਬਦ ਇਸ

ਗਲ ਦੀ ਪੁਸ਼ਟੀ ਕਰਦੇ ਹਨ ਕਿ ਸੰਤ ਓਂਕਾਰ ' ਨਾਥ ਵਰਗੇ ਸੰਤ ਕਿਵੇਂ ਮਾਸੂਮ ਇਸਤਰੀਆਂ ਦੀ ਇੱਜਤ ਲੁੱਟਦੇਹਨ ਤੇ ਉਨ੍ਹਾਂ ਨੂੰ ਡਰਾ ਧਮਕਾ ਕੇ ਰਖਦੇ ਹਨ। ਗੁਰਮੰਤਰ ਸ਼ਬਦ ਨੇ ਗੰਗਾ ਦੇਵੀ ਦੇ ਕ੍ਰੋਧ ਨੂੰ ਹੋਰ ਭਿਆਨਕ ਬਣਾ ਦਿੱਤਾ ਉਹ ਮੂੰਹ ਬਣਾ ਕੇ ਬੋਲੀ, "ਗੁਰ ਮੰਤਰ। ਲੈਣ ਲਈ ਸਦੀਆਂ ਦੇ ਉਰਹਨੇ ਤੈਨੂੰ। ਮੈਨੂੰ ਵੀ ਤੇ ਤੂੰ ਗੁਰਮੰਤਰ ਈ ਦੇਣ ਲਈ ਨਾਲ ਲਿਆਂਦਾ ਸੀ ਨਾ। ਘਰੋਂ ਬਾਰੋਂ ਮੈਂ ਵੱਖਰੀ ਪੁੱਟੀ ਗਈ, ਇਜ਼ਤ ਆਬਰੋ ਮੇਰੀ ਤੂੰ ਲੁਟ ਲਈ, ਰੁਪਿਆ ਮੇਰਾ ਤੂੰ ਸਾਰਾ ਮਕਾਨ ਤੇ ਫੂਕ ਦਿੱਤਾ। ਹੁਣ ਲੱਗਾਏ ਹੋਰ ਪਾਸੀ ਅਖਾਂ ਲੜਾਣ। ਤੇਰਾ ਬੇੜਾ ਗਰਕ ਹੋਵੇ, ਕਿਉਂ ਮੇਰੀ ਰਤ ਨਹਾਉਣ ਲੱਗਾ ਏਂ।"[68]

ਸੋਹਣ ਸਿੰਘ ਸੀਤਲ ਦੇ ਨਾਵਲ 'ਅੰਨ੍ਹੀ ਸੁੰਦਰਤਾ' ਵਿਚ ਹਰੀਦੁਆਰਾ ਦੇ ਇਕ ਬੁੱਢੇ ਪੁਜਾਰੀ ਦਾ ਚਿੱਤਰ ਪੇਸ਼ ਕੀਤਾ ਗਿਆ ਹੈ। ਜਿਸਦਾ ਕੰਮ ਮੁਟਿਆਰਾਂ ਤੇ ਭੋਲੀਆਂ-ਭਾਲੀਆਂ ਇਸਤਰੀਆਂ ਨੂੰ ਆਪਣੇ ਝੂਠੇ ਪਿਤਰੀ ਪਿਆਰ ਦੇ ਜਾਲ ਵਿਚ ਫਸਾ ਕੇ ਇਕ ਬੁੱਢੀ ਫਫੇਕੁੱਟਣੀ ਦੀ ਸਹਾਇਤਾ ਨਾਲ ਉਨ੍ਹਾਂ ਮਾਸੂਮ ਜਿੰਦਾਂ ਨੂੰ ਲੁਚੇ ਲਫੰਗਿਆਂ ਕੋਲ ਵੇਚ ਕੇ ਧੰਨ ਕਮਾਉਂਦਾ ਹੈ। 'ਮੁੱਲ ਦਾ ਮਾਸ' ਨਾਵਲ ਵਿਚ ਪੰਡਤ ਜਵਾਲਾ ਸਹਾਏ ਜਦੋਂ ਸੀਮਾਂ ਸਿੰਘ ਨਾਈ ਨਾਲ ਗੰਡਾ ਸਿੰਘ ਨੂੰ ਦੂਜਾ ਵਿਆਹ ਕਰਵਾਉਣ ਲਈ ਮਨਾ ਕੇ ਲਿਆਉਂਦਾ ਹੈ ਤਾਂ ਉਸਦੇ ਨਿਮਨ-ਲਿਖਤ ਸ਼ਬਦ ਉਹਦੇ ਧਾਰਮਿਕ ਜੀਵਨ ਦਾ ਪਰਦਾ ਫਾਸ਼ ਕਰਦੇ ਹਨ:

> ਟਿੰਡ ਵਰਗੀ ਨੰਗੀ ਸਿਰੀ ਉਤੋਂ ਬੋਦੀ ਨੂੰ ਹਿਲਾਉਂਦਾ ਹੋਇਆ ਪੰਡਤ ਬੋਲਿਆ, 'ਉਇ, ਫਿਰ ਵੀ ਉਸਤਾਦ ਆਂ ਇਨ੍ਹਾਂ ਕੰਮਾਂ ਦੇ ।ਸ਼ੇਰ ਦੇ ਪੰਜੇ ਵਿਚ ਆਇਆ ਸ਼ਿਕਾਰ ਵੀ ਕਦੇ ਬਚ ਕੇ ਨਿੱਕਲਿਆ ਏ? ਜੋ ਮਿਲਿਆ , ਸੋਲਾਹੇ ਦਾ । ਪੰਦਰਾਂ ਸੌ ਨਹੀਂ,ਤਾਂ ਹਜ਼ਾਰ ਈ ਸਹੀ।[69]

'ਚੀਰੋਗਿਲ ਨਹਿਰ ਤਕ' ਨਾਵਲ ਵਿਚ ਮਸੀਤ ਦਾ ਮੁੱਲਾਂ ਵੀ ਪੰਡਤ ਜਵਾਲਾ ਸਹਾਏ ਵਾਂਗਾ ਹੀ ਪਾਤਰ ਹੈ। ਉਹ ਆਪਣੇ ਸੁਆਰਥ ਲਈ ਹੀ ਇਲਮਦੀਨ ਨੂੰ ਬਰਾਦਰੀ ਵਿਚੋਂ ਕੱਢਦਾ

ਹੈ ਜਦੋਂ ਇਲਮਦੀਨ ਦੀ ਪਤਨੀ ਉਸਦੀ ਸੇਵਾ ਦੁੱਧ, ਮੱਖਣ, ਲੱਸੀ ਨਾਲ ਕਰਦੀ ਹੈ ਤਾਂ ਉਹ ਫਾਤਮਾ ਨੂੰ ਕਹਿੰਦਾ ਹੈ:

> ਮਾਈ ਫਾਤਮਾ । ਤੇਰੀ ਖਾਤਰ ਅਸੀਂ ਇਲਮਦੀਨ ਨੂੰ ਫਿਰ ਬਰਾਦਰੀ ਵਿਚ ਸ਼ਾਮਲ ਕਰ ਲੈਂਦੇ ਆਂ, ਨਹੀਂ ਤਾਂ ਉਹ ਅੱਧਾ ਕਾਫਰ ਏ। ਤੇਰਾ ਇਲਮਦੀਨ ਤੇ ਪੂਰਾ ਇਤਕਾਦ ਏ। ਸੋ ਤੇਰੇ ਪਿਛੇ ਉਹਨੂੰ ਵੀ ਮਾਫ ਕਰ ਦੇਂਦੇ ਆਂ ਲੇਕਿਨ ਆਇੰਦਾ ਵਾਸਤੇ ਉਸਨੂੰ ਸਮਝਾ ਛੱਡੀ।[70]

'ਪਤਵੰਤੇ ਕਾਤਲ' ਨਾਵਲ ਵਿਚ ਵੀ ਸੀਤਲ ਨੇ ਪਾਖੰਡੀ ਧਾਰਮਿਕ ਆਗੂ, ਪੰਡਤਾਂ ਅਤੇ ਗੁਰਦੁਆਰਿਆਂ ਦੇ ਭਾਈਆਂ ਦੇ ਜੀਵਨ ਦੀ ਅਸਲੀਅਤ ਨੂੰ ਵਾਸਤਵਿਕ ਰੂਪ ਵਿਚ ਪੇਸ਼ ਕੀਤਾ ਹੈ। ਪੰਡਤ ਜਵਾਲਾ ਸਹਾਏ ਜਿਹੜਾ 'ਪੁੱਲ ਦਾ ਮਾਸ' ਨਾਵਲ ਵਿਚ ਗੰਡਾ ਸਿੰਘ ਦਾ ਦੂਜਾ ਵਿਆਹ ਚੀਤੋ ਨਾਲ ਕਰਵਾ ਕੇ ਤੇ ਚੀਤੋ ਦੀ ਹੀ ਇੱਜ਼ਤ ਦੂੱਲਾ ਸਿੰਘ ਬਦਮਾਸ਼ ਕੋਲੋਂ ਲੁਟਵਾਉਂਦਾ ਹੈ। ਦੂਲਾ ਸਿੰਘ ਕੋਲੋਂ ਗੰਡਾ ਸਿੰਘ ਦੇ ਪਹਿਲੇ ਪੁੱਤਰ ਦਾ ਕਤਲ ਕਰਵਾਉਂਦਾ ਹੈ ਅਤੇ ਨਿਆਸਰੀ ਮਨਜੀਤ ਜੋ ਕਿ ਸੂਰਤ ਸਿੰਘ ਦੀ ਵਿਧਵਾ ਪਤਨੀ ਹੈ ਤੰਗ ਕਰਵਾਉਂਦਾ ਹੈ। ਪੰਡਤ ਦੇ ਨਿਮਨ ਲਿਖਤ ਸ਼ਬਦ ਇਕ ਧਾਰਮਿਕ ਪੁਜਾਰੀ ਦੇ ਨਹੀਂ ਸਗੋਂ ਇਕ ਬਦਮਾਸ਼ ਦੇ ਸ਼ਬਦ ਜਾਪਦੇ ਹਨ:

> ਪਹਿਲੇ ਇਥੋਂ ਦੋਹਾਂ ਨੂੰ ਸਹੀ ਸਲਾਮਤ ਲੈ ਜਾਉ ਪਿਛੋਂ ਪਿੰਡ ਵਿਚ ਧੁਮਾ ਦਿੱਤੀ ਜਾਵੇਗੀ, ਕਿ ਉਹ ਕਿੱਧਰੇ ਨਿੱਕਲ ਗਈ ਏ। ਤਾਰੂ ਘਰ ਬਾਹਰ ਤੇ ਕਬਜ਼ਾ ਕਰ ਲਵੇਗਾ ਏ। ਤੁਸੀਂ ਪੰਜਾ ਸਤਾਂ ਦਿਨਾਂ ਪਿਛੋਂ ਮੁੰਡੇ ਨੂੰ ਕਿਸੇ ਗੁਪਤ ਢੰਗ ਨਾਲ ਬਿਲੇ ਲਾ ਦਿਉ। ਜਨਾਨੀ ਜੇ ਕੋਈ ਪਚਾ ਸਕਦਾ ਹੋਵੇ, ਤਾਂ ਪਚਾ ਲਵੇ, ਤੇ ਨਹੀਂ ਤਾਂ ਉਹਨੂੰ ਵੀ - - - ।[71]

ਇਸੇ ਤਰ੍ਹਾਂ ਇਸ ਨਾਵਲ ਵਿਚ ਗੁਰਦੁਆਰੇ ਦੇ ਪ੍ਰਧਾਨ ਅਤੇ ਦੋ ਸੇਵਾਦਾਰਾਂ ਗੰਜਣ ਸਿੰਘ ਅਤੇ ਸੱਜਣ ਸਿੰਘ ਦੇ ਧਾਰਮਿਕ ਜੀਵਨ ਦੀ ਅਸਲੀਅਤ ਨੂੰ ਵੀ ਬਿਆਨ ਕੀਤਾ ਹੈ ਜਦੋਂ ਵਿਧਵਾ ਮਨਜੀਤ ਪੰਡਤ ਜਵਾਲਾ ਸਹਾਏ ਅਤੇ ਤਾਰੂ ਬਦਮਾਸ਼ ਦੁਆਰਾ ਤੰਗ ਕਰੀ ਹੋਈ ਕੁਲਵੰਤ ਨੂੰ ਲੈ ਕੇ ਘਰੋਂ ਨਿਕਲ ਜਾਂਦੀ ਹੈ ਅਤੇ ਗੁਰਦੁਆਰੇ ਵਿਚ ਪਨਾਹ ਲੈਂਦੀ ਹੈ ਤਾਂ ਉਥੇ ਵੀ ਇਹ ਪ੍ਰਧਾਨ ਤੇ ਦੋਵੇਂ

ਸੈਦਾਦਾਰ ਬਦਮਾਸ਼ਾ ਦੀ ਤਰ੍ਹਾਂ ਉਸਦੇ ਰਸਤੇ ਵਿਚ ਆ ਖੜੋਦੇ ਹਨ। ਉਹ ਪ੍ਰਕਾਸ਼ ਕੌਰ ਦੀ ਸਹਾਇਤਾ ਨਾਲ ਮਨਜੀਤ ਨੂੰ ਆਪਣੇ ਜਾਲ ਵਿਚ ਫਸਾਉਣ ਦਾ ਯਤਨ ਕਰਦੇ ਹਨ। ਪ੍ਰਕਾਸ਼ ਕੌਰ ਆਪ ਵੀ ਕਿਸੇਵੇਲੇ ਇਸੇ ਤਰ੍ਹਾਂ ਹੀ ਉਨ੍ਹਾਂ ਦੀ ਕੁੜਿਕੀ ਵਿਚ ਆ ਗਈ ਸੀ ਤੇ ਫੇਰ ਉਹ ਹਾਲਾਤ ਨਾਲ ਸਮਝੌਤਾ ਕਰ ਗਈਸੀ।

ਵੱਖਰਤਾਵਾਂ :

ਦੋਵਾਂ ਨਾਵਲਕਾਰਾਂ ਦੇ ਵਿਸ਼ਿਆਂ ਵਿਚ ਡੂੰਘੀ ਸਾਂਝ ਹੋਣ ਦੇ ਬਾਵਜੂਦ ਉਨ੍ਹਾਂ ਦੇ ਨਾਵਲਾਂ ਵਿਚਲੇ ਵਿਸ਼ਿਆਂ ਵਿਚ ਵੱਖਰਤਾ ਵੀ ਵੇਖਣ ਨੂੰ ਮਿਲਦੀ ਹੈ। ਨਾਨਕ ਸਿੰਘ ਸ਼ਹਿਰੀ ਮੱਧ-ਸ਼੍ਰੇਣੀ ਨਾਲ ਸੰਬੰਧਤ ਹੋਣ ਕਰਕੇ ਸ਼ਹਿਰੀ ਜੀਵਨ ਨੂੰ ਆਪਣੇ ਨਾਵਲਾਂ ਵਿਚ ਚਿਤਰਦਾ ਹੈ ਅਤੇ ਸੋਹਣ ਸਿੰਘ ਸੀਤਲ ਪੇਂਡੂ ਜੀਵਨ ਨੂੰ।

ਵੇਸਵਾ ਦੀ ਸਮੱਸਿਆ :

ਨਾਨਕ ਸਿੰਘ ਦੇ ਨਾਵਲਾਂ ਵਿਚਲੀ ਵੇਸ਼ਵਾਵਾਂ ਅਤੇ ਸੋਹਣ ਸਿੰਘ ਸੀਤਲ ਦੇ ਨਾਵਲ ਵਿਚਲੀਵੇਸ਼ਵਾ ਵਿਚ ਬਹੁਤ ਅੰਤਰ ਹੈ। ਨਾਨਕ ਸਿੰਘ ਦੇ ਵੇਸ਼ਵਾ ਪਾਤਰ ਸਮਾਜ ਵਲੋਂ ਘੋਰ ਜ਼ੁਲਮ ਸਹਾਰਦੇ ਹੋਏ ਹੋਂਦ ਵਿਚ ਆਏ ਹਨ ਅਤੇ ਉਹ ਇਸ ਨਰਕ ਕੁੰਡ ਵਿਚੋਂ ਨਿਕਲਣ ਲਈ ਤੜਪਦੇ ਹਨ। ਕਿਸੇ ਮਰਦ ਦੇ ਪਿਆਰ ਲਈ ਅਤੇ ਗ੍ਰਿਹਸਥ ਜੀਵਨ ਜੀਉਣ ਲਈ ਇੱਛਾ ਰਖਦੇ ਹਨ। ਸਮਾਜ ਉਨ੍ਹਾਂ ਨੂੰ ਅਜਿਹਾ ਨਹੀਂ ਕਰਨ ਦਿੰਦਾ। ਉਹ ਅਜਿਹੀ ਸਥਿਤੀ ਵਿਚ ਜਾਂ ਤਾਂ ਆਤਮ ਹਤਿਆ ਕਰ ਲੈਂਦੀਆਂ ਹਨ ਜਾਂ ਜਿਉਂਦੀ ਲਾਸ਼ ਬਣ ਜਾਂਦੀਆਂ ਹਨ। ਤੇ ਕਿਸੇ ਵਿਚ ਬਦਲੇ ਦੀ ਭਾਵਨਾਂ ਉਤਪੰਨ ਹੁੰਦੀ ਹੈ। ਸੋਹਣ ਸਿੰਘ ਸੀਤਲ ਨੇ ਇਸ ਸਮੱਸਿਆ ਨੂੰ ਆਪਣੇ ਨਾਵਲਾਂ ਦਾ ਵਿਸ਼ਾ ਨਹੀਂ ਬਣਾਇਆ। ਇਸਨੇ ਆਪਣੇ ਨਾਵਲਾਂ ਵਿਚ ਸਿਰਫ ਇਹੋ ਦਸਿਆ ਹੈ ਕਿ ਹਰ ਮੁਜ਼ਾਰੇ ਦੀ ਧੀ ਭੈਣ ਨੂੰ ਆਪਣੇ ਮਾਲਕਾਂ ਦੇ ਘਰ ਆਏ ਪ੍ਰਾਹੁਣਿਆਂ ਦਾ ਸਵਾਗਤ ਕਰਨਾ ਪੈਂਦਾ ਹੈ।[72] ਜਦੋਂ ਕਿ ਨਾਨਕ ਸਿੰਘ ਨੇ ਇਹ ਸਮੱਸਿਆ ਬਾਰ-ਬਾਰ ਲਈ ਹੈ।

ਨਾਨਕ ਸਿੰਘ ਦੇ ਨਾਵਲਾਂ ਦੇ ਵਿਸ਼ਿਆਂ ਵਿਚ ਕਾਮ, ਪਿਆਰ, ਕਰੁਣਾ ਆਦਿ ਨੂੰ ਲੈ ਕੇ ਵਿਸ਼ਾ ਦਾ ਨਿਭਾ ਕੀਤਾ ਹੈ। ਸੋਹਣ ਸਿੰਘ ਸੀਤਲ ਦੇ ਨਾਵਲਾਂ ਵਿਚ ਸੰਘਣੀ ਰਤਿ ਜਾਂ ਕਰੁਣਾ ਲਈਕੋਈ ਥਾਂ ਨਹੀਂ। ਸੋਹਣ ਸਿੰਘ ਸੀਤਲ ਨੇ 'ਤੂਤਾਂ ਵਾਲਾ ਖੂਹ' ਨਾਵਲ ਨਾਨਕ ਸਿੰਘ ਦੇ ਨਾਵਲ 'ਇਕ ਮਿਆਨ ਦੋ ਤਲਵਾਰਾਂ' ਤੋਂ ਪ੍ਰਭਾਵਿਤ ਹੋ ਕੇ ਲਿਖਿਆ।ਇਕ ਮਿਆਨ ਦੋ ਤਲਵਾਰਾਂ' ਜਿਸ ਵਿਚ ਗਦਰ ਪਾਰਟੀ ਦਾਜ਼ਿਕਰ ਹੈ, ਪਰ ਇਸਦੇ ਨਾਲ-ਨਾਲ ਇਸ ਨਾਵਲ ਵਿਚ ਕਰਤਾਰ ਸਿੰਘ ਸਰਾਭਾ ਦਾ ਸੋਢੀਆਂ ਦੀ ਕੁੜੀ ਨਾਲਪਿਆਰ ਵਿਖਾਇਆ ਹੈ। ਸੀਤਲ ਨੇ ਗਦਰ ਪਾਰਟੀ ਦੇ ਨਾਇਕਾਂਨੂੰ ਕੁੜੀਆਂ ਦੇ ਪਿਆਰ ਵਿਚ ਨਾ ਫਸੇ ਹੋਣ ਦੀ ਬਜਾਏ ਦੇਸ਼ ਭਗਤੀ ਦੇ ਧੁੰਨ ਵਾਲੇ ਸਿਧ ਕਰਨ ਲਈ ਇਹ ਨਾਵਲ ਲਿਖਿਆ। ਇਸ ਪ੍ਰਕਾਰ ਦੀ ਬਹਿਬਲਤਾ ਨਾਨਕ ਸਿੰਘ ਦੇ ਨਾਵਲਾਂ ਵਿਚ ਨਹੀਂ ਅਤੇ ਨਾਨਕ ਸਿੰਘ ਦਾ ਸਮਕਾਲੀ ਹੁੰਦੇ ਹੋਇਆਂ ਵੀ ਆਪਣੀ ਸਿਰਜਣਾ ਨੂੰ ਅਤਿਭਾਵੁਕਤਾ ਖਾਸ ਕਰਕੇ ਅਤਿ ਕਰੁਣਾ ਤੋਂ ਅਣਛੋਹ ਰਖਿਆ।

ਨਾਨਕ ਸਿੰਘ ਦੇ ਨਾਵਲਾਂ ਵਿਚ ਅੰਨ੍ਹਾ ਦੁੱਖ ਹੈ ਜਿਸ ਵਿਚੋਂ ਨਿਕਲਣ ਦਾ ਕੋਈ ਰਾਸਤਾ ਨਹੀਂ। 'ਪਵਿੱਤਰ ਪਾਪੀ' ਇਸੇ ਅੰਨ੍ਹੇ ਦੁੱਖ ਦਾ ਉਦਾਹਰਣ ਹੈ। ਪੰਨਾ ਲਾਲ ਨੌਕਰੀ ਤੋਂ ਨਿਕਲਿਆ ਜਾਂਦਾ ਹੈ ਉਸ ਕੋਲ ਬਿਪਤਾ ਚੋਂ ਬੱਚਣ ਦਾ ਕੋਈ ਰਾਸਤਾ ਨਹੀ। ਇਸ ਤਰ੍ਹਾਂ ਨਾਇਕ ਚੰਗੇ ਕੰਮ ਵੀਕਰਦਾ ਹੈ, ਇਮਾਨਦਾਰ ਵੀ ਹੈ, ਫਿਰ ਵੀ ਉਹ ਦੁਖੀ ਹੈ ਅਤੇ ਬਿਪਤਾ ਵਿਚ ਘਿਰਿਆ ਹੋਇਆ ਹੈ। ਇਸ ਦੁਖ ਨੂੰ ਸੀਤਲ ਨੇ ਨਾਵਲਾਂ ਵਿਚ ਠੱਲ੍ਹ ਪੈਂਦੀ ਦਿਖਾਈ ਦਿੰਦੀ ਹੈ। ਉਸਦੇ ਪਾਤਰ ਵੀ ਬਿਪਤਾ ਵਿਚ ਹਨ, ਪਰ ਉਹ ਬਿਪਤਾ ਦੀ ਗੁੰਝਲ ( Complex ) ਵਿਚ ਹਨ। ਇਸ ਤਰ੍ਹਾਂ ਨਾਨਕ ਸਿੰਘ ਵਾਂਗ ਸੀਤਲ ਨੇ ਭਾਵੁਕ ਹੋ ਕੇ ਵਿਸ਼ੇ ਨਹੀਂ ਲਏ।

ਪ੍ਰੇਮ ਵਿਆਹਦੇ ਵਿਸ਼ੇ ਨੂੰ ਨਾਨਕ ਸਿੰਘ ਨੇ ਆਪਣੇ ਇਕ ਪੂਰੇ ਨਾਵਲ 'ਲਵ ਮੈਰਿਜ' ਵਿਚ ਲਿਆ ਹੈ। ਇਸੇ ਤਰ੍ਹਾਂ 'ਪੱਥਰਦੇ ਖੰਭ', 'ਬੰਜਰ', 'ਪਾਪੀ ਦੀ ਖੱਟੀ' ਵਿਚ ਪ੍ਰੇਮ ਵਿਆਹ ਦੀ ਸਮੱਸਿਆ ਨੂੰ ਵਿਸ਼ੇ ਦੇ ਤੌਰ ਤੇ ਲਿਆ ਹੈ। । ਜਦੋਂ ਕਿ ਸੋਹਣ ਸਿੰਘ ਸੀਤਲ ਨੇ ਇਸ ਸਮੱਸਿਆ ਨੂੰ ਆਪਣੇ ਨਾਵਲਾਂ ਵਿਚ ਵਿਸ਼ੇ ਦੇ ਤੌਰ ਤੇ ਨਹੀਂ ਲਿਆ।

ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਦੋਵੇਂ ਨਾਵਲਕਾਰ ਇਕੋ ਸਮੇਂ ਦੀ ਉਪਜ ਹੋਣ ਕਰਕੇ ਸਮਾਜ ਦੀ ਇਕੋ ਜਿਹੀਆਂ ਸਮੱਸਿਆਵਾਂ ਨੂੰ ਆਪਣੇ ਨਾਵਲਾਂ ਦੇ ਵਿਸ਼ੇ ਬਣਾਂਦੇ ਹਨ। ਫਰਕ ਸਿਰਫ ਐਨਾ ਹੈ ਕਿ ਨਾਨਕ ਸਿੰਘ ਇਨ੍ਹਾਂ ਸਮੱਸਿਆਵਾਂ ਨੂੰ ਪੇਸ਼ ਕਰਦਾ ਹੋਇਆ ਭਾਵੁਕ ਹੋ ਜਾਂਦਾ ਹੈ। ਜਦੋਂ ਕਿ ਸੀਤਲ ਯਥਾਰਥਤਾ ਪੱਲਾ ਹੀ ਨਹੀਂ ਛੱਡਦਾ।

ਵਿਸ਼ੇ-ਚੋਣ ਦੇ ਸ੍ਰੋਤ :

ਜਦੋਂ ਸਾਹਿਤਕਾਰ ਸਾਹਿਤ ਰਚਨਾ ਕਰਦਾ ਹੈ ਤਾਂ ਉਹ ਆਪਣੀ ਵਿਅਕਤੀਗਤ ਘਟਨਾਵਾਂ, ਆਲੇ-ਦੁਆਲੇ ਦੇ ਸਮਾਜ ਤੋਂ ਪ੍ਰਭਾਵਿਤ ਹੋਏ ਬਿਨ੍ਹਾਂ ਨਹੀਂ ਰਹਿ ਸਕਦਾ। ਆਪਣੇ ਸਮਾਜ ਵਿਚੋਂ ਹੀ ਉਹ ਵਿਸ਼ਾ ਚੁਣਦਾ ਹੈ। ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੇ ਨਾਵਲਾਂ ਵਿਚਲੇ ਵਿਸ਼ੇ ਕਾਫ਼ੀ ਹੱਦ ਤੱਕ ਸਮਾਜਿਕ ਹਨ। ਅਜਿਹੇ ਸਮਾਜਿਕ ਵਿਸ਼ੇ, ਜਿਨ੍ਹਾਂ ਦੀ ਚੋਣ ਦੋਵੇਂ ਨਾਵਲਕਾਰ ਆਪਣੇ ਨਿਜੀ ਜੀਵਨ ਵਿਚ ਵਾਪਰੀਆਂ ਘਟਨਾਵਾਂ ਜਾਂ ਉਸ ਸਮੇਂ ਪ੍ਰਚਲਿਤ ਲਹਿਰਾਂ ਵਿਚੋਂ ਕਰਦੇ ਹਨ। ਨਾਨਕ ਸਿੰਘ ਦੇ ਨਾਵਲਾਂ ਵਿਚ ਮਿਲਦੇ ਵਿਸ਼ਿਆਂ ਵਿਚ ਨਿਰੰਤਰ ਵਿਕਾਸ ਹੋਇਆ ਹੈ। ਜਿੱਥੇ ਨਾਨਕ ਸਿੰਘ ਮੁੱਢਲੇ ਨਾਵਲਾਂ ਵਿਚ ਵਿਅਕਤੀਗਤ ਸਮੱਸਿਆਵਾਂ ਮਤਰਈ ਮਾਂ, ਮਿੱਠਾ ਮਹੁਰਾ, ਨੂੰ ਨਾਵਲਾਂ ਦੇ ਬਣਾਂਦਾ ਹੈ, ਉਥੇ ਬਾਅਦ ਵਿਚ ਸਮੁੱਚੇ ਸਮਾਜ ਨਾਲ ਸੰਬੰਧਿਤ ਸਮੱਸਿਆਵਾਂ (ਚਿੱਟਾ ਲਹੂ' ਆਦਮਖੋਰ, ਬੰਜਰ) ਨੂੰ ਆਪਣੇ ਨਾਵਲਾਂ ਦੇ ਵਿਸ਼ੇ ਅਧੀਨ ਲਿਆਉਂਦਾ ਹੈ।[73] ਬਿਨ੍ਹਾਂ ਟਿਕਟ ਯਾਤਰਾ ਕਰਦੇ ਯਾਤਰੀ ਦੀ ਮਜ਼ਬੂਰੀ ਨੂੰ ਦੇਖ ਕੇ ਉਹ ਬਹਿਬਲ ਹੋ ਉਠਦਾ ਹੈ। ਇਸ ਮਜ਼ਬੂਰੀ ਦੀ ਤਸਵੀਰ ਉਹ ਨਾਵਲ 'ਚਿੱਟਾ ਲਹੂ' ਵਿਚ ਪੇਸ਼ ਕਰਦਾ ਹੈ। ਉਸਦੀ ਇਹ ਬਹਿਬਲਤਾ ਉਤਪੰਨ ਹੋਣਦੇ ਦੋ ਕਾਰਣ ਹਨ। ਪਹਿਲਾ ਕਾਰਣ ਉਸਦੀ ਆਪਣੀ ਵਿਧਵਾ ਮਾਂ ਦੇ ਦੁਖਾਂ ਦਾ, ਦੂਜਾ ਉਸਦਾ ਨਿਸਫਲ ਪਿਆਰ। ਉਸਦੀ ਪ੍ਰੇਮਿਕਾ ਵੀ ਇਕ ਵਿਧਵਾ ਇਸਤਰੀ ਸੀ। ਨਾਨਕ ਸਿੰਘ ਨੇ ਆਪਣੀ ਵਿਧਵਾ ਪ੍ਰੇਮਿਕਾ ਉਤੇ ਹੁੰਦੇ ਜ਼ੁਲਮਾਂ ਨੂੰ ਅਖੀਂ ਵੇਖਿਆ। ਇਸੇ ਕਰਕੇ ਮਨ ਵਿਚ ਇਸਤਰੀਆਂ ਲਈ ਦਇਆ ਭਾਵ ਜਾਗ ਪਿਆ ਜਿਹੜਾ ਕਿ ਨਾਨਕ ਸਿੰਘ ਦੀ ਹਰ ਰਚਨਾ ਵਿਚੋਂ ਝਲਕਦਾ ਨਜ਼ਰ ਆਉਂਦਾ ਹੈ। ਦਿਨਪ੍ਰਤੀਦਿਨ ਨਿਜੀ ਜੀਵਨ ਵਿਚ ਹੋਏ ਤਜਰਬੇ ਹੁੰਦੇ ਗਏ ਇਹ

ਹੋਏ ਅਨੁਵਾਦ ਜਾਂ ਤਜਰਬੇ ਹੀ ਨਾਨਕ ਸਿੰਘ ਦੇ ਨਾਵਲਾਂ ਦੇ ਵਿਸ਼ੇ ਚੋਣ ਦੇ ਸ੍ਰੋਤ ਬਣੇ । ਨਾਵਲ 'ਅੱਧ ਖਿੜਿਆ ਫੁੱਲ' ਵਿਚ ਜੋ ਵਿਧਵਾ ਸਮੱਸਿਆ ਨੂੰ ਵਿਸ਼ਾ ਬਣਾਇਆ , ਉਸਦੀ ਚੋਣ ਦਾ ਸ੍ਰੋਤ ਉਸਦੀ ਪ੍ਰੇਮਿਕਾ ਦੀ ਜੀਵਨ ਕਹਾਣੀ ਹੀ ਹੈ।

ਸੋਹਣ ਸਿੰਘ ਸੀਤਲ ਦੇ ਨਾਵਲਾਂ ਦੇ ਵਿਸ਼ੇ ਯਥਾਰਥਿਕ ਹਨ। ਅਰਥਾਤ ਜੀਵਨ ਸੱਚ ਤੇ ਜ਼ਿੰਦਗੀ ਦੇ ਰਸੇ ਹੋਏ ਤਜ਼ਰਬੇ ਹੀ ਹਨ। ਜਿਵੇਂ ਕਿ ਸੀਤਲ ਦੇ ਨਾਵਲਾਂ ਵਿਚ ਕਿਰਸਾਣ ਦੀ ਸਮੱਸਿਆ ਆਮ ਮਿਲਦੀ ਹੈ। ਇਸ ਵਿਸ਼ੇ ਦੀ ਚੋਣ ਸੀਤਲ ਇਸ ਕਰਕੇ ਜ਼ਿਆਦਾ ਕਰਦਾ ਹੈ ਕਿ ਉਹ ਆਪ ਖ਼ੁਦ ਕਿਰਸਾਣ ਸੀ। ਉਸਨੂੰ ਕਿਰਸਾਣੀ ਜੀਵਨ ਦੀ ਦਾ ਡੂੰਘਾ ਤਜ਼ਰਬਾ ਸੀ। ਸੀਤਲ ਨੇ ਅੱਖੀਂ ਵੇਖਿਆ ਕਿ ਵੱਡੇ ਜ਼ਿਮੀਂਦਾਰ ਕਿਵੇਂ ਛੋਟੇ ਜਿਮੀਂਦਾਰਾਂ ਨੂੰ ਕਰਜ਼ਾ ਦੇ ਕੇ ਆਪਣੇ ਜਾਲ਼ ਵਿਚ ਫਸਾ ਲੈਂਦੇ ਹਨ। ਨਾਵਲ 'ਜੁਗ ਬਦਲ ਗਿਆ' 'ਤੂਤਾਂ ਵਾਲਾ ਖੂਹ' ਇਸੇ ਵਿਸ਼ਾ ਦਾ ਪ੍ਰਗਟਾ ਕਰਦੇ ਹਨ।

ਵਿਸ਼ਾ-ਚੋਣ ਦਾ ਇਕ ਹੋਰ ਮਹੱਤਵ ਪੂਰਨ ਸ੍ਰੋਤ ਸੀਤਲ ਦਾ ਢਾਡੀ ਹੋਣਾ ਹੈ। ਢਾਡੀ ਹੋਣ ਕਰਕੇ ਸੀਤਲ ਦਾ ਵਾਹ ਗੁਰਦੁਆਰਿਆਂ ਦੇ ਭਾਈਆਂ ਨਾਲ ਪੈਂਦਾ ਸੀ, ਜਿਸ ਤੋਂ ਉਹ ਗੁਰਦੁਆਰਿਆਂ ਦੇ ਇਨ੍ਹਾਂ ਭਾਈਆਂ ਪ੍ਰਤੀ ਭਲੀ ਭਾਂਤ ਜਾਣੂ ਸੀ। 'ਪਤਵੰਤੇ ਕਾਤਲ' ਅਤੇ 'ਖੂਨ ਦਾ ਮਾਸ' ਨਾਵਲਾਂ ਵਿਚ ਇਨ੍ਹਾਂ ਪਾਤਰਾਂ ਦੁਆਰਾ ਪੈਦਾ ਕੀਤੀਆਂ ਸਮੱਸਿਆਵਾਂ ਨੂੰ ਲੈਂਦਾ ਹੈ।

ਵਿਸ਼ਾ-ਚੋਣ ਪੱਖੋਂ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੇ ਨਾਵਲ ਸਮੇਂ ਅਤੇ ਸਮਾਜ ਦੀ ਉਪਜ ਕਹੇ ਜਾਂਦੇ ਹਨ, ਕਿਉਂਕਿ ਦੋਵੇਂ ਨਾਵਲਕਾਰ ਸਮਾਜ ਵਿਚ ਸਮੇਂ-ਸਮੇਂ ਹੋ ਰਹੀ ਤਬਦੀਲੀ ਤੋਂ ਹੀ ਆਪਣੇ ਨਾਵਲਾਂ ਦੇ ਵਿਸ਼ੇ ਚੁਣਦੇ ਰਹੇ। ਵਿਸ਼ਾ ਚੋਣ ਦਾ ਇਕ ਹੋਰ ਸ੍ਰੋਤ ਸਮਾਜ ਵਿਚ ਉਪਜੀਆਂ ਸਮਾਜਿਕ ਤੇ ਰਾਜਸੀ ਲਹਿਰਾਂ ਅਤੇ ਘਟਨਾਵਾਂ ਹਨ।

1927-29 ਈ. ਵਿਚ ਜਦੋਂ ਨਾਨਕ ਸਿੰਘ ਨੇ ਨਾਵਲ ਦੇ ਖੇਤਰ ਵਿਚ ਪੈਰ ਰਖਿਆ ਤਾਂ ਉਸ ਸਮੇਂ ਪੰਜਾਬ ਵਿਚ ਸਿੰਘ ਸਭਾ ਲਹਿਰ ਖ਼ਾਸ ਤੌਰ ਤੇ ਅਕਾਲੀ ਲਹਿਰ ਦਾ ਬੋਲ ਬਾਲਾ ਸੀ, ਜਿਹੜਾ ਸਿੱਖ ਸਮਾਜ ਵਿਚ ਸੁਧਾਰ ਲਿਆਉਣਾ ਸੀ। ਅਕਾਲੀ ਮੋਰਚੇ ਵਿਚ ਨਾਨਕ ਸਿੰਘ ਦੀ ਜੇਲ੍ਹ ਯਾਤਰਾ

ਦੌਰਾਨ ਮੁੰਨਸ਼ੀਪ੍ਰੇਮਚੰਦ ਨਾਲ ਮੁਲਾਕਾਤ ਹੋਈ, ਉਸਦੀ ਲਿਖਤ ਨੂੰ ਪੜ੍ਹਿਆ। ਇਹ ਸਮਾਂ ਵੀ ਨਾਨਕ ਸਿੰਘ ਦੇ ਵਿਸ਼ਾ ਚੋਣਦਾ ਸ੍ਰੋਤ ਬਣਿਆ ਅਤੇ ਇਸੇ ਸਮੇਂ ਦੇ ਅਨੁਭਵ ਅਤੇ ਆਦਰਸ਼ਾਂ ਦਾ ਇਕ ਨਮੂਨਾ ਬਚਨ ਸਿੰਘ (ਚਿੱਟਾ ਲਹੂ) ਵਿਚ ਝਲਕਦਾਹੈ। ਇਸ ਨਾਵਲ ਵਿਚ ਸਮਾਜ ਸੁਧਾਰ ਦਾ ਵਿਸ਼ਾ ਲਿਆ ਹੈ ਜੋ ਇਸੇ ਸਮੇ ਦੀ ਉਪਜ ਹੈ।

193? ਵਿਚ ਪ੍ਰੀਤਲੜੀ ਦੇ ਆਉਣ ਨਾਲ ਪੰਜਾਬੀ ਸਾਹਿਤ ਵਿਚ ਇਕ ਨਵਾਂ ਦੌਰਆਰੰਭ ਹੁੰਦਾ ਹੈ। ਪ੍ਰੀਤਲੜੀ ਨੇ ਸਮਾਜ ਦੇ ਠੇਕੇ ਦਾਰਾਂ ਦੇ ਪੋਲ ਖੋਲ, ਉਨ੍ਹਾਂ ਨੂੰ ਵੰਗਾਰਿਆ ,ਪੁਰਾਣੀਆਂ ਕਦਰਾਂ-ਕੀਮਤਾਂ ਨੂੰ ਨੰਗਿਆਂ ਕੀਤਾ, ਧਾਰਮਿਕ ਆਗੂਆਂ ਦੇ ਪੋਲ ਖੋਲੇ, ਉਨ੍ਹਾਂ ਨੂੰ ਲਲਕਾਰਿਆ ਅਤੇ ਨਵੇਂ ਆਦਰਸ਼ਾਂ ਦਾ ਬੜੀ ਦਲੇਰੀ ਨਾਲ ਪ੍ਰਚਾਰ ਕੀਤਾ। ਇਹ ਉਸਦੇ ਦਰਜਨਾਂ ਨਾਵਲਾਂ ਦੇ ਵਿਸ਼ਾ-ਚੋਣ ਦੇ ਸ੍ਰੋਤ ਬਣੇ। 'ਗਰੀਬ ਦੀ ਦੁਨੀਆਂ', 'ਪਿਆਰ ਦੀ ਦੁਨੀਆਂ', 'ਟੁਟੀ ਵੀਣਾ' 'ਗੰਗਾ ਜਲੀ ਵਿਚ ਸ਼ਰਾਬ' ਆਦਿ ਨਾਵਲਾਂ ਦੇ ਵਿਸ਼ੇ ਸਮਾਜਸੁਧਾਰ ਚੁਣੇ ਗਏ ਹਨ।

'ਅੱਗ ਦੀ ਖੇਡ,', 'ਮੰਝਧਾਰ' 'ਚਿਤ੍ਰਕਾਰ', 'ਖੂਨ ਦੇ ਸੋਹਲੇ', ਆਦਿ ਨਾਵਲਾਂ ਦੇ ਵਿਸ਼ੇ 1947 ਦੀ ਵਿੱਚ ਹੋਏ ਦੰਗੇ ਫਸਾਦ, ਘ੍ਰਿਣਤ ਦ੍ਰਿਸ਼ ਵਸੋਂ ਤੇ ਉਜਾੜੇ ਤੇ ਚੁਣੇ ਗਏ ਵਿਸ਼ੇ ਹਨ। ਨਾਨਕ ਸਿੰਘ ਨੇ ਆਪਣੀਆਂ ਅੱਖਾਂ ਨਾਲ 'ਅੱਗ ਦੀ ਖੇਡ' ਦੇਖੀ ਤੇ ਖੂਨ ਦੇ ਸੋਹਲੇ ਗਾਏ। ਸੂਬੇ ਦੀ ਵੰਡ ਕਾਰਣ ਲੋਕਾਂ ਦੇ ਜੀਵਨ ਉਤੇ ਪੈ ਰਹੇ ਪ੍ਰਭਾਵ ਨੂੰ ਅਨੁਭਵ ਕੀਤਾ। ਇਸ ਤਰ੍ਹਾਂ ਨਾਨਕ ਸਿੰਘ ਨੇ ਯਥਾਰਥਿਕ ਵਿਸ਼ਾ-ਚੋਣ ਕੀਤੀ ਹੈ।

ਨਾਨਕ ਸਿੰਘ ਵਾਂਗ ਸੀਤਲ ਦੇ ਬਹੁਤ ਨਾਵਲ ਦੇਸ਼ ਦੀ ਵੰਡ ਉਤੇ ਆ ਕੇ ਸਮਾਪਤ ਹੁੰਦੇ ਹਨ। ਭਾਵੇਂ ਉਸਨੂੰ ਇਸ ਦੁਖਾਂਤ ਦਾ ਨਿੱਜੀ ਅਨੁਭਵ ਹੈ, ਉਸਨੂੰ ਆਪ ਦੇਸ਼ ਦੇ ਟੋਟੇਹੋਣ 'ਤੇ ਸਰਨਾਰਥੀ ਬਣਨਾ ਪਿਆ ਹੈ,ਪਰ ਇਸਦੇ ਬਾਵਜੂਦ ਵੰਡ ਦੇ ਇਤਿਹਾਸਕ ਦੁਖਾਂਤ ਦੇ ਵਿਸਤਾਰਾਂ ਨੂੰ ਮੁੜ ਮੁੜ ਦੁਹਰਾਉਣ ਦੇ ਮੋਹ ਤੇ ਬਚਣ ਵਿਚ ਉਹ ਸਫਲ ਰਿਹਾ ਹੈ। ਆਪਣੇ ਦੋ ਨਾਵਲਾਂ 'ਪਤਝੜੋਂ ਕਾਤਲ' ਅਤੇ 'ਈਚੋਗਿਲ ਨਹਿਰ ਤਕ' ਵਿਚ ਹੀ ਉਸਨੇ ਵੰਡ ਸਮੇਂ ਹੋਏ ਫ਼ਿਰਕੂ ਫ਼ਸਾਦਾਂ, ਵਸੋਂ ਦੇ ਤਬਾਦਲੇ ਤੇ ਸਰਨਾਰਥੀਆਂ ਦੀਆਂ ਮੁਸ਼ਕਲਾਂ ਆਦਿ ਦਾ ਕੁਝ ਵਿਸਤਾਰ ਨਾਲ ਜ਼ਿਕਰ ਕੀਤਾ ਹੈ।

ਸੰਖੇਪ: ਵਿਚ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੋਵੇਂ ਹੀ ਆਪਣੇ ਨਾਵਲਾਂ ਵਿਚ ਮਿਲਦੇ ਵਿਸ਼ਿਆਂ ਦੀ ਚੋਣ ਪੰਜਾਬੀ ਜਨ-ਜੀਵਨ ਅਤੇ ਆਪਣੇ ਨਿਜੀ-ਜੀਵਨ ਵਿਚੋਂ ਕਰਦੇ ਹਨ।

## ਹਵਾਲੇ ਅਤੇ ਟਿੱਪਣੀਆਂ


1. ਸੇਖੋਂ, ਸ., *ਨਾਵਲਕਾਰ ਨਰਿੰਦਰ ਪਾਲ ਸਿੰਘ*, ਜੋਧ ਸਿੰਘ-ਕਰਮਜੀਤ ਸਿੰਘ, ਪਟਿਆਲਾ, 1977, ਪੰ. 69

2. ਪ੍ਰਿਤਪਾਲ ਸਿੰਘ (ਪ੍ਰੋ.), *ਨਾਵਲ ਦੀ ਪਰਖ*, ਨਿਊ ਬੁਕ ਕੰਪਨੀ, ਜਲੰਧਰ, 1957, ਪੰ. 15

3. ਨਾਨਕ ਸਿੰਘ, *ਮੇਰੀ ਦੁਨੀਆਂ*, ਪੰ.107

4. ਉਹੀ, *ਚਿੱਟਾ ਲਹੂ*, ਪੰ. 4

5. ਸੇਖੋਂ, ਅਮਰਜੀਤ, *ਪੰਜਾਬੀ ਨਾਵਲ ਦਾ ਇਤਿਹਾਸ*, ਲਾਹੌਰ ਬੁਕ ਸ਼ਾਪ, ਲੁਧਿਆਣਾ, 1986, ਪੰ. 128

6. ਸੇਖੋਂ, ਸੰਤ ਸਿੰਘ, *ਪੋਜ ਪਰਿਚਾ*, ਨਾਨਕ ਸਿੰਘ ਵਿਸ਼ੇਸ਼ ਅੰਕ, ਮਾਰਚ 1973, ਪੰ. 159-60

7. ਨਾਨਕ ਸਿੰਘ, *ਚਿੱਟਾ ਲਹੂ*, ਪੰ. 148

8. ਉਹੀ, ਪੰ. 140

9. ਉਹੀ, *ਫੌਲਾਦੀ ਫੁੱਲ*, ਪੰ. 85

10. ਉਹੀ, *ਚਿੱਟਾ ਲਹੂ*, ਪੰ. 24

11. ਉਹੀ, *ਪਿਆਰ ਦੀ ਦੁਨੀਆਂ*, ਪੰ. 61

12. ਉਹੀ, *ਜੀਵਨ ਸੰਗਰਾਮ*, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1943, ਪੰ. 12

13. ਉਹੀ, *ਪੱਥਰਦੇ ਖੰਭ*, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1960, ਪੰ. 18

14. ਉਹੀ, *ਪ੍ਰੇਮ ਸੰਗੀਤ*, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 1929, ਪੰ. 73

15. ਉਹੀ, *ਫੌਲਾਦੀ ਫੁੱਲ*, ਪੂਰਵ ਮੰਧ, ਪੰ. 7

16. ਨਾਨਕ ਸਿੰਘ, ਚਿਤ੍ਰਕਾਰ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 1950, ਪੰ. 329

17. ਉਹੀ, ਪੰ. 336

18. ਉਹੀ, ਕਟੀ ਹੋਈ ਪਤੰਗ, ਪੰ. 266

19. ਉਹੀ, ਮੇਰੀ ਦੁਨੀਆਂ, ਪੰ. 18

20. ਉਹੀ, ਪੰ. 241

21. ਉਹੀ, ਗਰੀਬ ਦੀ ਦੁਨੀਆਂ, ਪੰ. 171

22. ਉਹੀ, ਪੁਜਾਰੀ, ਪੰ. 8

23. ਉਹੀ, ਪੰ. 12

24. ਉਹੀ, ਚਿੱਟਾ ਲਹੂ, ਪੰ. 36

25. ਉਹੀ, ਪੰ. 36

26. ਉਹੀ, ਅੱਧ ਖਿੜਿਆ ਫੁੱਲ, ਪੰ. 54

27. ਉਹੀ, ਪਿਆਰ ਦੀ ਦੁਨੀਆਂ, ਪੰ. 7

28. ਉਹੀ, ਫੌਲਾਦੀ ਫੁੱਲ, ਪੰ. 61

29. ਉਹੀ, ਗਰੀਬ ਦੀ ਦੁਨੀਆਂ, ਪੰ. 104

30. ਢਿਲਖੂ, ਰਾਜਿੰਦਰ ਕੌਰ, ਨਾਨਕ ਸਿੰਘ ਦੇ ਨਾਵਲਾਂ ਦਾ ਗਲਪੀ ਚੌਖਟਾ, ਖੋਜ ਨਿਬੰਧ, , 1983-84, ਪ. 50

31. ਨਾਨਕ ਸਿੰਘ, ਇਕ ਮਿਆਨ ਦੋ ਤਲਵਾਰਾਂ, ਮੁੱਖ ਬੰਧ, 6-7

32. ਸੀਤਲ, ਸੋਹਣ ਸਿੰਘ, ਮੁੱਲ ਦਾ ਮਾਸ, ਪੰ. 136

33. ਉਹੀ, ਪੰ. 76

34. ਉਹੀ, ਅੱਧੀ ਸੁਤੰਤਰਤਾ, ਮੁੱਖ ਬੰਧ 5

35. ਉਹੀ, ਪੰ. 5

36. ਗੁਰਚਰਨ ਸਿੰਘ, (ਪ੍ਰੋ.), ਪੰਜਾਬ ਦਾ ਨਵਾਂ ਨਾਵਲਕਾਰ ਸੋਹਣ ਸਿੰਘ ਸੀਤਲ, ਸਾਹਿਤ ਸਮਾਚਾਰ, ਅਗਸਤ 1961, ਪੰ. 131

37. ਸੀਤਲ, ਸੋਹਣ ਸਿੰਘ, ਪਤਵੰਤੇ ਕਾਤਲ, ਪੰ. 127

38. ਉਹੀ, ਤੂਤਾਂਵਾਲਾ ਖੂਹ, ਪੰ. 325

39. ਉਹੀ, ਈਚੋਗਿਲ ਨਹਿਰ ਤਕ, ਪੰ. 73-89

40. ਉਹੀ, ਤੂਤਾਂਵਾਲਾ ਖੂਹ, ਪੰ. 299

41. ਉਹੀ, ਬਦਲਾ, ਪੰ. 107

42. ਉਹੀ, ਈਚੋਗਿਲ ਨਹਿਰ ਤਕ, ਪੰ. 59

43. ਉਹੀ, ਪਤਵੰਤੇਕਾਤਲ, ਪੰ. 162

44. ਉਹੀ, ਤੂਤਾਂ ਵਾਲਾ ਖੂਹ, ਪੰ. 25

45. ਉਹੀ, ਜੁਗ ਬਦਲ ਗਿਆ, ਪੰ. 104-166

46. ਉਹੀ, ਜੰਗ ਜਾਂ ਅਮਨ, ਪੰ. 56

47. ਉਹੀ, ਪੰ. 200

48. ਉਹੀ, ਬਦਲਾ, ਪੰ. 74

49. ਉਹੀ, ਪੰ. 38

50. ਉਹੀ , ਪੰ. 40

51. ਉਹੀ, ਜੁਗ ਬਦਲ ਗਿਆ, ਸੀਤਲ ਪੁਸਤਕ ਭੰਡਾਰ, ਲੁਧਿਆਣਾ, ਦੂਜੀ ਐਡੀਸ਼ਨ, 1978, ਪੰ. 65

52. ਉਹੀ, ਪੰ. 104

53. ਉਹੀ, ਤੂਤਾਂ ਵਾਲਾ ਖੂਹ, ਪੰ. 74

54. ਉਹੀ, ਪੰ. 134

55. ਉਹੀ, ਜੰਗ ਜਾਂ ਅਮਨ, ਪੰ. 208-210

56. ਕਰਨ ਜੀਤ ਸਿੰਘ, ਨਾਵਲਕਾਰ ਸੋਹਣ ਸਿੰਘ ਸੀਤਲ, ਪੰ. 113

57. ਸੀਤਲ, ਸੋਹਣ ਸਿੰਘ, ਮੁੱਲ ਦਾ ਮਾਸ, ਪੰ. 139

58. ਉਹੀ, ਪਤਵੰਤੇ ਕਾਤਲ, ਪੰ. 13

59. ਉਹੀ, ਜੁੱਗ ਬਦਲ ਗਿਆ, ਪੰ. 42

60. ਉਹੀ, ਬਦਲਾ, ਪੰ. 41

61. ਉਹੀ, ਮੇਰੀ ਸਾਹਿਤਿਕ ਸਵੈ-ਜੀਵਨੀ, ਪੰ. 77-78

62. ਹਰਪ੍ਰੀਤ ਕੌਰ, ਸੋਹਣ ਸਿੰਘ ਸੀਤਲ ਦੇ ਨਾਵਲਾਂ ਵਿੱਚ ਪੇਂਡੂ ਜੀਵਨ ਦਾ ਚਿਤਰਣ, ਖੋਜ-ਨਿਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1989, ਪੰ. 19

63. ਉਹੀ, ਪੰ. 22

64. ਨਾਨਕ ਸਿੰਘ, ਪਿਆਰ ਦੀ ਦੁਨੀਆਂ, ਪੰ. 77

65. ਸੋਹਣ ਸਿੰਘ ਸੀਤਲ, ਤੂਤਾਂ ਵਾਲਾ ਖੂਹ, ਪੰ. 255

66. ਕਰਨ ਜੀਤ ਸਿੰਘ, ਨਾਵਲਕਾਰ ਸੋਹਣ ਸਿੰਘ ਸੀਤਲ, ਪੰ. 26

67. ਨਾਨਕ ਸਿੰਘ, ਪਿਆਰ ਦੀ ਦੁਨੀਆਂ, ਮੁਖ ਬੰਧ, ਪੰ. 10

68. ਉਹੀ, ਪੰ. 127

69. ਸੋਹਣ ਸਿੰਘ ਸੀਤਲ, ਮੁੱਲ ਦਾ ਮਾਸ, ਪੰ. 27

70. ਉਹੀ, ਈਚੋਗਿਲ ਨਹਿਰ ਤਕ, ਪੰ. 23

71. ਉਹੀ, ਪਤਵੰਤੇ ਕਾਤਲ, ਪੰ. 16

72. ਉਹੀ, ਮੇਰੀ ਸਾਹਿਤਕ ਸਵੈ-ਜੀਵਨੀ, ਪੰ. 77-78

73. ਸੋਢੀ, ਸਵਿੰਦਰ ਸਿੰਘ, ਨਾਨਕ ਸਿੰਘ ਦੇ ਨਾਵਲਾਂ ਦਾ ਵਸਤੂ-ਵਿਵੇਚਨ, ਅਮਰੀ ਪ੍ਰਕਾਸ਼ਨ, ਪਟਿਆਲਾ, ਪੰ. 42

ਅਧਿਆਇ ਚੌਥਾ :

*
*
*
*
*
*
*

## ਪਾਤਰ ਸਿਰਜਣਾ

1) ਪੁਰਖ ਪਾਤਰ

ੳ) ਨਾਨਕ ਸਿੰਘ ਦੇ ਪੁਰਖ ਪਾਤਰ
ਅ) ਸੋਹਣ ਸਿੰਘ ਸੀਤਲ ਦੇ ਪੁਰਖ ਪਾਤਰ

ੲ) ਪਾਤਰਾਂ ਦੇ ਆਚਰਣ ਵਿਚ ਸਮਾਨਤਾ/ਵੱਖਰਤਾ ,
ਸਮਾਜਿਕ-ਆਰਥਿਕ ਪਿਛੋਕੜ ਦਾ ਪ੍ਰਭਾਵ ਪੁਰਾਤਨ ਸੰਸਕਾਰਾਂ ਤੇ
ਆਧੁਨਿਕ ਪ੍ਰਵਿਰਤੀਆਂ ਦਾ ਟਕਰਾਅ

2) ਇਸਤਰੀ ਪਾਤਰ

ੳ) ਨਾਨਕ ਸਿੰਘ ਅਤੇ ਸੀਤਲ ਦੇ ਪ੍ਰਮੁੱਖ ਇਸਤਰੀ ਪਾਤਰ
ਸਮਾਨਤਾਵਾਂ/ਵੱਖਰਤਾਵਾਂ, ਸਮਾਜਿਕ ਪਿਛੋਕੜ ਵਿਚ ਇਸਤਰੀ
ਦੀ ਦਸ਼ਾ ਦਾ ਚਿਤਰਣ, ਅਜੋਕੇ ਸਮਾਜ ਵਿਚ ਇਸਤਰੀ ਦਾ ਸਥਾਨ

## ਪਾਤਰ ਚਿਤ੍ਰਣ

ਪਾਤਰ-ਚਿਤ੍ਰਣ ਦਾ ਨਾਵਲ ਰਚਨਾ ਵਿਚ ਵਿਸ਼ੇਸ਼ ਮਹੱਤਵ ਹੁੰਦਾ ਹੈ। ਅਸਲ ਵਿਚ ਪਾਤਰਾਂ ਤੋਂ ਬਿਨਾਂ ਕਿਸੇ ਵੀ ਨਾਵਲ ਦੀ ਕੋਈ ਹੋਂਦ ਨਹੀਂ ਹੁੰਦੀ ਅਤੇ ਸਫਲ ਪਾਤਰ-ਉਸਾਰੀ ਤੋਂ ਬਿਨ੍ਹਾਂ ਕੋਈ ਨਾਵਲ ਆਪਣਾ ਸਾਹਿੱਤਕ ਮੁੱਲ ਨਹੀਂ ਪੁਆ ਸਕਦਾ। ਵੱਖ-ਵੱਖ ਵਿਦਵਾਨਾਂ ਨੇ ਪਾਤਰਾਂ ਨੂੰ ਵੱਖ-ਵੱਖ ਸ਼੍ਰੇਣੀਆਂ ਵਿਚ ਵੰਡਿਆ ਹੈ। ਡਾ. ਈਸਰ ਸਿੰਘ ਤਾਂਘ[1] ਨਾਵਲ ਵਿਚ ਦੋ ਪ੍ਰਕਾਰ ਦੇ ਪਾਤਰ ਮੰਨਦਾ ਹੈ। ਵਿਅਕਤੀਗਤ ਪਾਤਰ ( Individual ) ਅਤੇ ਪ੍ਰਤੀਨਿਧ ਪਾਤਰ ( Type )। ਪ੍ਰੋ. ਗੁਰਚਰਨ ਸਿੰਘ[2] ਆਪਣੀ ਪੁਸਤਕ 'ਸਾਹਿਤ ਦੀ ਰੂਪ-ਰੇਖਾ' ਵਿਚ ਪਾਤਰ ਵੰਡ ਇਸ ਪ੍ਰਕਾਰ ਕਰਦਾ ਹੈ। (1) ਖੜੇ ਪਾਤਰ ,(2) ਨਮੂਨਾ ਪਾਤਰ ,(3) ਵਿਅਕਤੀ ਪਾਤਰ (4) ਚਿੰਨ੍ਹ ਪਾਤਰ। ਦਸਰਥ ਓਝਾ[3] ਨੇ 'ਸਮੀਖਿਆ ਸ਼ਾਸਤਰ' ਵਿਚ ਪਾਤਰਾਂ ਦੀਆਂ ਚਾਰ ਸ਼੍ਰੇਣੀਆਂ ਦੱਸੀਆਂ ਹਨ: (1) ਵਿਅਕਤੀ ਪ੍ਰਧਾਨ ਪਾਤਰ, (2) ਵਰਗ ਪ੍ਰਧਾਨ ਪਾਤਰ (3) ਸਥਿਰ ਜਾਂ ਅਹਿਲ ਪਾਤਰ (4) ਪ੍ਰਗਤੀਸ਼ੀਲ ਪਾਤਰ।

ਈ.ਐਮ. ਫਾਰਸਟਰ ਨੇ ਪਾਤਰਾਂ ਦੇ ਸੁਭਾ ਮੁਤਾਬਕ ਉਨ੍ਹਾਂ ਦੀ ਵੰਡ ਕੀਤੀ ਹੈ। ਉਸ ਅਨੁਸਾਰ ਪਾਤਰ ਦੋ ਪ੍ਰਕਾਰ ਦੇ ਹੁੰਦੇ ਹਨ, ਗੋਲ ਪਾਤਰ ( Round characters ) ਅਤੇ ਚਪਟੇ ਪਾਤਰ ( Flat characters )।ਗੋਲ ਪਾਤਰ ਪ੍ਰਸਥਿੱਤੀਆਂ ਦੇ ਰੁਖ਼ਿਆਂ ਨਾਲ ਰਿੜ ਜਾਂਦੇ ਹਨ ਪਰ ਚਪਟੇ ਪਾਤਰ ਆਦਰਸ਼ਕ ਹੁੰਦੇ ਹਨ। ਜਿਨ੍ਹਾਂ ਤੇ ਇਨ੍ਹਾਂ ਪ੍ਰਸਥਿੱਤੀਆਂ ਦਾ ਕੋਈ ਅਸਰ ਨਹੀਂ ਹੁੰਦਾ।

### ਨਾਨਕ ਸਿੰਘ ਦੇ ਪੁਰਖ ਪਾਤਰ :

ਨਾਨਕ ਸਿੰਘ ਨੇ ਆਪਣੇ ਪੁਰਖ ਪਾਤਰ ਆਮ-ਤੌਰ ਤੇ ਉਸ ਖੇਤਰ ਵਿਚੋਂ ਲਏ ਹਨ, ਜਿਸਦਾ ਉਸਨੂੰ ਆਪ ਅਨੁਭਵ ਹੈ। ਉਸਦਾ ਪੰਜਾਬ ਦੇ ਲੋਕਾਂ ਦੀ ਖੇਤ ਮਜ਼ਦੂਰ ਸਮੱਸਿਆ ਤੋਂ ਦੂਰ ਰਹਿਣਾ

ਵੀ ਇਸੇ ਦਾ ਸਿੱਟਾ ਹੈ ਕਿ ਉਸਦੇ ਬਹੁਤ ਘੱਟ ਪਾਤਰ ਜ਼ਿਮੀਂਦਾਰ ਪਰਿਵਾਰਾਂ ਦੇ ਹਨ। ਨਾਨਕ ਸਿੰਘ ਮੁਢੱਲੀਆਂ ਕਿਰਤਾਂ ਵਿਚ ਆਦਰਸ਼ਵਾਦੀ ਪਾਤਰ ਹੀ ਲਿਆਂਦਾ ਹੈ। ਉਸਦੇ ਪਾਤਰ ਜਾਂ ਤਾਂ ਉਤਮ-ਭਾਵਨਾਵਾਂ ਅਤੇ ਕਿਰਦਾਰ ਦੇ ਮਾਲਕ ਹੁੰਦੇ ਹਨ ਜਾਂ ਫਿਰ ਦਲਿਤ ਵਰਗ ਅਤੇ ਘਟੀਆ ਰੁਚੀਆਂ ਦੇ ਮਾਲਕ। ਉਸਦੇ ਨਾਵਲਾਂ ਦਾ ਨਾਇਕ ਸਰਬਗੁਣਾਂ ਭਰਪੂਰ ਹੁੰਦਾ ਹੈ, ਕੋਮਲ ਹਿਰਦਾ ਵੀ, ਗਰੀਬ ਨਾਲ ਪਿਆਰ ਵੀ ਕਰਦਾ ਹੈ। ਆਪਣੇ ਚੌਗਿਰਦੇ ਤੋਂ ਬਗ਼ਾਵਤ ਵੀ ਕਰਦਾ ਹੈ ਅਤੇ ਜੇ ਚੰਗੇ ਲਈ ਉਹ ਮਰਦਾ ਨਹੀਂ ਤਾਂ ਚੰਗਿਆਈ ਦਾ ਸਾਥ ਹਰ ਹਾਲ ਵਿਚ ਨਿਭਾ ਜਾਂਦਾ ਹੈ। ਇਹ ਰੁਚੀ ਉਸਦੀ ਆਰੰਭ ਤੋਂ ਲੈ ਕੇ ਅੰਤ ਤਕ ਦੇ ਨਾਵਲਾਂ ਵਿਚ ਮਿਲਦੀ ਹੈ। ਨਾਨਕ ਸਿੰਘ ਦੇ ਪਾਤਰਾਂ ਨੂੰ ਨਿਮਨ-ਲਿਖਤ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ:

1) ਸ਼ਹਿਰੀ ਮੱਧ-ਸ਼੍ਰੇਣੀ ਨਾਲ ਸੰਬੰਧਿਤ ਪਾਤਰ
2) ਦਲਿਤ ਸ਼੍ਰੇਣੀ ਨਾਲ ਸੰਬੰਧਿਤ ਪਾਤਰ
3) ਜਾਗੀਰਦਾਰ ਅਤੇ ਸਰਮਾਏਦਾਰੀ ਸ਼੍ਰੇਣੀ ਨਾਲ ਸੰਬੰਧਿਤ ਪਾਤਰ
4) ਧਾਰਮਿਕ ਸ਼੍ਰੇਣੀ ਨਾਲ ਸੰਬੰਧਿਤ ਪਾਤਰ

1) ਸ਼ਹਿਰੀ-ਮੱਧ ਸ਼੍ਰੇਣੀ ਨਾਲ ਸੰਬੰਧਿਤ ਪਾਤਰ :

ਨਾਨਕ ਸਿੰਘ ਦੇ ਨਾਵਲਾਂ ਵਿਚ ਜ਼ਿਆਦਾਤਰ ਸ਼ਹਿਰੀ ਮੱਧ-ਸ਼੍ਰੇਣੀ ਦੇ ਪਾਤਰ ਮਿਲਦੇ ਹਨ ਕਿਉਂਕਿ ਨਾਨਕ ਸਿੰਘ ਦਾ ਵਾਹ ਸ਼ਹਿਰੀ ਲੋਕਾਂ ਨਾਲ ਜ਼ਿਆਦਾ ਪਿਆ। ਇਹ ਖੁਦ ਸ਼ਹਿਰੀ ਮੱਧ-ਸ਼੍ਰੇਣੀ ਦਾ ਜੰਮਪਲ ਹੈ। ਇਸ ਵਰਗ ਦੇ ਪਾਤਰ ਸਾਦਕ, ਪ੍ਰੀਤਮ ਸਿੰਘ (ਪਿਆਰ ਦੀ ਦੁਨੀਆਂ), ਬਲਦੇਵ (ਗ਼ਰੀਬ ਦੀ ਦੁਨੀਆਂ), ਪੂਰਨ ਚੰਦ (ਜੀਵਨ ਸੰਗਰਾਮ) ਸੁਖਬੀਰ (ਕਟੀ ਹੋਈ ਪਤੰਗ), ਮਾਸਟਰ ਗੋਕਲ ਚੰਦ (ਕਟੀ ਹੋਈ ਪਤੰਗ), ਰਾਮ ਪ੍ਰਕਾਸ਼ (ਸੁਮਨ ਕਾਂਤਾ) ਆਦਿ ਪੁਰਖ ਪਾਤਰ ਸ਼ਹਿਰੀ ਮੱਧ-ਸ਼੍ਰੇਣੀ ਨਾਲ ਸੰਬੰਧਿਤ ਪਾਤਰ ਹਨ।

ਪ੍ਰੀਤਮ ਸਿੰਘ ਅਤੇ ਸਾਦਕ (ਪਿਆਰ ਦੀ ਦੁਨੀਆਂ) ਇਸ ਸ਼੍ਰੇਣੀ ਦੀ ਪ੍ਰਤਿਨਿਧਤਾ ਕਰਦੇ ਹਨ। ਦੋਵੇਂ ਪਾਤਰ ਦੇਸ਼ ਪ੍ਰੇਮੀ ਹਨ। ਸਾਦਿਕ ਕਾਹਲੇ ਸੁਭਾ ਦਾ ਵਿਅਕਤੀ ਹੈ। ਬੜੀ ਜਲਦੀ

ਹੀ ਨਵੇਂ ਵਿਚਾਰਾਂ ਨੂੰ ਗ੍ਰਹਿਣ ਕਰਦਾ ਹੈ ਜਦੋਂ ਕਿ ਪ੍ਰੀਤਮ ਸਿੰਘ ਅਜਿਹੇ ਗੁਣ ਨੂੰ ਨਹੀਂ ਅਪਣਾਉਂਦਾ ਸਬ ਜੱਜ ਉਜਾਗਰ ਸਿੰਘ ਦੀ ਸਿਫ਼ਾਰਸ਼ ਨਾਲ ਪ੍ਰੀਤਮ ਸਿੰਘ ਛੋਟਾ ਥਾਣੇਦਾਰ ਲਗ ਜਾਂਦਾ ਹੈ। ਭਾਵੇਂ ਉਸਨੂੰ ਇਹ ਨੌਕਰੀ ਜ਼ਰਾ ਵੀ ਪਸੰਦ ਨਹੀਂ। ਪਿਉ ਦਾ ਕਿਹਾ ਨਹੀਂ ਮੋੜਦਾ। ਇਕ ਦੋਸਤ ਪੁਲਿਸ ਅਫ਼ਸਰ ਤੇ ਦੂਜਾ (ਸਾਦਿਕ) ਦੇਸ਼ ਭਗਤ। ਦੋਵਾਂ ਦੀ ਦੋਸਤੀ ਵਿਚ ਫਰਕ ਪੈ ਜਾਂਦਾ ਹੈ ਪਰ ਦੇਸ਼ ਪਿਆਰ ਦੀ ਭਾਵਨਾ ਦੋਵਾਂ ਵਿਚ ਜਾਗ੍ਰਿਤ ਰਹਿੰਦੀ ਹੈ। ਬਲਦੇਵ (ਗ਼ਰੀਬ ਦੀ ਦੁਨੀਆਂ) ਲਾਲਾ ਅਮਰਨਾਥ ਦਾ ਇਕਲੌਤਾ ਬੇਟਾ ਹੋਣ ਦੇ ਬਾਵਜੂਦ ਵੀ ਉਸ ਵਿਚ ਅਮੀਰਾਂ ਵਾਲਾ ਕੋਈ ਐਬ ਨਹੀਂ ਹੈ। ਉਹ ਗਰੀਬਾਂ ਨਾਲ ਹਮਦਰਦੀ ਜਤਾਉਂਦਾ ਹੈ। ਇਸ ਤੋਂ ਇਲਾਵਾ ਬਲਦੇਵ ਆਪਣੇ ਦੇ ਖ਼ਿਲਾਫ, ਉਨ੍ਹਾਂ ਮਜ਼ਦੂਰਾਂ ਨਾਲ ਖੜਾ ਹੁੰਦਾ ਹੈ, ਜਿਨ੍ਹਾਂ ਨੂੰ ਉਸਦੇ ਪਿਤਾ ਨੇ ਸਤਾਇਆ ਹੋਇਆ ਹੈ ਅਤੇ ਕਹਿੰਦਾ ਹੈ:

> ਮੇਰੇ ਬਦਨਸੀਬ ਹਮਵਤਨੋ, ਮੈਂ ਜਾਣਦਾ ਹਾਂ ਮੇਰੇ ਪਿਤਾ ਨੇ ਤੁਹਾਨੂੰ ਕਿਤਨਾ ਦੁਖੀ ਕੀਤਾ ਹੈ। ਇਹੋ ਦੁੱਖ ਹੈ, ਜਿਸਨੇ ਮੇਰੀ ਭੁੱਖ, ਨੀਂਦਰ ਹਰਾਮ ਕਰ ਦਿੱਤੀ ਹੈ।[4]

ਬਲਦੇਵ ਅਮੀਰੀ ਦੇ ਸੁੱਖ ਆਰਾਮ ਸਭ ਤਿਆਗ ਕੇ ਗਰੀਬਾਂ ਨਾਲ ਆਪਣਾ ਜੀਵਨ ਬਤੀਤ ਕਰਦਾ ਹੈ।

ਪੂਰਨ ਚੰਦ (ਜੀਵਨ ਸੰਗਰਾਮ) ਵੀ ਇਸੇ ਸ਼੍ਰੇਣੀ ਦਾ ਪ੍ਰਤਿਨਿਧ ਪਾਤਰ ਹੈ। ਉਹ ਆਪਣੇ ਸਹੁਰੇ ਦੇਵਰਾਜ ਦੀ ਸਾਰੀ ਜਾਇਦਾਦ ਹੜਪ ਕਰਨਾ ਚਾਹੁੰਦਾ ਹੈ। ਇਸ ਪਾਤਰ ਵਿਚ ਸ਼ਹਿਰੀ ਅਮੀਰਾਂ ਵਾਲੇ ਸਾਰੇ ਗੁਣ ਭਰਪੂਰ ਹਨ। ਉਹ ਅਮੀਰ ਬਣਨਾ, ਚੰਪਾ ਅਗੇ ਪ੍ਰੇਮ ਦਾ ਪ੍ਰਗਟਾਵਾ ਕਰਨਾ ਆਦਿ ਦੇ ਸੁਫ਼ਨੇ ਲੈਂਦਾ ਰਹਿੰਦਾ ਹੈ। ਅਖ਼ੀਰ ਉਹ ਪਤਨੀ ਊਸ਼ਾ ਦੇ ਹੁੰਦੇ ਹੋਏ ਚੰਪਾ ਨੂੰ ਆਪਣਾ ਬਣਾ ਹੀ ਲੈਂਦਾ ਹੈ। ਕੰਨਾ ਦਾ ਕੱਚਾ ਹੋਣ ਕਰਕੇ ਧਰਮ ਚੰਦ ਦੀ ਗੱਲਾਂ ਵਿਚ ਆ ਕੇ ਆਪਣਾ ਘਰ ਤਬਾਹ ਕਰ ਲੈਂਦਾ ਹੈ।

ਸੁਖਬੀਰ (ਕਟੀ ਹੋਈ ਪਤੰਗ) ਦਾ ਸੰਬੰਧ ਮੱਧ-ਸ਼੍ਰੇਣੀਕ ਪਰਿਵਾਰ ਨਾਲ ਹੈ। ਬਚਪਨ ਵਿਚ

ਹੀ ਯਤੀਮ ਹੋ ਜਾਣ ਕਰਕੇ ਚਾਚਾ-ਚਾਚੀ ਦੇ ਸਿਤਮ ਸਹਿੰਦਾ, ਹਾਲਾਤ ਦੀਆਂ ਚਪੇੜਾਂ ਖਾਂਦਾ, ਸੁਹਿਰਦ ਮਿਤਰਾਂ ਦੀ ਸਹਾਇਤਾ ਨਾਲ ਆਪਣੇ ਪੈਰਾਂ ਤੇ ਖਲੋ ਜਾਂਦਾ ਹੈ। ਪਹਿਲਾਂ ਗਰੀਬੀ ਨਾਲ ਟੱਕਰਾਂ ਮਾਰਦਾ ਹੈ ਪਰ ਬਾਅਦ ਵਿਚ ਅਮੀਰ ਬਣ ਕੇ ਸ਼ਹਿਰੀ ਸ਼੍ਰੇਣੀ ਵਾਲੇ ਗੁਣ ਅਪਣਾ ਲੈਂਦਾ ਹੈ। ਕਦੇ ਕਾਮਨੀ ਨੂੰ ਪਿਆਰ ਕਰਦਾ , ਕਦੇ ਚੰਬੇਲੀ ਨੂੰ। ਅਖ਼ੀਰ ਕਾਮਨੀ ਸੁਖਬੀਰ ਤੇ ਚੰਬੇਲੀ ਨੂੰ ਮਿਲਾ ਦਿੰਦੀ ਹੈ।

ਮਾਸਟਰ ਗੋਕਲ ਚੰਦ ਵੀ ਇਸੇ ਨਾਵਲ ਦਾ ਸ਼ਹਿਰੀ ਮੱਧ-ਸ਼੍ਰੇਣੀ ਦੀ ਪ੍ਰਤਿਨਿਧਤਾ ਕਰਦਾ ਹੈ। ਇਹ ਅਮੀਰ ਹੈ। ਕਾਮਨੀ ਦੇ ਚਰਿਤਰ ਵਿਚ ਜੋ ਵਿਸ਼ੇਸ਼ਤਾਵਾਂ ਹਨ, ਉਹ ਪਿਤਾ ਗੋਕਲ ਚੰਦ ਦੀਆਂ ਪ੍ਰੇਰਣਾਵਾਂ ਅਤੇ ਸੰਗਤ ਤੋਂ ਹੀ ਅਰਜਿਤ ਕੀਤੀਆਂਗਈਆਂ ਹਨ। ਗੋਕਲ ਚੰਦ ਸੁਖਬੀਰ ਲਈ ਵੀ ਪਿਤਾ ਦੀ ਭੂਮਿਕਾ ਨਿਭਾਉਂਦਾ ਹੈ, ਉਹ ਮਨੁੱਖ ਦਰਦ ਦਾ ਮੁਜਸਮਾ ਹੈ। ਗੋਕਲ ਚੰਦ ਆਦਰਸ਼ਕ ਪਾਤਰ ਹੋਣ ਕਰਕੇ ਕਿਸੇ ਨੂੰ ਵੀ ਦੁਖੀ ਨਹੀਂ ਦੇਖ ਸਕਦਾ।

ਰਾਮ ਪ੍ਰਕਾਸ਼ (ਸੁਮਨਕਾਂਤਾ) ਸ਼ਹਿਰੀ ਮੱਧ-ਸ਼੍ਰੇਣੀ ਦਾ ਅਮੀਰ ਅਤੇ ਬਦਚਲਨ ਪਾਤਰ ਹੈ। ਉਹ ਇਸਤਰੀ 'ਤੇ ਪ੍ਰੇਮ ਜਾਲ ਵਿਛਾਉਣ ਤੇ ਹੀ ਲੱਗਾ ਰਹਿੰਦਾ ਹੈ। ਸੁਮਨ ਰਾਮ ਪ੍ਰਕਾਸ਼ ਨੂੰ ਅਜਿਹਾ ਕਰਨੋ ਰੋਕਦੀ ਹੈ। ਪਰ ਉਹ ਸੁਮਨ ਨੂੰ ਮਾਰਦਾ ਹੈ। ਅੰਤ ਰਾਮ ਪ੍ਰਕਾਸ਼ ਵੀ ਆਦਰਸ਼ ਨੂੰ ਅਪਣਾਉਂਦਾ ਹੈ। ਉਹ ਸੁਮਨ ਤੋਂ ਮੁਆਫ਼ੀ ਮੰਗਦਾ ਅਤੇ ਇਸ ਤਰ੍ਹਾਂ ਦੇ ਗੁਨਾਹ ਕਰਨ ਤੋਂ ਤੋਬਾ ਕਰਦਾ ਹੈ।

ਨਾਨਕ ਸਿੰਘ ਨੇ ਕੁੱਝ ਪਾਤਰ ਪੇਂਡੂ ਸ਼੍ਰੇਣੀ ਨਾਲ ਸੰਬੰਧਿਤ ਪਾਤਰ ਵੀ ਲਏ ਹਨ ਅਤੇ ਕੁੱਝ ਅਜਿਹੇ ਪਾਤਰ ਵੀ ਹਨ ਜੋ ਸ਼ਹਿਰੀ ਮੱਧ-ਸ਼੍ਰੇਣੀ ਨਾਲ ਸੰਬੰਧ ਰਖਦੇ ਹੋਏ ਵੀ ਪੇਂਡੂ ਸ਼੍ਰੇਣੀ ਦਿਖਾਏ ਗਏ ਹਨ। ਜਿਵੇਂ ਬਚਨ ਸਿੰਘ (ਚਿੱਟਾ ਲਹੂ) ਅਤੇ ਗੰਗਾ ਰਾਮ (ਟੁੱਟੀਵੀਣਾ) ਪੇਂਡੂ ਪਾਤਰ ਬਾਬਾ ਭਾਨਾ ਚੌਧਰੀ ਫੱਜਲ ਕਰੀਮ (ਖੂਨ ਦੇ ਸੋਹਲੇ), ਸ਼ਿੰਗਾਰਾ ਸਿੰਘ (ਆਦਮਖੋਰ) ਆਦਿ।

ਗੰਗਾ ਰਾਮ (ਟੁੱਟੀ ਵੀਣਾ)ਸੁਧਾਰਕ ਵਿਚਾਰਾਂ ਵਾਲਾ ਪੇਂਡੂ ਮੱਧ-ਸ਼੍ਰੇਣੀ ਦਾ ਪਾਤਰ ਹੈ। ਅਗਾਂਹਵਧੂ ਰੁਚੀਆਂ ਦਾ ਧਾਰਨੀ ਹੋਣ ਕਰਕੇ ਇਕ ਸਤਿਆ ਵੇਸ਼ਵਾ ਨਾਲ ਵਿਆਹ ਕਰਾਉਂਦਾ ਹੈ।

ਉਹ ਲਿਤਾੜੀ ਹੋਈ ਇਸਤਰੀ ਦੀ ਦੁਬਾਰਾ ਸਮਾਜ ਵਿਚ ਇੱਜਤ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਬਰਾਦਰੀ ਦੁਆਰਾ ਬਾਈਕਾਟ ਕਰਨ ਦੀ ਵੀ ਪਰਵਾਹ ਨਾ ਕਰਦਾ ਹੋਇਆ ਉਹ ਸ਼ਹਿਰ ਚਲਾ ਜਾਂਦਾ ਹੈ। ਅਖੀਰ ਨਾਨਕ ਸਿੰਘ ਦੇ ਹੋਰਨਾਂ ਪਾਤਰਾਂ ਵਾਂਗ ਇਹ ਵੀ ਜ਼ਿੰਦਗੀ ਦੀ ਜੰਗ ਲੜਦਾ ਹੋਇਆ ਮਰ ਜਾਂਦਾ ਹੈ।

ਨਾਨਕ ਸਿੰਘ ਸ਼ਹਿਰੀ ਮੱਧ-ਸ਼੍ਰੇਣੀ ਦੇ ਪਾਤਰਾਂ ਦਾ ਚਿਤਰਣ ਕਰਨ ਲਗਿਆਂ ਕੁੱਝ ਉਪਭਾਵੁਕ ਹੋ ਜਾਂਦਾ ਹੈ। ਇਨ੍ਹਾਂ ਪਾਤਰਾਂ ਜਾਂ ਤਾਂ ਅੰਤ ਜਾਂ ਮੌਤ ਹੋ ਜਾਂਦੀ ਹੈ ਜਾਂ ਉਹ ਆਪਣੇ ਉਦੇਸ਼ ਵਿਚ ਸਫਲ ਹੋ ਜਾਂਦੇ ਹਨ।

2) <u>ਦਲਿਤ ਸ਼੍ਰੇਣੀ ਨਾਲ ਸੰਬੰਧਿਤ ਪਾਤਰ :</u>

ਨਾਨਕ ਸਿੰਘ ਦੇ ਨਾਵਲਾਂ ਵਿਚ ਅਨੇਕਾਂ ਪਾਤਰ ਦਲਿਤ ਸ਼੍ਰੇਣੀ ਨਾਲ ਸੰਬੰਧਤ ਹਨ। ਇਹ ਪਾਤਰ ਆਪਣੇ ਹੱਥੀਂ ਕੰਮ ਕਰਕ ਜੀਵਨ-ਨਿਰਬਾਹ ਕਰਦੇ ਹਨ। ਜਿਵੇਂ ਰੋਡੂ (ਚਿੱਟਾ ਲਹੂ), ਰੂਪ ਲਾਲ (ਪਿਆਰ ਦੀ ਦੁਨੀਆਂ), ਸੰਕਰ ਤੇ ਕਰਮਦੀਨ (ਗਰੀਬ ਦੀ ਦੁਨੀਆਂ), ਰਤਨਾ (ਧੁੰਧਲੇ ਪਰਛਾਵੇਂ), ਭਜਨ ਸਿੰਘ (ਛਲਾਵਾ), ਆਦਿ ਪਾਤਰ ਬੰਦਰਾਂ ਦਾ ਤਮਾਸ਼ਾ ਦਿਖਾ ਵੇ, ਆਈਸ਼-ਕਰੀਮ ਵੇਚ ਕੇ , ਬਰਤਨ ਸਾਫ ਕਰਕੇ, ਕੰਘੀ ਤੇ ਚੂੜੀ ਵੇਚ ਕੇ, ਟਾਂਗਾ ਚਲਾ ਕੇ , ਬੂਟ ਪਾਲਿਸ ਕਰਕੇ, ਰੁਲਦੂ ਰਾਮ (ਕਈ ਹਰਿਆ ਬੂਟ ਰਹਿਓ ਰੀ) ਵਰਗੇ ਮਿਸਤਰੀ ਦਾ ਕੰਮ ਕਰਕੇ ਪੈਸਾ ਕਮਾਉਂਦੇ ਹਨ ਤਾਂ ਜੋ ਆਪਣੇ ਪਰਿਵਾਰ ਨੂੰ ਪਾਲ ਸਕਣ।

ਬਾਬਾ ਰੋਡੂ (ਚਿੱਟਾ ਲਹੂ) ਅਜਿਹੀ ਹੀ ਸ਼੍ਰੇਣੀ ਦਾ ਪਾਤਰ ਹੈ ਜੋ ਤਮਾਸ਼ੇ ਦਿਖਾ ਕੇ ਆਪਣੇ ਪੇਟ ਭਰਨ ਜੋਗਾ ਪੈਸਾ ਜਾਂ ਆਟਾ ਕਮਾ ਲੈਂਦਾ ਹੈ। ਉਸਦੀ ਜਾਇਦਾਦ ਇਕ ਪਾਟੀ ਹੋਈ ਜੁੱਲੀ, ਦੋ ਮਿੱਟੀ ਦੇ ਕਟੋਰੇ, ਇਕ ਝੋਲਾ ਅਤੇ ਕੁੱਝ ਹੋਰ ਇਹੋ ਜਿਹਾ ਟੁੱਟਿਆ-ਫੁੱਟਿਆ ਸਮਾਨ ਹੈ। ਇਕ ਲੱਛੋ ਬਾਂਦਰੀ ਤੇ ਉਹ ਆਪ ਉਸਦਾ ਪਰਿਵਾਰ ਹੈ। ਜਿਸ ਵਿਚ ਇਹ ਪਾਤਰ ਖੁਸ਼ ਰਹਿੰਦਾ ਹੈ। ਨਾਨਕ ਸਿੰਘ ਨੇ ਇਸ ਪਾਤਰ ਨੂੰ ਆਦਰਸ਼ਕ ਰੂਪ ਵਿਚ ਪੇਸ਼ ਕੀਤਾ ਹੈ। ਇਹ ਲਾਲਚ ਦੀ ਬੋ ਤੋਂ ਦੂਰ ਰਹਿੰਦਾ ਹੈ। ਝਾੜੀਆਂ ਵਿਚ ਪਈ ਲਾਵਾਰਸ਼ ਬੱਚੀ ਦੀ ਆਵਾਜ਼ ਸੁਣ ਕੇ ਉਠਾ ਲਿਆਉਂਦਾ;

ਹੈ ਤੇ ਪ੍ਰੇਮ ਨਾਲ ਲੋਰੀਆਂ ਦੇ ਦੇ ਉਸਨੂੰ ਪਾਲਦਾ ਹੈ:

ਸਦਕੇ-ਸਦਕੇ ਸਦ ਮਾਈਆਂ - - - ।[5]

ਨਾਨਕ ਸਿੰਘ ਨੇ ਤਮਾਸ਼ਾ ਦਿਖਾ ਕੇ ਪੈਸੇ ਕਮਾਉਣ ਵਾਲੇਬਾਬਾ ਰੋੜੂ ਨੂੰ ਨੇਕ ਤੇ ਸਬਰ ਸੰਤੋਖ ਵਾਲਾ ਪਾਤਰ ਚਿਤਰਿਆ ਹੈ।

ਰੂਪ ਲਾਲ (ਪਿਆਰ ਦੀ ਦੁਨੀਆਂ) ਪੜ੍ਹਿਆ ਲਿਖਿਆ ਪਾਤਰ ਹੋਣ ਤੋਂ ਬਾਵਜੂਦ ਨੌਕਰੀ ਨਾ ਮਿਲਣ ਕਾਰਣ ਇਸ ਸ਼੍ਰੇਣੀ ਦਾ ਪਾਤਰ ਹੋ ਨਿਬੜਦਾ ਹੈ। ਰੂਪ ਲਾਲ ਚੌਕੀਦਾਰੀ ਦਾ ਕੰਮ ਕਰਦਾ ਹੈ। ਇਹ ਪਾਤਰ ਸਾਰੀ ਉਮਰ ਧੱਕੇ ਖਾਂਦਾ ਰਹਿੰਦਾ ਹੈ। ਲਾਲਾਪ੍ਰਭੂ ਦਿਆਲ ਜੋ ਉਸਨੂੰ ਨੌਕਰੀ ਦੇ ਕੇ ਬਾਅਦ ਵਿਚ ਚੋਰੀ ਦੇ ਕੇਸ ਵਿਚ ਪੁਲਿਸ ਹਵਾਲੇ ਕਰ ਦਿੰਦਾ ਹੈ ਕਿ ਬਾਅਦ ਵਿਚ ਉਸਦੀ ਪਤਨੀ ਮਨੋਰਮਾ ਨੂੰ ਆਪਣੀ ਵਾਸਨਾ ਦਾ ਸ਼ਿਕਾਰ ਬਣਾ ਸਕੇ। ਇਸ ਤਰ੍ਹਾਂ ਇਹ ਪਾਤਰ ਜ਼ਿੰਦਗੀ ਦੀ ਜੰਗ ਲੜਦਾ- ਅਖੀਰ ਮਰ ਜਾਂਦਾ ਹੈ।

ਸ਼ੰਕਰ ਤੇ ਕਰਮਦੀਨ (ਗ਼ਰੀਬ ਦੀ ਦੁਨੀਆਂ) ਦੋਵੇਂ ਪਾਤਰ ਦਲਿਤ ਸ਼੍ਰੇਣੀ ਨਾਲ ਸੰਬੰਧਿਤ ਪਾਤਰ ਹਨ । ਸ਼ੰਕਰ ਦਸ ਜਮਾਤਾਂ ਪੜ੍ਹਿਆ ਹੋਇਆ ਹੈ। ਮੁਸੀਬਤਾਂ ਮਾਰੇ ਉਸਨੂੰ ਮਜ਼ਦੂਰੀ ਕਰਕੇ ਆਪਣਾ ਪੇਟ ਭਰਨਾ ਪੈਂਦਾ ਹੈ। ਨਾਨਕ ਸਿੰਘ ਦਾ ਇਹ ਪਾਤਰ ਆਪਣੇ ਅਧਿਕਾਰਾਂ ਪ੍ਰਤੀ ਚੇਤੰਨ ਹੋਇਆ ਜਾਪਦਾ ਹੈ ਕਿਉਂਕਿ ਸ਼ੰਕਰ ਹੀ ਮਜ਼ਦੂਰਾਂ ਵਿਚ ਜਾਗ੍ਰਤੀ ਲਿਆਉਂਦਾ ਹੈ । ਲਾਲਾ ਅਮਰ ਨਾਥ ਮਜ਼ਦੂਰਾਂ ਨੂੰ ਤਿੰਨ ਮਹੀਨਿਆਂ ਦੀ ਤਨਖਾਹ ਨਹੀਂ ਦਿੰਦਾ ਤਾਂ ਉਹ ਯੂਨੀਅਨ ਬਣਾ ਕੇ ਆਪਣੇ ਹੱਕਾਂ ਦੀ ਮੰਗ ਕਰਦਾ ਹੈ। ਇਸ ਮਜ਼ਦੂਰ ਦਾ ਅੰਤ ਵੀ ਉਹੀ ਹੁੰਦਾ ਹੈ ਜੋ ਸਰਮਾਏਦਾਰੀ ਯੁਗ ਦੇ ਮਜ਼ਦੂਰ ਦਾ। ਸ਼ੰਕਰ ਨੂੰ ਲਾਲਾ ਅਮਰਨਾਥ ਪੁਲਿਸ ਦੇ ਹਵਾਲੇ ਕਰ ਦਿੰਦਾ ਹੈ। ਪੁਲਿਸ ਰਿਸ਼ਵਤ ਲੈਕੇ ਸ਼ੰਕਰ ਨੂੰ ਬਹੁਤ ਮਾਰਦੀ ਹੈ ਇਸਦਾ ਨਤੀਜਾ ਸ਼ੰਕਰ ਦੀ ਮੌਤ ਹੋ ਜਾਂਦੀ ਹੈ।

ਕਮਰਦੀਨ ਵੀ ਅਜਿਹਾ ਹੀ ਮਜ਼ਦੂਰ ਪਾਤਰ ਹੈ ਜਿਸਨੂੰ ਅਮਰ ਨਾਥ ਹੱਥੋਂ ਤੰਗ ਕੀਤਾ ਜਾਂਦਾ ਹੈ। ਜਦੋਂ ਕਮਰਦੀਨ ਮਜ਼ਦੂਰਾਂ ਦਾ ਨੇਤਾ ਬਣਦਾ ਹੈ ਤਾਂ ਅਮਰਨਾਥ ਇਸਨੂੰ ਵੀ ਹੰਟਰਾਂ

ਨਾਲ ਮਾਰਦਾ ਹੈ। ਨਾਨਕ ਸਿੰਘ ਦੇ ਇਹ ਕਿਰਤੀ ਪਾਤਰ ਅੰਤ ਵਿਚ ਸਫਲਤਾ ਪ੍ਰਾਪਤ ਕਰਦੇ ਹਨ।

ਰਤਨਾ (ਧੁੰਧਲੇ ਪਰਛਾਵੇਂ) ਵੀ ਇਸੇ ਵਰਗ ਦੀ ਪ੍ਰਤਿਨਿਧਤਾ ਕਰਦਾ ਹੈ। ਇਹ ਕਿਰਾਏ ਤੇ ਟਾਂਗਾ ਚਲਾਂਦਾ ਹੈ। ਰਤਨਾ ਬਹੁਤ ਗ਼ਰੀਬ ਹੈ ਇਸਦਾ ਘਰ ਦਵਿੰਦਰ ਸਿੰਘ ਨੇ ਬਰਬਾਦ ਕਰ ਦਿੱਤਾ ਸੀ। ਇਹ ਸੱਚਾ ਤੇ ਮਿਹਨਤੀ ਇਨਸਾਨ ਹੈ। ਰਵਿੰਦਰ ਨੂੰ ਇੱਥੋਂ ਤਕ ਦਸ ਦਿੰਦਾ ਹੈ ਕਿ ਮੇਰੀ ਮਾਂ ਸਰਦਾਰ ਨਾਲ ਖਰਾਬ ਸੀ। ਰਵਿੰਦਰ ਉਸਨੂੰ ਪਿਆਰ ਕਰਨ ਲਗਦੀ ਹੈ ਪਰ ਰਤਨਾ ਫੁਲਦਾ ਨਹੀਂ ਸਗੋਂ ਲੀਲਾ ਨਾਲ ਹੀ ਵਿਆਹ ਕਰਾਉਂਦਾ ਹੈ।

ਭਜਨ (ਛਲਾਵਾ) ਗ਼ਰੀਬ ਜਿਹਾ ਪਾਤਰ ਹੈ। ਕੰਘੇ, ਚੂੜੀ ਵੇਚ ਕੇ ਆਪਣੇ ਘਰਦਿਆਂ ਦਾ ਪੇਟ ਪਾਲਦਾ ਹੈ। ਭਜਨ ਸਿੰਘ ਕਰਜ਼ ਥੱਲੇ ਦੱਬਿਆ ਪਾਤਰ ਹੈ ਕਿਉਂਕਿ ਉਹ ਆਪਣੇ ਲੜਕੇ ਦਾ ਵਿਆਹ ਅਤੇ ਮਕਾਨ ਬਣਾਉਣ ਲਈ ਕਰਜ਼ ਲੈ ਤਾਂ ਲੈਂਦਾ ਹੈ ਪਰ ਵਾਪਿਸ ਨਹੀਂ ਕਰ ਸਕਦਾ। ਕਰਜ਼ ਵਾਪਿਸ ਕਰਨ ਲਈ ਉਹ ਸਮਗਲਿੰਗ ਕਰਕੇ ਪੈਸੇ ਜਮ੍ਹਾ ਕਰਦਾ ਤਾਂ ਹੈ ਪਰ ਉਸਦਾ ਪੁੱਤਰ ਪੁਲਿਸ ਦੀ ਵਰਦੀ ਵਿਚ ਆ ਕੇ ਲੈ ਜਾਂਦਾ ਹੈ। ਭਜਨ ਸਿੰਘ ਦੇ ਘਰ ਦੀ ਸੁੱਖ ਸ਼ਾਂਤੀ ਉਕੱਾਂ ਹੀ ਉਡ ਜਾਂਦੀ ਹੈ।

'ਕੋਈ ਹਰਿਆ ਬੂਟ ਰਹਿਓ ਰੀ' ਨਾਵਲ ਵਿਚਲਾ ਰੁਲਦੂ ਰਾਮ ਇਕ ਮਿਸਤਰੀ ਦਾ ਕੰਮ ਕਰਦਾ ਹੈ। ਜਦੋਂ ਇਹ ਆਪਣੀ ਸੱਸ ਦੇ ਕਤਲ ਬਾਰੇ ਸੁਣਦਾ ਹੈ ਕਿ ਲਾਲਾ ਅਮਰਨਾਥ ਸੱਸ ਦਾ ਕਾਤਲ ਹੈ ਤਾਂ ਬਦਲਾ ਲੈਣ ਦੀ ਭਾਵਨਾ ਲੈ ਕੇ ਉਹ ਸਾਵਣ ਮਲ ਕੋਲ ਹੀ ਮਿਸਤਰੀ ਦਾ ਕੰਮ ਕਰਦਾ ਹੈ। ਰੁਲਦੂ ਰਾਮ ਭਾਵੁਕ ਸੁਭਾ ਦਾ ਹੋਣ ਕਰਕੇ ਯਤੀਮ ਜੋ ਕਿ ਸਾਵਣ ਮਲ ਦਾ ਪੁੱਤਰ ਹੈ, ਨੂੰ ਆਪਣੀ ਬੇਟੀ ਨਾਲ ਸ਼ਾਦੀ ਕਰਨ ਲਈ ਤਿਆਰ ਹੋ ਜਾਂਦਾ ਹੈ ਅਤੇ ਸਾਵਣ ਮੱਲ ਨੂੰ ਮਾਰਨ ਦਾ ਇਰਾਦਾ ਵੀ ਬਦਲ ਦਿੰਦਾ ਹੈ।

ਇਸ ਤਰ੍ਹਾਂ ਨਾਨਕ ਸਿੰਘ ਦੇ ਦਲਿਤ-ਸ਼੍ਰੇਣੀ ਨਾਲ ਸੰਬੰਧਿਤ ਪਾਤਰ ਚੇਤੰਨ ਪਾਤਰ ਹਨ। ਉਸਦੇ ਇਨ੍ਹਾਂ ਪਾਤਰਾਂ ਵਿਚ ਜਾਗ੍ਰਤੀ ਦੀ ਭਾਵਨਾ ਨਜ਼ਰ ਆਉਂਦੀ ਹੈ। ਇਹ ਆਪਣੇ ਹੱਕਾਂ ਲਈ

ਅਵਾਜ਼ ਉਠਾਉਂਦੇ ਹਨ । ਅੰਤ ਇਸ ਵਿਚ ਜਿੱਤ ਵੀ ਪ੍ਰਾਪਤ ਕਰ ਜਾਂਦੇ ਹਨ। ਪਰ ਕਈ ਮਨੋਹਰ ਵਰਗਿਆਂ ਦਾ ਅੰਤ ਵੱਡੇ ਸਰਮਾਏਦਾਰਾਂ ਹੱਥੋਂ ਮੌਤ ਹੀ ਹੁੰਦੀ ਹੈ।

3) ਜਾਗੀਰਦਾਰ ਅਤੇ ਸਰਮਾਏਦਾਰ-ਸ਼੍ਰੇਣੀ ਨਾਲ ਸੰਬੰਧਿਤ ਪਾਤਰ :

ਨਾਨਕ ਸਿੰਘ ਇਸ ਸ਼੍ਰੇਣੀ ਦੇ ਪਾਤਰਾਂ ਦਾ ਜ਼ਿਕਰ ਯਥਾਰਥਿਕ ਰੂਪ ਵਿਚ ਕਰਦਾ ਹੈ। ਇਹ ਸਰਮਾਏਦਾਰ ਪਾਤਰ ਅਯਾਸੀ, ਪਰ ਇਸਤਰੀ ਗਮਨ, ਆਪਣੇ ਮਨੋਰਥ ਦੀ ਸਿੱਧੀ ਲਈ ਕਈਆਂ ਨੂੰ ਪਾਰ ਬੁਲਾਉਣਾ, ਮਜ਼ਦੂਰਾਂ ਦੇ ਹੱਕ ਮਾਰਨ, ਪੁਲਿਸ ਨਾਲ ਮਿਲਕੇ ਅਤਿਆਚਾਰ, ਕਰਨ ਤੇ ਸਭ ਤੋਂ ਵੱਧ ਕੇ ਇਸਤਰੀ ਜਾਤੀ ਉਤੇ ਜ਼ੁਲਮ ਕਰਦੇ ਹਨ। ਸਮਾਜ ਵਿਚ ਇਨ੍ਹਾਂ ਪੂੰਜੀਪਤੀ ਪਾਤਰਾਂ ਦੀ ਚੜ੍ਹਤ ਹੈ। ਇਹ ਪਾਤਰ ਰਸਦੇ-ਵਸਦੇ ਘਰ ਨੂੰ ਉਜਾੜ ਦਿੰਦੇ ਹਨ ਅਤੇ ਸ਼ਰੀਫ ਧੀਆਂ-ਭੈਣਾਂ ਨੂੰ ਵੇਸ਼ਵਾ ਦੇ ਕੋਠੇ ਤਕ ਪਹੁੰਚਾਣ ਵਿਚ ਜ਼ਰਾ ਵੀ ਸੰਕੋਚ ਨਹੀਂ ਕਰਦੇ। ਅਜਿਹੇ ਪਾਤਰ ਤ੍ਰਿਲੋਕ ਸਿੰਘ (ਫੌਲਾਦੀ ਫੁੱਲ), ਲਾਲਾ ਪ੍ਰਭੂਦਿਆਲ (ਪਿਆਰ ਦੀ ਦੁਨੀਆਂ), ਲਾਲਾ ਅਮਰਨਾਥ (ਗ਼ਰੀਬ ਦੀ ਦੁਨੀਆਂ), ਸਰਦਾਰ ਸੇਠ ਨੌਬਤ ਰਾਇ, ਦਵਿੰਦਰ ਸਿੰਘ (ਧੁੰਧਲੇ ਪਰਛਾਂਵੇਂ) ਸੇਠ ਦਵਾਰਕਾ ਦਾਸ (ਚਿੱਤ੍ਰਕਾਰ) ਬ੍ਰਿਜ ਮੋਹਨ (ਕਟੀ ਹੋਈ ਪਤੰਗ), ਸਰਦਾਰ ਠਾਕੁਰ ਸਿੰਘ (ਆਦਮਖੋਰ) ਆਦਿ ਹਨ।

ਤ੍ਰਿਲੋਕ ਸਿੰਘ (ਫੌਲਾਦੀ ਫੁੱਲ) ਅਤੇ ਲਾਲਾ ਪ੍ਰਭੂਦਿਆਲ (ਪਿਆਰ ਦੀ ਦੁਨੀਆਂ) ਦੋਵੇਂ ਹੀ ਇਸ ਸ਼੍ਰੇਣੀ ਦੀ ਪ੍ਰਤਿਨਿਧ ਪਾਤਰ ਹਨ। ਇਨ੍ਹਾਂ ਦੋਵਾਂ ਵਿਚ ਅਮੀਰਾਂ ਵਾਲੇ ਸਾਰੇ ਐਬ ਹਨ । ਜਿੱਥੇ ਤ੍ਰਿਲੋਕ ਸਿੰਘ ਵੇਸ਼ਵਾ ਗੁਲਜ਼ਾਰ ਨਾਲ ਰੰਗਰਲੀਆਂ ਮਨਾਉਂਦਾ ਹੈ, ਉੱਥੇ ਲਾਲਾ ਪ੍ਰਭੂਦਿਆਲ ਆਪਣੇ ਕਿਰਤੀ ਰੂਪ ਲਾਲ ਦੀ ਪਤਨੀ ਮਨੋਰਮਾ ਨੂੰ ਵਾਸਨਾ ਦਾ ਸ਼ਿਕਾਰ ਬਣਾਉਣ ਦੀ ਪੂਰੀ ਕੋਸ਼ਿਸ਼ ਕਰਦਾ ਹੈ। ਜਦੋਂ ਮਨੋਰਮਾ ਮਦਦ ਮੰਗਣ ਲਈ ਲਾਲਾ ਦੇ ਪੈਰਾਂ ਤੇ ਡਿਗਦੀ ਹੈ ਤਾਂ "ਲਾਲਾ ਨੇ ਮਸਤੀ ਵਿਚ ਆ ਕੇ ਉਹਨੂੰ ਪੈਰਾਂ ਤੋਂ ਚੁਕਿਆ ਤੇ ਦੋਹਾਂ ਹੱਥਾਂ ਦੀ ਕੈਂਘੀ ਉਸਦੇ ਲੱਕ ਦੁਆਲੇ ਪਾ ਕੇ ਜਿਉਂ ਹੀ ਉਸਨੇ ਆਪਣੇ ਨੇੜੇ ਲਿਆਉਣ ਲਗਾ ਕਿ ਮਨੋਰਮਾ ਦੀ ਨਜ਼ਰ ਉਸਦੀਆਂ ਵਿਆਕੁਲਅੱਖਾਂ ਤੇ ਪਈ। ਉਸਨੇ ਡਰ ਕੇ ਚੀਕ ਮਾਰੀ ਉਸਦਾ ਚਿੱਲਣਾ ਸੀ ਕਿ ਲਾਲਾ ਦੀਆਂ ਬਾਹਾਂ ਹੋਰ ਕਸੀਆਂ ਗਈਆਂ।"[6]

ਇਹ ਕੋਸ਼ਿਸ਼ ਬਰਕਰਾਰ ਰਖਦਿਆਂ ਭਾਵੇਂ ਉਸਨੂੰ ਰੂਪ ਲਾਲ ਦੀ ਜਾਨ ਹੀ ਕਿਉਂ ਨਾ ਲੈਣੀ ਪਵੇ। ਅੰਤ ਤਕ ਇਹ ਸਫਲ ਤਾਂ ਨਹੀਂ ਹੁੰਦਾ ਪਰ ਰੂਪ ਲਾਲ ਨੂੰ ਜ਼ਰੂਰ ਪੁਲਿਸ ਕੋਲੋਂ ਗੁਪਤ ਸੱਟਾਂ ਮਰਵਾ ਕੇ ਖਤਮ ਕਰਵਾ ਦਿੰਦਾ ਹੈ।

ਨਾਨਕ ਸਿੰਘ ਨੇ ਇਨ੍ਹਾਂ ਪਾਤਰਾਂ ਦਾ ਅੰਤ ਇਸ ਤਰ੍ਹਾਂ ਦਰਸਾਇਆ ਹੈ ਕਿ ਤ੍ਰਿਲੋਕ ਸਿੰਘ ਸਰਲਾ ਨੂੰ ਮਰੀ ਸਮਝ ਕੇ ਪੁਲਿਸ ਦੇ ਡਰ ਤੋਂ ਆਪ ਹੀ ਜ਼ਹਿਰ ਖਾ ਕੇ ਮਰ ਜਾਂਦਾ ਹੈ। ਅਤੇ ਲਾਲਾ ਪ੍ਰਭੂਦਿਆਲ ਦਾ ਹਿਰਦਾ ਕੋਮਲ ਹੋ ਜਾਂਦਾ ਹੈ। ਉਹ ਜਾਇਦਾਦ ਪ੍ਰੀਤਮ ਸਿੰਘ ਦੇ ਨਾਂ ਲਵਾ ਦਿੰਦਾ ਹੈ। ਜਿਸਨੂੰ ਉਹ ਲੋਕ ਸੇਵਾ ਵਿਚ ਲਾ ਦੇਵੇ ।

ਮਿਲ ਮਾਲਕ ਲਾਲਾ ਅਮਰਨਾਥ (ਗਰੀਬ ਦੀ ਦੁਨੀਆਂ) ਵਪਾਰੀ ਵਰਗ ਦੀਆਂ ਕੁਚੱਜੀਆਂ ਚਾਲਾਂ ਤੋਂ ਭਲੀਭਾਂਤ ਜਾਣੂ ਹੈ। ਇਹ ਗਰੀਬਾਂ ਦਾ ਖ਼ੂਨ ਚੂਸਦਾ ਹੈ ਅਤੇ ਆਪਣੇ ਘਰ ਭਰੀ ਜਾ ਰਿਹਾ ਹੈ। ਮਜ਼ਦੂਰਾਂ ਦੀ ਨੌਕਰੀ ਨਹੀਂ ਦਿੰਦਾ। ਜਦੋਂ ਮਜ਼ਦੂਰ ਸ਼ਰਤਾਂ ਮਨਾਉਣ ਲਈ ਆਉਂਦੇ ਹਨ ਤਾਂ ਉਨ੍ਹਾਂ ਨੂੰ ਕਹਿੰਦਾ ਹੈ:

> ਮੈਂ ਇਨ੍ਹਾਂ ਵਿਚੋਂ ਇਕ ਵੀ ਮੰਨਣ ਲਈ ਤਿਆਰ ਨਹੀਂ ਬਲਕਿ ਇਨ੍ਹਾਂ ਉਤੇ ਡਿਸਕੱਸ ਕਰਨ ਨੂੰ ਵੀ ਮੈਂ ਆਪਣੇ ਲਈ ਕਸਰਿਸ਼ਾਨ ਸਮਝਦਾ ਹਾਂ।[7]

ਸਰਮਾਏਦਾਰ ਸਰਦਾਰ ਦਵਿੰਦਰ ਸਿੰਘ (ਧੁੰਧਲੇ ਪਰਛਾਵੇ) ਮਜ਼ਦੂਰਾਂ ਤੇ ਅਤਿਆਚਾਰ ਕਰਦਾ ਹੈ, ਦਮੋਦਰੀ ਤੇ ਉਸਦੀ ਧੀ ਸੁਭੱਦਰਾ ਨੂੰ ਹਵੱਸ ਦਾ ਸ਼ਿਕਾਰ ਬਣਾਉਂਦਾ ਹੈ। ਪੈਸਾ ਕਮਾਉਣ ਦੇ ਮਾਮਲੇ ਵਿਚ ਯੋਗ-ਅਯੋਗ ਤੇ ਧਰਮ-ਅਧਰਮ ਸੋਚਣਾ ਉਸਦੀ ਫ਼ਿਤਰਤ ਵਿਚ ਨਹੀਂ ਸੀ। ਇਸ ਤੋਂ ਛੁੱਟ ਉਸ ਪਾਸ ਵਾਕਫ਼ੀ ਗੰਢਣਦਾ ਗੁਣ ਵੀ ਕਮਾਲ ਦਾ ਸੀ ।[8] ਅੰਤ ਵਿਚ ਆਦਰਸ਼ਵਾਦ ਨੂੰ ਅਪਣਾਉਂਦਾ ਹੈ।

ਸੇਠ ਨੌਬਤ ਰਾਇ (ਧੁੰਧਲੇ ਪਰਛਾਵੇਂ) ਇਸ ਸ਼੍ਰੇਣੀ ਦਾ ਧੰਨ ਕਮਾਉਣ ਵਾਲਾ ਅਤੇ ਇਸਤਰੀਆਂ ਦੀ ਪੱਤ ਪੈਸੇ ਦੇ ਕੇ ਲੁੱਟਣ ਵਾਲਾ ਬੰਦਾ ਹੈ। ਇਸ ਸੁਗਲ ਨੂੰ ਉਹ ਸੇਠ ਸ਼ਾਹੂਕਾਰਾਂ ਲੋਕਾਂ ਦਾ ਸੁਗਲ ਦਸਦਾ ਹੈ।[9]

ਸੇਠ ਦਵਾਰਕਾਦਾਸ (ਚਿਤ੍ਰਕਾਰ) ਵਿਊਪਾਰੀ ਹੈ। ਇਹ ਚਰਿਤਰਹੀਣ, ਧੋਖੇਬਾਜ ਤੇ ਫਰੇਬੀ ਹੈ। ਇਹ ਔਗੁਣ ਉਸਦੀ ਸ਼ਖਸੀਅਤ ਨੂੰ ਖਲਨਾਇਕ ਵਿਚ ਬਦਲਦੇ ਹਨ। ਕਸ਼ਮੀਰਨ ਕੁੜੀ ਨੂੰ ਆਪਣੀ ਵਾਸਨਾ ਤ੍ਰਿਪਤੀ ਲਈ ਉਸਨੂੰ ਪ੍ਰਾਪਤ ਕਰਨ ਵਾਸਤੇ ਵਿਆਹ ਕਰਨ ਨੂੰ ਕਹਿੰਦਾ ਹੈ ਕਿ ਭਾੜੇ ਦੀ ਪਤੀ ਨਾਲ ਤੇਰਾ ਵਿਆਹ ਕਰ ਦਿਆਂਗੇ, ਪਰ ਅਸਲ ਵਿਚ ਉਸਦਾ ਪਤੀ ਉਹ ਆਪ ਹੀ ਰਹੇਗਾ।[10]

ਠਾਕੁਰ ਸਿੰਘ (ਆਦਮਖੋਰ) ਅਤੇ ਸਾਵਣਮਲ (ਕੋਈ ਹਰਿਆ ਬੂਟ ਰਹਿਓ ਰੀ) ਦੋਵੇਂ ਹੀ ਸਰਮਾਏਦਾਰੀ ਵਰਗ ਦੀ ਪ੍ਰਤੀਨਿਧਤਾ ਕਰਦੇ ਹਨ ਇਨ੍ਹਾਂ ਵਿਚ ਵੀ ਉਹ ਸਾਰੇ ਐਬ ਵਿਦਮਾਨ ਹਨ ਜੋ ਅਮੀਰਾਂ ਵਿਚ ਹੁੰਦੇ ਹਨ। ਨਾਨਕ ਸਿੰਘ ਦੇ ਇਹ ਪਾਤਰ ਸ਼ੁਰੂ ਵਿਚ ਤਾਂ ਜੋ ਜ਼ੁਲਮ ਗ਼ਰੀਬ ਜਨਤਾ ਤੇ ਇਸਤਰੀਆਂ ਤੇ ਢਾਹ ਸਕਦੇ ਨੇ ਢਾਹੁੰਦੇ ਨੇ ਪਰ ਜਦੋਂ ਇਹ ਗਰੀਬ ਅਤੇ ਇਸਤਰੀਆਂ ਮੁਕਾਬਲਾ ਕਰਦੀਆਂ ਹਨ ਤਾਂ ਨਾਨਕ ਸਿੰਘ ਉਨ੍ਹਾਂ ਨੂੰ ਬਦਲਣਾ ਦਿਖਾਉਂਦਾ ਹੈ ਜਾਂ ਇਉਂ ਕਹਿ ਲਵੇ ਕਿ ਉਹ ਆਦਰਸ਼ਵਾਦ ਦਾ ਰਾਹ ਅਪਣਾ ਲੈਂਦੇ ਹਨ।

4) ਧਾਰਮਿਕ ਸ਼੍ਰੇਣੀ ਨਾਲ ਸੰਬੰਧਿਤ ਪਾਤਰ :

ਨਾਨਕ ਸਿੰਘ ਨੇ ਧਾਰਮਿਕ ਸ਼੍ਰੇਣੀ ਨਾਲ ਸੰਬੰਧਿਤ ਪਾਤਰ ਦੋ ਤਰ੍ਹਾਂ ਦੇ ਚਿਤਰੇ ਹਨ । ਇਕ ਸਦਾਚਾਰੀ ਪਾਤਰ ਹਨ ਦੂਜੇ ਦੁਰਾਚਾਰੀ। ਸਦਾਚਾਰੀ ਪਾਤਰ: ਗਿਆਨੀ ਦਿਦਾਰ ਸਿੰਘ (ਚਿੱਟਾ ਲਹੂ), ਪੁਜਾਰੀ (ਪੁਜਾਰੀ) ਅਤੇ ਪੰਡਤ ਰਾਧੇ ਕ੍ਰਿਸ਼ਨ, ਦਸੌਂਧਾ ਸਿੰਘ (ਚਿੱਟਾ ਲਹੂ), ਸੰਤ ਓਂਕਾਰ ਨਾਥ (ਪਿਆਰ ਦੀ ਦੁਨੀਆਂ ) ਪਰਮਿੰਦਰ ਸਿੰਘ (ਆਸਤਕ ਨਾਸਤਕ) ਆਦਿ ਦੁਰਾਚਾਰੀ ਪਾਤਰ ਹਨ।

ਇਸ ਸ਼੍ਰੇਣੀ ਦੇ ਦੁਰਾਚਾਰੀ ਪਾਤਰ ਸੁੱਖ ਆਰਾਮ ਤਿਆਗ ਕੇ ਸਾਧੂ ਸੰਤ ਬਣ ਜਾਂਦੇ ਹਨ ਤੇ ਲੋਕਾਂ ਨੂੰ ਮੋਹ ਮਾਇਆ ਦੇ ਜਾਲ ਤੋਂ ਦੂਰ ਰਹਿਣ ਦਾ ਉਪਦੇਸ਼ ਦਿੰਦੇ ਹਨ ਪਰ ਜਦੋਂ ਉਨ੍ਹਾਂ ਲੋਕਾਂ ਨੂੰ ਦੁਨੀਆਂ ਦੇ ਆਮ ਲੋਕਾਂ ਨਾਲੋਂ ਜਿਆਦਾ ਸੁੱਖ ਆਰਾਮ ਮਿਲਦਾ ਹੈ ਤਾਂ ਉਨ੍ਹਾਂ ਦਾ ਮਨ ਵੀ ਬੇਕਾਬੂ ਹੋ ਜਾਂਦਾ ਹੈ ਤੇ ਲੋਕਾਂ ਨੂੰ ਉਪਦੇਸ਼ ਦਿੰਦੇ ਦਿੰਦੇ ਉਹ ਆਪ ਵਿਸ਼ੇ ਵਿਕਾਰਾਂ ਦੇ ਵਹਿਣ ਵਿਚ ਵਹਿ ਜਾਂਦੇ ਹਨ।

(ੳ) <u>ਸਦਾਚਾਰੀ ਪਾਤਰ</u> : ਗਿਆਨੀ ਦਿਦਾਰ ਸਿੰਘ (ਚਿੱਟਾ ਲਹੂ) ਇਕ ਪਰਉਪਕਾਰੀ ਜੀਵ ਹੈ ਜਿਸਨੇ ਆਪਣਾ ਸਾਰਾ ਜੀਵਨ ਲੋਕ ਸੇਵਾ ਵਿਚ ਲੱਗਾ ਦਿੱਤਾ। ਜਦੋਂ ਬਚਨ ਸਿੰਘ ਗਿਆਨੀ ਜੀ ਨੂੰ ਪਿੰਡ ਦੀ ਦੁਰਦਸ਼ਾ ਬਾਰੇ ਦਸਦਾ ਹੈ ਤਾਂ ਉਨ੍ਹਾਂ ਦੀਆਂ ਅੱਖਾਂ ਤਰ ਹੋ ਜਾਂਦੀਆਂ ਹਨ। ਗਿਆਨੀ ਜੀ ਨੇ ਮਹਾਰਾਜ ਦਾ ਪ੍ਰਕਾਸ਼ ਕਰਨਾ ਸ਼ੁਰੂ ਕਰ ਦਿੱਤਾ। ਛੂਤ-ਛਾਤ ਵਿਚ ਵਿਸ਼ਵਾਸ ਨਾ ਰਖਦੇ ਹੋਏ ਮੁੰਡੇਕੁੜੀਆਂ ਨੂੰ ਪੜ੍ਹਾਉਣ ਲਗੇ। ਗਿਆਨੀ ਜੀ ਸੇਵਾ ਕਰਕੇ ਬੜੇ ਖੁਸ਼ ਰਹਿੰਦੇ ਸਨ ਅਤੇ ਬਚਿੱਆਂ ਨੂੰ ਸੇਵਾ ਬਾਰੇ ਦਸਦੇ ਹਨ:

> ਸੇਵਾ ਬੜੀ ਕਠਿਨ ਹੈ ਜਿਸਨੂੰ ਲੋਕੀ ਸੇਵਾ ਸਮਝ ਕੇ ਕਰ ਰਹੇ ਸਨ, ਉਹ ਅਸਲ ਵਿਚ ਉਸਦਾ ਸਾਂਗ- - - ।[11]

ਪੁਜਾਰੀ ਜੀ (ਪੁਜਾਰੀ) ਅਜਿਹੀ ਜੀਵਾਤਮਾ ਹੈ, ਜਿਹੜੀ ਕਿ ਆਪ ਦੁੱਖ ਸਹਾਰਕੇ ਵੀ ਦੂਸਰਿਆਂ ਨੂੰ ਸੁੱਖ ਪੁਚਾਣਾ ਚਾਹੁੰਦਾ ਹੈ। ਅਤੇ ਮਾਨਵਤਾ ਦਾ ਪ੍ਰੇਮ ਅਸਲੀ ਅਰਥਾਂ ਵਿਚ ਪਸਰਿਆ ਦੇਖਣਾ ਚਾਹੁੰਦਾ ਹੈ। ਇਹ ਬਜੁਰਗ ਮਾਨਵਤਾ ਦਾ ਪੁਜਾਰੀ ਤੇ ਸੰਗੀਤ ਕਲਾ ਦਾ ਪ੍ਰੇਮੀ ਹੈ। ਇਹ ਸੁਨਿਆਰੇ ਦਾ ਕੰਮ ਕਰਦਿਆਂ-ਕਰਦਿਆਂ ਕੀਰਤਨ ਵੀ ਕਰਨ ਲਗ ਪਿਆ। ਹਿੰਦੂ-ਮੁਸਲਮਾਨ ,ਸਿੱਖ ਸਭ ਇਕ ਹਨ, ਦਾ ਪ੍ਰਚਾਰ ਕਰਨ ਵਾਲਾ, ਧਾਰਮਿਕ ਵਿਚਾਰਾਂ ਵਾਲਾ ਪਾਤਰ ਹੈ।

(ਅ) ਦੁਰਾਚਾਰੀ ਪਾਤਰ : ਪੰਡਤ ਰਾਧੇ ਕ੍ਰਿਸ਼ਨ ਨਾਵਲ 'ਚਿੱਟਾ ਲਹੂ' ਦਾ ਇਕ ਅਜਿਹਾ ਪਾਖੰਡੀ ਪਾਤਰ ਹੈ ਜੋ ਉਪਰੋਂ-ਉਪਰੋਂ ਧਾਰਮਿਕਤਾ ਦਾ ਚੋਲਾ ਪਹਿਨੀਂ ਰਖਦੀ ਹੈ ਅਤੇ ਅੰਦਰੋਂ ਨੀਚ ਕੁਕਰਮਾਂ ਦੀ ਬੋਅ ਮਾਰਦੀ ਹੈ। ਇਹ ਧਰਮ ਦੇ ਨਾਂ ਤੇ ਧੱਬਾ ਲਾਉਣ ਵਾਲਾ ਪਾਤਰ ਹੈ। ਪਿੰਡ ਦੀ ਬਦਮਾਸ਼ ਟੋਲੀ ਇਸਨੂੰ ਦੇਵਤਿਆਂ ਵਾਂਗ ਪੂਜਦੀ ਹੈ। ਪਿੰਡ ਵਿਚ ਜਦੋਂ ਕੋਈ ਕਿਸੇ ਦੇ ਘਰ ਲੜਾਈ ਹੋਵੇ, ਜਾਂ ਕਿਸੇ ਉਤੇ ਮੁਕੱਦਮਾ ਬਣ ਜਾਵੇ ਤਾਂ ਲੋਕ ਇਸੇ ਵਲ ਭਜਦੇਹਨ।ਜੇਕਰ ਉਹ ਨਹੀਂ ਆਉਂਦੇ ਤਾਂ ਉਹ ਆਪ ਉਨ੍ਹਾਂ ਕੋਲ ਜਾ ਪਹੁੰਚਦਾ ਹੈ। ਅਵਿਦਿਆ ਦਾ ਅਧਿਕਾਰ ਹੋਣ ਕਰਕੇ ਜਿਨ੍ਹਾਂ ਦੈਵੀ ਗੁਣਾਂ ਨੂੰ ਲੋਕੀਂ ਭੁਲ ਬੈਠੇ ਸਨ, ਆਪ ਨਵੇਂ ਸਿਰੇ ਉਨ੍ਹਾਂ ਨੂੰ ਪ੍ਰਕਾਸ਼ ਰੂਪ ਵਿਚ ਲਿਆਉਣ ਵਿਚ ਸਫਲ ਹੋ ਰਹੇ ਹਨ।"[12] ਇਹ ਪੰਡਤ ਮੱਛੀ, ਮਾਸ, ਸ਼ਰਾਬ ਸਾਰੇ ਅਮਲ ਰਖਦਾ ਸੀ:

> ਪੰਡਤ ਹੋਰੀਂ ਮੱਛੀ ਦੇ ਇਕ ਟੁਕੜੇ ਵਿਚੋਂਕੰਡਾ ਚੁਣਦੇ ਹੋਏ ਬੋਲੇ, 'ਖੁਆਜਾ ਸਾਹਿਬ। ਤੁਹਾਡਾ ਵਾਵਰਚੀ ਤਾਂ ਬੜਾ ਕਾਰੀਗਰ ਮਲੂਮ ਹੁੰਦਾ ਹੈ। ਮਛੀ ਬਣਾਨ ਵਿਚ ਤਾਂ ਕਮਾਲ ਕਰ ਦੇਂਦਾ ਏ। ਮੂੰਹੋਂ ਲਹਿੰਦੀ ਹੀ ਨਹੀਂ।[13]

ਭਾਈ ਦਸੌਂਧਾ ਸਿੰਘ (ਚਿੱਟਾ ਲਹੂ) ਗੁਰਦੁਆਰੇ ਦਾ ਭਾਈ ਜੀ ਹੈ। ਕਦੇ ਮਹਾਰਾਜ ਦਾ ਪ੍ਰਕਾਸ਼ ਨਹੀਂਕੀਤਾ। ਬਚਨ ਸਿੰਘ ਦੇ ਮਹਾਰਾਜ ਦੇ ਪ੍ਰਕਾਸ਼ ਬਾਰੇ ਪੁੱਛੇ ਜਾਣ ਤੇ ਜਵਾਬ ਦਿੰਦਾ ਹੈ:

> ਸਰਦਾਰ ਜੀ ਕੀ ਦੱਸੀਏ ਅਣ ਕਰ ਕਰ ਕੇ। ਇਸ ਤੇ ਕੋਈ ਗੁਰਦੁਆਰੇ ਹੀ ਨਹੀਂ ਵੜਦਾ। --- । ਪ੍ਰਕਾਸ਼ ਤਾ ਥੱਲੇ ਈ ਕਰੀਦਾ ਏ, ਪਰ ਅਣ ਕਰ ਕਰ ਕੇ ਸਰੀਰ ਤਗੜਾ ਨਹੀਂ ਸੀ, ਇਸ ਲਈ ਨਹੀਂਕੀਤਾ।[14]

ਸ਼ਰਾਬ ਪੀਣਾ, ਸੁੱਖਾ ਪੀਣਾ ਆਦਿ ਐਬਾਂ ਦਾ ਮਾਲਕ ਸੀ। "ਅਜੇ ਨਹੀਂ ਸਾਰਾ, ਅਜੇ ਅਣ ਕਰ ਕਰ ਕੇ ਹੋਰ ਦੋ ਚਾਰ ਤਗੜੇ ਲਾਉ। ਮਹਾਤਮਜਨਾਂ ਦਾ ਕਥਨ ਹੈ:

> ਸੁਖਾ ਘੋਟਣ ਸੈਨ ਮੇਂ, ਜੇਤਾ ਕਰੇ ਬਿਲੰਬ
> ਤੇਤਾ ਹੀ ਬਹੁਤ ਗੁਣ ਕਰੇ, ਕਹੇ ਸ਼ਿਵ ਸੰਭੂ ਆਪੇ।"[15]

ਸੰਤ ਓਂਕਾਰ ਨਾਥ (ਪਿਆਰ ਦੀ ਦੁਨੀਆਂ) ਕਪਟੀ ਸੰਤ ਹੈ, ਜਿਸਨੇ ਗੁਰਦੇਈ ਨੂੰ ਆਪਣੇ ਜਾਲ ਵਿਚ ਫਸਾਇਆ ਹੋਇਆ ਹੈ। ਉਸਦਾ ਧੰਨ ਤੇ ਇੱਜ਼ਤ ਦੋਵੇਂ ਲੁੱਟ ਚੁਕਾ ਹੈ।ਜਦੋਂ ਗੁਰਦੇਈ ਸੰਤ ਬਾਰੇ ਕੁੱਝ ਕਹਿੰਦੀ ਹੈ ਤਾਂ ਉਹਨੂੰ ਬੇਹੋਸ਼ ਕਰਕੇ ਤਹਿਖਾਨੇ ਵਿਚਸੁਟਵਾ ਦਿੰਦਾ ਹੈ। ਨਵੇਂ-ਨਵੇਂ ਸ਼ਿਕਾਰ ਫਸਾਉਣ ਦੀ ਕੋਸ਼ਿਸ਼ ਵਿਚ ਲਗਿਆ ਰਹਿੰਦਾ ਹੈ। ਇਹ ਪਾਖੰਡ ਮਨੋਰਮਾਂ ਨੂੰ ਪੁੱਤਰ ਪ੍ਰਾਪਤੀ ਦਾ ਲਾਲਚ ਦਿੰਦਿਆਂ ਕਹਿੰਦਾ ਹੈ ਕਿ ਤੇਰਾ ਸੰਜੋਗ ਹਮਾਰੇ ਸਾਥ ਥਾ।"[16] ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਉਹ ਢੋਂਗੀ ਸੰਤ ਹੈ। ਅਖੀਰ ਇਸ ਸੰਤ ਨੂੰ ਆਪਣੇ ਸਾਥੀਆਂ ਚੇਤ ਸਿੰਘ, ਡਾਕਟਰ ਨਜ਼ੀਰ ਸਮੇਤ ਫਾਂਸੀ ਦੀ ਸਜ਼ਾ ਮਿਲਦੀ ਹੈ।

ਪਰਮਿੰਦਰ ਸਿੰਘ (ਆਸਤਕ - ਨਾਸਤਕ) ਸੁਖ ਆਰਾਮ ਤਿਆਗ ਕੇ ਸਾਧੂ ਬਣ ਜਾਂਦਾ ਹੈ।

ਲੋਕਾਂ ਨੂੰ ਮੋਹ ਮਾਇਆ ਦੇ ਜਾਲ ਤੋਂ ਦੂਰ ਰਹਿਣ ਦਾ ਉਪਦੇਸ਼ ਦਿੰਦਾ ਹੈ ਪਰ ਆਪ ਹੀ ਇਨ੍ਹਾਂ ਕਮਜ਼ੋਰੀਆਂ ਦਾ ਸ਼ਿਕਾਰ ਬਣਦਾ ਹੈ। ਭੋਲੀ-ਭਾਲੀ ਅੰਬੋ ਦੀ ਇੱਜਤ ਲੁਟਦਾ ਹੈ। ਪਰ ਅਖੀਰ ਸੰਤ ਪਰਮਿੰਦਰ ਸਿੰਘ ਇਕ ਉਪਕਾਰੀ ਜੀਵ ਰਾਜ ਸਿੰਘ ਦਾ ਪ੍ਰਭਾਵ ਕਬੂਲਦਾ ਆਪਣੀ ਗਲਤੀ ਮੰਨ ਲੈਂਦਾ ਹੈ।

ਇਨ੍ਹਾਂ ਸ਼੍ਰੇਣੀ ਪਾਤਰਾਂ ਤੋਂ ਇਲਾਵਾ ਨਾਨਕ ਸਿੰਘ ਅਜਿਹੇ ਪਾਤਰ ਵੀ ਪੇਸ਼ ਕਰਦਾ ਹੈ ਜੋ ਘਿਰਣਾਜਨਕ ਪਾਤਰ ਹਨ। ਇਨ੍ਹਾਂ ਪਾਤਰਾਂ ਵਿਚ ਪਾਲਾ, ਤਾਰਾ ਚੰਦ (ਚਿੱਟਾ ਲਹੂ), ਧਰਮ ਚੰਦ (ਜੀਵਨ ਸੰਗਰਾਮ), ਬਨਵਾਰੀ, ਨਬੀਆ ਅਤੇ ਬਿਹਾਰੀ (ਧੁੰਧਲੇ ਪਰਛਾਵੇਂ), ਮੁਨਸ਼ੀ ਅਬਦੁਲ ਰਹਿਮਾਨ (ਖੂਨ ਦੇ ਸੋਹਲੇ) ਆਦਿ ਪਾਤਰ ਘਟੀਆ ਕਿਸਮ ਦੇ ਹਨ। ਇਹ ਪਾਤਰ ਇਸਤਰੀਆਂ ਨੂੰ ਵੇਚਦੇ ਆਪਣਾ ਧੰਦਾ ਬਰਕਰਾਰ ਰਖਦੇ ਹਨ।

ਪਾਲਾ (ਚਿੱਟਾ ਲਹੂ) ਨਾਵਲ ਦਾ ਅਜਿਹਾ ਪਾਤਰ ਹੈ ਜੋ ਸੁੰਦਰੀ ਦੀ ਸੁੰਦਰਤਾ ਜਰ ਨਹੀਂ ਸਕਦਾ। ਉਸਨੂੰ ਚੁਕਵਾਉਣਾ ਚਾਹੁੰਦਾ ਹੈ। ਉਹ ਸੁੰਦਰੀ ਨੂੰ ਆਪਣੇ ਕਬਜ਼ੇ ਵਿਚ ਕਰਨ ਖ਼ਾਤਰ ਬਾਬਾ ਰੋਡੂ ਦੀ ਝੁੱਗੀ ਨੂੰ ਅੱਗ ਲਗਵਾਉਣਾ ਜ਼ਰਾ ਵੀ ਸੰਕੋਚ ਨਹੀਂ ਕਰਦਾ। ਬਾਬਾ ਰੋਡੂ ਵੀ ਵਿਚੇ ਹੀ ਮਰ ਜਾਂਦਾ ਹੈ। ਉਹ ਇਹ ਸਭ ਸੁੰਦਰੀ ਨੂੰ ਸ਼ਹਿਰੋਂ ਵਾਪਸ ਆਉਣ ਤੇ ਕਾਬੂ ਪਾਉਣ ਲਈ ਕਰਦੀ ਹੈ। ਪੰਡਤ ਰਾਧੇ ਕ੍ਰਿਸ਼ਨ ਤੇ ਕਰਮ ਚੰਦ ਨੂੰ ਬਰਛੀ ਨਾਲ ਮਾਰ ਕੇ ਬਚਨ ਸਿੰਘ ਦੇ ਨਾਂ ਲਾ ਦਿੰਦਾ ਹੈ। ਮਰਨ ਸਮੇਂ ਤਕ ਪਾਲਾ ਸਿੰਘ ਸੁੰਦਰੀ ਨੂੰ ਚੱਕਣ ਦੀ ਸਕੀਮ ਜਾਰੀ ਰਖਦਾ ਹੈ।

ਤਾਰਾ ਚੰਦ ਵੀ ਅਜਿਹਾ ਘਿਰਣਾਜਨਕ ਪਾਤਰ ਹੀ ਹੈ, ਉਹ ਜਨਾਨੀਆਂ ਦਾ ਵਿਉਪਾਰ ਕਰਦਾ ਹੈ। ਗੁਰਦੇਈ ਨੂੰ ਵੀ ਪੰਡਤ ਰਾਧੇ ਕ੍ਰਿਸ਼ਨ ਤੋਂ ਖਰੀਦਦਾ ਹੈ ਅਤੇ ਅੰਤ ਉਸਨੂੰ ਕਹਿੰਦਾ ਹੈ;

> ਮੇਰੀ ਹੁਣ ਆਸ ਨਾ ਰੱਖੀਂ। ਖਸਮਾਂ ਨੂੰ ਖਾਹ, ਭਾਵੇਂ ਮਰ
> ਭਾਵੇਂ ਜੀ। ਮੈਂ ਕੋਈ ਹਸਪਤਾਲ ਤਾਂ ਨਹੀਂ ਖੋਲ੍ਹਿਆ ਹੋਇਆ।
> ਭੁੱਖਾ ਮਰ ਰਿਹਾ ਵਾਂ, ਤੈਨੂੰ ਕੀ ਕਣ ਸਾਂਭਾਂ। ਕਿਸੇ ਦੇਸ਼ ਪ੍ਰਦੇਸ
> ਜਾ ਕੇ ਟਕੜੇ ਕਮਾ ਖਾਵਾਂਗਾ, ਪਰ ਇਸ ਅਜ਼ਾਬ ਤੋਂ ਤਾਂ ਛੁਟਾਂਗਾ।[17]

ਉਹ ਗੁਰਦੇਈ ਨੂੰ ਬਿਮਾਰੀ ਦੀ ਹਾਲਤ ਵਿਚ ਛੱਡ ਜਾਂਦਾ ਹੈ, ਅਖੀਰ ਵਿਚ ਇਹ ਪਾਤਰ

ਨਾਨਕ ਸਿੰਘ ਸਰੀਫ਼ ਪਾਤਰ ਦੇ ਰੂਪ ਵਿਚ ਪ੍ਰਗਟ ਕੀਤਾ ਹੈ।

ਧਰਮ ਚੰਦ (ਜੀਵਨਸੰਗਰਾਮ) ਇਕ ਅਜਿਹਾ ਪਾਤਰ ਹੈ ਜੋ ਮੁਲਕਾਂ ਦਾ ਅਮਨ ਚੈਨ ਖਰਾਬ ਕਰ ਦੇਂਦਾ ਹੈ। ਉਹ ਦੇਵਰਾਜ ਦੇ ਫ਼ਾਰਮ ਦਾ ਮੁਖ਼ਤਿਆਰ ਹੁੰਦਾ ਹੈ। ਉਹ ਪੂਰਨ ਚੰਦ ਨੂੰ ਭੜਕਾਉਂਦਾ ਹੈ ਕਿ ਚੰਪਾ ਨੂੰ ਪ੍ਰਾਪਤ ਕਰਨੇ ਉਪਰੰਤ ਉਹ ਦੇਵਰਾਜ ਦੀ ਜਾਇਦਾਦ ਦਾ ਮਾਲਕ ਬਣ ਸਕਦਾ ਹੈ। ਕਿਉਂਕਿ ਔਰਤ ਜਿਸਨੂੰ ਵੀ ਦਿਲ ਦੇ ਦੇਵੇ।[18] ਉਸਨੂੰ ਆਪਣਾ ਸਭ ਕੁਝ ਦੇ ਦੇਂਦੀ ਹੈ। ਇਸ ਲਈ ਇਹ ਪਾਤਰ ਅੰਤ ਮਾਲਕਾਂ ਦੇ ਘਰ ਦਾ ਅਮਨ ਚੈਨ ਵੀ ਖਤਮ ਕਰ ਦਿੰਦਾ ਹੈ।

ਬਿਹਾਰੀ, ਨਬੀਆ ਅਤੇ ਬਨਵਾਰੀ (ਧੁੰਧਲੇ ਪਰਛਾਵੇਂ) ਖਲਨਾਇਕ ਪਾਤਰ ਹਨ। ਬਿਹਾਰੀ ਆਪਣੇ ਆਪ ਨੂੰ ਡਾਕਟਰ ਦਸ ਕੇ ਸੁਭੱਦਰਾ ਦੇ ਘਰ ਆਂਦਾ ਜਾਂਦਾ ਰਹਿੰਦਾ ਹੈ। ਸੁਭੱਦਰਾ ਦੀ ਮਾਂ ਮਰਨ ਉਪਰੰਤ ਉਸਨੂੰ ਜੰਗਲਾਂ ਵਲ ਲਿਜਾ ਕੇ ਪੱਤ ਲੁੱਟਦਾ ਹੈ, ਫਿਰ ਪਾਲਾ ਮੁਮਤਾਜ਼ ਕੋਲ ਵੇਚ ਦਿੰਦਾ ਹੈ। ਦੋ ਤਿੰਨ ਵਾਰੀ ਕੈਦ ਵੀ ਕੱਟ ਆਇਆ। ਸ਼ਾਇਦ ਇਸ ਕੈਦ ਦੀ ਕਿਰਪਾ ਨਾਲ ਉਹ ਪੱਕਾ ਤੇ ਪੇਸ਼ਾਵਰ ਮੁਜ਼ਰਿਮ ਬਣ ਗਿਆ।[19]

ਨਬੀਆ ਵੀ ਇਸੇ ਕਿਸਮ ਦਾ ਪਾਤਰ ਹੈ। ਇਹ ਬਿਹਾਰੀ ਦੇ ਹਰ ਕੰਮ ਵਿਚ ਹੱਥ ਵਟਾਉਂਦਾ ਹੈ। ਬਨਵਾਰੀ ਔਰਤਾਂ ਦਾ ਵਿਉਪਾਰੀ ਹੈ। ਪੁਲਿਸ ਤੋਂ ਬਚਣ ਦੇ ਤਰੀਕੇ ਬਿਹਾਰੀ ਕੋਲ ਹਨ ਕਿ ਜੇਕਰ ਇਕ ਅੱਧ ਛੋਟਾ ਬੱਚਾ ਉਨ੍ਹਾਂ ਕੋਲ ਹੋਵੇ, ਫਿਰ ਪੁਲਿਸ ਲਈ ਸ਼ਕ ਸੂਬੇ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ। ਉਹ ਸੁਭੱਦਰਾ ਨੂੰ ਕੋਠੇ ਤੋਂ ਖਰੀਦ ਕੇ ਇਸ ਲਈ ਲੈ ਜਾਂਦਾ ਹੈ ਕਿ ਉਹ ਉਸਤੋਂ ਹੋਟਲਾਂ ਵਗੈਰਾ ਵਿਚ ਧੰਧਾ ਕਰਵਾ ਸਕੇ।

ਮੁਨਸ਼ੀ ਅਬਦੁਲ ਰਹਿਮਾਨ (ਖੂਨ ਦੇ ਸੋਹਲੇ) ਵੀ ਅਜਿਹਾ ਘ੍ਰਿਣਾਜਨਕ ਪਾਤਰ ਹੈ ਜਿਸਦਾ ਹਿੰਦੂ ਤੇ ਮੁਸਲਮਾਨਾਂ ਵਿਚ ਫ਼ਸਾਦ ਕਰਾਉਣ ਦਾ ਪੂਰਾ ਹੱਥ ਹੈ। ਉਹ ਪਿੰਡ ਵਿਚ ਲੋਕਾਂ ਨੂੰ ਭੜਕਾਉਂਦਾ ਹੈ। ਇਕ ਦਿਨ ਮੁਨਸ਼ੀ ਮੌਲਵੀ ਨੂੰ ਲੈ ਕੇ ਬਾਬਾ ਭਾਨੇ ਦੇ ਘਰ ਕਹਿਣ ਜਾਂਦਾ ਹੈ ਕਿ ਉਹ ਨਸੀਮ ਨੂੰ ਆਪਣੇ ਘਰ ਨਾ ਰੱਖੇ ਤੇ ਇਸਦਾ ਵਿਆਹ ਮੌਲਵੀ ਨਾਲ ਕਰ ਦਿੱਤਾ ਜਾਵੇ। ਇਹ ਭੜਕਾਊ ਸੁਭਾ ਦਾ ਪਾਤਰ ਹੈ।

ਸੰਖੇਪ ਵਿਚ ਕਹਿ ਸਕਦੇ ਹਾਂ ਕਿ ਨਾਨਕ ਸਿੰਘ ਦੇ ਪਾਤਰ ਹਰ ਸ਼੍ਰੇਣੀ ਨਾਲ ਸੰਬੰਧਿਤ ਹਨ। ਥੋੜ੍ਹੀ ਬਹੁਤ ਤਬਦੀਲੀ ਨਾਲ ਉਹ ਪਾਤਰ ਜ਼ਰੂਰਤ ਅਨੁਸਾਰ ਵਰਤ ਲੈਂਦਾ ਹੈ। ਇਸ ਔਗੁਣ ਬਾਰੇ ਕੁਲਬੀਰ ਸਿੰਘ ਕਾਂਗ ਕਹਿੰਦਾ ਹੈ:

> ਨਾਨਕ ਸਿੰਘ ਦੇ ਪਾਤਰ ਚਿਤ੍ਰਣ ਵਿਚ ਇਕ ਬਹੁਤ ਵੱਡਾ ਔਗੁਣ ਹੈ ਕਿ ਸਾਨੂੰ ਬਾਰ-ਬਾਰ ਕੁੱਝ ਹੀ ਪਾਤਰਾਂ ਦੇ ਘੇਰੇ ਵਿਚ ਘਿਰਿਆ ਜਾਪਦਾ ਹੈ।[20]

ਨਾਨਕ ਸਿੰਘ ਦੇ ਬਹੁਤ ਪਾਤਰ ਅਖੀਰ ਵਿਚ ਪਾਗਲ ਹੋ ਜਾਂਦੇ ਹਨ ਕਿਉਂਕਿ ਨਾਨਕ ਸਿੰਘ ਉਨ੍ਹਾਂ ਨੂੰ ਕਿਸੇ ਸਿਰੇ ਨਹੀਂ ਲਾ ਸਕਿਆ ਜਿਸ ਤਰ੍ਹਾਂ ਪ੍ਰਮ (ਜ਼ਾਗਤਾਂ ਦੀ ਬੇੜੀ) ਮੰਗਤੂ (ਨਾਸੂਰ) ਆਦਿ। ਨਾਨਕ ਸਿੰਘ ਦੇ ਪਾਤਰ ਯਥਾਰਥ ਤੋਂ ਆਦਰਸ਼ ਵਲ ਮੁੜਦੇ ਜਾਪਦੇ ਹਨ। ਬਹੁਤੇ ਪਾਤਰ ਕਾਲਪਨਿਕ ਹਨ ਜਿਨ੍ਹਾਂ ਵਿਚੋਂ ਮੁੱਖਸਦਾਚਾਰੀ ਤੇ ਦੁਰਾਚਾਰੀ ਪਾਤਰ ਹਨ।

## ਸੋਹਣ ਸਿੰਘ ਸੀਤਲ ਦੇ ਪੁਰਖ ਪਾਤਰ :

ਸੋਹਣ ਸਿੰਘ ਸੀਤਲ ਨੇ ਆਪਣੇ ਨਾਵਲਾਂ ਦੇ ਪਾਤਰ ਆਮ ਤੌਰ ਤੇ ਪੇਂਡੂ ਜੀਵਨ ਵਿਚੋਂ ਲਏ ਹਨ, ਕਿਉਂਕਿ ਉਹ ਆਪ ਪੇਂਡੂ ਜੰਮਪਲ ਹੈ। ਉਸਨੇ ਪੇਂਡੂ ਜੀਵਨ ਨੂੰ ਚੰਗੀ ਤਰ੍ਹਾਂ ਹੰਢਾਇਆ ਹੈ, ਇਸ ਕਰਕੇ ਉਸਦੇ ਨਾਵਲਾਂ ਦੇ ਪਾਤਰ ਸਮਾਜ ਦੇ ਹਰ ਵਰਗ ਦੀ ਪ੍ਰਤਿਨਿਧਤਾ ਕਰਦੇ ਹਨ। ਸੀਤਲ ਦੇ ਨਾਵਲਾਂ ਦਾ ਘੇਰਾ ਇੰਨਾ ਵਿਸ਼ਾਲ ਹੈ ਕਿ ਹਰ ਸ਼੍ਰੇਣੀ, ਹਰ ਜਾਤ, ਹਰ ਕੌਮ, ਧਰਮ ਅਤੇ ਹਰ ਨਸਲ ਦੇ ਪਾਤਰ ਉਸਨੇ ਆਪਣੇ ਨਾਵਲਾਂ ਵਿਚ ਲਏ ਹਨ। ਸੋਹਣ ਸਿੰਘ ਸੀਤਲ ਪਾਤਰਾਂ ਦੀ ਸ਼੍ਰੇਣੀ ਵੰਡ ਇਸ ਪ੍ਰਕਾਰ ਹੈ:

### 1) ਪੇਂਡੂ ਕਿਰਸਾਣੀ, ਜ਼ਿਮੀਦਾਰ ਸ਼੍ਰੇਣੀ ਨਾਲ ਸੰਬੰਧਿਤ ਪਾਤਰ :

ਸੀਤਲ ਦੇ ਆਪਣੇ ਅਨੁਭਵ ਦਾ ਸਭ ਤੋਂ ਨੇੜਲਾ ਵਰਗ ਹੋਣ ਕਰਕੇ ਪੇਂਡੂ ਜਿੰਮੀਦਾਰ ਸ਼੍ਰੇਣੀ ਦੇਪਾਤਰਾਂ ਦਾ ਚਿਤਰਣ ਬੜੇ ਯਥਾਰਥਿਕ ਢੰਗ ਨਾਲ ਕੀਤਾ ਹੈ। ਸੀਤਲ ਦੇ ਨਾਵਲਾਂ ਵਿਚ ਇਸ ਸ਼੍ਰੇਣੀ ਨਾਲ ਸੰਬੰਧਿਤ ਦੋ ਤਰ੍ਹਾਂ ਦੇ ਪਾਤਰ ਮਿਲਦੇ ਹਨ। ਇਕ ਜੋ ਕਿ ਗਰੀਬ ਕਿਰਸਾਣ ਹਨ ਅਤੇ ਦੂਜੇ ਧਨੀ ਕਿਸਾਨ। ਛੋਟੇ ਕਿਸਾਨਪਾਤਰ ਨੂੰ ਆਰਥਿਕ ਮੰਦਹਾਲੀ 'ਚੋਂ ਜੋ ਸਮੱਸਿਆਵਾਂ ਉਤਪੰਨ ਹੁੰਦੀਆਂ ਹਨ, ਉਨ੍ਹਾਂ ਨਾਲ ਝਗੜਦਾ ਦਿਖਾਇਆ ਹੈ। ਸੀਤਲ ਦੇ ਇਹ ਪਾਤਰ ਤਰਸਯੋਗ ਹਨ।

ਇਹ ਪਾਤਰ ਬਹੁਤ ਗਿਣਤੀ ਵਿਚ ਕਰਜ਼ਈ ਸਨ ਅਤੇਇਨ੍ਹਾਂ ਪਾਤਰਾਂ ਦੇ ਜੀਵਨ ਦੀਆਂ ਕਠੋਰ ਹਕੀਕਤਾਂ ਤਾਂ ਉਹ ਸਾਹਮਣੇ ਲਿਆਉਂਦਾ ਹੀ ਹੈ, ਇਨ੍ਹਾਂ ਸਥਿਤੀਆਂ 'ਚੋਂ ਮੁਕਤੀ ਲਈ ਕਿਸਾਨ ਪਾਤਰ ਦੇ ਦ੍ਰਿਸ਼ਟੀਕੋਣ ਨੂੰ ਉਹ ਕਈ ਥਾਈਂ ਸਿੱਖ ਰੂਪ ਵਿਚ ਕਹਿਣ ਤੋਂ ਨਹੀਂ ਝਿੱਜਕਦਾ।

ਗੰਡਾ ਸਿੰਘ, ਸੂਰਤ ਸਿੰਘ (ਮੁੱਲ ਦਾ ਮਾਸ) ,ਸੱਜਣ ਸਿੰਘ, ਇਲਮਦੀਨ (ਤੂਤਾਂ ਵਾਲਾ ਖੂਹ), ਨੱਥਾ ਸਿੰਘ (ਜੁੱਗ ਬਦਲ ਗਿਆ), ਬੰਤ ਸਿੰਘ , ਮਹਿੰਦਰ ਸਿੰਘ (ਜੰਗ ਜਾਂ ਅਮਨ), ਮੱਖਣ ਸਿੰਘ (ਜਵਾਲਾਮੁਖੀ), ਆਦਿ ਪਾਤਰ ਗਰੀਬ ਜਿਮੀਦਾਰ ਕਿਸਾਨ ਪਾਤਰ ਹਨ।

ਗੰਡਾ ਸਿੰਘ (ਮੁੱਲ ਦਾ ਮਾਸ) ਪੇਂਡੂ ਜ਼ਿਮੀਦਾਰ ਹੈ। ਸੀਤਲ ਦਾ ਇਹ ਪਾਤਰ ਨਾ ਬਹੁਤਾ ਭਲਮਾਣਸ ਸੀ ਨਾ ਹੀ ਬੁਰਾ, ਵਿਚਲੀ ਰਾਗ ਦਾ ਜੱਟ ਸੀ। ਮਾਲੀ ਹਾਲਤ ਵੀ ਉਸਦੇ ਸੁਭਾ ਵਾਂਗ ਦਰਮਿਆਨੀ ਹੀ ਸੀ। ਗੰਡਾ ਸਿੰਘ ਦਾ ਸੁਭਾ ਠੀਕ ਨਹੀਂ ਸੀ ਕੰਨਾਂ ਦਾ ਕੱਚਾ ਹੋਣ ਕਰਕੇ ਉਹ ਜਵੰਦੀ ਦੀ ਗੱਲਾਂ ਵਿਚ ਆ ਜਾਂਦਾ ਸੀ ਤੇ ਆਪਣੀ ਪਤਨੀ ਚੰਦੋ ਨੂੰ ਮਾਰਦਾ ਕੁੱਟਦਾ ਹੈ। ਸੀਤਲ ਇਸ ਪਾਤਰ ਦੇ ਸੁਭਾ ਨੂੰ ਬਦਲਦਿਆਂ ਦੇਰ ਨਹੀਂ ਲਗਾਉਂਦਾ। ਅੰਤ ਗੰਡਾ ਸਿੰਘ ਆਪਣੀ ਗਲਤੀ ਮੰਨਦਾ ਹੋਇਆ ਚੰਦੋ ਨੂੰ ਕਹਿੰਦਾ ਹੈ ਕਿ ਇਸਦੇ ਵਿਚ ਤੇਰਾ ਕੋਈ ਦੋਸ਼ ਨਹੀਂ; ਸਭ ਮੇਰੇ ਕੀਤੇ ਦਾ ਫਲ ਹੈ। ਮੈਂ ਤੇਰਾ ਜੀਵਨ ਬਰਬਾਦ ਕੀਤਾ ਏ। ਮੈਨੂੰ ਏਸਉਮਰੇ ਵਿਆਹ ਨਹੀਂ ਸੀ ਕਰਾਉਣਾ ਚਾਹੀਦਾ। ਜੀਹਦੀ ਆਪਣੀ ਜੁਆਨੀ ਰੁੱਸ ਗਈ ਹੋਵੇ, ਉਹ ਕਿਸੇ ਦੀ ਜੁਆਨੀ ਨੂੰ ਕਿਸੇ ਲਾਰੇ ਉਤ ਰਾਜ਼ੀ ਰਖਾ ਸਕਦਾ ਏ? ਕਿਹੜਾ ਕਸ਼ਟ ਏ ਜੋ ਤੈਨੂੰ ਨਹੀਂ ਪੁਚਾਇਆ? ਜੋ ਤੂੰ ਕਰਨ ਲਗੀ ਮੈਂ ਠੀਕ ਸੀ।"[21]

ਸੀਤਲ ਦਾ ਇਹ ਪਾਤਰ ਅੰਤ ਵਿਚ ਆਦਰਸ਼ ਨੂੰ ਅਪਣਾਉਂਦਾ ਹੈ। ਸੂਰਤ ਸਿੰਘ (ਮੁੱਲ ਦਾ ਮਾਸ) ਵੀਜੱਟ ਜ਼ਿਮੀਦਾਰ ਪਾਤਰ ਹੈ। ਇਹ ਪਾਤਰ ਸ਼ਰਮੀਲੇ ਸੁਭਾ ਦਾ ਸਖਸ਼ ਸੀ।ਇਸਦੇ ਸੁਭਾ ਦੀ ਤਰਜ਼ਮਾਨੀ ਚੰਦੋ (ਮਤਰੇਈ ਮਾਂ) ਦੇ ਇਹ ਸ਼ਬਦ ਕਰਦੇ ਹਨ:

ਬੋਲੀ। ਤੂੰ ਮੇਰੇ ਨਾਲ ਬੋਲਦਾ ਕਿਓਂ ਨਹੀਂ?
ਮੈਂ ਤੈਨੂੰ ਬੁਰੀ ਲਗਦੀਆਂ? ਜਾਂ ਤੂੰ ਆਪ ਵਿਚ ਸੰਗਦਾ ਰਹਿੰਦਾ ਏਂ?[22]

ਸੂਰਤ ਸਿੰਘ ਪੇਂਡੂ ਜ਼ਿਮੀਦਾਰ ਹੋਣ ਕਰਕੇ ਮੱਝਾਂ ਨੂੰ ਪਾਣੀ ਆਪ ਪਿਲਾਉਂਦਾ ਅਤੇ ਆਪਣੇ ਹੱਥਾਂ ਨਾਲ ਹਲ ਵਾਹ ਹੱਡ ਤੋੜਵੀਂ ਮਿਹਨਤ ਕਰਨ ਵਾਲਾ ਪਾਤਰ ਸੀ।

ਸੀਤਲ ਦੇ ਨਾਵਲਾਂ ਵਿਚ ਛੋਟੇ ਜ਼ਿਮੀਦਾਰ ਪਾਤਰ ਦੀ ਆਰਥਿਕ ਮੰਦਹਾਲੀ ਕਾਰਣ ਆਪਣੀਆਂ ਸਮਾਜਿਕ ਜ਼ਿਮੇਦਾਰੀਆਂ ਨਿਭਾਉਣ ਲਈ ਕਰਜ਼ਾ ਜ਼ਰੂਰ ਚੁਕਣਾ ਪੈਂਦਾ ਸੀ। ਜਿਵੇਂ 'ਤੂਤਾਂ ਵਾਲਾ ਖੂਹ' ਨਾਵਲ ਵਿਚ ਸੱਜਣ ਸਿੰਘ ਤੇ ਇਲਮਦੀਨ ਵੀ ਧੰਨੇ ਸ਼ਾਹ ਤੋਂ ਕਰਜ਼ਾ ਲੈਣ ਲਈ ਮਜ਼ਬੂਰ ਹਨ। ਸੱਜਣ ਸਿੰਘ ਮੱਝ ਖਰੀਦਣ [23] ਅਤੇ ਸਾਲੀ ਦੇ ਵਿਆਹ[24] ਉਤੇ ਖਰਚ ਕਰਨ ਲਈ ਕਰਜ਼ਾ ਚੁਕਦਾ ਹੈ ਜਦੋਂ ਕਿ ਇਲਮਦੀਨ ਬਲਦ ਖਰੀਦਣ, ਮਾਮਲਾ ਤਾਰਨ ਤੇ ਹੋਰ ਨਿਕੇ ਮੋਟੇ ਘਰੋਗੀ ਖਰਚਾਂ ਦੀ ਖਾਤਰ ਧੰਨੇਸ਼ਾਹ ਦੇ ਕਾਗਜ਼ਾਂ ਉਤੇ ਅੰਗੂਠੇ ਲਾ ਕੇ ਕਰਜ਼ਾ ਚੁਕਦਾ-ਚੁਕਦਾ ਹੈ। ਇਕ ਸੁਧਾਰਵਾਦੀ ਦੇ ਦ੍ਰਿਸ਼ਟੀਕੋਣ ਤੋਂ ਇਹ ਉਨ੍ਹਾਂ ਦੀਆਂ ਵਿਅਕਤੀਗਤ ਕਮਜ਼ੋਰੀਆਂ ਹਨ ਜਿਨ੍ਹਾਂ ਤੋਂ ਬਚਣਾ ਜ਼ਰੂਰੀ ਹੈ।

'ਜੁੱਗ ਬਦਲ ਗਿਆ' ਨਾਵਲ ਵਿਚ ਅਮਲੀ ਨੱਥਾ ਸਿੰਘ ਵੀ ਅਜਿਹਾ ਹੀ ਕਰਜ਼ਈ ਕਿਸਾਨ ਹੈ ਜੋ ਧੰਨੇ ਸ਼ਾਹ ਅਤੇ ਲੱਖਾ ਸਿੰਘ ਦਾ ਸਾਂਝਾ ਕਰਜ਼ਈ ਹੈ। ਇਹ ਆਪਣੀ ਦੋ ਧੀਆਂ ਮਗਰੋਂ ਪੁੱਤਰ ਹੋਣ ਦੀ ਖੁਸ਼ੀ ਮਨਾਉਣ ਲਈ ਆਖੰਡ ਪਾਠ ਕਰਾਉਣ ਵਾਸਤੇ[25] ਮਗਰੋਂ ਦੋ ਧੀਆਂ ਬੂਹਿਓਂ ਉਠਾਉਣ ਲਈ[26] ਕਰਜ਼ਾ ਚੁਕਦਾ ਹੈ।

ਸੋਹਣ ਸਿੰਘ ਸੀਤਲ ਨੇ ਬੰਤਾ ਸਿੰਘ (ਜੰਗ ਜਾਂ ਅਮਨ) ਅਜਿਹਾ ਜ਼ਿਮੀਦਾਰ ਪਾਤਰ ਪੇਸ਼ ਕੀਤਾ ਹੈ, ਜਿਸ ਕੋਲ ਨਾ ਤਾਂ ਆਪਣੀ ਧੀ ਸਵਰਨੋ ਦੇ ਵਿਆਹ ਲਈ ਤੇ ਨਾ ਹੀ ਪੁੱਤਰ ਮਹਿੰਦਰ ਦੇ ਵਿਆਹ ਲਈ ਕੋਈ ਪੈਸਾ ਸੀ। ਦੋਨਾਂ ਸਮਿਆਂ ਉਤੇ ਉਸਨੂੰ ਆੜ੍ਹਤੀ ਗਰੀਬ ਦਾਸ ਤੋਂ ਕਰਜ਼ਾ ਲੈਣਾ ਪਿਆ।[27] ਭਾਵੇਂ ਸਵਰਨੋ ਦੇ ਵਿਆਹ ਉਤੇ ਫੜੇ ਅਠ ਸੌ ਰੁਪਈਆ ਦੇ ਬਦਲੇ ਵਿਚ ਸੂਦ ਵਜੋਂ ਉਹ ਇਕ ਹਜ਼ਾਰ ਰੁਪਈਆ ਮੋੜ ਚੁਕਿਆ ਸੀ ਤਦ ਵੀ ਮੂਲ ਦੇ ਅੱਠ ਸੌ ਦੇ ਅੱਠ ਸੌ ਰੁਪਏ ਉਵੇਂ ਕਾਇਮ ਸਨ।[28] ਮਹਿੰਦਰ ਦੇ ਵਿਆਹ ਸਮੇਂ ਉਸਨੂੰ ਆਪਣੀ ਚਾਰ ਵਿਘੇ ਜ਼ਮੀਨ ਪੰਜ਼ੀ ਸੌ ਰੁਪਏ ਵਿਚ ਪੰਜ ਸਾਲ ਲਈ ਗਹਿਣੇ ਕਰਨੀ ਪਈ ਸੀ।

ਸੀਤਲ ਦੇ ਪੇਂਡੂ ਜ਼ਿਮੀਦਾਰ ਪਾਤਰਾਂ ਦੀ ਗ਼ਰੀਬੀ ਦਾ ਮੂਲ ਕਾਰਣ ਉਸਦੀਆਂ ਵਿਅਕਤੀਗਤ ਕਮਜ਼ੋਰੀਆਂ ਨਹੀਂ ਹਨ। ਕਾਰਣ ਹੈ ਉਹ ਅਸੰਤੁਲਿਤ ਵਿਵਸਥਾ, ਜਿਸ ਵਿਚ ਉਸਨੂੰ ਰਹਿਣਾ ਪੈ ਰਿਹਾ ਹੈ ਤੇ ਜਾਂ ਕਾਰਣ ਹਨ ਉਹਕੁਦਰਤੀ ਆਫਤਾਂ, ਜਿਨ੍ਹਾਂ ਦਾ ਬਿਨ੍ਹਾਂ ਕਿਸੇ ਬਚਾਉ ਦੀ ਸੂਰਤ ਵਿਚਉਸਨੂੰ ਸਮੇਂ-ਸਮੇਂ ਸਾਹਮਣਾ ਕਰਨਾ ਪੈਂਦਾ ਹੈ। ਮਹਿੰਦਰ (ਜੰਗ ਜਾਂ ਅਮਨ) ਅਜਿਹਾ ਹੀ ਜ਼ਿਮੀਦਾਰ ਹੈਜਿਸਨੂੰ ਇਨ੍ਹਾਂ ਆਫਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸਦੀ ਖੇਤਾਂ ਵਿਚ ਕੀਤੀ ਹੱਡ ਭੰਨਵੀਂਮਿਹਨਤ ਦਾ ਫਲ ਆਉਣ ਤੋਂ ਪਹਿਲਾਂ ਹੀ ਹੜ੍ਹਾਂ ਦੀ ਭੇਂਟ ਹੋ ਜਾਂਦੀ ਹੈ।[29] ਅਤੇ ਹਾਲ ਇੰਨੀ ਮੰਦੀ ਹੈ ਕਿ ਮਾਮਲਾ ਤਾਰਨ ਲਈ ਉਸਨੂੰ ਆੜ੍ਹਤੀਆਂ ਤੋਂ ਵੀ ਪੈਸੇ ਨਹੀਂ ਮਿਲਦੇ। ਸਾਰੀ ਉਮਰ ਇਹੀ ਢੰਗ ਉਸਦੇ ਪਿਓ ਬੈਤਾ ਸਿੰਘ ਨੂੰ ਰਿਹਾ ਸੀ ਜਿਸਨੂੰ ਜ਼ਬਾਨ ਦਿੰਦਿਆਂ ਸੀਤਲ ਆਖਦਾ ਹੈ ਕਿ ਝੱਖੜ, ਮੀਂਹ ਹਨੇਰੀਆਂ ਦੀ ਮਾਰ ਵਾਹੀਵਾਨ ਨੂੰ ਕੱਲੀ ਜਾਨ ਤੇ ਸਹਿਣੀ ਪੈਂਦੀ ਹੈ,

> ਕੋਈ ਵੀ ਉਹਦੇ ਨੁਕਸਾਨ ਦਾ ਹਿੱਸੇਦਾਰ ਨਹੀਂ ਬਣਦਾ। ਸਰਕਾਰ ਵੀ ਆਪਣਾ ਮਾਮਲਾ ਵਸੂਲ ਕਰਨ ਤੋਂ ਵੱਧ ਉਹਦੇ ਨਾਲ ਕੋਈ ਨੇੜ ਰਖਣਾ ਜ਼ਰੂਰੀ ਨਹੀਂ ਸਮਝਦੀ।

ਸੀਤਲ ਨੇ ਇਨ੍ਹਾਂ ਪੁਰਖ ਪਾਤਰਾਂ ਰਾਹੀਂ ਜੀਵਨ ਦਾ ਅਸਲੀ ਯਥਾਰਥ ਪੇਸ਼ ਕੀਤਾ ਹੈ। ਜਿਸ ਕਿਸਾਨ ਨੇ ਇਕ ਵਾਰੀ ਸ਼ਾਹੂਕਾਰ ਤੋਂਕਰਜ਼ਾ ਚੁੱਕਿਆ ਉਸਨੂੰ ਅੰਤ ਜ਼ਮੀਨ ਤੋਂ ਹੱਥ ਧੋਣੇ ਪੈਂਦੇ ਸਨ। ਜਿਵੇਂ ਆਪਣੀ ਹੀ ਜ਼ਮੀਨ ਦੇ ਮਾਲਕ ਈਲਮਦੀਨ ਅਤੇ ਸੱਜਣ ਸਿੰਘ ਨਾ ਰਹਿ ਕੇ ਸ਼ਾਹੂਕਾਰ ਧੰਨੋਸਾਹ ਅਤੇ ਲੱਖਾ ਸਿੰਘ ਬਣ ਜਾਂਦੇ ਹਨ। ਦੀਪਾ ਤੇਰੰਦਾ ਸਿੰਘ ਵੀ ਸੱਜਣ ਸਿੰਘ ਵਰਗੇ ਹੀ ਪਾਤਰ ਹਨ।

ਸੀਤਲ ਦੇ ਇਸ ਸ਼੍ਰੇਣੀ ਦੇ ਪਾਤਰ ਗ਼ਰੀਬ ਕਿਸਾਨ ਹੀ ਨਹੀਂ ਹਨ। ਇਸ ਵਿਚ ਧਨੀ ਕਿਸਾਨ ਵੀ ਹੈ, ਜੋ ਨਾ ਕੇਵਲ ਬੇਜ਼ਮੀਨੇ ਕਿਰਤੀਆਂ ਦਾ ਹੀ ਸੋਸ਼ਣ ਕਰਦਾ ਹੈ ਸਗੋਂ ਆਪਣੇ ਕਮਜ਼ੋਰ ਭਰਾਵਾਂ ਨੂੰ ਨਪੀੜਨ ਵਿਚ ਵੀ ਕੋਈ ਘੱਟ ਕਸਰ ਨਹੀਂ ਛੱਡਦਾ । ਇਹ ਗਲ ਵੱਖਰੀ ਹੈ ਕਿ ਛੋਟੇ ਕਿਸਾਨ ਨਾਲ ਭਾਈਚਾਰਕ ਹਮਦਰਦੀ ਜਤਾਉਣ ਦਾ ਕੋਈ ਮੌਕਾ ਉਹ ਨਹੀਂ ਛੱਡਦਾ।

ਧਨੀ ਕਿਸਾਨ ਸ਼ਾਹ ਬਹਾਦਰ ਸਿੰਘ (ਜੰਗ ਜਾਂ ਅਮਨ) ਹੈ ਜਿਸਦੇ ਚਿੱਟੇ ਰੁਖ ਵੀ ਹਰੇ ਨਹੀਂ ਖੁੜਕੇ ਹੁੰਦੇ'। ਉਹ ਆਪਣੇ ਸ਼ਰੀਕ ਬੰਤਾ ਸਿੰਘ ਦੀ ਚਾਰ ਵਿਘੇ ਜ਼ਮੀਨ ਗਹਿਣੇ ਲੈਂਦਾ ਹੈ।[30] ਤੇ ਕਬਜ਼ਾ ਲੈਣ ਦੀ ਥਾਂ ਹਰ ਸਾਲ ਠੇਕਾ ਲੈਂਦਾ ਹੈ। ਪਰ ਬੰਤਾ ਸਿੰਘ ਦੀ ਮੌਤ ਉਪਰੰਤ ਮਹਿੰਦਰ ਸਿੰਘ ਦੀ ਕਰੜੀ ਮਿਹਨਤ ਨਾਲ ਪੈਲੀ ਵਿਚ ਫਬੀ ਹੋਈ ਫਸਲ ਵੇਖ ਕੇ ਈਰਖਾ ਤੇ ਲਾਲਚ ਵੱਸ ਉਸ ਜ਼ਮੀਨ ਦਾ ਕਬਜ਼ਾ ਲੈਣ ਲਈ ਕੋਰਾ ਹੋ ਕੇ ਆਖ ਵੀ ਦਿੰਦਾ ਹੈ।[31]

ਦਸੌਂਧਾ ਸਿੰਘ (ਮੁੱਲ ਦਾ ਮਾਸ) ਏਸੇ ਵਰਗ ਦੀ ਪ੍ਰਤਿਨਿਧਤਾ ਕਰਦਾ ਹੈ ਪਰ ਆਪਣੇ ਪਰਿਪੂਰਣ ਰੂਪ ਵਿਚ ਇਹ ਧਨੀ ਕਿਸਾਨ 'ਰੁੱਤ ਵਾਲਾ ਖੂਹ' ਅਤੇ 'ਜੁੱਗ ਬਦਲ ਗਿਆ' ਵਿਚ ਲੱਖਾ ਸਿੰਘ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ ਜੋ ਖੰਨੇ ਸ਼ਾਹ ਨਾਲ ਮਿਲਦੇ[32] ਆਪਣੇ ਸ਼ਰੀਕ ਅਮਲੀ ਲੱਖਾ ਸਿੰਘ ਦੀ ਸੱਤ ਘੁਮਾ ਪੈਲੀ ਪਹਿਲਾਂ ਗਹਿਣੇ ਤੇ ਮਗਰੋਂ ਬੈ ਲੈਂਦਾ ਹੈ।[33] ਇਹ ਧਨੀ ਕਿਸਾਨ ਬਾਣੀਆਂ ਤੇ ਸਾਹੂਕਾਰਾਂ ਵਰਗੀਆਂ ਸਾਰੀਆਂ ਚਲਾਕੀਆਂ ਜਾਣਦੇ ਹਨ ਅਤੇ ਉਨ੍ਹਾਂ ਨਾਲ ਮਿਲਕੇ ਆਪਣੇ ਸ਼ਰੀਕ ਅਥਵਾ ਗ਼ਰੀਬ ਕਿਸਾਨਾਂ ਦੀ ਜ਼ਮੀਨ ਸਹਿਜੇ-ਸਹਿਜੇ ਹਥਿਆਉਂਦੇ ਜਾਂਦੇ ਹਨ। ਇਸਤੋਂ ਬਿਨਾਂ ਉਹ ਪੇਂਡੂ ਕੰਮੀਆਂ ਦਾ ਖ਼ੂਨ ਵੀ ਬੁਰੀ ਤਰ੍ਹਾਂ ਚੂਸਦੇ ਹਨ।

ਲੱਖਾ ਸਿੰਘ (ਜੁੱਗ ਬਦਲ ਗਿਆ) ਅਜਿਹਾ ਪਾਤਰ ਹੈ ਕਿ ਉਹ ਆਪਣੀ ਖੇਤੀ ਦਾ ਕੰਮ ਮੁਸਲਮਾਨ ਮੁਜ਼ਾਰਿਆਂ ਤੋਂ ਕਰਾਉਂਦਾ ਹੈ। ਪਰ ਉਹ ਕਦੇ ਕਿਸੇ ਜਟਭਰਾ ਨੂੰ ਪੈਲੀ ਹਿੱਸੇ 'ਤੇ ਨਹੀ ਸੀ ਦਿੰਦਾ। ਉਹਦੇ ਮੁਜ਼ਾਰੇ ਸਨ ਇਕ ਨੂਰੀ ਕੰਮਿਹਾਰ ਤੇ ਇਕ ਚੂਚਕ ਜਲਾਹਾ। ਜੱਟ ਮੁਜ਼ਾਰੇ ਨਾਲੋਂ ਉਹ ਗ਼ਰੀਬ ਮੁਸਲਮਾਨ ਵਧੇਰੇ ਆਗਿਆਕਾਰ ਸਨ। ਉਹ ਹਰ ਤਰ੍ਹਾਂ ਦੀ ਝਿੜਕ ਝੰਬ ਸਹਿ ਲੈਂਦੇ ਸਨ।[34] ਅਤੇ ਲੱਖਾ ਸਿੰਘ ਤੰਦੂਏ ਵਾਂਗ ਉਹਨਾਂ ਨੂੰ ਅਜਿਹਾ ਆਪਣਿਆਂ ਤਾਰਾਂ ਦੇ ਜਾਲ ਵਿਚ ਫਸਾਇਆ ਹੋਇਆ ਸੀ ਕਿ ਉਹ ਸਿਰਫ਼ ਵਾਹੁਣ ਬੀਜਣ ਦੇ ਭਾਈਵਾਲ ਹੀ ਸਨ, ਬੋਹਲ ਸਾਰਾ ਲੱਖਾਸਿੰਘ ਦਾ ਹੀ ਹੁੰਦਾ ਸੀ। ਪੋਹ ਦੇ ਮਹੀਨੇ ਵਿਚ ਜਦੋਂ ਗਰੀਬ ਕੰਮੀਆਂ ਤੇ ਮਾੜੇ ਕਿਸਾਨਾਂ ਦੇ ਘਰੀਂ ਦਾਣੇ ਮੁੱਕ ਜਾਂਦੇ ਸਨ, ਲੱਖਾ ਸਿੰਘ ਉਦੋਂ ਆਪਣੇ ਗੁਦਾਮ ਖੋਲ੍ਹਦਾ ਹੈ। ਇਸ ਸਮੇਂ ਜੱਟਾਂ ਨੂੰ ਤਾਂ ਉਹ ਦਾਣੇ ਉਦੋਂ ਦੇ ਭਾਅ 'ਤੇ ਨਕਦ ਹੀ ਦਿੰਦਾ ਹੈ ਪਰ ਗਰੀਬ ਕੰਮੀਆਂ ਨੂੰ ਉਧਾਰ ਦੇ ਕੇ ਬਣਦੀ ਰਕਮ ਨੂੰ ਪਹਿਲਾਂ ਹੀ ਸਵਾਈ ਕਰਕੇ ਅੰਗੂਠਾ ਲੁਆ ਲੈਂਦਾ ਹੈ।[35]

ਇਸ ਤਰ੍ਹਾਂ ਸੀਤਲ ਦੇ ਇਸ ਵਰਗ ਦੇ ਪਾਤਰ ਜਿਵੇਂ, ਲੱਖਾ ਸਿੰਘ, ਸਪੁੰਦ ਸਿੰਘ (ਜੁਗ ਬਦਲ ਗਿਆ), ਗਰੀਬ ਕਿਰਤੀਆਂ ਦਾ ਸੋਸ਼ਣ ਕੇਵਲ ਆਰਥਿਕ ਖੇਤਰ ਵਿਚ ਹੀ ਨਹੀਂ ਕਰਦੇ ਬਲਕਿ ਉਹ ਉਨ੍ਹਾਂ ਦੀ ਇਸਤਰੀਆਂ ਨੂੰ ਕਾਮ-ਵਾਸਨਾ ਦਾ ਸ਼ਿਕਾਰ ਬਣਾ ਕੇ ਵੀ ਉਨ੍ਹਾਂ ਦਾ ਸੋਸ਼ਣ ਕਰਦੇ ਹਨ। ਲੱਖਾ ਸਿੰਘ ਆਪਣੀ ਕਾਮ ਵਾਸਨਾ ਦੀ ਤ੍ਰਿਪਤੀ ਲਈ ਨਾ ਕੇਵਲ ਆਪਣੀ ਪਤਨੀ ਬਸੰਤਕੌਰ ਨੂੰ ਆਪਣੀ ਹੀ ਮਾਸੀ ਦੀ ਧੀ-ਭੈਣ ਸਵਰਨੋ ਨੂੰ ਸੌਕਣ ਬਣਾ ਕੇ ਉਸਦੇ ਘਰ ਵਿਚ ਲਿਆਉਣ ਲਈ ਮਜ਼ਬੂਰ ਕਰਦਾ ਹੈ ਸਗੋਂ ਆਪਣੇ ਸੀਰੀ ਡੁੱਡੇ ਦੀ ਪਤਨੀ ਦੇ ਨਾਉਂ ਉਤੇ ਆਪਣੇ ਪਿੰਡ ਲਿਆ ਕੇ ਰਾਜੋ ਨੂੰ ਬੋੜੇ ਜਿਹੇ ਲੁਕਵੇਂ ਰੂਪ ਵਿਚ ਰਖੇਲ[36] ਬਣਾ ਕੇ ਰਖਦਾ ਹੈ। ਅਤੇ ਉਸਦੇ ਬੱਚੇ ਦਾ ਬਾਪ ਵੀ ਬਣਦਾ ਹੈ। ਇਸ ਤਰ੍ਹਾਂ ਸਪੁੰਦ ਸਿੰਘ ਆਪਣੇ ਘਰ ਦਾ ਗੋਹਾ ਕੂੜਾ ਕਰਨ ਵਾਲੀ ਮੁਟਿਆਰ ਰਾਜੋ ਨੂੰ ਆਪਣੇ ਚੁੰਗਲ ਵਿਚ ਫਸਾਉਂਦਾ ਹੈ।[37]

2) <u>ਪੇਂਡੂ ਦਲਿਤ-ਸ਼੍ਰੇਣੀ ਨਾਲ ਸੰਬੰਧਿਤ ਪਾਤਰ :</u>

ਸੋਹਣ ਸਿੰਘ ਸੀਤਲ ਦੁਆਰਾ ਪੇਂਡੂ ਦਲਿਤ ਸ਼੍ਰੇਣੀ ਅੰਤਰ-ਦ੍ਰਿਸ਼ਟੀ ਤੋਂ ਚਿਤਰਣ ਦਾ ਪ੍ਰਮਾਣ ਉਸ ਦੇ ਨਾਵਲਾਂ ਵਿਚ ਮੌਜੂਦ ਕੇਵਲ ਅਜਿਹੇ ਉਦਾਰ-ਮਾਨਵਵਾਦੀ ਚਰਿੱਤਰ ਹੀ ਨਹੀਂ। ਪੇਂਡੂ ਦਲਿਤ ਸ਼੍ਰੇਣੀ ਦੇ ਦੁੱਖਾਂ ਤਕਲੀਫਾਂ ਤੇ ਉਨ੍ਹਾਂ ਦੀਆਂ ਉਮੰਗਾਂ , ਅਕਾਂਖਿਆਵਾਂ ਨਾਲ ਸੀਤਲ ਦੀ ਇਕਮਿੱਕਤਾ ਇਨ੍ਹਾਂ ਵਰਗਾਂ ਦੀ ਸਥਿਤੀ ਦੇ ਯਥਾਰਥਿਕ ਚਿਤਰਣ ਅਤੇ ਭੌਂਪਤੀ ਜੱਟ ਨਾਲ ਉਨ੍ਹਾਂ ਦੇ ਹਿਤਾਂ ਦੀ ਟੱਕਰ ਨੂੰ ਕੰਮੀਆਂ ਦੀ ਦ੍ਰਿਸ਼ਟੀ ਤੋਂ ਦਰਸਾ ਸਕਣ ਵਿਚ ਵਿਦਵਾਨ ਹੈ। ਸੀਤਲ ਨੇ ਇਸ ਸ਼੍ਰੇਣੀ ਦੇ ਪਾਤਰ ਨਾਈ, ਛੀਂਬੇ, ਝਿਉਰ, ਚਮਾਰ, ਮਜ਼ਹਬੀ ਆਦਿ ਲਏ ਹਨ, ਜਿਵੇਂ ਸ਼ਮਾਂ ਸਿੰਘ (ਮੁੱਲ ਦਾ ਮਾਸ), ਯੂਸਫ, ਜਮਾਲਾ (ਦੀਵੇ ਦੀ ਲੋਅ), ਮੰਗਲ, ਗਹਿਣਾ ਲੁਹਾਰ (ਤੂਤਾਂ ਵਾਲਾ ਖੂਹ) ਸੂਬਾ ਮਜ਼ਹਬੀ, ਨਥੂ ਤੇ ਡੁੱਡਾ (ਜੁੱਗ ਬਦਲ ਗਿਆ), ਰਾਮ, ਚੇਤੂ ,ਧਰਮ ਸਿੰਘ (ਸੁੰਞਾ ਆਲ੍ਹਣਾ )ਆਦਿ।

ਸ਼ਮਾਂ ਸਿੰਘ (ਮੁੱਲ ਦਾ ਮਾਸ) ਦਲਿਤ ਸ਼੍ਰੇਣੀ ਦਾ ਪਾਤਰ ਹੈ ਜੋ ਕਿ ਜਾਤ ਦਾ ਨਾਈ

ਹੈ। ਸਮਾਂ ਸਿੰਘ ਨਾਈ ਦਾ ਕੰਮ ਕਰਦਿਆਂ-ਕਰਦਿਆਂ ਵਿਆਹ ਸ਼ਾਦੀਆਂ ਵੀ ਕਰਵਾ ਦਿੰਦਾ ਹੈ। ਜਿਸਤੋਂ ਉਹ ਹੇਰਾਫੇਰੀ ਦੇ ਪੈਸੇ ਕਮਾ ਕੇ ਜੀਵਨ-ਨਿਰਬਾਹ ਕਰਦਾ ਹੈ। ਚੰਦੋ ਦਾ ਵਿਆਹ 60 ਸਾਲਾਂ ਦੇ ਬੁੱਢੇ ਨਾਲ ਕਰਾਉਂਦਿਆਂ ਉਸਦੀ ਮਾਂ ਨੂੰ ਕਹਿੰਦਾ ਹੈ ਕਿ "ਮੈਂ ਤਾਂ ਆਹਨਾ, ਆਪਾਂ ਨੂੰ ਤਿੰਨ ਹਜ਼ਾਰ ਮਿਲ ਜਾਏ।" ਸਮਾਂ ਸਿੰਘ ਨੇ ਹਮਦਰਦੀ ਪ੍ਰਗਟ ਕਰਦਿਆਂ ਕਿਹਾ। ਇਸ ਤਰ੍ਹਾਂ ਦੇ ਕੰਮ ਕਰਨਵਿਚ ਸਮਾਂ ਸਿੰਘ ਸਫਲ ਹੋ ਜਾਂਦਾ ਹੈ ਤੇ ਆਪਣਾ ਗੁਜ਼ਾਰਾ ਚਲਾਉਂਦਾ ਹੈ।

ਸੋਹਣ ਸਿੰਘ ਸੀਤਲ ਦਾ ਇਕ ਪਾਤਰ ਯੂਸਫ਼ (ਦੀਵੇ ਦੀ ਲੋ) ਜੁੱਤੀਆਂ ਸਿਉਂਕੇ ਗੁਜ਼ਾਰਾ ਕਰਦਾ ਹੈ। ਇਸ ਮਿਹਨਤ ਦੇ ਸਮਾਨਾਂਤਰ ਉਨ੍ਹਾਂ ਦੀ ਆਰਥਿਕ ਦੁਰਦਸ਼ਾ ਦਾ ਬਹੁਤ ਪ੍ਰਭਾਵਸ਼ਾਲੀ ਚਿਤਰ ਸੀਤਲ ਨੇ ਪੇਸ਼ ਕੀਤਾ ਹੈ। ਇਹ ਦਿਨ ਰਾਤ ਮਿਹਨਤ ਕਰਨ ਪਿਛੋਂ ਸੁੱਕੀ ਰੋਟੀ ਹੀ ਖਾ ਸਕਦਾਹੈ ਜੇ ਕਿਸੇ ਦਿਨ ਆਪਣਾ ਕੰਮ ਨਾ ਕਰ ਸਕਿਆ ਤਾਂ ਉਦੋਂ ਹੀ ਚੁਲ੍ਹਾ-ਚੌਂਕਾ ਠੱਪ ਹੋ ਜਾਂਦਾ ਹੈ। ਯੂਸਫ਼ ਦੇ ਬਿਮਾਰ ਪੈ ਜਾਣ ਤੇ ਘਰ ਦੀ ਹਾਲਤ ਇਹ ਹੈ ਕਿ ਨਸੀਰਾਂ ਘਰ ਵਿਚ ਰਹਿ ਗਏ ਇਕ ਰੁਪਏ ਵਿਚੋਂ ਅੱਠਾਂ ਆਨਿਆਂ ਦਾ ਆਟਾ, ਆਨੇ ਦੀਆਂ ਮਿਰਚਾਂ ਤੇ ਆਨੇ ਦਾ ਲੂਣ ਲਿਆ ਕੇ ਦਸਾਂ ਆਨਿਆਂ ਵਿਚ ਭੁੱਖ ਨੂੰ ਧੋਖਾ ਦੇਣ ਦਾ ਪ੍ਰਬੰਧ ਕਰਦੀ ਹੈ।[38]

ਜਮਾਲੇ ਨੇ ਜਦੋਂ ਤੋਂ ਹੋਸ਼ ਸੰਭਾਲਿਆ ਸੀ ਉਹਦੇ ਦਿਲ ਵਿਚ ਰੀਝ ਕਿ ਕਿਸੇ ਦਿਨ ਉਹਦੇ ਬੂਹੇ ਉਤੇ ਵੀ ਮਹਿ ਬੱਝੀ ਦਿਸੇ। ਉਮਰ ਭਰ ਦੀ ਰੀਝ ਬੁੱਢੇ ਵਾਰੇ ਪੂਰੀ ਤਾਂ ਕਰ ਲੈਂਦਾ ਹੈ ਭਾਵੇਂ ਉਹ ਬੁੱਢੀ ਚੰਗੀ ਮੱਝ ਨਹੀਂ ਖਰੀਦ ਸਕਦਾ। "ਫੇਰ ਚੰਗੀ ਚੀਜ਼ ਉਦੋਂ ਕੰਮੀਆਂ ਕੋਲ ਰਹਿਣ ਹੀ ਕੌਣ ਦੇਂਦਾ ਸੀ। ਉਨ੍ਹਾਂ ਨੂੰ ਇਹ ਹੱਕ ਹਾਸਲ ਨਹੀਂ ਸੀ ਕਿ ਉਹ ਕਿਸੇ ਚੀਜ਼ ਵਿਚ ਆਪਣੇ ਮਾਲਕਾਂ ਦੀ ਬਰਾਬਰੀ ਕਰਨ।"[39]

ਮੰਗਲ ਮਜ਼ਹਬੀ (ਤੂਤਾਂ ਵਾਲਾ ਖੂਹ) ਦਾ ਪਰਿਚਯ ਸੀਤਲ ਇਉਂ ਕਰਾਉਂਦਾ ਹੈ, "ਪੰਤੀ ਕੁ ਸਾਲ ਦਾ ਤੁਰਦਾ ਫਿਰਦਾ ਪਿੰਜਰ, ਜੋ ਸਮੇਂ ਤੋਂ ਪਹਿਲਾਂ ਹੀ ਬੁੱਢਾ ਹੋ ਚੁੱਕਾ ਸੀ। ਜੀਹਨੇ ਪਿਛਲੇ ਵੀਹ ਸਾਲਾਂ ਵਿਚ ਮਾਲਕਾਂ ਦੇ ਹਲ ਵਾਹੁੰਦਿਆਂ ਸੈਂਕੜੇ ਮਣ ਅੰਨ ਪੈਦਾ ਕੀਤਾ ਸੀ, ਪਰ ਆਪ ਉਹ ਸਦਾ ਅੱਧ ਭੁੱਖਾ ਰਿਹਾ ਸੀ।"[40]

ਰਹਿਣਾ ਲੁਹਾਰ ਇਸੇ ਸ਼੍ਰੇਣੀ ਦੀ ਪ੍ਰਤਿਨਿਧਤਾ ਕਰਦਾ ਹੈ। ਸੁਭਾ ਪੱਖੋਂ ਸੂਫ਼ੀ ਦਰਵੇਸ਼ ਹੈ। ਹਰ ਗੱਲ ਬਾਬੇ ਅਕਾਲੀ ਵਾਂਗ ਪਤੇ ਦੀ ਕਰਦਾ ਹੈ। ਜਿਵੇਂ ਬਾਬਾ ਅਕਾਲੀ ਦੀ ਗੁੰਝੀਆਂ ਰਮਜ਼ਾਂ ਨੂੰ ਕੋਈ ਨਹੀਂ ਜਾਣਦਾ, ਉਸੇ ਤਰ੍ਹਾਂ ਉਸ ਦੀਆਂ ਰਮਜ਼ਾਂ ਨੂੰ ਕੋਈ ਵਿਰਲਾ ਹੀ ਜਾਣਦਾ ਹੈ। ਬਾਬੇ ਅਕਾਲੀ ਵਾਂਗ ਸਮਾਜ ਦਾ ਅਸਲ ਪੜਚੋਲੀ ਹੈ। ਸੂਬਾ ਮਜ਼੍ਹਬੀ , ਨੱਥੂ ਤੇ ਡੂੰਡਾ (ਜੁਗ ਬਦਲ ਗਿਆ) ਲੱਖਾ ਸਿੰਘ ਦੇ ਸਿਰੀ ਹਨ। ਸੂਬਾ ਮਜ਼੍ਹਬੀ ਲੱਖਾ ਸਿੰਘ ਦਾ ਵਫ਼ਾਦਾਰ ਨੌਕਰ, ਤੀਹ ਬੱਤੀ ਸਾਲ ਦਾ ਪਿੰਜ ਪੰਜਾ 'ਖੁਸ਼ਕਿਸਮਤ' ਬੱਚਿਆਂ ਦਾ 'ਖੁਸ਼ਕਿਸਮਤ' ਬਾਪ ਸੀ,' ਖੁਸ਼ਕਿਸਮਤ ਇਸ ਕਾਰਣ ਕਿ ਉਸਨੂੰ ਤੇ ਉਸਦੇ ਪੰਜਿਆਂ ਬਚਿਆਂ ਨੂੰ ਕਦੇ 'ਬਦਹਜ਼ਮੀ' ਦਾ ਰੋਗ ਨਹੀਂ ਸੀ ਹੋਇਆ।[41] ਤੜਕੇ ਪੱਠੇ ਵੱਢਣ ਤੋਂ ਸ਼ੁਰੂ ਹੋ ਕੇ ਸਾਰੀ ਰਾਤ ਪਾਣੀ ਲਾਉਣ ਤਕ ਛੱਤੀ ਘੰਟਿਆਂ ਦੇ ਕੰਮ ਦੀ ਸਿਫਟ ਭੁਗਤਾ ਕੇ ਵੀ ਇਨ੍ਹਾਂ ਸਿਰੀਆਂ ਨੂੰ ਕਦੇ ਰੱਜਵਾਂ ਖਾਣਾ ਨਹੀਂ ਸੀ ਮਿਲਦਾ ਨਾ ਪੂਰਾ ਹੰਢਾਉਣ ਨੂੰ ਮਿਲਦਾ ਸੀ। ਮਾਲਕ ਤੋਂ ਲਿਆ ਥੋੜਾ ਜਿੰਨਾ ਕਰਜ਼ਾ ਵਰ੍ਹਿਆਂ ਤਕ ਉਸਦਾ ਕੰਮ ਕਰਨ ਦੇ ਬਾਵਜੂਦ ਨਹੀਂ ਸੀ ਮੁੱਕਾ ਸਗੋਂ ਉਲਟਾ ਹਰ ਸਾਲ ਸੌ ਪੰਜਾਹ ਵਧਦਾ ਹੀ ਜਾਂਦਾ ਸੀ ਤੇ ਉਨ੍ਹਾਂ ਨੂੰ ਸਮਝ ਨਹੀਂ ਸੀ ਪੈਂਦੀ ਕਿ ਉਹ ਕਿਵੇਂ ਜ਼ਿੰਦਗੀ ਦਾ ਭਾਰ ਚੁੱਕੀ ਤੁਰੇ ਆ ਰਹੇ ਹਨ।

ਇਹ ਕੰਮੀ ਪਛੜੇਵੇਂ ਕਾਰਨ ਬਹੁਤ ਵਾਰ ਆਪਣੇ ਹੀ ਸਾਥੀ ਕੰਮੀਆਂ ਦੇ ਵਿਰੁਧ ਮਾਲਕਾਂ ਦੇ ਵਧੇਰੇ ਹਿਤੈਸ਼ੀ ਬਣਕੇ ਵਿਖਾਉਂਦੇ ਸਨ। ਸੂਬਾ ਤੇ 'ਸੀਨੀਅਰ' ਹੋਣ ਦੀ ਹੈਸੀਅਤ ਵਿਚ 'ਜੂਨੀਅਰ' ਵੀ ਨੌਕਰ ਡੂੰਡੇ ਉਤੇ ਹੁਕਮ ਚਲਾਉਂਦੇ ਤੇ ਵਿਅੰਗ ਕਸਦੇ ਹਨ। ਲੱਦੂ ਝਿਊਰ ਆਪ ਵੀ ਭਾਵੇਂ ਸਰਦਾਰਾਂ ਦੀ ਘਿਰਣਾ ਦਾ ਪਾਤਰ ਹੈ। ਉਹ ਸਾਉ ਸਮਾਜ ਦਾ ਲਾਗੀ ਜਾਂ ਕੰਮੀ ਸਮਝਿਆ ਜਾਂਦਾ ਹੈ। ਸਾਰਾ ਦਿਨ ਉਸਨੂੰ ਸਰਦਾਰਾਂ ਦੀਆਂ ਗੱਲਾਂ ਹੱਸ ਹੱਸ ਕੇ ਸਹਿਣੀਆਂ ਪੈਂਦੀਆਂ ਹਨ। ਉਹ ਡੂੰਡੇ ਵਰਗੇ/ਕੰਮੀਆਂ ਨੂੰ ਸਵਾਈ ਘਿਰਣਾ ਕਰਦਾ ਹੈ ਕਿਉਂਕਿ ਉਹ ਸਮਝਦਾ ਹੈ ਕਿ ਬੇਸ਼ਕ ਉਹ ਸਰਦਾਰਾਂ ਤੋਂ ਨੀਵਾਂ ਹੈ ਪਰ ਡੂੰਡੇ ਦੀ ਬਰਾਦਰੀ ਤਾਂ ਉਸਤੋਂ ਵੀ ਨੀਵੀਂ ਹੈ।[42]

ਫਿਊਰ ਰਾਮਾ (ਸੁੱਕਾ ਆਲੂਣਾ) ਦੀ ਅੱਧੀ ਉਮਰ ਕਾਨਿਆਂ ਦੀ ਛੱਪਰੀ ਵਿਚ ਹੀ ਗੁਜ਼ਰ ਗਈ ਸੀ ਜਿਸਦੇ ਚੁਫੇਰੇ ਬੰਦੇ-ਬੰਦੇ ਜਿੱਡੀਆਂ ਕੱਚੀਆਂ ਕੱਲਰ ਖਾਧੀਆਂ ਕੰਧਾਂ, ਉਤੇ ਸਰਕਾਨਿਆਂ ਦਾ ਢਾਲਵਾਂ ਛੱਪਰ ਤੇ ਬੂਹ ਅੱਗੇ ਤਖਤਿਆਂ ਦੀ ਥਾਂ ਕਾਨਿਆਂ ਦਾ ਖਿੜਕਾ ਸੀ ਤੇ ਇਸ ਘਰ ਵਿਚ ਪਈ ਰਾਮੇ ਦੀ ਸੰਪਤੀ ਸੀ ਇਕ ਪੁਰਾਣੀ ਟੀਨ ਦਾ ਟਰੰਕ, ਤਿੰਨ ਚਾਰ ਮਿੱਟੀ ਦੇ ਘੜੇ, ਪੰਜ ਸੱਤ ਚੌਂਕੇ ਦੇ ਭਾਂਡੇ ਤੇ ਦੋ ਮੰਜੀਆਂ।[43] ਤੇ ਇਹ ਰਾਮਾ ਕੋਈ ਸਾਧ ਨਹੀਂ ਸਗੋਂ ਸਵੇਰੇ ਸਾਮ ਪਿੰਡ ਦੇ ਕਿਸਾਨਾਂ ਦੇ ਘਰੀਂ ਘੜੇ ਚੁੱਕ ਚੁੱਕ ਕੇ ਪਾਣੀ ਭਰਨ ਵਾਲਾ ਮਹਿਰਾ ਸੀ। ਰਾਮਾ ਮਹਿਰੇ ਦੀ ਆਰਥਿਕ ਹਾਲਤ ਕਮਜ਼ੋਰ ਹੋਣ ਕਰਕੇ ਬਿਮਾਰ ਪਤਨੀ ਦਾ ਇਲਾਜ ਨਹੀਂ ਕਰਵਾਸਕਦਾ ਸੀ। ਇਸ ਤਰ੍ਹਾਂ ਰਾਮਾ ਮਹਿਰਾ ਅਤੇ ਉਸਦੀ ਪਤਨੀ ਗਰੀਬੀ ਦੀ ਹਾਲਤ ਵਿਚ ਮਰ ਜਾਂਦੇ ਹਨ।

ਰਾਮਾ ਮਹਿਰੇ ਦੀ ਕਾਰ ਉਸਦਾ ਪੁੱਤਰ ਚੇਤੂ,ਜੋ ਕਿ ਕਿਸੇ ਸ਼੍ਰੇਣੀ ਦਾ ਪ੍ਰਤਿਨਿਧ ਹੈ, ਚੁੱਕ ਲੈਂਦਾ ਹੈ । ਮਾਂ - - ਮਹਿਟਰ ਚੇਤੂ ਦਾ ਵਿਆਹ ਨਹੀਂ ਹੁੰਦਾ।ਨਾਵਲਕਾਰ ਲਿਖਦਾ ਹੈ ਕਿ "ਚੇਤੂਵੀ 9 ਸਾਲ ਤਕ ਬੱਚਾ ਰਿਹਾ, ਤੇ ਫਿਰ ਬੁੱਢਾ।"[44] ਪਿੰਡ ਦਾ ਇਕ ਹੋਰ ਮੋਚੀ ਸੁਹਾਬਦੀਨ ਚੇਤੂ ਨੂੰ ਸਮਝਾਉਂਦਾ ਹੋਇਆ ਕਹਿੰਦਾਹੈ:

> ਵੇਖ,ਚੇਤੂ ! ਤੂੰ ਹੁਣ ਪੰਦਰਾਂ ਸਾਲ ਦਾ ਹੋ ਗਿਆ ਏ। ਸਰਦਾਰਾਂ ਦੇ ਮੁੰਡੇ ਇਸ ਉਮਰੇ ਬਥੇਰਿਆਂ ਖਰਮਸਤੀਆਂ ਕਰਦੇ ਨੇ। ਪਰ ਗਰੀਬ ਨੇ ਕਦੋਂ ਖਰਮਸਤੀ ਕਰਨੀ ਹੋਈ ਉਹਨੂੰ ਤਾਂਢਿੱਡ ਦਾ ਸ਼ੰਸਾ ਹੀ ਨਹੀਂ ਜਿਉਣ ਦੇਂਦਾ - - - ।[45]

ਚੇਤੂ ਸਰਦਾਰਾਂ ਦੇ ਘਰ ਬਰਤਨ ਸਾਫ਼ ਕਰਦਾ ਅਤੇ ਜੀਵਨ ਨਿਰਬਾਹ ਕਰਦਾ ਹੈ। ਚੇਤੂ ਪਾਤਰ ਵਿਚ ਸੀਤਲ ਨੇ ਵਰਗ ਚੇਤਨਾ ਆਉਣ ਦਾ ਤੀਖਣ ਰੂਪ ਪ੍ਰਗਟ ਕੀਤਾ ਹੈ ਚੇਤੂ ਨਾਲ ਲੜਦਿਆਂ ਸਿੰਗਾਰਾ ਤਾਅਨਾ ਦਿੰਦਾ ਹੈ;

> ਓਇ,ਸਾਡੇ ਈ ਟੁਕੜੇ ਖਾ ਕੇ ਤੂੰ ਸਾਨੂੰ ਆਨੀਆਂ ਵਿਖਾਉਣਾ ਏਂ,? ਤੂੰ ਹੈਂ ਕੀ ਚੀਜ਼। ਤਾਂ ਚੇਤੂ ਦਾ ਉੱਤਰ ਹੈ,
> ਮੈਂ ਟੁਕੜੇ ਮੁਖਤ ਨਹੀਂ ਖਾਂਦਾ ਰਿਹਾ. ਦੂਣਾ ਕੰਮ ਕਰਦਾ ਰਿਹਾਂ ਆਂ। ਜਿਸਤੋਂ ਕੋਈ ਕੰਮ ਕਰਾਏਗਾ , ਉਸਨੂੰ ਖਾਣ ਨੂੰ ਵੀ ਦੇਣਾਪਵੇਗਾ।[46]

ਧਰਮ ਸਿੰਘ (ਜੁੱਗ ਬਦਲ ਗਿਆ) ਤਰਖਾਣ ਹੈ ਥੋੜੀ ਬਹੁਤ ਭੂਇੰ ਹੈ ਜਿਸ ਨਾਲ ਧਰਮ ਸਿੰਘ ਕਾਫ਼ੀ ਪਿਆਰ ਕਰਦਾ ਹੈ। ਪੁੱਤਰਾਂ ਦੇ ਸ਼ਹਿਰ ਬੁਲਾਉਣ ਤੇ ਵੀ ਨਹੀਂ ਜਾਂਦਾ। ਅਜਿਹਾ ਕਰਨਾ ਉਹ ਰੂਹ ਛੱਡਣ ਦੇ ਬਰਾਬਰ ਸਮਝਦਾ ਹੈ ਉਹ ਕਿਰਤੀ ਨਾਲੋਂ ਟੁੱਟਣਾ ਨਹੀਂ ਚਾਹੁੰਦਾ। ਕਹਿੰਦਾ ਹੈ ਕਿ ਜਨਮ ਭੋਇੰ ਛੱਡਣੀ ਬੜੀ ਔਖੀ ਏ। ਸ਼ਾਇਦ ਰੂਹ ਦੇ ਸ਼ਰੀਰ ਛੱਡਣ ਨਾਲੋਂ ਵੀ ਔਖੀ। ਇਸ ਛੋਟੇ ਜਿਹੇ ਪਿੰਡ ਦੀਆਂ ਗਲੀਆਂ ਦਾ ਅਹਿਨਾਂ ਕੱਚੀਆਂ ਕੰਧਾਂ ਦਾ ਮੋਹ ਨਹੀਂ ਜੇ ਤਿਆਗਿਆ ਜਾਂਦਾ - - - ।"[47]

3) <u>ਸ਼ਾਹੂਕਾਰ ਸ਼੍ਰੇਣੀ ਨਾਲ ਸੰਬੰਧਿਤ ਪਾਤਰ :</u>

ਸੀਤਲ ਨੇ ਧਨੀ ਕਿਸਾਨ ਦੇ ਨਾਲ-ਨਾਲ ਆੜ੍ਹਤੀ ਜਾਂ ਸ਼ਾਹੂਕਾਰ ਨੂੰ ਵੀ ਨਾਵਲਾਂ ਵਿਚ ਬਹੁਤੇ ਚੰਗੇ ਢੰਗ ਚਿਤਰਿਆ ਹੈ। ਜਿਸ ਤਰ੍ਹਾਂ ਧਨੀ ਕਿਸਾਨ ਦਾ ਚਰਿੱਤਰ ਪਹਿਲੇ ਨਾਵਲਾਂ ਤੋਂ ਸ਼ੁਰੂ ਹੋ ਕੇ 'ਜੁੱਗ ਬਦਲ ਗਿਆ' ਵਿਚ ਆਪਣੀ ਸਿਖਰ ਨੂੰ ਪਹੁੰਚਦਾ ਹੈ। ਉਸੇ ਤਰ੍ਹਾਂ ਸ਼ਾਹੂਕਾਰ ਵੀ ਆਪਣੇ ਸਾਰੇ ਗੁਣਾਂ ਔਗੁਣਾਂ ਸਹਿਤ ਧੰਨੇ ਸ਼ਾਹ ਦੇ ਰੂਪ ਵਿਚ 'ਤੂਤਾਂ ਵਾਲਾ ਖੂਹ' ਅਤੇ 'ਜੁੱਗ ਬਦਲ ਗਿਆ' ਵਿਚ ਪ੍ਰਗਟ ਹੁੰਦਾ ਹੈ। ਇਸ ਤੋਂ ਪਹਿਲਾਂ 'ਮੁੱਲ ਦਾ ਮਾਸ' ਵਿਚ ਫੱਗੂ ਮਲ ਅਤੇ 'ਜੰਗ ਜਾਂ ਅਮਨ' ਵਿਚ ਗਰੀਬ ਦਾਸ ਦੇ ਰੂਪ ਵਿਚ ਇਸਨੇ ਸੰਖੇਪ ਜਿਹੀ ਵਿਖਾਲੀ ਦਿੱਤੀ ਹੈ।

'ਫੱਗੂ ਮਲ (ਮੁੱਲ ਦਾ ਮਾਸ) ਇਕ ਮੁਨੀਮ ਦਾ ਕੰਮ ਕਰਦਾ ਹੈ। ਥੋੜੇ ਚਿਰ ਮਗਰੋਂ ਉਸਦੀ ਜਾਣ ਪਛਾਣ ਇਲਾਕੇ ਦੇ ਜ਼ੈਲਦਾਰ ਚੌਧਰੀ ਨੂਰ ਮੁਹੰਮਦ ਨਾਲ ਹੋ ਗਈ। ਫੱਗੂ ਮੱਲ ਨੇ ਮਿੱਠੀਆਂ-ਮਿੱਠੀਆਂ ਗੱਲਾਂ ਵਿਚ ਲਿਆ ਕੇ ਨੂਰ ਮੁਹੰਮਦ ਨੂੰ ਫਸਾ ਲਿਆ ਕਿ ਵੱਖਰੀ ਆੜ੍ਹਤ ਖੋਲ੍ਹ ਲਈ ਜਾਵੇ। ਦੁਕਾਨ ਦੇ ਕੰਮ ਵਿਚ ਘਾਟਾ ਹੋਣ ਕਾਰਣ ਜਦੋਂ ਜ਼ੈਲਦਾਰ ਨੇ ਹਿਸਾਬ ਮੰਗਿਆ ਤਾਂ ਫੱਗੂ ਮਲ ਨੇ ਅਲਗ ਦੁਕਾਨ ਖੋਲਣ ਦਾ ਸੁਝਾ ਦੇ ਦਿੱਤਾ। ਜ਼ੈਲਦਾਰ ਦੀ ਮੌਤ ਮਗਰੋਂ ਉਹ ਦੁਕਾਨ ਦਾ ਮਾਲਕ ਬਣ ਗਿਆ। ਜਦੋਂ ਕੋਈ ਗਾਹਕ ਕਰਜ਼ਾ ਲੈਣ ਜਾਂ ਅਦਾ ਕਰਨ ਲਈ ਆਂਦਾ ਤਾਂ ਉਸਦੇ ਖੋਲੇ ਕੰਨਿਆ ਪਾਠਸ਼ਾਲਾ ਲਈ ਉਨ੍ਹਾਂ ਨੂੰ ਕੁੱਝ ਨਾ ਕੁੱਝ ਜ਼ਰੂਰ ਦੇਣਾ ਪੈਂਦਾ। ਇਸ ਤਰ੍ਹਾਂ ਇਹ ਜਨਤਾ ਨੂੰ ਲੁੱਟਦਾ ਅਤੇ ਆਪਣਾ ਘਰ ਭਰੀ ਜਾ ਰਿਹਾ ਸੀ।

ਧੰਨੇ ਸ਼ਾਹ (ਤੂਤਾਂ ਵਾਲਾ ਖੂਹ) ਕਸੂਰ ਦਾ ਵਿਆਜੜੀਆ ਸ਼ਾਹੂਕਾਰ ਹੈ। ਤੂਤਾਂ ਵਾਲਾ ਖੂਹ ਪ੍ਰਾਪਤ ਕਰਨ ਲਈ ਉਹ ਸੱਜਣ ਸਿੰਘ ਅਤੇ ਇਲਮਦੀਨ ਦੀ ਬਾਬਿਆਂ ਪੜਦਾਦਿਆਂ ਤੋਂ ਚਲੀ ਆ ਰਹੀ ਸਾਂਝ ਵਿਚ ਪਾੜ ਪਾ ਦਿੰਦਾ ਹੈ। ਧੰਨੇ ਸ਼ਾਹ ਦਾ ਕੋਈ ਧਰਮ ਨਹੀਂ। ਉਹ ਆਪਣੀ ਸ਼੍ਰੇਣੀ ਦੀ ਪ੍ਰਤਿਨਿਧਤਾ ਚੰਗੇ ਢੰਗ ਨਾਲ ਕਰਦਾ ਹੈ। ਜਮਾਤੀ ਖ਼ਾਸੇ ਕਰਕੇ ਉਸਦੀ ਦੋਸਤੀ ਲੱਖਾ ਸਿੰਘ ਨਾਲ ਹੈ। ਇਹ ਦੋਵੇਂ ਮਿਲੀ ਭੁਗਤ ਸਾਮੀਆਂ ਬਟੋਰਦੇ ਹਨ। ਇਸਨੇ ਆਪਣੇ ਪਿਤਾ ਪੁਰਖੀ ਕਿੱਤੇ ਉਤੇ ਮੁਹਾਰਤ ਨਾਲ ਚਲਦਿਆਂ ਹੋਇਆਂ ਲੱਖਾ ਸਿੰਘ ਦੀ ਜਾਇਦਾਦ ਬਣਾਈ ਹੈ। ਪਰ ਕੰਜੂਸ ਉਹ ਇੰਨਾ ਜ਼ਿਆਦਾ ਹੈ ਕਿ ਉਸਨੇ ਆਪ ਕਦੇ ਖਾ-ਹੰਢਾ ਕੇ ਨਹੀਂ ਵੇਖਿਆ ਤੇ ਨਾ ਹੀ ਆਪਣੇ ਪਰਿਵਾਰ ਦੇ ਜੀਆਂ ਦੀਆਂ ਰੀਝਾਂ ਦੀ ਉਸਨੇ ਕੋਈ ਕਦਰ ਕੀਤੀ ਹੈ। ਜਿਸ ਸਾਮੀ ਕੋਲੋਂ ਉਸਨੂੰ ਕੁਝ ਮਿਲਣ ਦੀ ਆਸ ਹੋਵੇ ਉਸਨੂੰ ਕਦੇ ਮੋੜਿਆ ਨਹੀਂ। ਜੇ ਸਾਮੀ ਵਿਆਜ ਉਹਦੀ ਮਨ ਮਰਜ਼ੀ ਦਾ ਦੇਣਾ ਮੰਨ ਜਾਵੇ ਤਾਂ ਉਹ ਘਰ ਵਾਲੀ ਦੇ ਗਹਿਣੇ ਤਾਂ ਕੀ ਘਰ ਦੇ ਭਾਂਡੇ ਵੇਚ ਕੇ ਵੀ ਸਾਮੀ ਨੂੰ ਕਰਜ਼ ਦੇਣ ਲਈ ਤਿਆਰ ਹੈ।[48] ਉਸਦੀ ਫਿਲਾਸਫ਼ੀ ਹੈ ਕਿ ਦੁਨੀਆਂ ਵਿਚ ਜਿਉਣਾ ਚਾਹੁੰਦੇ ਹੋ ਤਾਂ ਪਹਿਲਾਂ ਆਪਣਾ ਭਲਾ ਸੋਚੋ। ਹਮੇਸ਼ਾਂ ਦੂਜਿਆਂ ਦੇ ਖੰਡਰਾਂ ਉਤੇ ਆਪਣੇ ਮਹਿਲ ਉਸਾਰਨ ਦੀ ਚਿੰਤਾ ਕਰੋ। ਹਾਂ, ਤੁਹਾਡੇ ਭਲੇ ਨਾਲ ਮੱਲੋ-ਮੱਲੀ ਕਿਸੇ ਦਾ ਭਲਾ ਹੋ ਜਾਵੇ, ਤਾਂ ਫਿਰ ਸਬਰ ਸ਼ੁਕਰ ਕਰਕੇ ਸਹਿ ਜਾਵੋ।[49]

ਦੁਰਗਾ ਦਾਸ (ਕਾਲੇ ਪਰਛਾਵੇਂ) ਇਸੇ ਸ਼੍ਰੇਣੀ ਨਾਲ ਸੰਬੰਧ ਰਖਦਾ ਹੈ। ਇਹ ਉਪਰੋਂ-ਉਪਰੋਂ ਨਰਮੀ ਨਜ਼ਰ ਆਉਂਦਾ ਹੈ। ਭਗਤ ਦੁਰਗਾਦਾਸ ਪ੍ਰਕਾਸ਼ ਜੋ ਕਿ ਲਾਵਾਰਿਸ਼ ਹੈ, ਸੰਗਤ ਕੋਲੋਂ ਮੰਗ ਕੇ ਲੈ ਜਾਂਦਾ ਹੈ ਅਤੇ ਦੁਰਗਾਦਾਸ ਨਿਰਦੇਈ ਹੈ, ਪ੍ਰਕਾਸ਼ ਨੂੰ ਮਾਰਦਾ, ਕੁੱਟਦਾ। ਭਗਤ ਦੁਰਗਾਦਾਸ ਧਰਮ-ਕਰਮ ਵਾਲਾ ਮਨੁੱਖ ਹੈ ਪਰ ਉਸਦਾ ਵਤੀਰਾ ਅਣ-ਮਨੁੱਖੀ ਹੈ।

ਧਾਰਮਿਕ ਸ਼੍ਰੇਣੀ ਨਾਲ ਸੰਬੰਧਿਤ ਪਾਤਰ :

ਸੋਹਣ ਸਿੰਘ ਸੀਤਲ ਦੇ ਨਾਵਲਾਂ ਵਿਚ ਮਿਲਦੇ ਪਾਤਰਾਂ ਨੂੰ ਇਹ ਸ਼੍ਰੇਣੀ ਕਾਫ਼ੀ ਮਹੱਤਤਾ ਰਖਦੀ ਹੈ। ਸੋਹਣ ਸਿੰਘ ਸੀਤਲ ਢਾਡੀ ਸੀ। ਉਸਦਾ ਗੁਰਦੁਆਰਿਆਂ ਵਿਚ ਜਾਣਾ, ਇਨ੍ਹਾਂ ਧਾਰਮਿਕ

ਪਾਤਰਾਂ ਨਾਲ ਚੰਗੀ ਤਰ੍ਹਾਂ ਜਾਣ-ਪਛਾਣ ਕਰਾਉਣ ਵਿਚ ਸਹਾਇਕ ਹੁੰਦਾ ਹੈ। ਸੀਤਲ ਨੇ ਇਹ ਪਾਤਰ ਦੁਰਾਚਾਰੀ ਅਤੇ ਸਦਾਚਾਰੀ ਪਾਤਰਾਂ ਦੇ ਰੂਪ ਵਿਚ ਪੇਸ਼ ਕੀਤੇ ਹਨ। ਮੰਦਿਰਾਂ ਦੇ ਠੇਕੇਦਾਰ ਬਣਕੇ ਭੋਲੀ-ਭਾਲੀ ਜਨਤਾ ਨੂੰ ਗੁਮਰਾਹ ਕਰਦੇ ਹਨ।

ਪੰਡਤ ਜਵਾਲਾ ਸਹਾਇ (ਮੁਲ ਦਾ ਮਾਸ), ਸੱਜਣ ਸਿੰਘ ਅਤੇ ਗੱਜਣ ਸਿੰਘ (ਪਤਵੰਤੇ ਕਾਤਲ), ਮਸੀਤ ਦਾ ਮੁੱਲਾ (ਈਚੋਗਿਲ ਨਹਿਰ ਤਕ), ਸੁੰਦਰ ਸਿੰਘ ਤੇ ਫੱਜਲਹੱਕ (ਤੂਤਾਂ ਵਾਲਾ ਖੂਹ ) ਆਦਿ ਇਸੇ ਸ਼੍ਰੇਣੀ ਦੀ ਪ੍ਰਤਿਨਿਧਤਾ ਕਰਦੇ ਹਨ।

ਪੰਡਤ ਜਵਾਲਾ ਸਹਾਇ (ਮੁਲਦਾ ਮਾਸ) ਧਾਰਮਿਕ ਸ਼੍ਰੇਣੀ ਦਾ ਪਾਤਰ ਹੈ। ਉਹ ਆਪਣੇ ਪਿੰਡ ਵਿਚ ਮੰਨਿਆ ਹੋਇਆ ਦਾਨਾ ਆਦਮੀ ਹੈ। ਉਸਦਾ ਕੰਮ ਕਿਸੇ ਦਾ ਘਰ ਵਸਾਉਣਾ ਤੇ ਜਾਂ ਕਿਸੇ ਦਾ ਘਰ ਉਜਾੜਨਾ ।ਕਿਸੇ ਨੂੰ ਤਵੀਤ ਘੁਆਉਣਾ ਤੇ ਕਿਸੇਦੇ ਕਢਾਉਣਾ।ਇਸ ਤਰ੍ਹਾਂ ਦੇ ਰੋਗ ਦੂਰ ਕਰ ਦੇਣੇ ਤੇਕਿਸੇ ਨੂੰ ਰੋਗ ਲਾ ਦੇਣੇ। ਇਹ ਸਭ ਉਸਦੇ ਗੁਣ ਸਨ। ਪਿੰਡ ਵਿਚ ਕਿਸੇ ਨੇ ਧੀ ਪੋਤਰੀ ਵਿਆਉਣੀ ਤਾਂ ਪੰਡਤ ਨੂੰ ਪੁਛਿਆ ਜਾਂਦਾ, ਨੂੰਹ ਲਿਆਉਣੀ ਤਾਂ ਜਵਾਲਾ ਸਹਾਇ ਤੋਂ ਪੱਤਰੀ ਕਢਾਉਣੀ। ਪਾਖੰਡੀ ਪੰਡਤ ਸੀ ਜਿਵੇਂ ਕਿਸੇ ਦੇ ਘਰ ਰੋਟੀ ਖਾਣ ਲਈ ਜਾਣਾ ਤਾਂ ਇਉਂ ਕਹਿਣਾ, ਪੁੱਤਰੀ, ਮੈਂ ਅੰਮ੍ਰਿਤ ਵੇਲੇ ਵੇਦ ਮੰਤਰ ਪੜ੍ਹ ਰਿਹਾ ਸਾਂ, ਤਾਂ ਮੈਨੂੰ ਅਕਾਸ਼ਵਾਣੀ ਹੋਈ ਕਿ ਤੁਹਾਡੇ ਕਰਮਾਂ 'ਤੇ ਅੱਜਕਲ ਮੰਗਲ ਦਾ ਪਹਿਰਾ ਹੈ। ਆਹ ਤਵੀਤ ਉਸਦੇ ਗਲ ਬੰਨ੍ਹ ਦੇਣਾ, ਤੇ ਹਰ ਮੰਗਲਵਾਰ ਇਸਨੂੰ ਧੂੱਪ ਦੇਂਦੇ ਰਹਿਣਾ। ਆਹ ਮਹੀਨਾ ਸੁੱਖ ਦਾ ਲੰਘ ਗਿਆ, ਤਾਂ ਫੇਰ ਕੋਈ ਡਰ ਨਹੀਂ।"[50] ਉਸਦਾ ਜੀਵਨ ਨਿਰਾਰਥਕ ਕਰਮ ਕਾਂਡਾਂ ਅਤੇ ਵਿਖਾਵੇ ਨਾਲ ਭਰਿਆ ਹੋਇਆ ਸੀ। ਪੰਡਤ ਉਪਰੋਂ-ਉਪਰੋਂ ਧਰਮ ਕਰਮ ਦੇ ਕੰਮ ਕਰਦਾ ਨਜ਼ਰ ਆਉਂਦਾ ਸੀ, ਪਰ ਅੰਦਰੋਂ ਅੰਦਰੀ ਉਹ ਸਮਾਜ ਵਿਰੋਧੀ ਅਨਸਰਾਂ ਦਾ ਚਹੇਤਾ ਯਾਰ ਸੀ। ਉਸਦਾ ਉਠਣ-ਬੈਠਣ , ਖਾਣ-ਪੀਣ, ਬਦਮਾਸ਼ਾਂ ਨਾਲ ਸੀ। ਪਿੰਡ ਵਿਚ ਹੁੰਦੇ ਹਰ ਬੁਰੇ ਕੰਮ ਦੀ ਸਕੀਮ ਉਸਦੀ ਹਾਜ਼ਰੀ ਤੋਂ ਬਿਨ੍ਹਾਂ ਪੂਰੀ ਨਹੀਂ ਸੀ ਹੁੰਦੀ। ਪੰਡਤ ਜਵਾਲਾ ਸਹਾਇ ਜਦੋਂ ਸਮਾਂ ਸਿੰਘ ਨਾਈ ਨਾਲ ਗੰਡਾ ਸਿੰਘ ਨੂੰ ਦੂਜਾ ਵਿਆਹ ਕਰਵਾਉਣ ਲਈ ਮਨਾ ਕੇ ਲਿਆਉਂਦਾ ਹੈ, ਤਾਂ ਉਸਦੇ ਨਿਮਨਲਿਖਤ ਸ਼ਬਦ ਉਸਦੇ

ਧਾਰਮਿਕ ਜੀਵਨ ਦਾ ਪਰਦਾ ਫਾਸ਼ ਕਰਦੇ ਹਨ:

> ਟਿੰਡ ਵਰਗੀ ਨੰਗੀ ਸਿਰੀ ਉਤੋਂ ਬੋਦੀ ਨੂੰ ਹਿਲਾਉਂਦਿਆਂ ਹੋਇਆਂ
> ਪੰਡਤ ਬੋਲਿਆ, ਉਇ ਫਿਰ ਵੀ ਉਸਤਾਦ ਆਂ ਇਨ੍ਹਾਂ ਕੰਮਾਂ ਦੇ।
> ਸ਼ੇਰ ਦੇ ਪੰਜੇ ਵਿਚ ਆਇਆ ਸ਼ਕਾਰ ਕਦੇ ਬਚ ਕੇ ਨਿਕਲਿਆ ਏ?
> ਜੋ ਮਿਲਿਆ, ਸੋ ਲਾਹੇ ਦਾ ਪੰਦਰਾਂ ਸੌ ਨਹੀਂ, ਤਾਂ ਹਜ਼ਾਰ ਹੀ ਸਹੀ।[51]

ਇਸ ਤਰ੍ਹਾਂ ਉਪਰੋਂ ਉਪਦੇਸ਼ ਦੇਣ ਵਾਲਾ ਪੰਡਤ ਲੋਕ ਸਮਾਜ ਦੀਆਂ ਧੀਆਂ ਭੈਣਾਂ ਦੀ ਕੋਈ ਪ੍ਰੁੱਲ ਨਹੀਂ ਸਮਝਦਾ। ਗਰੀਬ ਭੋਲੇ-ਭਾਲੇ ਲੋਕਾਂ ਦਾ ਬੇਵਕੂਫ ਬਣਾ ਕੇ ਆਪਣਾ ਉਲੂ ਸਿੱਧਾ ਕਰੀ ਜਾ ਰਿਹਾ ਹੈ।

ਸੱਜਣ ਸਿੰਘ ਅਤੇ ਗੱਜਣ ਸਿੰਘ (ਪਤਵੰਤੇ ਕਾਤਲ) ਦੇ ਸੇਵਾਦਾਰ ਇਸੇ ਸ਼੍ਰੇਣੀ ਦੇ ਪਾਤਰ ਹਨ। ਪੰਡਤ ਜਵਾਲਾ ਸਹਾਇ ਅਤੇ ਤਾਰੂ ਬਦਮਾਸ਼ ਦੁਆਰਾ ਤੰਗ ਆਉਣ ਤੋਂ ਨਿਕਲੀ ਮਨਜੀਤ ਗੁਰਦੁਆਰੇ ਪਨਾਹ ਲੈਂਦੀ ਹੈ ਤਾਂ ਇਹ ਸੇਵਾਦਾਰ ਉਸਨੂੰ ਤੰਗ ਕਰਦੇ ਹਨ।

ਸੁਜਾਨ ਸਿੰਘ (ਪਤਵੰਤੇ ਕਾਤਲ) ਜੋ ਕਿ ਗੁਰਦੁਆਰੇ ਦਾ ਪ੍ਰਧਾਨ ਹੈ ਵੀ ਨੀਚ ਹਰਕਤਾਂ ਕਰਨ ਵਾਲਾ ਪਾਤਰ ਹੈ ।ਧਰਮ ਦੀ ਛਾਇਆ ਹੇਠ ਬੁਰੇ ਕਰਮ ਕਰਨ ਦਾ ਇਨ੍ਹਾਂ ਲੋਕਾਂ ਨੇ ਠੇਕਾ ਲਿਆ ਹੁੰਦਾ ਹੈ: ਸਹਿਜੇ - ਸਹਿਜੇ ਸਾਰੇ ਮੁਲਾਜ਼ਮ ਹਟਾ ਕੇ ਰਿਸ਼ਤੇਦਾਰ ਰਖ ਲਏ। ਗੁਰਦੁਆਰੇ ਵਿਚ ਮਨਮਾਨੀਆਂ ਕਰਨੀਆਂ ਉਨ੍ਹਾਂ ਦਾ ਸ਼ੌਕ ਬਣ ਗਿਆ। ਕਮੇਟੀ ਦਾ ਨੇਕ ਬੰਦਾ ਜਦੋਂ ਇਨ੍ਹਾਂ ਖਿਲਾਫ ਆਵਾਜ਼ ਉਠਾਉਂਦਾ ਤਾਂ ਪਰਧਾਨ ਦੇ ਇਸ਼ਾਰੇ ਉਤੇ ਉਸਦੇ ਭਤੀਜੇ , ਉਸਦੀ ਪਾਣ ਪੱਤ ਲਾਹੁਣ ਵਾਸਤੇਤਿਆਰ ਹੋ ਜਾਂਦੇ। ਧਰਮ ਅਸਥਾਨ ਦੇ ਸੇਵਾਦਾਰ ਹੁੰਦਿਆਂ ਹੋਇਆਂ ਉਨ੍ਹਾਂ ਦੀਆਂ ਸਾਰੀਆਂ ਕਰਤੂਤਾਂ ਧਰਮ ਵਿਰੁਧ ਹੁੰਦੀਆਂ।"[52] ਦੋਵੇਂ ਸੇਵਾਦਾਰਅਤੇ ਪ੍ਰਧਾਨ ਸੁਜਾਨ ਸਿੰਘ ਅਜਿਹੇ ਕੁਕਰਮ ਕਰਨ ਲਗਿਆਂ ਜ਼ਰਾ ਵੀ ਸੰਕੋਚ ਨਹੀਕਰਦੇ।

ਮਸੀਤ ਦਾ ਪੁੱਲਾ (ਈਚੋਗਿਲ ਨਹਿਰ ਤਕ) ਵੀ ਪੰਡਿਤ ਜਵਾਲਾ ਸਹਾਇ ਵਰਗਾ ਪਾਤਰ ਹੈ। ਉਹ ਵੀ ਕੇਵਲ ਆਪਣੇ ਸੁਆਰਥ ਦੀ ਪੂਰਤੀ ਲਈ ਇਲਮਦੀਨ ਨੂੰ ਬਰਾਦਰੀ ਵਿਚੋਂ ਛੇਕਦਾ ਹੈ।

ਜਦੋਂ ਇਲਮਦੀਨ ਦੀ ਪਤਨੀ ਉਸਦੀ ਸੇਵਾ ਦੁੱਧ,ਮੱਖਣ ਅਤੇ ਲੱਸੀ ਨਾਲ ਕਰਦੀ ਹੈ, ਤਾਂ ਉਹ ਫ਼ਾਤਮਾ 'ਤੇ ਅਹਿਸਾਨ ਕਰਦਾ ਹੋਇਆ ਆਖਦਾ ਹੈ:

> - - - ਮਾਈ ਫ਼ਾਤਮਾ। ਤੇਰੀ ਖ਼ਾਤਰ ਅਸੀਂ ਇਲਮਦੀਨ ਨੂੰ ਫਿਰ ਬਰਾਦਰੀ ਵਿਚ ਸ਼ਾਮਲ ਕਰ ਲੈਂਦੇ ਆਂ। ਨਹੀਂ ਤਾਂ ਉਹ ਅੱਧਾ ਕਾਫ਼ਰ ਏ। ਤੇਰਾ ਇਲਮਦੀਨ 'ਤੇ ਪੂਰਾ ਇਤਦਾਦ ਏ। ਸੋ ਤੇਰੇ ਪਿਛੇ ਉਹਨੂੰ ਵੀ ਮਾਫ਼ ਕਰ ਦੇਂਦੇ ਆਂ। ਲੇਕਿਨ ਆਇੰਦਾ ਵਾਸਤੇ ਜ਼ਰਾ ਉਹਨੂੰ ਸਮਝਾ ਛੱਡੀਂ।[53]

ਫੱਜਲ ਹੱਕ ਤੇ ਸੁੰਦਰ ਸਿੰਘ (ਤੂਤਾਂ ਵਾਲਾ ਖੂਹ) ਇਸੇ ਸ਼੍ਰੇਣੀ ਦੇ ਪਾਤਰ ਹਨ। ਇਹ ਹਿੰਦੂ ਮੁਸਲਮ ਫ਼ਸਾਦ ਕਰਾਉਣ ਵਿਚ ਪੂਰਾ ਜ਼ੋਰ ਲਾਉਂਦੇ ਹਨ। ਅਜਿਹੇ ਸੇਵਕਾਂ ਦੀ ਜ਼ਰੂਰਤ 'ਨਾਮ-ਧਰੀਕ ਲੀਡਰ ਨੂੰ ਹੁੰਦੀ ਹੈ। ਬਾਬਾ ਅਕਾਲੀ ਸੁੰਦਰ ਸਿੰਘ ਨੂੰ ਕਹਿੰਦਾ ਹੈ, ਕਿ "ਮੈਂ ਤਾਂ ਤੇਰੇ ਪੋਤਰਿਆਂ ਤੱਕ ਦਾ ਜਾਣੂ ਆਂ। ਵੱਡਾ ਧਰਮੀ। ਆਪਣਾ ਪਿੰਡ ਉਜਾੜ ਕੇ ਸਬਰ ਨਹੀਂ ਆਇਆ? ਹੁਣ ਮੇਰਾ ਉਜਾੜਨ ਆ ਗਿਆ ਏਂ? ਨਿਕਲ ਏਥੋਂ। ਨਹੀਂ ਤਾਂ ਮੈਂ ਤੇਰੀਆਂ ਸਾਰੀਆਂ ਕਰਤੂਤਾਂ ਨਸ਼ਰ ਕਰ ਦੇਊਂਗਾ।"[54]

ਦੋਵੇਂ ਪਾਤਰਾਂ ਨੂੰ ਹਿੰਦੂ ਮੁਸਲਮਾਨਾਂ ਵਿਚ ਧਰਮ ਦੇ ਨਾਂ ਤੇ ਫੁੱਟ ਪਾਉਣ ਤੋਂ ਇਲਾਵਾ ਹੋਰ ਕੋਈ ਕੰਮ ਨਹੀਂ।

<u>ਦੁਰਾਚਾਰੀ ਪਾਤਰ</u> :

ਸੋਹਣ ਸਿੰਘ ਸੀਤਲ ਦੁਰਾਚਾਰੀ ਪਾਤਰਾਂ ਦਾ ਯਥਾਰਥਿਕ ਚਿਤਰਣ ਕਰਨ ਤੋਂ ਇਲਾਵਾ ਚੰਗੇ ਇਨਸਾਨ ਜੋ ਇਸ ਸ਼੍ਰੇਣੀ ਦੇ ਹਨ, ਨੂੰ ਵੀ ਯਥਾਰਥਿਕ ਰੂਪ ਵਿਚ ਪ੍ਰਸਤੁਤ ਕਰਦਾ ਹੈ। ਬਾਬਾ ਅਕਾਲੀ (ਤੂਤਾਂ ਵਾਲਾ ਖੂਹ), ਗਿਆਨੀ ਸਰਦੂਲ ਸਿੰਘ, ਸਾਧੂ ਸਿੰਘ (ਪਤਵੰਤੇ ਕਾਤਲ), ਮਨਸਾ ਸਿੰਘ ਤੇ ਸੁਰਮੁਖ ਸਿੰਘ (ਕਾਲੇ ਪਰਛਾਵੇਂ) ਆਦਿ ਪਾਤਰ ਧਾਰਮਿਕ ਸ਼੍ਰੇਣੀ ਨਾਲ ਸੰਬੰਧਿਤ ਨੇਕ ਪਾਤਰ ਹਨ। ਜੋ ਆਪਣਾ ਸਾਰਾ ਜੀਵਨ ਦੂਜਿਆਂ ਦੀ ਭਲਾਈ ਲਈ ਕੁਰਬਾਨ ਕਰ ਦਿੰਦੇ ਹਨ।

ਬਾਬਾ ਅਕਾਲੀ (ਤੂਤਾਂ ਵਾਲਾ ਖੂਹ) ਨੂੰ ਸੀਤਲ ਇਕ ਸੱਚੇ ਇਨਸਾਨ, ਸੱਚੇ ਜੋਧੇ ਦੇ ਰੂਪ ਵਿਚ ਉਘਾੜ ਕੇ ਸਾਹਮਣੇ ਲਿਆਉਂਦਾ ਹੈ। ਸੀਤਲ ਖੁਦ ਕਹਿੰਦਾ ਹੈ:

> ਜੇ (ਬਾਬਾ ਅਕਾਲੀ) ਦੇ ਸੱਖਣੇ ਹੱਥ ਖੜੇ, ਤਾਂ ਹਜ਼ਾਰਾਂ ਬਰਛੇ, ਭਾਲੇ, ਤਲਵਾਰਾਂ ਉਸਦੇ ਸਾਹਮਣੇ ਝੁਕ ਜਾਣ। ਇਕ ਦੂਜੇ ਦੇ ਲਹੂ ਵਿਚ ਹੋਲੀ ਖੇਡਣ ਵਾਲੇ ਮਜ਼ਬੀ ਜਨੂੰਨੀ, ਉਹਦੀ ਝਿੜਕ ਸੁਣ ਕੇ ਸਿਰ ਝੁਕਾ ਕੇ ਆਪੋ ਆਪਣੇ ਰਾਹ ਪੈ ਜਾਣ। ਇਸ ਪਾਤਰ ਦੀ ਉਸਾਰੀ ਪਕੀਆਂ ਨੀਹਾਂ ਤੇ ਕੀਤੀ ਹੈ।[55]

ਗਿਆਨੀ ਸਰਦੂਲ ਸਿੰਘ, ਸਾਧੂ ਸਿੰਘ (ਪਤਵੰਤੇ ਕਾਤਲ) ਇਸੇ ਵਰਗ ਦੀ ਪ੍ਰਤਿਨਿਧਤਾ ਕਰਦੇ ਹਨ।

ਇਨ੍ਹਾਂ ਸ੍ਰੇਣੀਆਂ ਦੇ ਪਾਤਰਾਂ ਤੋਂ ਇਲਾਵਾ ਸੋਹਣ ਸਿੰਘ ਸੀਤਲ ਨੇ ਅਜਿਹੇ ਈਰਖ਼ਾਲੂ ਪਾਤਰ ਵੀ ਪੇਸ਼ ਕੀਤੇ ਹਨ ਜੋ ਸਮਾਜ ਆਪਣੀ ਇੱਜਤ ਨੂੰ ਕੁੱਝ ਨਾ ਸਮਝਦੇ ਹੋਏ ਦੂਜਿਆਂ ਦੀ ਬੇਪਤੀ ਕਰਦੇ ਹਨ।ਅਜਿਹ ਪਾਤਰ ਦੂਲਾ ਸਿੰਘ (ਮੁੱਲ ਦਾ ਮਾਸ) ਤਾਰੂ (ਪਤਵੰਤੇ ਕਾਤਲ) ਆਦਿ ਹਨ। ਜੋ ਚੰਦੋ (ਮੁੱਲਦਾ ਮਾਸ) ਅਤੇ ਮਨਜੀਤ (ਪਤਵੰਤੇ ਕਾਤਲ) ਜਿਹੀਆਂ ਵਿਧਵਾ ਇਸਤਰੀਆਂ ਦਾ ਸਮਾਜ ਵਿਚ ਜੀਣਾ ਹਰਾਮ ਕਰ ਦਿੰਦੇ ਹਨ। ਇਸਦਾ ਨਤੀਜਾ ਇਹ ਹੁੰਦਾ ਹੈ ਕਿ ਚੰਦੋ ਆਤਮ-ਹਤਿਆ ਕਰ ਲੈਂਦੀ ਹੈ ਤੇ ਮਨਜੀਤ ਦੁਖੀ ਹੋ ਕੇ ਘਰ-ਬਾਰ ਛੱਡ ਨਿਕਲ ਜਾਂਦੀ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸੋਹਣ ਸਿੰਘ ਸੀਤਲ ਕਿਰਸਾਣੀ ਸਮਾਜ ਤੋਂਅਗਾਂਹ ਸਮੁੱਚੇ ਪੇਂਡੂ ਸਮਾਜ ਦਾ ਚਿਤੇਰਾ ਬਣਕੇ ਪਿੰਡਾਂ ਦੇ ਲੋਕਾਂ ਦਾ ਅਜਿਹਾ ਚਿਤਰ ਪ੍ਰਸਤੁਤ ਕਰਦਾ ਹੈ ਜੋ ਵਿਭਿੰਨ ਵਰਗਾਂ, ਧਰਮਾਂ, ਜਾਤਾਂ ਦੇ ਲੋਕ, ਮਰਦ ਬੁੱਢੇ, ਬੱਚੇ— ਇਕ ਦਵੰਦਾਤਮਕ ਰਿਸ਼ਤੇ ਵਿਚ ਬੱਝੇ ਹੋਏ ਆਪਣੇ ਵਰਗ ਸੁਭਾ ਦੇ ਵਿਅਕਤੀਗਤ ਸੁਭਾਅ ਸਹਿਤ ਸਾਹਵੇਂ ਨਜ਼ਰ ਆਉਂਦੇ ਹਨ। ਵਿਭਿੰਨ ਵਰਗਾਂ ਦੀ ਆਰਥਿਕ ਸਥਿਤੀ ਤੇ ਉਹਨਾਂ ਦੇ ਪਰਸਪਰ ਆਰਥਿਕ ਸੰਬੰਧਾਂ ਦਾ ਚਿਤਰਨ ਕਰਨ ਉਪਰੰਤ ਸੀਤਲ ਉਨ੍ਹਾਂ ਦੇ ਸਾਂਸਕ੍ਰਿਤਕ ਸਮਾਚਾਰਾਂ ਤੇ ਸਮਾਜਕ ਸਮੱਸਿਆਵਾਂ ਦਾ ਵਿਉਰਾ ਦਿੰਦਾ ਹੈ।

ਪਾਤਰਾਂ ਦੇ ਆਚਰਣ ਵਿਚ ਸਮਾਨਤਾ/ਵੱਖਰਤਾ :

ਪਾਤਰ ਉਸਾਰੀ ਪੱਖ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੋਵੇਂ ਸਮਾਨਤਾ ਰਖਦੇ ਹਨ ਕਿਉਂਕਿ ਦੋਵੇਂ ਨਾਵਲਕਾਰ ਇਕੋ ਸਮੇਂ ਦੀ ਉਪਜ ਹਨ। ਦੋਵਾਂ ਦੇ ਸਮੇਂ ਦਾ ਸਮਾਜ ਇਕੋ ਜਿਹਾ ਸੀ, ਜਿਸ ਵਿਚੋਂ ਇਨ੍ਹਾਂ ਨੇ ਆਪਣੇ ਨਾਵਲਾਂ ਦੇਪਾਤਰ ਸਿਰਜੇ ਹਨ। ਸ਼੍ਰੇਣੀ ਵੰਡ ਸਮਾਜ ਹੋਣ ਕਰਕੇ ਹਰ ਮਨੁੱਖ ਕਿਸੇ ਨਾ ਕਿਸੇ ਪਾਰਟੀ ਜਾਂ ਧੜੇ ਨਾਲ ਜੁੜਿਆ ਹੁੰਦਾ ਹੈ। ਇਸੇ ਸੱਚ ਨੂੰ ਆਧਾਰ ਬਣਾ ਕੇ ਦੋਵੇਂ ਨਾਵਲਕਾਰਾਂ ਨੇ ਆਪਣੇ ਨਾਵਲਾਂ ਵਿਚ ਪਾਤਰ-ਚਿਤਰਣ ਕੀਤਾ ਹੈ। ਇਨ੍ਹਾਂ ਦੇ ਪਾਤਰ ਜਿਉਂਦੇ ਜਾਗਦੇ, ਹੱਡ-ਮਾਸ ਦੇ ਚਲਦੇ-ਫਿਰਦੇ ਪਾਤਰ ਹਨ।

ਦੋਵੇਂ ਨਾਵਲਕਾਰ ਹਰ ਸ਼੍ਰੇਣੀ ਦੇ ਪਾਤਰ ਆਪਣੇ ਨਾਵਲਾਂ ਵਿਚ ਪ੍ਰਸਤੁਤ ਕਰਦੇ ਹਨ । ਜੇ ਨਾਨਕ ਸਿੰਘ ਸੇਠ ਦਵਾਰਕਾਦਾਸ (ਚਿਤ੍ਰਕਾਰ), ਠਾਕੁਰ ਸਿੰਘ (ਆਦਮਖੋਰ), ਵਰਗੇ ਸਰਮਾਏਦਾਰ ਨਾਵਲਾਂ ਵਿਚ ਪ੍ਰਸਤੁਤ ਕਰ ਸਕਦਾ ਹੈ ਤਾਂ ਸੋਹਣ ਸਿੰਘ ਸੀਤਲ ਵੀ ਧੰਨੇਸ਼ਾਹ (ਤੂਤਾਂ ਵਾਲਾ ਖੂਹ), ਰਾਇ ਸਾਹਿਬ (ਬਦਲਾ) ਆਦਿ ਪਾਤਰ ਚਿਤਰਕੇ ਨਾਨਕ ਸਿੰਘ ਦੇ ਬਰਾਬਰ ਆ ਖੜਾ ਹੁੰਦਾ ਹੈ । ਦੋਵਾਂ ਨਾਵਲਕਾਰਾਂ ਦੇ ਇਸ ਵਰਗ ਦੇ ਪਾਤਰ ਅਤਿ ਦਰਜੇ ਦੇ ਚੋਰ, ਉਚੱਕੇ ਅਤੇ ਚਰਿੱਤਰਹੀਣ ਹਨ। ਦੋਵੇਂ ਹੀ ਇਨ੍ਹਾਂ ਪਾਤਰਾਂ ਦੇ ਪੁੱਤਰਾਂ ਨੂੰ ਆਪਣੇ ਪਿਉ ਤੋਂ ਬਾਗੀ ਵਿਖਾਇਆ ਹੈ।

ਦੋਵਾਂ ਨਾਵਲਕਾਰਾਂ ਨੇ ਆਪਣਾ ਬਚਪਨ ਗਰੀਬੀ ਦੀ ਹਾਲਤ ਵਿਚ ਗੁਜ਼ਾਰਿਆ । ਇਨ੍ਹਾਂ ਨੂੰ ਕਿਰਤ ਦੀ ਕਮਾਈ ਤੋਂਜੀਵਨ ਨਿਰਬਾਹ ਵੀ ਕਰਨਾ ਪਿਆ। ਇਸ ਕਰਕੇ ਦੋਵੇਂ ਹੀ ਕਿਰਤੀ ਵਰਗ ਨੂੰ ਚੰਗੀ ਤਰ੍ਹਾਂ ਹਮਦਰਦੀ ਨਾਲ ਉਘਾੜ ਸਕੇ ਹਨ। ਬਾਅਦ ਦੇ ਨਾਵਲਾਂ ਵਿਚ ਦੋਵੇਂ ਹੀ ਇਸ ਵਰਗ ਵਿਚ ਆਈ ਚੇਤੰਨਤਾ ਨੂੰ ਵੀ ਪੇਸ਼ ਕਰਦੇ ਹਨ।

ਜਾਗੀਰਦਾਰਾਂ ਦੇ ਹੱਥ-ਠੋਕੇ ਪਾਤਰ ਦੋਵਾਂ ਦੇ ਨਾਵਲਕਾਰਾਂ ਵਿਚ ਮਿਲਦੇ ਹਨ। ਅਸਲੀ ਜੀਵਨ ਜੀਉਣ ਦਾ ਉਨ੍ਹਾਂ ਕੋਈ ਮੌਕਾ ਨਹੀਂ ਮਿਲਦਾ। ਇਹ ਜਾਗੀਰਦਾਰਾਂ ਦੇ ਇਸ਼ਾਰਿਆਂ ਤੇ ਨੱਚਦੇ ਹਨ ਅਤੇ ਗਲਤ ਕੰਮ ਕਰਦੇ ਹਨ। ਇਹ ਪਾਤਰ 'ਰੁਪਇਆ ਖੰਡ ਦਾ ਤੇ ਰੁਪਇਆ ਖੰਡ ਵਾਲਾ ਬਣਿਆ ਲੇਖਾ' ਕਰਨਾ ਜਾਣਦੇ ਹਨ। ਨਾਨਕ ਸਿੰਘ ਅਤੇ ਸੀਤਲ ਨੇ ਅਜਿਹੇ ਪਾਤਰਾਂ ਦਾ ਸੁਆਰਥੀ ਰੂਪ ਉਘਾੜਿਆ ਹੈ।

ਦੋਵਾਂ ਨਾਵਲਕਾਰਾਂ ਦਾ ਧਰਮ ਵਿਚ ਵਿਸ਼ਵਾਸ਼ ਹੋਣ ਕਰਕੇ ਗੁਰਦੁਆਰੇ, ਮੰਦਰ, ਮਸੀਤੇ ਜਾਣ ਕਰਕੇ ਧਾਰਮਿਕ, ਪੁਰਖਾਂ ਨਾਲ ਮੇਲ ਮਿਲਾਪ ਹੁੰਦਾ ਰਿਹਾ। ਇਨ੍ਹਾਂ ਦੋਵਾਂ ਨੇ ਹੀ ਸਦਾਚਾਰੀ ਧਾਰਮਿਕ ਪਾਤਰ ਅਤੇ ਦੁਰਾਚਾਰੀ ਧਾਰਮਿਕ ਪਾਤਰ ਦੋਵਾਂ ਤਰ੍ਹਾਂ ਦੇ ਆਪਣੇ ਨਾਵਲਾਂ ਵਿਚ ਸਿਰਜੇ ਹਨ।

ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੇ ਨਾਵਲਾਂ ਦੇ ਪਾਤਰਾਂ ਵਿਚ ਸਮਾਨਤਾ ਹੋਣ ਦੇ ਬਾਵਜੂਦ ਅਸਮਾਨਤਾ ਵੀਹੈ। ਕਿਉਂਕਿ ਨਾਨਕ ਸਿੰਘ ਸ਼ਹਿਰੀ ਮੱਧ-ਸ਼੍ਰੇਣੀ ਦਾ ਜੰਮਪਲ ਹੈ ਘੱਟ ਪੜ੍ਹਿਆ- ਲਿਖਿਆ ਹੋਣ ਕਰਕੇ, ਦੇਸ਼ ਵਿਦੇਸ਼ ਦੀ ਯਾਤਰਾ ਨਹੀਂਕੀਤੀ ਜਿਸਤੋਂ ਉਸਨੂੰ ਪਾਤਰ ਹਰ ਵਰਗ ਵਿਚੋਂ ਨਹੀ ਲਏ। ਸੀਤਲ ਨੇ ਪਾਤਰ ਹਰ ਵਰਗ ਵਿਚੋਂ ਲਏ ਹਨ। ਨਾਨਕ ਸਿੰਘ ਦੇ ਯਥਾਰਥਿਕ ਪਾਤਰ ਬਾਅਦ ਵਿਚ ਆਦਰਸ਼ ਵਲ ਮੁੜ ਜਾਂਦੇ ਹਨ। ਜਦੋਂ ਕਿ ਕਿ ਸੀਤਲ ਦੇ ਨਿਰੋਲ ਯਥਾਰਥਿਕ ਪਾਤਰ ਹਨ।

ਨਾਨਕ ਸਿੰਘ ਦੇ ਨਾਵਲਾਂ ਵਿਚ ਕਹਾਣੀ ਦੀ ਪ੍ਰਧਾਨਤਾ ਹੋਣ ਕਰਕੇ ਪਾਤਰ-ਉਸਾਰੀ ਕਮਜ਼ੋਰ ਹੈ। ਸੀਤਲ ਦੇ ਪਾਤਰਾਂ ਦੇ ਸੁਭਾ, ਗੁਣਾਂ ਨੂੰ ਹੂ-ਬ-ਹੂ ਚਿਤਰਿਆ ਹੈ।

ਵਿਅਕਤੀਗਤ ਗੁਣਾਂ ਦੇ ਆਧਾਰ ਤੇ ਜੋ ਪਾਤਰ ਪੜਚੋਲ ਦੋਵਾਂ ਨੇ ਕੀਤੀ ਹੈ। ਉਸ ਵਿਚ ਵੀ ਅਸਮਾਨਤਾ ਹੈ। ਜੇਕਰ ਨਾਨਕ ਸਿੰਘ ਨੇ ਨੇਕ ਪਾਤਰ ਚਿਤਰੇ ਹਨ ਤਾਂ ਉਹ ਨਿਰੇ ਦੇਵਤੇ ਹਨ ਜਿਵੇਂ ਵਰਿਆਮ ਸਿੰਘ (ਅੱਧ ਖਿੜਿਆ ਫੁੱਲ), ਬਚਨਸਿੰਘ (ਚਿੱਟਾ ਲਹੂ) ਆਦਿ। ਜੇ ਬੁਰੇ ਪਾਤਰ ਲਏ ਹਨ ਤਾਂ ਉਹ ਨਿਰੋਲ ਦੈਂਤ ਹਨ ਜਿਵੇਂ ਪੰਡਤ ਰਾਧੇ ਕ੍ਰਿਸ਼ਨ, ਪਾਲਾ ਸਿੰਘ, ਦਸੌਂਧਾ ਸਿੰਘ (ਚਿੱਟਾ ਲਹੂ) ਆਦਿ। ਨਾਨਕ ਸਿੰਘ ਦੇ ਪਾਤਰ ਜੇ ਤਾਂ ਅਮੀਰ ਹਨ ਤਾਂ ਬਹੁਤ ਜਿਆਦਾ ਅਮੀਰ ਹਨ, ਜੇ ਗ਼ਰੀਬ ਹਨ ਤਾਂ ਉਨ੍ਹਾਂ ਨੂੰ ਗਰੀਬੀ ਦੀ ਹਾਲਤ ਵਿਚ ਨੱਕ ਰਗੜ -ਰਗੜ ਕੇ ਮਰਦਾ ਦਿਖਾਂਦਾ ਹੈ।

ਨਾਨਕ ਸਿੰਘ ਅਜਿਹੇ ਪਾਤਰਾਂ ਦਾ ਵਿਅਕਤੀਗਤ ਚਿੱਤਰਣ ਕਰਨ ਲਗਿਆਂ ਭੁਲ ਜਾਂਦਾ ਹੈ ਕਿ ਕੇ ਕੋਈ ਵਿਅਕਤੀ ਬਹੁਤ ਚੰਗਾ ਹੈ ਤਾਂ ਉਸ ਵਿਚ ਕਮਜ਼ੋਰੀ ਦੇ ਅੰਸ਼ ਵੀ ਜ਼ਰੂਰ ਹੋ ਸਕਦੇ

ਨੇ। ਜੇ ਉਹ ਬਹੁਤ ਬੁਰਾ ਹੈ ਤਾਂ ਉਹ ਚੰਗੇ ਗੁਣਾਂ ਦਾ ਧਾਰਨੀ ਵੀ ਹੋ ਸਕਦਾ ਹੈ।

ਇਕ ਅਸਮਾਨਤਾ ਇਹ ਵੀ ਮਿਲਦੀ ਹੈ ਕਿ ਨਾਨਕ ਸਿੰਘ ਆਪਣੇ ਪਾਤਰਾਂ ਨੂੰ ਜਿਧਰ ਚਾਹੇ ਮੋੜ ਲੈਂਦਾ ਹੈ ਜਾਂ ਇਉਂ ਕਹਿ ਲਵੋ ਕਿ ਨਾਨਕ ਸਿੰਘ ਦੇ ਪੁਰਖ ਪਾਤਰ ਉਸਦੇ ਹੱਥਾਂ ਵਿਚ ਕੱਠਪੁਤਲੀ ਵਾਂਗ ਕੰਮ ਕਰਦੇ ਹਨ। ਸੀਤਲ ਤੇ ਪਾਤਰ ਹੱਥ ਠੋਕੇ ਪਾਤਰ ਨਾ ਹੋ ਕੇ ਯਥਾਰਥਿਕ ਪਾਤਰ ਹਨ।

ਨਾਨਕ ਸਿੰਘ ਦੇ ਪਾਤਰ ਜਿਆਦਾ ਤਰ ਸਥਿਤੀਆਂ ਨਾਲ ਸਮਝੌਤਾ ਕਰ ਲੈਂਦੇ ਹਨ । ਸੀਤਲ ਦੇ ਪਾਤਰ ਸਮਝੌਤਾ ਨਾ ਕਰਕੇ ਸਮਾਜ ਵਿਚ ਆਈ ਜਾਗ੍ਰਤੀ ਤੋਂ ਜਾਗਰੂਕ ਹੁੰਦੇ ਦਿਸਦੇ ਹਨ।

ਦੋਹਾਂ ਨਾਵਲਕਾਰਾਂ ਦੇ ਪੁਰਖ ਪਾਤਰਾਂ ਵਿਚ ਸਮਾਨਤਾ, ਅਸਮਾਨਤਾ ਲਭਣ ਤੋਂ ਬਾਅਦ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਸੀਤਲ ਦੇ ਪਾਤਰ ਜਿਆਦਾ ਨੇੜੇ ਹਨ, ਜਦੋਂ ਕਿ ਨਾਨਕ ਸਿੰਘ ਦੇ ਪੁਰਖ ਪਾਤਰ ਕੁੱਝ ਕਾਲਪਨਿਕ ਹੋ ਨਿਬੜਦੇ ਹਨ।

ਜਿੱਥੋਂ ਤਕ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੇ ਪਾਤਰਾਂ ਉਤੇ ਸਮਾਜਿਕ ਆਰਥਿਕ ਪਿਛੋਕੜ ਦੇ ਪ੍ਰਭਾਵ ਦਾ ਸਵਾਲ ਹੈ ਉਹ ਇਹ ਹੈ ਕਿ 19ਵੀਂ ਸਦੀ ਦੇ ਆਰੰਭ ਵਿਚ ਸਮਾਜਿਕ ਤਬਦੀਲੀਆਂ ਕਰਕੇ ਉਸ ਸਮੇਂ ਦਾ ਸਮਾਜਿਕ ਢਾਂਚਾ ਵਿਗੜਿਆ-ਤਿਗੜਿਆ ਸੀ। ਉਸ ਸਮੇਂ ਬੇਲੋੜੇ ਰਸਮਾਂ-ਰਿਵਾਜਾਂ, ਵਹਿਮਾਂ-ਭਰਮਾਂ ਅਤੇ ਅੰਧ-ਵਿਸ਼ਵਾਸ਼ਾਂ ਆਦਿ ਦਾ ਬੋਲ-ਬਾਲਾ ਸੀ। ਸਮਾਜਿਕ ਉਨਤੀ ਵਿਚ ਅੰਧ-ਵਿਸ਼ਵਾਸ਼ ਰੋੜਾ ਬਣ ਕੇ ਰਹਿ ਗਏ ਸਨ, ਇਕ ਪਾਸੇ ਸਮਾਜ ਵਿਚ ਛੂਤ-ਛਾਤ ਸ਼੍ਰੇਣੀ ਵੰਡ, ਅਗਿਆਨਤਾ, ਅਨਪੜ੍ਹਤਾ, ਦਾਜ-ਪ੍ਰਥਾ, ਵਿਧਵਾ-ਵਿਆਹ ਉਤੇ ਰੋਕ, ਬਾਲ-ਵਿਆਹ, ਜਿਹੀ ਸਮਾਜਿਕ ਬੁਰਾਈਆਂ ਪ੍ਰਚਲਤ ਸਨ। ਦੂਜੇਪਾਸੇ ਲੋਕ ਧਾਰਮਿਕ ਵਲਗਣਾਂ ਵਿਚ ਫਸੇ ਹੋਏ ਸਨ। ਧਾਰਮਿਕ ਅਸਥਾਨਾਂ ਵਿਚ ਕਈ ਤਰ੍ਹਾਂ ਦੇ ਉਪਦਰ ਹੁੰਦੇ ਸਨ, ਜਿਨ੍ਹਾਂ ਦੇ ਰਾਖੇ ਮਹੰਤ ,ਪੁਜਾਰੀ ਧਾਰਮਿਕ ਚੜ੍ਹਾਵੇ ਦੇ ਸਿਰ ਸਦਕਾ, ਆਪਣੀ ਜ਼ਿੰਦਗੀ ਆਰਾਮ ਨਾਲ ਗੁਜ਼ਾਰ ਰਹੇ ਸਨ।

ਇਸ ਸਮੇਂ ਆਰਥਿਕ ਢਾਂਚਾ ਵੀ ਕਮਜ਼ੋਰ ਸੀ। ਜਾਗੀਰਦਾਰ, ਜ਼ਿਮੀਂਦਾਰ, ਸਰਮਾਏਦਾਰਾਂ ਦੀ ਮਾਲਕੀ ਸੀ। ਅਮੀਰ ਬਹੁਤ ਅਮੀਰ ਸੀ, ਗਰੀਬ ਬਹੁਤ ਗ਼ਰੀਬ ਸਨ। ਇਹ ਵੱਡੇ ਲੋਕ ਗ਼ਰੀਬ

ਸਨ। ਇਹ ਵੱਡੇ ਲੋਕ ਗਰੀਬ ਕਿਸਾਨਾਂ, ਕਾਮਿਆਂ ਮਜ਼ਦੂਰਾਂ ਨੂੰ ਖੁਸਕਣ ਨਹੀਂਸਨ ਦਿੰਦੇ। ਉਨ੍ਹਾਂ ਉਤੇ ਅਤਿਆਚਾਰ ਕਰਦੇ ਸਨ। ਆਰਥਿਕ ਹਾਲਤ ਖਰਾਬ ਹੋਣ ਕਰਕੇ, ਇਹ ਗਰੀਬ ਕਾਮੇ, ਕਿਰਤੀ, ਮਜ਼ਦੂਰ ਆਪਣੀ ਧੀਆਂ ਭੈਣਾਂ ਦੀ ਇੱਜਤ ਵੱਡੇ ਲੋਕਾਂ ਤੋਂ ਬਚਾ ਨਹੀਂ ਸਨ ਸਕਦੇ। ਇਹ ਆਰਥਿਕ ਨਾ-ਬਰਾਬਰੀ ਕਰਕੇ ਵਿਰੋਧ ਵੀ ਨਹੀਂ ਕਰ ਸਕਦੇ ਸੀ। ਇਹ ਗਰੀਬ ਲੋਕ ਵੱਡੇ ਲੋਕਾਂ ਤੇ ਹੀ ਨਿਰਭਰ ਕਰਦੇ ਸਨ।

ਇਸ ਸਮੇਂ ਦਾ ਸਮਾਜਿਕ-ਆਰਥਿਕ ਪ੍ਰਭਾਵ ਨਾਨਕ ਸਿੰਘ ਅਤੇ ਸੀਤਲ ਦੇ ਪਾਤਰ ਗ੍ਰਹਿਣ ਕਰਦੇ ਹਨ। ਜਾਂ ਇਨ੍ਹਾਂ ਦੋਵਾਂ ਦੇ ਪਾਤਰ ਅਜਿਹੇ ਹੀ ਸਮਾਜ ਦੀ ਉਪਜ ਹਨ। ਦਸੌਂਧਾ ਸਿੰਘ ਪੰਡਤ ਰਾਧੇ ਕ੍ਰਿਸ਼ਨ (ਚਿੱਟਾ ਲਹੂ),ਮਹਾਤਮਾ(ਫੌਲਾਦੀ ਫੁੱਲ), ਸੰਤ ਉਂਕਾਰ ਨਾਥ (ਪਿਆਰ ਦੀ ਦੁਨੀਆਂ) ਆਦਿ ਅਜਿਹੇ ਪਾਤਰ ਹਨ ਜੋ ਧਰਮ ਦੇ ਨਾਂ ਤੇ ਜਨਤਾ ਨੂੰ ਕੁਰਾਹੇ ਪਾਂਦੇ ਸਨ। ਇਸ ਸਮੇਂ ਲੋਕ ਧਾਰਮਿਕ ਵਿਸ਼ਵਾਸ਼ਾਂ ਵਿਚ ਜਕੜੇ ਹੋਏ ਸਨ।

ਸੀਤਲ ਦੇ ਪਾਤਰ (ਮੁੱਲ ਦਾ ਮਾਸ) ਵਿਚਲਾ ਪੰਡਤ ਜਵਾਲਾ ਸਹਾਇ, ਪਤਵੰਤੇ ਕਾਤਲ ਨਾਵਲ ਵਿਚਲੇ ਦੋ ਸੇਵਾਦਾਰ ਸੱਜਣ ਸਿੰਘ ਅਤੇ ਗੱਜਣ ਸਿੰਘ ਆਦਿ ਅਜਿਹੇ ਪਾਤਰ ਹੀ ਹਨ। ਨਾਨਕ ਸਿੰਘ ਅਤੇ ਸੀਤਲ ਨੇ ਜਾਗੀਰਦਾਰ ਸਰਮਾਏਦਾਰੀ ਨਾਲ ਪ੍ਰਭਾਵਿਤ ਪੁਰਖ ਪਾਤਰ ਵੀ ਪੇਸ਼ ਕੀਤੇ ਹਨ। ਸੇਠ ਦਵਾਰਕਾ ਦਾਸ (ਚਿਤ੍ਰਕਾਰ), ਬ੍ਰਿਜਮੋਹਨ (ਕਟੀ ਹੋਈ ਪਤੰਗ) ਸ੍ਰੀ ਠਾਕੁਰ ਸਿੰਘ (ਆਦਮਖੋਰ) ਅਤੇ ਮੱਖਣ ਸਿੰਘ (ਜਵਾਲਾਮੁਖੀ), ਗੰਡਾ ਸਿੰਘ (ਮੁੱਲ ਦਾ ਮਾਸ), ਲੱਖਾ ਸਿੰਘ (ਜੁੱਗ ਬਦਲ ਗਿਆ) ,ਧੰਨੇ ਸ਼ਾਹ( ਤੂਤਾਂ ਵਾਲਾ ਖੂਹ)ਆਦਿ। ਇਨ੍ਹਾਂ ਸਰਮਾਏਦਾਰ ਪਾਤਰਾਂ ਦੀ ਹਾਲਤ ਠੀਕ ਹੋਣ ਕਰਕੇ ਸਮਾਜ ਵਿਚ ਮਨਮਾਨੀ ਕਰਦੇ ਹਨ। ਕੋਈ ਵੀ ਇਨ੍ਹਾਂ ਦੇ ਖਿਲਾਫ ਮਨ ਮਾਨੀ ਨਹੀ ਕਰ ਸਕਦਾ।

ਸੰਖੇਪ ਵਿਚ ਕਹਿ ਸਕਦੇ ਹਾਂ ਕਿ ਦੋਵਾਂ ਨਾਵਲਕਾਰਾਂ ਦੇ ਪੁਰਖ ਪਾਤਰ ਉਸ ਸਮੇਂ ਦੇ ਸਮਾਜਕ,ਆਰਥਿਕ ਪਿਛੋਕੜ ਦਾ ਪ੍ਰਭਾਵ ਪੂਰਨ ਰੂਪ ਵਿਚ ਕਬੂਲਦੇ ਹਨ।

## ਪੁਰਾਤਨ ਸੰਸਕਾਰਾਂ ਅਤੇ ਆਧੁਨਿਕ ਪ੍ਰਵਿਰਤੀਆਂ ਦਾ ਟਕਰਾਅ :

ਦੋਹਾਂ ਨਾਵਲਕਾਰਾਂ ਦਾ ਸਾਹਿਤ-ਰਚਨਾ ਕਰਨ ਸਮੇਂ ਦਾ ਸਮਾਜ ਇਹੋ ਜਿਹਾ ਸੀ, ਜਿਸ ਵਿਚ ਛੂਤ-ਛਾਤ ਅਵਿਦਿਆ, ਕੁੜੀਆਂ ਵੇਚਣ ਦੀ ਪ੍ਰਥਾ, ਵਿਧਵਾ-ਵਿਆਹ ਤੇ ਰੋਕ, ਬਹੁ-ਵਿਆਹ, ਬਾਲ-ਵਿਆਹ ਆਦਿ ਦੀ ਸਮੱਸਿਆ ਸਾਰੇ ਸਮਾਜਿਕ ਢਾਂਚੇ ਵਿਚ ਗਹਿਰਾਈ ਤਕ ਜਾ ਚੁਕੀ ਸੀ। ਇਸਤਰੀ ਗੁਲਾਮ ਸੀ, ਵਿਧਵਾ ਤੇ ਵੇਸ਼ਵਾ ਨੂੰ ਸਮਾਜ ਦਾ ਗਲਿਆ-ਸੜਿਆ ਅੰਗ ਸਮਝ ਕੇ ਸਮਾਜ ਤੋਂ ਬਾਹਰ ਸੁੱਟ ਦਿੱਤਾ ਜਾਂਦਾ ਸੀ। ਸਮਾਜ ਧਾਰਮਿਕ ਪਾਖੰਡਾਂ ਵਿਚ ਗ੍ਰਸਿਆ ਹੋਇਆ ਸੀ। ਦੋਵਾਂ ਨਾਵਲਕਾਰਾਂ ਨੂੰ ਪੁਰਖ ਪਾਤਰ ਅਜਿਹੇ ਸਮਾਜ ਵਿਚੋਂ ਲਏ ਹਨ ਜੋ ਇਨ੍ਹਾਂ ਪੁਰਾਤਨ ਸੰਸਕਾਰਾਂ ਦੇ ਧਾਰਨੀ ਹਨ 'ਤੇ ਕੁੱਝ ਪਾਤਰ ਇਨ੍ਹਾਂ ਪੁਰਾਤਨ ਸੰਸਕਰਰਾਂ ਨਾਲ ਜੂਝਦੇ ਹੋਏ ਜਾਂ ਵਿਰੋਧ ਕਰਦੇ ਹੋਏ ਨਵੀਨ ਰੁਚੀਆਂ ਨੂੰ ਅਪਣਾਉਂਦੇ ਹਨ। ਜਿਵੇਂ ਨਾਨਕ ਸਿੰਘ ਦੇ ਨਾਵਲ 'ਚਿੱਟਾ ਲਹੂ' ਵਿਚ ਪੁਰਾਤਨ ਸੰਸਕਾਰਾਂ ਦੇ ਅਜਿਹੇ ਪੁਰਖ ਪਾਤਰ ਦਿਖਾਏ ਹਨ ਜੋ ਇਕ ਵਿਧਵਾ ਇਸਤਰੀ ਦੀ ਸਹਾਇਤਾ ਕਰਨ ਦੀ ਥਾਂ ਉਸਨੂੰ ਦੁੱਖਾਂ ਦੀ ਭੱਠੀ ਵਿਚ ਧਕੇਲ ਦਿੰਦੇ ਹਨ। ਇਸ ਵਿਧਵਾ ਇਸਤਰੀ ਨੂੰ ਵੇਸ਼ਵਾ ਦੇ ਕੋਠੇ ਤਕ ਪਹੁੰਚਾ ਦਿੱਤਾ ਜਾਂਦਾ ਹੈ। ਪੁਰਾਣੇ ਵਿਚਾਰਾਂ ਦਾ ਧਾਰਨੀ ਇਸ ਵਿਧਵਾ ਦੇ ਵਿਆਹ ਦਾ ਪ੍ਰਸਤਾਵ ਰਖਣ ਤੇ ਕਹਿੰਦਾ ਹੈ :

> ਬਸ ਬਸ, ਇਹੋ ਜਿਹੀ ਮਲੇਸ਼-ਭਾਸ਼ਾ ਮੁੜ ਕੇ ਮੂੰਹੋਂ ਨਾ ਕੱਢੀਂ।
> --- ਹਿੰਦੂ ਧਰਮ ਵਿਚ ਵਿਧਵਾ-ਵਿਆਹ ਦਾ ਜ਼ਿਕਰ ਕਰਕੇ
> ਇਸ ਪਵਿੱਤਰ ਜਾਤੀ ਨੂੰ ਕਲੰਕਿਤ ਕਰਦਿਆਂ ਤੈਨੂੰ ਸ਼ਰਮ ਨਹੀਂ
> ਆਉਂਦੀ? --- ਇਨ੍ਹਾਂ ਅਕਾਲੀਆਂ ਤੇ ਆਰੀਆਂ ਨੇ ਭਾਰਤ ਦਾ
> ਬੇੜਾ ਗਰਕ ਕਰ ਛੱਡਿਆ ਏ।[56]

ਆਧੁਨਿਕ ਵਿਚਾਰਾਂ ਦਾ ਧਾਰਨੀ ਮੁਨਸ਼ੀ ਦੇਵੀ ਦਿਆਲ ਦਾ ਪੁੱਤਰ ਮੋਹਨ ਆਰੀਆ ਸਮਾਜੀ ਲਹਿਰ ਤੋਂ ਪ੍ਰਭਾਵਿਤ ਹੁੰਦਾ ਹੈ ਤੇ ਗੁਰਦੇਈ ਦਾ ਦੂਜਾ ਵਿਆਹ ਕਰ ਦੇਣ ਦੀ ਸਲਾਹ ਦਿੰਦਾ ਹੈ।

> ਖਿਮਾ ਕਰਨਾ ਪੰਡਤ ਜੀ। ਮੈਂ ਕੋਈ ਬੁਰੀ ਗਲ ਨਹੀਂ ਸੀ ਆਖੀ
> --- ਜੇ ਉਸਨੂੰ ਮੁੜ ਬਿਰਾਦਰੀ ਵਿਚ ਮਿਲਾ ਲਿਆ ਜਾਵੇ ਤਾਂ

> ਇਸ ਵਿਚ ਕੀ ਹਰਜ਼ ਏ। ਤੇ ਫਿਰ ਵਿਚਾਰੀ ਬਾਲ-ਵਿਧਵਾ ਹੈ, ਜੇ ਲਾਲਾ ਕਰਮ ਚੰਦ ਹੋਰੀਂ ਪਾਲਣਾ ਨਹੀਂ ਕਰਦੇ ਤਾਂ ਕਿਸੇ ਸੁਪਾਤਰ ਵਰ - - - - - ।[57]

ਇਸ ਨਾਵਲ ਵਿਚ ਇਨ੍ਹਾਂ ਪਾਤਰਾਂ ਦੇ ਵਿਚਾਰਾਂ ਵਿਚ ਟਕਰਾਅ ਦਰਸਾਇਆ ਹੈ। ਜਿੱਤ ਪੁਰਾਤਨ ਸੰਸਕਾਰਾਂ ਵਿਚ ਜਕੜੇ ਹੋਏ ਪੰਡਤ ਦੀ ਹੀ ਹੁੰਦੀ ਹੈ। ਇਨ੍ਹਾਂ ਪੁਰਾਣੇ ਵਿਚਾਰਾਂ ਦੇ ਪੁਰਖ ਪਾਤਰਾਂ ਦੀ ਬਦੌਲਤ ਹੀ ਗੁਰਦੇਈ ਵੇਸ਼ਵਾ ਬਣਦੀ ਹੈ।

ਮੁੱਢਲੇ ਨਾਵਲਾਂ ਵਿਚ ਪੁਰਾਤਨ ਵਿਚਾਰਾਂ ਦੇ ਧਾਰਨੀ ਪੁਰਖ ਪਾਤਰ ਲਾਏ ਹਨ ਪਰ ਬਾਅਦ ਦੇ ਨਾਵਲਾਂ ਵਿਚ ਪਾਤਰ ਡੱਟ ਕੇ ਖੜੇ ਹੋ ਜਾਂਦੇ ਹਨ। ਪਹਿਲਾਂ ਵਿਧਵਾ ਵਿਆਹ ਨਹੀਂ ਸੀ ਕਰਵਾ ਸਕਦੀ, ਸਮਾਜ ਵਲੋਂ ਮਨਾਹੀ ਸੀ। ਅਜ ਉਸੇ ਵਿਧਵਾ ਵਿਚ ਜਾਗ੍ਰਤੀ ਆ ਗਈ ਹੈ। ਉਹ ਉਨ੍ਹਾਂ ਤੋਂ ਬਦਲਾ ਲੈਂਦੀ ਹੈ ਭਾਵੇਂ ਬਦਲਾ ਲੈਣ ਦਾ ਰਾਹ ਗਲਤ ਹੀ ਕਿਉਂ ਨਾ ਅਪਣਾਉਣਾ ਪਵੇ। ਵਿਧਵਾ ਗੁਰਦੇਈ ਵੇਸ਼ਵਾ ਬਣਨ ਉਪਰੰਤ ਕਰਮਚੰਦ ਅਤੇ ਰਾਧੇ ਕ੍ਰਿਸ਼ਨ ਨੂੰ ਮਾਰਨ ਦੀ ਸੋਚਦੀ ਹੈ। 'ਧੁੰਧਲੇ ਪਰਛਾਵੇਂ' ਵਿਚ ਸੁਭੱਦਰਾ ਆਪਣੇ ਤਾਏ ਦੇ ਪੁੱਤਰ ਨੰਬਤ ਰਾਏ ਦਾ ਖੂਨ ਕਰਦੀ ਹੈ ਤੇ ਬਾਅਦ ਵਿਚ ਫਾਂਸੀ ਦੀ ਸਜਾ ਭੁਗਤਦੀ ਦਰਸਾਈ ਹੈ।

ਅਜੋਕੇ ਸਮੇਂ ਵਿਚ ਵਿਧਵਾ-ਵਿਆਹ ਹੁੰਦਾ ਹੈ। ਨਾਨਕ ਸਿੰਘ ਅਤੇ ਸੀਤਲ ਅਗਾਂਹ ਵਧੂ ਰੁਚੀਆਂ ਦੇ ਪਾਤਰ ਪੇਸ਼ ਕਰਦੇ ਹਨ। ਉਹ ਸਮਾਜ ਦੇ ਵਿਰੁਧ ਚਲ ਕੇ ਵੀ ਵਿਧਵਾ ਨਾਲ ਵਿਆਹ ਕਰਾਉਂਦੇ ਹਨ। ਪ੍ਰੀਤਮ ਸਿੰਘ (ਪਿਆਰ ਦੀ ਦੁਨੀਆਂ), ਮੋਨੋਰਮਾ ਨਾਲ ਵਿਆਹ ਕਰਵਾ ਪੁਰਾਤਨ ਸੰਸਕਾਰਾਂ ਨੂੰ ਤੋੜ ਦਿੰਦਾ ਹੈ। ਸੀਤਲ ਦੇ ਨਾਵਲ 'ਬਦਲਾ' ਵਿਚ ਹੰਦਰ ਨਾਜੋ ਜੋ ਰਾਇ ਸਾਹਿਬ ਦੀ ਹਵੱਸ ਦਾ ਸ਼ਿਕਾਰ ਬਣੀ ਸੀ, ਨੂੰ ਆਪਣੀ ਜੀਵਨ ਸੰਗਣੀ ਬਣਾਉਣੋ ਗੁਰੇਜ਼ ਨਹੀਂ ਕਰਦਾ। 'ਪਤਵੰਤੇ ਕਾਤਲ' ਵਿਚ ਵਿਧਵਾ ਮਨਜੀਤ ਨਾਲ ਉਸਦਾ ਦਿਉਰ ਕੁਲਵੰਤ ਵਿਆਹ ਕਰਾਉਂਦਾ ਹੈ।

ਇਸਤੋਂ ਇਲਾਵਾ ਸਮਾਜ ਮਰਦਾਂ ਨੂੰ ਬਹੁ-ਵਿਆਹ ਦੀ ਅਨੁਮਤੀ ਦੇ ਦਿੰਦਾ ਹੈ। ਨਾਵਲ 8

'ਫੌਲਾਦੀ ਫੁੱਲ' ਵਿਚ ਸ. ਤ੍ਰਿਲੋਕ ਸਿੰਘ ਇਕ ਤਾਂ ਦੂਜਾ ਵਿਆਹ ਛੋਟੀ ਉਮਰ ਦੀ ਕੁੜੀ ਸਰਲਾ ਨਾਲ ਕਰਾਉਂਦਾ ਹੈ ਉਪਰੋਂ ਵੇਸਵਾ ਗੁਲਜ਼ਾਰ ਨਾਲ ਵੀ ਸੰਬੰਧ ਰਖਦਾ ਹੈ। ਸੀਤਲ ਦੇ ਨਾਵਲ 'ਜੁੱਗ ਬਦਲ ਗਿਆ' ਵਿਚ ਲੱਖਾ ਸਿੰਘ ਬਸੰਤ ਕੌਰ ਦੇ ਹੁੰਦਿਆਂ ਸੁੰਦਿਆਂ ਸਵਰਨੀ ਨਾਲ ਦੂਜਾ ਵਿਆਹ ਕਰਾਉਂਦਾ ਹੈ। ਇਸ ਤੋਂ ਇਲਾਵਾਉਹ ਰਜਦਾ ਨਹੀਂ ਆਪਣੇ ਕਾਮੇ ਤੁੱਤੇ ਦੀ ਪਤਨੀ ਨਾਲ ਵੀ ਸੰਬੰਧ ਜੋੜਦਾ ਹੈ।

ਉਸ ਸਮੇਂ ਦਾ ਸਮਾਜ ਇਸਦੇ ਵਿਰੁਧ ਨਹੀਂ ਜਾਂਦਾ। ਜਦੋਂ ਕਿ ਅੱਜ ਦੇ ਸਮਾਜ ਵਿਚ ਅਜਿਹਾ ਕਰਨਾ ਗੁਨਾਹ ਸਮਝਿਆ ਜਾਂਦਾਹੈ। ਇਥੇ ਵੀਆਧੁਨਿਕ ਵਿਚਾਰਾਂ ਦਾ ਟਕਰਾਅ ਹੈ। ਸਵਰਨੀ ਦਾ ਵਿਆਹ ਜ਼ਬਰਦਸਤੀ ਲੱਖਾ ਸਿੰਘ ਨਾਲ ਕਰ ਦਿੱਤਾ ਜਾਂਦਾ ਹੈ ਪਰ ਉਹ ਆਪਣਾ ਸੰਬੰਧ ਭੈਣ ਦੇ ਦਿਉਰ ਨਾਲ ਹੀ ਕਾਇਮ ਰਖਦੀਹੈ। ਆਪਣੀ ਕੁਖੋਂ ਉਸ ਦੇ ਬੱਚੇ ਨੂੰ ਜਨਮ ਦਿੰਦੀ ਹੈ।

ਦੋਵਾਂ ਨਾਵਲਕਾਰਾਂ ਨੇ ਆਪਣੇ ਨਾਵਲਾਂ ਵਿਚਛੂਆ ਛੂਤ ਦੀ ਸਮੱਸਿਆ ਨੂੰ ਲਿਆ ਕਿ ਉਹ ਮਰਦ ਜੋ ਛੂਤ-ਛਾਤ ਦਾ ਪ੍ਰਚਾਰ ਕਰਦੇ ਹਨ ਜਿਵੇਂ ('ਚਿੱਟਾ ਲਹੂ') ਪੰਡਤ ਰਾਧੇ ਕ੍ਰਿਸ਼ਨ ਅਤੇ ਸੀਤਲ ਦੇ ਨਾਵਲ ਪੰਡਤ ਜਵਾਲਾ ਸਹਾਏ। ਇਹ ਸਮਾਜ ਵਿਚਸੰਸਕਾਰਾਂ ਵਿਚ ਬੱਝੇ ਮਰਦ ਪਾਤਰ ਸੁੱਖੀ ਵਸਦੀ ਜਨਤਾ ਨੂੰ ਭੰਬਲ -ਭੂਸਿਆਂ ਵਿਚ ਪਾ ਕੇ ਉਹਨਾਂ ਦੇ ਜੀਵਨ ਨੂੰ ਅਸ਼ਾਂਤਮਈ ਬਣਾ ਦਿੰਦੇ ਹਨ। ਇਸਦੇ ਉਲਟ ਨਾਨਕ ਸਿੰਘ 'ਚਿੱਟਾ ਲਹੂ' ਨਾਵਲ ਵਿਚ ਬਚਨ ਸਿੰਘ ਰਾਹੀਂ ਇਹ ਭੇਦ-ਭਾਵ ਦੂਰ ਕਰਦਾ ਹੈ। ਸੀਤਲ ਦੇ ਨਾਵਲ 'ਤੂਤਾਂ ਵਾਲਾ ਖੂਹ' ਬਾਬਾ ਅਕਾਲੀਰਾਹੀਂ ਛੂਤ-ਛਾਤ ਦੀ ਬਿਮਾਰੀ ਨੂੰ ਖਤਮ ਕਰਨ ਦਾ ਉਪਰਾਲਾ ਕੀਤਾ ਹੈ। ਉਹਉਨ੍ਹਾਂ 'ਸੂਦਰਾਂ' ਵਿਚ ਤੇ ਆਪਣੇ ਵਿਚ ਪਾਣੀ ਨਾ ਪੀ ਕੇ ਇਹ ਭੇਦ ਖੜਾ ਨਹੀਂਕਰਨਾ ਚਾਹੁੰਦਾ।

ਇਸ ਤਰ੍ਹਾਂ ਇਹ ਦੋਵੇਂ ਨਾਵਲਕਾਰ ਪੁਰਾਤਨ ਕਦਰਾਂ-ਕੀਮਤਾਂ ਨੂੰ ਅਪਣਾਂਦੇ ਪਾਤਰਾਂ ਦਾ ਤੇ ਨਵੀਂ ਕਦਰਾਂ-ਕੀਮਤਾਂ ਨੂੰ ਅਪਣਾਂਦੇ ਪਾਤਰਾਂ ਦਾ ਟਕਰਾਅ ਕਾਫੀ ਨਾਵਲਾਂ ਵਿਚ ਦਰਸਾਂਦੇ ਹਨ।

## ਨਾਨਕ ਸਿੰਘ ਦੇ ਨਾਵਲਾਂ ਵਿਚ ਇਸਤਰੀ ਪਾਤਰ :

ਨਾਨਕ ਸਿੰਘ ਦੇ ਹਰ ਇਕ ਨਾਵਲ ਦੇ ਘਟਨਾ-ਪ੍ਰਬੰਧ ਅਤੇ ਸ਼ਿਲਪ-ਵਿਧਾਨ ਵਿਚ ਇਸਤਰੀ ਦੀ ਸ਼ਖਸੀਅਤ ਦਾ ਕੋਈ ਨਾ ਕੋਈ ਵਿਸ਼ੇਸ਼ ਪੱਖ ਉਘੜਵੇਂ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਦੂੱਝ ਨਾਵਲ ਤਾਂ ਨਾਨਕ ਸਿੰਘ ਨੇ ਯੋਜਨਾ-ਬੱਧ ਰੂਪ ਵਿਚ ਇਸਤਰੀ ਕੇਂਦਰਿਤ ਵਿਸ਼ਾ-ਵਸਤੂ ਨੂੰ ਆਧਾਰ ਬਣਾ ਕੇ ਸਿਰਜੇ ਹਨ। ਦਿਲਚਸਪ ਗਲ ਇਹ ਹੈ ਕਿ ਨਾਨਕ ਸਿੰਘ ਨੇ ਆਪਣੇ ਰਚਨਾ ਕਾਲ ਦੇ ਸ਼ੁਰੂ ਵਿਚ ਇਸਤਰੀ ਦੇ ਕੇਂਦਰਿਤ ਵਿਸ਼ੇ-ਚੋਣ ਨੂੰ ਹੀ ਤਰਜੀਹ ਦਿੱਤੀ ਹੈ, ਜਿਸਦਾ ਪ੍ਰਮਾਣ ਨਾਨਕ ਸਿੰਘ ਦੇ ਮੁਢਲੇ ਨਾਵਲ 'ਮਤਰੇਈ ਮਾਂ' ਅਤੇ 'ਮਿੱਠਾ ਮਹੁਰਾ' ਹਨ। ਇਨ੍ਹਾਂ ਨਾਵਲਾਂ ਵਿਚ ਨਾਨਕ ਸਿੰਘ ਨੇ ਭਾਰਤੀ ਇਸਤਰੀ ਦੇ ਪਰੰਪਰਾਗਤ ਆਦਰਸ਼ਕ ਰੂਪ ਨੂੰ ਪ੍ਰਾਸੰਗਿਕ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦਿਆਂ ਇਸਤਰੀ ਵਰਗ ਨੂੰ ਸਾਂਸਕ੍ਰਿਤਕ ਵਿਰਸੇ ਉਤੇ ਆਧਾਰਿਤ ਸਿਖਿਆਤ-ਮਿਕ-ਸੇਧ ਦੇਣ ਦਾ ਯਤਨ ਕੀਤਾ ਹੈ।

ਆਪਣੀਆਂ ਪ੍ਰੌਢ ਰਚਨਾਵਾਂ ਵਿਚੋਂ ਨਾਨਕ ਸਿੰਘ ਨੇ 'ਚਿੱਟਾ ਲਹੂ', 'ਕਾਗਤਾਂ ਦੀ ਬੇੜੀ', 'ਪਿਆਰ ਦੀ ਦੁਨੀਆਂ', 'ਅੱਧ ਖਿੜਿਆ ਫੁੱਲ' 'ਜੀਵਨ ਸੰਗਰਾਮ', 'ਧੁੰਧਲੇ ਪਰਛਾਵੇਂ', 'ਦੂਰ ਕਿਨਾਰਾ', 'ਟੁੱਟੀ ਵੀਣਾ', ਗੰਗਾਜਲੀ ਵਿਚ ਸ਼ਰਾਬ', ' ਮੰਝਧਾਰ', 'ਚਿਤ੍ਰਕਾਰ', 'ਸੁਮਨਕਾਂਤਾ', 'ਸੰਗਮ' ਤੇ ਸਰਾਪੀਆਂ ਰੂਹਾਂ' ਆਦਿ ਵਿਚ ਵਿਧੀ ਪੂਰਵਕ ਇਸਤਰੀ ਪਾਤਰਾਂ ਨੂੰ ਘਟਨਾ -ਪ੍ਰਬੰਧ ਦਾ ਕੇਂਦਰੀ ਬਿੰਦੂ ਬਣਾਂਦਿਆਂ ਗਲਪ ਸਿਰਜਣਾ ਕੀਤੀ ਹੈ। ਇਸਦੇ ਨਾਵਲਾਂ ਵਿਚਲੇ ਇਸਤਰੀ ਪਾਤਰਾਂ ਦੇ ਵਿਸਤ੍ਰਿਤ ਵਿਵੇਚਨ ਲਈ ਅਸੀਂ ਉਨ੍ਹਾਂ ਦੀ ਵਰਗ ਵੰਡ ਇਸ ਪ੍ਰਕਾਰ ਕਰਾਂਗੇ:

(ੳ) ਇਸਤਰੀ ਦਾ ਸਮਾਜਿਕ ਯਥਾਰਥ

ਗ੍ਰਹਿਣੀ
ਵਿਧਵਾ
ਵੇਸ਼ਵਾ
ਕੰਮਕਾਜੀ ਇਸਤਰੀ

(ਅ) ਇਸਤਰੀ ਦਾ ਵਿਅਕਤੀਗਤ ਯਥਾਰਥ

ਸਵੈ-ਚੇਤਨਤਾ, ਆਰਥਿਕ ਸਵਾਧੀਨਤਾ ਅਤੇ

## ਨਵੇਂ-ਨੈਤਿਕ ਮੁੱਲਾਂ ਦੀ ਪਹਿਚਾਣ

### ਇਸਤਰੀ ਦਾ ਸਮਾਜਿਕ ਯਥਾਰਥ :

ਨਾਨਕ ਸਿੰਘ ਨੇ ਆਪਣੇ ਨਾਵਲਾਂ ਵਿਚ ਜੋ ਇਸਤਰੀ ਪਾਤਰ ਲਏ ਹਨ ਉਹ ਸਮਾਜਿਕ ਯਥਾਰਥ ਨੂੰ ਪ੍ਰਗਟ ਕਰਦੇ ਹਨ ਜਿਵੇਂ ਜਾਂ ਇਉਂ ਕਹਿ ਲਵੋ ਕਿ ਨਾਨਕ ਸਿੰਘ ਦੇ ਨਾਵਲਾਂ ਦੇ ਵਿਸ਼ੇ ਬਹੁਤੇ ਇਸਤਰੀ ਦੇ ਆਲੇ-ਦੁਆਲੇ ਹੀ ਘੁੰਮਦੇ ਹਨ। ਵਿਧਵਾ-ਵਿਆਹ ਦੀ ਸਮੱਸਿਆ, ਵੇਸ਼ਵਾ ਗਮਨੀ ਅਤੇ ਇਸਤਰੀ ਮੱਧ-ਸ਼੍ਰੇਣੀ ਦੀ ਪ੍ਰਰਾਦ ਸਮਾਜ ਉਤੇ ਨਿਰਭਰਤਾ ਹੀ ਉਸਦੇ ਨਾਵਲਾਂ ਦੇ ਵਿਸ਼ੇ ਰਹੇ ਹਨ। ਇਸ ਕਰਕੇ ਉਸਦੇ ਨਾਵਲਾਂ ਵਿਚ ਇਸਤਰੀ ਪਾਤਰ ਵਧੇਰੇ ਉਘੜਵੇਂ ਰੂਪ ਵਿਚ ਸਾਡੇ ਸਾਹਮਣੇ ਆਉਂਦੇ ਹਨ।

**ਗ੍ਰਹਿਣੀ :** ਨਾਵਲੀ - ਜਗਤ ਦੇ ਜਿਸ ਵਿਸ਼ੇਸ਼ ਸਮਾਜਿਕ ਪਰਿਵੇਸ਼ ਵਿਚ ਇਹ ਗ੍ਰਹਿਣੀਆਂ ਵਿਚਰਦੀਆਂ ਹਨ, ਉਹ ਇਨ੍ਹਾਂ ਨੂੰ ਆਰੰਭ ਤੋਂ ਹੀ ਪੁਰਸ਼ 'ਤੇ ਨਿਰਭਰ ਰਹਿਣ ਸਦਕਾ ਤਰਸਯੋਗ ਸਥਿਤੀ ਦਾ ਬੋਧ ਨਿਰੰਤਰ ਕਰਾਉਂਦਾ ਰਹਿੰਦਾ ਹੈ। ਆਰਥਿਕ ਨਿਰਭਰਤਾ ਦੀ ਅਵਸਥਾ ਵਿਚ ਗ੍ਰਹਿਣੀ ਲਈ ਪਤੀ ਦੀ ਪ੍ਰਵਾਨਗੀ ਆਵਸ਼ਕ ਹੋਣ ਕਾਰਣ, ਇਸਤਰੀ-ਪੁਰਸ਼ ਸੰਬੰਧਾਂ ਵਿਚ ਇਸਤਰੀ-ਦੀ ਸਥਿਤੀ ਭੋਗਣ ਯੋਗ ਵਸਤੂ ਹੋਣ ਦੇ ਦ੍ਰਿਸ਼ਟੀਕੋਣ ਤੋਂ ਇਸਤਰੀ ਦਾ ਰੂਪ, ਯੋਵਨ, ਲੱਜਾ ਸੀਲਤਾ, ਸਹਿਣਸੀਲਤਾ, ਗ੍ਰਹਿ-ਕਾਰਜ ਵਿਚ ਪ੍ਰਵੀਨਤਾ ਅਤੇ ਦਾਜ-ਦਹੇਜ ਆਦਿ ਉਸਦੀ ਯੋਗਤਾ ਵਿਚ ਵਾਧਾ ਕਰਦੇ ਹਨ। ਨਾਵਲ 'ਕਟੀ ਹੋਈ ਪਤੰਗ' ਦੀ ਨਾਇਕਾ ਕਾਮਨੀ ਆਪਣੇ ਪਤੀ ਦੇ ਵਿਆਹੋਂ ਬਾਹਰੇ ਸੰਬੰਧਾਂ ਦੀ ਜਾਣਕਾਰੀ ਤੋਂ ਬਾਅਦ ਉਸਨੂੰ ਮੁਆਫ਼ ਹੀ ਨਹੀ ਕਰਦੀ।[58] ਸਰੋ ਆਪਣੇ ਫ਼ਰੇਬੀ ਪਤੀ ਦੁਆਰਾ ਵਫ਼ਾਦਾਰੀ ਪਾਲਣ ਦੇ ਵਕਤੀ ਵਾਇਦੇ ਨੂੰ ਆਪਣਾ ਸੁਭਾਗ ਖਿਆਲ ਕਰਦੀ ਹੈ।[59] ਨਾਵਲ 'ਸੰਗਮ' ਵਿਚ ਲਲਿਤਾ ਆਪਣ ਪਤੀ ਕੁੰਦਨ ਲਾਲ ਦੇ ਵਿਸ਼ਈ ਚਰਿੱਤਰ ਨੂੰ ਜਾਣਦਿਆਂ ਹੋਇਆਂ ਵੀ ਆਪਣੇ ਸੇਵਾ ਭਾਵ ਨਾਲ ਉਸਦੇ ਹਿਰਦੇ ਪਰਿਵਰਤਨ ਲਈ ਯਤਨਸ਼ੀਲ ਰਹਿੰਦੀ ਹੈ।[60] ਨਾਨਕ ਸਿੰਘ ਵਿਅਕਤੀਗਤ ਤੌਰ ਉਤੇ ਇਸਤਰੀ ਦੀ ਇਸ ਖਿਮਾਸ਼ੀਲਤਾ ਨੂੰ ਇਸਤਰੀਤੱਵ ਦਾ ਸਦਗੁਣ ਪ੍ਰਵਾਨ ਕਰਦਾ ਹੈ ਜੋ ਉਸਦੇ ਮਾਂ ਅਤੇ ਪਤਨੀ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ।

ਮਾਂ ਦੇ ਰੂਪ ਵਿਚ : ਨਾਨਕ ਸਿੰਘ ਦੇ ਨਾਵਲਾਂ ਵਿਚ/ਵੱਡੀ ਉਮਰ ਦੇ ਇਸਤਰੀ ਪਾਤਰ ਮਾਂ ਦੇ ਰੂਪ ਵਿਚ ਆਉਂਦੇ ਹਨ। ਇਨ੍ਹਾਂ ਇਸਤਰੀਆਂ ਦਾ ਮਾਂ ਰੂਪ ਵੀ ਆਪਣੇ ਸੁਭਾਅ ਅਨੁਕੂਲ ਹੈ। ਕੁਝ ਇਕ ਮਾਵਾਂ ਆਪਣੀ ਮਮਤਾ ਕਾਰਨ ਬੱਚਿਆਂ ਲਈ ਆਪਣੀ ਖੁਸ਼ੀ ਵਾਰ ਦੇਂਦੀਆਂ ਹਨ। ਉਹ ਪੁਰਾਣੇ ਵਿਚਾਰਾਂ ਦੀਆਂ ਧਾਰਨੀ ਹੋਣ ਦੇ ਬਾਵਜੂਦ ਬਚਿਆਂ ਦੀਆਂ ਇਛਾਵਾਂ ਨੂੰ ਸਮਝਦੀਆਂ ਹਨ। ਗਿਆਨ ਕੌਰ (ਅੱਧ ਖਿੜਿਆ ਫੁੱਲ) ਇਸਤਰੀ ਦੇ ਰੂਪ ਵਿਚ ਮਾੜੇ ਸੁਭਾਅ ਦੀ ਇੱਸਤਰੀ ਪ੍ਰਗਟ ਹੁੰਦੀ ਹੈ, ਸੱਸ ਦੇ ਰੂਪ ਵਿਚ ਬੜੀ ਕਠੋਰ ਤੇ ਨਿਰਦਈ ਹੈ, ਪਰ ਮਾਂ ਦੇ ਰੂਪ ਵਿਚ ਆਪਣੇ ਪੁੱਤਰ ਲਈ ਘੜੀਆਂ ਪਲ ਗਿਣ ਕੇ ਲੰਘਾਉਂਦੀ ਹੈ। ਉਸਦਾ ਪੁੱਤਰ ਜੇਲ੍ਹ ਚਲਾ ਜਾਂਦਾ ਹੈ ਪਿਛੋਂ ਉਹ ਨੂੰਹ ਦੀ ਸਾਮਤ ਲੈ ਆਉਂਦੀ ਹੈ। ਪੁੱਤਰ ਨੂੰ ਬਹੁਤ ਪਿਆਰ ਕਰਦੀ ਹੈ। ਉਹ ਕੁਲਦੀਪ ਨੂੰ ਘਰ ਦੀ ਮਾਮੂਲੀ ਨੌਕਰਾਣੀ ਨਾਲ ਵਿਆਹ ਕਰਾਉਣ ਦੀ ਵੀ ਇਜ਼ਾਜਤ ਦੇ ਦੇਂਦੀ ਹੈ। ਇਸੇ ਤਰ੍ਹਾਂ ਪੰਡਤਾਣੀ (ਬੰਜਰ) ਵੀ ਪੁਰਾਣੇ ਵਿਚਾਰਾਂ ਦੀ ਧਾਰਨੀ ਹੁੰਦੀ ਹੋਈ ਆਪਣੀ ਧੀ ਮੇਨਿਕਾ ਦਾ ਵਿਆਹ ਉਸਦੇ ਮਨ ਪਸੰਦ ਲੜਕੇ ਨਾਲ ਕਰਨਾ ਪਸੰਦ ਕਰ ਲੈਂਦੀ ਹੈ। ਦੀਪਕ ਦੀ ਮਾਂ (ਬੰਜਰ) ਪੰਜਾਬ ਦੀ ਤੇ ਸਮੁੱਚੇ ਭਾਰਤ ਦੀ ਅਸਲੀ ਮਾਂ ਹੈ। ਉਸ ਵਿਚ ਮਨੁੱਖੀ ਦਰਦ ਕੁੱਟ-ਕੁੱਟ ਕੇ ਭਰਿਆ ਹੋਇਆ ਹੈ। ਉਸ ਵਿਚ ਜਗਤ-ਮਾਤਾ ਵਾਲੀ ਅਟੁੱਟ ਮਮਤਾ ਹੈ। ਉਸਦੀ ਰੱਗ ਰੱਗ ਵਿਚੋਂ ਅਟੁੱਟ ਮਮਤਾ ਫੁਟਦੀ ਹੈ। ਉਹ ਆਪ ਭਾਵੇਂ ਔਖੀ ਹੈ, ਪਰ ਆਪਣੇ ਬੱਚਿਆਂ ਨੂੰ ਘਰਦਿਆਂ, ਗੁਆਂਢੀਆਂ ਤੇ ਜ਼ਖ਼ਮੀਆਂ ਦੀ ਸੇਵਾ ਕਰਨ ਲਈ ਕਹਿੰਦੀ ਹੈ ਅਤੇ ਉਨ੍ਹਾਂ ਨੂੰ ਆਪਣੇ ਘਰ ਆਉਣ ਲਈ ਜ਼ੋਰ ਦਿੰਦੀ ਹੈ।

ਨਾਨਕ ਸਿੰਘ ਨੂੰ ਮਾਂ ਦੇ ਦਿਲ ਦਾ ਸਾਰ ਹੈ। ਉਹ ਮਾਂ ਨੂੰ ਪੂਜਣਯੋਗ ਮੰਨਦਾ ਹੈ ਜਿਹੜੀ ਕਿਸੇ ਪਰਾਏ ਬੱਚੇ ਦੀ ਮਾਂ ਬਣਕੇ ਵੀ ਉਸਤੋਂ ਮਮਤਾ ਵਾਰ ਦੇਂਦੀ ਹੈ। ਗੂਰੋ (ਪੁਜਾਰੀ) ਆਪਣੇ ਗੋਦੀ ਲਏ ਬੱਚੇ ਨੂੰ ਉੜਕ ਦਾ ਪਿਆਰ ਕਰਦੀ ਹੈ। ਮਾਇਆ (ਪਵਿੱਤਰ ਥਾਪੀ) ਕਿਦਾਰ ਦੀ ਮਾਂ ਬਣ ਕੇ ਮਮਤਾ ਛਲਕਾਂਦੀ ਹੈ। ਸਲੀਮਾਂ (ਗਰੀਬ ਦੀ ਦੁਨੀਆਂ) ਇਕ ਹਿੰਦੂ ਕੁੜੀ ਮਾਲਤੀ ਦੀ ਮਾਂ ਬਣਦੀ ਹੈ।

ਇਸ ਤੋਂ ਛੁੱਟ ਉਹ ਇਸਤਰੀਆਂ ਵੀ ਹਨ ਜੋ ਮਾਂ ਦੇ ਰੂਪ ਸਾਡੇ ਸਾਹਮਣੇ ਆਉਂਦੀਆਂ ਹਨ ਤੇ ਆਪਣੀ ਔਲਾਦ ਨੂੰ ਪਿਆਰ ਤਾਂ ਕਰਦੀਆਂ ਹਨ, ਪਰ ਉਨ੍ਹਾਂ ਨੂੰ ਨੇਕ ਸੰਤਾਨ ਬਣਾਉਣ ਲਈ ਆਪਣੇ ਫਰਜ਼ਾਂ ਤੋਂ ਜਾਂ ਤਾਂ ਅਨਜਾਣ ਹਨ, ਜਾਂ ਪਰਵਾਹ ਨਹੀਂਕਰਦੀਆਂ। ਦਿਆਲੀ (ਮਤਰੇਈ ਮਾਂ) ਆਪਣੇ ਮਤਰੇਏ ਪੁੱਤਰ ਨੂੰ ਘਿਰਣਾ ਕਰਦੀ ਅਤੇ ਉਸ ਤੇ ਅਤਿਆਚਾਰ ਕਰਦੀ ਹੈ ਪਰ ਆਪਣੇ ਪੁੱਤਰ ਨੂੰ ਅਯੋਗ ਲਾਡ -ਲਡਾ ਕੇ ਖਰਾਬ ਕਰ ਛੱਡਦੀ ਹੈ। ਉਸਨੂੰ ਚੰਗਾ ਇਨਸਾਨ ਨਹੀਂ ਬਣਾਉਂਦੀ।

ਹਰਨਾਮ ਕੌਰ (ਛਲਾਵਾ) ਵੀ ਆਪਣੇ ਪੁੱਤਰ ਦੇ ਸਾਹਮਣੇ ਸਹੁਰੇ ਦਾ ਧਨ ਚੋਰੀ ਕਰਦੀ ਹੈ ਤੇ ਫਿਰ ਪੁੱਤਰ ਨੂੰ ਆਪਣੇ ਸਹੁਰਿਆਂ ਦਾ ਮਾਲ ਚੁਰਾਉਣ ਲਈ ਪ੍ਰੇਰਦੀ ਹੈ। ਅਜਿਹੀਆਂ ਮਾਵਾਂ ਬਚਿਆਂ ਦੀਆਂ ਹਿਤੂ ਬਣਨ ਦੀ ਥਾਂ, ਸਗੋਂ ਉਨ੍ਹਾਂ ਨੂੰ ਆਪਣੇ ਦੁਸ਼ਮਣ ਬਣਾ ਲੈਂਦੀਆਂ ਹਨ। ਤੇ ਆਪਣੇ ਪ੍ਰਤੀ ਉਨ੍ਹਾਂ ਦੇ ਦਿਲ ਵਿਚ ਘਿਰਣਾ ਪੈਦਾ ਕਰਦੀਆਂ ਹਨ। ਸ਼ਸ਼ੀ (ਚਿੱਤਰਕਾਰ) ਆਪਣੀ ਮਾਂ ਦੀ ਮਜਬੂਰੀ ਜਾਣਦੀ ਹੋਈ ਵੀ ਉਸਨੂੰ ਘਿਰਣਾ ਕਰਦੀ ਹੈ ਕਿਉਂਕਿ ਪੈਸੇ ਲਈ ਉਹ ਆਪਣੀ ਧੀ ਨੂੰ ਸੇਠ ਦੀ ਹਵੱਸ ਲਈ ਆਖਦੀ ਹੈ। ਮਨੁੱਖੀ ਆਚਰਣ ਵਿਚ ਇਹ ਭਿੰਨਤਾ ਨਾਨਕ ਸਿੰਘ ਦੇ ਇਸਤਰੀ ਚਰਿੱਤਰ ਦੇ ਅਨੁਭਵ ਦੀ ਵਿਸ਼ਾਲਤਾ ਕਾਰਨ ਹੈ।

<u>ਪਤਨੀ ਦੇ ਰੂਪ ਵਿਚ :</u> ਪਤਨੀਦੇ ਰੂਪ ਵਿਚ ਇਸਤਰੀ ਪੁਰਾਤਨ ਭਾਰਤੀ ਪਰੰਪਰਾ ਨਾਲ ਬੱਝੀ ਹੋਈ ਹੈ। ਉਹ ਪਤੀ ਨੂੰ ਪਰਮੇਸ਼ਰ ਜਾਣ ਕੇ ਪਤੀ ਦੀ ਰਜ਼ਾ ਵਿਚ ਰਹਿੰਦੀ ਹੈ। ਪਤੀ ਬਰਤਾ ਹੋਣ ਦੇ ਨਾਤੇ ਆਪਣੇ ਫਰਜ਼ਾਂ ਨੂੰ ਚੰਗੀ ਤਰ੍ਹਾਂ ਨਿਭਾਉਂਦੀ ਹੈ। ਆਦਰਸ਼ਕ ਪਤਨੀ ਦੇ ਰੂਪ ਵਿਚ ਸਰਲਾ (ਫੌਲਾਦੀ ਫੁੱਲ), ਊਸ਼ਾ (ਜੀਵਨਸੰਗਰਾਮ), ਸ਼ਾਂਤੀ (ਕਾਗਤਾਂ ਦੀ ਬੇੜੀ) ਆਦਿ ਇਸਤਰੀਆਂ ਹਨ । ਇਨ੍ਹਾਂ ਪਤਨੀਆਂ ਲਈ ਸ਼ਹਿਨਸ਼ੀਲਤਾ, ਸਬਰ-ਸੰਤੋਖ ਤੇ ਨਿਮਰਤਾ ਵਿਸ਼ੇਸ਼ ਲੱਛਣ ਹਨ। ਇਨ੍ਹਾਂ ਦੇ ਆਚਰਣ ਵਿਚ ਪ੍ਰੇਰਨਾ ਸ਼ਕਤੀ ਹੈ। ਸੰਤ ਸਿੰਘ ਸੇਖੋਂ ਅਨੁਸਾਰ:

> ਨਾਨਕ ਸਿੰਘ ਦੀ ਕਲਪਨਾ ਵਿਚ ਇਹ ਉਪਕਾਰੀ ਇਸਤਰੀਆਂ ਉਹ ਥੰਲ ਹਨ, ਜਿਨ੍ਹਾਂ ਦੇ ਸਹਾਰੇ ਸਾਡਾ ਰਜਵਾੜਾ ਅਧੀਨ ਤੇ ਪੂੰਜੀ ਅਧੀਨ

> ਗ੍ਰਹਿਸਤ ਜੀਵਨ ਟਿਕਿਆ ਹੋਇਆ ਹੈ। ਕਿਤੇ ਇਹ 'ਜੀਵਨ ਸੰਗਰਾਮ' ਵਿਚ ਊਸ਼ਾ ਵਾਂਗ ਆਪਣੇ ਵਿਸ਼ਈ ਪਤੀ ਪੂਰਨ ਚੰਦ ਤੇ ਇਕ ਸਾਹਸਹੀਣ ਗਾਇਕ ਬਲਵੰਤ ਦਾ ਕਲਿਆਣ ਕਰਦੀ ਹੈ।[61]

ਊਸ਼ਾ ਸ਼ਰਾਬੀ ਬੰਦੇ ਨੂੰ ਘਿਰਣਾ ਕਰਨ ਦੀ ਥਾਂ ਉਸਨੂੰ ਭੈਣ ਵਾਲਾ ਪਿਆਰ ਦੇ ਕੇ ਮਾਸਟਰ ਬਲਵੰਤ ਬਣਾ ਦਿੰਦੀ ਹੈ। ਕਾਮਨੀ ਆਪਣੇ ਆਚਰਣ ਦੇ ਬਲ ਨਾਲ ਸੁਖਬੀਰ ਦੀ ਸੋਚ-ਪ੍ਰਣਾਲੀ ਨੂੰ ਸੋਧ ਦਿੰਦੀਹੈ। ਉਹ ਆਪਣੀ ਪਵਿੱਤਰਤਾ ਕਾਰਣ ਹੋਰਨਾਂ ਨੂੰ ਵੀ ਕੁੰਦਨ ਬਣਾ ਦੇਂਦੀਆਂ ਹਨ। ਪਰ ਫਿਰ ਵੀ ਮਰਦ ਇਨ੍ਹਾਂ ਨਾਲ ਵਧੀਕੀਆਂ ਕਰਦੇ ਹਨ। ਉਹ ਇਨ੍ਹਾਂ ਦੀ ਚੰਗਿਆਈ ਦਾ ਮੁੱਲ ਪਾਉਣਾ ਨਹੀ ਜਾਣਦੇ ਤੇ ਹੋਰਨਾ ਇਸਤਰੀਆਂ ਮਗਰ ਭਜਦੇ ਹੋਏ ਬਦ-ਇਖਲਾਕੀ ਦੇ ਟੋਏ ਵਿਚ ਜਾ ਡਿਗਦੇ ਹਨ। ਸ਼ਾਂਤੀ ਤੇ ਊਸ਼ਾ ਲਈ ਇਹ ਸਹਾਰਨਾ ਔਖਾ ਹੋ ਜਾਂਦਾ ਹੈ ਅਤੇ ਉਹ ਜ਼ਿੰਦਗੀ ਦਾ ਘੋਲ ਘੁਲਦੀਆਂ ਮਰ ਜਾਂਦੀਆਂ ਹਨ। ਪਰ ਕਾਮਨੀ ਤੇ ਲਲਿਤਾ ਵਿਚ ਆਪਣੇ ਹੱਕਾਂ ਦੀ ਪਛਾਣ ਜਾਗ ਪੈਂਦੀਹੈ। ਉਹ ਪਤੀ ਕੋਲੋਂ ਪਿਆਰ ਦੇ ਬਦਲੇ ਪਿਆਰ ਮੰਗਦੀਆਂ ਹਨ ਅਤੇ ਨਾ ਮਿਲਣ ਦੀ ਹਾਲਤ ਵਿਚ ਰਾਹ ਵਟਾ ਲੈਂਦੀਆਂ ਹਨ। ਉਹ ਸ਼ਾਂਤੀ ਤੇ ਊਸ਼ਾ ਵਾਂਗ ਸਾਹਸਹੀਣ ਹੋ ਕੇ ਮਰਦਾਂ ਦੇ ਜ਼ੁਲਮਾਂ ਅਗੇ ਹਥਿਆਰ ਨਹੀਂ ਸੁੱਟ ਬੈਠਦੀਆਂ, ਸਗੋਂ ਮੁੜ ਕੇ ਜੀਵਨ ਜੀਉਣ ਲਈ ਭਰਪੂਰ ਕਦਮ ਚੁਕਦੀਆਂ ਹਨ। ਉਹ ਮਰਦ ਨੂੰ ਸੋਚਣ ਲਈ ਮਜਬੂਰ ਕਰਦੀਆਂਹਨ ਕਿ ਉਹ ਗਲਤ ਹੈ। ਕਾਮਨੀ (ਕਟੀ ਹੋਈ ਪਤੰਗ) ਬ੍ਰਿਜ ਮੋਹਨ ਨੂੰ ਉਸਦੀਆਂ ਭੁਲਾਂ ਦਾ ਅਹਿਸਾਸ ਕਰਾਉਂਦੀ ਹੈ ਤੇ ਬ੍ਰਿਜਮੋਹਨ ਉਸ ਕੋਲੋਂ ਮੁਆਫ਼ੀ ਮੰਗਦਾ ਹੈ।

ਦੂਜੇ ਦਰਜੇ ਤੇ ਨਾਨਕ ਸਿੰਘ ਦੇ ਨਾਵਲਾਂ ਵਿਚ ਉਹ ਪਤਨੀਆਂ ਹਨ, ਜਿਹੜੀਆਂ ਸਾਧਾਰਨ ਜੀਵਨ ਵਿਚ ਵਿਚਰਦੀਆਂ ਹੋਈਆਂ ਆਪ ਘਰੇਲੂ ਇਸਤਰੀਆਂ ਹਨ ਪਰ ਉਨ੍ਹਾਂ ਦੀ ਸੋਚ ਨਿਮਨ-ਮੁਖੀ ਹੈ। ਇਹ ਘਰੇਲੂ ਇਸਤਰੀਆਂ ਚੰਗੇ ਮੰਦੇ ਸੁਭਾਅ ਤੇ ਅੰਧ-ਵਿਸ਼ਵਾਸ਼ ਦੀਆਂ ਧਾਰਨੀ ਹਨ। ਤਿਆਗ, ਸੇਵਾ ਆਦਿ ਗੁਣਾਂ ਵਿਚੋਂ ਕਿਸੇ ਦੇ ਵੀ ਨਾਂ ਤੋ ਅਣਜਾਣ ਹਨ। ਜਿਵੇਂ 'ਮਤਰੇਈ ਮਾਂ' ਵਿਚ ਦਿਆਲੀ, 'ਮਿੱਠਾ ਮਹੁਰਾ' ਦੀ ਦਲੀਪ ਕੌਰ, 'ਮੰਝਧਾਰ' ਦੀ ਨਿਹਾਲੋ, 'ਛਲਾਵਾ'

ਦੀ ਹਰਨਾਮ ਕੌਰ ਆਦਿ । ਇਨ੍ਹਾਂ ਇਸਤਰੀਆਂ ਵਿਚੋਂ ਦਿਆਲੀ ਤੇ ਦਲੀਪ ਕੌਰ ਅਤਿ ਦਰਜੇ ਦੀਆਂ ਭੈੜੀਆਂ ਤੇ ਕੁਲੱਛਣੀਆਂ ਪਤਨੀਆਂ ਹਨ। ਦਿਆਲੀ ਆਪਣੇ ਬਿਮਾਰ ਪਤੀ ਨੂੰ ਛੱਡ ਕੇ ਵਿਆਹ ਵੇਖਣ ਤੁਰ ਜਾਂਦੀ ਹੈ। ਤੇ ਦਲੀਪ ਕੌਰ ਪਤੀ ਦੀ ਪਰਵਾਹ ਨਾ ਕਰਦੀ ਹੋਈ ਬਦ-ਇਖ਼ਲਾਕੀ ਦੇ ਟੋਏ ਵਿਚ ਜਾ ਡਿਗਦੀ ਹੈ। ਇਨ੍ਹਾਂ ਪਤਨੀਆਂ ਦੇ ਦਿਲ ਵਿਚ ਆਪਣੇ ਪਤੀ ਲਈ ਪਿਆਰ ਜਾਂ ਫਰਜ਼ ਦੀ ਕੋਈ ਭਾਵਨਾ ਨਹੀ।

ਤਾਰਕਾ (ਸੰਗਮ) ਇਕ ਯਥਾਰਥਿਕ ਪਤਨੀ ਦਾ ਚਿੱਤਰ ਹੈ। ਇਥੇ ਪਤਨੀ ਆਪਣੇ ਪਤੀ ਨੂੰ ਪਿਆਰ ਤਾਂ ਕਰਦੀ ਹੈ, ਪਰ ਉਹ ਆਮ ਘਰੇਲੂ ਇਸਤਰੀਆਂ ਵਾਂਗ ਜੀਵਨ ਦੀਆਂ ਮੁਢੱਲੀਆਂ ਲੋੜਾਂ ਨੂੰ ਵਧੇਰੇ ਮਹੱਤਤਾ ਦਿੰਦੀ ਹੈ।

'ਛਲਾਵਾ' ਦੀ ਹਰਨਾਮੀ ਇਕ ਬਹੁਤ ਹੀ ਯਥਾਰਥਵਾਦੀ ਪਾਤਰ ਹੈ । ਇਹ ਨਾਨਕ ਸਿੰਘ ਦੇ ਹੋਰਨਾਂ ਆਦਰਸ਼ਕ ਤੇ ਰੋਮਾਂਟਿਕ ਇਸਤਰੀ ਨਾਇਕਾਵਾਂ ਤੇ ਪਤਨੀਆਂ ਨਾਲੋਂ ਭਿੰਨ ਹੈ। ਮੋਹ ਮਾਇਆ ਵਿਚ ਅੰਨ੍ਹੀ ਹੋਈ ਹਰਨਾਮੀ ਆਪਣੀ ਔਲਾਦ ਦੀ ਖਾਤਰ ਆਪਣੇ ਪਤੀ ਦੇ ਹਿਤਾਂ ਦੀ ਵੀ ਪਰਵਾਹ ਨਹੀਂ ਕਰਦੀ। ਅਧੱਖੜ ਉਮਰ ਦੀਆਂ ਸਾਧਾਰਨ ਪਤਨੀਆਂ ਵੀ ਸਾਨੂੰ ਨਾਨਕ ਸਿੰਘ ਦੇ ਨਾਵਲਾਂ ਵਿਚ ਮਿਲਦੀਆਂ ਹਨ। ਇਹ ਆਪਣੇ ਪਤੀ ਨਾਲ ਨਾਂ ਮਾਤਰ ਹੀ ਬਝੀਆਂ ਹੋਈਆਂ ਹਨ, ਜਿਵੇਂ ਇੰਦਰਪਾਲ (ਲਵ ਮੈਰਿਜ) ਦੀ ਮਾਸੀ ਤੇ ਮਾਸੜ ਦੇ ਸੁਭਾਅ ਵਿਚ ਫਰਕ, ਉਨ੍ਹਾਂ ਦੀ ਸੋਚਣੀ ਵਿਚ ਵੀ ਫਰਕ ਉਪਜਾਂਦਾ ਹੈ। ਫਿਰ ਵੀ ਦੋਵੇਂ ਪਤੀ-ਪਤਨੀ ਇਕੋ ਛੱਤ ਹੇਠ ਰਹਿਣ ਲਈ ਮਜਬੂਰ ਹਨ। ਇਸੇ ਤਰ੍ਹਾਂ ਨਿਹਾਲੋ (ਮੰਝਧਾਰ) ਹਫ਼ੀਮੀ ਪਤੀ ਦੀਆਂ ਝਿੜਕਾਂ ਤੇ ਗਾਲਾਂ ਖਾਣ ਦੀ ਆਦੀ ਹੋ ਜਾਂਦੀ ਹੈ ਤੇ ਉਸਦੀਆਂ ਭੈੜੀਆਂ ਆਦਤਾਂ ਤੇ ਖਿਝਦੀ ਹੈ ਤੇ ਜ਼ਿੰਦਗੀ ਦੇ ਦਿਨ ਪੂਰੇ ਕਰੀ ਜਾਂਦੀ ਹੈ।

<u>ਵਿਧਵਾ ਦੇ ਰੂਪ ਵਿਚ :</u> ਮਰਦ ਪ੍ਰਧਾਨ ਸਮਾਜ ਨੂੰ ਪ੍ਰਤਿਬਿੰਬਤ ਕਰਦੇ ਹੋਏ ਨਾਨਕ ਸਿੰਘ ਦੇ ਨਾਵਲਾਂ ਵਿਚ ਮਰਦ-ਪਤੀ ਦੇ ਆਸਰੇ ਤੋਂ ਵੰਚਿਤ ਇਸਤਰੀ ਦੀ ਸਥਿਤੀ ਦਾ ਅਤਿਅੰਤ ਕਰੁਣਾ-ਜਨਕ ਪ੍ਰਸਤੁਤੀਕਰਨ ਕੀਤਾ ਗਿਆ ਹੈ। ਭਰ ਜਵਾਨੀ ਵਿਚ ਵਿਧਵਾ ਹੋਣ ਵਾਲੀ ਇਸਤਰੀ ਦੀ

ਸਥਿਤੀ ਦੀ ਵਿਡੰਬਨਾ ਇਹ ਹੁੰਦੀ ਹੈ ਕਿ ਇਕ ਪਾਸੇ ਤਾਂ ਉਸ ਕੋਲੋਂ ਹਰ ਹੀਲੇ ਯੋਨ ਪਵਿੱਤਰਤਾ ਕਾਇਮ ਰਖਣ ਦੀ ਮੰਗ ਕੀਤੀ ਜਾਂਦੀ ਹੈ। ਦੂਜੇ ਪਾਸੇ ਇਸਤਰੀ ਮਰਦ ਨੂੰ ਨਿਪਟ ਵੱਖਰੇ ਭਾਗਾਂ ਵਿਚ ਵੰਡਣ ਵਾਲੇ ਪਰੰਪਰਾਵਾਦੀ ਸੰਕੀਰਣ ਸਮਾਜਿਕ ਪਰਿਵੇਸ਼ ਵਿਚ ਪਰਾਈ ਇਸਤਰੀ ਸਾਥ ਲਈ ਲਲਸਾਇਆ ਮਰਦ ਇਸ ਵਿਧਵਾ ਨੂੰ ਆਪਣੀ ਕਾਮਨਾ ਦਾ ਕੇਂਦਰ ਬਣਾਉਣ ਲਈ ਉਤਸੁੱਕ ਰਹਿੰਦਾ ਹੈ।

'ਚਿੱਟਾ ਲਹੂ' ਵਿਚ ਗੁਰਦੇਈ ਵਿਧਵਾ ਹੁੰਦਿਆਂ ਹੀ ਅਜਿਹੀਆਂ ਪਰਿਸਥਿੱਤੀਆਂ ਦਾ ਸਾਹਮਣਾ ਕਰਦੀ ਹੈ। ਗੁਰਦੇਈ ਆਪਣੇ ਛੋਟੀ ਤੁਰਣੀ ਉਮਰ ਦੇ, ਦਮੇ ਦੇ ਰੋਗੀ ਪਤੀ ਦੀ ਮੌਤ ਤੋਂ ਬਾਅਦ ਭਰ ਜਵਾਨੀ ਵਿਚ ਵਿਧਵਾ ਹੋਣ ਉਪਰੰਤ ਮਤਰੇਏ ਪੁਤਰ ਕਰਮਚੰਦ ਦਵਾਰਾ ਧੋਖੇ ਨਾਲ ਪਤੀ ਦੀ ਸੰਪਤੀ ਤੋਂ ਵੰਚਿਤ ਕਰਕੇ ਜ਼ਬਰਦਸਤੀ ਘਰੋਂ ਕੱਢ ਦਿੱਤੀ ਜਾਂਦੀ ਹੈ। ਭੇਖੀ ਸਮਾਜ ਸੁਧਾਰਕ ਪੰਡਤ ਰਾਧੇ ਕ੍ਰਿਸ਼ਨ ਉਸਨੂੰ ਇਨਸਾਫ ਅਤੇ ਜਾਇਦਾਦ ਵਿਚ ਹਿੱਸਾ ਦਵਾਉਣ ਦਾ ਪਰੰਪਚ ਕਰਕੇ ਉਸਦਾ ਗਹਿਣਾ ਲੈਣ ਪਿਛੋਂ ਗੁਰਦੇਈ ਨੂੰ ਅਪਣੇ ਗੁਪਤ ਦਲਾਲ ਰਾਹੀ ਤਾਰਾ ਚੰਦ ਕੋਲ ਵੇਚ ਦਿੰਦਾ ਹੈ। ਛੇਤੀ ਹੀ ਬੇਰੋਜ਼ਗਾਰੀ ਦੀ ਹਾਲਤ ਵਿਚ ਬੀਮਾਰ ਗਰਭਵਤੀ ਗੁਰਦੇਈ ਨੂੰ ਛੱਡ ਕੇ ਘਰ ਦਾ ਸਾਰਾ ਸਮਾਨ ਲੈ ਕੇ ਤਾਰਾਚੰਦ ਲਾਪਤਾ ਹੋ ਜਾਂਦਾ ਹੈ। ਸੁੰਨੇ ਘਰ ਵਿਚ ਗੁਰਦੇਈ ਆਪਣੀ ਬੱਚੀ ਨੂੰ ਜਨਮ ਦਿੰਦੀ ਹੈ ਜਿਸਦੇ ਹੋਣ ਦੀ ਆਵਾਜ਼ ਸੁਣ ਕੇ ਦੋ ਮੁਸਲਮਾਨ ਗੁਆਂਢਣਾ ਗੁਰਦੇਈ ਨੂੰ ਤੇ ਉਸਦੀ ਬੱਚੀ ਨੂੰ ਸੰਭਾਲਦੀਆਂ ਹਨ। ਫਿਰਕਾ ਪ੍ਰਸਤੀ ਆਲੋਚਨਾ ਤੋਂ ਡਰਕੇ ਮੁਸਲਮਾਨ ਪਰਿਵਾਰ ਗੁਰਦੇਈ ਨੂੰ ਮੁਹੱਲੇ ਦੇ ਮੁਖ਼ੀ ਦੇ ਸਪੁਰਦ ਕਰ ਦਿੰਦੇ ਹਨ, ਜਿਹੜਾ ਦੋ ਹਫਤੇ ਉਸਨੂੰ ਆਪਣੇ ਘਰ ਰਖ ਕੇ ਵਿਧਵਾ ਆਸ਼ਰਮ ਭੇਜਣ ਦਾ ਪ੍ਰਬੰਧ ਕਰਨ ਦਾ ਕਪਟ ਰਚ ਕੇ, ਲਾਚਾਰ ਗੁਰਦੇਈ ਨੂੰ ਦੁੱਧ ਪੀਂਦੀ ਬੱਚੀ ਤੋਂ ਵਿਛੋੜਨ ਮਗਰੋਂ ਇਕ ਵੇਸ਼ਵਾ ਪਾਸ ਵੇਚ ਆਉਂਦਾ ਹੈ। ਉਸ ਵੇਸ਼ਵਾ ਪਾਸੋਂ ਪੁੱਛੇ ਗੁਰਦੇਈ ਦੇ ਪ੍ਰਸ਼ਨ ਦਾ ਉੱਤਰ, ਤਤਕਾਲਿਕ ਸਮਾਜ ਵਿਚ ਵਿਧਵਾ ਦੀ ਸਥਿਤੀ ਨੂੰ ਸਪਸ਼ਟ ਕਰਦਾ ਹੈ:

> ਮੈਂ ਸਮਝ ਗਈ ਹਾਂ, ਤੂੰ ਉਸ ਬਾਬਤ ਪੁਛਨੀਏਂ ਜਿਹੜਾ ਤੈਨੂੰ
> ਮੇਰੇ ਪਾਸ ਵੇਚ ਗਿਆ ਏ। ਉਹ ਤਾਂ ਰਾਤ ਦੀ ਗੱਡੀ ਹੀ ਵਾਪਸ ਚਲਾ
> ਗਿਆ। ਤੇ ਆਪਣਾ ਇਕਰਾਰ ਜੋ ਉਸਨੇ ਤੇਰੇ ਨਾਲ ਕੀਤਾ ਸੀ—

> ਪੂਰਾ ਕਰ ਗਿਆ ਏ ਤੇ ਜਿਸਨੂੰ ਤੂੰ ਵਿਧਵਾ ਆਸ਼ਰਮ ਸਮਝਦੀ ਏਂ ਉਹ ਤਾਂ ਐਵੇਂ ਢਕੋਂਸਲਾ ਏ। ਇਹ ਅਸਲੀ ਵਿਧਵਾ-ਆਸ਼ਰਮ ਹੈ, ਜਿਥੇ ਸਾਡੇ ਦੇਸ਼ ਦੀਆਂ ਹਜ਼ਾਰਾਂ ਲੱਖਾਂ ਵਿਧਵਾਵਾਂ ਪਰਵਰਸ ਪਾਂਦੀਆਂ ਤੇ ਐਸ਼ ਇਸ਼ਰਤ ਦੀ ਜ਼ਿੰਦਗੀਆਂ ਬਸਰ ਕਰਦੀਆਂ ਨੇ।[62]

ਗੁਰਦੇਈ ਸ਼ਹਿਰੀ ਮੱਧ-ਵਰਗ ਨਾਲ ਸੰਬੰਧਿਤ ਵਿਧਵਾ ਨਾਰੀ ਹੈ ਜਿਹੜੀ ਪਰਿਸਥਿੱਤੀਆਂ ਦੇ ਪਰਿਵਰਤਨ ਨਾਲ ਆਰਥਿਕ ਸੰਕਟ- ਗ੍ਰਸਤ ਹੋ ਜਾਂਦੀ ਹੈ। ਗੁਰਦੇਈ ਦਾ ਅੰਤ ਚਕਲੇ ਵਿਚ ਹੁੰਦਾ ਹੈ ਜਿੱਥੇ ਉਹ ਅਨਵਰ ਜਾਨ ਬਣਾਏ ਜਾਣ ਦਾ ਬਦਲਾ ਸੁੰਦਰੀ ਨੂੰ ਮਿਲਣ ਪਿਛੋਂ ਪੰਡਤ ਰਾਧਾ ਕ੍ਰਿਸ਼ਨ ਅਤੇ ਕਰਮ ਚੰਦ ਨੂੰ ਕਤਲ ਕਰਕੇ ਲੈਂਦੀ ਹੈ, ਭਾਵੇਂ ਇਸ ਪਿਛੋਂ ਉਹ ਆਪ ਵੀ ਆਤਮ ਹਤਿਆ ਕਰ ਲੈਂਦੀ ਹੈ।

ਸਰੋਜ (ਅੱਧ ਖਿੜਿਆ ਫੁੱਲ) ਕਿਉ ਪਿਆਸੀ ਹੀ ਮਰ ਜਾਂਦੀ ਹੈ। ਪਰ ਬਾਲ-ਵਿਧਵਾ ਹੋਣ ਕਰਕੇ , ਉਸ ਲਈ ਹੋਸ਼ ਸੰਭਾਲਣ ਤੋਂ ਪਹਿਲਾਂ ਹੀ ਸਭ ਕੁਝ ਵਰਜਿਤ ਹੋ ਜਾਂਦਾ ਹੈ। ਚੰਪਾ (ਜੀਵਨ ਸੰਗਰਾਮ) ਵੀ ਮਾਸੂਮ ਤੇ ਮਜਬੂਰ ਬਾਲ-ਵਿਧਵਾ ਹੈ। ਉਹ ਕਿਸੇ ਦੇ ਤਰਸ ਤੇ ਪਲਣ ਲਈ ਮਜ਼ਬੂਰ ਹੈ। ਪਰ ਫਿਰ ਵੀ ਉਸਨੂੰ ਚੈਨ ਨਾਲ ਨਹੀਂ ਰਹਿਣ ਦਿੱਤਾ ਜਾਂਦਾ। ਉਸਦੀ ਇਜ਼ਤ ਨਾਲ ਖੇਡਿਆ ਜਾਂਦਾ ਹੈ। ਉਸਦੀ ਬੇਵਸੀ ਦਾ ਨਜਾਇਜ਼ ਲਾਭ ਉਠਾ ਕੇ ਪੂਰਨ ਚੰਦ ਉਸਦੇ ਜਜ਼ਬਿਆਂ ਨੂੰ ਉਕਸਾਉਂਦਾ ਹੈ ਤੇ ਅਖ਼ੀਰ ਉਹ ਮੌਤ ਕਬੂਲ ਕਰ ਲੈਂਦੀ ਹੈ।

ਇਸ ਛੋਟ ਛੁੱਟ ਵਿਧਵਾ ਮਾਂ ਦੀ ਚਰਿਤਰ ਉਸਾਰੀ ਬੜੀ ਯਥਾਰਥਿਕ ਹੈ। ਉਹ ਆਪਣੇ ਬੱਚਿਆਂ ਲਈ ਹਰ ਕੁਰਬਾਨੀ ਕਰਦੀਆਂ ਹਨ। ਜਿਵੇ 'ਬੰਜਰ' ਵਿਚ ਮੋਨਿਕਾ ਦੀ ਮਾਂ ਦਾ ਚਰਿਤਰ। 'ਪਿਆਰ ਦੀ ਦੁਨੀਆਂ' ਵਿਚ ਵਿਧਵਾ ਮਨੋਰਮਾਂ ਦਾ ਪ੍ਰੀਤਮ ਸਿੰਘ ਨਾਲ ਵਿਆਹ ਕਰਵਾ ਕੇ ਵਿਧਵਾ ਸਮੱਸਿਆ ਦਾ ਹਲ ਸੁਲਝਾਇਆ ਹੈ।

ਨਾਨਕ ਸਿੰਘ ਨੇ ਵਿਧਵਾ ਦੀ ਵਿਅਸਥਾ ਨੂੰ ਸਾਕਾਰ ਕੀਤਾ ਹੈ। ਪੁਰਸ਼ ਦੀ ਸੁਰਖਿਆ ਤੇ ਬਿਨਾਂ ਆਰਥਿਕ ਪਰਾਧੀਨਤਾ ਵਿਧਵਾ ਦਾ ਸਭ ਤੋਂ ਵੱਡਾ ਸੰਤਾਪ ਬਣਦੀ ਹੈ। ਜਿਹੜੀ ਉਸਦੇ

ਭਾਵੁਕ ਸੰਕਟ ਨੂੰ ਚਰਮਸੀਮਾ ਉਤੇ ਪਹੁੰਚਾਂਦੀ ਹੈ। ਆਰਥਿਕ ਸਵੈ-ਨਿਰਭਰਤਾ ਲਈ ਉਪਯੁਕਤ ਸਾਧਨਾ ਦੀ ਅਣਹੋਂਦ ਵਿਚ ਆਰਥਿਕ -ਪਰਾਨਿਰਭਰਤਾ ਕਈ ਵਾਰ ਇਸਤਰੀ ਦੇ, ਵਿਸ਼ੇਸ਼ ਤੌਰ ਤੇ ਵਿਧਵਾ ਦੇ ਵੇਸ਼ਵਾ-ਬ੍ਰਿਤੀ ਅਪਨਾਉਣ ਦਾ ਆਧਾਰ ਬਣਦੀ ਹੈ।

<u>ਵੇਸ਼ਵਾ ਦੇ ਰੂਪ ਵਿਚ :</u> ਨਾਨੱਕ ਸਿੰਘ ਨੇ ਵੇਸਵਾ ਇਸਤਰੀ ਦੇ ਜੀਵਨ ਦੀ ਡੂੰਘਾਈ ਵਿਚ ਉਤਰ ਕੇ ਮਨੁੱਖ ਦੀ ਸ਼ੈਤਾਨ ਤੇ ਹੈਵਾਨੀ ਰੁਚੀ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ। ਮਰਦ ਇਸਤਰੀ ਨੂੰ ਅੱਜ ਤਕ ਵਿਸ਼ੇ-ਕਾਮਨਾ ਦਾ ਸਮਾਨ ਸਮਝਦਾ ਰਿਹਾ ਹੈ ਤੇ ਉਸਨੂੰ ਆਪਣੇ ਹੱਥ ਵਿਚ ਖਿਡੌਣਾ ਬਣਾ ਕੇ ਵਰਤ ਰਿਹਾ ਹੈ।

ਨਾਨਕ ਸਿੰਘ ਨੇ ਦਸਿਆ ਹੈ ਕਿ ਗੁਰਦੇਈ ਵੇਸਵਾ ਕਿਵੇ ਬਣਦੀ ਹੈ? ਉਹ ਵੇਸ਼ਵਾ ਬਣ ਕੇ ਸ਼ਰਮ ਹਯਾ ਨੂੰ ਉਕਾ ਹੀ ਤਿਲਾਂਜਲੀ ਦੇ ਦੇਂਦੀ ਹੈ। ਉਹ ਕਹਿੰਦੀ ਹੈ ਕਿ ਜਿਸ ਸਮਾਜ ਨੇ ਉਸ ਕੋਲੋ ਘਰ ਖੋਹ ਲਿਆ, ਇੱਜਤ ਖੋਹ ਲਈ, ਉਸਦੀ ਦੁੱਧ ਚੁੰਘਦੀ ਬੱਚੀ ਨੂੰ ਜੰਗਲ ਵਿਚ ਸੁੱਟ ਕੇ ਉਸਨੂੰ ਹਵਸ ਪੂਰਤੀ ਲਈ ਚਕਲੇ ਵਿਚ ਬਿਠਾ ਦਿੱਤਾ, ਉਹ ਉਸ ਸਮਾਜ ਦੀ ਉੱਕਾ ਪਰਵਾਹ ਨਹੀਂ ਕਰਦੀ। ਉਹ ਤਾਂ ਕੇਵਲ ਬਦਲਾ ਲੈਣ ਲਈ ਅਜ ਤਕ ਜਿਉਂਦੀ ਹੈ। ਗੁਰਦੇਈ ਵਿਚ ਕਹਿਰਾਂ ਦਾ ਭਾਂਬੜ ਮਚ ਰਿਹਾ ਹੈ। ਉਸਦਾ ਮਤਰੇਆ ਪੁਤਰ ਉਸਨੂੰ ਮਾਣਨ ਲਈ ਤਰਲੇ ਲੈਂਦਾ ਹੈ, ਉਸਨੂੰ ਧੀ ਆਖਣ ਵਾਲਾ ਬੁੱਢਾ ਪੰਡਤ ਲਿਲਕੜੀਆਂ ਕੱਢਦਾ ਹੈ। ਜਦੋ ਉਹ ਪਵਿੱਤਰ ਸੀ, ਵਿਧਵਾ ਅਬਲਾ ਤੇ ਨਿਰਦੋਸ਼ ਇਸਤਰੀ ਸੀ, ਉਦੋ ਇਨ੍ਹਾਂ ਨੇ ਦੂਸ਼ਣ ਲਾ ਕੇ ਇਸਨੂੰ ਕੱਢ ਦਿੱਤਾ ਤੇ ਜਦੋਂ ਉਹ ਵੇਸ਼ਵਾ ਬਣਕੇ ਸ਼ਰੀਰ ਵੇਚਣ ਲਗਪਈ ਤਾਂ ਉਹ ਕਾਮੀ ਭੌਰਿਆਂ ਵਾਂਗ ਇਸਦੇ ਦੁਆਲੇ ਮੰਡਲਾਉਣ ਲਗ ਪਏ।

ਨਾਨਕ ਸਿੰਘ ਨੇ ਗੁਰਦੇਈ, ਜਮਨਾਬਾਈ, ਸਤਿਆ, ਪ੍ਰਤਿਮਾ, ਬਾਲੀ ਆਦਿ ਰਾਹੀ ਵੇਸ਼ਵਾ ਇਸਤਰੀ ਦੇ ਦੁਖਾਂਤ ਨੂੰ ਸਾਡੇ ਸਾਹਮਣੇ ਪੇਸ਼ ਕੀਤਾ ਹੈ। ਇਨ੍ਹਾਂ ਇਸਤਰੀਆਂ ਦਾ ਕੋਈ ਦੋਸ਼ ਨਹੀਂ। ਮਰਦ ਹੀ ਇਨ੍ਹਾਂ ਨੂੰ ਇਸ ਨਰਕੀ ਜੀਵਨ ਵਲ ਧਕੇਲਦਾ ਹੈ। ਆਪਣੀ ਹੱਵਸ ਲਈ ਕੋਠਿਆਂ ਦੀ ਸਿਰਜਣਾ ਕਰਦਾ ਹੈ ਤੇ ਫਿਰ ਇਨ੍ਹਾਂ ਵਿਚਾਰੀਆਂ ਨੂੰ ਸਮਾਜ ਵਿਚ ਛੇਕ ਦਿੰਦਾ ਹੈ।

ਨਾਨਕ ਸਿੰਘ ਦਸਦਾ ਹੈ ਕਿ ਵੇਸ਼ਵਾ ਇਸਤਰੀ ਦਾ ਵੀ ਦਿਲ ਹੁੰਦਾਹੈ, ਉਹ ਵੀ ਹਰ ਹਾਲ ਜਿਉਣਾ ਚਾਹੁੰਦੀ ਹੈ।ਅਪਣੀ ਖਾਤਰ ਨਾ ਸਹੀ, ਸੰਤਾਨ ਦੀ ਖਾਤਰ ਹੀ ਸਹੀ। ਸਤਿਆ (ਟੁੱਟੀਵੀਣਾ) ਜਦੋਂ ਇਕ ਵਾਰੀ ਵੇਸ਼ਵਾ ਬਣ ਜਾਂਦੀ ਹੈ ਤਾਂਮੁੜ ਉਹ ਘਰੇਗੀ ਜੀਵਨ ਦਾ ਸੁੱਖ ਨਹੀਂ ਪਾ ਸਕਦੀ। ਉਹ ਅਪਣੀ ਧੀ ਪ੍ਰਤਿਮਾ ਨੂੰ ਇਨ੍ਹਾਂ ਰਾਹਾਂ ਦੇ ਪਰਛਾਵਿਆਂ ਤੋਂ ਬਚਾਉਣ ਲਈ ਅਪਣੇ ਜੀਵਨ ਦੀ ਆਹੂਤੀ ਦੇ ਦਿੰਦੀ ਹੈ।

ਨਾਨਕ ਸਿੰਘ ਨੇ ਪ੍ਰਤਿਮਾ (ਗੰਗਾ ਜਲੀ ਵਿਚ ਸ਼ਰਾਬ) ਦਾ ਚਰਿਤਰ ਚਿਤਰਣ ਵੀ ਇਸੇ ਢੰਗ ਨਾਲ ਕੀਤਾ ਹੈ। ਕਿ ਉਹ ਆਪਣੀ ਬੱਚੀ 'ਉਰਵਸ਼ੀ' ਲਈ ਵੇਸ਼ਵਾ ਜੀਵਨ ਛੱਡ ਦਿੰਦੀ ਹੈ। ਆਪਣਾ ਭੇਸ਼ ਬਦਲ ਕੇ ਬੱਚੀ ਦਾ ਪਾਲਣ-ਪੋਸ਼ਣ ਕਰਦੀ ਹੈ। ਪਰ ਪ੍ਰਤਿਮਾ ਆਪਣੀ ਬੱਚੀ ਦਾ ਵਿਆਹ ਚੰਗੇ ਘਰ ਕਰਣ ਵਿਚ ਅਸਫਲ ਰਹਿੰਦੀ ਹੈ, ਜਦੋਂ . ਪ੍ਰਤਿਮਾ ਨੂੰ ਇਹ ਪਤਾ ਲਗਦਾ ਹੈ ਕਿ ਪ੍ਰਕਾਸ਼ ਉਰਵਸ਼ੀ ਨੂੰ ਵੇਸ਼ਵਾ ਦੀ ਧੀ ਜਾਣ ਕੇ ਉਸ ਦੀ ਸੁੰਦਰਤਾ ਨੂੰ ਮਾਣਨਾ ਚਾਹੁੰਦਾ ਹੈ ਤਾਂ ਉਹ ਦੁਖੀ ਹੋ ਕੇ ਕੋਠੀ ਦੀ ਛੱਤ ਤੋਂ ਛਾਲ ਮਾਰ ਦਿੰਦੀ ਹੈ।

ਇਸੇ ਤਰ੍ਹਾਂ ਕੇਸਰੀ (ਕੱਟੀ ਹੋਈ ਪਤੰਗ) ਤੇ ਸ਼ਸ਼ੀ (ਚਿੱਤਰਕਾਰ) ਸ਼ਰੀਰ ਵੇਚਦੀਆਂ ਹਨ। ਕੇਸਰੀ ਨਾਲ ਬੁੱਢੇ ਦੁਰ-ਵਰਤੋਂ ਕਰਕੇ ਉਸਨੂੰ ਪਾਪ ਕੁੰਡ ਵਿਚ ਧਕੇਲ ਦਿੰਦੇ ਹਨ । ਸ਼ਸ਼ੀ ਗਰੀਬੀ ਦੀ ਹਾਲਤ ਵਿਚ ਮਜਬੂਰ ਹੋ ਕੇ ਸਰੀਰ ਵੇਚਦੀ ਹੈ। ਨਾਨਕ ਸਿੰਘ ਦਸਦਾ ਹੈ ਕਿ ਮਰਦ ਮਾਸੂਮ ਇਸਤਰੀਆਂ ਨੂੰ ਆਪਣੀ ਹੱਵਸ ਪੂਰਤੀ ਲਈ ਵਰਤ ਕੇ ਸੁੱਟ ਦਿੰਦਾ ਹੈ। ਅਜਿਹੇ ਜੀਵਨਤੋਂ ਨਿਰਾਸ ਹੋ ਕੇ ਉਹ ਮੌਤ ਪਰਵਾਨ ਕਰਦੀਆਂ ਹਨ। ਅਜਿਹੀਆਂ ਇਸਤਰੀਆਂ ਦਾ ਚਿੱਤਰ ਸਾਨੂੰ ਕੁਸਮ (ਚਿਤ੍ਰਕਾਰ) ਚੰਪਾ (ਜੀਵਨਸੰਗਰਾਮ) ਵਿਚੋਂ ਮਿਲਦਾ ਹੈ।

<u>ਕੰਮਕਾਜੀ ਇਸਤਰੀ ਦੇ ਰੂਪ ਵਿਚ</u> : ਨਾਨਕ ਸਿੰਘ ਨੇ ਆਪਣੇ ਨਾਵਲਾਂ ਵਿਚ ਭਾਰਤੀ ਸਮਾਜ ਦੇ ਮਧ, ਨਿਮਨ ਜਾਂ ਉਚੱ ਮੱਧ-ਵਰਗ ਦੀਆਂ ਇਸਤਰੀਆਂ ਦਾ ਚਿਤਰਣ ਕੀਤਾ ਹੈ। ਨਾਨਕ ਸਿੰਘ ਨੇ ਆਪਣੇ ਸਮਕਾਲੀ ਸਮਾਜ ਨੂੰ ਚਿਤਰਿਆ ਹੈ। ਜਿਸ ਵਿਚ ਅਰਥ-ਵਿਵਸਥਾ ਦਾ ਸੰਚਾਲਨ, ਮਰਦ ਦੇ ਹੱਥ ਵਿਚ ਹੋਣ ਕਾਰਣ ਵਿਵਸਾਇਕ ਖੇਤਰ ਵਿਚ ਵਿਚਰਨਵਾਲੀਆਂ ਇਸਤਰੀਆਂ ਦੀ ਗਿਣਤੀ ਬਹੁਤ

ਥੋੜੀ ਸੀ। ਆਮ ਤੌਰ ਤੇ ਕੰਮਕਾਜੀ ਇਸਤਰੀਆਂ ਦਾ ਖੇਤਰ ਨਿਮਨ ਵਰਗ ਦੀਆਂ ਇਸਤਰੀਆਂ ਦੁਆਰਾ ਅਪਣਾਏ ਘਰੇਗੀ ਕੰਮਕਾਜਦੇ ਧੰਦੇ ਜਾਂ ਜੀਵਨ ਦੀਆਂ ਨਿਤਾਪ੍ਰਤੀ ਵਰਤੋਂ ਦੀਆਂ ਵਸਤਾਂ ਵੇਚਣ ਆਦਿ ਤਕ ਸੀਮਿਤ ਸੀ। ਵਿਵਸਾਇਕ ਪ੍ਰਵੀਨਤਾ ਪ੍ਰਾਪਤ ਥੋੜੀ ਬਹੁਤ ਇਸਤਰੀਆਂ ਸ਼ਹਿਰੀ-ਮੱਧ ਵਰਗ ਜਾਂ ਉਚ-ਮੱਧ ਵਰਗ ਨਾਲ ਸਬੰਧਤ ਹੋਣ ਦੀ ਸਥਿਤੀ ਵਿਚ, ਸਾਧਾਰਨ ਭਾਰਤੀ ਜਨ ਜੀਵਨ ਤੋਂ ਦੂਰ ਸਨ। ਪਰ ਭਾਰਤੀਆਂ ਵਿਚ ਰਾਸ਼ਟਰੀ ਭਾਵਨਾਂ ਦੇ ਜਾਗ੍ਰਿਤ ਹੋਣ ਨਾਲ ਇਸ ਵਰਾਗ ਦੀਆਂ ਇਸਤਰੀਆਂ ਵੀਸਮਾਜ ਸੇਵਿਕਾਵਾਂ ਦੇ ਰੂਪ ਵਿਚ ਅਗਾਹ ਆ ਰਹੀਆਂ ਸਨ।

ਨਾਨਕ ਸਿੰਘ ਦੀਆਂ ਸ਼ਹਿਰੀ ਵਰਗ ਵਿਚੋਂ ਕੰਮਕਾਜੀ ਇਸਤਰੀਆਂ ਦੀ ਪ੍ਰਤਿਨਿਧੱਤਾ ਕਰਨ ਵਾਲੀਆਂ ਇਸਤਰੀਆ ਕਾਮਨੀ (ਕਟੀ ਹੋਈ ਪਤੰਗ) ,ਪੁੰਨਿਆ(ਮੰਝਧਾਰ) ਆਦਿ ਹਨ।

ਕਾਮਨੀ (ਕਟੀ ਹੋਈ ਪਤੰਗ) ਆਪਣੇ ਦੁਰਾਚਾਰੀ ਪਤੀ ਦੁਆਰਾ ਠੁਕਰਾਈ ਗਈ ਇਸਤਰੀ ਹੈ। ਉਹ ਆਪਣੇ ਪਿਤਾ ਦੇ ਘਰ ਸੁਖਬੀਰ ਦੀ ਸੰਗਤ ਦੇ ਪ੍ਰਭਾਵ ਹੇਠਾਂ ਆਕੇ ਇਕ ਕਹਾਣੀ ਲਿਖਦੀ ਹੈ। ਇਹ ਕਹਾਣੀ ਇਕ ਫਿਲਮ ਕੰਪਨੀ ਵਲੋਂ ਫਿਲਮ ਸਾਜੀ ਲਈ ਪ੍ਰਵਾਨ ਕਰ ਲਈ ਜਾਂਦੀ ਹੈ। ਉਸੇ ਕੰਪਨੀ ਵਲੋਂ ਕਾਮਨੀ ਨੂੰ ਇਕ ਭੂਮਿਕਾ ਨਿਭਾਉਣ ਦੀ ਪੇਸ਼ਕਸ਼ ਵੀ ਕੀਤੀ ਜਾਦੀ ਹੈ। ਫਿਲਮ ਨਿਰਮਾਤਾ ਕੁੰਜ ਬਿਹਾਰੀ ਉਸਨੂੰ ਆਪਣੀ ਕਾਮਨੀ ਨੂੰ ਤ੍ਰਿਪਤੀ ਦਾ ਸਾਧਨ ਬਣਾਉਣ ਦਾ ਯਤਨ ਕਰਦਾ ਹੈ, ਪਰੰਤੂ ਕਾਮਨੀ ਉਸਨੂੰ ਦਲਾਲਬਾਜ਼ੀ ਨਾਲ ਕਾਇਲ ਹੀਨਹੀਂ ਕਰਦੀ ਸਗੋਂ ਉਸਨੂੰ ਆਪਣੀ ਨੀਚਤਾ ਲਈ ਅਪਰਾਧ ਭਾਵਨਾਂ ਦਾ ਅਨੁਭਵ ਕਰਵਾਉਣ ਵਿਚ ਵੀ ਸਫਲ ਹੁੰਦੀ ਹੁੰਦੀ ਹੈ।

ਕਾਮਨੀ, ਸੁਖਬੀਰ ਤੇ ਚੰਬੇਲੀ ਦਵਾਰਾ ਸਮਾਜਵਾਦੀ ਵਿਚਾਰਧਾਰਾ ਦੇ ਅਨੁਸਰਣ ਤੇ ਪ੍ਰਭਾਵਿਤ ਹੋ ਕੇ ਮਜ਼ਦੂਰਾਂ ਦੀ ਮਦਦ ਲਈ ਪੰਜਾਹ ਹਜ਼ਾਰ ਰੁਪਏ ਭੇਂਟਾ ਕਰਦੀ ਹੈ। ਅਚਨਚੇਤ ਹੀ ਮਜ਼ਦੂਰਾਂ ਦੇ ਨੇਤਾ ਦੇ ਰੂਪ ਵਿਚ ਆਪਣੇ ਚਿਰ-ਵਿਛੜੇ ਪਤੀ ਨੂੰ ਮਿਲਣਾ, ਕਾਮਨੀ ਦੇ ਜੀਵਨ ਵਿਚ ਇਕ ਮਹੱਤਵਪੂਰਨ ਮੋੜ ਬਣਦਾ ਹੈ। ਆਪਣਾ ਜੀਵਨਮਜ਼ਦੂਰਾਂ ਦੀ ਖੁਸ਼ਹਾਲੀ ਲਈ ਵਰਤਣ ਦਾ ਨਿਰਣਾ ਲੈਂਦੀ ਹੈ।

ਪ੍ਰੀਨਿਆਂ (ਮੱਝਧਾਰ) ਦੀ ਕੇਂਦਰੀ ਪਾਤਰ ਅਤੇ ਸਵੈ-ਸਿਖਿਅਤ ਨਰਸ ਹੈ । 1947 ਦੇ ਸੰਪਰਦਾਇਕ ਦੰਗਿਆਂ ਵਿਚ ਯਤੀਮ ਹੋ ਗਏ ਇਕ ਅੰਨ੍ਹੇ ਬਾਲਕ ਦੀ ਲੱਤ ਉਤੇ ਕਿਸੇ ਫ਼ਸਾਦੀ ਦਵਾਰਾ ਬਰਛਾ ਮਾਰਨ ਨਾਲ ਹੋਏ ਜ਼ਖਮ ਦੇ ਇਲਾਜ ਲਈ, ਉਹ ਸਰਨਾਰਥੀਆਂ ਦੇ ਸ਼ਿਵਿਰ ਵਿਚਸਮਾਜ-ਸੇਵਾ ਕਰਨ ਵਾਲੇ ਡਾ: ਆਨੰਦ ਕੋਲੋਂ ਰੋਗੀਆਂ ਦੀ ਦੇਖ ਭਾਲ ਦੀ ਜਾਣਕਾਰੀ ਪ੍ਰਾਪਤ ਕਰਦੀ ਹੈ। ਆਪਣੀ ਲਗਨਅਤੇ ਮਿਹਨਤ ਨਾਲ ਪ੍ਰੀਨਿਆਂ ਮਰੀਜਾਂ ਵਿਚ ਛੋਟੀ ਡਾਕਟਰ ਦੇ ਨਾਂ ਨਾਲ ਜਾਂਦੀ ਹੈ। ਮਰੀਜ਼ਾਂ ਦੀ ਦੇਖਭਾਲ ਸਮੇ ਪ੍ਰੀਨਿਆਂ ਦਾ ਦ੍ਰਿਸ਼ਟੀਕੋਣ ਵਿਉਸਾਇਕ ਨਾਲੋਂ ਮਾਨਵਵਾਦੀ ਵਧੇਰੇ ਰਹਿੰਦਾ ਹੈ। ਉਹ ਮਰੀਜ਼ਾਂ ਦੀ ਕੇਵਲ ਸਰੀਰਕ ਸੰਭਾਲ ਹੀ ਨਹੀ ਕਰਦੀ ਸਗੋਂ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਸੰਬੰਧੀਆਂ ਨੂੰ ਮਾਨਸਿਕ ਰੂਪ ਵਿਚ ਸ਼ਾਂਤ ਰਖਣ ਲਈ ਵਿਸ਼ੇਸ਼ ਤੌਰ ਉਤੇ ਯਤਨ-ਸ਼ੀਲ ਹੁੰਦੀ ਹੈ।

ਸ਼ਹਿਰੀ ਵਰਗ ਦੀ ਕੰਮਕਾਜੀ ਇਸਤਰੀ ਦਾ ਚਿਤਰਣ ਕਰਨ ਸਮੇਂ ਨਾਨਕ ਸਿੰਘ ਦੀ ਦ੍ਰਿਸ਼ਟੀ ਇਸਤਰੀ ਦੀਆਂ ਵਿਵਸਾਇਕ ਸਮੱਸਿਆਵਾਂ ਉਤੇ ਕੇਂਦਰਿਤ ਹੋਣ ਦੀ ਥਾਂ ਨਾਰੀ ਪਾਤਰਾਂ ਦੀ ਵਿਅਕਤੀਗਤ ਵਿਲਖਣਤਾ ਉਘਾੜਨ ਉਤੇ ਟਿਕੀ ਰਹਿੰਦੀ ਹੈ। ਇਹੀ ਕਾਰਨ ਹੈ ਕਿ ਉਪਰੋਕਤ ਪਾਤਰਾਂ ਦੀ ਵਿਵਸਾਇਕ ਸਥਿਤੀ ਦਾ ਵਿਸ਼ਲੇਸ਼ਣ ਕਿਸੇ ਵਿਸ਼ੇਸ਼ ਕਿੱਤੇ ਨੂੰ ਅਪਨਾਉਣ ਵਾਲੀ ਇਸਤਰੀ ਦੀਆਂ ਸਮੱਸਿਆਵਾਂ ਦੀ ਜਾਣਕਾਰੀ ਦਾ ਆਧਾਰ ਨਹੀਂ ਬਣਦਾ।

ਅ) ਇਸਤਰੀ ਦਾ ਵਿਅਕਤੀਗਤ ਯਥਾਰਥ :

ਨਾਨਕ ਸਿੰਘ ਨੇ ਆਪਣੇ ਨਾਵਲਾਂ ਵਿਚ ਇਸਤਰੀ ਦਾ ਵਿਅਕਤੀਗਤ ਯਥਾਰਥ ਸੁਚੱਜੇ ਰੂਪ ਵਿਚ ਪਾਤਰਾਂ ਰਾਹੀਂ ਪ੍ਰਗਟ ਕੀਤਾ ਹੈ। ਨਾਨਕ ਸਿੰਘ ਦੀ ਰੁਚੀ ਆਦਰਸ਼ਵਾਦੀ ਅਤੇ ਸੁਧਾਰਵਾਦੀ ਦ੍ਰਿਸ਼ਟੀਕੋਣ ਦੇ ਗਲਪਕਾਰ ਹੋਣ ਦੇ ਨਾਤੇ ਇਸਤਰੀ ਦੀਆਂ ਸਮਾਜਿਕ ਸਮੱਸਿਆਵਾਂ ਦੇ ਚਰਿੱਤਰ ਵਲ ਹੀ ਵਧੇਰੇ ਰਹੀ ਹੈ। ਇਹੀ ਕਾਰਣ ਹੈ ਕਿ ਨਾਨਕ ਸਿੰਘ ਦੁਵਾਰਾ ਰਚਿਤ ਨਾਵਲਾਂ ਵਿਚ ਇਸਤਰੀ ਦੇ ਸਮਾਜਿਕ ਯਥਾਰਥ ਨੂੰ ਵਧੇਰੇ ਮਹੱਤਵ ਦਿੱਤਾ ਗਿਆ ਹੈ। ਪਰ ਫਿਰ ਵੀ ਨਾਨਕ ਸਿੰਘ ਦੇ ਨਾਵਲਾਂ ਵਿਚ ਇਸਤਰੀ ਦੇਵਿਅਕਤੀਗਤ ਯਥਾਰਥ ਦੇ ਚਿਤਰਣ ਦਾ ਮੂਲੋਂ ਹੀ ਅਭਾਵ ਨਹੀਂ ਹੈ।

ਜਿਵੇਂ ਸਾਡੇ ਨਿਮਨ-ਲਿਖਤ ਵਿਸ਼ਲੇਸ਼ਣ ਤੋਂ ਸਿੱਧ ਹੁੰਦਾ ਹੈ।

ਸਵੈਚੇਤੰਨਤਾ,ਆਰਥਿਕ ਸਵਾਧੀਨਤਾ ਅਤੇ ਸਵੈ ਨੈਤਿਕ ਮੁੱਲਾਂ ਦੀ ਪਹਿਚਾਣ :

ਨਾਨਕ ਸਿੰਘ ਦੇ ਨਾਵਲਾਂ ਵਿਚ ਕਾਮਨੀ (ਕੱਟੀ ਹੋਈ ਪਤੰਗ), ਪੂੰਨਿਆਂ (ਮੰਝਧਾਰ) ਪੁਸ਼ਪਾ (ਪਿਆਰ ਦੀ ਦੁਨੀਆਂ), ਲਲਿਤਾ (ਸੰਗਮ), ਮਿਸ ਪ੍ਰੀਤਮ (ਸਰਾਪੀਆਂ ਰੂਹਾਂ),ਸੁਲੋਚਨਾ (ਅੱਧਮਖੋਰ)ਆਦਿ ਇਸਤਰੀਆਂ ਸਮਾਜਵਾਦੀ ਦੇਸ਼ਾਂ ਦੀ ਇਸਤਰੀਆਂ ਵਾਂਗ ਮਰਦ ਦੇ ਬਰਾਬਰ ਦੇ ਹੱਕਾਂ ਦੀ ਮੰਗ ਕਰਦੀਆਂ ਹਨ। ਇਨ੍ਹਾਂ ਪਾਤਰਾਂਦੁਵਾਰਾ ਚੇਤੰਨ ਭਾਰਤੀ ਇਸਤਰੀਆਂ ਦਾ ਚਿਤਰਣ ਕੀਤਾ ਹੈ। ਇਹ ਇਸਤਰੀਆਂ ਕਰਮਸ਼ੀਲ, ਅਗਾਂਹ ਵਧੂ ਅਤੇ ਕਮਿਊਨਿਸਟ ਪਾਰਟੀ ਜਾਂ ਹੋਰ ਕਿਸੇ ਸੁਧਾਰਕ ਸੰਸਥਾ ਦੀ ਮੈਂਬਰ ਬਣ ਕੇ ਜਨਤਾ ਦੀ ਭਲਾਈ ਲਈ ਸੋਚਦੀਆਂ ਹਨ। ਇਹ ਮਰਦ ਦਾ ਜ਼ੁਲਮ ਨਹੀਂ ਸਹਾਰ ਸਕਦੀਆਂ। ਕਾਮਨੀ ਇਸ ਮਰਦ ਪ੍ਰਧਾਨ ਸਮਾਜ ਵਿਚ ਇਸਤਰੀ ਲਈ ਸਿਰਜੇ ਗਏ ਕਠੋਰ ਮਾਨਦੰਡਾਂ ਨੂੰ ਅਨੁਚਿਤ ਸਮਝਦੀ ਹੋਈ, ਇਨ੍ਹਾਂ ਕੀਮਤਾਂ ਦੇ ਦੋਗਲੇਪਨ ਉਤੇ ਵਿਅੰਗ ਕਰਦੀ ਹੈ:

> ਜਿਹੜੀਆਂ ਪਾਬੰਦੀਆਂ ਇਸਤਰੀ ਉਤੇ ਮਰਦ ਨੇ ਕੇਵਲ ਆਪਣੀ ਜਿਨਸੀ ਗਰਜ਼ ਨੂੰ ਪੱਠੇ ਪਾਣ ਲਈ ਲੱਦ ਦਿੱਤੀਆਂ ਨੇ ਉਨ੍ਹਾਂ ਦੀ ਪਾਬੰਦੀ ਉਹ ਕਿਉਂ ਸਹੇ? ਜੇ ਮਰਦ ਉਸਨੂੰ 'ਪਾਰਵਤੀ' ਨਹੀਂ ਸਮਝਦਾ ਤਾਂ ਔਰਤ ਕਿਉਂ 'ਸ਼ਿਵ ਸ਼ੰਭੂ' ਜਾਣ ਕੇ ਉਸਦੀ ਪੂਜਾ ਕਰੇ? ਪੂਜਾ ਦਾ ਹੱਕ ਤੇ ਫਰਜ਼ ਇਕ ਉਤੇ ਨਹੀਂ ਦੋਹਾਂ ਉਤੇ ਇਕੋ ਜਿੰਨਾ ਹੈ।[63]

ਆਪਣੇ ਪਤੀ ਦੇ ਅਤਿਆਚਾਰੀ ਵਤੀਰੇ ਨੂੰ ਅਤੇ ਅਤੀਤ ਕਾਲ ਵਿਚ ਉਸ ਪ੍ਰਤੀ ਪ੍ਰਗਟਾਈ ਆਪਣੀ ਸ਼ਰਧਾ ਭਾਵਨਾਂ ਨੂੰ ਵਸਤੂ ਪਰਕ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਿਤ ਕਰਦਿਆਂ ਕਾਮਨੀ ਆਪਣੀ ਆਤਮ-ਦੰਡੀ ਮਾਨਸਿਕਤਾ ਨੂੰ ਤਿਆਗ ਕੇ ਯਥਾਰਥ ਚਿੰਤਨ-ਪੱਧਤੀ ਨੂੰ ਅਪਨਾਉਣ ਦੇ ਸਮਰਥ ਬਣਦੀ ਹੈ:

> ਮੈਂ ਇਕ ਸੱਚੀ ਪੁਜਾਰਨ ਵਾਂਗ ਆਪਣੇ ਪਤੀ ਦੀ ਪੂਜਾ ਕੀਤੀ। ਉਸ ਪਾਸੋਂ ਕੇਵਲ ਪਿਆਰ ਦੀ ਭਿਖਿਆ ਮੰਗ - - - ਇਹ ਮੇਰੀ

> ਕਿੰਨੀ ਬੇਵਕੂਫੀ ਸੀ। ਮੇਰੀ ਇਸੇ ਬੇਵਕੂਫੀ ਨੇ ਹੀ ਤਾਂ ਉਸਨੂੰ ਇਸਹੱਦ ਤੱਕ ਮਛੇਰਾ ਦਿੱਤਾ ਕਿ ਉਹ ਮੈਨੂੰ ਪੂਜਨੀਕ ਸਮਝਣ ਦੀ ਬਰਾਬਰ ਦੀ ਸਾਥਣ ਦੇ ਥਾਂ ਮੈਨੂੰ ਬੇਜ਼ਾਨ ਕਠਪੁਤਲੀ ਸਮਝਣ ਲਗ ਪਿਆ; ਜਿਸ ਨਾਲ ਉਸਦਾ ਜਦੋਂ ਜੀ ਕਰੇ ਖੇਡ ਕੇ ਦਿਲ ਪਰਚਾ ਲਵੇ ਤੇ ਜਦੋਂ ਜੀਕਰੇ ਆਲੇ ਵਿਚ ਰਖ ਕੇ ਚਲਦਾ ਬਣੇ। ਮੈਂ ਕਹਿੰਦੀ ਹਾਂ ਕੁਦਰਤ ਨੇ ਮੇਰੇ ਨਾਲ ਕੋਈ ਅੰਨਿਆਂ ਨਹੀਂਕੀਤਾ? ਉਸਨੇ ਮੈਨੂੰ ਮੇਰੀ ਕੀਤੀ ਦਾ ਹੀ ਫਲ ਦਿੱਤਾ ਹੈ। ਜੋ ਕੁਝ ਮੈਂ ਆਪਣੇ ਪਤੀ ਨੂੰ ਬਣਾਦੀ ਗਈ ਉਹ ਬਣਦਾ ਗਿਆ ਤੇ ਜੋ ਕੁਝ ਇਸਦਾ ਨਤੀਜਾ ਹੋ ਸਕਦਾ ਸੀ ਮੈਨੂੰ ਭੁਗਤਣਾ ਪਿਆ।[64]

ਕਾਮਨੀ ਦੀ ਇਹ ਚੇਤੰਨਤਾ ਉਸਨੂੰ ਰੂੜ੍ਹੀਗਤ ਨੈਤਿਕ ਮਾਨਦੰਡਾਂ ਨੂੰ ਵੀ ਯਥਾਰਥਿਕ ਦ੍ਰਿਸ਼ਟੀ ਤੋਂ ਪਰਖਣ ਲਈ ਪ੍ਰੇਰਦੀ ਹੈ ਅਤੇ ਉਹ ਇਸਤਰੀ ਦੇ ਪਰੰਪਰਾਵਾਦੀ ਆਦਰਸ਼ ਬਿੰਬ ਨਾਲ ਜੋੜੀ ਓਪਰੀ ਲੱਜਾਸੀਲਤਾ ਤੋਂ ਉਪਰ ਉਠ ਕੇ ਆਪਣੇ ਵਿਚਾਰਾਂ ਦੀ ਸਪਸ਼ਟ ਅਭਿਵਿਅੰਜਨਾ ਕਰਦੀ ਹੈ।

ਨਾਨਕ ਸਿੰਘ ਨੇ ਆਪਣੇ ਨਾਵਲਾਂ ਵਿਚ ਇਸਤਰੀ ਵਿਚ ਰਾਜਨੀਤਕ ਚੇਤਨਤਾ ਉਪਜਾਈ ਅਤੇ ਉਹ ਸਵਤੰਤਰਤਾ ਅੰਦੋਲਨ ਵਿਚ ਭਾਗ ਲੈਣ ਲਈ ਘਰ ਚਾਰ ਦੀਵਾਰੀ ਤੋਂ ਬਾਹਰ ਨਿਕਲੀ। 'ਪਿਆਰ ਦੀ ਦੁਨੀਆਂ' ਨਾਵਲ ਦੀ ਕੇਂਦਰੀ ਪਾਤਰ ਪੁਸ਼ਪਾ ਉਰਫ ਭਾਰਤ ਪੁਤਰੀ ਰਾਹੀਂ ਨਾਵਲਕਾਰ ਨੇ ਅਜਿਹੀ ਇਸਤਰੀ ਨੂੰ ਹੀ ਨਾਵਲ ਵਿਚ ਚਿਤਰਿਆ ਹੈ।

ਪੁਸ਼ਪਾ (ਪਿਆਰ ਦੀ ਦੁਨੀਆਂ) ਸਕੂਲ ਦੇ ਸਾਲਾਨਾ ਸਮਾਗਮ ਦੇ ਮੁੱਖ ਅਤਿਥੀ ਸੇਵਾ ਦਾਸ ਤੋਂ 'ਅੰਨਪੂਰਣਾ' ਦਾ ਖਿਤਾਬ ਤੇ ਪਹਿਲਾ ਇਨਾਮ ਪ੍ਰਾਪਤ ਕਰਕੇ ਉਸ ਪ੍ਰਤੀ ਪ੍ਰਸੰਗਾਤਮਿਕ ਸ਼ਰਧਾ ਭਾਵ ਅਨੁਭਵ ਕਰਦੀ ਹੈ, ਜਿਹੜਾ ਪੁਸ਼ਪਾ ਦੇ ਮਨ ਵਿਚ ਵੀ ਦੇਸ਼ ਪ੍ਰੇਮ ਦਾ ਬੀਜਾ ਰੋਪਣ ਕਰਦਾ ਹੈ।

ਪੁਸ਼ਪਾ ਆਰੰਭ ਤੋਂ ਹੀ ਆਪਣੇ ਭਰਾ ਦੇ ਸਾਮਰਾਜੀ ਸਰਕਾਰ ਦਾ ਪੁਲੀਸ -ਅਧਿਕਾਰੀ ਬਣਨ ਵਿਰੁਧ ਹੈ। ਸਮੁੱਚੇ ਰੂਪ ਵਿਚ ਪੁਸ਼ਪਾ ਦੇ ਚਰਿੱਤਰ ਨੂੰ ਕ੍ਰਾਂਤੀਕਾਰੀ ਇਸਤਰੀ ਵਜੋਂ ਵਿਸ਼ਲੇਸ਼ਿਤ ਕੀਤਿਆਂ ਕੇਵਲ ਇਕ ਧੁੰਧਲਾ, ਅਸਪਸ਼ਟ ਅਤੇ ਨਾ ਸਹਿਣਯੋਗ ਬਿੰਬ ਉਭਰਦਾ ਹੈ,

ਜਿਹੜੇ ਇਸਤਰੀ ਦੇ ਵਿਅਕਤੀਗਤ-ਸਬਾਰਥ ਨੂੰ ਉਘਾੜਨ ਦੀ ਥਾਂ ਇਸਤਰੀ ਦੇ ਪੁਰਸ਼ ਦੀ ਸੁਰਖਿਆ ਬਿਨਾ ਅਸੁਰਖਿਅਤ ਹੋਣ ਦੇ ਰੂੜੀਗਤ ਵਿਚਾਰ ਦੀ ਹੀ ਪ੍ਰੋੜਤਾ ਕਰਦਾ ਹੈ।

ਇਸੇ ਤਰ੍ਹਾਂ ਨਾਨਕ ਸਿੰਘ ਦੇ ਨਾਵਲ 'ਆਦਮਖੋਰ' ਦੀ ਸਲੋਚਨਾ ਦੀ ਤੀਖਣ ਬੁੱਧੀ ਵਾਲੀ ਇਸਤਰੀ ਹੈ। ਉਹ ਜਲਦੀ ਹੀ ਸਮਾਜਵਾਦ ਦੇ ਸਾਰੇ ਅਸੂਲਾਂ ਤੋਂ ਜਾਣੂ ਹੋ ਜਾਂਦੀ ਹੈ । ਉਹ ਇਕੱਲੀ ਹੀ ਮਹਾਂ ਬਦਮਾਸ਼ ਠਾਕੁਰ ਸਿੰਘ ਕੋਲ ਰਾਤ ਨੂੰ ਜਾਂਦੀ ਹੈ ਤੇ ਪਿਸਤੌਲ ਦੀ ਸੇਧ ਤੇ ਉਸਨੂੰ ਸਿਧੇ ਰਸਤੇ ਪਾਉਂਦੀ ਹੈ। ਸੁਲੋਚਨਾ ਕਰਮਸ਼ੀਲ, ਅਗਾਂਹਵਧੂ, ਹੈ। ਕਮਿਊਨਿਸਟ ਪਾਰਟੀ ਦੀ ਮੈਂਬਰ ਬਣ ਕੇ ਜਨਤਾ ਦੀ ਭਲਾਈ ਲਈ ਸੋਚਦੀ ਹੈ। ਉਹ ਮਰਦ ਦਾ ਜ਼ੁਲਮ ਨਹੀਂ ਸਹਾਰ ਸਕਦੀ। ਇਸ ਲਈ, ਆਪਣੇ ਵਿਚ ਹਾਲਾਤ ਨਾਲ ਟੱਕਰ ਲੈਣ ਦੀ ਦਲੇਰੀ ਪੈਦਾ ਕਰਦੀ ਹੈ।

ਇਸ ਤਰ੍ਹਾਂ ਨਾਨਕ ਸਿੰਘ ਦੇ ਸਾਧਾਰਣ ਪਾਤਰ ਧਰਤੀ ਦੇ ਜੀਵ ਹਨ, ਪਰ ਉਸਦੇ ਮੁੱਖ ਪਾਤਰ ਰੋਮਾਂਚਿਕ ਆਦਰਸ਼ਵਾਦ ਦੇ ਰੰਗ ਵਿਚ ਰੰਗੇ ਹੋਏ ਹਨ। 'ਮਤਰੇਈ ਮਾਂ' ਵਿਚ ਸੁੰਦਰੀ, ਮਿੱਠਾ ਮਹੁਰਾ' ਵਿਚ ਸ਼ਕੁੰਤਲਾ, 'ਚਿੱਟਾ ਲਹੂ' ਵਿਚ ਸੁੰਦਰੀ, 'ਫੌਲਾਦੀ ਫੁੱਲ' ਵਿਚ ਸਰਲਾ ਤੇ 'ਕਾਗਤਾਂ ਦੀ ਬੇੜੀ' ਵਿਚ ਸ਼ਾਂਤੀ ਇਹ ਪਾਤਰ ਸਬਰ ਸਿਦਕ ਭਰੇ, ਕੁਰਬਾਨੀ ਦੇ ਪੁੰਜ, ਆਦਰਸ਼ਕ ਪਾਤਰ, ਪਤੀ ਪ੍ਰੇਮਿਕਾਵਾਂ ਹਨ। ਇਉਂ ਲਗਦਾ ਹੈ ਕਿ ਨਾਨਕ ਸਿੰਘ ਕੇਵਲ ਖਲਪਾਤਰਾਂ ਨੂੰ ਹੀ ਵਧੇਰੇ ਵਾਸਤਵਿਕਤਾ ਨਾਲ ਚਿਤਰ ਸਕਦਾ ਹੈ। ਸ਼ਾਇਦ ਇਸ ਲਈ ਕਿਉਂਕਿ ਇਹ ਉਸਦੇ ਤਜ਼ਰਬੇ ਵਿਚ ਆਏ ਮਨੁੱਖ ਹਨ, ਜਦੋਂ ਕਿ ਆਦਰਸ਼ ਪਾਤਰ ਉਸਦੀ ਕਲਪਨਾ ਦੇ ਵਾਸੀ ਹਨ।

ਸੋਹਣ ਸਿੰਘ ਸੀਤਲ ਦੇ ਪ੍ਰਮੁੱਖ ਇਸਤਰੀ-ਪਾਤਰ :

ਸੋਹਣ ਸਿੰਘ ਸੀਤਲ ਇਕ ਚੇਤੰਨ ਤੇ ਨਿਪੁੰਨ ਕਲਾਕਾਰ ਹੈ , ਜਿਸਨੇ ਭਾਰਤੀ ਇਸਤਰੀ ਨੂੰ ਬੜਾ ਨੇੜਿਉਂ ਦੇਖਿਆ ਹੈ ਕਿ ਕਿਸ ਤਰ੍ਹਾਂ ਉਹ ਮਰਦ ਪ੍ਰਧਾਨਸਮਾਜ ਵਿਚ ਮਰਦ ਵਲੋਂ ਦਿੱਤੇ

ਤਸੀਹੇ ਚੁਪ-ਚਾਪ ਝਲਦੀ ਰਹਿੰਦੀ ਹੈ। ਸੀਤਲ ਨੇ ਉਸਦੇ ਦਰਦ ਭਰੇ ਹੌਕਿਆ ਨੂੰ ਸੁਣਿਆ ਅਤੇ ਉਸਦੀ ਪੀੜ ਨੂੰ ਅਨੁਭਵ ਕੀਤਾ ਹੈ। ਇਸੇ ਲਈ ਸੀਤਲ ਨੇ ਇਸਤਰੀ ਸਮੱਸਿਆ ਨੂੰ ਆਪਣੇ ਨਾਵਲਾਂ ਵਿਚ ਸੁਚੱਜੇ ਢੰਗ ਨਾਲ ਬਿਆਨ ਕੀਤਾ ਹੈ। ਸੀਤਲ ਦੇ ਲਗਭਗ ਸਾਰੇ ਪਾਤਰ ਥੋੜ੍ਹ ਤੇ ਦਰਮਿਆਨੇ ਤੱਬਕੇ ਨਾਲ ਸੰਬੰਧਿਤ ਹਨ ਅਤੇ ਇਸਨੇ ਆਪਣੇ ਨਾਵਲਾਂ ਵਿਚ ਇਸਤਰੀ ਦੇ ਵਿਭਿੰਨ ਰੂਪਾਂ ਨੂੰ ਚਿਤਰਣ ਦੀ ਕੋਸ਼ਿਸ਼ ਕੀਤੀ ਹੈ।

ਇਸਤਰੀ ਦਾ ਸਮਾਜਿਕ ਯਥਾਰਥ :

ਸੋਹਣ ਸਿੰਘ ਸੀਤਲ ਨੇ ਵੀ ਨਾਨਕ ਸਿੰਘ ਵਾਂਗ ਇਸਤਰੀ ਨੂੰ ਗ੍ਰਹਿਣੀ ਦੇ ਰੂਪ ਵਿਚ, ਵਿਧਵਾ ਦੇ ਰੂਪ ਵਿਚ ਅਤੇ ਕੰਮਕਾਜੀ ਇਸਤਰੀ ਦੇ ਰੂਪ ਵਿਚ ਪੇਸ਼ ਕੀਤਾ ਹੈ।

ਗ੍ਰਹਿਣੀ : ਸੋਹਣ ਸਿੰਘ ਸੀਤਲ ਦੇ ਨਾਵਲਾਂ ਦੇ ਵਿਸ਼ੇ ਬਹੁਤੇ ਇਸਤਰੀਦੇ ਆਲੇ-ਦੁਆਲੇ ਹੀ ਘੁੰਮਦੇ ਹਨ। ਜਿਵੇ ਕਿ ਉਪਰ ਦਸਿਆ ਗਿਆ ਹੈ ਕਿ ਸੀਤਲ ਨੇਇਸਤਰੀ ਜਾਤੀ ਉਤੇ ਮਰਦ ਪ੍ਰਧਾਨ ਸਮਾਜ ਦੀ ਜ਼ਿਆਦਤੀ ਨੂੰ ਜ਼ਿਆਦਾਤਰ ਬਿਆਨ ਕੀਤਾ ਹੈ। ਅਨਜੋੜ ਵਿਆਹ, ਵਿਧਵਾ ਦਾ ਸਥਾਨ, ਆਰਥਿਕ ਹਾਲਤ ਵਿਚ ਨਪੀੜੀ ਹੋਈ ਇਸਤਰੀ, ਮਰਦ ਵਲੋਂ ਔਰਤ ਤੇ ਜ਼ਬਰ, ਸਮਾਜ ਵਿਚ ਬੱਚੇ ਤੋਂ ਬਿਨਾ ਔਰਤ ਦਾ ਸਥਾਨ ਆਦਿ ਉਸਦੇ ਨਾਵਲਾਂ ਦੇ ਪ੍ਰਮੁੱਖ ਵਿਸ਼ੇ ਰਹੇ ਹਨ। ਗ੍ਰਹਿਣੀ ਦਾ ਦਰਜਾ ਕੁਮਾਰੀ ਇਸਤਰੀ ਨੂੰ ਮਰਦ ਵਲੋਂ ਹੀ ਮਿਲਦਾ ਹੈ, ਚਾਹੇ ਉਹ ਬੁੱਢੇ ਨਾਲ ਹੀ ਕਿਉ ਨਾ ਵਿਆਹੀ ਜਾਵੇ। ਚੰਦੋ (ਮੁੱਲ ਦਾ ਮਾਸ) ਨੂੰ ਉਸਦੇ ਗ਼ਰੀਬ ਮਾਂ-ਪਿਉ ਬੁੱਢੇ ਕੋਲ ਵੇਚ ਦਿੰਦੇ ਹਨ। ਛੋਟੀ ਉਮਰ ਦੀ ਚੰਦੋ ਲਈ ਉਸਦਾ ਬੁੱਢਾ ਪਤੀ ਹੀ ਦੁਖਾਂ ਦਾ ਕਾਰਣ ਬਣਦਾ ਹੈ ਅਤੇ ਸਾਰਾ ਦਿਨ ਉਸਨੂੰ ਖਰੀਦ ਕੇ ਲਿਆਉਣ ਦੇ ਮਿਹਣੇ ਦਿੰਦਾ ਹੈ:

> ਚਾਂਦੀ-ਚਾਂਦੀ ਚਾਂਦੀ ਨਾਲ ਖਰੀਦ ਕੇ
> ਲਿਆਂਦੀ ਏਤੇ ਬਹਿੰਦੀ ਏ ਛੁਪ-ਛੁਪ ਕੇ।[65]

ਸੀਤਲ ਨੇ ਚੰਦੋ ਨੂੰ ਸਹਿਨਸ਼ੀਲ ਸੁਭਾ ਦੀ ਗ੍ਰਹਿਣੀ ਦੇ ਰੂਪ ਵਿਚ ਪੇਸ਼ ਕੀਤਾ ਹੈ ਜੋ ਪਤੀ ਵਲੋਂ ਕੀਤੇ ਅਤਿਆਚਾਰਾਂ ਦਾ ਬਦਲਾ ਲੈਣ ਲਈ ਉਸਨੂੰ ਜ਼ਹਿਰ ਤਾਂ ਪਿਲਾ ਦਿੰਦੀ ਹੈ ਪਰ ਉਸਦਾ ਕੋਮਲ

ਹਿਰਦਾ ਕੁਮਲਾ ਉਠਦਾ ਹੈ:

ਨਾ ਪਿਆ ਜੇ ਜਿਸ ਵਿਚ ਅਫੀਮ ਜੇ।[66]

ਇਸੇ ਤਰ੍ਹਾਂ ਸੀਤਲ ਨੇ ਕੁੱਝ ਅਜਿਹੀਆਂ ਪਤਨੀਆਂ ਵੀ ਦਰਸਾਈਆਂ ਹਨ, ਜਿਹੜੀਆਂ ਪਤੀ ਦੇ ਹੋਰ ਤੀਵੀਆਂ ਘਰ ਲੈ ਆਉਣ ਉਤੇ ਵੀ ਉਸ ਦੀਆਂ ਬਣੀਆਂ ਰਹਿਣਾ ਚਾਹੁੰਦੀਆਂ ਹਨ। ਨਸੀਰਾਂ (ਦੀਵੇ ਦੀ ਲੋਅ) ਨੂੰ ਉਸਦਾ ਪਤੀ ਯੂਸਫ਼ ਤਲਾਕ ਦੇਣ ਲਗਦਾ ਹੈ ਤਾਂ ਨਸੀਰਾਂ ਅਜਿਹਾ ਨਾ ਕਰਨ ਲਈ ਹਾੜ੍ਹੇ ਕੱਢਦੀ ਹੈ ਅਤੇ ਆਪਣੀ ਪਾਕ ਮੁਹੱਬਤ ਦੇ ਵਾਸਤੇ ਪਾਉਂਦੀ ਹੈ। ਯੂਸਫ਼ ਭਾਵੇਂ ਨਸੀਰਾਂ ਨਾਲ ਬੁਰਾ ਸਲੂਕ ਕਰਕੇ ਘਰੋਂ ਕੱਢ ਦਿੰਦਾ ਹੈ ਪਰ ਫਿਰ ਵੀ ਉਹ ਪਤੀ ਤੇ ਆਏ ਕਿਸੇ ਵੀ ਦੁੱਖ ਨੂੰ ਸਹਾਰ ਨਹੀਂ ਸਕਦੀ। ਜਦੋਂ ਨਸੀਰਾਂ ਦਾ ਭਰਾ ਯੂਸਫ਼ ਤੋਂ ਬਦਲਾ ਲੈਣ ਲਈ ਕਹਿੰਦਾ ਹੈ ਤਾਂ ਨਸੀਰਾਂ ਉਸਨੂੰ ਮਨ੍ਹਾਂ ਕਰਦੀ ਹੈ।

ਇਸੇ ਤਰ੍ਹਾਂ ਬਸੰਤ ਕੌਰ (ਜੁਗ ਬਦਲ ਗਿਆ) ਵੀ ਪਤੀ ਦੀਆਂ ਵਧੀਕੀਆਂ ਸਹਿੰਦੀ ਹੋਈ ਪਤੀ ਦੇ ਘਰ ਵਿਚ ਹੀ ਰਹਿਣਾ ਪਸੰਦ ਕਰਦੀ ਹੈ। ਇਹੀ ਕਾਫੀ ਨਹੀਂ ਸੀਤਲ ਦੇ ਇਹ ਇਸਤਰੀ ਪਾਤਰ ਆਪਣੇ ਪਤੀਆਂ ਨੂੰ ਦੂਜਾ ਵਿਆਹ ਕਰਾਉਣ ਲਈ ਵੀ ਆਪ ਹੀ ਕਹਿ ਦਿੰਦੇ ਹਨ। ਭਾਵੇਂ ਇਸ ਪਿਛੇ ਕੋਈ ਨਾ ਕੋਈ ਕਾਰਨ ਹੁੰਦਾ ਹੈ। ਜਿਵੇਂ ਭੋਲੀ (ਕਾਲੇ ਪਰਛਾਵੇਂ) ਆਪਣੇ ਘਰ ਸੰਤਾਨ ਨਾ ਹੁੰਦੀ ਵੇਖ ਕੇ ਪਤੀ ਨੂੰ ਦੂਜਾ ਵਿਆਹ ਕਰਨ ਲਈ ਕਹਿੰਦੀ ਹੈ । ਭਾਵ ਸੀਤਲ ਦੇ ਇਸਤਰੀ ਪਾਤਰ ਹਰ ਹਾਲਤ ਵਿਚ ਪਤੀ ਦੇ ਹੀ ਰਹਿਣਾ ਚਾਹੁੰਦੇ ਹਨ। ਪਤੀ ਭਾਵੇਂ ਕਦਮ ਕਦਮ ਤੇ ਇਨ੍ਹਾਂ ਨੂੰ ਧੋਖਾ ਹੀ ਕਿਉਂ ਨਾ ਦਿੰਦੇ ਰਹਿਣ। ਰੂਪਾ (ਵਿਜੋਗਣ) ਪਤੀ ਬਚਨ ਸਿੰਘ ਦੇ ਵਿਯੋਗ ਵਿਚ ਤੜਫਦੀ ਹੈ। 'ਪ੍ਰੀਤ ਕਿ ਰੂਪ 'ਨਾਵਲ ਦੀ ਨਾਇਕਾ ਵੀ, ਜਿਸਦਾ ਪਤੀ ਵਿਆਹ ਦੇ ਪਹਿਲੇ ਦਿਨ ਹੀ ਉਸਨੂੰ ਛੱਡ ਕੇ ਨਿਕਲ ਜਾਂਦਾ ਹੈ, ਪਤੀ ਦੇ ਵਿਯੋਗ ਵਿਚ ਤੜਫਦੀ ਤੇ ਲੁਛਦੀ ਹੈ। ਅਤੇ ਉਸਦੀ ਫੋਟੋ ਨੂੰ ਪੂਜਦੀ ਤੇ ਫੁਲਾਂ ਦੇ ਹਾਰ ਭੇਟਾਂ ਕਰਦੀ ਹੈ।

ਸੋਹਣ ਸਿੰਘ ਸੀਤਲ ਦੇ ਨਾਵਲਾਂ ਦੀਆਂ ਇਸਤਰੀਆਂ ਸਿਰਫ ਜ਼ੁਲਮ ਸਹਿਣ ਵਾਲੀਆਂ ਹੀ ਨਹੀਂ ਹਨ, ਸਗੋਂ ਸੀਤਲ ਨੇ ਉਨ੍ਹਾਂ ਦੇ ਉਸ ਰੂਪ ਨੂੰ ਵੀ ਪੇਸ਼ ਕੀਤਾ ਹੈ, ਜਿਸ ਵਿਚ ਉਹ

ਸਿਆਣਪ ਭਰੀਆਂ ਤੇ ਪ੍ਰਗਤੀਸ਼ੀਲ ਜਾਪਦੀਆਂ ਹਨ। ਪਤੀ ਦੇ ਕਠੋਰ ਤੋਂ ਕਠੋਰ ਵਿਚਾਰਾਂ ਨੂੰ ਵੀ ਬਦਲ ਕੇ ਸਿੱਧ ਪੱਧਰਾ ਕਰ ਦਿੰਦੀਆਂ ਹਨ, ਜਿਵੇਂ ਰੂਪਾ (ਧਰਤੀ ਦੀ ਬੇਟੀ) ਵਿਜੇ ਸਿੰਘ ਦੇ ਸਰਮਾਏਦਾਰੀ ਵਾਲੇ ਵਿਚਾਰਾਂ ਦਾ ਤਿਆਗ ਕਰਵਾ ਉਸਨੂੰ ਮਾਇਆ ਦੇ ਲਾਲਚ ਤੋਂ ਦੂਰ ਲੈ ਆਉਂਦੀ ਹੈ। ਬਿਜੈ ਸਿੰਘ ਖੁਦ ਕਹਿੰਦਾ ਹੈ:

> ਰੂਪਾਂ ਨੇ ਤਾਂ ਮੇਰੀ ਕਾਇਆ ਹੀ ਪਲਟ ਦਿੱਤੀ ਏ, ਮੈਂ
> ਸਮਝਦਾ, ਗੁਰੂ ਨਾਨਕ, ਭਗਤ ਕਬੀਰ ਤਾਂ ਸੰਤ ਵਿਨੋਬਾ
> ਭਾਵੇ ਦੇ ਦਰਸ਼ਨ ਕਰਾਉਣ ਦਾ ਉਪਕਾਰ ਰੂਪਾਂ ਦਾ ਹੀ ਹੈ।[67]

ਇਕ ਕਦਮ ਹੋਰ ਅਗਾਂਹ ਵਧ ਕੇ ਸੀਤਲ ਦੇ ਨਾਵਲ 'ਧਰਤੀ ਦੇ ਦੇਵਤੇ' ਦੀ ਪ੍ਰਕਾਸ਼ ਆਪਣੇ ਪਤੀ ਗਿਆਨ ਨਾਲ ਉਸਦਾ ਪਿੰਡ ਸੁਧਾਰ ਦਾ ਮੰਤਵ ਪੂਰਾ ਕਰਨ ਵਿਚ ਸਹਾਇਤਾ ਕਰਦੀ ਹੈ । ਜੇ ਗਿਆਨ ਪਿੰਡ ਦੇ ਕਿਸਾਨਾਂ ਨੂੰ ਆਧੁਨਿਕ ਢੰਗ ਨਾਲ ਖੇਤੀ ਕਰਨ ਲਈ ਪ੍ਰੇਰਦਾ ਹੈ ਤਾਂ ਇਸ ਪ੍ਰਕਾਰ ਪਿੰਡ ਦੀਆਂ ਇਸਤਰੀਆਂ ਨੂੰ ਘਰਾਂ ਦਾ ਸੁਧਾਰ ਕਰਨ ਲਈ ਪ੍ਰੇਰਦੀ ਹੈ। ਗਿਆਨ ਪ੍ਰਕਾਸ਼ ਨੂੰ ਆਖਦਾ ਹੈ:

> ਵਾਹ ਠੀਕ ਆਖਦੇ ਨੇ, ਇਸਤਰੀ ਅਬਲਾ ਨਹੀਂ, ਸਬਲਾ ਹੈ,
> ਸ਼ਕਤੀ ਹੈ, ਤੁਸੀ ਸਾਥ ਨਾ ਦਿੰਦੇ ਤਾਂ ਮੈਥੋਂ ਕੱਲੇ ਤੋਂ ਇਹ ਕਾਰਜ
> ਨਹੀਂ ਸੀ ਹੋਣਾ।[68]

ਇਕ ਹੋਰ ਥਾਂ ਗਿਆਨ ਕਹਿੰਦਾ ਹੈ:

> ਮੈਨੂੰ ਲੋਕ ਸੇਵਾ ਦੀ ਲਗਨ ਲਾਉਣ ਵਾਲੀ ਤੇ ਮੇਰੇ ਪੱਥ ਪ੍ਰਦਰਸ਼ਕ
> ਮੇਰੀ ਜੀਵਨ ਸਾਥਣ ਪ੍ਰਕਾਸ਼ ਹੀ ਹੈ।[69]

ਇਸ ਪ੍ਰਕਾਰ ਕਈ ਥਾਵਾਂ ਤੇ ਸੀਤਲ ਦੇ ਇਸਤਰੀ ਪਾਤਰ, ਪਤਨੀ ਦੇ ਰੂਪ ਵਿਚ ਆਦਰਸ਼ ਪਾਤਰ ਹਨ। ਉਹ ਹਦ ਦਰਜ਼ੇ ਦੇ ਵਫ਼ਾਦਾਰ ਹਨ ਅਤੇ ਆਪਣੀ ਚਰਿਤ੍ਰਕ ਪਵਿੱਤਰਤਾ ਨੂੰ ਕਾਇਮ

ਰਖਦੇ ਹਨ। ਉਹ ਹੋਰਾਂ ਦੇ ਹਥੋ ਸ਼ਿਕਾਰ ਹੋਣੋ ਸਾਫ਼ ਹੀ ਨਾਂਹ ਕਰ ਦਿੰਦੇ ਹਨ ਜਿਸ ਕਾਰਣ ਕਈ ਥਾਂਵਾਂ ਤੇ ਉਨ੍ਹਾਂ ਨੂੰ ਦੁੱਖੀ ਹੁੰਦੇ ਹੋਣਾ ਪੈਂਦਾ ਹੈ। ਚੰਦੋ (ਧੁੱਲ ਦਾ ਮਾਸ) ਦੁੱਲੇ ਬਦਮਾਸ਼ ਵਰਗਿਆਂ ਦਾ ਮੂੰਹ ਭੰਨਦੀ ਹੈ ਅਤੇ ਮਨਜੀਤ (ਪਤਵੰਤੇ ਕਾਤਲ) ਤਾਰੂ ਵਰਗਿਆਂ ਦਾ। ਕਈ ਥਾਵਾਂ ਤੇ ਸੀਤਲ ਦੇ ਇਸਤਰੀ ਪਾਤਰ ਭਾਰਤੀ ਸੰਸਕ੍ਰਿਤੀ ਦੀ ਪ੍ਰਤਿਨਿਧੱਤਾ ਵੀ ਕਰਦੇ ਹਨ ਅਤੇ ਕਈ ਥਾਵਾਂ ਤੇ ਨਵੀ ਜਾਗ੍ਰਿਤੀ ਦੀ। ਜਿਥੇ ਉਸ ਉਤੇ ਉਸਦਾ ਹੀ ਪਤੀ ਜ਼ੁਲਮ ਢਾਹੁੰਦਾ ਹੈ ਜਿਵੇਂ 'ਸਵਰਨੀ' (ਜੁਗ ਬਦਲ ਗਿਆ) ਅਤ ਸ਼ਾਮੋ (ਜਵਾਲਾਮੁਖੀ) ਉਥੇ ਸੀਤਲ ਉਨ੍ਹਾਂ ਨੂੰ ਸਬਰ ਦੀਆਂ ਮੂਰਤਾਂ ਬਣਾ ਦਿੰਦਾ ਹੈ ਪਰ ਕਈ ਥਾਵਾਂ ਤੇ ਉਸਦੇ ਨਾਵਲਾਂ ਵਿਚਲੀਆਂ ਪਤਨੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੀਆਂ ਹਨ ਅਤੇ ਆਪਣੇ ਅਧਿਕਾਰਾਂ ਦੀ ਉਨ੍ਹਾਂ ਨੂੰ ਪੂਰੀ ਸੋਝੀ ਹੈ। ਉਹ ਪਤੀ ਦੀਆਂ ਵਧੀਕੀਆਂ ਨੂੰ ਸਹਿਣ ਨਹੀਂ ਕਰ ਸਕਦੀਆਂ, ਸਗੋਂ ਉਨ੍ਹਾਂ ਨੂੰ ਮੂੰਹ ਤੋੜਵਾਂ ਜਵਾਬ ਦਿੰਦੀਆਂ ਹਨ। 'ਜੁੱਗ ਬਦਲ ਗਿਆ' ਦੀ ਸਵਰਨੀ ਆਦਿ ਅਜਿਹੇ ਹੀ ਇਸਤਰੀ ਪਾਤਰ ਹਨ। ਉਹ ਆਪਣੇ ਪਤੀ ਉਤੇ ਕਿਸੇ ਹੋਰ ਦਾ ਹਕ ਨਹੀ ਹੋਣ ਦਿੰਦੀਆਂ, ਜਿਵੇਂ ਸਵਰਨੀ ਡੂੰਡੇ ਦੀ ਵਹੁਟੀ ਲਈ ਲੱਖਾ ਸਿੰਘ ਨਾਲ ਲੜਦੀ ਹੈ। ਇਸ ਪ੍ਰਕਾਰ ਸੀਤਲ ਦੇ ਜਿਆਦਾਤਰ ਇਸਤਰੀ ਪਾਤਰ ਆਦਰਸ਼ਕ ਰੂਪ ਵਿਚ ਪੇਸ਼ ਹੁੰਦੇ ਹਨ।

<u>ਮਾਂ ਦੇ ਰੂਪ ਵਿਚ :</u> ਨਾਨਕ ਸਿੰਘ ਵਾਂਗ ਸੋਹਣ ਸਿੰਘ ਸੀਤਲ ਨੇਵੀ ਵੱਡੀ ਉਮਰ ਦੇ ਪਾਤਰ ਮਾਂ ਦੇ ਰੂਪ ਵਿਚ ਲਏ ਹਨ। ਮਾਂ ਦੇ ਪਿਆਰ ਵਿਚ ਚੁੰਬਕ ਵਰਗੀ ਖਿੱਚ ਤੇ ਸ਼ਹਿਦ ਵਰਗੀ ਮਿਠਾਸ ਹੈ। ਇਹੀ ਮਿਠਾਸ ਹਰ ਮਾਂ ਆਪਣੇ ਬੱਚੇ ਨੂੰ ਦੇਣ ਲਈ ਤੜਫਦੀ ਹੈ। ਮਾਂ ਇਕ ਅਜਿਹੇ ਬੂਟੇ ਦੀ ਨਿਆਈ ਹੈ ਜਿਸਦੀ ਛਾਂ ਹੇਠਾਂ ਸਾਰੇ ਜੀਵ-ਜੰਤੂ ਤੇ ਪਸ਼ੂ ਪਲਦੇ ਹਨ। ਅਤੇ ਜਿਸਤੋਂ ਬਿਨਾਂ ਸਾਰੀਆਂ ਇਛਾਵਾਂ, ਸਧਰਾਂ ਦਾ ਖ਼ੂਨ ਹੋ ਕੇ ਜ਼ਿੰਦਗੀ ਰੁਖੀ ਤੇ ਨੀਰਸ ਜਿਹੀ ਹੋ ਜਾਂਦੀ ਹੈ।

ਸੋਹਣ ਸਿੰਘਸੀਤਲ ਆਪਣੇ ਨਾਵਲਾਂ ਵਿਚ ਮਾਂ ਦੇ ਮਨੋਭਾਵਾਂ ਨੂੰ ਉਲੀਕਣ ਵਿਚ ਮਾਹਿਰ ਹੋ ਨਿਬੜਿਆ ਹੈ । ਉਸਦੇ ਨਾਵਲਾਂ ਦੀਆਂ ਔਰਤਾਂ ਹੋਰ ਸਾਰੀਆਂ ਇਛਾਵਾਂ ਨੂੰ ਮਾਰ ਲੈਂਦੀਆਂ ਹਨ ਪਰ ਇਕ ਮਾਂਬਣਨ ਦੀ ਇੱਛਾ ਹਦੋਂ ਵੱਧ ਭਾਰ ਰਖਣ ਨਾਲ ਵੀ ਦੱਬੀ ਨਹੀਂ ਜਾਂਦੀ ਅਤੇ

ਉਹ ਬੇਬਸ ਹੋ ਜਾਂਦੀਆਂ ਹਨ। ਇਸਦੇ ਇਸਤਰੀ ਪਾਤਰ ਤਾਂ ਮਾਂ ਬਣਨ ਲਈ ਤੜਫਦੇ ਲੁੱਛਦੇ ਦਿਖਾਈ ਦਿੰਦੇ ਹਨ। ਇਨ੍ਹਾਂ ਨਹੀ ਨਹੀਂ ਇਹ ਤਾਂ ਆਪਣੇ ਆਪ ਨੂੰ ਇਸੇ ਦੁੱਖ ਦੀ ਘਾਣੀ ਵਿਚ ਹੀ ਘੋਲ-ਘੋਲ ਕੇ ਮਰਨ ਤਕ ਪਹੁੰਚ ਜਾਂਦੇ ਹਨ:

ਬੂਟਿਆਂ ਨੂੰ ਫੁੱਲ ਲਗਦੇ
ਤੈਨੂੰ ਕੁਝ ਨਾ ਲਗਾ ਪ੍ਰਟਿਆਰੇ।[70]

ਮਾਂ ਦੇ ਭਾਵਾਂ ਦਾ ਉਲੀਕਣ ਉਸਨੇ ਸਭ ਤੋਂ ਵੱਧ 'ਦੀਵੇ ਦੀ ਲੋਅ' ਨਾਵਲ ਵਿਚ ਕੀਤਾ ਇਸ ਵਿਚਲੀ ਇਸਤਰੀ ਨਸੀਰਾਂ ਮਾਂ ਬਣਨ ਦੀਆਂ ਸਧਰਾਂ ਵਿਚ ਦਿਨ ਰਾਤ ਗੁੰਮ ਰਹਿੰਦੀ ਹੈ। ਝੋਲੀ ਖਾਲੀ ਹੋਣ ਕਰਕੇ ਨਸੀਰਾਂ ਆਪਣੇ ਆਪ ਨੂੰ ਇਕ ਸਖਣਾ ਬੂਟਾ ਹੀ ਮਹਿਸੂਸ ਕਰਦੀ ਹੈ, ਜਿਸਨੂੰ ਕਦੇਵੀ ਕੁੱਝ ਨਾ ਲਗਿਆ ਹੋਵੇ। ਇਸੇ ਲਈ ਉਸਦੇ ਮਨ ਵਿਚ ਦਿਨ ਰਾਤ ਇਹੀ ਸ਼ਬਦ ਗੂੰਜਦੇ ਰਹਿੰਦੇ ਹਨ:

ਤੈਨੂੰ ਕੁਝ ਨਾ ਲੱਗਾ ਪ੍ਰਟਿਆਰੇ।

ਬੇਗਮਾਂ ਦੇ ਮਰਨ ਪਿਛੋਂ ਨਸੀਰਾਂ ਆਪਣੀ ਸੌਂਕਣ ਦੇ ਬਚਿਆਂ ਨੂੰ ਆਪਣੇ ਬੱਚੇ ਸਮਝ ਕੇ ਪਿਆਰ ਕਰਦੀ ਅਤੇ ਉਨ੍ਹਾਂ ਦੇ ਸਾਹੀਂ ਮਰਦੀ ਹੈ। ਇਸ ਨਾਲ ਉਸ ਅੰਦਰ ਮਾਂ ਪਿਆਰ ਐਨਾ ਉਘੜ ਆਉਂਦਾ ਹੈ ਕਿ ਛੋਟੇ ਬੱਚੇ ਨੂੰ ਆਪਣੇ ਦੁੱਧ ਨਾਲ ਹੀ ਪਾਲਦੀ ਹੈ। ਜਦੋਂ ਬੁਰੀ ਕਿਸਮਤ ਨਾਲ ਬਿਮਾਰੀ ਉਸ ਤੋਂ ਬੱਚੇ ਖੋਹ ਲੈਂਦੀ ਹੈ ਤਾਂ ਉਹ ਪਾਗਲ ਹੋ ਜਾਂਦੀ ਹੈ। ਅੰਤ ਇਸੇ ਵਿਯੋਗ ਵਿਚ ਤੜਫ-ਤੜਫ ਕੇ ਮੌਤ ਦਾ ਸ਼ਿਕਾਰ ਹੋ ਜਾਂਦੀ ਹੈ।

ਮਾਂ ਬਣਨ ਦੀ ਖਾਹਿਸ਼ ਤਾਂ ਸੀਤਲ ਦੇ ਇਸਤਰੀ ਪਾਤਰ ਦਬਾ ਹੀ ਨਹੀਂ ਸਕਦੇ। ਉਸਨੇ ਆਪਣੇ ਨਾਵਲ 'ਅੰਨ੍ਹੀ ਸੁੰਦਰਤਾ' ਵਿਚ ਕੁਮਾਰੀ ਦੇ ਮੂੰਹੋਂ ਅਖਵਾਇਆ ਹੈ:

ਪਤਨੀ ਬਣਨ ਦੀਆਂ ਖਾਹਸਾਂ ਨੂੰ ਮੈਂ ਤਿਆਗ ਕੇ ਭਾਰੇ ਪਥਰਾਂ
ਥੱਲੇ ਦਬ ਕੇ ਚੁੱਪ ਕਰਾ ਲਿਆ ਏ। ਪਰ ਮਾਂ ਬਣਨ ਦੀਆਂ
ਖਾਹਸਾਂ ਉਮਰ ਨਾਲ ਸਗੋਂ ਦਿਨੋ ਦਿਨ ਮੂੰਹ ਕੋਲ ਹੁੰਦੀਆਂ ਜਾਂਦੀਆਂ ਹਨ।[71]

ਕੁਮਾਰੀ ਵੀ ਪਤੀ ਦੀ ਕੁਰਬਾਨੀ ਤਾਂ ਭੈਣ ਵਾਸਤੇ ਕਰ ਦਿੰਦੀ ਹੈ, ਪਰ ਮਾਂ ਬਣਨ ਦੀ ਰੀਝ ਉਸਨੂੰ ਬਿਹਬਲ ਕਰਦੀ ਹੈ ਤਾਂ ਹੀ ਉਹ ਭੈਣ ਦਾ ਬੱਚਾ ਲੈ ਕੇ ਮਨ ਦੀ ਤ੍ਰਿਪਤੀ ਕਰਦੀ ਹੈ।

ਸੋਹਣ ਸਿੰਘ ਸੀਤਲ ਨੇ ਕਈ ਨਾਵਲਾਂ ਵਿਚ ਮਤਰੇਈ ਮਾਂਵਾਂ ਦਾ ਜ਼ਿਕਰ ਵੀ ਕੀਤਾ ਹੈ। ਨਸੀਰਾਂ (ਦੀਵੇ ਦੀ ਲੋਅ) ਦੋਹਾਂ ਮਤਰੇਇਆਂ ਬੱਚਿਆਂ ਨੂੰ ਏਨਾ ਪਿਆਰ ਕਰਦੀ ਹੈ ਕਿ ਉਨ੍ਹਾਂ ਦੇ ਮਰਨ ਪਿਛੋਂ ਆਪ ਵੀ ਪਾਗਲ ਹੋ ਕੇ ਮਰ ਜਾਂਦੀ ਹੈ। ਭੋਲੀ (ਕਾਲੇ ਪਰਛਾਵੇਂ) ਪ੍ਰਕਾਸ਼ ਨੂੰ ਆਪਣਾ ਜਾਇਆ ਸਮਝ ਕੇ ਪਾਲਦੀ ਹੈ ਅਤੇ ਉਸਨੂੰ ਪਿਆਰ ਕਰਦੀ ਹੋਈ ਕਹਿੰਦੀ ਹੈ:

ਰਬ ਕਰੇ ਤੂੰ ਸਦਾ ਮੇਰਾ ਪੁੱਤਰ ਬਣਿਆ ਰਹੇ।[72]

ਮਨਜੀਤ (ਪਤਵੰਤੇ ਕਾਤਲ) ਕੁਲਵੰਤ ਨੂੰ ਆਪਣਾ ਪੁੱਤਰ ਸਮਝ ਕੇ ਪਾਲਦੀ ਹੈ। ਉਹ ਕੁਲਵੰਤ ਲਈ ਹਰ ਔਕੜ ਦਾ ਮੁਕਾਬਲਾ ਕਰਨ ਲਈ ਤਿਆਰ ਹੈ। ਆਰਥਿਕ ਹਾਲਤ ਨੂੰ ਸੁਲਝਾਂਦੀ ਹੈ ਤੇ ਅਮੀਰਾਨਾਂ ਪਹਿਰਾਵੇ ਵਿਚ ਰਖਕੇ ਪੜ੍ਹਾਉਂਦੀ ਹੈ। ਭਾਵੇਂ ਉਸਨੂੰ ਜਿੰਨਾ ਮਰਜ਼ੀ ਔਖਾ ਕਿਉਂ ਨਾ ਹੋਣਾ ਪਵੇ। ਸਰਲਾ (ਧਰਤੀ ਦੀ ਬੇਟੀ) ਆਪਣੇ ਪੁੱਤਰ ਦੇ ਘਰੋਂ ਨਿਕਲ ਜਾਣ ਨਾਲ ਕੋਮਲ ਮਾਂ ਦਾ ਹਿਰਦਾ ਆਪਣੇ ਪੁੱਤਰ ਲਈ ਤੜਪ ਉਠਦਾ ਹੈ। ਉਹ ਉਸਨੂੰ ਆਉਣ ਲਈ ਵਾਸਤੇ ਪਾਉਂਦੀ ਹੈ। ਤੇ ਉਸਦੀਆਂ ਕੀਤੀਆਂ ਵਧੀਕੀਆਂ ਨੂੰ ਵੀ ਭੁਲ ਜਾਂਦੀ ਹੈ।

ਇਸ ਤਰ੍ਹਾਂ ਸੀਤਲ ਦੇ ਇਸਤਰੀ ਪਾਤਰ ਹਰੇਕ ਕੀਮਤ ਉਤੇ ਮਾਂ ਬਣਨਾ ਲੋਚਦੇ ਹਨ ਅਤੇ ਉਸਦੀਆਂ ਮਤਰੇਈਆਂ ਮਾਂਵਾਂ ਕੁਰਬਾਨੀ ਅਤੇ ਪਿਆਰ ਦਾ ਪੁੰਜ ਹੋ ਨਿਬੜਦੀਆਂ ਹਨ। ਭਾਵੇਂ ਉਸਦੇ ਨਾਵਲ 'ਮੁੱਲ ਦਾ ਮਾਸ' ਅਤੇ 'ਕਾਲੇ ਪਰਛਾਵੇਂ' ਵਿਚ ਮਾਂ ਦੇ ਦੂਜੇਭੈੜੇ ਰੂਪ ਨੂੰ ਵੀ ਦਰਸਾਇਆ ਹੈ। 'ਮੁੱਲ ਦਾ ਮਾਸ' ਨਾਵਲ ਵਿਚ ਚੰਦੋ ਦੀ ਮਾਂ ਬੁੱਢੇ ਜਵਾਈ ਕੋਲੋਂ ਚੰਦੋ ਦੇ ਮਾਸ ਦਾ ਮੁੱਲ ਝੋਲੀ ਅੱਡ ਕੇ ਪਵਾ ਲੈਂਦੀ ਹੈ। 'ਕਾਲੇ ਪਰਛਾਵੇਂ' ਦੀ ਇਸਤਰੀ ਆਪਣੇ ਇਕੋ ਇਕ ਜਾਏ ਨੂੰ ਗੁਰਦੁਆਰੇ ਵਿਚ ਛੱਡ ਕੇ ਆਪ ਕਿਸੇ ਘਰੋਂ ਨਿਕਲ ਤੁਰਦੀ ਹੈ। ਕੋਈ ਮਾਂ ਹਿਰਦਾ ਇਸ ਤਰ੍ਹਾਂ ਕਰਨਾ ਤਾਂ ਕੀ, ਸੋਚ ਵੀ ਨਹੀਂਸਕਦੀ, ਪਰ ਇਸ ਪਿਛੇ ਵੀ ਕੋਈ ਕਾਰਣ ਹੈ।

ਕਾਰਣ ਹੈ ਸਾਡੀ ਹਾਲਤ ਨੂੰ ਪਤਲਾ ਕਰਨ ਵਾਲੇ ਸਾਡੇ ਪੂੰਜੀਵਾਦ ਗ਼ਰੀਬ ਦੀ ਭੱਠੀ ਵਿਚ ਝੁਲਸੇ ਹੋਏ ਚੰਦੋ ਦੇ ਮਾਂ-ਪਿਉ ਨੂੰ ਕੇਵਲ ਚੰਦੋ ਹੀ ਲਭਦੀ ਹੈ, ਜਿਸ ਨਾਲ ਉਹ ਪੈਸੇ ਲੈ ਕੇ ਸ਼ਾਹੂਕਾਰ ਦਾ ਭਾਰ ਹੌਲਾ ਕਰ ਸਕਦੇ ਹਨ। 'ਕਾਲੇ ਪਰਛਾਵੇਂ' ਵਿਚ ਵੀ ਪ੍ਰਕਾਸ਼ ਦੀ ਮਾਂ ਹੀ ਪ੍ਰਕਾਸ਼ ਨੂੰ ਗੁਰਦੁਆਰੇ ਛੱਡ ਕੇ ਆਪ ਹੋਰ ਕਿਸੇ ਨਾਲ ਨਿਕਲ ਜਾਂਦੀ ਹੈ। ਕਿਉਂਕਿ ਉਸ ਕੋਲ ਆਮਦਨ ਦਾ ਕੋਈ ਸਾਧਨ ਨਹੀ, ਜਿਸ ਨਾਲ ਉਹ ਆਪਣਾ ਢਿੱਡ ਪਾਲੇ ਤੇ ਪ੍ਰਕਾਸ਼ ਨੂੰ ਪਾਲ ਸਕੇ।

<u>ਸੱਸ ਦੇ ਰੂਪ ਵਿਚ :</u> ਸੋਹਣ ਸਿੰਘ ਸੀਤਲ ਦੇ ਨਾਵਲਾਂ ਵਿਚ ਸੱਸ ਦੇ ਰੂਪ ਵਿਚ ਇਸਤਰੀ ਆਪਣੀ ਨੂੰਹ ਲਈ ਹਮਦਰਦੀ ਦਾ ਪਾਤਰ ਨਹੀਂ ਹੋ ਸਕੀ। ਸਗੋਂ ਉਹ ਤਾਂ ਨੂਹਾਂ ਦੀ ਕੀਤੀ ਤੇ ਪੋਚਾ ਫੇਰ ਕੇ ਪੁਰਾਤਨ ਸੱਸਾਂ ਵਾਂਗੂ ਹੀ ਨੂੰਹਾਂ ਤੇ ਸੌ ਸੌ ਜ਼ੁਲਮ ਢਾਹੁੰਦੀ ਹੈ।

ਰੂਪ (ਵਿਯੋਗਣ), ਜਿਸਦਾ ਪਤੀ ਗੁੰਮ ਹੋ ਗਿਆ ਹੁੰਦਾ ਹੈ, ਨੂੰ ਉਸਦੀ ਸੱਸ ਤਾਹਨਿਆਂ ਮਿਹਣਿਆਂ ਨਾਲ ਉਸਦੇ ਅੱਲ੍ਹੇ ਜ਼ਖ਼ਮਾਂ ਉਤੇ ਦਿਨ ਰਾਤ ਲੂਣ ਛਿੜਕਦੀ ਰਹਿੰਦੀ ਹੈ। ਉਹ ਇਸ ਸਭ ਦਾ ਕਾਰਣ ਰੂਪ ਨੂੰ ਹੀ ਸਮਝਦੀ ਹੋਈ ਆਖਦੀ ਹੈ:

ਜੰਮਦਿਆਂ ਖਾਣੀਏ ਅਗੇ ਕੋਈ ਕਸਰ ਰਹਿ ਗਈ ਏ?  
ਹੁਣ ਕੀਹਨੂੰ ਲੈਣਾ ਈ। ਕਲਹਿਣੀਏ ਕਿਸੇ ਜਨਮ ਦੀਏ।[73]

'ਦੀਵੇ ਦੀ ਲੋਅ' ਨਾਵਲ ਦੀ ਨਸੀਰਾਂ ਤਾਂ ਆਪਣੀ ਸੱਸ ਦੀ ਸੇਵਾ ਕਰਦੀ ਨਹੀਂ ਥਕਦੀ, ਪਰ ਸੱਸ (ਜੋ ਆਪਣੀ ਭਣੇਵੀ ਦਾ ਸਾਕ ਯੂਸਫ ਲਈ ਲਿਆਉਣ ਵਿਚ ਅਸਫਲ ਰਹਿੰਦੀ ਹੈ। ਉਸਨੂੰ ਦਿਨ ਰਾਤ ਮਿਹਣੇ ਦਿੰਦੀ ਹੈ। ਗੱਲ ਗੱਲ ਨਾਲ ਗਾਲ੍ਹਾਂ ਕੱਢ ਕੇ ਬੋਲਦੀ ਹੈ:

ਜੰਮਦੇ ਮਰ ਗਏ ਸੂ।  
ਔਤਰਿਆਂ ਦੀ ਔਤਰੀ ਨੇ  
ਬਾਬਾ ਟੁੜਿਆ ਹੋਇਆ ਏ।[74]

ਜਦੋਂ ਨਸੀਰਾਂ ਦੀ ਗੋਦ ਹਰੀ ਨਹੀਂ ਹੁੰਦੀ ਤਾਂ ਸਸ ਨੂੰ ਮੌਕਾ ਲਭ ਜਾਂਦਾ ਹੈ:

> ਯਾਰਾਂ ਵਰ੍ਹੇ ਹੋ ਗਏ ਨੇ ਪੁੱਤਰ ਦਾ ਵਿਆਹ ਕੀਤਿਆਂ। ਅਜੇ ਤਕ ਪੋਤਰੇ ਦਾ ਮੂੰਹ ਵੇਖਣਾ ਨਸੀਬ ਨਹੀਂ ਹੋਇਆ। ਮੈਂ ਕਿੰਨਾ ਚਿਰ ਇਸ ਸੰਡੇ ਦਾ ਮੂੰਹ ਵੇਖਦੀ ਰਹਾਂਗੀ। ਮੈਂ ਤਾਂ ਹੁਣ ਪੁੱਤਰ ਦਾ ਦੂਜਾ ਵਿਆਹ ਕਰਕੇ ਹੀ ਅੰਨ ਮੂੰਹ ਪਾਉਣਾ ਏ।[75]

'ਪ੍ਰੀਤ ਕਿ ਰੂਪ' ਨਾਵਲ ਵਿਚਲੀ ਸੱਸ ਵੀ ਨੂੰਹ ਨਾਲ ਭੈੜਾ ਵਰਤਾਵ ਕਰਦੀ ਹੈ। ਸਤਬੀਰ ਦਾ ਸੌਹਰਾ ਉਸਨੂੰ ਪੁੱਤਰਾਂ ਵਾਂਗ ਹੀ ਪਿਆਰ ਕਰਦਾ ਹੈ ਪਰ ਸੱਸ ਕਰਨਲ ਤੋਂ ਡਰਦੀ ਮਾਰੀ ਭਾਵੇਂ ਬਹੁਤਾ ਨਹੀਂ ਕਹਿੰਦੀ, ਫਿਰ ਵੀ ਪੁੱਤਰ ਦੇ ਘਰੋਂ ਨਿਕਲਣ ਉਪਰੰਤ ਘਰ ਦੇ ਦੁਖਾਂ ਦਾ ਕਾਰਣ ਸਤਬੀਰ ਦਾ ਹੀ ਘਰ ਵਿਚ ਆਉਣਾ ਸਮਝਦੀ ਹੈ।

ਨਾਵਲ 'ਜੰਗ ਜਾਂ ਅਮਨ' ਵਿਚ ਕਰਮ ਕੌਰ ਦੇ ਭੈੜੇ ਸੱਸ ਰੂਪ ਨੂੰ ਉਲੀਕਿਆ ਗਿਆ ਹੈ, ਜਿਹੜੀ ਕ੍ਰਿਪਾਲ ਵਰਗੀਆਂ ਨੂੰਹਾਂ ਦੀ ਕੀਤੀ ਤੇ ਮਿੱਟੀ ਪਾ ਕੇ ਕ੍ਰਿਪਾਲ ਨੂੰ ਉਸਦੇ ਬਦਇਖ਼ਲਾਕ ਜੇਠ ਨਾਲ ਨਰੜ ਦਿੰਦੀ ਹੈ। ਇਸੇ ਲਈ ਕ੍ਰਿਪਾਲ ਨੂੰ ਸੱਸ ਅੱਗੇ ਚੰਡੀ ਦਾ ਰੂਪ ਧਾਰਨ ਕਰਨਾ ਪੈਂਦਾ ਹੈ।

ਇਸ ਪ੍ਰਕਾਰ ਸੱਸ ਦੇ ਰੂਪ ਵਿਚ ਇਸਤਰੀ ਪਾਤਰ ਬੜੇ ਨਿਰਦਈ ਹਨ, ਤੇ ਆਪਣੀ ਹਮ ਜਿਨਸ ਨਾਲ ਵੀ ਚੰਗਾ ਵਰਤਾਵ ਨਹੀਂ ਕਰ ਸਕਦੇ।

ਵਿਧਵਾ ਦੇ ਰੂਪ ਵਿਚ : ਸੋਹਣ ਸਿੰਘ ਸੀਤਲ ਨੇ ਆਪਣੇ ਨਾਵਲਾਂ ਵਿਚ ਸਮਾਜ ਦੇ ਸੰਸਕਾਰਾਂ, ਰੀਤਾਂ ਰਸਮਾਂ ਨੂੰ ਤੇ ਉਨ੍ਹਾਂ ਰਸਮਾਂ ਦੇ ਔਰਤ ਉਤੇ ਪਏ ਪ੍ਰਭਾਵਾਂ ਨੂੰ ਬੜੀ ਸਫਲਤਾ ਨਾਲ ਉਲੀਕਿਆ ਹੈ। ਪਤੀ ਦਾ ਸਾਇਆ ਜਦੋਂ ਸਿਰ ਤੋਂ ਉਠ ਜਾਂਦਾ ਹੈ ਤਾਂ ਉਸਨੂੰ ਮਰਦ ਪ੍ਰਧਾਨ ਤਾਂ ਕੀ ਜਾਬਰ ਇਸਤਰੀਆਂ ਦੇ ਤਾਹਨੇ ਮਿਹਣਿਆਂ ਦਾ ਸ਼ਿਕਾਰ ਬਣਨਾ ਪੈਂਦਾ ਹੈ, ਪਤੀ ਤੋਂ ਬਿਨਾ ਜੇਠ ਵਰਗਿਆਂ ਦੀਆਂ ਲਾਲਚੀ ਅੱਖਾਂ ਨਾਲ ਟੱਕਰ ਪੈਂਦੀ ਹੈ। ਜੇਠ ਪਿਆਰ ਦਾ ਚੋਗਾ ਸੁੱਟਦਾ ਹੈ

ਪਰ ਰੂਪ ਸੀਤਲ ਦੇ 'ਵਿਜੋਗਣ' ਨਾਵਲ ਦੀ ਨਾਇਕਾ, ਜਸਵੰਤ ਸਿੰਘ ਕੰਵਲ ਦੀ ਨਾਇਕਾ ਰੂਪ[76] ਦੀ ਤਰ੍ਹਾਂ ਸਮਾਜ ਦੇ ਅਡੋਖੋੜੇ ਰਿਸ਼ਤਿਆਂ ਤੇ ਤੁਰਦੀ ਜੇਠ ਦੇਗੁਆਢੀ ਤੋਂ ਆਪਣੀ ਸੱਤ ਬਚਾਉਂਦੀ ਹੋਈ ਆਪਣੇ ਪਿਆਰੇ ਪਿਆਰੇ ਦੀ ਹੀ ਤਪਸਵਨੀ ਬਣੀ ਰਹਿੰਦੀ ਹੈ।

ਇਕ ਹੋਰ ਨਾਵਲ 'ਪਤਵੰਤੇ ਕਾਤਲ' ਵਿਚ ਅਜਿਹੇ ਸਮਾਜ ਨੂੰ ਚਿਤਰਿਆ ਗਿਆ ਹੈ। ਜਿਸ ਵਿਚ ਮਰਦ ਇਕ ਭੌਰਾ ਬਣਿਆ ਹੋਇਆ ਹੈ,**ਸਹਿਦ** ਚੂਸਣ ਤੋਂਬਿਨਾ ਉਸਦਾ ਹੋਰ ਕੋਈ ਕੰਮ ਨਹੀ। ਇਸ ਨਾਵਲ ਦੀ ਨਾਇਕਾ ਮਨਜੀਤ ਨਾਵਲ ਦੇ ਸ਼ੁਰੂ ਵਿਚ ਹੀ ਇਕ ਵਿਧਵਾ ਦੇ ਰੂਪ ਵਿਚ ਆਉਂਦੀ ਹੈ। ਮਨਜੀਤ ਤੇ ਸਮਾਜ ਇਹੋ ਜਿਹੇ ਜ਼ੁਲਮ ਢਾਹੁੰਦਾ ਹੈ ਜਿਸਨੂੰ ਤਾਰੂ ਜਿਹੇ ਚਰਿੱਤਰਹੀਣਾਂ ਕੋਲੋਂ ਦਾਮਨ ਬਚਾਉਣ ਲਈ ਪਿੰਡ ਛੱਡ ਕੇ ਕੁਲਵੰਤ ਨੂੰ ਨਾਲ ਲੈ ਕੇ ਘਰੋਂ ਨਿਕਲਣਾ ਪੈਂਦਾ ਹੈ। ਇਸੇ ਦੌਰਾਨ ਸੱਜਣ ਸਿੰਘ ਜਿਹੇ ਸੇਵਾਦਾਰਾਂ ਨਾਲਟਾਕਰਾ ਹੁੰਦਾ ਹੈ, ਜਿਸ ਤੋਂ ਮਨਜੀਤ ਦਾ ਮਰਦਾਂ ਤੋਂ ਵਿਸ਼ਵਾਸ਼ ਉਠੱ ਜਾਂਦਾ ਹੈ। ਉਹ ਕਹਿੰਦੀ ਹੈ:

> ਮਰਦ ਤਾਂ ਸੋਨੇ ਦਾ ਬਣਕੇ ਵਿਖਾਲੀ ਦੇਵੇ ਤਾਂ ਵੀ ਉਸ ਤੇ ਇਤਬਾਰ ਨਹੀ ਕਰਨਾ ਚਾਹੀਦਾ। ਮਰਦ ਤੋਂ ਮੇਰਾ ਵਿਸ਼ਵਾਸ਼ ਉਠ ਗਿਆ ਏ। ਮਰਦ ਨੇ ਮੇਰੇ ਨਾਲ ਥੋੜੀ ਕੀਤੀ ਏ ਹੁਣ ਮੈਂ ਉਮਰ ਭਰ ਮਰਦ ਉਤੇ ਵਿਸ਼ਵਾਸ਼ ਨਹੀਂਕਰਾਂਗੀ।[77]

ਇਸ ਨਾਵਲ ਵਿਚ ਸਮਾਜ ਸਾਡੀ ਪੁਰਾਤਨ ਵਿਚਾਰਧਾਰਾ ਨਾਲ ਜਕੜਿਆ ਹੋਇਆ ਹੈ, ਜਿਥੇ ਵਿਧਵਾ ਦੀ ਕੋਈ ਇੱਜ਼ਤ ਨਹੀ, ਉਸਨੂੰ ਪਾਉਣ ਹੰਡਾਉਣ ਦਾ ਵੀ ਕੋਈ ਅਧਿਕਾਰ ਨਹੀਂ। ਇਸੇ ਲਈ ਮਨਜੀਤ ਕਹਿੰਦੀ ਹੈ:

> ਭਾਰਤ ਦੀ ਵਿਧਵਾ ਇਸਤਰੀ ਤੋਂ ਚੰਗਾ ਕਪੜਾ ਪਹਿਨਣ ਦਾ ਹੱਕ ਖੋਹ ਲਿਆ ਗਿਆ ਏ।[78]

ਮਨਜੀਤ ਨੂੰ ਆਪਣੇ ਦਿਉਰ ਕੁਲਵੰਤ ਨੂੰ ਪਾਲਦਿਆਂ ਦੌਰਾਨ ਕਾਫ਼ੀ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵਿਧਵਾ ਮਨਜੀਤ ਖੁਸ਼ੀਆਂ ਭਰਿਆ ਜੀਵਨ ਬਿਤਾਉਣ ਦੇ ਸੁਫਨੇ ਵੇਖਦੀ ਹੈ ਪਰ ਕੁਲਵੰਤ

ਵੀ ਪਿਛੋ ਪੈਸੇ ਦੇ ਨਸ਼ੇ ਵਿਚ ਚੂਰ ਹੋਇਆ, ਮਨਜੀਤ ਨੂੰ ਪਾਗਲ ਕਹਿ ਕੇ ਦੁਹਕਾਰ ਦਿੰਦਾ ਹੈ । ਇਸ ਨਾਵਲ ਵਿਚਲਾ ਸਮਾਜ ਪੇਂਡੂ ਸਮਾਜ ਹੈ ਜਿਸ ਕਰਕੇ ਵਿਧਵਾ ਮਨਜੀਤ ਨੂੰ ਕਈ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਪਾਲੋ (ਜੰਗ ਜਾਂ ਅਮਨ) ਜਿਸਦਾ ਪਤੀ ਮਹਿੰਦਰ ਸਿੰਘ ਫੌਜ ਵਿਚ ਸੀ ਅਤੇ ਉਸਦੇ ਮਰਨ ਦੀ ਝੂਠੀ ਖ਼ਬਰ ਫੈਲਾ ਦਿੱਤੀ ਜਾਂਦੀ ਹੈ। ਨੂੰ ਵਿਧਵਾ ਦਾ ਜੀਵਨ ਹੰਢਾਉਣਾ ਲਈ ਮਜਬੂਰ ਕੀਤਾ ਜਾਂਦਾ ਹੈ। ਉਸਦੇ ਜੇਠ ਇੰਦਰ ਸਿੰਘ ਨਾਲ ਜ਼ਬਰਦਸਤੀ ਘਰ ਪਾ ਦਿੱਤਾ ਜਾਂਦਾ ਹੈ। ਪਾਲੋ ਇਸ ਮੇਲ ਨੂੰ ਸਵੀਕਾਰ ਨਹੀ ਕਰਦੀ।ਨਤੀਜਾ ਇਹ ਨਿਕਲਦਾ ਹੈ ਕਿ ਜੇਠ ਤੋਂ ਦੁਖੀ ਹੋ ਕੇ ਪਾਲੋ ਸ਼ਰਾਬ ਪੀਏ ਤੇ ਯਾਰ ਹੰਢਾਉਣ ਲਗ ਪੈਂਦੀ ਹੈ।

ਨਾਵਲ 'ਵਿਜੋਗਣ' ਦੀ ਰੂਪ ਵੀ ਪਤੀ ਦੇ ਜ਼ਿੰਦਾ ਹੁੰਦੇਹੋਏ ਵਿਧਵਾ ਦੇ ਰੂਪ ਵਿਚ ਕੁੱਝ ਦਿਨ ਬਿਤਾਉਣੇ ਪੈਂਦੇ ਹਨ (ਕਿਉਕਿ ਰੂਪ ਦਾ ਪਤੀ ਬਚਨ ਪਾਲ ਜੋ ਕਿ ਪਾਣੀ ਵਿਚ ਰੁੜ ਕੇ ਮਰ ਗਿਆ ਸਮਝ ਲਿਆ ਜਾਂਦਾ ਸੀ ਉਹ ਜਿੰਦਾ ਹੈ)ਉਸਨੂੰ ਸਾਰਾ ਦਿਨ ਕੰਮ ਕਰਨਾ ਪੈਂਦਾ ਤੇ ਝਿੜਕਾਂ ਸਹਿਣੀਆਂ ਪੈਂਦੀਆਂ। ਰਾਮ ਸਰੂਪ ਨੇ ਵੀ ਆਪਣੀ ਪਸ਼ੂ ਭਾਵਨਾ ਪੂਰੀ ਕਰਨੀ ਚਾਹੀ ਪਰ ਰੂਪ ਨੂੰ ਆਪਣਾ ਸਤ ਬਚਾਈ ਰਖਿਆ ਜਿਸ ਕਰਕੇ ਉਸ ਨਾਲ ਸਰੂਪ ਨੇ ਭੈੜਾ ਵਰਤਾਉ ਕਰਨਾ ਸ਼ੁਰੂ ਕਰ ਦਿੱਤਾ।[79]

<u>ਕੰਮਕਾਜੀ ਇਸਤਰੀ</u> : ਅਜੋਕੇ ਸਮਾਜ ਦੀ ਵਿਵਸਥਾ ਦਾ ਸੰਚਾਲਨ ਪੁਰਸ਼ ਦੇ ਹਥ ਵਿਚਹੋਣ ਕਰਕੇ, ਸੋਹਣ ਸਿੰਘ ਸੀਤਲ ਦੇ ਨਾਵਲਾਂ ਵਿਚ ਵਿਵਸਾਇਕ ਖੇਤਰ ਵਿਚ ਵਿਚਰ ਰਹੀਆਂ ਇਸਤਰੀਆਂ ਦੀ ਗਿਣਤੀ ਬਹੁਤ ਘੱਟ ਹੈ। ਸੋਹਣ ਸਿੰਘ ਸੀਤਲ ਦੇ ਨਾਵਲ 'ਧਰਤੀ ਦੇ ਦੇਵਤੇ' ਦੀ ਪ੍ਰਕਾਸ਼, 'ਜੰਗ ਜਾਂ ਅਮਨ' ਦੀ ਕ੍ਰਿਪਾਲ, 'ਅੰਨ੍ਹੀ ਸੁੰਦਰਤਾ' ਦੀ ਕੁਮਾਰੀ ਆਦਿ ਅਗਾਂਹ-ਵਧੂ ਇਸਤਰੀਆਂ ਹਨ। ਇਹ ਇਸਤਰੀਆਂ ਮਰਦ ਦੀ ਬਰਾਬਰੀ ਕਰਦੀਆਂ ਹਨ ਜੋ ਇਸਤਰੀ ਦਾ ਆਧੁਨਿਕ ਰੂਪ ਹੈ, ਉਹ ਪੜ੍ਹੀ-ਲਿਖੀ ਹੈ ਅਤੇ ਸਾਰੀ ਇਸਤਰੀ ਜਾਤੀ ਨੂੰ ਅਜਿਹੇ ਕਰਨ ਲਈ ਪ੍ਰੇਰਦੀ ਹੈ।

ਪ੍ਰਕਾਸ਼ (ਧਰਤੀ ਦੇ ਦੇਵਤੇ) ਇਸੇ ਤਰ੍ਹਾਂ ਦੀ ਅਗਾਹ ਵਧੂ ਇਸਤਰੀ ਹੈ। (ਪ੍ਰਕਾਸ਼ ਨੂੰ ਆਪ ਨੂੰ ਤਾਂ ਸੋਝੀ ਹੈ ਹੀ,ਹੋਰ ਪਿੰਡ ਦੀਆਂ ਪਛੜੀਆਂ ਹੋਈਆਂ ਇਸਤਰੀਆਂ ਨੂੰ ਵੀ ਹੱਥ ਦਾ ਕੰਮ ਆਦਿ ਸਿਖਾ ਕੇ ਤੇ ਮਰਦ ਦੇ ਬਰਾਬਰ ਅਧਿਕਾਰਾਂ ਦੀਸੋਝੀ ਕਰਾ ਕੇ ਉਨ੍ਹਾਂ ਲਈ ਚਾਨਣ ਮੁਨਾਰਾ ਬਣਦੀ ਹੈ। ਪ੍ਰਕਾਸ਼ ਰਾਹੀ ਹੀ ਸੋਹਣ ਸਿੰਘ ਸੀਤਲ ਦਾ ਪਿੰਡ ਸੁਧਾਰ ਦਾਮੰਤਵ ਪੂਰਾ ਹੁੰਦਾ ਹੈ। ਇਸੇ ਰਾਹੀ ਹੀ ਉਹ ਸਿੱਧ ਕਰਦਾ ਹੈ ਕਿ ਇਸਤਰੀ ਸਮਾਜ ਦੇ ਹਰੇਕ ਕੰਮ ਵਿਚ ਹਿੱਸਾ ਲੈ ਕੇ ਉਸਨੂੰ ਪੂਰਾ ਕਰਨ ਦੀ ਸ਼ਕਤੀ ਰਖਦੀ ਹੈ।

ਕ੍ਰਿਪਾਲ (ਜੰਗ ਜਾਂ ਅਮਨ) ਪਤਨੀਦੇ ਰੂਪ ਵਿਚ ਇਕ ਆਦਰਸ਼ਕ ਪਾਤਰ ਹੈ ਜੋ ਆਪਣੇ ਬਰਾਬਰੀ ਦੇ ਹੱਕਾਂ ਬਾਰੇ ਪੂਰਣ ਤੌਰ ਤੇ ਚੇਤੰਨ ਹੈ। ਜੇ ਸਮਾਜ ਕ੍ਰਿਪਾਲ ਦੇ ਹੱਕਾਂ ਵਿਚ ਰੁਕਾਵਟ ਬਣਦਾ ਹੈ ਤਾਂ ਉਹ ਉਸ ਤੋਂਬਦਲਾ ਲੈਣ ਲਈ ਤਿਆਰ ਹੋ ਜਾਂਦੀ ਹੈ। ਭਾਵੇਂ ਉਸਦਾ ਬਦਲਾ ਲੈਣ ਦਾ ਢੰਗ ਠੀਕ ਨਹੀਂ ਹੈ। ਕ੍ਰਿਪਾਲ ਆਪਣੇ ਪਤੀ ਦਾ ਪੂਰੀ ਤਰ੍ਹਾਂ ਆਦਰ ਕਰਦੀ ਹੈ। ਜਦੋਂ ਮਹਿੰਦਰ ਸਿੰਘ ਕੋਲ ਹੁੰਦਾ ਹੈ ਤਾਂ ਵੀ ਉਸ ਨਾਲ ਡੰਗਰਾਂ ਦੇ ਕੰਮ ਵਿਚ ਮਦਦ ਕਰਦੀ ਹੈ। ਜਦੋਂ ਫੌਜ ਵਿਚ ਭਰਤੀ ਹੋ ਜਾਂਦਾ ਹੈ ਤਾਂ ਵੀ ਉਸਦੇ ਯਾਦ ਵਿਚ ਹੀ ਜਿਊਦੀ ਹੈ। ਫੌਜ ਵਿਚ ਭਰਤੀ ਹੋ ਜਾਣ ਤੋਂ ਬਾਅਦ, ਉਸਦੀ ਮੌਤ ਦੀ ਝੂਠੀ ਖ਼ਬਰ ਸੁਣ ਕੇ ਵੀ ਕ੍ਰਿਪਾਲ ਪਤੀ ਦੀ ਯਾਦ ਵਿਚ ਹੀ ਜਿਉਂਦੀ ਹੈ। ਪਤੀ ਦੀ ਪ੍ਰੇਮਣ (ਕ੍ਰਿਪਾਲ) ਸਮਾਜ ਵਿਰੁਧ ਬੋਲ ਉਠਦੀ ਹੈ:

> ਬਿਲਕੁਲ ਨਹੀ ਮੈਂ ਮਰਨ ਵਾਲੇ ਦੇ ਸਤ ਵਿਚ ਕਟਾਂਗੀ ਜੀਹਨੇ
> ਮੈਨੂੰ ਕੁੱਝ ਕਿਹਾ ਮੈਥੋਂ ਬੁਰਾ ਕੋਈ ਨਹੀਂ।[80]

ਕੁਮਾਰੀ (ਅੰਨੀ ਸੁੰਦਰਤਾ) ਵੀਆਪਣੇ ਅਧਿਕਾਰਾਂ ਤੋਂ ਜਾਣੂ ਨਾਇਕਾ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਉਂਦੀ ਹੈ। ਕੁਮਾਰੀ ਸਕੂਲ ਖੋਲ੍ਹਦੀ ਹੈ, ਜਿਸ ਵਿਚ ਬੱਚਿਆਂ ਨੂੰ ਮੁਫ਼ਤ ਪੜ੍ਹਾਇਆ ਜਾਂਦਾ ਹੈ।

ਇਸਤਰੀ ਦਾ ਵਿਅਕਤੀਗਤ ਯਥਾਰਥ :

ਸੋਹਣ ਸਿੰਘ ਸੀਤਲ ਦੇ ਇਸਤਰੀ ਪਾਤਰ ਆਪਣੇ ਹੱਕਾਂ ਨੂੰ ਪਛਾਣਦੇ ਹੋਏ ਅਤੇ ਇਨ੍ਹਾਂ ਨੂੰ ਪ੍ਰਾਪਤ ਕਰਨ ਲਈ ਸਮਾਜ ਤੋਂ ਬਦਲਾ ਲੈਣੋਂ ਨਹੀ ਟਲਦੇ। ਉਹ ਤਾਂ ਮਰਦ ਪ੍ਰਧਾਨ ਸਮਾਜ

ਦੀ ਤੰਗ ਦਿਲੀ ਨੂੰ ਖੋਲ੍ਹਦੇ ਹਨ ਅਤੇ ਉਨ੍ਹਾਂ ਨੂੰ ਅਹਿਸਾਸ ਕਰਾਉਂਦੇ ਹਨ ਕਿ ਅਜ ਦੀ ਔਰਤ ਉਹ ਨਹੀਂ ਰਹੀ, ਜਿਸਨੂੰ ਤੁਸੀਂ ਪੈਰ ਦੀ ਜੁੱਤੀ ਸਮਝ ਕੇ ਠੁਕਰਾਉਂਦੇ ਰਹੇ ਹੋ। ਉਸ ਤੇ ਜ਼ੁਲਮ ਢਾਹੁੰਦੇ ਰਹੇ ਹੋ ਅਤੇ ਆਪਣੀ ਮਰਜ਼ੀ ਅਨੁਸਾਰ ਬੇਸਹਾਰਾ ਇਸਤਰੀ ਨੂੰ ਢਾਲਦੇ ਰਹੇ ਹੋ,ਜਿਹੜੀ ਤੁਹਾਡੀਆਂ ਕੀਤੀਆਂ ਹੋਈਆਂ ਵਧੀਕੀਆਂ ਨੂੰ ਕਿਸਮਤ ਸਮਝ ਕੇ ਜਰੀ ਜਾਂਦੀ ਰਹੀ ਹੈ। ਹੁਣ ਦੀ ਇਸਤਰੀ ਚੇਤੰਨ ਹੈ ਅਤੇ ਆਪਣੇ ਹੱਕਾਂ ਬਾਰੇ ਸੁਚੇਤ ਹੈ। ਉਹ ਮਰਦ ਜਾਤ ਨਾਲੋਂ ਕਿਸੇ ਗੱਲੋਂਵੀ ਘੱਟ ਨਹੀਂ ਹੈ। ਇਸ ਲਈ ਉਸਦੀ ਕੀਤੀ ਵਧੀਕੀ ਨੂੰ ਉਹ ਸਹਿ ਨਹੀਂ ਸਕੇਗੀ, ਸਗੋਂ ਮਰਦ ਜਾਤ ਤੋਂ ਉਸ ਵਧੀਕੀ ਦਾ ਕਾਰਣ ਚੰਗੀ ਤਰ੍ਹਾਂ ਘੋਖ ਕੇ ਪੁੱਛੇਗੀ। ਉਹ ਮਰਦ ਦੇ ਬਰਾਬਰ ਹੱਕਾਂ ਦੀ ਪ੍ਰਾਪਤੀ ਲਈ ਸਿਰ ਧੜ ਦੀ ਬਾਜ਼ੀ ਲਾਉਣ ਲਈ ਵੀ ਤਿਆਰ ਹੋ ਜਾਂਦੀ ਹੈ। ਠੀਕ ਉਸੇ ਤਰ੍ਹਾਂ, ਮਜ਼ਦੂਰ ਸਰਮਾਇਦਾਰੀ ਵਿਰੁਧ ਤੇ ਕਿਰਸਾਨ ਜਾਗੀਰਦਾਰੀ ਵਿਰੁਧ ਸਿਰ ਧੜ ਦੀ ਬਾਜ਼ੀ ਲਾਉਣ ਲਈ ਤਿਆਰ ਹਨ। ਇਸੇ ਤਰ੍ਹਾਂ ਆਪਣੇ ਹੱਕਾਂ ਤੋਂ ਚੇਤੰਨ ਇਸਤਰੀ ਇਥੇ, ਇਸ ਦੋਗਲੇ ਨਿਜ਼ਾਮ ਵਿਰੁਧ, ਜਿਸ ਵਿਚ ਉਸਨੂੰ ਅਬਾਲਾ ਸਮਝਿਆ ਜਾਂਦਾ ਹੈ, ਉਸਦੀਆਂ ਸਧਰਾਂ ਅਤੇ ਅਰਮਾਨਾਂ ਨੂੰ ਬੁਰੀ ਤਰ੍ਹਾਂ ਕੁਚਲ ਕੇ ਉਨ੍ਹਾਂ ਨੂੰ ਲੀਰੋ ਲੀਰ ਕੀਤਾ ਜਾਂਦਾ ਹੈ, ਦੇ ਵਿਰੁਧ ਜਾਨ ਦੀ ਬਾਜ਼ੀ ਲਾਉਣ ਲਈ ਤਿਆਰ ਹੈ।

ਸ਼ਾਮੋ (ਜਵਾਲਾਮੁਖੀ) ਨੂੰ ਸੀਤਲ ਨੇ ਆਧੁਨਿਕ ਇਸਤਰੀ ਦੇ ਰੂਪ ਵਿਚ ਲਿਆ ਹੈ । ਸ਼ਾਮੋ ਦੇ ਮਨ ਦੀ ਜਵਾਲਾ ਨੂੰ ਇਸ ਨਾਵਲ ਵਿਚ ਚੰਗੀ ਤਰ੍ਹਾਂ ਪ੍ਰਸਤੁਤ ਕੀਤਾ ਹੈ। ਇਹ ਜਵਾਲਾ ਸ਼ਾਮੋ ਨੂੰ ਸਮਾਜ ਵਿਚ ਪੁਰਸ਼ ਦੇ ਬਰਾਬਰ ਦੀ ਥਾਂ ਪ੍ਰਾਪਤ ਕਰਨ ਲਈ ਉਤਸ਼ਾਹ ਕਰਦੀ ਹੈ। ਸ਼ਾਮੋ ਸਮਾਜ ਦੇ ਝੂਠੇ ਅੰਡਬਰ ਵਿਰੁਧ ਬਗਾਵਤ ਕਰ ਦਿੰਦੀ ਹੈ। ਉਹ ਜ਼ਬਰਦਸਤੀ ਦੇ ਬਣਾਏ ਪਤੀ ਨੂੰ ਸਾਰੀ ਉਮਰ ਮੂੰਹ ਵੀ ਨਹੀਂ ਵਿਖਾਉਂਦੀ। ਆਪਣੇ ਬਚਪਨ ਦੇ ਪ੍ਰੇਮੀ ਦੇ ਦੁੱਖ ਵਿਚ ਹੀ ਘੁੱਲ-ਘੁੱਲ ਕੇ ਮਰ ਜਾਂਦੀ ਹੈ। ਸੀਤਲ ਨੇ ਸ਼ਾਮੋ ਨੂੰ ਸੱਚੀ ਪ੍ਰੇਮਿਕਾ ਦੇ ਰੂਪ ਵਿਚ ਅਤੇ ਇਕ ਆਧੁਨਿਕ ਇਸਤਰੀ ਦੇ ਰੂਪ ਵਿਚ ਦਰਸਾਇਆ ਹੈ। ਸ਼ਾਮੋ ਦੇ ਦਿਲ ਵਿਚ ਆਪਣੀ ਭੈਣ ਗੁਰਨਾਮ ਲਈ ਸੱਚਾ ਪਿਆਰ ਹੈ। ਸ਼ਾਮੋ ਯਥਾਰਥਿਕ ਪਾਤਰ ਹੈ। ਇਹੋ ਜਿਹੇ ਇਸਤਰੀ ਪਾਤਰ ਸਾਰੇ ਸਮਾਜ ਵਿਚ ਆਮ ਮਿਲਦੇ ਹਨ, ਜਿਨ੍ਹਾਂ

ਨੂੰ ਸਮਾਜ ਆਪਣੀ ਜਵਾਲਾ ਦੀ ਭੱਠੀ ਵਿਚ ਸਾੜਦਾ ਹੈ, ਪਰ ਵੇਲੇ ਸਿਰ ਇਹੋ ਜਿਹੇ ਪਾਤਰ ਬੋਲਦੇ ਨਹੀ। ਸਮਾਂ ਲੰਘ ਜਾਣ ਤੋਂ ਬਆਦ ਚੇਤੰਨ ਹੁੰਦੇ ਹਨ, ਜਿਵੇਂ ਸ਼ਾਮੋ ਪਹਿਲਾਂ ਮਾਂ ਬਾਪ ਅਗੇ ਕੁਸਕਦੀ ਨਹੀਂ ਬਾਅਦ ਵਿਚ ਬੁੱਢੇ ਪਤੀ ਨੂੰ ਮੂੰਹ ਵੀ ਨਹੀ ਦਿਖਾਉਂਦੀ ਅਤੇ ਅਗੋਂ ਬੋਲ ਕੇ ਘਰ ਦਾ ਜੀਵਨ ਦੁਖੀ ਕਰਦੀ ਹੈ। ਪਰ ਕੁਝ ਵੀ ਹੋਵੇ ਇਹ ਆਪਣੇ ਅਧਿਕਾਰਾਂ ਬਾਰੇ ਚੇਤੰਨ ਪਾਤਰ ਹੈ।

ਸੀਤਲ ਦੇ ਕਈ ਪਾਤਰ ਆਪਣੇ ਪੈਰਾਂ ਤੇ ਆਪ ਖੜੇ ਹੋਣ ਦਾ ਯਤਨ ਕਰਦੇ ਹਨ ਜਿਵੇਂ 'ਪਤਵੰਤੇ ਕਾਤਲ' ਨਾਵਲ ਦੀ ਮਨਜੀਤ ਮਸ਼ੀਨ ਚਲਾ ਕੇ, 'ਦੀਵੇਟੀ ਲੋਅ' ਦੀ ਨਾਇਕਾ ਨਸੀਰਾਂ ਹੱਥੀਂ ਜੁੱਤੀਆਂ ਤੇ ਕੱਢਾਈ ਕਰਕੇ, 'ਧਰਤੀ ਦੀ ਬੇਟੀ' ਦੀ ਰੂਪਾ ਆਪਣੇ ਹੱਥਾਂ ਨਾਲਹਲਵਾਹ ਅਤੇ 'ਧਰਤੀ ਦੇ ਦੇਵਤੇ' ਦੀ ਪ੍ਰਕਾਸ਼ ਹਾਣੀਂ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੀ ਹੈ। ਪਿੰਡ-ਪਿੰਡ ਵਿਚ ਜਾ ਕੇ ਸਮਾਜ-ਸੁਧਾਰ ਦਾਪ੍ਰਚਾਰ ਕਰਦੀ ਹੈ। ਸੀਤਲ ਦੇ ਪ੍ਰਸਿੱਧ ਨਾਵਲ'ਜੰਗ ਜਾਂ ਅਮਨ'ਦੀ ਕ੍ਰਿਪਾਲ ਸੌਹਰਿਆਂ ਦਾ ਕਰਜ਼ਾ ਲਾਹੁਣ ਲਈ ਖੇਤਾਂ ਵਿਚੋਂਆਪ ਆਪਣੇ ਪਤੀ ਦਾ ਨਾਲ ਜਾ ਕੇ ਪੱਠੇ ਲਿਆਉਂਦੀ ਹੈ ਅਤੇ ਘਰ ਦਾ ਹੋਰ ਸਾਰਾ ਕੰਮ ਕਰਦੀ ਹੈ।

ਇਸ ਪ੍ਰਕਾਰ ਸੀਤਲ ਨੂੰ ਭਾਰਤ ਦੀ ਇਸਤਰੀ ਨੂੰ ਇਕਨਵੀਂ ਸਥਿਤੀ ਤੇ ਬਦਲ ਰਹੇ ਰੂਪ ਵਿਚ ਪ੍ਰਗਟ ਕੀਤਾ ਹੈ। ਆਧੁਨਿਕ ਇਸਤਰੀ ਸਮਾਜ ਦੀਆਂ ਕਿਸੇਵੀ ਪ੍ਰਕਾਰ ਦੀਆਂ ਗਲਤ ਕੀਮਤਾਂ ਨਾਲ ਕਿਸੇ ਵੀ ਪੱਧਰ ਤੇ ਸਮਝੌਤਾ ਕਰਨ ਨੂੰ ਤਿਆਰ ਨਹੀ ਹੈ। ਸੁਤੰਤਰਤਾ ਪਿਛੋਂ ਉਸਨੂੰ ਨਵੀ ਚੇਤੰਨਤਾ ਨੂੰ ਟੰਬ ਦਿੱਤਾ ਹੈ, ਉਸਨੂੰ ਸਨਮਾਨ ਨਾਲ ਜੀਣ- ਅਤੇ ਬੋਲਣ ਦੇ ਅਧਿਕਾਰਾਂ ਦੀ ਸੂਝ ਹੀ ਗਈ ਹੈ। ਉਸਨੂੰ ਆਪਣੇ ਆਪ ਨੂੰ ਸਮੇਂ ਦੇ ਅਨੁਕੂਲ ਢਾਲ ਲਿਆ ਹੈ। ਉਹ ਆਰਥਕ ਪੱਖ ਤੋਂ ਵੀ ਸੁਤੰਤਰ ਹੋਣ ਲਈ ਯਤਨਸ਼ੀਲ ਹੈ।ਇਸ ਤਰ੍ਹਾਂ ਸੀਤਲ ਦੇ ਇਸਤਰੀ ਪਾਤਰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸਮਾਜ ਦੀਆਂ ਬੁਰਾਈਆਂ ਦੇ ਵਿਰੁਧ ਸੰਘਰਸ਼ ਕਰਦੇ ਹਨ।

<u>ਸਮਾਨਤਾ :</u> ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੇ ਇਸਤਰੀ ਪਾਤਰ ਆਪਣੀ ਇਤਿਹਾਸਕਤਾ, ਮਿਥਿਹਾਸਕਤਾ, ਆਦਰਸ਼, ਸਮਾਜਿਕਤਾ ਤੇ ਸਭ ਤੋਂ ਵੱਧ ਇਸਤਰੀਤੱਵ ਦੀਆਂ ਵਿਸ਼ੇਸ਼ਤਾਵਾਂ ਲੈ ਕੇ ਪੇਸ਼ ਹੁੰਦੇ ਹਨ। ਨਾਵਲ ਵਿਚ ਹੀ ਨਹੀਂ ਮਨੁੱਖ ਦੇ ਜੀਵਨ ਵਿਚ ਇਸਤਰੀ ਦਾ ਸਥਾਨ ਮਹੱਤਵਪੂਰਨ ਹੋਣ ਦੇ ਬਾਵਜੂਦ ਵੀ ਇਸਤਰੀ ਦੀ ਦੁਰਵਰਤੋਂ ਹੁੰਦੀ ਹੈ। ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ

ਦੋਵੇਂ ਹੀ ਇਸਤਰੀ ਪਾਤਰਾਂ ਦੀ ਤਸਵੀਰ ਖਿਚਣ ਲਗਿਆਂ ਕਾਫੀ ਚੁਕੰਨੇ, ਜਾਗਰੂਕ ਤੇ ਸੁਹਜ ਦ੍ਰਿਸ਼ਟੀ ਰਖਦੇ ਹਨ। ਦੋਵੇਂ ਹੀ ਇਸਤਰੀ ਦੀ ਸਥਿਤੀ ਸੁਧਾਰਨ ਵਲ ਵਿਸ਼ੇਸ਼ ਧਿਆਨ ਦਿੰਦੇ ਹਨ ਪੁਰਾਣੇ ਸਾਹਿਤ ਵਾਂਗ ਇਸਤਰੀ ਦੇ ਵੱਖਰੇ-ਵੱਖਰੇ ਰੂਪ ਉਘਾੜਦੇ ਹਨ। ਮਾਂ, ਭੈਣ, ਪਤਨੀ, ਪ੍ਰੇਮਿਕਾ ਧੀ, ਵਿਧਵਾ ਦੇ ਰੂਪ ਵਿਚ, ਵੇਸ਼ਵਾ ਦੇ ਰੂਪ ਵਿਚ; ਨਾਨਕ ਸਿੰਘ ਦੇ ਪ੍ਰਮੁੱਖ ਇਸਤਰੀ ਪਾਤਰ ਸੁੰਦਰੀ (ਚਿੱਟਾ ਲਹੂ), ਸਰੋਜ (ਅੱਧ ਖਿੜਿਆ ਫੁੱਲ) ਪੁੰਨਿਆਂ (ਮੰਝਧਾਰ), ਕਾਮਨੀ (ਕਟੀ ਹੋਈ ਪਤੰਗ), ਲਲਿਤਾ (ਸੰਗਮ), ਮਿਸ ਪ੍ਰੀਤਮ (ਸਰਾਪੀਆਂ ਰੂਹਾਂ), ਪੁਸ਼ਪਾ (ਪਿਆਰ ਦੀ ਦੁਨੀਆਂ), ਰਮਿੰਦਰ (ਧੁੰਦਲੇ ਪਰਛਾਵੇਂ), ਸੁਲੋਚਨਾ (ਆਦਮਖੋਰ) ਆਦਿ ਪੂਰੇ ਸਾਹਿਤ ਖੇਤਰ ਵਿਚ ਆਪਣਾ ਵਿਸ਼ੇਸ਼ ਸਥਾਨ ਰਖਦੀਆਂ ਹਨ। ਇਸੇ ਤਰ੍ਹਾਂ ਦੇ ਪ੍ਰਮੁੱਖ ਇਸਤਰੀ ਪਾਤਰ ਚੰਦੋ (ਮੁੱਲ ਦਾ ਮਾਸ) ਮਨਜੀਤ (ਪਤਵੰਤੇ ਕਾਤਲ), ਕੁਮਾਰੀ (ਅੰਨ੍ਹੀ ਸੁੰਦਰਤਾ), ਪਾਲੋ (ਜੰਗ ਜਾਂ ਅਮਨ), ਬਸੰਤ ਕੌਰ (ਜੁਗ ਬਦਲ ਗਿਆ), ਨਸੀਰਾਂ (ਦੀਵੇ ਦੀ ਲੋਅ), ਰੂਪਾਂ (ਧਰਤੀ ਦੀ ਬੇਟੀ), ਪ੍ਰਕਾਸ਼ (ਧਰਤੀ ਦੇ ਦੇਵਤੇ), ਆਦਿ ਹਰ ਰੂਪ ਵਿਚ ਉਘੜ ਕੇ ਸਾਹਮਣੇ ਆਉਂਦੀਆਂ ਹਨ। ਇਹ ਸਭ ਇਸਤਰੀਆਂ ਸਮਾਜਿਕਤਾ, ਨੂੰ ਸਮਾਜ ਵਿਚਲੀ ਸਮਕਾਲੀ ਸਮੱਸਿਆ ਨੂੰ ਮੁੱਖ ਰਖਦੀਆਂ ਹਨ। ਜੀਵਨ ਦੀਆਂ ਤਲਖੀਆਂ, ਸੱਚੀਆਂ ਕੌੜੀਆਂ ਹਕੀਕਤਾਂ ਨੂੰ ਅਨੁਭਵ ਕਰਕੇ ਇਸਤਰੀ ਪਾਤਰਾਂ ਨੂੰ ਚਿਤਰਿਆ ਹੈ।

ਇਸ ਤਰ੍ਹਾਂ ਸੋਹਣ ਸਿੰਘ ਸੀਤਲ ਵੀ ਇਸਤਰੀ ਦਾ ਪਾਤਰ ਚਿਤਰਣ ਲਗਿਆਂ ਨਾਨਕ ਸਿੰਘ ਤੋਂ ਪਿਛਾਂਹ ਨਹੀਂ ਹੈ। ਨਾਨਕ ਸਿੰਘ ਵਾਂਗ ਹੀ ਸੀਤਲ ਇਸਤਰੀ ਨੂੰ ਆਪਣੇ ਨਾਵਲਾਂ ਵਿਚ ਲਿਆ ਕੇ ਖੜਾ ਹੀ ਨਹੀਂ ਕਰਦਾ, ਸਗੋਂ ਤੁਰਦਾ ਤੇ ਕਰਿਆਵਾਂ ਕਰਦਾ ਵੀ ਦਿਖਾਉਂਦਾ ਹੈ। ਦੋਵਾਂ ਨਾਵਲਕਾਰਾਂ ਦੇ ਨਾਵਲਾਂ ਦੀਆਂ ਇਸਤਰੀਆਂ ਕਿਸੇ ਵਿਸ਼ੇਸ਼ ਵਰਗ ਨਾਲ ਸੰਬੰਧਿਤ ਨਹੀਂ ਹਨ। ਦੋਵੇਂ ਹੀ ਕੁਝ ਨਾਵਲਾਂ ਵਿਚ ਵਿਧਵਾ, ਵੇਸ਼ਵਾਪੁਣਾ, ਲਾਚਾਰੀ, ਜ਼ਬਰਦਸਤੀ, ਆਦਿ ਜਿਹੇ ਵਿਸ਼ਿਆਂ ਵਿਚ ਇਸਤਰੀ ਨੂੰ ਕੁਰਲਾਉਂਦਿਆਂ ਨਹੀਂ ਦਿਖਾਉਂਦੇ, ਸਗੋਂ ਉਹ ਬੇ-ਝਿਝਕ ਹੋ ਕੇ ਬੋਲਦੀਆਂ ਹਨ। ਉਨ੍ਹਾਂ ਦੇ ਮੂੰਹ ਵਿਚ ਜ਼ੁਬਾਨ ਹੈ ਅਤੇ ਉਹ ਕਿਤੇ ਕਿਤੇ ਬਾਗ਼ੀ ਵੀ ਹੋ ਜਾਂਦੀਆਂ ਹਨ। ਨਾਨਕ ਸਿੰਘ ਅਤੇ ਸੀਤਲ ਦੀਆਂ ਧੜੱਲੇਦਾਰ, ਪ੍ਰਸਿੱਧ ਤੇ ਚੌਕੰਨੀ ਇਸਤਰੀਆਂ ਜਿਨ੍ਹਾਂ ਨੇ ਆਪਣੀ ਥਾਂ ਆਪ ਹੀ ਬਣਾਈ ਹੈ, ਉਹ ਹਨ: ਸੁੰਦਰੀ (ਚਿੱਟਾ ਲਹੂ), ਪੁਸ਼ਪਾ (ਪਿਆਰ ਦੀ ਦੁਨੀਆਂ), ਕਾਮਨੀ (ਕਟੀ ਹੋਈ

ਪਤੰਗ), ਮਿਸ ਪ੍ਰੀਤਮ (ਸ਼ਰਾਪੀਆਂ ਰੂਹਾਂ), ਰਮਿੰਦਰ (ਧੁੰਧਲੇ ਪਰਛਾਵੇਂ), ਸੁਲੋਚਨਾ (ਆਦਮਖੋਰ) ਪੁੰਨਿਆਂ (ਮੱਝਧਾਰ), ਅਤੇ ਸੀਤਲ ਦੇ ਮਨਜੀਤ (ਪਤਵੰਤੇ ਕਾਤਲ ), ਕੁਮਾਰੀ, ਰੂਪਾਂ, ਚੰਪਾ (ਅੰਨ੍ਹੀ ਸੁੰਦਰਤਾ), ਨਸੀਰਾਂ (ਦੀਵੇ ਦੀ ਲੋਅ) ਰੂਪਾਂ (ਧਰਤੀ ਦੀ ਬੇਟੀ), ਕਮਲਾ, ਸਰਲਾ ਦੇਵੀ,ਵੀਨਾਂ (ਧਰਤੀ ਦੀ ਬੇਟੀ) ਆਦਿ।

ਦੋਹਾਂ ਨਾਵਲਕਾਰਾਂ ਨੇ ਅਨਜੋੜ ਵਿਆਹ ਤੋਂ ਉਤਪੰਨ ਹੋਏ ਦੁਖਾਂ ਨੂੰ ਸਹਾਰਦੀ ਇਸਤਰੀ ਪੇਸ਼ ਕੀਤੀ ਹੈ। ਦੋਵੇਂ ਹੀ ਵਿਧਵਾ ਇਸਤਰੀ ਦੀ ਸਮੱਸਿਆ ਦਾ ਹਲ ਉਸਦਾ ਦੂਸਰਾ ਵਿਆਹ ਦਸਦੇ ਹਨ। ਨਾਨਕ ਸਿੰਘ ਨਾਵਲ 'ਪਿਆਰ ਦੀ ਦੁਨੀਆਂ' ਵਿਚ ਪ੍ਰੀਤਮ ਸਿੰਘ ਦਾ ਵਿਧਵਾ ਮਨੋਰਮਾ ਨਾਲ ਵਿਆਹ ਕਰਵਾਉਂਦਾ ਹੈ ਅਤੇ ਸੋਹਣ ਸਿੰਘ ਸੀਤਲ 'ਪਤਵੰਤੇ ਕਾਤਲ' ਵਿਚ ਵਿਧਵਾ ਮਨਜੀਤ ਦਾ ਵਿਆਹ ਕੁਲਵੰਤ ਨਾਲ ਹੁੰਦਾ ਵਿਖਾਉਂਦਾ ਹੈ।

ਦੋਵਾਂ ਨਾਵਲਕਾਰਾਂ ਦੇ ਇਸਤਰੀ ਪਾਤਰ ਆਦਰਸ਼ਕ ਪਾਤਰ ਹਨ। ਭਾਵੇਂ ਸੀਤਲ ਦੇ ਪਾਤਰ ਪੇਂਡੂ ਜੀਵਨ ਦੇ ਪ੍ਰਤੀਨਿਧ ਹਨ। ਦੋਨਾਂ ਨੇ ਬੁੱਢੀਆਂ , ਮੋਮੋਠਗਣੀਆਂ ਇਸਤਰੀਆਂ ਨੂੰ ਯਥਾਰਥਿਕ ਰੂਪ ਵਿਚ ਪੇਸ਼ ਕੀਤਾ ਹੈ। ਇਸਤਰੀ ਪ੍ਰਤੀ ਦੋਵਾਂ ਦਾ ਦ੍ਰਿਸ਼ਟੀਕੋਣ ਇਕੋ ਹੈ। ਦੋਵਾਂ ਦਾ ਸਾਹਮਣੇ ਆਦਰਸ਼ਵਾਦ ਹੈ। ਉਨ੍ਹਾਂ ਦੇ ਮੌਜੂਦਾ ਇਸਤਰੀ ਦੀ ਸਥਿਤੀ ਦਾ ਸੁਧਾਰ ਕਰਨਾ ਹੈ। ਇਸ ਲਈ ਇਸਤਰੀ ਪ੍ਰਤੀ ਸਾਡੀ ਸ਼ਰਧਾ ਉਪਜਾਈ ਹੈ।

ਦੋਵਾਂ ਨਾਵਲਕਾਰਾਂ ਦੇ ਇਸਤਰੀ ਪਾਤਰਾਂ ਵਿਚ ਸਮਾਨਤਾਵਾਂ ਹੋਣਦੇ ਬਾਵਜੂਦ ਵੀ ਥੋੜੀ ਬਹੁਤ ਭਿੰਨਤਾ ਜ਼ਰੂਰ ਮਿਲਦੀ ਹੈ। ਨਾਨਕ ਸਿੰਘ ਦੇ ਮੁਕਾਬਲੇ ਸੋਹਣ ਸਿੰਘ ਸੀਤਲ ਦਾ ਇਸਤਰੀ ਪਾਤਰ ਯਥਾਰਥ ਦੇ ਵਧੇਰੇ ਨੇੜੇ ਹਨ। ਉਸ ਨੇ ਪਾਤਰ ਚਿਤਰਣ ਵਿਚ ਬੌਧਿਕਤਾ ਤੇ ਤੀਖਣ ਸੂਝ ਦੀ ਵਰਤੋਂ ਕੀਤੀ ਹੈ। ਨਾਨਕ ਸਿੰਘ ਪਾਤਰ ਚਿਤਰਣ ਲਗਿਆਂ ਉਪਭਾਵੁਕ ਹੋ ਜਾਂਦਾ ਹੈ। ਉਹ ਇਸਤਰੀਆਂ ਦੀ ਸਮੱਸਿਆ ਨੂੰ ਦੁਖ ਨਾਲ ਤਾਂ ਉਲੀਕਦਾ ਹੈ ਪਰ ਉਨ੍ਹਾਂ ਨੂੰ ਕੋਈ ਰਸਤਾ ਨਹੀਂ ਸੁਝਾਂਦਾ। ਇਸ ਪੱਖੋਂ ਸੀਤਲ ਨੇ ਇਸਤਰੀ ਪਾਤਰਾਂ ਨੂੰ ਮਨੋਵਿਗਿਆਨਕ ਤੇ ਯਥਾਰਥਿਕ ਦ੍ਰਿਸ਼ਟੀਕੋਣ ਤੋਂ ਚਿਤਰਿਆ ਹੈ।

ਨਾਨਕ ਸਿੰਘ ਨੇ ਆਪਣੇ ਕਈ ਨਾਵਲਾ ਵਿਚ ਵੇਸ਼ਵਾ ਇਸਤਰੀ ਨੂੰ ਚਿਤਰਿਆ ਹੈ, ਭਾਵੇਂ ਉਹ ਆਪਣੇ ਉਤੇ ਹੋਏ ਜ਼ੁਲਮਾਂ ਦਾ ਬਦਲਾ ਲੈਣ ਲਈ ਹੀ ਕਿਉਂ ਨਾ ਵੇਸ਼ਵਾ ਬਣਨ, ਪਰ ਸੀਤਲ ਨੇ ਵੇਸ਼ਵਾ ਰੂਪ ਨੂੰ ਨਾਵਲਾਂ ਵਿਚ ਪੇਸ਼ ਨਹੀਂ ਕੀਤਾ, ਸਿਰਫ ਇਕ-ਦੋ ਥਾਂ ਤੇ ਜਾਗੀਰਦਾਰਾਂ ਦੇ ਸ਼ੌਕ ਵਜੋਂ ਜ਼ਿਕਰ ਜ਼ੀ ਕੀਤਾ ਹੈ। ਨਾਨਕ ਸਿੰਘ ਦੇ ਇਸਤਰੀ ਪਾਤਰ ਭਲੀ ਭਾਂਤ ਜਾਣਦੇ ਹਨ ਕਿ ਉਨ੍ਹਾਂ ਦੀ ਗਿਰਾਵਟਦਾ ਕਾਰਨ ਮਰਦ ਪ੍ਰਧਾਨ ਸਮਾਜ ਹੈ। ਉਸਦੇ ਵੱਖ-ਵੱਖ ਦੌਰਾਂ ਦੇ ਨਾਵਲਾਂ ਵਿਚ ਇਨ੍ਹਾਂ ਦੁੱਖਾਂ ਅਤੇ ਮੁਸੀਬਤਾਂ ਪ੍ਰਤੀ ਇਸਤਰੀ-ਪਾਤਰ ਵੱਖ-ਵੱਖ ਢੰਗ ਨਾਲ ਪ੍ਰਤੀਕਰਮ ਕਰਦੇ ਹਨ। ਮੁੱਢਲੇ ਦੌਰ ਦੇ ਨਾਵਲਾਂ ਵਿਚ ਉਸਦੀਆਂ ਇਸਤਰੀਆਂ ਨੂੰ ਆਪਣੀ ਹਸਤੀ ਹੀ ਭਾਰੂ ਲਗਣ ਲਗ ਪੈਂਦੀ ਹੈ। ਉਹ ਸਮਾਜ ਦੇ ਗਲਤ ਅਸੂਲਾਂ ਨੂੰ ਖੂਬ ਜਾਣਦੀਆਂ ਹਨ ਤੇ ਸਮਝਦੀਆਂ ਵੀ ਹਨ ਪਰ ਖੁਲੰਮ ਖੁਲ੍ਹਾ ਬਗਾਵਤ ਨਹੀਂ ਕਰਦੀਆਂ । ਦੁੱਖਾਂ ਦੀ ਚੱਕੀ ਵਿਚ ਪਿਸਦੀਆਂ ਅੰਤ ਵਿਚ ਆਤਮਘਾਤ ਕਰ ਲੈਂਦੀਆਂ ਹਨ। ਜਿਵੇਂ ਸੁੰਦਰੀ, ਚੰਪਾ, ਸ਼ੱਸ਼ੀ ਆਦਿ।

ਸੋਹਣ ਸਿੰਘ ਸੀਤਲ ਦੇ ਇਸਤਰੀ ਪਾਤਰ ਆਪਣੇ ਹੱਕਾਂ ਨੂੰ ਪਛਾਣਦੇ ਹਨ ਅਤੇ ਇਸੇ ਲਈ ਹੱਕਾਂ ਦੀ ਪ੍ਰਾਪਤੀ ਲਈ ਸਮਾਜ ਤੋਂ ਬਦਲਾ ਲੈਣੋਂ ਨਹੀਂ ਟਲਦੇ। ਉਹ ਤਾਂ ਮਰਦ ਪ੍ਰਧਾਨ ਸਮਾਜ ਦੀ ਤਬਦੀਲੀ ਨੂੰ ਲੋਚਦੇ ਹਨ। ਉਨ੍ਹਾਂ ਨੂੰ ਅਹਿਸਾਸ ਦਿਲਾਉਂਦੇ ਹਨ ਕਿ ਅੱਜ ਦੀ ਔਰਤ ਉਹ ਔਰਤ ਨਹੀ ਰਹੀ, ਜਿਸਨੂੰ ਤੁਸੀ ਪੈਰ ਦੀ ਜੁੱਤੀ ਸਮਝ ਕੇ ਠੁਕਰਾਉਂਦੇ ਰਹੇ ਹੋ, ਉਸਤੇ ਜ਼ੁਲਮ ਕਰਦੇ ਰਹੇ ਹੋ ਅਤੇ ਮਰਜ਼ੀ ਅਨੁਸਾਰ ਢਾਲਦੇ ਰਹੇ। ਜਿਹੜੀ ਤੁਹਾਡੀ ਵਧੀਕੀਆਂ ਨੂੰ ਕਿਸਮਤ ਸਮਝ ਕੇ ਜਰੀ ਜਾਵੇਗੀ। ਹੁਣ ਦੀ ਇਸਤਰੀ ਚੇਤੰਨ ਹੈ ਅਤੇ ਆਪਣੇ ਹੱਕਾਂ ਤੋਂ ਸੁਚੇਤ ਹੈ। ਉਹ ਮਰਦ ਜਾਤ ਨਾਲੋਂ ਕਿਸੇ ਗਲੋਂ ਘੱਟ ਨਹੀ ਹੈ। ਇਸ ਤਰ੍ਹਾਂ ਸੀਤਲ ਦੇ ਇਸਤਰੀ ਪਾਤਰ ਨਵੇਂ ਯੁਗ ਦੀ ਪੂਰਨ ਤੌਰ ਤੇ ਤਰਜ਼ਮਾਨੀ ਕਰਦੇ ਹਨ।

ਸੀਤਲ ਨਾਨਕ ਸਿੰਘ ਵਾਂਗ ਵਿਧਵਾ, ਵੇਸ਼ਵਾਪੁਣਾ, ਲਾਚਾਰੀ, ਜ਼ਬਰਦਸਤੀ ਆਦਿ ਜਿਹੇ ਵਿਸ਼ਿਆਂ ਵਿਚ ਇਸਤਰੀ ਨੂੰ ਕੁਰਲਾਉਂਦਿਆਂ ਨਹੀਂ ਦਿਖਾਉਂਦਾ। ਸੋਹਣ ਸਿੰਘ ਸੀਤਲ ਦੇ ਪਾਤਰ ਯਥਾਰਥਿਕ ਹਨ ਜਦੋਂ ਕਿ ਨਾਨਕ ਸਿੰਘ ਆਪਣੇ ਪਾਤਰਾਂ ਨੂੰ ਮਰਜ਼ੀ ਅਨੁਸਾਰ ਢਾਲ ਲੈਂਦਾ ਹੈ।

ਅੰਤ ਵਿਚ ਅਸੀ ਇਹੀ ਕਹਾਂਗੇ ਕਿ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਨੇ

ਬਜ਼ੁਰਗ ਇਸਤਰੀਆਂ, ਜੁਆਨ ਇਸਤਰੀਆਂ, ਵਿਧਵਾ ਇਸਤਰੀਆਂ, ਪ੍ਰੇਮਕਾਵਾਂ, ਧੀਆਂ, ਭੈਣਾਂ, ਹਰ ਇਕ ਦੇ ਹਾਵ-ਭਾਵ ,ਰਹਿਣੀ-ਬਹਿਣੀ ਤੇ ਬੋਲੀ ਨੂੰ ਅਤਿ ਸੁਘੜਤਾ ਨਾਲ ਉਲੀਕਿਆ ਹੈ। ਇਸ ਤੋਂ ਛੁੱਟ ਦੋਵਾਂ ਨਾਵਲਕਾਰਾਂ ਨੇ ਸੌਕਣਾਂ ਦੀ ਲੜਾਈ, ਮਤਰੇਈ ਮਾਂ ਦਾ ਸਲੂਕ, ਮਾਂ ਧੀ ਦੀ ਲੜਾਈ ,ਨੂੰਹ ਸੱਸ ਦੀ ਲੜਾਈ ਨੂੰ ਵੀ ਬੜੇ ਯਥਾਰਥਿਕ ਢੰਗ ਨਾਲ ਨਿਭਾਇਆ ਹੈ।

<u>ਸਮਾਜਿਕ ਪਿਛੋਕੜ ਵਿਚ ਇਸਤਰੀ ਦੀ ਦਸ਼ਾ ਦਾ ਚਿਤਰਣ :</u>

ਮਰਦ ਪ੍ਰਧਾਨ ਸਮਾਜ ਵਿਚ ਇਸਤਰੀ ਦੀ ਦਸ਼ਾ ਹਮੇਸ਼ਾ ਦੁਖਦਾਈ ਰਹੀ ਹੈ। ਵੇਦ-ਕਾਲੀਨ, ਕ੍ਰਿਸ਼ੀ ਸਮਾਜ, ਮੱਧਕਾਲੀਨ ਸਾਮੰਤਵਾਦੀ ਸਮਾਜ ਅਤੇ ਮਸ਼ੀਨੀ ਯੁਗ ਦੇ ਮਹਾਜਨੀ ਸਮਾਜ ਵਿਚ ਇਸਤਰੀ ਦੇ ਗੁਣਾਂ ਔਗੁਣਾਂ ਦਾ ਮਾਪਦੰਡ ਮਰਦ ਦੀ ਦ੍ਰਿਸ਼ਟੀ ਹੀ ਰਹੀ ਹੈ। ਇਸਤਰੀ ਦੀ ਇਸ ਭੈੜੀ ਦਸ਼ਾ ਦਾ ਕਾਰਣ ਉਸਦੀ ਆਰਥਿਕ ਪਰ -ਨਿਰਭਰਤਾ ਹੈ। ਅਤੇ ਇਸੇ ਲਈ ਉਹ ਸੀਮਿਤ ਸੰਭਾਵਨਾਵਾਂ ਵਿਚ ਘਿਰੀ ਹੋਈ ਹੈ। ਕਿਉਂਕਿ ਅਰਥ-ਵਿਵਸਥਾ ਦਾ ਸੰਚਾਲਨ ਮਰਦ ਦੇ ਹੱਥਾਂ ਵਿਚ ਹੈ ਅਤੇ 'ਇਸਤਰੀ ਦੀ ਆਰਥਿਕ ਪਰ-ਨਿਰਭਰਤਾ ਉਸਦੇ ਕਾਰਜ-ਖੇਤਰ ਦੀ ਸੀਮਾਂ ਨੂੰ ਪ੍ਰਜਨਨ ਦੇ ਜੈਵਿਕ ਕਰਮ ਅਤੇ ਘਰ ਪਰਿਵਾਰ ਦੀ ਦੇਖ-ਭਾਲ ਤੱਕ ਸੀਮਿਤ ਕਰਦੀ ਹੈ, ਇਸ ਸੀਮਾਂ ਵਿਚ ਰਹਿਣ ਸਦਕਾ ਉਸਦਾ ਜੀਵਨ ਅਨੁਭਵ ਸੰਕੁਚਿਤ ਅਤੇ ਉਸਦਾ ਦ੍ਰਿਸ਼ਟੀਕੋਣ ਅਲਪ ਵਿਕਸਿਤ ਰਹਿੰਦਾ ਹੈ।[81] ਮਰਦ ਪ੍ਰਧਾਨ ਸਮਾਜ ਵਿਚ ਪ੍ਰਵਾਨਿਤ ਮੂਲ-ਵਿਧਾਨ ਅਨੁਸਾਰ ਨਰ-ਬੱਚੇ ਨੂੰ ਸਹਿਣਸ਼ੀਲ ਅਤੇ ਅਨੁਕੂਲ ਰੁਚੀਆਂ ਅਪਨਾਉਣ ਲਈ ਪ੍ਰੇਰਿਆ ਜਾਂਦਾ ਹੈ।[82] ਸਮਾਜਿਕ ਰਹੁ ਰੀਤਾਂ ਵੀ ਇਸਤਰੀ ਦੇ ਨਿਮਨ ਸਤਰ ਨੂੰ ਦਰਸਾਉਂਦੀਆਂ ਹਨ - ਮਸਲਨ ਕੋਰੇ ਘੜੇ ਦਾ ਪਾਣੀ ਪਹਿਲਾਂ ਮਰਦ ਨੂੰ ਪਿਲਾਉਣਾ, ਨਵੇਂ ਚੜ੍ਹੇ ਮਹੀਨੇ ਦਾ ਨਾਂ ਪਹਿਲਾਂ ਮਰਦ ਦੇ ਮੂੰਹੋਂ ਸੁਣਨਾ ਆਦਿ। ਨਿਰਸੰਦੇਹ ਅਜਿਹੀ ਸਥਿਤੀ ਵਿਚ ਇਸਤਰੀ ਦੀ ਸਥਿਤੀ ਮਾੜੀ ਅਤੇ ਕਮਜ਼ੋਰ ਧਿਰ ਦੀ ਅਤੇ ਮਰਦ ਦੀ ਸਥਿਤੀ ਸ਼ਕਤੀਵਾਨ ਧਿਰ ਦੀ ਹੁੰਦੀ ਹੈ।

ਮੱਧਕਾਲੀਨ ਅਤੇ ਪੂਰਵ ਆਧੁਨਿਕ ਕਾਲ ਵਿਚ ਇਸਤਰੀ ਦੀ ਇਸ ਸਮਾਜਿਕ ਸਥਿਤੀ ਵਿਚ

ਕੋਈ ਅੰਤਰ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਮੰਨੂ ਦੇ ਵਿਚਾਰ ਅਨੁਸਾਰ ਵਿਆਹੁਣਯੋਗ ਯੁਵਤੀ ਹਰ ਤਰ੍ਹਾਂ ਸ਼ਰੀਰਕ ਤਰੁਟੀ ਰਹਿਤ ਮਨ ਲੁਭਾਉਣੇ ਨਾ ਵਾਲੀ, ਛੋਟੇ ਦੰਦਾਂ ਅਤੇ ਸੁਹਲ ਅੰਗਾਂ ਵਾਲੀ ਹੋਣੀ ਚਾਹੀਦੀ ਹੈ।[83] ਇਸ ਵੇਰਵੇ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਮਨੂੰ ਦੇ ਵਿਚਾਰ ਅਨੁਸਾਰ ਇਸਤਰੀ ਕੇਵਲ ਇਕ ਭੋਗਣਯੋਗ ਵਿਲਾਸ-ਵਸਤੂ ਹੈ, ਜਿਸਦੇ ਜੀਵਨ ਦਾ ਮੂਲ ਪ੍ਰਯੋਜਨ ਮਰਦ ਨੂੰ ਆਨੰਦ ਪ੍ਰਦਾਨ ਕਰਨਾ ਹੈ। ਨਾ ਕਿ ਵਿਅਕਤੀ ਵਜੋਂ ਸਮਾਜ ਵਿਚ ਆਪਣੀ ਸੁਤੰਤਰ ਹੋਂਦ ਸਥਾਪਿਤ ਕਰਨ ਲਈ ਯਤਨਸ਼ੀਲ ਹੋਣਾ। ਸਮਾਜ ਵਿਚ ਮਰਦ ਦਾ ਦਰਜਾ ਉਚੱ-ਸਤਰ ਦਾ ਅਤੇ ਇਸਤਰੀ ਦਾ ਦਰਜਾ ਨਿਮਨ-ਸਤਰ ਦਾ ਹੈ। ਇਕ ਸਮੇਂ ਪੁੱਤਰੀ ਦਾ ਜਨਮ ਹੁੰਦਿਆਂ ਹੀ ਮਾਂ-ਬਾਪ ਨੂੰ ਜਵਾਨ ਧੀ ਦੀ ਨੈਤਿਕ ਸੁਰਖਿਆ ਦੀ ਜ਼ਿੰਮੇਵਾਰੀ, ਵਿਆਹ ਲਈ ਦਾਜ ਦਹੇਜ ਜੁਟਾਉਣ ਅਤੇ ਯੋਗ ਵਰ ਲਭਣ ਦੀ ਨੱਠ -ਭੱਜ ਅਤੇ ਮੁੰਡੇ ਵਾਲਿਆਂ ਦੀ ਧਿਰ ਸਾਹਮਣੇ ਸਿਰ ਝੁਕਾ ਕੇ ਨਿਵਣਾ ਯਾਦ ਆ ਜਾਂਦਾ ਸੀ। ਇਸ ਲਈ ਇਨ੍ਹਾਂ ਸਮੱਸਿਆਵਾਂ ਤੋਂ ਮੁਕਤੀ ਹਾਸਲ ਕਰਨ ਲਈ ਜੰਮਦਿਆਂ ਹੀ ਪੁਤਰੀ ਦੇ ਮੂੰਹ ਵਿਚ ਅੱਕ ਦਾ ਪਾਣੀ ਨਚੋੜ ਕੇ ਜਾਂ ਅਫੀਮ ਦਵਾ ਕੇ ਉਸਨੂੰ ਸਦਾ ਦੀ ਨੀਂਦਰ ਸੁਆ ਦਿੱਤਾ ਜਾਂਦਾ ਸੀ। ਪੰਜਾਬ ਵਿਚ ਨਵਜਨਮੀ ਕੰਨਿਆਂ ਨੂੰ ਮੂੰਹ ਵਿਚ ਗੁੜ ਅਤੇ ਹੱਥ ਵਿਚ ਪੂਣੀ ਰਖ ਕੇ ਘੜੇ ਵਿਚ ਪਾ ਕੇ ਜੀਉਂਦਿਆਂ ਹੀ ਦਬ ਦੇਣ ਦੀ ਪ੍ਰਥਾ ਪ੍ਰਚਲਤ ਸੀ। ਘੜਾ ਦਬਦਿਆਂ ਅਕਸਰ ਇਹ ਆਖਿਆ ਜਾਂਦਾ ਸੀ:

ਗੁੜ ਖਾਈਂ ਪੂਣੀ ਕੱਤੀਂ
ਆਪ ਨਾ ਆਈਂ ਭਾਈਆਂ ਘੱਤੀਂ।

17ਵੀਂ ਸਦੀ ਦੇ ਅੰਤ ਵਿਚ ਮੁਗਲ ਬਾਦਸ਼ਾਹ ਜਹਾਂਗੀਰ ਅਤੇ 1955 ਵਿਚ ਰਾਜਸਥਾਨ ਦੇ ਰਾਜਾ ਜੈ ਸਿੰਘ ਨੇ ਇਸ ਰਸਮ ਨੂੰ ਰੋਕਣ ਦੇ ਯਤਨ ਕੀਤੇ ਪਰ ਇਹ ਪ੍ਰਥਾ ਜਾਰੀ ਰਹੀ।[84]

<u>ਬਾਲ ਵਿਆਹ :</u> ਉਸ ਸਮੇਂ ਸਮਾਜ ਵਿਚ ਬਾਲ-ਵਿਆਹ ਦੀ ਪ੍ਰਥਾ ਪ੍ਰਚਲਤ ਸੀ। ਜ਼ਿੰਮੇਵਾਰੀ ਤੋਂ ਮੁਕਤ ਹੋਣ ਲਈ ਛੋਟੀ ਉਮਰ ਵਿਚ ਹੀ ਲੜਕੀਆਂ ਦਾ ਵਿਆਹ ਕਰ ਦਿੱਤਾ ਜਾਂਦਾ ਸੀ। ਬਾਲ-ਵਿਆਹ ਦੀ ਪ੍ਰਥਾ ਦੇ ਪ੍ਰਚਲਨ ਕਾਰਨ ਇਸਤਰੀ ਨੂੰ ਸਰੀਰਕ ,ਮਾਨਸਿਕ ਅਤੇ ਬੌਧਿਕ-ਵਿਕਾਸ

ਦਾ ਅਕਸਰ ਹੀ ਪ੍ਰਾਪਤ ਨਹੀਂ ਸੀ ਹੁੰਦਾ। ਇਸ ਸਥਿਤੀ ਵਿਚ ਭਾਰਤੀਇਸਤਰੀ ਆਪਣੀ ਦੁਰਦਸ਼ਾ ਤੋ ਚੇਤੰਨ ਹੋਣੋ ਅਸਮਰਥ ਸੀ। ਇਸ ਸਮੇਂ ਦੀ ਕੁੱਝ ਹੋਰ ਸਮਾਜਿਕ ਕੁਰੀਤੀਆਂ ਵਿਚੋਂ ਇਸਤਰੀ ਜਾਤੀ ਨੂੰ ਲੰਘਣਾ ਪਿਆ, ਉਹ ਸਨ: ਪਰਦਾ ਪ੍ਰਥਾ, ਸਤੀ ਪ੍ਰਥਾ ਅਤੇ ਵਿਧਵਾ ਵਿਆਹ ਦੀ ਮਨਾਹੀ ਪਰਦੇ ਦੀ ਰੀਤ ਮੁਸਲਮਾਨਾਂ ਵਿਚ ਸੀ,ਪਰ ਮੁਸਲਮਾਨ ਹਾਕਮਾਂ ਰਾਹੀਂ ਹਿੰਦੂ-ਸਿੱਖ ਇਸਤਰੀਆਂ ਨੂੰ ਅਗਵਾ ਕਰਕੇ ਹਰਮਾਂ ਤੱਕ ਪਹੁੰਚਾਏ ਜਾਣ ਦੇ ਡਰੋਂ ਹਿੰਦੂਆਂ ਸਿੱਖਾਂ ਵਿਚ ਵੀ ਪਰਦੇ ਦੀ ਪ੍ਰਥਾ ਜੋਰ ਪਕੜ ਗਈ।ਇਸ ਸਮੇਂ ਇਸਤਰੀ ਦੇ ਪਤੀ ਦੀ ਮੌਤ ਹੋਣ ਤੋ ਬਾਅਦ ਇਸਤਰੀ ਨੂੰ ਜੀਉਣ ਦਾ ਕੋਈ ਹੱਕ ਨਹੀਂ ਸੀ, ਉਸਨੂੰ ਸਾੜ ਦਿੱਤਾ ਜਾਂਦਾ ਸੀ ਤੇ ਵਿਧਵਾ ਇਸਤਰੀ ਦੂਜਾ ਵਿਆਹ ਨਹੀ ਸੀ ਕਰਵਾ ਸਕਦੀ। ਇਸ ਸਮੱਸਿਆ ਨੂੰ ਨਾਨਕ ਸਿੰਘ ਦੇ ਨਾਵਲ/ਸਰੋਜ 'ਅੱਧ ਖਿੜਿਆ ਫੁੱਲ',ਗੁਰਦੇਈ 'ਚਿੱਟਾ ਲਹੂ'ਅਤੇ ਚੰਪਾ (ਜੀਵਨ ਸੰਗਰਾਮ) ਆਦਿ ਰਾਹੀਂ ਪ੍ਰਸਤੁਤ ਕੀਤਾ ਹੈ। ਇਸੇ ਤਰ੍ਹਾਂ ਸੀਤਲ ਨੇ 'ਮੁੱਲ ਦਾ ਮਾਸ' ਦੀ ਚੰਦ, 'ਪਤਵੰਤੇ ਕਾਤਲ' ਦੀ ਮਨਜੀਤ, 'ਜੰਗ ਜਾਂ ਅਮਨ' ਦੀ ਕ੍ਰਿਪਾਲ ਆਦਿ ਰਾਹੀਂ ਵਿਧਵਾ ਇਸਤਰੀ ਦੀ ਸਮਾਜ ਵਿਚਲੀ ਸਥਿਤੀ ਨੂੰ ਪ੍ਰਗਟਾਇਆ ਹੈ।

ਕਿਰਸਾਣ - ਵਰਗ ਦੀ ਕਿਰਤੀ ਵਿਧਵਾ ਯੁਵਤੀ ਅਤੇ ਨਿਮਨ-ਵਰਗ ਦੀ ਵਿਧਵਾ ਇਸਤਰੀ ਦੀ ਸਥਿਤੀ ਕੁਲੀਨ-ਵਰਗ ਦੀ ਵਿਧਵਾ ਇਸਤਰੀ ਨਾਲੋ ਵੀ ਵਧੇਰੇ ਕਰੁਣਾਜਨਕ ਸਥਿਤੀ ਵਿਚ ਸੀ ਜਿਸਦਾ ਬੁਨਿਆਦੀ ਕਾਰਨ ਉਸ ਦੇ ਜੀਵਨ ਦੇ ਮੂਲ-ਕਾਰਜ, ਉਤਪਾਦਨ ਪ੍ਰਣਾਲੀ ਤੋਂ ਬਿਲਕੁਲ ਵਿਜੋਗੇ ਹੋਣਾ ਅਤੇ ਪੂਰਨ ਰੂਪ ਵਿਚ ਮਰਦ ਉਤੇ ਆਸ਼੍ਰਿਤ ਹੋਣਾ ਸੀ। ਇਸੇ ਸਮੇਂ ਵਿਆਹ ਪ੍ਰਬੰਧ ਆਯੋਜਨ ਪਰਿਵਾਰ ਦੇ ਬਜ਼ੁਰਗਾਂ ਵਲੋਂਕੀਤਾ ਜਾਂਦਾ ਸੀ। ਬਾਲ-ਵਿਆਹ ਪ੍ਰਥਾ ਦੇ ਪ੍ਰਚਲਤ ਕਾਰਨ ਵਰ ਦੀ ਚੋਣ ਦਾ ਆਧਾਰ ਕੰਨਿਆਂ ਦੀ ਮਰਜ਼ੀ ਹੋਣ ਦਾ ਤਾਂ ਸਵਾਲ ਹੀ ਨਹੀ ਸੀ ਪੈਦਾ ਹੁੰਦਾ। ਮਾਤਾ-ਪਿਤਾ ਦੁਆਰਾ ਕੀਤੀ ਚੋਣ ਹੀ ਅੰਤਿਮ ਫੈਸਲਾ ਪ੍ਰਵਾਨ ਕੀਤੀ ਜਾਂਦੀ ਸੀ। ਇਸ ਤਰ੍ਹਾਂ ਸਮਾਜ ਵਿਚ ਰਹਿੰਦੀ ਇਸਤਰੀ ਨੂੰ ਵਿਆਹ ਉਪਰੰਤ ਬਿਨਾਂ ਕਿਸੇ ਵਿਰੋਧ ਦੇ ਪਤਨੀ ਨ ਆਜੀਵਨ ਯੋਗ ਜਾਂ ਅਯੋਗ ਪਤੀ ਨਾਲ ਸੰਬੰਧ ਰਖਣਾ ਹੁੰਦਾ ਸੀ। ਪਰੰਪਰਾਵਾਦੀ ਭਾਰਤੀ ਸਮਾਜ ਵਿਚ ਵਿਆਹੁਤਾ ਇਸਤਰੀ ਦੀ ਨਿਜੀ ਚੋਣ ਦਾ ਕੋਈ ਮਹੱਤਵ ਨਹੀ ਸੀ। ਸੰਸਕਾਰਾਂ ਨੇ ਉਸਨੂੰ ਨਿਰਮਾਨਤਾ ਅਤੇ ਮਰਦ ਦੀ ਅਧੀਨਗੀ ਸਿਖਾਈ ਸੀ, ਜਿਸ ਅਨੁਸਾਰ ਉਸ ਲਈ ਸਭ ਤੋ ਵੱਡਾ ਸੁਭਾਗ ਪਤੀ ਨੂੰ ਪਰਮੇਸ਼ਰ ਦਾ

ਤਦ ਰੂਪ ਸਵੀਕਾਰ ਕਰਨਾ ਅਤੇ ਉਸਦੀ ਨਜ਼ਰ ਵਿਚ ਪ੍ਰਵਾਨ ਚੜ੍ਹਨਾ ਸੀ। ਉਸਦਾ ਨਿਜੀ ਸੰਸਾਰ ਸਿਰਫ਼ ਘਰ ਪਰਿਵਾਰ ਦੀ ਚਾਰ-ਦਿਵਾਰੀ ਅੰਦਰ ਚੁਲ੍ਹੇ ਚੌਂਕੇ , ਬਾਲ-ਬੱਚਿਆਂ ਅਤੇ ਸਿਲਾਈ ਕਢਾਈ ਤੱਕ ਸੀਮਿਤ ਸੀ। ਮਰਦ-ਪ੍ਰਧਾਨ ਸਮਾਜ ਵਿਚ ਇਸਤਰੀ ਦਾ ਦਰਜ਼ਾ ਕੇਵਲ ਵਿਲਾਸ-ਵਸਤੂ ਵਰਗਾ ਹੋਣ ਕਾਰਨ ਇਸਤਰੀ-ਮਰਦ ਸੰਬੰਧਾਂ ਪ੍ਰਤੀ ਪ੍ਰਚੱਲਿਤ ਮੂਲ ਵਿਧਾਨ ਦੇ ਮਾਪਦੰਡ ਦੂਹਰੇ ਹੁੰਦੇ ਹਨ ਜਿਹੜੇ ਮਰਦ ਨੂੰ ਤਾਂ ਖੁਲ੍ਹਿਆਂ ਵਿਚਰਣ ਦੀ ਸਵਤੰਤਰਤਾ ਪ੍ਰਦਾਨ ਕਰਦੇ ਹਨ, ਪਰ ਇਸਤਰੀ ਉਤੇ ਸਖਤ ਪਾਬੰਦੀਆਂ ਲਾਈਆਂ ਜਾਂਦੀਆਂ ਸਨ। ਕੀਮਤੀ ਸੰਪਤੀ ਦੀ ਤਰ੍ਹਾਂ ਉਸਦੀ ਨਿਗਰਾਨੀ ਕੀਤੀ ਜਾਂਦੀ ਸੀ।

<u>ਵੇਸ਼ਵਾ :</u> ਇਸਤਰੀ ਦਾ ਵੇਸ਼ਵਾ ਵਲ ਖਿੱਚੇ ਜਾਣ ਦਾ ਬੁਨਿਆਦੀ ਕਾਰਣ ਉਪਜੀਵਕਾ ਦੇ ਸਾਧਨਾਂ ਦੀ ਅਣਹੋਂਦ ਸੀ ਕਿਉਂਕਿ ਘਰੇਲੂ ਕਾਰ-ਵਿਹਾਰ ਤੋਂ ਅਗਾਂਹ ਵਿਦਿਆ ਦੇ ਕਿੱਤੇ ਦੀ ਮਾਹਿਰ ਸਿਖਲਾਈ ਦੀ ਘਾਟ ਇਸਤਰੀ ਕੋਲ ਆਰਥਿਕ ਸਵੈ-ਨਿਰਭਰਤਾ ਦਾ ਕੋਈ ਵਿਸ਼ੇਸ਼ ਸਥਾਨ ਨਹੀਂ ਰਹਿਣ ਦਿੰਦੀ ਸੀ। ਸਮਾਜ ਦੇ ਕਠੋਰ ਅਤੇ ਦੋਹਰੇ ਮਾਪਦੰਡਾਂ ਉਤੇ ਪੂਰੇ ਨਾਂ ਉਤਰਣ ਦੀ ਦਸ਼ਾ ਵਿਚ ਇਸਤਰੀ ਨੂੰ ਕਰੂਰ, ਅਮਾਨਵੀ ਵਿਵਹਾਰ ਸਹਿਣਾ ਪੈਂਦਾ ਸੀ। ਸਮਾਜ ਦੀ ਠੁਕਰਾਈ ਜਾਂ ਪਤੀ ਦੁਆਰਾ ਤਿਆਗੀ ਇਸਤਰੀ ਅਤੇ ਵਿਧਵਾ, ਉਪਰਲੇ ਧਰਾਤਲ ਉਤੇ ਆਕਰਸ਼ਕ ਜਾਪਦੇ ਹਨ ਭੌਤਿਕ ਸੁਖ ਭਰਪੂਰ ਜੀਵਨ ਕਾਰਣ ਵੇਸ਼ਵਾ ਬ੍ਰਿਤੀ ਅਪਨਾ ਲੈਂਦੀ ਸੀ ਕਿਉਂਕਿ ਜਿਹੜਾ ਮਾਰਗ ਸਮਾਜ ਦਾ ਮਾਨਤਾ ਪ੍ਰਾਪਤ ਵਰਗ ਉਨ੍ਹਾਂ ਨੂੰ ਵਿਖਾਉਂਦਾ ਸੀ, ਉਹ ਮੂਲੋਂ ਹੀ ਰਸਹੀਨ ਅਣ ਯਥਾਰਥਿਕ ਅਤੇ ਕਸ਼ਟ ਦਾਇਕ ਅਸਤਿਤਵ ਤੋਂ ਵੱਧ ਕੁਝ ਨਹੀ ਸੀ ਹੁੰਦਾ। ਅਜਿਹੀ ਸਥਿਤੀ ਵਿਚ ਜੇਕਰ ਇਸਤਰੀ ਵਿਸ਼ੇਸ਼ ਤੌਰ ਉਤੇ ਨਿਮਨ-ਵਰਗ ਦੀ ਇਸਤਰੀ, ਮਜ਼ਦੂਰੀ ਕਰਕੇ ਸਵੈ-ਨਿਰਭਰਤਾ ਹੋਣ ਦਾ ਯਤਨ ਕਰਦੀ ਸੀ ਤਾਂ ਵੀ ਉਸਨੂੰ ਅਕਸਰ ਮਰਦ ਦੀ ਹਵਸ ਦਾ ਸ਼ਿਕਾਰ ਹੋਣਾ ਪੈਂਦਾ ਸੀ। ਸਮੁੱਚੇ ਰੂਪ ਵਿਚ ਇਸਤਰੀ ਦੀ ਆਰਥਿਕ ਅਸੁਰਖਿਆ ਹੀ ਉਸਨੂੰ ਵੇਸ਼ਵਾ ਬ੍ਰਿਤੀ ਵੱਲ ਧਕੇਲਦੀ ਸੀ। ਪਰ ਵੇਸ਼ਵਾ ਜੀਵਨ ਨੂੰ ਅਪਨਾ ਕੇ ਵੀ ਇਸਤਰੀ ਸੋਸ਼ਿਤ ਹੀ ਹੁੰਦੀ ਸੀ। ਇਸ ਤਰ੍ਹਾਂ ਉਸਦਾ ਸਮੁੱਚਾ ਜੀਵਨ ਦੁਖਾਂਤ ਬਣ ਜਾਂਦਾ ਸੀ।

<u>ਅਜੋਕੇ ਸਮਾਜ ਵਿਚ ਇਸਤਰੀ ਦਾ ਸਥਾਨ :</u>

20ਵੀਂ ਸਦੀ ਦਾ ਆਰੰਭ ਉਹ ਸਮਾਂ ਸੀ ਜਦੋਂ ਜਾਗੀਰਦਾਰੀ ਨਿਜ਼ਾਮ ਦੀਆਂ ਕੀਮਤਾਂ ਟੁੱਟ

ਰਹੀਆਂ ਸਨ ਤੇ ਨਾਲ ਨਾਲ ਇਸਤਰੀ ਦੀ ਦਸ਼ਾ ਵਿਚ ਵੀ ਸੁਧਾਰ ਹੋ ਰਿਹਾ ਸੀ। ਇਹ ਸਚਾਈ ਹੈ ਕਿ ਜਦੋਂ ਵੀ ਸਮਾਜ ਜਾਗੀਰਦਾਰੀ ਸਮਾਜ ਤੋਂ ਸਰਮਾਏਦਾਰੀ ਸਮਾਜ ਵਿਚ ਪਰਿਵਰਤਿਤ ਹੁੰਦਾ ਹੈ ਤਾਂ ਸਭ ਤੋਂ ਵੱਧ ਪਰਿਵਰਤਨ ਇਸਤਰੀ ਦੀ ਸਮਾਜਿਕ ਅਵਸਥਾ ਵਿਚਆਉਂਦਾ ਹੈ। ਜਾਗੀਰਦਾਰੀ ਨਿਜ਼ਾਮ ਵਿਚ ਇਹਹੀ ਸਭ ਤੋਂ ਵੱਧ ਮਜ਼ਲੂਮ ਪਾਤਰ ਹੁੰਦੀ ਹੈ। ਉਸ ਨਿਜ਼ਾਮ ਵਿਚ ਇਹ ਇਕ ਸਥੂਲ ਵਸਤੂ ਹੈ। ਇਸਤਰੀ ਦੀ ਆਪਣੀ ਕੋਈ ਮਰਜ਼ੀ ਨਹੀਂ। ਇਸਦਾ ਆਪਣਾ ਕੋਈ ਵਿਅਕਤੀਤਵ ਵੀ ਨਹੀ। ਇਹ ਜਾਇਦਾਦ ਵਾਂਗ ਵੇਚੀ ਜਾਂ ਸਕਦੀ ਹੈ ਅਤੇ ਖਰੀਦੀ ਜਾ ਸਕਦੀ ਹੈ। ਸੋਹਣ ਸਿੰਘ ਸੀਤਲ ਦੇ ਨਾਵਲ 'ਮੁੱਲ ਦਾ ਮਾਸ' ਵਿਚ ਇਸਤਰੀ ਦੀ ਇਸ ਸਥਿਤੀ ਦੀ ਗਲ ਕੀਤੀ ਹੈ। ਇਸ ਨਾਵਲ ਵਿਚ ਚੰਦੋ ਦਾ ਵਿਆਹ, ਉਸਦੇ ਮਾਂ-ਪਿਉ ਗਰੀਬ ਹੋਣ ਕਰਕੇ, ਨਹੀ ਕਰ ਸਕਦੇ ਸਗੋ ਬੁੱਢੇ ਆਦਮੀ ਕੋਲ ਵੇਚ ਦਿੰਦੇ ਹਨ। ਛੋਟੀ ਉਮਰ ਵਿਚ ਹੀ ਚੰਦੋ ਨੂੰ ਪਤੀ ਦਵਾਰਾ ਦਿੱਤੇ ਦੁਖ ਤਸੀਹੇ ਝਲਣੇ ਪੈਂਦੇ ਹਨ ਤੇ ਇਸ ਲਈ ਉਸਦਾ ਪਤੀ ਹੀ ਦੁਖਾਂਤ ਦਾ ਕਾਰਣ ਬਣਦਾ ਹੈ। ਅਤੇ ਸਾਰਾ ਦਿਨ ਉਸਨੂੰ ਖਰੀਦ ਕੇ ਲਿਆਂਦੀ ਦੇ ਮਿਹਣੇ ਦਿੰਦਾ ਹੈ:

> ਚਾਂਦੀ-ਚਾਂਦੀ-ਚਾਂਦੀ ਨਾਲ ਖਰੀਦ ਕੇ ਲਿਆਂਦੀ
> ਏਤੇ ਬਹਿੰਦੀ ਏ ਛੁਪ-ਛੁਪ ਕੇ।[85]

ਇਸੇ ਤਰ੍ਹਾਂ ਜਾਗੀਰਦਾਰੀ ਸਮਾਜ ਦੀ ਇਸ ਬਿਰਤੀ ਨੂੰ ਸਾਰੇ ਵੱਖ ਵੱਖ ਖੇਤਰਾਂ ਦੇ ਸਾਹਿਤਕਾਰਾਂ ਨੇ ਸਾਕਾਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਸਮਾਜ ਵਿਚ ਇਸਤਰੀ ਨੂੰ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਤੋਂਵੱਧ ਕੁਝ ਵੀ ਨਹੀਂ ਸਮਝਿਆ ਜਾਂਦਾ। ਉਸਦੀ ਸਮਾਜਿਕ ਕੀਮਤ ਸਿਰਫ ਇਤਨੀ ਹੀ ਸਮਝੀ ਜਾਂਦੀ ਹੈ ਕਿ ਉਸਨੇ ਵੰਸ਼ ਅਗੇ ਤੋਰਨਾ ਹੈ । ਜੇਕਰ ਉਹ ਅਜਿਹਾ ਕਰਨ ਤੋਂ ਅਸਮਰਥ ਹੈ ਤਾਂ ਉਸਦਾ ਮਾਲਕ ਦੂਸਰਾ ਵਿਆਹ ਕਰਵਾ ਲੈਂਦਾ ਹੈ। ਇਸ ਕਰਕੇ ਕੋਈ ਇਸਤਰੀ ਬਾਂਝ ਨਹੀਂ ਅਖਵਾਉਣਾ ਚਾਹੁੰਦੀ ਕਿਉਂਕਿ ਬਾਂਝ ਇਸਤਰੀ ਦੀ ਹਾਲਤ ਇਸ ਸਮਾਜ ਵਿਚ ਬਹੁਤ ਹੀ ਤਰਸਯੋਗ ਹੁੰਦੀ ਹੈ।ਉਸਨੂੰ ਮਰਦ ਦੇ ਲਈ ਦਿਲ ਪਰਚਾਵੇ ਦਾ ਸਾਧਨ ਸਮਝਿਆ ਜਾਂਦਾ ਹੈ।

ਜਾਗੀਰਦਾਰੀ ਸਮਾਜ ਵਿਚ ਇਸਤਰੀ ਪੂਰਨ ਰੂਪ ਵਿਚ ਮਰਦ ਦੇ ਰਹਿਮ ਤੇ ਹੁੰਦੀ ਹੈ । ਉਹ ਚਾਹੁੰਦਾ ਹੈ ਤਾਂ ਉਸਨੂੰ ਦੇਵੀ ਦੀ ਪਦਵੀ ਦੇ ਦਿੰਦਾ ਹੈ ਜੇ ਨਹੀਂ ਚਾਹੁੰਦਾ ਤਾਂ ਉਸਨੂੰ ਪੈਰ ਦੀ ਜੁੱਤੀ ਤਕ ਕਹਿ ਦਿੰਦਾ ਹੈ। ਨਾਨਕ ਸਿੰਘ ਦੇ ਨਾਵਲ 'ਕਟੀ ਹੋਈ ਪਤੰਗ' ਵਿਚ ਬ੍ਰਿਜ ਮੋਹਨ ਦਾ ਪਿਤਾ ਉਸਨੂੰ ਕਹਿੰਦਾ ਹੈ:

> ਵੇਖ ਉਏ ਬ੍ਰਿਜ। ਕਲ ਕਲੋਤਰ ਨੂੰ ਤੇਰਾ ਵਿਆਹ ਹੋਣਾ ਏ। ਕਿਤੇ ਐਸਾ ਨਾ ਹੋਵੇ ਤੂੰ ਵੀ ਸਰਮ ਹਯਾ ਨੂੰ ਤਿਲਾਂਜਲੀ ਦੇ ਬਹੇਂ ਰੰਨ ਹਮੇਸ਼ਾ ਜੁੱਤੀ ਹੇਠ ਹੀ ਕਾਬੂ ਰਹਿ ਸਕਦੀ ਏ।[86]

ਇਸੇ ਤਰ੍ਹਾਂ ਸੋਹਣ ਸਿੰਘ ਸੀਤਲ ਦੇ ਨਾਵਲ 'ਬਦਲਾ' ਵਿਚ ਦਸਿਆ ਹੈ ਕਿ ਕਿਵੇਂ ਮਾਲਕ ਆਪਣੇ ਮੁਜ਼ਾਰਿਆਂ ਦੀਆਂ ਪਤਨੀਆਂ ਤੇ ਧੀਆਂ, ਭੈਣਾਂ, ਨਾਲ ਜ਼ਬਰ ਜਿਨਾਹ ਕਰਦੇ ਸਨ। ਇਸ ਬਾਰੇ ਸੀਤਲ ਖੁਦ ਲਿਖਦਾ ਹੈ:

> ਇਕ ਵਾਰੀ ਅਸੀਂ ਇਕ ਪਿੰਡ ਗਏ ਜਿਸਦਾ ਮਾਲਕ ਇਕ ਸਰਦਾਰ ਸੀ ਉਹਦੇ ਸਾਰੇ ਮੁਜਾਰੇ ਮੁਸਲਮਾਨ ਸਨ। ਉਸਦੇ ਅਖੰਡ ਪਾਠ ਦੇ ਭੋਗ ਤੇ ਅਸੀਂ ਸਿੱਖ ਇਤਿਹਾਸ ਦੀਆਂ ਵਾਰਾਂ ਗਾਈਆਂ। ਵਾਪਸੀ ਤੇ ਆਉਣ ਦਾ ਸਾਧਨ ਨਾ ਹੋਣ ਕਰਕੇ ਸਾਨੂੰ ਰਾਤ ਉਥੇ ਹੀ ਰਹਿਣਾ ਪਿਆ। ਜਿਸ ਥਾਂ ਤੇ ਸਵੇਰੇ ਗੁਰਬਾਣੀ ਦਾ ਕੀਰਤਨ ਹੋਇਆ ਸੀ, ਉਸ ਥਾਂ ਰਾਤ ਨੂੰ ਵੇਸ਼ਵਾ ਨੱਚੀਆਂ ਤੇ ਸ਼ਰਾਬ ਦਾ ਦੌਰ ਚਲਿਆ। ਇਥੇ ਹੀ ਬਸ ਨਹੀਂ ਇਕ ਭੇਤੀ ਨੇ ਦਸਿਆ ਕਿ ਹਰ ਮੁਜ਼ਾਰੇ ਦੀ ਮੁਟਿਆਰ, ਧੀ, ਭੈਣ ਜਾਂ ਪਤਨੀ ਨੂੰ ਆਏ ਪਰਾਹੁਣਿਆਂ ਦੀ ਸੇਵਾ ਵਿਚ ਰਾਤ ਕੱਟਣੀ ਪੈਂਦੀ ਸੀ। ਇਹ ਅੱਜ ਦੀ ਗਲ ਨਹੀਂ, ਜਦ ਕੋਈ ਆਵੇ ਕਿਸੇ ਨਾ ਕਿਸੇ ਮੁਜਾਰੇ ਦੀ ਜਨਾਨੀ ਨੂੰ ਹਾਜ਼ਰ ਹੋਣਾ ਪੈਂਦਾ ਸੀ।[87]

ਇਸ ਤਰ੍ਹਾਂ ਜਾਗੀਰਦਾਰੀ ਸਮਾਜ ਵਿਚ ਇਸਤਰੀ ਨੂੰ ਨੀਵਾਂ ਹੋ ਕੇ ਹੀ ਰਹਿਣਾ ਪੈਂਦਾ ਸੀ।

ਪਰ ਇਤਿਹਾਸ ਕਦੇ ਇਕਸਾਰ ਨਹੀਂ ਚਲਦਾ। ਪ੍ਰੀਵਰਤਨ ਕੁਦਰਤ ਦਾ ਅਸੂਲ ਹੈ । ਸਮੇਂ ਦੇ ਬਦਲਣ ਨਾਲ ਸਮਾਜਿਕ ਕੀਮਤਾਂ ਬਦਲ ਜਾਂਦੀਆਂ ਹਨ, ਅੰਗਰੇਜ਼ਾਂ ਦੇ ਆਗਮਨ ਨਾਲ ਸਰਮਾਏਦਾਰੀ

ਢਾਂਚੇ ਵਾਲਾ ਰਾਜ-ਪ੍ਰਬੰਧ ਹੋਂਦ ਵਿਚ ਆਇਆ। ਜਿਸ ਨਾਲ ਨਵੀਆਂ - ਨਵੀਆਂ ਕਾਢਾਂ ਤੇ ਪ੍ਰਯੋਗ ਹੋਣ ਲੱਗੇ। ਕੁੱਝ ਵਿਦਿਆ ਦਾ ਚਾਨਣ ਵਧਿਆ ਜਿਸਦੇ ਫਲਸਵਰੂਪ ਇਕ ਨਵੀਂ ਚੇਤਨਤਾ ਦੀ ਲਹਿਰ ਪੰਜਾਬ ਵਿਚ ਦੌੜ ਗਈ। ਲੋਕ ਪਿੰਡਾਂ ਤੋਂ ਸ਼ਹਿਰਾਂ ਵਲ ਤੁਰਨ ਲੱਗੇ। ਕਾਰਖ਼ਾਨਿਆਂ ਤੇ ਵੱਡੀਆਂ ਸਨਅਤਾਂ ਨੇ ਇਸ ਨਵੀਂ ਸ਼੍ਰੇਣੀ ਨੂੰ ਜਨਮ ਦਿੱਤਾ, ਜਿਸਨੂੰ ਅਸੀਂ ਮੱਧ - ਸ਼੍ਰੇਣੀ ਦਾ ਨਾਮ ਦਿੰਦੇ ਹਾਂ।

ਇਥੇ ਹੀ ਇਸਤਰੀ ਦੀ ਦਸ਼ਾ ਵਿਚ ਹਾਲੀ ਤਕ ਕੋਈ ਵਿਸ਼ੇਸ਼ ਤਬਦੀਲੀ ਨਹੀਂ ਸੀ ਆਈ, ਪਰ ਇਸਤਰੀ ਸੁਧਾਰ ਦੀ ਲਹਿਰ ਦੇ ਆਰੰਭ ਹੋਣ ਨਾਲ ਇਸਤਰੀ ਚੇਤੰਨਤਾ ਦਾ ਪਹਿਲਾ ਕਾਂਡ ਵੀਹਵੀਂ ਸਦੀ ਤੋਂ ਹੀ ਸ਼ੁਰੂ ਹੁੰਦਾ ਹੈ। ਨਾਵਲ ਦੇ ਖੇਤਰ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਕਈ ਸੁਧਾਰਕ ਲਹਿਰਾਂ ਸਥਾਪਤ ਹੋ ਚੁਕੀਆਂ ਸਨ, ਜਿਨ੍ਹਾਂ ਦਾ ਮੁੱਖ ਆਸ਼ਾ ਇਸਤਰੀ ਸੁਧਾਰ ਸੀ। ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਜਿਸ ਹੇਠਲੀ ਮੱਧ-ਸ਼੍ਰੇਣੀ ਨਾਲ ਸੰਬੰਧਿਤ ਹੈ, ਉਸ ਵਿਚ ਅਜੇ ਵੀ ਇਸਤਰੀ ਦੀ ਦਸ਼ਾ ਤਰਸਯੋਗ ਬਣੀ ਹੋਈ ਸੀ। ਪਰਦੇ ਦਾ ਰਿਵਾਜ਼, ਬਾਲ-ਵਿਆਹ ਦੀ ਵਿਰੋਧਤਾ, ਵਿਧਵਾ-ਵਿਆਹ ਉਤੇ ਜ਼ੋਰ ਤੇ ਇਸਤਰੀ-ਵਿਦਿਆ ਵਲ ਉਚੇਚੇ ਤੌਰ ਤੇ ਧਿਆਨ ਦਿੱਤਾ ਜਾ ਰਿਹਾ ਸੀ। ਸਮੁੱਚੇ ਭਾਰਤ ਵਿਚ ਇਸਤਰੀ ਦੀ ਦਸ਼ਾ ਇਹੋ ਜਿਹੀ ਸੀ।

ਇਸੇ ਸਮੇਂ ਕਈ ਧਾਰਮਿਕ ਸੰਸਥਾਵਾਂ, ਆਰੀਆ ਸਮਾਜ ਤੇ ਸਿੰਘ ਸਭਾ ਲਹਿਰ ਰਾਹੀਂ ਵੀ ਇਸਤਰੀ ਦੇ ਸੁਧਾਰ ਲਈ ਜਤਨ ਆਰੰਭ ਕੀਤੇ ਗਏ। ਸਵਾਮੀ ਵਿਵੇਕਾਨੰਦ ਨੇ ਆਖਿਆ ਕਿ ਅਨਪੜ੍ਹ ਸਮਾਜ ਵਿਚ ਕਿਸੀ ਤਰ੍ਹਾਂ ਦਾ ਸੁਧਾਰ ਵੀ ਸੰਭਵ ਨਹੀਂ। ਇਸ ਲਈ ਸਭ ਤੋਂ ਪਹਿਲਾਂ ਵਿਦਿਆ ਦੇ ਪਰਸਾਰ ਰਾਹੀ ਸਮਾਜ ਸੁਧਾਰ ਲਈ ਧਰਤੀ ਤਿਆਰ ਕਰਨੀ ਜ਼ਰੂਰੀ ਹੈ। ਵਿਦਿਆ ਦੇ ਚਾਨਣ ਨਾਲ ਸੁਧਾਰ ਕਰਨਾ ਸੌਖਾ ਹੋ ਜਾਂਦਾ ਹੈ। ਵਿਧਵਾ ਇਸਤਰੀ ਦੀ ਸਮੱਸਿਆ ਤਾਂ 30% ਇਸਤਰੀਆਂ ਦੀ ਸਮੱਸਿਆ ਹੈ, ਬਾਕੀ 70% ਇਸਤਰੀ ਜਾਤੀ ਅਵਿਦਿਆ, ਅਗਿਆਨਤਾ, ਅੰਧ-ਵਿਸ਼ਵਾਸੀ ਕਾਰਨ ਕਮਜ਼ੋਰ ਅਬਲਾ ਤੇ ਸਾਹਸਹੀਣ ਬਣੀ ਹੋਈ ਹੈ।[88]

ਇਸ ਤਰ੍ਹਾਂ ਸਮਾਜ ਸੁਧਾਰ ਅੰਦੋਲਨ ਵਿਚ ਇਸਤਰੀ ਸਮਾਜ ਸੇਵਿਕਾ ਦੇ ਤੌਰ ਤੇ ਕਰਮ ਖੇਤਰ ਵਿਚ ਨਿਤਰ ਰਹੀ ਸੀ, ਪਹਿਲਾਂ ਪਹਿਲ ਇਹ ਇਸਤਰੀਆਂ ਵਿਧਵਾ ਹੀ ਹੁੰਦੀਆਂ ਸਨ, ਪਰ

ਹੌਲੀ ਹੌਲੀ ਇਸਦਾ ਖੇਤਰ ਵਿਸ਼ਾਲ ਹੁੰਦਾ ਚਲਾ ਗਿਆ। ਸੀਤਲ ਦੇ ਨਾਵਲ 'ਪਤਵੰਤੇ ਕਾਤਲ' ਵਿਚ ਮਨਜੀਤ ਵਿਧਵਾ ਦਿਖਾਈ ਗਈ ਹੈ ਜੋ ਇਸਤਰੀ ਦੀ ਆਜ਼ਾਦੀ ਲਈ ਲੜਦੀ ਹੈ। ਨਾਨਕ ਦੇ ਨਾਵਲ 'ਮੰਝਧਾਰ' ਦੀ ਨਾਇਕਾ ਪੁੰਨਿਆ ਆਦਰਸ਼ਵਾਦੀ ਇਸਤਰੀ ਹੈ ਉਹ ਆਪਣੇ ਆਪ ਨੂੰ ਲੋਕ ਸੇਵਾ ਵਿਚ ਲੀਨ ਕਰਨਾ ਚਾਹੁੰਦੀ ਹੈ। ਪਰ ਜਦੋਂ ਉਸਨੂੰ ਡਾ. ਆਨੰਦ ਬਾਰੇ ਪਤਾ ਲਗਦਾ ਹੈ ਕਿ ਉਸਦਾ ਦੇਸ਼ ਪਿਆਰ ਤੇ ਲੋਕ ਸੇਵਾ ਇਕ ਪਾਖੰਡ ਹੈ ਤਾਂ ਉਹ ਉਸ ਕੋਲੋਂ ਦੂਰ ਚਲੀ ਜਾਂਦੀ ਹੈ। ਇਸ ਤਰ੍ਹਾਂ ਉਹ ਡਾ. ਆਨੰਦ ਵਰਗੇ ਮੰਨੇ ਪਰਮੰਨੇ ਆਦਮੀਆਂ ਨੂੰ ਝੁਕਾ ਦਿੰਦੀ ਹੈ। ਉਹ ਡਾ. ਨੂੰ ਸਪਸ਼ਟ ਸ਼ਬਦਾਂ ਵਿਚ ਆਖਦੀ ਹੈ:

> ਮੈਨੂੰ ਪਤਾ ਨਹੀਂ ਸੀ ਕਿ ਤੁਸੀ ਏਨੀ ਘਟੀਆ ਜ਼ਹਿਨੀਅਤ ਦੇ ਮਾਲਕ ਹੋ ਕਿ ਚੰਮ ਤੋਂ ਅਗਾਂਹ ਤੁਹਾਡੀ ਨਜ਼ਰ ਹੀ ਨਹੀਂ ਜਾ ਸਕਦੀ।[89]

ਇਸੇ ਤਰ੍ਹਾਂ 'ਕਟੀ ਹੋਈ ਪਤੰਗ' ਵਿਚ ਕਾਮਨੀ ਨੂੰ ਆਪਣੇ ਇਸਤਰੀਤੱਵ ਉਤੇ ਪੂਰਾ ਭਰੋਸਾ ਹੈ। ਆਰਥਿਕ ਸੁਤੰਤਰਤਾ ਉਸਨੂੰ ਵਧੇਰੇ ਨਿਰਭੈ ਬਣਾ ਦਿੰਦੀ ਹੈ। ਉਹ ਕਿਸੇ ਦੀਆਂ ਮੈਲੀਆਂ ਨਜ਼ਰਾਂ ਦੀ ਪਰਵਾਹ ਨਹੀਂ ਕਰ ਸਕਦੀ। ਉਸ ਵਿਚ ਆਤਮ ਬਲ ਹੈ। ਉਸਨੂੰ ਆਪਣੇ ਆਪ ਤੇ ਭਰੋਸਾ ਹੈ। ਪਾਰਟੀਆਂ ਆਦਿ ਤੇ ਜਾਣ ਲਈ ਉਹ ਕਿਸੇ ਮਨੁੱਖੀ ਸਹਾਰੇ ਦੀ ਲੋੜ ਨਹੀਂ ਸਮਝਦੀ।

> ਇਹ ਆਲੇ -ਦੁਆਲੇ ਮੰਡਲਾਉਣ ਵਾਲੀਆਂ ਗਿਰਝਾਂ ਕਿਸੇ ਮੁਰਦੇ ਦੀਆਂ ਬੋਟੀਆਂ ਤੋੜ ਸਕਦੀਆਂ ਨੇ, ਜੀਉਂਦੇ ਨੂੰ ਛੂੰਘਾ ਮਾਰਨ ਦੀ ਹਿੰਮਤ ਇਨ੍ਹਾਂ ਵਿਚ ਨਹੀਂ ਹੁੰਦੀ।[90]

ਇਸ ਸਭ ਨੂੰ ਵਾਚਦਿਆਂ ਹੋਇਆਂ ਇਹ ਕਹਿ ਸਕਦੇ ਹਾਂ ਕਿ ਆਧੁਨਿਕ ਸਮਾਜ ਵਿਚ ਇਸਤਰੀ ਦਾ ਕਾਫ਼ੀ ਯੋਗਦਾਨ ਰਿਹਾ ਹੈ। ਜਿਹੜੀਆਂ ਕਿ ਵੱਖ-ਵੱਖ ਰਾਜਸੀ ਹਾਲਤਾਂ ਵਿਚ ਰਾਜਨੀਤਕ ਕਾਰਵਾਈਆਂ ਕਰਦੀਆਂ ਰਹੀਆਂ ਹਨ। ਅਨੇਕਾਂ ਇਸਤਰੀਆਂ ਨੇ ਇਸ ਇਨਕਲਾਬੀ ਲਹਿਰ ਵਿਚ ਅੰਗਰੇਜ਼ਾਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਜ਼ੁਲਮ ਸਹੇ ਸਨ। ਸਰੋਜਿਨੀ ਨਾਇਡੂ ਇਨ੍ਹਾਂ ਚੋਂ ਇਕ ਸੀ ਜਿਸ ਨੇ ਰਾਜਨੀਤੀ ਨੂੰ ਅਪਣਾਇਆ।

ਇਸ ਤੋਂ ਅਗੇ ਚਲਕੇ ਜਦੋ ਭਾਰਤ ਪੂਰੀ ਤਰ੍ਹਾਂ ਆਜ਼ਾਦ ਹੋ ਚੁਕਿਆ ਸੀ , ਇਸਤਰੀ ਹਰ ਪੱਖੋਂ, ਹਰ ਖੇਤਰ ਵਿਚ ਉਭਰ ਕੇ ਸਾਹਮਣੇ ਆਉਣ ਲਗ ਪਈ। ਸਾਹਿਤ ਵਿਚ ਖ਼ਾਸਕਰ ਪੰਜਾਬੀ ਵਿਚਅੰਮ੍ਰਿਤਾ ਪ੍ਰੀਤਮ, ਅਜੀਤ ਕੌਰ, ਬਚਿੰਤ ਕੌਰ , ਦਲੀਪ ਕੌਰ, ਆਜ਼ਾਦੀ ਤੋ ਬਾਅਦ ਦੀਆਂ ਪੰਜਾਬੀ ਸਾਹਿਤ ਦੀਆਂ ਪ੍ਰਤਿਸ਼ਠ ਤੇ ਪ੍ਰਤਿਭਾਵਾਨ ਇਸਤਰੀ ਲੇਖਕਾਵਾਂ ਹਨ।

ਇਸ ਤਰ੍ਹਾਂ ਆਧੁਨਿਕ ਯੁੱਗ ਵਿਚ ਇਸਤਰੀ ਪਹੁੰਚ ਦੇ ਆਪਣੇ ਸਰਵ-ਪੱਖੀ ਦਿਮਾਂਦਿਆਂ ਤੋਂ ਸੁਚੇਤ ਹੋਈ ਹੈ। ਨਾਨਕ ਸਿਘ ਤੇ ਸੋਹਣ ਸਿੰਘ ਸੀਤਲ ਨੇ ਆਪਣੇ ਨਾਵਲਾਂ ਵਿਚ ਇਸਤਰੀ ਦਾ ਪੁਰਾਣਾ ਰੂਪ ਅਤੇ ਨਵਾਂ ਰੂਪ ਦੋਵੇਂ ਹੀ ਪ੍ਰਸਤੁਤ ਕੀਤੇ ਹਨ।

## ਹਵਾਲੇ ਅਤੇ ਟਿੱਪਣੀਆਂ

1. ਤਾਘ, ਈਸ਼ਰ ਸਿੰਘ, ਪ੍ਰਛਮੀ ਸਮੀਖਿਆ ਦੇ ਸਿਧਾਂਤ, ਦੀਪ ਪ੍ਰਕਾਸ਼ਨ, ਅੰਬਾਲਾ, 1970, ਪੰ. 84
2. ਗੁਰਚਰਨ ਸਿੰਘ, ਸਾਹਿਤ ਦੀ ਰੂਪ ਰੇਖਾ, ਨਿਊ ਬੁੱਕ ਕੰਪਨੀ, ਜਲੰਧਰ, 1955, ਪੰ. 309
3. ਓਝਾ, ਦਸਰਥ, ਸਮੀਕਸ਼ਾ ਸ਼ਾਸਤ੍ਰ, ਪਾਲ ਐਂਡ ਸਨਜ਼, 1963, ਪੰ. 157-68
4. ਨਾਨਕ ਸਿੰਘ, ਗਰੀਬ ਦੀ ਦੁਨੀਆਂ, ਪੰ. 98
5. ਉਹੀ, ਚਿੱਟਾ ਲਹੂ, ਪੰ. 51
6. ਉਹੀ, ਪਿਆਰ ਦੀ ਦੁਨੀਆਂ, ਪੰ. 156
7. ਉਹੀ, ਗਰੀਬ ਦੀ ਦੁਨੀਆਂ, ਪੰ. 157
8. ਉਹੀ, ਧੁੰਧਲੇ ਪਰਛਾਵੇਂ, ਪੰ. 39
9. ਉਹੀ, ਪੰ. 129
10. ਉਹੀ, ਚਿਤ੍ਰਕਾਰ, ਪੰ. 188
11. ਉਹੀ, ਚਿੱਟਾ ਲਹੂ, ਪੰ. 81
12. ਉਹੀ, ਪੰ. 29
13. ਉਹੀ, ਪੰ. 32
14. ਉਹੀ, ਪੰ. 61
15. ਉਹੀ, ਪੰ. 67
16. ਉਹੀ, ਪਿਆਰ ਦੀ ਦੁਨੀਆਂ, ਪੰ. 144
17. ਉਹੀ, ਪੰ. ਚਿੱਟਾ ਲਹੂ, ਪੰ. 47
18. ਉਹੀ, ਜੀਵਨ ਸੰਗਰਾਮ, ਪੰ. 68
19. ਉਹੀ, ਧੁੰਧਲੇ ਪਰਛਾਵੇਂ, ਪੰ. 150

20. ਕਾਂਗ, ਕੁਲਬੀਰ ਸਿੰਘ, ਨਾਨਕ ਸਿੰਘ ਦਾਗਲਪ ਸੰਸਾਰ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1985, ਪੰ. 76

21. ਸੋਹਣ ਸਿੰਘ ਸੀਤਲ, ਮੁੱਲ ਦਾ ਮਾਸ, ਪੰ. 93-94

22. ਉਹੀ, ਪੰ. 63

23. ਉਹੀ, ਤੂਤਾਂ ਵਾਲਾ ਖੂਹ, ਪੰ. 74

24. ਉਹੀ, ਪੰ. 134

25. ਉਹੀ, ਜੁਗ ਬਦਲ ਗਿਆ, ਪੰ. 65

26. ਉਹੀ, ਪੰ. 104

27. ਉਹੀ, ਜੰਗ ਜਾਂ ਅਮਨ, ਪੰ. 52

28. ਉਹੀ, ਪੰ. 57

29. ਉਹੀ, ਪੰ. 208-210

30. ਉਹੀ, ਪੰ. 56

31. ਉਹੀ, ਪੰ. 200

32. ਉਹੀ, ਤੂਤਾਂ ਵਾਲਾ ਖੂਹ, ਪੰ. 25

33. ਉਹੀ, ਜੁੱਗ ਬਦਲ ਗਿਆ, ਪੰ. 104-166

34. ਉਹੀ, ਪੰ. 39

35. ਉਹੀ, ਪੰ. 130

36. ਉਹੀ, ਪੰ. 196

37. ਉਹੀ, ਪੰ. 170

38. ਉਹੀ, ਦੀਵੇ ਦੀ ਲੋਅ, ਪੰ. 149

39. ਉਹੀ, ਪੰ. 24

40. ਉਹੀ, ਤੂਤਾਂ ਵਾਲਾ ਖੂਹ, ਪੰ. 277-78

41. ਸੋਹਣ ਸਿੰਘ ਸੀਤਲ, ਜੁੱਗ ਬਦਲ ਗਿਆ, ਪ. 15

42. ਉਹੀ, ਪੰ. 9

43. ਉਹੀ, ਸੁੰਞਾ ਆਲ੍ਹਣਾ, ਪੰ. 10

44. ਉਹੀ, ਪੰ. 92

45. ਉਹੀ, ਪੰ. 92

46. ਉਹੀ, ਪੰ. 89

47. ਉਹੀ, ਪੰ. 7

48. ਉਹੀ, ਤੂਤਾਂ ਵਾਲਾ ਖੂਹ, ਪੰ. 28

49. ਉਹੀ, ਪੰ. 32

50. ਉਹੀ, ਮੁੱਲ ਦਾ ਮਾਸ, ਪੰ. 21-22

51. ਉਹੀ, ਪੰ. 27

52. ਉਹੀ, ਪਤਵੰਤੇ ਕਾਤਲ, ਪੰ. 37-38

53. ਉਹੀ, ਈਚੋਗਿਲ ਨਹਿਰ ਤਕ, ਪੰ. 231

54. ਉਹੀ, ਤੂਤਾਂ ਵਾਲਾ ਖੂਹ, ਪੰ. 28

55. ਉਹੀ, ਮੇਰੀ ਸਾਹਿਤਕ ਸਵੈ-ਜੀਵਨੀ, ਪੰ. 95

56. ਉਹੀ, ਚਿੱਟਾ ਲਹੂ, ਪੰ. 41

57. ਉਹੀ, ਪੰ. 41

58. ਨਾਨਕ ਸਿੰਘ, ਕੱਟੀ ਹੋਈ ਪਤੰਗ, ਪੰ. 20-21

59. ਉਹੀ, ਪੰ. 47

60. ਉਹੀ, ਸੰਗਮ, ਪੰ. 109-110

61. ਸੇਖੋਂ, ਸੰਤ ਸਿੰਘ, ਸਾਹਿਤ ਸਮਾਚਾਰ; ਅੰਕ, ਮਾਰਚ 1977, ਪੰ. 297

62. ਨਾਨਕ ਸਿੰਘ, ਚਿੱਟਾ ਲਹੂ, ਪੰ. 172

63. ਨਾਨਕ ਸਿੰਘ, ਕੱਟੀ ਹੋਈ ਪਤੰਗ, ਪੰ. 146

64. ਉਹੀ, ਪੰ. 147

65. ਸੋਹਣ ਸਿੰਘ ਸੀਤਲ, ਮੁੱਲ ਦਾ ਮਾਸ, ਪੰ. 76

66. ਉਹੀ, ਪੰਨਾ . 128

67. ਉਹੀ, ਧਰਤੀ ਦੀ ਬੇਟੀ, ਸੀਤਲ, ਪੁਸਤਕ ਭੰਡਾਰ, ਲੁਧਿਆਣਾ, 1962, ਪੰ. 103

68. ਉਹੀ, ਪੰ. 76

69. ਉਹੀ, ਪੰ. 91

70. ਉਹੀ, ਦੀਵੇ ਦੀ ਲੋਅ, ਸੀਤਲ ਪੁਸਤਕ ਭੰਡਾਰ, ਲੁਧਿਆਣਾ, 1967, ਪੰ. 105

71. ਉਹੀ, ਅੰਨ੍ਹੀ ਸੁੰਦਰਤਾ, ਪੰ. 151

72. ਉਹੀ, ਕਾਲੇ ਪਰਛਾਵੇਂ, ਪੰ. 96

73. ਉਹੀ, ਵਿਜੋਗਣ, ਸੀਤਲ ਪੁਸਤਕ ਭੰਡਾਰ, ਲੁਧਿਆਣਾ, 1950, ਪੰ. 100

74. ਉਹੀ, ਦੀਵੇ ਦੀ ਲੋਅ, ਪੰ. 107

75. ਉਹੀ, ਪੰ. 156

76. ਕੰਵਲ , ਜਸਵੰਤ ਸਿੰਘ, ਰੂਪ ਧਾਰਾ , ਮਹਿੰਦਰਾ ਆਰਟ, ਲੁਧਿਆਣਾ, 1961, ਪੰ. 20

77. ਸੋਹਣ ਸਿੰਘ ਸੀਤਲ, ਪਤਵੰਤੇ ਕਾਤਲ, ਪੰ. 27

78. ਉਹੀ, ਪੰ. 86

79. ਉਹੀ, ਵਿਜੋਗਣ, ਪੰ. 90-91

80. ਉਹੀ, ਜੰਗ ਜਾਂ ਅਮਨ, ਪੰ. 387

81. ਮਿਲੇਟ, ਕੇਟੇ, ਸੈਕਸੂਅਲ ਪਾਲਿਟਿਕਸ, ਸਫੇਰਾ ਬੁੱਕਸ ਲਿਮਿਟੇਡ, ਲੰਡਨ, 1972, ਪੰ. 25

82. ਉਹੀ, ਪੰ. 27

83. ਪੰਡਿਤ ਹਰਗੋਵਿੰਦ ਸ਼ਾਸਤਰੀ, ਮੰਨੂੰ ਸਿਮ੍ਰਿਤੀ, ਚੌਖੰਬਾ ਸੰਸਕ੍ਰਿਤ ਸੀਰੀਜ਼ ਆਫ਼ਿਸ, ਵਾਰਾਣਸੀ, ਦੂਜੀ ਵਾਰ, ਸੰਵਤ, 2026, ਪੰ. 101

84. ਮਨਮੋਹਨ ਕੌਰ, ਵੋਮੈਨ ਇੰਨ ਇੰਡੀਆਜ਼ ਫਰੀਡਮ ਸਟਰਗਲ, ਸਟਰਲਿੰਗ ਪਬਲਿਸ਼ਰਜ਼, ਨਿਊ ਦਿੱਲੀ, 1985, ਪੰ. 203

85. ਸੋਹਣ ਸਿੰਘ ਸੀਤਲ, ਮੁੱਲ ਦਾ ਮਾਸ, ਪੰ. 76

86. ਨਾਨਕ ਸਿੰਘ, ਕਟੀ ਹੋਈ ਪਤੰਗ, ਪੰ. 26

87. ਸੋਹਣ ਸਿੰਘ ਸੀਤਲ, ਮੇਰੀ ਸਾਹਿਤਕ ਸਵੈ-ਜੀਵਨੀ, ਪੰ. 77-78

88. ਸੂਰੀ, ਅਮਰਜੀਤ, ਨਾਨਕ ਸਿੰਘ ਦੇ ਇਸਤਰੀ ਪਾਤਰ, ਲੋਕ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, 1970, ਪੰ. 33

89. ਨਾਨਕ ਸਿੰਘ, ਮੰਝਧਾਰ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1949, ਪੰ. 231

90. ਉਹੀ, ਕਟੀ ਹੋਈ ਪਤੰਗ, ਪੰ. 191

ਅੱਧਿਆਇ ਪੰਜਵਾਂ :

*
*
*
*
*
*
*
*

ਉਦੇਸ਼

1) ਦੋਹਾਂ ਨਾਵਲਕਾਰਾਂ ਦੇ ਨਾਵਲਾਂ ਵਿਚ ਵਿਚਲਾ ਸੰਦੇਸ਼

2) ਸਮਾਜਿਕ-ਆਰਥਿਕ ਰਾਜਨੀਤਕ ਲਹਿਰਾਂ ਤੋਂ ਗ੍ਰਹਿਣ ਕੀਤੇ ਪ੍ਰਭਾਵ

3) ਆਦਰਸ਼ ਅਤੇ ਯਥਾਰਥ ਦਾ ਟਕਰਾਅ

ਉਦੇਸ਼

ਨਾਵਲ ਰਚਨਾ ਵਿਚ ਉਦੇਸ਼-ਤੱਤ ਪ੍ਰਤੀ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੁੰਦੀ ਹੈ। ਨਾਵਲਕਾਰ ਇਤਿਹਾਸਕ, ਸਮਾਜਿਕ, ਰਾਜਨੀਤਕ, ਸੱਭਿਆਚਾਰਕ ਜਾਂ ਪੂਰਨ ਰੂਪ ਵਿਚ ਕਾਲਪਨਿਕ ਕਿਸੇ ਵੀ ਤਰ੍ਹਾਂ ਦੀ ਰਚਨਾ ਕਿਸੇ ਨਾ ਕਿਸੇ ਉਦੇਸ਼ ਨੂੰ ਮੁੱਖ ਰਖ ਕੇ ਕਰਦਾ ਹੈ। ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਪ੍ਰਤੱਖ ਜਾਂ ਅਪ੍ਰਤੱਖ ਰੂਪ ਨਾਵਲ ਦੀ ਰਚਨਾ ਦੇ ਪਿਛੇ ਕੋਈ ਨਾ ਕੋਈ ਉਦੇਸ਼ ਜ਼ਰੂਰ ਮਿਲਦਾ ਹੈ। ਲਕਸ਼ਮੀ ਸਾਗਰ ਦੇ ਇਹ ਸ਼ਬਦ ਇਸ ਗਲ ਦੀ ਪੁਸ਼ਟੀ ਕਰਦੇ ਹਨ:

> ਨਾਵਲਾਂ ਦੀ ਇਕ ਸ਼ੈਲੀ ਪੁਰਾਣੇ ਕਹਾਣੀ ਕਹਿਣ ਵਾਲਿਆਂ ਦੀ ਹੈ, ਇਉਂ ਪ੍ਰਤੀਤ ਹੁੰਦਾ ਹੈ, ਜਿਵੇਂ ਲੇਖਕ ਧਿਆਨ ਮਗਨ ਹੋ ਕੇ ਸਰੋਤਿਆਂ ਨੂੰ ਕੋਈ ਕਹਾਣੀ ਸੁਣਾ ਰਿਹਾ ਹੋਵੇ। ਉਹ ਥਾਂ ਪੁਰ ਥਾਂ ਹਰ ਇਕ ਗੱਲ ਨੂੰ ਸਪਸ਼ਟ ਵੀ ਕਰੀ ਕਰੀ ਜਾਂਦਾ ਹੈ ਅਤੇ ਉਪਦੇਸ਼ ਵੀ ਦੇਈ ਜਾਂਦਾ ਹੈ।[1]

ਉਦੇਸ਼ ਦੀ ਦ੍ਰਿਸ਼ਟੀ ਤੋਂ ਨਾਵਲਾਂ ਦਾ ਵਿਵੇਚਨ ਕਰਦਿਆਂ ਪਤਾ ਲਗਦਾ ਹੈ ਕਿ ਉਨ੍ਹਾਂ ਵਿਚ ਅਜਿਹੀਆਂ ਰਚਨਾਵਾਂ ਮਿਲਦੀਆਂ ਹਨ, ਜਿਹੜੀਆਂ ਧਾਰਮਿਕ ਆਦਰਸ਼ਵਾਦੀ ਰੋਮਾਂਸ ਤੋਂ ਲੈ ਕੇ ਸਮਾਜ ਸੁਧਾਰ, ਇਤਿਹਾਸਕ ਚਿਤ੍ਰਣ, ਦੇਸ਼ ਦੀ ਸੁਤੰਤਰਤਾ ਅਤੇ ਵਿਭਾਜਨ ਦੇ ਪ੍ਰਭਾਵ, ਜਾਗੀਰਦਾਰੀ ਸਮਾਜ ਦੇ ਢਹਿਣ ਅਤੇ ਸਰਮਾਏਦਾਰੀ ਸਮਾਜ ਦੇ ਉਸਰਨ ਦੀਆਂ ਸਮੱਸਿਆਵਾਂ, ਸਮਾਜਵਾਦੀ ਚੇਤਨਾ ਤੋਂ ਲੈ ਕੇ ਚੇਤਨਾ ਪ੍ਰਵਾਹ, ਮਨੋਵਿਗਿਆਨਕ ਵਿਸ਼ਲੇਸ਼ਣ ਦੀ ਲਹਿਰ ਤਕ ਦੇ ਸਫ਼ਰ ਨੂੰ ਬਿਆਨ ਕਰਦੀਆਂ ਹਨ। ਹਾਵਰਡ ਫਾਸਟ ਦਾ ਵਿਚਾਰ ਹੈ ਕਿ:

> ਸਾਹਿਤ, ਹਮੇਸ਼ਾ ਹੀ ਉਸ ਸਮਾਜ ਦਾ ਸਭ ਤੋਂ ਠੀਕ ਪਰਛਾਵਾਂ ਹੁੰਦਾ ਹੈ ਜਿਸਨੇ ਉਸਨੂੰ ਸਿਰਜਿਆ ਹੋਵੇ।[2]

ਇਸ ਤਰ੍ਹਾਂ ਹਰ ਸਾਹਿਤ ਰਚਨਾ ਵਿਚ ਕੋਈ ਨਾ ਕੋਈ ਉਦੇਸ਼ ਜ਼ਰੂਰ ਹੁੰਦਾ ਹੈ। ਉਦੇਸ਼ ਰਹਿਤ ਸਾਹਿਤਕ ਰਚਨਾ ਆਪਣੇ ਸਮਾਜਿਕ ਮੁੱਲ ਤੋਂ ਉਸੇ ਤਰ੍ਹਾਂ ਵਿਹੂਣੀ ਹੁੰਦੀ ਹੈ ਜਾਂਦੀ ਹੈ ਜਿਸ

ਤਰ੍ਹਾਂ ਵਿਸ਼ਾ ਰਹਿਤ ਅਤੇ ਪਾਤਰਾਂ ਰਹਿਤ ਸਾਹਿਤੱਕ ਰਚਨਾ ਆਪਣਾ ਸਮਾਜਿਕ ਮੁੱਲ ਪ੍ਰਾਪਤ ਨਹੀਂ ਕਰ ਸਕਦੀ।

ਪੰਜਾਬੀ ਨਾਵਲ ਆਪਣੇ ਉਦੇਸ਼ ਪ੍ਰਤੀ ਸ਼ੁਰੂ ਤੋਂ ਲੈ ਕੇ ਅੱਜ ਤੱਕ ਸੁਚੇਤ ਰਿਹਾ ਹੈ। ਜਿੱਥੇ ਭਾਈ ਵੀਰ ਸਿੰਘ ਨੇ ਆਪਣੀ ਨਾਵਲ-ਰਚਨਾ ਵਿਚ ਧਾਰਮਿਕ ਸੁਧਾਰ ਅਤੇ ਸਿੱਖ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਆਪਣੇ ਧਾਰਮਿਕ ਦ੍ਰਿਸ਼ਟੀਕੋਣ ਦੇਉਦੇਸ਼ ਨੂੰ ਮੁੱਖ ਰਖਿਆ ਹੈ ਉਥੇ ਬਾਅਦ ਵਿਚ ਪੰਜਾਬੀ ਦੇ ਹੋਰ ਨਾਵਲਕਾਰਾਂ ਨੇ ਸਮਾਜ-ਸੁਧਾਰ ਦੇ ਕਿਸੇ ਨਾ ਕਿਸੇ ਹਿੱਸੇ ਨੂੰ ਉਦੇਸ਼ ਬਣਾ ਕੇ ਨਾਵਲ ਰਚਨਾ ਕਰਦੇ ਰਹੇ। ਨਾਵਲਾਂ ਰਾਹੀਂ ਸਮਾਜ ਵਿਚ ਕੀ ਸੁਧਾਰ ਹੋਇਆ ਜਾਂ ਜਨਤਾ ਤੇ ਕੀ ਅਸਰ ਪਿਆ, ਇਸਦਾ ਨਿਰਣਾ ਸਮਾਂ ਹੀ ਕਰਦਾ ਹੈ। ਤੇਜਾ ਸਿੰਘ ਅਨੁਸਾਰ:

> ਡਿਕਨਸ ਦੇ ਨਾਵਲਾਂ ਨੇ ਸੁਧਾਰਦੇ ਉਹ ਕੰਮ ਕੀਤੇ, ਜੋ ਪਾਰਲੀਮੈਂਟ ਦੇ ਬਣਾਏ ਹੋਏ ਕਾਨੂੰਨਾਂ ਨੇ ਨਹੀਂ ਕੀਤੇ।[3]

ਨਾਨਕ ਸਿੰਘ ਦੇ ਵਿਚਾਰ ਵੀ ਇਸੇ ਤਰ੍ਹਾਂ ਦੇ ਹਨ:

> ਸਮਾਜ ਸੁਧਾਰ ਕਰਨ ਦੀ ਜ਼ਿੰਮੇਵਾਰੀ ਜੇ ਤੇ ਕਿਸੇ ਆਉਂਦੀ ਹੈ ਤਾਂ ਸਾਹਿਤਕਾਰ ਤਬਕੇ ਉਤੇ, ਕਿਉਂਕਿ ਇਹੋ ਲੋਕ ਕਿਸੇ ਦੇ ਮਨ ਅੰਦਰ ਇਨਕਲਾਬੀ ਤਬਦੀਲੀਆਂ ਲਿਆਉਣ ਦੀ ਪਰਵਿਰਤੀ ਰਖਦੇ ਹਨ।[4]

ਇਸ ਤਰ੍ਹਾਂ ਹਰ ਲੇਖਕ ਕਿਸੇ ਨਾ ਕਿਸੇ ਤਰ੍ਹਾਂ ਦੇ ਉਦੇਸ਼ ਨੂੰ ਮੁੱਖ ਰਖ ਕੇ ਸਾਹਿਤ ਰਚਨਾ ਕਰਦਾ ਹੈ।

## ਦੋਹਾਂ ਨਾਵਲਕਾਰਾਂ ਵਿਚਲਾ ਉਦੇਸ਼

ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੇ ਸਾਹਿਤ ਰਚਨਾ ਸਮੇਂ ਇਕੋ ਜਿਹਾ ਸਮਾਜ ਸੀ। ਜਾਂ ਇਉਂ ਕਹਿ ਲਵੋ ਕਿ ਦੋਵੇਂ ਨਾਵਲਕਾਰ ਇਕੋ ਸਮੇਂ ਦੀ ਉਪਜ ਹਨ। ਦੋਹਾਂ ਨਾਵਲਕਾਰਾਂ ਨੇ ਤਕਰੀਬਨ ਇਕੋ ਜਿਹੇ ਉਦੇਸ਼ਾਂ ਨੂੰ ਮੁੱਖ ਕੇ ਨਾਵਲ-ਰਚਨਾ ਕੀਤੀ। ਦੋਹਾਂ ਨੇ ਹੀ ਪੰਜਾਬੀ ਨਾਵਲ ਨੂੰ ਹਰਮਨ ਪਿਆਰਾ ਬਣਾਉਣ ਲਈ ਸਮੇਂ ਅਤੇ ਸਮਾਜ ਦੀਆਂ ਕਮਜ਼ੋਰੀਆਂ ਨੂੰ ਉਘਾੜ ਕੇ ਪਾਠਕਾਂ ਸਾਹਮਣੇ ਲਿਆਂਦਾ ਹੈ। ਦੋਵੇਂ ਹੀ ਆਪਣੇ ਦ੍ਰਿਸ਼ਟੀਕੋਣ ਤੋਂ ਆਦਰਸ਼ਵਾਦੀ ਹਨ। ਇਹ ਆਦਰਸ਼ ਗਰੀਬੀ, ਵਹਿਮਾਂ-ਭਰਮਾਂ,

ਬੇਰੁਜ਼ਗਾਰੀ, ਛੂਤ-ਛਾਤ, ਫੁੱਟ ਤੇ ਵੱਖ-ਵੱਖ ਵਿਤਕਰਿਆਂ ਦੀ ਸ਼ਿਕਾਰ ਹੋਈ ਜਨਤਾ ਤੇਦੁੱਖ ਦੂਰ ਕਰਕੇ ਉਨ੍ਹਾਂ ਨਾਲ ਹਮਦਰਦੀ ਜਿਤਾਉਣ ਹੈ। ਉਹ ਵੱਖ-ਵੱਖ ਉਦੇਸ਼, ਜਿਨ੍ਹਾਂ ਵਿਚੋਂ ਦੀ ਦੋਵਾਂ ਨਾਵਲਕਾਰਾਂ ਦੇ ਨਾਵਲ ਗੁਜ਼ਰੇ ਹਨ, ਦਾ ਚਿਤ੍ਰਣ ਇਸ ਪ੍ਰਕਾਰ ਹੈ:

ਪਹਿਲਾ ਸਮਾਜਿਕ ਯਥਾਰਥ ਦਾ ਚਿਤਰਣ ਦੋਹਾਂ ਨਾਵਲਕਾਰਾਂ ਨੇ ਆਪਣੇ ਨਾਵਲਾਂ ਵਿਚ ਕੀਤਾ ਹੈ। ਨਾਨਕ ਸਿੰਘ ਦਾ ਯਥਾਰਥ ਵਾਸਤਵਿਕ ਘਟਨਾ ਪ੍ਰਬੰਧ ਨੂੰ ਆਪਣੀ ਕਥਾ ਦੀ ਵਸਤੂ ਬਣਾਉਣ ਦੀ ਬਜਾਏ ਦੇਸ਼ ਦੀ ਕੋਈ ਵੀ ਸਮਾਜਿਕ ਸਥਿਤੀ ਨੂੰ ਲੈ ਕੇ, ਉਸਦੇ ਗਿਰਦ ਘਟਨਾ-ਪ੍ਰਬੰਧ ਨੂੰ ਉਸਾਰਦਾ ਹੈ। ਨਾਵਲ 'ਚਿੱਟਾ ਲਹੂ' ਵਿਚ ਵਿਧਵਾ ਦੀਆਂ ਸਮਾਜਿਕ ਕਠਿਨਾਈਆਂ ਨੂੰ ਲੈ ਕੇ ਉਹ ਪ੍ਰਤੀਕਰਮ ਅਨੁਸਾਰ ਉਸਨੂੰ ਵੇਸ਼ਵਾ ਬਣਨ ਵਿਚ ਮਜ਼ਬੂਰ ਹੋਈ ਪੇਸ਼ ਕਰਦਾ ਹੈ ਅਤੇ ਨਾਨਕ ਸਿੰਘ ਦੇ ਨਾਵਲਾਂ ਦਾ ਇਕ ਉਦੇਸ਼ ਇਸਤਰੀ ਸਥਿਤੀ ਵਿਚ ਸੁਧਾਰ ਕਰਨਾ ਹੈ। ਨਾਨਕ ਸਿੰਘ ਆਪਣੇ ਨਾਵਲਾਂ ਵਿਚ ਅਜਿਹੇ ਸਮਾਜ ਦਾ ਚਿੱਤਰ ਪੇਸ਼ ਕਰਦਾ ਹੈ ਜੋ ਮਰਦ ਪ੍ਰਧਾਨ ਸਮਾਜ ਹੈ ਅਤੇ ਇਸ ਸਮਾਜ ਵਿਚ ਇਸਤਰੀ ਦੀ ਕੋਈ ਇੱਜਤ ਨਹੀਂ। ਉਸਨੂੰ ਐਸ਼ ਦੀ ਵਸਤੂ ਤਕ ਹੀ ਸੀਮਿਤ ਰਖਿਆ ਜਾਂਦਾ ਹੈ। ਮਰਦ ਆਪਣੀ ਇੱਛਾ ਅਨੁਸਾਰ ਉਸ ਨੂੰ ਜਿੱਧਰ ਜੀ ਚਾਹੇ ਧਕੇਲ ਸਕਦਾਹੈ। ਜਮਨਾ (ਕਾਗਤਾਂ ਦੀ ਬੇੜੀ), ਪ੍ਰੀਤਮ (ਟੁੱਟੀ ਵੀਣਾ), ਸੀਤਾ (ਰੰਗਾਜਲੀ ਵਿਚ ਸ਼ਰਾਬ), ਸੁਰਿੰਦਰਾਂ (ਧੁੰਧਲੇ ਪਰਛਾਵੇਂ), ਬਿਮਲਾ (ਪਿਆਰ ਦੀ ਦੁਨੀਆਂ) ਆਦਿ ਅਜਿਹੀਆਂ ਇਸਤਰੀਆਂ ਹਨ ਜੋ ਮਰਦ ਵਲੋਂ ਵੇਸ਼ਵਾ ਕੋਠ ਵਿੱਚ ਧਕੇਲੀਆਂ ਗਈਆਂ ਹਨ। ਉਸਦੇ ਅਮੀਰ ਪਾਤਰ ਬੜੇ ਦੁਰਾਚਾਰੀ ਹਨ ਪਰ ਉਨ੍ਹਾਂ ਦੀਆਂ ਪਤਨੀਆਂ ਨਿਰਦੋਸ਼ ਸਤੀ ਸਵਿਤ੍ਰੀ ਵਰਗੀਆਂ ਹਨ, ਜਿਵੇਂ 'ਧੁੰਧਲੇ ਪਰਛਾਵੇਂ', 'ਕਾਗਤਾਂ ਦੀ ਬੇੜੀ', 'ਜੀਵਨ ਸੰਗਰਾਮ' ਆਦਿ ਵਿਚ। ਇਨ੍ਹਾਂ ਨਾਵਲਾਂ ਵਿਚ ਨਾਨਕ ਸਿੰਘ ਨੇ ਵੇਸ਼ਵਾ ਸੁਧਾਰ ਜਿਹੀ ਗੰਭੀਰ ਅਤੇ ਵਾਸਤਵਿਕ ਸਮੱਸਿਆ ਦਾ ਹੱਲ ਵਿਅਕਤੀਵਾਦੀ ਢੰਗ ਨਾਲ ਕਰਕੇ ਆਦਰਸ਼ਕ ਸਮਾਜ ਦੀ ਭਾਵਨਾਂ ਪ੍ਰਗਟ ਕੀਤੀ ਹੈ। 'ਟੁੱਟੀ ਵੀਣਾ' ਨਾਵਲ ਵਿਚ ਡਾਕੀਏ ਰੰਗਾ ਰਾਮ ਦਾ ਇਕ ਵੇਸ਼ਵਾ ਸੁਧਾਰ ਲਿਆਉਣ ਦਾ ਯਤਨ ਨਿਰੋਲ ਆਦਰਸ਼ਵਾਦੀ ਹੈ। ਇਥੇ ਇਹ ਨਹੀਂ ਕਿ ਰੰਗਾ ਰਾਮ ਨੂੰ ਅਜਿਹਾ ਨਹੀਂਕਰਨਾ ਚਾਹੀਦਾ ਸੀ, ਸਗੋਂ ਮਤ ਇਹ ਹੈ ਕਿ ਉਸਨੂੰ ਯਥਾਰਥਿਕ ਪ੍ਰਸਥਿੱਤੀਆਂ ਵਿਚ ਸੰਘਰਸ਼ ਦਾ ਰਾਹ ਵੀ ਯਥਾਰਥਿਕ ਹੀ ਚੁਣਨਾ ਚਾਹੀਦਾ ਸੀ। ਅਜਿਹੀ ਸਮੱਸਿਆ ਵਾਲੇ ਨਾਵਲਾਂ ਦੇ ਸੰਬੰਧ ਵਿਚ ਡਾ. ਅਜੀਤ ਸਿੰਘ ਦਾ ਵਿਚਾਰ ਹੈ, "ਇਨ੍ਹਾਂ

ਨਾਵਲਾਂ ਵਿਚ ਪੇਸ਼ ਸਮਾਜਿਕ ਸਮੱਸਿਆਵਾਂ ਦੀ ਨਾਨਕ ਸਿੰਘ ਨੂੰ ਵਿਗਿਆਨਕ ਤੇ ਯਥਾਰਥਿਕ ਸੂਝ ਨਹੀਂ, ਕਿਉਂਕਿ ਉਸ ਕੋਲ ਇਸਦਾ ਉਪਾ ਵੀ ਯਥਾਰਥਿਕ ਨਹੀਂ।"[5]

ਮੁੱਖ ਰੂਪ ਵਿਚ ਨਾਨਕ ਸਿੰਘ ਸਮਾਜ ਸੁਧਾਰ ਦੇ ਉਦੇਸ਼ ਨੂੰ ਨਾਲ ਇਸ ਸਮੱਸਿਆ ਨੂੰ ਖਤਮ ਕਰਨਾ ਚਾਹੁੰਦਾ ਹੈ ਜੋ ਅੰਤਿਮ ਰੂਪ ਵਿਚ ਆਦਰਸ਼ ਭਾਵ ਮੰਡਲ ਸਿਰਜ ਲੈਂਦਾ ਹੈ।

ਨਾਨਕ ਸਿੰਘ ਆਪਣੇ ਖਲਨਾਇਕ ਪਾਖੰਡੀ ਸਾਧੂਆਂ ਦੇ ਰੂਪ ਵਿਚ ਪੇਸ਼ ਕਰਦਾ ਹੈ, ਜਿਵੇਂ 'ਪਿਆਰ ਦੀ ਦੁਨੀਆਂ' ਵਿਚ ਓਂਕਾਰ ਨਾਥ, 'ਆਸਤਕ-ਨਾਸਤਕ' ਵਿਚ ਪਰਮਿੰਦਰ ਸਿੰਘ ਆਦਿ। ਇਹ ਉਸਦਾ ਧਾਰਮਿਕ ਦਿਖਾਵੇ ਪ੍ਰਤੀ ਵਿਅੰਗਾਤਮਕ ਦ੍ਰਿਸ਼ਟੀਕੋਣ ਹੈ। ਜਿਸ ਉਦੇਸ਼ ਨੂੰ ਇਉਂ ਪੂਰਾ ਕੀਤਾ ਹੈ। ਨਾਨਕ ਸਿੰਘ ਸਮਾਜ ਸੁਧਾਰਕ ਹੋਣ ਕਰਕੇ ਯਥਾਰਥ ਦਾ ਚਿਤ੍ਰਣ ਵੀ ਇਸੇ ਉਦੇਸ਼ ਨੂੰ ਮੁੱਖ ਰਖ ਕੇ ਕਰਦਾ ਹੈ। ਉਸਦੇ ਨਾਵਲਾਂ ਦੇ ਪਾਤਰ-ਚਿਤਰਣ ਅਤੇ ਘਟਨਾ ਜਾਲ ਦਾ ਮੁੱਖ ਮੰਤਵ ਇਹ ਹੈ ਕਿ ਲੋਕ ਸਿੱਧੇ ਰਾਹ ਪੈ ਜਾਣ। ਉਹ ਬੁਰੀ ਸੰਗਤ ਤਿਆਗ, ਸ਼ਰਾਬ ਨਾ ਪੀਣ, ਜੂਆ ਨਾ ਖੇਡਣ, ਪਰ-ਇਸਤਰੀ ਗਮਨ ਨਾ ਕਰਨ, ਧਰਮ ਦੀ ਆੜ ਹੇਠ ਪਾਖੰਡੀ ਜੀਵਨ ਦੁਆਰਾ ਵਾਸਨਾ ਪੂਰਤੀ ਦਾ ਤਿਆਗ ਕਰਨ, ਵਿਧਵਾ ਵਿਆਹ ਨੂੰ ਅਸੂਲਨ ਠੀਕ ਸਮਝ ਲਿਆ ਜਾਵੇ, ਧਨੀ ਪੁਰਸ਼ ਵਾਹ ਲਗਦਿਆਂ ਆਪਣਾ ਧਨ ਗ਼ਰੀਬਾਂ ਵਿਚ ਵੰਡ ਕੇ ਛਕਣ ਆਦਿ ਨੂੰ ਅਪਣਾ ਕੇ ਸਮਾਜ ਵਿਚ ਸੁਧਾਰ ਲਿਆ ਸਕਦੇ ਹਨ।

ਨਾਨਕ ਸਿੰਘ ਨੇ 'ਆਦਮਖੋਰ' ਵਿਚ ਤਿਲੰਗਾਨਾ ਅਤੇ ਪੈਪਸੂ ਵਿਚ ਚਲ ਰਹੇ ਸੰਗ੍ਰਾਮਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਪੈਪਸੂ ਦੇ ਇਕ ਜਾਗੀਰਦਾਰ ਦੇ ਪੁੱਤਰ ਸ਼ਿੰਗਾਰਾ ਸਿੰਘ ਨੂੰ ਉਸਨੇ ਤਿਲੰਗਾਨਾ ਵਿਚ ਕਮਿਊਨਿਸਟਾਂ ਨਾਲ ਲੜਦਿਆਂ ਦਸਿਆ ਹੈ। ਉਸਦੀ ਲੱਤ ਕੱਟੀ ਜਾਂਦੀ ਹੈ। ਉਹ ਵਾਪਸ ਪੈਪਸੂ ਆ ਜਾਂਦਾ ਹੈ। ਉਸਦੇ ਭਰਾਵਾਂ ਨੇ ਉਸਨੂੰ ਘਰੋਂ ਨਿਕਲਣ ਲਈ ਮਜ਼ਬੂਰ ਕਰ ਦਿੱਤਾ ਹੈ। ਉਹ ਠਾਕੁਰ ਸਿੰਘ ਕੋਲ ਚੌਕੀਦਾਰੀ ਦਾ ਕੰਮ ਕਰਦਾ ਹੈ। ਸ਼ਿੰਗਾਰਾ ਸਿੰਘ ਦੀ ਪਤਨੀ ਸੁਲੋਚਨੀ ਕਾਰਖਾਨੇਦਾਰ ਦੀ ਨਜ਼ਰ ਚੜ੍ਹ ਜਾਂਦੀ ਹੈ। ਦੂਜੇ ਪਾਸੇ ਨਾਵਲ ਦੀ ਕਹਾਣੀ ਵਿਚ ਰਾਜਸੀ ਮੋੜ ਦਿੱਤਾ ਹੈ। ਠਾਕੁਰ ਸਿੰਘ ਦਾ ਪੁਤਰ ਪ੍ਰਿਤਪਾਲ ਭਾਰਤੀ ਨਾਂ ਦੇ ਕਮਿਊਨਿਸਟ ਦਾ ਪ੍ਰਭਾਵ ਕਬੂਲਦਾ ਹੈ ਅਤੇ

ਆਪਣੇ ਦੁਰਾਚਾਰੀ ਪਿਤਾ ਦੇ ਖਿਲਾਫ਼ ਅੰਦੋਲਨ ਖੜਾ ਕਰ ਦਿੰਦਾ ਹੈ। ਇਸ ਨਾਵਲ ਵਿਚ ਨਾਨਕ ਸਿੰਘ ਨੇ ਠਾਕੁਰ ਸਿੰਘ ਨੂੰ ਪਸਚਾਤਾਪ ਕਰਦਿਆਂ ਦਿਖਾ ਕੇ, ਅਤੇ ਕਮਿਊਨਿਸਟਾਂ ਨੂੰ ਅੰਦੋਲਨਾਤਮਕ ਰਵੱਈਆ ਤਿਆਗ ਕੇ ਪਾਰਲਮਾਨੀ ਢੰਗ ਨਾਲ ਚੋਣਾਂ ਲੜਕੇ ਪਵਿਤ੍ਰ ਸੰਗਰਾਮ ਚਲਾਉਣ ਦਾ ਉਪਦੇਸ਼ ਦਿੱਤਾ ਹੈ।

'ਮੰਝਧਾਰ', 'ਚਿਤ੍ਰਕਾਰ' ਨਾਵਲਾਂ ਦੀਆਂ ਸਮੱਸਿਆਵਾਂ ਪਾਕਿਸਤਾਨ ਬਣਨ ਪਿੱਛੋਂ ਉਜੜੇ ਲੋਕਾਂ ਦੇ ਦੁਖੀ ਜੀਵਨ ਨਾਲ ਸੰਬੰਧਿਤ ਹਨ। ਬਹੁਤ ਸਾਰੇ ਨਾਵਲਾਂ ਵਾਂਗ ਹੀ ਨਾਨਕ ਸਿੰਘ ਨੇ ਆਜ਼ਾਦੀ ਪਿਛੋਂ ਦੇਸ਼ ਵਿਚ ਫੈਲੀ ਰਿਸ਼ਵਤਖੋਰੀ, ਚੋਰਬਾਜ਼ਾਰੀ ਅਤੇ ਦਿਨ-ਬਦਿਨ ਡਿਗ ਰਹੇ ਮਨੁੱਖੀ ਚਰਿੱਤਰ ਨੂੰ ਵਾਸਤਵਿਕ ਰੂਪ ਵਿਚ ਪੇਸ਼ ਕਰਨ ਦਾ ਯਤਨ ਕਰਦਾ ਹੈ। ਪਰੰਤੂ ਇਸ ਨੂੰ ਦੂਰ ਕਰਨ ਦੀ ਵਿਧੀ ਉਹ ਨਿਰੋਲ ਆਦਰਸ਼ਵਾਦੀ ਅਪਣਾਉਂਦਾ ਹੈ। 'ਮੰਝਧਾਰ' ਨਾਵਲ ਵਿਚ ਭ੍ਰਿਸ਼ਟਾਚਾਰੀ ਸ਼ੁਕਲ ਜੀ ਅਤੇ ਡਾਕਟਰ ਅਨੰਦ ਦਾ ਕਲਿਆਣਉਹ ਨਾਵਲ ਦੀ ਨਾਇਕਾ ਪ੍ਰੀਨਿਆ ਰਾਹੀਂ ਕਰਦਾ ਹੈ। ਪ੍ਰੀਨਿਆ ਪਾਕਿਸਤਾਨ ਤੋਂ ਜ਼ੁਲਮ ਦਾ ਸ਼ਿਕਾਰ ਹੋ ਕੇ ਆਈ ਸ਼ਰਨਾਰਥੀ ਕੁੜੀ ਹੈ। ਪਰ ਉਹ ਸੁਹਣੀ, ਸੁਚੱਜੀ, ਉਚੀ ਤੇ ਸੁੱਚੀ ਆਤਮਾ ਵਾਲੀ ਮਾਨਵਤਾ ਦੀ ਸਿਖਰ ਦੀ ਸਿਖਰ ਅਤੇ ਬਹਾਦਰ ਕੁੜੀ ਹੈ, "ਉਹ ਸਾਹਿਤ, ਸੰਗੀਤ, ਡਾਕਟਰੀ, ਇਤਿਹਾਸਦੀ ਜਾਣਕਾਰ ਹੈ, ਚੰਗੀ ਸਪੀਕਰ ਹੈ, ਗੰਭੀਰ, ਦੂਰ ਅੰਦੇਸ਼ ਅਤੇ ਹਦ ਦਰਜੇ ਦੀ ਅਣਥੱਕ ਹੈ।"[6]

'ਕੋਈ ਹਰਿਆ ਬੂਟ ਰਹਿਓ ਰੀ' ਦਾ ਉਦੇਸ਼ ਸਾਡੇ ਸਮਾਜ ਦੇ ਭ੍ਰਿਸ਼ਟਾਚਾਰ ਦਾ ਵਰਣਨ ਕਰਨਾ ਹੈ। ਪਰ ਇਸਨੂੰ ਦੁਖਾਂਤ ਬਣਾ ਕੇ ਆਪਣੇ ਯਤਨ ਤੇ ਉਦੇਸ਼ ਨੂੰ ਵਿਫਲ ਪ੍ਰਗਟ ਕਰਨ ਦੀ ਹੀ ਕੋਸ਼ਿਸ਼ ਕੀਤੀ ਹੈ। ਭਾਵੇਂ ਇਹ ਸਾਰੀਆਂ ਕਮੀਆਂ ਨਾਨਕ ਸਿੰਘ ਦੇ ਯਥਾਰਥ ਚਿਤ੍ਰਣ ਵਿਚ ਹਨ, ਪਰ ਨਾਨਕ ਸਿੰਘ ਪੰਜਾਬੀ ਦਾ ਇਕ ਮਹਾਨ ਨਾਵਲਕਾਰ ਹੈ। ਉਸਨੇ ਗ਼ਰੀਬ ਘਰਾਣਿਆਂ ਦੇ ਚਿੱਤਰ ਬੜੀ ਖ਼ੂਬੀ ਨਾਲ ਪੇਸ਼ ਕੀਤੇ ਹਨ। ਉਸਨੇ ਥਾਂ-ਥਾਂ ਸਾਡੀ ਮੱਧ-ਸ਼੍ਰੇਣੀ ਅਤੇ ਕਿਰਤੀ ਵਰਗ ਦੀ ਗ਼ਰੀਬੀ ਨੂੰ ਸਾਕਾਰ ਕੀਤਾ ਹੈ। ਉਹ ਅਮੀਰਾਂ ਦੇ ਵਿਰੁਧ ਸੀ, ਅਤੇ ਅਮੀਰਾਂ ਦੇ ਘਰਾਂ ਤਕ ਉਸਦੀ ਰਸਾਈ ਨਹੀਂ ਸੀ। ਇਸ ਤਰ੍ਹਾਂ ਅਮੀਰਾਂ ਦੇ ਚਿੱਤਰ ਪੇਸ਼ ਕਰਨ ਵਿਚ ਉਸਨੂੰ ਕਠਿਨਾਈ ਮਹਿਸੂਸ ਹੁੰਦੀ ਜਾਪਦੀ ਹੈ।

ਸੋਹਣ ਸਿੰਘ ਸ਼ੀਤਲ ਵੀ ਨਾਨਕ ਸਿੰਘ ਆਪਣੇ ਨਾਵਲਾਂ ਦਾ ਮੁੱਖਉਦੇਸ਼ ਸਮਾਜਿਕ ਯਥਾਰਥ

ਨੂੰ

ਨੂੰ ਹੀ ਪੇਸ਼ ਕਰਦਾ ਹੈ। ਸੀਤਲ ਦਾ ਨਾਨਕ ਸਿੰਘ ਨਾਲੋਂ ਵਿਸ਼ੇਸ਼ ਰੂਪ ਵਿਚ ਅੰਤਰ ਵੀ ਹੈ ਅਤੇ ਸਾਂਝ ਵੀ। ਸੀਤਲ ਨਾਨਕ ਸਿੰਘ ਵਾਂਗ ਵਧੇਰੇ ਉਪਭਾਵੁਕ ਅਤੇ ਰੋਮਾਂਚਿਕ ਨਹੀਂ। ਉਸਦੇ ਨਾਵਲਾਂ ਵਿਚ ਯਥਾਰਥਿਕ ਚਿਤਰਨ ਵਧੇਰੇ ਹੈ। ਸੀਤਲ ਦਾ ਆਪਣਾ ਕਹਿਣਾ ਹੈ ਕਿ, "ਮੇਰਾ ਨਿਸ਼ਚਾ ਹੈ ਹਜ਼ਾਰ ਕਲਪਨਾ ਵੀ ਯਥਾਰਥ ਦਾ ਮੁਕਾਬਲਾ ਨਹੀਂ ਕਰ ਸਕਦੀ।"[7]

ਸੋਹਣ ਸਿੰਘ ਸੀਤਲ ਦੇ ਨਾਵਲ 'ਮੁੱਲ ਦਾ ਮਾਸ' ਤੋਂ ਲੈ ਕੇ 'ਜਵਾਲਾਮੁਖੀ' ਤਕ ਦੇ ਸਾਰੇ ਨਾਵਲ ਸਮਾਜਿਕ ਯਥਾਰਥ ਦੇ ਉਦੇਸ਼ ਨੂੰ ਲੈ ਕੇ ਲਿਖੇ ਗਏ ਹਨ। ਨਾਵਲ 'ਮੁੱਲ ਦਾ ਮਾਸ' ਲੇਖਕ ਦੇ ਯਥਾਰਥਿਕ ਚਿੱਤਰ ਦੀ ਕਲਾਤਮਕ ਅਭਿਵਿਅਕਤੀ ਦੀ ਸਿਖਰ ਹੈ। ਇਸ ਨਾਵਲ ਦੀ ਕੇਂਦਰੀ ਸਮੱਸਿਆ ਆਰਥਿਕ ਔਕੜਾਂ ਕਾਰਣ ਧੀਆਂ ਦੇ ਪੈਸੇ ਲੈ ਕੇ ਵਿਆਹ ਕਰਨ ਦੇ ਦੁਆਲੇ ਘੁੰਮਦੀ ਹੈ। 16 ਸਾਲ ਦੀ ਜਵਾਨ ਚੰਦੋ ਦਾ ਪਿਉ ਉਸਨੂੰ 1500 ਰੁਪਏ ਲੈ ਕੇ 60 ਸਾਲਾਂ ਦੇ ਬੁੱਢੇ ਗੰਡਾ ਸਿੰਘ ਨਾਲ ਨਰੜ ਦਿੰਦਾ ਹੈ। ਜਿਸਤੋਂਉਸਦਾ ਜੀਵਨ ਦੁਖਾਂਤ, ਕਸ਼ਟਾਂ ਤੇ ਨਿਰਾਸ਼ਾ ਨਾਲ ਭਰ ਜਾਂਦਾ ਹੈ। ਸੀਤਲ ਧੱਕੇ ਨਾਲ ਕੀਤੇਗਏ ਇਸ ਅਨਜੋੜ ਵਿਆਹ ਦੇ ਫਲਸਵਰੂਪ ਚੰਦੋ ਦੇ ਜੀਵਨ ਵਿਚ ਆਈ ਝਾਕੀ ਨੂੰ ਯਥਾਰਥਿਕ ਰੰਗਣ ਰਾਹੀਂ ਪੇਸ਼ ਕਰਦਾ ਹੈ। ਚੰਦੋ ਆਪਣੇ ਪਤੀ ਤੋਂ ਹੀ ਮਾਰ ਨਹੀਂ ਖਾਂਦੀ ਸਗੋਂ ਆਪਣੇ ਮਤਰੇਏ ਧੀਆਂ ਪੁੱਤਰਾਂ ਤੋਂ ਵੀ ਗੱਲਾਂ ਖਾਂਦੀ ਹੈ। ਇਸਦਾ ਕਾਰਣ ਸੋਹਣ ਸਿੰਘ ਸੀਤਲ ਉਸਦਾ ਆਰਥਿਕ ਪਖੋਂ ਨੀਵੀਂ ਸ਼੍ਰੇਣੀ ਨਾਲ ਸੰਬੰਧਿਤ ਹੋਣਾ ਦਸਦਾ ਹੈ। ਸੀਤਲ ਨੇ ਪੰਡਤ ਜਵਾਲਾ ਸਹਾਏ ਅਤੇ ਨਾਈ ਧੰਨਾ ਸਿੰਘ ਜਿਹੇ ਸਵਾਰਥੀ ਅਤੇ ਲੋਭੀ ਪੁਰਸ਼ਾਂ ਦਾ ਵਾਸਤਵਿਕ ਚਿਤਰਨ ਕੀਤਾ ਹੈ ਜਿਹੜੇ ਆਪਣੇ ਸਵਾਰਥ ਲਈ ਦੋਵਾਂ ਪਾਸਿਆਂ ਨੂੰ ਲੁੱਟ ਕੇ ਖਾਂਦੇ ਹਨ। ਮਰਨ ਕਿਨਾਰੇ ਪਿਆ ਗੰਡਾ ਸਿੰਘ ਆਦਰਸ਼ਵਾਦੀਆਂ ਵਾਂਗ ਬਾਰ-ਬਾਰ ਮੁਆਫ਼ੀ ਨਹੀਂ ਮੰਗਦਾ ਭਾਵੇਂ ਉਸਨੂੰ ਆਪਣੇ ਕੀਤੇ ਤੇ ਵਾਸਤਵਿਕ ਦੁੱਖ ਹੈ। ਬਹੁਤੇ ਨਾਵਲਾਂ ਦਾ ਅੰਤ ਸੀਤਲ ਆਦਰਸ਼ ਰੁਚੀ ਅਨੁਸਾਰ ਨਹੀਂ ਕਰਦਾ। ਇਹੀ ਕਾਰਣ ਹੈ ਕਿ ਚੰਦੋ ਦਾ ਅੰਤ ਉਹੀ ਹੁੰਦਾ ਹੈ ਜਿਹੜਾ ਕਿ ਅਜੇਹੇ ਕਿਸਾਨ ਪਰਿਵਾਰ ਦੀ ਵਿਧਵਾ ਧੀ ਦਾ ਹੋਣਾ ਚਾਹੀਦਾ ਹੈ, ਦੁੱਲਾ ਸਿੰਘ ਬਦਮਾਸ਼ ਉਸਦੀ ਇੱਜ਼ਤ ਲੁੱਟਦਾ ਹੈ ਅਤੇ ਅੰਤ ਉਤੇ ਉਹ ਅਫ਼ੀਮ ਖਾ ਕੇ ਖੁਦਕੁਸ਼ੀ ਕਰਦੀ ਹੈ। ਜਿਸ ਨਾਲ ਨਾਵਲ ਦਾ ਕਠੋਰ ਦੁਖਾਂਤ ਬਣਦਾ ਹੈ। ਕਰਨਜੀਤ ਅਨੁਸਾਰ,

ਇਹੀ ਕਾਰਨ ਹੈ ਕਿ ਉਸਨੂੰ ਯਥਾਰਥਵਾਦੀ ਨਾਵਲਕਾਰਾਂ ਦੀ ਕਤਾਰ ਵਿਚ ਖੜਾ ਕੀਤਾ ਜਾ ਸਕਦਾ ਹੈ।"[8] ਪਰੰਤੂ ਇਸ ਗੱਲ ਤੋਂ ਇਹ ਭਾਵ ਕਦਾਚਿਤ ਨਹੀਂ ਕਿ ਸੋਹਣ ਸਿੰਘ ਸੀਤਲ ਆਲੋਚਨਾਤਮਕ ਯਥਾਰਥਵਾਦੀ ਨਾਵਲਕਾਰ ਹੈ ਪਰ ਉਸਨੂੰ ਸਮਾਜ ਦੇ ਯਥਾਰਥ ਦਾ ਪੂਰਨ ਤੇ ਵਿਗਿਆਨਕ ਗਿਆਨ ਨਹੀਂ ਹੈ। ਇਸ ਨਾਵਲ ਦਾ ਸੰਦੇਸ਼ ਯਥਾਰਥ ਤੌਰ ਤੇ ਸਮਾਜ ਦੀ ਉਸ ਸਮੱਸਿਆ ਦੇ ਵਿਰੁਧ ਹੈ ਜਿਹੜੀ ਆਰਥਿਕ ਤੌਰ ਤੇ ਨੀਵੇਂ ਹੋਣ ਕਾਰਨ ਨੈਤਿਕ ਕਦਰਾਂ ਕੀਮਤਾਂ ਤੋਂ ਡਿੱਗ ਚੁੱਕੀ ਹੈ। ਇਸ ਰਾਹੀਂ ਨਾਵਲਕਾਰ ਆਪਣੇ ਮੰਤਵ ਦੀ ਸਿੱਧੀ ਸਮੱਸਿਆ ਪੇਸ਼ ਕਰਕੇ ਲੋਕਾਂ ਸਾਹਮਣੇ ਰੱਖਦਾ ਹੈ।

'ਪਤਵੰਤੇ ਕਾਤਲ' ਦੀ ਮਨਜੀਤ, 'ਜੰਗੀ ਜਾਂ ਅਮਨ' ਦੀ ਕਿਰਪਾਲ ਆਦਿ ਅਜਿਹੀਆਂ ਅਭਾਗੀ ਇਸਤਰੀਆਂ ਦੇ ਦੁੱਖਾਂ ਨੂੰ ਸੀਤਲ ਬੜੇ ਯਥਾਰਥਿਕ ਢੰਗ ਨਾਲ ਪੇਸ਼ ਕਰਦਾ ਹੈ। ਸ਼ੀਤਲ ਅਨਜੋੜ ਵਿਆਹ ਦੀ ਸਮੱਸਿਆ 'ਜਵਾਲਾਮੁਖੀ' ਨਾਵਲ ਵਿਚ ਲੈਂਦਾ ਕਿ ਮੱਖਣ ਸਿੰਘ ਦੇ ਪਹਿਲਾਂ ਤਿੰਨ ਵਿਆਹ ਹੋਏ ਹੁੰਦੇ ਹਨ ਪਰ ਉਸਦੇ ਔਲਾਦ ਨਾ ਹੋਣ ਕਰਕੇ ਸ਼ਾਮੋ ਨਾਲ ਚੌਥਾ ਵਿਆਹ ਹੁੰਦਾ ਹੈ। ਜਦੋਂਕਿ ਸ਼ਾਮੋ 15 ਸਾਲ ਦੀ ਅਤੇ ਮੱਖਣ ਸਿੰਘ 60 ਸਾਲ ਦਾ ਬੁੱਢਾ ਹੈ। ਉਹ ਆਪਣੇ ਵਿਆਹ ਨੂੰ ਦਾਦੇ ਪੋਤਰੀ ਦਾ ਵਿਆਹ ਸਮਝਦੀ ਹੋਈ ਆਤਮ ਹਤਿਆ ਕਰ ਲੈਂਦੀ ਹੈ।

ਸਮਾਜ-ਸੁਧਾਰ ਦੇ ਉਦੇਸ਼ ਨਾਲ ਇਸ ਸਮੱਸਿਆ ਨੂੰ ਖਤਮ ਕਰਨਾ ਚਾਹੁੰਦਾ ਹੈ। ਪਰ ਸੀਤਲ ਸਮਾਜ ਸੁਧਾਰਕ ਹੁੰਦਾ ਹੋਇਆ ਵੀ ਅਗਾਂਹ-ਵਧੂ ਵਿਚਾਰਾਂ ਨੂੰ ਸੰਦੇਸ਼ ਵਜੋਂ ਸੰਚਾਰਦਾ ਹੈ ਜਿਵੇਂ ਵਿਧਵਾ ਮਨਜੀਤ ਪਹਿਲਾਂ ਤਾਂ ਸਮਾਜ ਦੇ ਬਦਮਾਸ਼ਾਂ ਵਲੋਂ ਤੰਗ ਆ ਕੇ ਪਿੰਡ ਛੱਡ ਜਾਂਦੀ ਹੈ ਅਤੇ ਆਤਮ ਹੱਤਿਆ ਕਰਨ ਦੀ ਅਜੇ ਸੋਚਦੀ ਹੀ ਹੈ ਕਿ ਉਸ ਵਿਚ ਸਾਹਸ ਜਾਗ ਪੈਂਦਾ ਹੈ ਕਿ ਕਿਉਂ ਨਾ ਉਹ ਮਰਦ ਬਰਾਬਰ ਜਿਉਂਦੇ ਦਿਖਾਵੇ। ਉਹ ਅੰਤ ਸਕੂਲ ਵਿਚ ਪੜ੍ਹਾਉਣ ਲਗ ਜਾਂਦੀ ਹੈ।

ਨਾਨਕ ਸਿੰਘ ਵਾਂਗ ਹੀ ਸੀਤਲ ਵੀ ਵਖਰੇਵੇਂ ਪੈਦਾ ਕਰਨਵਾਲੇ ਮਨੁੱਖਾਂ ਨੂੰ ਉਨ੍ਹਾਂ ਦੇ ਅਸਲੀ ਰੂਪ ਵਿਚ ਸਾਹਮਣੇ ਲਿਆਂਦਾ ਹੈ। ਇਹ ਮਨੁੱਖ ਭਾਵੇਂ ਮੁਸਲਮਾਨ ਹੋਣ, ਹਿੰਦੂ ਹੋਣ ਜਾਂ ਸਿੱਖ-ਸਭ ਉਸਦੀ ਘਿਰਣਾ ਕਰਨ ਵਾਲੇ ਅੜੇ ਸੱਜਣ ਸਿੰਘ ਅਤੇ ਇਲਮਦੀਨ ਦੀ ਦੋਸਤੀ ਵਿਚ ਫਿੱਕ ਪਾਉਣ ਵਾਲੇ ਭਾਵੇਂ ਫੈਜਲਹੱਕ ਵਰਗੇ ਮੁਸਲਿਮਲੀਗੀ ਹਨ ਜਾਂ ਜੱਥੇਦਾਰ ਰਾਮ ਸਿੰਘ ਤੇ ਸੁੰਦਰ ਸਿੰਘ ਵਰਗੇ ਕਥਿਤ ਪੰਥਕ

ਦਰਦੀ ਦੋਵੇਂ ਪਾਸੇ ਲੇਖਕ ਦੀ ਨਿਗਾਹ ਵਿਚ ਬਰਾਬਰ ਦੇ ਦੋਸ਼ੀ ਹਨ। ਅਤੇ ਇਨ੍ਹਾਂ ਫਿਰਕਾਪ੍ਰਸਤਾਂ ਦੀਆਂ ਅਸਲ ਜੜ੍ਹਾਂ ਕਿੱਥੇ ਹਨ, ਉਹ ਕਿਨ੍ਹਾਂ ਦੇ ਹਿਤਾਂ ਦੀ ਪੂਰਤੀ ਲਈ ਕਿਨ੍ਹਾਂ ਦੇ ਕਹਿਣ 'ਤੇ ਕੀ ਕਰ ਰਹੇ ਹਨ ਇਹ ਸਭ ਕੁੱਝ ਵੇਖ ਤੇ ਵਿਖਾ ਸਕਣਾ ਵੀ ਸੀਤਲ ਦਾ ਉਦੇਸ਼ ਹੈ। ਦੋਵਾਂ ਪਾਸਿਆਂ ਦੇ ਫਿਰਕਾਪ੍ਰਸਤ ਮਾਸੀ ਦੇ ਪੁੱਤ ਭਰਾ ਹਨ ਤੇ ਉਹਨਾਂ ਨੂੰ ਉਤਸ਼ਾਹਿਤ ਕਰਨ ਵਾਲਾ ਸ੍ਰੋਤ ਇਕੋ ਹੀ ਹੈ ਦੇਸ਼ ਦਾ ਪੂੰਜੀਪਤੀ ਸ਼ੋਸ਼ਕ ਵਰਗ ਜੋ 'ਤੂਤਾਂ ਵਾਲਾ ਖੂਹ' ਨਾਵਲ ਵਿਚ ਚੰਨੋਸ਼ਾਹ ਦੇ ਰੂਪ ਵਿਚ ਮੌਜੂਦ ਹੈ।

ਸੋਹਣ ਸਿੰਘ ਸੀਤਲ ਨੇ ਕਿਰਸਾਣੀ ਜੀਵਨ ਨੂੰ ਹੰਢਾਇਆ। ਇਸ ਕਰਕੇ ਉਹ ਯਥਾਰਥਿਕ ਰੰਗਣ ਦੇ ਰਾਹੀਂ ਕਿਸਾਨੀ ਦੀ ਮੰਦਭਾਗੜੀ ਜ਼ਿੰਦਗੀ ਨੂੰ ਪੇਸ਼ ਕਰਦਾ ਹੈ। ਭਾਵੇਂ ਸੋਹਣ ਸਿੰਘ ਸੀਤਲ ਵੀ ਸਮੱਸਿਆ ਦਾ ਹੱਲ ਨਿਸ਼ਚਿਤ ਤੌਰ ਤੇ ਪੇਸ਼ ਨਹੀਂ ਕਰ ਸਕਿਆ, ਪਰੰਤੂ ਉਸਦੀ ਪੇਸ਼ਕਾਰੀ ਅਤੇ ਨਿਭਾਅ ਨਾਨਕ ਸਿੰਘ ਨਾਲੋਂ ਵਧੇਰੇ ਯਥਾਰਥ ਦੇ ਨੇੜੇ ਹਨ। ਸੀਤਲ ਪੇਂਡੂ ਕਿਰਸਾਣੀ ਦੀਆਂ ਪਰੇਸ਼ਾਨੀਆਂ, ਮੁਸ਼ਕਿਲਾਂ, ਉਮੰਗਾਂ, ਝਗੜਿਆਂ ਅਤੇ ਔਰਤ ਨਾਲ ਦੁਰ-ਵਿਵਹਾਰ ਨੂੰ ਉਭਾਰ ਕੇ ਸਾਹਮਣੇ ਲਿਆਂਦਾ ਹੈ। ਉਸ ਵਲੋਂ ਪੇਸ਼ ਕੀਤੀਆਂ ਸਮੱਸਿਆਵਾਂ ਦੇ ਚਰਿਤਰ ਇਤਿਹਾਸਕ ਗਤੀ ਨਾਲੋਂ ਟੁੱਟ ਖੜੋਣ ਦੀ ਅਵਸਥਾ ਵਿਚ ਨਹੀਂ, ਸਗੋਂ ਆਪਣੇ ਜੀਵੰਤ ਰੂਪ ਵਿਚ ਸਾਹਮਣੇ ਆਉਂਦੇ ਹਨ, ਛੋਟੇ ਤੇ ਗਰੀਬ ਕਿਸਾਨ ਦੀ ਆਰਥਿਕ ਮੰਦਹਾਲੀ, 'ਚੋਂ ਉਤਪੰਨ ਹੁੰਦੀਆਂ, ਘਰੇਲੂ ਤੇ ਸਮਾਜਿਕ ਸਮੱਸਿਆਵਾਂ ਨੂੰ ਸੀਤਲ ਨੂੰ ਚੋਖੇ ਵਿਸਥਾਰ ਰੂਪਮਾਨ ਕੀਤਾ ਹੈ।

ਸੋਹਣ ਸਿੰਘ ਸੀਤਲਦੇ ਨਾਵਲਾਂ ਵਿਚ ਛੋਟੇ ਕਿਸਾਨ ਦੀ ਤਰਸਯੋਗ ਸਥਿਤੀ ਦਾ ਬਹੁਤ ਸੋਹਣਾ ਚਿਤਰਨ ਮਿਲਦਾ ਹੈ। 'ਜੰਗ ਜਾਂ ਅਮਨ' ਨਾਵਲ ਵਿਚ ਬੀਤਾ ਸਿੰਘ ਕੋਲ ਨਾ ਤਾਂ ਆਪਣੀ ਧੀ ਸਵਰਨੋ ਦੇ ਵਿਆਹ ਲਈ ਤੇ ਨਾ ਹੀ ਪੁੱਤਰ ਮਹਿੰਦਰ ਦੇ ਵਿਆਹ ਸਮੇਂ ਕੋਈ ਪੈਸਾ ਸੀ। ਦੋਨਾਂ ਸਮਿਆਂ ਉਤੇ ਉਸਨੂੰ ਆੜ੍ਹਤੀ ਗਰੀਬਦਾਸ ਤੋਂ ਕਰਜ਼ਾ ਲੈਣਾ ਪਿਆ ਸੀ।[9] ਭਾਵੇਂ ਸਵਰਨੋ ਦੇ ਵਿਆਹ ਉਤੇ ਫੜੇ ਅਠ ਸੌ ਰੁਪਇਆ ਦੇ ਬਦਲੇ ਵਿਚ ਸੂਦ ਵਜੋਂ ਉਹ ਇਕ ਹਜ਼ਾਰ ਰੁਪਏ ਮੋੜ ਚੁਕਣ ਦੇ ਬਾਵਜੂਦ ਵੀ ਮੂਲ ਦੇ ਅਠ ਸੌ ਰੁਪਏ ਉਵੇਂ ਹੀ ਕਾਇਮ ਹਨ।[10]

ਵੰਡ ਤੋਂ ਪਹਿਲਾਂ ਦੇ ਪੰਜਾਬੀ ਪਿੰਡਾਂ ਵਿਚ ਵਸਦੇ ਹਿੰਦੂ-ਮੁਸਲਮਾਨ ਤੇ ਸਿੱਖਾਂ ਵਿਚ ਭਾਈਚਾਰਕ ਸਾਂਝ ਸੀ। ਪਿੰਡਾਂ ਦੇ ਸਾਧਾਰਨ ਲੋਕ ਆਪਣੇ ਕੰਮਾਂ ਵਿਚ ਏਨੇ ਵਿਅਸਤ ਸਨ ਕਿ ਉਨ੍ਹਾਂ ਨੂੰ ਇਹੋ ਜਿਹੀ ਫਿਰਕਾਪ੍ਰਸਤ ਭਾਵਨਾ ਬਾਰੇ ਸੋਚਣ ਦਾ ਵਕਤ ਨਹੀਂ ਸੀ। ਸੋਹਣ ਸਿੰਘ ਸੀਤਲ ਨੇ

ਪਿੰਡਾਂ ਨੂੰ ਉਸਦੀ ਸਮੁੱਚਤਾ ਵਿਚ ਚਿਤਰਿਆ ਸੁਭਾਵਿਕ ਹੀ ਮਿਸ਼ਰਤ ਸੰਸਕ੍ਰਿਤੀ ਤੇ ਫਿਰਕੂ ਸਾਂਝ ਨੂੰ ਵੀ ਆਪਣੇ ਨਾਵਲਾਂ ਵਿਚ ਉਦੇਸ਼ ਪੂਰਨ ਢੰਗ ਨਾਲ ਚਿਤਰਿਆ ਹੈ। ਪਿੰਡਾਂ ਦੇ ਜੀਵਨ ਨੂੰ ਸਾਂਝੀਆਂ ਭਾਈਚਾਰਕ ਸਾਂਝਾਂ ਰਾਹੀਂ ਚਿਤਰਿਆ ਹੈ। 'ਦੀਵੇ ਦੀ ਲੋਅ' ਨਾਵਲ ਵਿਚ ਯੂਸਫ ਨਸੀਰਾਂ ਨੂੰ ਵਿਆਹੁਣ ਲਈ ਤੁਰਨ ਤੋਂ ਪਹਿਲਾਂ ਇਕ ਰੁਪਈਆ ਮਸੀਤੇ ਤੇ ਇਕ ਰੁਪਈਆ ਗੁਰਦੁਆਰੇ ਮੱਥਾ ਟੇਕਦਾ ਹੈ।[11]

ਪਾਤਰ-ਚਿਤਰਣ ਵਿਚ ਸੀਤਲ ਸਦਾਚਾਰ, ਨੈਤਿਕਤਾ ਤੇ ਭੂਪਵਾਦੀ ਨੇਮਾਂ ਦੀ ਪ੍ਰਵਾਹ ਨਹੀਂ ਕਰਦਾ। ਜੋ ਕੁੱਝਸੱਚ ਹੈ, ਨੂੰ ਉਘਾੜਨ ਲਈ ਆਪਣਾ ਸਿਰਜਣਾਤਮਕ ਅਮਲ ਜਾਰੀ ਰਖਦਾ ਹੈ। 'ਜੁੱਗ ਬਦਲ ਗਿਆ' ਨਾਵਲ ਦੀ ਸਵਰਨੀ ਅੱਧਖੜ ਲੇਖਾ ਸਿੰਘ ਵਿਆਹੇ ਜਾਣ ਨੂੰ ਚੁੱਪ ਕਰਕੇ ਪ੍ਰਵਾਨ ਨਹੀਂ ਕਰ ਲੈਂਦੀ, ਜੋ ਸਮਾਜ ਉਸਨੂੰ ਸਿੱਧੇ ਤੌਰ ਤੇ ਨਹੀਂ ਦਿੰਦਾ ਉਹ ਚੋਰੀ ਪ੍ਰਾਪਤ ਕਰ ਲੈਂਦੀ ਹੈ।[12] 'ਬੁੱਝਾ ਆਹਲਣਾ' ਵਿਚ ਗਿੰਠ ਜਿੰਨੇ ਲਾਲੂ ਨਾਲ ਵਿਆਹੀ ਕੋਠੇ ਜਿੱਡੀ ਜੈਨਾ ਕੰਧਾਂ ਕੋਠੇ ਟੱਪਣ ਜਾਂ ਉਧੱਲਣਤੋਂ ਬਿਨਾਂ ਕਰ ਵੀ ਕੀ ਸਕਦੀ ਹੈ।[13]

ਨਾਨਕ ਸਿੰਘ ਅਤੇ ਸੀਤਲ ਦਾ ਦੂਜਾ ਮੁੱਖਉਦੇਸ਼ ਆਦਰਸ਼ਵਾਦੀ ਉਦੇਸ਼ ਹੈ। ਇਹ ਆਦਰਸ਼ ਗਰੀਬੀ, ਵਹਿਮਾਂ-ਭਰਮਾਂ, ਬੇਰੁਜ਼ਗਾਰੀ, ਛੂਤ-ਛਾਤ, ਫੁੱਟ ਤੇ ਵੱਖ-ਵੱਖ ਵਿਤਕਰਿਆਂ ਦੀ ਸ਼ਿਕਾਰ ਹੋਈ ਜਨਤਾ ਦੇ ਦੁੱਖ ਦੂਰ ਕਰਕੇ ਉਨ੍ਹਾਂ ਨਾਲਹਮਦਰਦੀ ਜਿਤਾਉਣ ਦਾ ਹੈ। ਆਪਣੇ ਨਾਵਲਾਂ ਵਿਚ ਵਿਸ਼ੇ ਯਥਾਰਥਿਕ ਚੁਣ ਕੇ ਉਨ੍ਹਾਂ ਦੇ ਨਿਭਾ ਵਿਚ ਆਦਰਸ਼ਵਾਦ ਨੂੰ ਅਪਣਾ ਕੇ ਆਮਤੌਰ ਤੇ ਸਮਾਜ ਵਿਚਸੁਧਾਰ ਦੀ ਗਵਾਹੀ ਭਰੀ ਹੈ। ਪ੍ਰੋ. ਕ੍ਰਿਪਾਲ ਸਿੰਘ ਕਸੇਲ ਦਾ ਨਾਨਕ ਸਿੰਘ ਬਾਰੇ ਵਿਚਾਰ ਹੈ:

> ਰਾਜਸੀ ਕ੍ਰੋਪ ਦੇ ਕਾਰਣ ਅਤੇ ਆਪਣੀ ਸ਼੍ਰੇਣੀ ਦੇ ਸੁਭਾਵ ਅਨੁਕੂਲ ਸੁਧਾਰਵਾਦੀ ਤੇ ਉਪਦੇਸ਼ਾਤਮਕ ਦ੍ਰਿਸ਼ਟੀਕੋਣ ਅਪਣਾਉਂਦਾ ਹੈ।[14]

ਨਾਨਕ ਸਿੰਘ ਮੂਲ ਰੂਪ ਵਿਚ ਆਦਰਸ਼ਵਾਦੀ ਦ੍ਰਿਸ਼ਟੀਕੋਣ ਦਾ ਧਾਰਨੀ ਹੈ, ਉਹ ਇਕ ਆਦਰਸ਼ ਸਮਾਜ ਵੇਖਣਾ ਚਾਹੁੰਦਾ ਹੈ। ਇਸ ਆਦਰਸ਼ ਸਮਾਜ ਦੇ ਸੰਕਲਪ ਨੂੰ ਲੈ ਕੇ ਸਮਾਜ ਵਿਚ ਫੈਲੀਆਂ ਬਿਮਾਰੀਆਂ ਅਤੇ ਕੋਹੜ ਨੂੰ ਦੂਰ ਕਰਨ ਦਾ ਉਪਦੇਸ਼ ਦਿੰਦਾ ਹੈ ਪਰ ਨਾਨਕ ਸਿੰਘ ਯਥਾਰਥਿਕ ਤੌਰ ਤੇ ਸਮਾਜ ਦੀਆਂ ਸਮੱਸਿਆਵਾਂ ਅਤੇ ਬੁਨਿਆਦੀ ਕਾਰਣਾਂ ਕਰਕੇ ਅੰਦਰਲੇ ਵਿਰੋਧਾਂਨੂੰ ਸਪਸ਼ਟ ਰੂਪ ਵਿਚ ਸਾਹਮਣੇ ਲਿਆਉਣ ਤੋਂ ਅਸਫਲ ਰਿਹਾ ਹੈ। ਆਦਰਸ਼ਵਾਦੀ ਦ੍ਰਿਸ਼ਟੀਕੋਣ ਦੇ ਕਾਰਨ ਉਸਦੀ ਨਾਵਲ

ਰਚਨਾ ਵਿਚ ਅਸੁਭਾਵਿਕਤਾ ਅਤੇ ਉਪਭਾਵੁਕਤਾ ਵਧੇਰੇ ਹੈ। ਉਦਾਹਰਣ ਵਜੋਂ 'ਚਿੱਟਾ ਲਹੂ' ਨਾਵਲ ਵਿਚ ਵਾਸਤਵਿਕ ਸਮਾਜਿਕ ਕੁਰੀਤਿਆਂ ਨੂੰ ਦੂਰ ਕਰਨ ਦਾ ਇਕ ਸਾਧਨ ਨਾਨਕ ਸਿੰਘ ਦੀ ਆਦਰਸ਼ਵਾਦੀ ਨਾਇਕਾ ਸੁੰਦਰੀ ਹੈ। ਉਹ ਗੁਪਤੇਸ਼ਵਰ ਦੇ ਰੂਪ ਵਿਚ ਸਾਲਾਂ ਬੱਧੀ ਆਪਣੇ ਪਿਤਾ ਨੂੰ ਲਭਦੀ ਹੈ। ਸਰਦਾਰ ਦਾ ਰੂਪ ਧਾਰ ਕੇ ਅਜੀਬ ਗੱਲਾਂ ਕਰਦੀ ਹੈ। ਉਪੇਂਦਰੀ ਪਾਲਾ ਸਿੰਘ ਤੇ ਉਹਦੀ ਜੁੰਡਲੀ ਨੂੰ ਸਾੜ ਕੇ ਦਰਿਆ ਵਿਚ ਛਾਲ ਮਾਰ ਦਿੰਦੀ ਹੈ। ਉਹਪੜ੍ਹੀ ਲਿਖੀ ਹੈ, ਲੇਖਕ ਹੈ, ਦਲੇਰ ਹੈ, ਆਤਮਿਕ ਉੱਚਤਾ ਵਾਲੀ ਸਹਿਨਸ਼ੀਲ ਅਤੇ ਕੁਰਬਾਨੀ ਦੀ ਲਿਖਾਇਕ ਹੈ। ਦੂਜੇ ਪਾਸੇ ਇਸ ਨਾਵਲ ਵਿਚ ਹੀ ਨਾਨਕ ਸਿੰਘ ਆਦਰਸ਼ਕ ਨਾਇਕ ਬਚਨ ਸਿੰਘ ਨੂੰ ਸਿਰਜਦਾ ਹੈ। ਉਹ ਸਾਰੇ ਸਮਾਜ ਦੀਆਂ ਕੁਰੀਤੀਆਂ ਨੂੰ ਢਹਿ-ਢੇਰੀ ਕਰਨ ਦਾ ਉਪਰਾਲਾ ਕਰਦਾ ਹੈ। ਜਿਹੜਾ ਕਿ ਆਦਰਸ਼ਵਾਦ ਨਾਲ ਓਤ-ਪੋਤ ਹੈ। ਨਾਨਕ ਸਿੰਘ ਨੇ ਨਾਇਕ ਬਚਨ ਸਿੰਘ ਰਾਹੀਂ ਸਮਾਜ-ਸੁਧਾਰ ਦੇ ਮੰਤਵ ਨੂੰ ਵਿਸਤਾਰਿਆ ਹੈ। ਨਾਨਕ ਸਿੰਘ ਦੇ ਹਰ ਨਾਵਲਵਿਚ ਕੋਈ ਨਾ ਕੋਈ ਸਮਾਜਿਕ ਸਮੱਸਿਆ ਆਪਣੇ ਅਸਲੀ ਰੂਪ ਵਿਚ ਪੇਸ਼ ਆਉਂਦੀ ਹੈ। ਪਰ ਕੁੱਝ ਨਾਵਲ ਅਜਿਹੇ ਹਨ ਜਿਨ੍ਹਾਂ ਨੂੰ 'ਚਿੱਟਾ ਲਹੂ' ਨਾਵਲ ਵਾਂਗ ਸਮੱਸਿਆ ਪ੍ਰਧਾਨ ਨਾਵਲ ਕਿਹਾ ਜਾ ਸਕਦਾ ਹੈ। ਇਨ੍ਹਾਂ ਵਿਚ 'ਗਰੀਬ ਦੀ ਦੁਨੀਆਂ' 'ਟੁੱਟੀ ਵੀਣਾ', 'ਲਵ ਮੈਰਿਜ', ਮੰਝਧਾਰ', ਅਤੇ ਚਿਤ੍ਰਕਾਰ' ਵਰਨਣਯੋਗ ਹਨ। ਇਹ ਆਪਣੇ ਹਰੇਕ ਨਾਵਲ ਵਿਚ ਸਮੱਸਿਆ ਦਾ ਹਲ ਆਦਰਸ਼ਵਾਦੀ ਦ੍ਰਿਸ਼ਟੀਕੋਣ ਅਨੁਸਾਰ ਹੀ ਕਰ ਕੇ ਆਪਣਾ ਸਮਾਜ-ਸੁਧਾਰ ਦਾ ਉਦੇਸ਼ ਪਾਠਕ ਤਕ ਪਹੁੰਚਾਉਂਦਾ ਹੈ। ਸਮਾਜ ਸੁਧਾਰ ਦੇ ਮੰਤਵ ਨਾਲ ਨਾਨਕ ਸਿੰਘ ਮਾਲਕ ਅਤੇ ਮਜ਼ਦੂਰ ਸ਼੍ਰੇਣੀ ਦੇ ਹਿਤਾਂ ਦੇ ਸੰਘਰਸ਼ ਦੀ ਗੱਲ ਕਰਦਾ ਹੈ। ਪਰੰਤੂ ਇਸਦਾ ਵੀ ਨਿਪਟਾਰਾ ਆਦਰਸ਼ਵਾਦੀ ਪੱਧਰ ਤੇ ਹੀ ਕਰਦਾ ਹੈ। ਇਸ ਤਰ੍ਹਾਂ ਦਾ ਨਾਵਲ 'ਗ਼ਰੀਬ ਦੀ ਦੁਨੀਆਂ' ਜਿਸ ਵਿਚ ਬਲਦੇਵ ਮਜ਼ਦੂਰਾਂ ਨੂੰ ਹੜਤਾਲ ਕਰਨ ਤੋਂ ਰੋਕ ਰਿਹਾ ਹੈ। ਸਮੂਹਿਕ ਸਮੱਸਿਆਵਾਂ ਨੂੰ ਵਿਅਕਤੀਵਾਦੀ ਢੰਗ ਨਾਲ ਹਲ ਕਰਨਾ ਚਾਹੁੰਦਾ ਹੈ। ਬਲਦੇਵ ਆਰੰਭ ਤੋਂਹੀ ਆਦਰਸ਼ਵਾਦੀ ਰੁਚੀ ਦਾ ਸੁਆਮੀ ਹੈ। ਅੰਤ ਤਕ ਨਾਨਕ ਸਿੰਘ ਦੀ ਆਦਰਸ਼ਵਾਦੀ ਰੁਚੀ ਦਾ ਧਾਰਨੀ ਰਹਿੰਦਾ ਹੈ।

'ਮੰਝਧਾਰ' ਨਾਵਲ ਦੀ ਨਾਇਕਾ ਏਨੀ ਆਦਰਸ਼ਵਾਦੀ ਹੈ ਕਿ ਪਾਕਿਸਤਾਨ ਵਿਚ ਮਨਸੂਰ ਦੀ ਜਿਣਸੀ ਭੁੱਖ ਨੂੰ ਦੂਰ ਕਰਨ ਲਈ ਆਪਣੇ ਆਪ ਪੇਸ਼ ਕਰ ਦਿੰਦੀ ਹੈ। ਜਦੋਂ ਇਹ ਪ੍ਰੇਮਿਆਂ ਕੁੜੀ ਸ਼ੁਕਲ ਜੀ ਅਤੇ ਡਾਕਟਰਆਨੰਦ ਦੇ ਸੰਪਰਕ ਵਿਚ ਆਉਂਦੀ ਹੈ ਤਾਂ ਉਨ੍ਹਾਂ ਦੀ ਕਾਇਆ ਕਲਪ ਹੋ ਜਾਂਦੀ ਹੈ। ਉਨ੍ਹਾਂ ਦੀ ਬੇਈਮਾਨੀ ਨਾਲ ਕਮਾਇਆ ਹੋਇਆ ਧਨ ਡਿਪਟੀ ਕਮਿਸ਼ਨਰ ਨੂੰ ਆਪਣੇ ਆਪ ਲੈ ਆਉਣਾ ਸਿੱਧ ਕਰਦਾ ਹੈ ਕਿ ਨਾਨਕ ਸਿੰਘ ਅਤਿ ਆਦਰਸ਼ਵਾਦੀ ਅਤੇ ਉਪਭਾਵੁਕ ਨਾਵਲਕਾਰ ਹੈ। ਇਸੀ ਸੰਬੰਧ ਵਿਚ ਡਾ. ਸੁਰਿੰਦਰ ਸਿੰਘ ਨੂਰ ਦਾ ਵਿਚਾਰ ਭਾਵਪੂਰਤ ਹੈ, "ਇਸ ਤਰ੍ਹਾਂ ਨਾਨਕ ਸਿੰਘ ਦਾਇਹ ਦ੍ਰਿਸ਼ਟੀਕੋਣ ਯਥਾਰਥਵਾਦੀ ਨਹੀਂ ਸਗੋਂ ਨਿਰੋਲ ਰੁਮਾਂਚਿਕ ਆਦਰਸ਼ਵਾਦੀ ਹੈ।"[15]

'ਚਿਤ੍ਰਕਾਰ' ਨਾਵਲ ਦਾਆਦਰਸ਼ਵਾਦ ਸ਼ੇਕਸਪੀਅਰ ਦੇ ਚਿਤ੍ਰਕਾਰ ਦੇ ਦੁਆਲੇ ਹੀ ਘੁੰਮਦਾ ਹੈ। ਉਸਦੇ ਆਦਰਸ਼ਵਾਦ ਦੀ ਉਦੋਂ ਸਿੱਖਰ ਆ ਜਾਂਦੀ ਹੈ ਜਦੋਂ ਉਹ ਇਕ ਨਜਾਇਜ਼ ਬੱਚੇ ਦੀ ਮਾਂ ਕੁਸਮ ਨੂੰ ਲੋਕ ਲਾਜ ਤੋਂ ਬਚਾਉਣ ਲਈ ਉਸ ਨਾਲ ਵਿਆਹ ਕਰਦਾ ਹੈ। ਭਾਵੇਂ ਉਹ ਉਸਨੂੰ ਆਪਣੀ ਧੀਆਂ ਸਮਾਨ ਹੀ ਸਮਝਦਾ ਹੈ। ਚਿਤ੍ਰਕਾਰ ਪ੍ਰਭਾਕਰ ਦੀ ਸ਼ਖਸੀਅਤ ਉਸਦੀ ਕਲਾ ਸ਼ਖਸੀਅਤ ਦਾ ਹੀ ਪ੍ਰਤੀਬਿੰਬ ਹੈ, "ਕਲਾਕਾਰ ਦੇ ਰੂਪ ਵਿਚ ਉਹ ਅੰਦਰੋਂ ਪੈਦਾ ਹੋਈ ਕਲਾ ਨੂੰ ਹੀ ਸੱਚੀ ਕਲਾ ਆਖਦਾ ਹੈ।"[16] ਆਦਰਸ਼ਵਾਦੀ ਰੁਚੀ ਦੇ ਕਾਰਣ ਯਥਾਰਥਿਕ ਪੇਸ਼ਕਾਰੀ ਵੀ ਨਹੀਂ ਹੋ ਸਕੀ, ਜਿਸ ਨਾਲ ਕਈ ਅਣਹੋਈਆਂ ਅਤੇ ਅਸੁਭਾਵਿਕ ਗੱਲਾਂ ਪੈਦਾ ਹੋ ਗਈਆਂ। ਸੇਠ ਦੁਆਰਕਾਦਾਸ ਦੀ ਧੀ ਕੁਸਮ ਦਾ ਡਾ. ਵਿਨੋਦ ਨਾਲ ਮੇਲ ਬੜੇ ਹੀ ਅਚਨਚੇਤੀ ਢੰਗ ਨਾਲ ਕਰਵਾਇਆ ਹੈ।[17] ਇਸੇ ਤਰ੍ਹਾਂ ਆਤਮਘਾਤ ਕਰਨ ਜਾ ਰਹੀ ਕੁਸਮ ਅਚਾਨਕ ਰੇਡੀਓ ਦੀ ਤਾਰ ਨਾਲ ਅਟਕ ਕੇ ਪਤੰਗ ਨਾਲ ਬੱਝੀ ਚਿਠੀ ਨੂੰ ਦੇਖਦੀ ਹੈ ਅਤੇ ਚਿੱਠੀ ਪੜ੍ਹਨ ਪਿਛੋਂ ਆਤਮਘਾਤ ਕਰਨ ਦਾ ਵਿਚਾਰ ਤਿਆਗ ਦਿੰਦੀ ਹੈ। ਅਗੇ ਜਾ ਕੇ ਇਸੇ ਚਿੱਠੀ ਤੋਂ ਪ੍ਰਭਾਕਰ ਪਾਕਿਸਤਾਨ ਬਣਨ ਪਿਛੋਂ ਆਪਣੇ ਤੋਂ ਵੱਖ ਹੋ ਕੇ ਪਰਿਵਾਰ ਦਾ ਪਤਾ ਕਰਵਾਉਂਦਾ ਹੈ ਕਿਉਂਕਿ ਇਹ ਚਿੱਠੀ ਪ੍ਰਭਾਕਰ ਦੇ ਚੌਥੀ 'ਚ ਪੜ੍ਹਦੇ ਪੋਤਰ ਪ੍ਰਬੋਧ ਦੀ ਲਿਖੀ ਹੋਈ ਹੈ।[18] ਇਸ ਵਿਚਲਾ ਸੰਦੇਸ਼ ਨਾਨਕ ਦਾ ਇਹੀ ਹੈ ਕਿ ਨੇਕੀ ਦਾਬੀਜ ਨਾਸ਼ ਅਜੇ ਨਹੀਂ ਹੋਇਆ। ਚਿਤ੍ਰਕਾਰ ਵਰਗੇ ਲੋਕ ਵੀ ਹਨ ਜਿਹੜੇ ਆਪਣੀ ਇੱਜਤ ਖਤਰੇ ਵਿਚ ਪਾ ਕੇ ਮਾਸੂਮ ਲੜਕੀਆਂ ਦੀ ਇੱਜਤ ਬਚਾਉਂਦੇ ਹਨ ਜਿਵੇਂ ਪ੍ਰਭਾਕਰ ਕੁਸਮ ਦੀ ਇੱਜਤ ਬਚਾਉਂਦਾ ਹੈ।

ਨਾਨਕ ਸਿੰਘ ਦੇ ਨਾਵਲਾਂ ਵਿਚ ਪੇਸ਼ ਸਮੱਸਿਆਵਾਂ ਵਾਂਗ ਉਸਦੇ ਪਾਤਰ ਮੁੱਢ ਵਿਚ ਤਾਂ ਯਥਾਰਥਿਕ ਹੁੰਦੇ ਹਨ ਪਰ ਜਦੋਂ ਉਹ ਸਾਧਾਰਣ ਚੌਗਿਰਦੇ 'ਚੋਂ ਲਏ ਇਨ੍ਹਾਂ ਪਾਤਰਾਂ ਨੂੰ ਆਦਰਸ਼ਵਾਦ ਦੇ ਮਾਡਲ 'ਚ ਪੇਸ਼ ਕਰਦਾ ਹੈ ਤਾਂ ਉਸਦੇ ਪਾਤਰਾਂ ਦਾ ਸੰਬੰਧ ਵਾਸਤਵਿਕ ਦੁਨੀਆਂ ਨਾਲੋਂ ਟੁੱਟ ਕੇ ਇਕ ਆਦਰਸ਼ ਬਣ ਜਾਂਦਾ ਹੈ। ਵਿਸ਼ੇਸ਼ ਕਰਕੇ ਉਸਦੇ ਨਾਇਕ ਨਾਇਕਾਵਾਂ ਆਦਰਸ਼ਕ ਹੁੰਦੇ ਹਨ ਜਿਹੜੇ ਨਾਨਕ ਸਿੰਘ ਦੇ ਭਾਵੁਕ ਅਤੇ ਆਦਰਸ਼ਵਾਦ ਪ੍ਰਤਿਨਿਧ ਹੁੰਦੇ ਹਨ। ਇਸ ਗਲ ਨੂੰ ਨਾਨਕ ਸਿੰਘ ਆਪ ਮੰਨਦਾ ਹੈ:

> ਕਿ ਨੇਕ ਦਿਲ ਆਦਰਸ਼ਵਾਦੀ 'ਬਾਬਾ' ਲਗਭਗ ਉਸਦੇ ਹਰ ਨਾਵਲ ਵਿਚ ਹੁੰਦਾ ਹੈ।[19]

ਪਾਤਰਾਂ ਤੇ ਖਲ ਪਾਤਰਾਂ ਦੇ ਸੰਬੰਧੀ ਪ੍ਰੋ. ਅਤਰ ਸਿੰਘ ਦਾ ਵਿਚਾਰ ਵੀ ਭਾਵਪੂਰਤ ਹੈ:

> ਪਾਤਰਾਂ ਦੀ, ਖਲਪਾਤਰਾਂ ਦੀ ਅਤੇ ਆਦਰਸ਼ਵਾਦੀ ਪਾਤਰਾਂ ਵਿਚ ਵੰਡ ਵੀ ਨਾਨਕ ਸਿੰਘ ਦੀ ਆਦਰਸ਼ਵਾਦੀ ਰੁਚੀ ਦਾ ਹੀ ਸਿੱਟਾ ਹੈ।[20]

ਮੁੱਖ ਰੂਪ ਵਿਚ ਆਦਰਸ਼ਵਾਦ ਦੇ ਕਾਰਣ ਹੀ ਉਸਦੇ ਨਾਵਲਾਂ ਦਾ ਸੰਦੇਸ਼ ਆਦਰਸ਼ ਸਮਾਜ ਦਾ ਹੈ ਜਿਸਨੂੰ ਸਿਰਫ਼ ਆਪਣੇ ਕਲਪਿਤ ਪਾਤਰਾਂ ਅਤੇ ਵਿਧੀਆਂ ਰਾਹੀਂ ਨੇਪਰੇ ਚਾੜ੍ਹਦਾ ਹੈ। ਉਹ ਸਮਾਜ ਦਾ ਸੁਧਾਰ ਚਾਹੁੰਦਾ ਹੈ ਇਸ ਸੁਧਾਰ ਲਈ ਉਸਦੇ ਸਾਰੇ ਹਲ ਆਦਰਸ਼ਕ ਹਨ।

ਨਾਨਕ ਸਿੰਘ ਵਾਂਗ ਸੀਤਲ ਵੀ ਆਦਰਸ਼ਵਾਦੀ ਦ੍ਰਿਸ਼ਟੀਕੋਣ ਦਾ ਧਾਰਨੀ ਹੈ। ਉਹ ਇਕ ਅਜਿਹੇ ਸਮਾਜ ਦੀ ਤਸਵੀਰ ਵੇਖਣਾ ਚਾਹੁੰਦਾ ਹੈ ਜਿਸ ਵਿਚ ਊਚ-ਨੀਚ ਦਾ ਸਵਾਲ ਹੀ ਪੈਦਾ ਨਾ ਹੋਵੇ। ਅਜਿਹਾ ਸਮਾਜ ਜਿਸ ਵਿਚਇਸਤਰੀ ਦੀ ਇੱਜਤ ਤੇ ਮਰਦ ਬਰਾਬਰ ਸਥਾਨ ਪ੍ਰਾਪਤ ਹੋਵੇ। ਸੋਹਣ ਸਿੰਘ ਸੀਤਲ 'ਤੂਤਾਂ ਵਾਲਾ ਖੂਹ' ਨਾਵਲ ਵਿਚ ਆਦਰਸ਼ਕ ਪਾਤਰ ਬਾਬਾ ਅਕਾਲੀ ਨੂੰ ਚਿਤਰਦਾ ਹੈ। ਇਸ ਲਈ ਸੀਤਲ ਨੂੰ ਕਾਫੀ ਮਿਹਨਤ ਕਰਨੀ ਪਈ। ਬਾਬਾ ਅਕਾਲੀ ਨੇ ਸਾਰੀ ਜ਼ਿੰਦਗੀ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਲਾ ਦਿੱਤੀ। ਬਾਬਾ ਅਕਾਲੀ ਸਵਾਰਥ ਯੁਕਤ ਨਹੀਂ ਸਗੋਂ ਸਵਾਰਥ ਮੁਕਤ ਪਾਤਰ ਹੈ।

ਸੋਹਣ ਸਿੰਘ ਸੀਤਲ ਇਸੇ ਨਾਵਲ ਵਿਚ ਦਰਸਾਂਦਾ ਹੈ ਕਿ ਸੱਜਣ ਸਿੰਘ ਅਤੇ ਇਲਮਦੀਨ

ਦੀ ਪੀੜ੍ਹੀਆਂ ਦੀ ਸਾਂਝ ਮਹਿਜ ਦੋ ਪਰਿਵਾਰਾਂ ਦੀ ਸਾਂਝ ਨਹੀਂ ਸਗੋਂ ਇਹ ਸਮੁੱਚੀ ਪੰਜਾਬੀ ਪੇਂਡੂ ਸੋਚ ਹੈ। ਇਕੋ ਮੁੱਢ ਹੋਣ ਕਰਕੇ ਸਿੱਖ-ਮੁਸਲਮਾਨਾਂ ਦੀਆਂ ਬਹੁਤ ਸਾਰੀਆਂ ਰੀਤਾਂ ਰਸਮਾਂ ਵੀ ਮਿਲਦੀਆਂ ਜੁਲਦੀਆਂ ਹਨ। ਸਾਰੇ ਪਿੰਡ ਦੇ ਨਿਉਂਦਰੇ ਭਾਜੀਆਂ ਵੀ ਭਰਾਵਾਂ ਵਾਂਗ ਹਨ। ਪਿੰਡ ਦੀ ਇਸ ਸਾਂਝ ਵਿਚ ਪੈਂਦੀ ਵਿਥ ਦੇਖ ਕੇ ਸੀਤਲ ਪਰੇਸ਼ਾਨ ਹੁੰਦਾ ਹੈ। ਹੁਣ ਜਦੋਂ ਡਰ ਹੈ ਕਿ ਫਿਰਕੂ ਭਰੱਪਣ ਤੇ ਸਾਂਝ ਦਾ ਇਹ ਮਾਹੌਲ ਪਹਿਲਾਂ ਵਾਂਗ ਨਹੀਂ ਰਹੇਗਾ ਤਾਂ ਵਿਸ਼ਾਲ ਮਾਨਵੀ ਕਦਰਾਂ ਦਾ ਅਨੁਆਈ ਹੋਣ ਦੇ ਨਾਤੇ ਸੀਤਲ ਲਈ ਇਹ ਆਦਰਸ਼ ਬਣ ਜਾਂਦਾ ਹੈ।

'ਜੰਗ ਜਾਂ ਅਮਨ' ਵਿਚ ਮਹਿੰਦਰ ਤੇ ਸਾਦਿਕ ਦੀ ਦੋਸਤੀ, 'ਈਚੋਗਿਲ ਨਹਿਰ ਤਕ' ਵਿਚ ਵਿਰ ਪਿਆਰੇ ਤੇ ਨੂਰਾਂ ਦਾ ਪਿਆਰ ਅਤੇ ਇਲਮਦੀਨ ਤੇ ਧਰਮ ਸਿੰਘ ਦੀ ਮਿੱਤਰਤਾ, 'ਤੂਤਾਂ ਵਾਲਾ ਖੂਹ' ਵਿਚ ਇਲਮਦੀਨ ਤੇ ਸੱਜਣ ਸਿੰਘ ਦੀ ਪਰਿਵਾਰਕ ਸਾਂਝ, 'ਪਤਵੰਤੇ ਕਾਤਲ' ਵਿਚ ਬੁੱਢੇ ~~ਜਲਾਲ~~ ਤੇ ਫ਼ਾਤਮਾ ਦੀ ਮਨਜੀਤ ਨਾਲ ਅਪਣੱਤ ਤੇ ਹਮਦਰਦੀ, 'ਕਾਲੇ ਪਰਛਾਵੇਂ' ਵਿਚ ਪ੍ਰਕਾਸ਼ ਨਾਲ ਕਰਮਦੀਨ ਤੇ ਭੋਲੀ ਦਾ ਸਨੇਹ ਵਸਤੂ-ਯਥਾਰਥ ਨਾਲੋਂ ਵੱਧ ਸੀਤਲ ਦਾ ਆਦਰਸ਼ ਹਨ,

ਤੀਜਾ ਸੁਧਾਰਵਾਦੀ ਉਦੇਸ਼ ਨੂੰ ਨਾਨਕ ਸਿੰਘ ਆਪਣੇ ਨਾਵਲਾਂ ਦਾ ਵਿਸ਼ਾ ਬਣਾਉਂਦਾ ਹੈ ਜਿਵੇਂ ਸਮਾਜਿਕ ਝੇੜਾਂ, ਜਾਤ-ਪਾਤ, ਮਜ਼੍ਹਬੀ -ਫੁੱਟ, ਊਚ-ਨੀਚ ਦੀ ਭਾਵਨਾ, ਨਸ਼ੇ ਸੇਵਨ, ਵੇਸ਼ਵਾ ਬਿਰਤੀ, ਪੁਰਾਣੇ ਰਸਮ-ਰਿਵਾਜ਼ਾਂ, ਅਵਿਦਿਆ, ਆਦਿ ਨੂੰ ਆਪਣਾ ਵਿਸ਼ਾ ਬਣਾ ਕੇ ਸੁਧਾਰਵਾਦੀ ਉਦੇਸ਼ ਨੂੰ ਮੁੱਖ ਰਖਿਆ ਹੈ। ਨਾਨਕ ਸਿੰਘ ਦੀ ਮਾਂ ਨੇ ਜੋ ਸ਼ਰੀਕਾਂ ਹੱਥੋਂ ਦੁੱਖ ਪਾਇਆ, ਉਸ ਕਾਰਨ, ਉਹ ਆਪਣੇ ਨਾਵਲਾਂ ਵਿਚ ਇਕ ਦੁਖੀ ਇਸਤ੍ਰੀ -ਪਾਤਰ ਦਾ ਜ਼ਰੂਰ ਚਿਤ੍ਰਣ ਕਰਦਾ ਹੈ। 'ਚਿੱਟਾ ਲਹੂ' ਦੀ ਸੁਰਜੀਤੋ ਕਹਿੰਦੀ ਹੈ:

> ਜਿਸ ਸਮਾਜ ਨੇ ਮੈਨੂੰ ਦਰ ਦਰ ਰੁਲਾਇਆ, ਮੇਰੀ ਦੁੱਧ ਚੁੰਘਦੀ ਬੱਚੀ ਮੇਰੇ ਪਾਸੋਂ ਖੋਹ ਲਈ, ਵੇਸ਼ਵਾ ਦਾ ਪੇਸ਼ਾ ਅਖਤਿਆਰ ਕਰਨ ਲਈ ਮੈਨੂੰ ਮਜ਼ਬੂਰ ਕੀਤਾ, ਮੈਂ, ਉਸ ਸਮਾਜ ਨੂੰ ਕਦੇ ਮੁਆਫ਼ ਨਹੀਂ ਕਰ ਸਕਦੀ।[21]

ਕਿਉਂਕਿ ਨਾਨਕ ਸਿੰਘ ਮੁੱਖ ਤੌਰ ਤੇ ਸਮਾਜ ਸੁਧਾਰਕ ਨਾਵਲਕਾਰ ਹੈ, ਇਸ ਲਈ ਉਸਦੇ ਨਾਵਲਾਂ ਦੇ ਪਲਾਟ ਤਕਰੀਬਨ ਮਿਲਦੇ-ਜੁਲਦੇ ਹਨ। ਇਕ ਮਰਦ ਦਾ ਆਪਣੀ ਇਸਤ੍ਰੀ ਨੂੰ ਛੱਡ ਕੇ ਵੇਸ਼ਵਾ ਕੋਲ ਜਾਣਾ, ਜਾਂ ਕਿਸੇ ਦੂਜੀ ਇਸਤ੍ਰੀ ਨਾਲ ਸੰਬੰਧ ਸਥਾਪਿਤ ਕਰਨਾ ਇਸ ਗਲ ਲਗਭਗ ਉਸਦੇ ਸਾਰੇ ਨਾਵਲਾਂ ਵਿਚ ਆਮ ਹੈ। ਉਸਦਾ ਸੁਧਾਰ ਆਦਰਸ਼ਵਾਦੀ ਹੈ। ਉਹ ਅਜਿਹਾ ਆਦਰਸ਼ ਪਾਤਰਾਂ ਰਾਹੀਂ ਕਰਦਾ ਹੈ। ਜਿਵੇਂ 'ਅੱਧ ਖਿੜਿਆ ਫੁੱਲ' ਦਾ ਵਰਿਆਮ ਸਿੰਘ। ਨਾਨਕ ਸਿੰਘ ਬੁਨਿਆਦੀ ਤੌਰ ਤੇ ਸੁਧਾਰਵਾਦੀ ਹੈ, ਅਤੇ ਉਸਦਾ ਉਦੇਸ਼ ਵੀ ਸੁਧਾਰਵਾਦੀ ਹੈ।

ਜਿਥੋਂ ਤਕ ਸਤਿਲ ਦੇ ਸੁਧਾਰਵਾਦੀ ਦ੍ਰਿਸ਼ਟੀਕੋਣ ਦਾ ਸਵਾਲ ਹੈ ਉਹ ਗ਼ਰੀਬ ਕਿਸਾਨਾਂ ਦੀਆਂ ਕਮਜ਼ੋਰੀਆਂ ਨੂੰ ਉਘਾੜ ਕੇ ਪੇਸ਼ ਕਰਦਾ ਹੈ। ਉਹ ਕਿਸਾਨਾਂ ਨੂੰ ਇਨ੍ਹਾਂ ਵਿਅਕਤੀਗਤ ਲੋੜਾਂ ਜਾਂ ਕਮਜ਼ੋਰੀਆਂ ਤੋਂ ਬਚਣ ਦੀ ਪ੍ਰੇਰਨਾ ਦਿੰਦਾ ਹੈ ਜੋ ਉਸਦੀ ਆਰਥਿਕ ਮੰਦਹਾਲੀ ਦਾ ਕਾਰਨ ਬਣਦੀਆਂ ਹਨ।

"ਵਾਸਤਵਿਕ ਦ੍ਰਿਸ਼ਟੀ ਇਨ੍ਹਾਂ ਕਮਜ਼ੋਰੀਆਂ ਨੂੰ ਜੀਵਨ ਲੋੜਾਂ ਦੇ ਰੂਪ ਵਿਚ ਪ੍ਰਗਟ ਕਰਨ ਲਈ ਬੇਬਸ ਕਰ ਦਿੰਦੀ ਹੈ। ਮੱਝ ਖਰੀਦਣਾ, ਵਿਆਹ ਸ਼ਾਦੀ ਉਤੇ ਖਰਚ ਕਰਨਾ, ਪੁੱਤਰ-ਜੰਮਣ ਉਤੇ ਖੁਸ਼ੀ ਮਨਾਉਣਾ, ਮਾਮਲਾ ਤਾਰਨਾ, ਖੇਤੀ ਲਈ ਢੱਗੇ ਖਰੀਦਣਾ, ਜ਼ਮੀਨ ਭਰਾਵਾਂ ਵਿਚ ਵੰਡ ਆਦਿ ਕਾਰਣ ਜਿੰਨੇ ਵੀ ਖਰਚ ਸਤਿਲ ਨੂੰ ਗਿਣਾਏ ਹਨ, ਇਹ ਸਭ ਜੀਵਨ ਦੀਆਂ ਲੋੜਾਂ ਹਨ। ਜਿਨ੍ਹਾਂ ਨੂੰ ਪੂਰਿਆਂ ਕਰਨਾ ਪੈਂਦਾ ਹੈ ਤੇ ਕਰਨਾ ਚਾਹੀਦਾ ਹੈ।"[22]

ਕਿਸਾਨ ਦੀ ਗ਼ਰੀਬੀ ਦਾ ਮੂਲ ਕਾਰਣ ਉਸਦੀਆਂ ਵਿਅਕਤੀਗਤ ਕਮਜ਼ੋਰੀਆਂ ਨਹੀਂ ਕਾਰਨ ਅਸੰਤੁਲਿਤ ਵਿਵਸਥਾ ਹੈ ਜਿਸ ਵਿਚ ਉਹ ਰਹਿ ਰਿਹਾ ਹੈ। ਸਾਮਰਾਜੀ ਮੁਨਾਫੇ ਨੇ ਕਦੇ ਵੀ ਕਿਸਾਨੀ ਜਿਣਸ ਨੂੰ ਕੱਚੇ ਮਾਲ ਵਜੋਂ ਖਰੀਦ ਅੰਗਰੇਜ਼ੀ ਹਕੂਮਤ ਦੀ ਚਲਾਕੀ ਸੀ। ਤਾਂ ਜੋ ਪੱਕਾ ਮਾਲ ਬਣਾ ਕੇ ਵੱਧ ਭਾਅ ਉਤੇ ਵੇਚਿਆ ਜਾ ਸਕੇ। ਇਸੇ ਤੋਂ ਬਿਨਾਂ ਜ਼ਮੀਨ ਉਤੇ ਮਾਲੀਆ ਬਹੁਤ ਜ਼ਿਆਦਾ ਸੀ। ਇਹ ਸਭ ਤੋਂ ਬਾਅਦ ਕਿਸਾਨ ਆਪਣੀਆਂ ਲੋੜਾਂ ਦੀ ਪੂਰਤੀ ਨਹੀਂ ਕਰ ਸਕਦਾ। 'ਜੰਗ ਜਾਂ ਅਮਨ' ਵਿਚ ਮਹਿੰਦਰ ਹੱਡ ਭੰਨਵੀਂ ਮਿਹਨਤ ਕਰਨ ਉਪਰੰਤ ਵੀ ਕੁੱਝ ਪ੍ਰਾਪਤ ਨਹੀਂ ਕਰ ਸਕਦਾ ਕਿਉਂਕਿ ਜਿਆਦਾ ਮੀਂਹ, ਪੈਣ ਕਰਕੇ ਫਸਲ ਤਬਾਹ ਹੋ ਜਾਂਦੀ ਹੈ।[23] ਇਸ ਕਰਣ ਆਰਥਿਕ ਹਾਲਤ ਜ਼ਿਆਦਾ ਕਮਜ਼ੋਰ ਹੋ ਜਾਂਦੀ ਹੈ। ਇਹੀ ਹਾਲ ਉਸਦੇ ਪਿਉ ਬੀਤਾ ਸਿੰਘ ਦਾ ਰਿਹਾ। ਇਸ ਤਰ੍ਹਾਂ ਕਿਸਾਨਾਂ ਦੀ ਮੰਦੀ ਹਾਲਤ ਵਿਚ ਸੁਧਾਰ

ਕਰਨ ਦਾ ਮੁੱਖ ਰਖ ਕੇ ਸਤਿਲ ਨਾਵਲ ਲਿਖਦਾ ਹੈ।

ਚੌਥਾ ਦੇਸ਼ ਦੀ ਵੰਡ ਕਾਰਣ ਪੈਦਾ ਹੋਈ ਸਥਿਤੀ ਅਤੇ ਉਸਦੇ ਪੂਰਬਲੇ ਸਾਹਿਤਕ ਅਭਿਯਾਨ ਬਾਰੇ, ਨਾਨਕ ਸਿੰਘ ਦਾ ਜੋ ਆਪਣਾ ਵਿਚਾਰ ਹੈ, "ਖੂਨ ਦੇ ਸੋਹਲੇ' ਦੇ ਮੁੱਖ ਬੰਦ ਵਿਚ ਪੜ੍ਹਨ ਨੂੰ ਮਿਲਦਾ ਹੈ ਕਿ:

> ਅਜ ਜਦ ਮੈਂ ਇਹ ਸਤਰਾਂ ਲਿਖ ਰਿਹਾ ਹਾਂ ਮੈਨੂੰ ਜਾਪਦਾ ਹੈ, ਜਿਵੇਂ ਸਨ 1929 ਤੋਂ ਲੈ ਕੇ ਹੁਣ ਤੀਕ ਦਾ ਮੇਰਾ ਸਾਰਾ ਲਿਖਣਾ-ਪੜ੍ਹਨਾ ਭੰਗ ਦੇ ਭਾ ਰੁੜ੍ਹਗਿਆ ਹੈ ਤੇ ਦੇਸ਼ ਨੂੰ ਏਕਤਾ ਦੀ ਲੜੀ ਵਿਚ ਪਰੋਤਾ ਵੇਖਣ ਦੀਆਂ ਮੇਰੀਆਂ ਸਾਰੀਆਂ ਸਧਰਾਂ ਮਿੱਟੀ ਵਿਚ ਰਲ ਗਈਆਂ ਨੇ, ਮੇਰੀਆਂ ਜਿਨ੍ਹਾਂ ਅੱਖਾਂ ਨੇ ਕਈ ਹਿੰਦੂ-ਮੁਸਲਿਮ-ਸਿੱਖ ਨੂੰ ਇਕੋ ਗਲਾਸ ਵਿਚ ਪਾਣੀ ਪੀਂਦਿਆਂ ਵੇਖ ਰਹੀਆਂ ਹਨ? ਇਕ ਭਰਾ ਦੂਜੇ ਭਰਾ ਦੇ ਲਹੂ ਦੇ ਗਿਲਾਸ ਭਰ ਕੇ ਪੀ ਰਿਹਾ ਹੈ। ਕਾਸ਼। ਇਹੋ ਜਿਹੇ ਨਾ-ਮੁਰਾਦ ਨਜ਼ਾਰੇ ਵੇਖਣਤੋਂ ਪਹਿਲਾਂ ਹੀ, ਇਹ ਸਦਾ ਲਈ ਬੰਦ ਹੋ ਜਾਂਦੀਆਂ।[24]

'ਮੰਝਧਾਰ' ਅਤੇ 'ਚਿਤ੍ਰਕਾਰ' ਨਾਵਲ ਵਿਚ ਵੰਡ ਦੇ ਕਾਰਨ ਪੈਦਾ ਹੋਏ ਸ਼ਰਣਾਰਥੀਆਂ ਦੇ ਜੀਵਨ ਦੇ ਹਾਲਾਤਾਂ ਦੀ ਗਾਥਾ ਹੈ। ਸਰਨਾਰਥੀ ਕੈਂਪ, ਅਲਾਟਮੈਂਟ ਅਤੇ ਸਿਆਸੀ ਲੀਡਰਾਂ ਦੀ ਲੁੱਟ ਦਾ ਚਿੱਤਰ ਪੇਸ਼ ਕੀਤਾ ਹੈ। ਇਥੇ ਵੀ ਨਾਨਕ ਸਿੰਘ ਦਾ ਉਦੇਸ਼ ਹਨ੍ਹੇਰੇ ਵਿਚ ਆਸ਼ ਦੀ ਕਿਰਨ ਨੂੰ ਜਗਮਗਾਉਣ ਦਾ ਹੈ। ਨਾਨਕ ਸਿੰਘ ਅੰਤ ਉਤੇ ਜਿਤ ਮਾਨਵੀ ਕਦਰਾਂ-ਕੀਮਤਾਂ ਦੀ ਵਿਖਾਉਂਦਾ ਹੈ, ਅਤੇ ਅਮਾਨਵਤਾ ਦੇ ਢਾਏਗਏ ਸਾਰੇ ਮੁਜ਼ਾਲਿਮ ਅਤੇ ਅੱਤਿਆਚਾਰਾਂ ਨੂੰ ਉਹ ਖਦੇੜ ਕੇ ਪੇਸ਼ ਕਰਦਾ ਹੈ, ਇਹੀ ਉਸਦਾ ਉਦੇਸ਼ ਹੈ।

'ਚਿਤ੍ਰਕਾਰ' ਨਾਵਲ ਵਿਚ ਨਾਨਕ ਸਿੰਘ ਨੇ ਵੰਡ ਸਮੇਂ ਤੇ ਇਸ ਤੋਂ ਬਾਅਦ ਸੰਥਾਨਕ ਅਮੀਰਾਂ ਵਲੋਂ ਸ਼ਰਣਾਰਥੀਆਂ ਦੀਆਂ ਗਰੀਬ ਅਤੇ ਲਾਚਾਰ ਲੜਕੀਆਂ ਨਾਲ ਕੀਤੇ ਅਮਾਨਵੀ ਵਿਵਹਾਰ ਅਤੇ ਹਵਸ ਤੇ ਵਾਸਨਾ ਦੇ ਕੋਝੇ ਕੁਕਰਮਾਂ ਦਾ ਜ਼ਿਕਰ ਕੀਤਾ ਹੈ। 'ਚਿਤ੍ਰਕਾਰ' ਦਾ ਸੇਠ ਦੁਆਰਕਾਦਾਸ ਅਜਿਹੇ ਸਮਾਜ ਦਾ ਪ੍ਰਤੀਕ ਹੈ।

ਨਾਨਕ ਸਿੰਘ ਦੇ ਨਾਵਲਾਂ ਦਾ ਉਦੇਸ਼ ਹੈ ਕਿ ਮਨੋਰੰਜਕ ਨਾਵਲਾਂ ਦੁਆਰਾ ਸ੍ਰੇਸ਼ਟ ਵਿਚਾਰ ਦੇ ਭਾਵ ਉਜਾਗਰ ਕੀਤੇ ਜਾਣ। ਇਸ ਲਈ ਉਹ ਅਜਿਹੇ ਨਾਇਕ ਚੁਣਦਾ ਹੈ ਕਿ ਜੋ ਕੇਵਲ ਆਪਣੇ ਵਿਚ ਸੀਮਿਤ ਨਹੀਂ, ਜੋ ਦਿਲ ਰਖਦੇ ਹਨ ਅਤੇ ਦਿਲ ਵਿਚ ਹਮਦਰਦੀ, ਤਿਆਗ ਦੀ ਭਾਵਨਾ, ਆਪਣੇ ਤੋਂ ਬਲਵੇਂ ਲਈ ਸਹਾਇਤਾ ਦੀ ਭਾਵਨਾ, ਜਿਨ੍ਹਾਂ ਗੁਣਾਂ ਦੇ ਜ਼ੋਰ ਤੇ ਉਹ ਸੁਆਰਥੀਆਂ, ਜ਼ਾਲਮਾਂ, ਸੋਸ਼ਕਾਂ ਨੂੰ ਬਦਲ ਦਿੰਦੇ ਹਨ ਅਤੇ ਇਨਸਾਨੀਅਤ ਦੀ ਪਧਰ ਨੂੰ ਉੱਚਾ ਕਰ ਦਿੰਦੇ ਹਨ।

ਨਾਨਕ ਸਿੰਘ ਵਾਂਗ ਹੀ ਸੋਹਣ ਸਿੰਘ ਸੀਤਲ ਨੇ ਦੇਸ਼ ਦੀ ਵੰਡ ਉਪਰੰਤ ਸਰਨਾਰਥੀਆਂ ਦੀ ਤਰਸਯੋਗ ਸਥਿਤੀ ਨੂੰ ਨਾਵਲਾਂ ਵਿਚ ਬਿਆਨ ਕੀਤਾ ਹੈ। ਉਸਨੂੰ ਖੁਦ ਇਸ ਦੁਖਾਂਤ ਦਾ ਅਨੁਭਵ ਹੈ, ਉਹ ਖੁਦ ਸਰਨਾਰਥੀ ਸੀ। ਦੋ ਨਾਵਲਾਂ 'ਤੂਤਾਂ ਵਾਲਾ ਖੂਹ' ਅਤੇ ਈਚੋਗਿਲ ਨਹਿਰ ਤਕ' ਵਿਚ ਉਸ ਨੇ ਵੰਡ ਸਮੇਂ ਹੋਏ ਫਿਰਕੂ ਫਸਾਦਾਂ ਵਜੋਂ ਦੇ ਤਬਾਦਲੇ ਤੇ ਸਰਨਾਰਥੀਆਂ ਦੀਆਂ ਮੁਸ਼ਕਿਲਾਂ ਆਦਿ ਦਾ ਕੁੱਝ ਵਿਸਤਾਰ ਨਾਲ ਜ਼ਿਕਰ ਕੀਤਾ ਹੈ। ਸੀਤਲ ਦਾ ਇਹ ਦ੍ਰਿਸ਼ਟੀਕੋਣ ਵੰਡ ਦੇ ਦੁਖਾਂਤ ਨੂੰ ਇਕ ਇਤਿਹਾਸਕ ਵਰਤਾਰੇ ਵਜੋਂ ਚਿਤਰਨ ਦੀ ਬਜਾਏ ਇਕ ਕਲਾਤਮਕ ਜੁਗਤ ਵਜੋਂ ਵਰਤਣ ਦੀ ਵਧੇਰੇ ਪ੍ਰਤੀਤ ਹੁੰਦੀ ਹੈ।

ਪੰਜਵਾਂ ਨਾਨਕ ਸਿੰਘ ਅਤੇ ਸੀਤਲ ਦੇ ਨਾਵਲਾਂ ਵਿਚ ਮਾਨਵਵਾਦ ਮੁੱਖ ਉਦੇਸ਼ ਰਿਹਾ ਹੈ। ਨਾਨਕ ਸਿੰਘ ਦੀ ਮਾਨਵਵਾਦੀ ਭਾਵਨਾ ਕਿਸੇ ਸੁਚੇਤ 'ਵਾਦ' ਦੇ ਰੂਪ ਵਿਚ ਪ੍ਰਗਟ ਨਹੀਂ ਹੋਈ। ਇਹ ਭਾਵਨਾ ਨਾਨਕ ਸਿੰਘ ਦੇ ਨਾਵਲਾਂ ਵਿਚ ਕਈ ਤਰ੍ਹਾਂ ਉਘੜਦੀ ਹੈ ਜਿਵੇਂ ਕਦੀ ਇਹ ਮਾਨਵਤਾ ਲਈ ਦਰਦ ਦੇ ਭਾਵਾਂ ਦਾ ਰੂਪ ਲੈਂਦੀ ਹੈ। ਅਤੇ ਕਦੇ ਇਹ ਮਨੁੱਖੀ ਹਿਰਦੇ ਦੇ ਉਦਗਾਰਾਂ ਦਾ ਕਲਾ-ਚਿਤਰ ਬਣਦੀ ਹੈ ਕਈ ਵਾਰੀ ਇਹ ਮਨੁੱਖ ਦੀਆਂ ਉੱਤਮ ਕੀਮਤਾਂ ਦੀ ਸੁਚੇਤਨਾ ਹੋ ਨਿਬੜਦੀ ਹੈ। ਨਾਨਕ ਸਿੰਘ ਆਪਣੀ ਇਸ ਭਾਵਨਾ ਨੂੰ ਘਟਨਾਵਾਂ ਦੇ ਵਿਕਾਸ ਵਿਚੋਂ, ਪਾਤਰਾਂ ਦੇ ਮੂੰਹੋਂ, ਜਾਂ ਫਿਰ ਉਸਦੀ ਜੀਵਨ-ਕਹਾਣੀ ਦੀਆਂ ਛੋਹਾਂ ਰਾਹੀਂ ਪ੍ਰਗਟ ਕਰਦਾ ਹੈ।

ਸੋਹਣ ਸਿੰਘ ਸੀਤਲ ਦਾ ਮੁਖ ਉਦੇਸ਼ ਮਾਨਵਵਾਦ ਹੈ ਜਿਸ ਵਿਚ ਸੌੜੇ ਵਖਰੇਵਿਆਂ ਲਈ ਕੋਈ ਜਗ੍ਹਾ ਨਹੀਂ। ਮਾਨਵਵਾਦੀ ਹੋਣ ਕਰਕੇ ਉਸਦਾ ਆਦਰਸ਼ ਹੈ ਵਿਸ਼ਾਲ ਮਾਨਵੀ ਹਿਤਾਂ ਦੀ ਰਾਖੀ। ਸੀਤਲ ਦੇ ਬਹੁਤੇ ਪਾਤਰ ਆਪਣੇ ਨਿੱਤ ਦਿਹਾੜੀ ਕਰਦੇ ਹਨ। 'ਤੂਤਾਂ ਵਾਲਾ ਖੂਹ' ਨਾਵਲ ਵਿਚ ਗਹਿਣੇ

ਲੁਹਾਰ ਅਤੇ ਬਾਬਾ ਅਕਾਲੀ ਨੂੰ ਅਜਿਹੇ ਮਾਨਵਵਾਦੀਆਂ ਦੇ ਆਦਰਸ਼ਕ ਰੂਪ ਵਿਚ ਚਿਤਰਿਆ ਹੈ। ਗਹਿਣੇ ਲੁਹਾਰ ਸਾਧਾਰਣ ਵਿਅਕਤੀ ਹੈ ਜਿਹੜਾ ਮਸੀਤ ਵੀ ਜਾਂਦਾ ਹੈ ਤੇ ਗੁਰਦੁਆਰੇ ਵੀ ਮੱਥਾ ਟੇਕਦਾ ਹੈ। ਪਰ ਜਦੋਂ ਤੋਂ ਇਨ੍ਹਾਂ ਦੋਹਾਂ ਥਾਵਾਂ ਤੇ ਫਿਰਕਾ ਪ੍ਰਸਤ ਵੇਖੇ ਹਨ ਤਾਂ ਉਹ ਕਹਿ ਉਠਦਾ ਹੈ, "ਮਸੀਤੇ ਮੁਸਲਮਾਨ ਹੁੰਦੇ ਹਨ, ਗੁਰਦੁਆਰੇ ਸਿੱਖ ਹੁੰਦੇ ਹਨ ਗਹਿਣੇ ਗਰੀਬ ਦਾ ਰੱਬ ਕਿਤੇ ਨਹੀਂ ਹੁੰਦਾ।"[25] ਤੇ ਬਾਬਾ ਅਕਾਲੀ ਨੇ ਧਰਮ ਸੰਬੰਧੀ ਲਹਿਰਾਂ 'ਚ ਹਿੱਸਾ ਲਿਆ ਹੈ। ਸੁਤੰਤਰਤਾ ਲਈ ਵੱਧ ਚੜ੍ਹ ਕੇ ਹਿੱਸਾ ਲੈ ਰਿਹਾ ਹੈ। ਧਰਮ ਦੇ ਪਾਖੰਡੀ ਰਖਿਅਕਾਂ, ਜਥੇਦਾਰ ਸੁੰਦਰ ਸਿੰਘ ਆਦਿ ਦਾ ਸਾਥ ਨਹੀਂ ਦਿੰਦਾ। ਉਹ ਜੈਨਾ ਹੱਥੋਂ ਚਾਹ ਇਸ ਲਈ ਪੀਂਦਾ ਹੈ ਕਿ ਉਹ ਲੈ ਆਈ ਹੈ, ਉਸਦੀ ਸ਼ਰਧਾ ਨਹੀਂ ਤੋੜਨਾ ਚਾਹੁੰਦਾ, ਨਹੀਂਤਾਂ ਉਹਨੇ ਕਦੇ ਚਾਹ ਨਹੀਂ ਪੀਤੀ।[26]

'ਈਰੋਗਿਲ ਨਹਿਰ ਤਕ' ਦਾ ਇਲਮਦੀਨਵੀ ਖਲਕਿ ਨੂੰ ਖ਼ੁਦਾ ਦਾ ਨੂਰ ਹੀ ਸਮਝਦਾ ਹੈ। ਇਸੇ ਲਈ ਉਹਦੀ ਮੁੱਲਾਂ ਨਾਲ ਨਹੀਂ ਬਣਦੀ ਪਰ ਉਹ ਆਪਣੇ ਇਸ ਵਿਸ਼ਵਾਸ਼ ਤੇ ਮੰਨਣ ਦਾ ਪਾਖੰਡ ਕਰਦਾ ਹੈ ਉਹ ਕਾਫ਼ਰ ਨਾਲੋਂ ਵੀ ਹਜ਼ਾਰ ਦਰਜੇ ਬੁਰਾ ਹੈ।[27]

## ਸਮਾਜਿਕ-ਆਰਥਿਕ -ਰਾਜਨੀਤਕ ਲਹਿਰਾਂ ਤੋਂ ਗ੍ਰਹਿਣ ਕੀਤੇ ਪ੍ਰਭਾਵ :

ਨਾਨਕ ਸਿੰਘ ਦਾ ਸਮਾਂ ਸਮਾਜ-ਸੁਧਾਰ ਦਾ ਸਮਾਂ ਸੀ, ਅੰਦੋਲਨਾਂ, ਸੰਗਰਾਮਾਂ ਦਾ ਸਮਾਂ ਸੀ, ਤਬਦੀਲੀਆਂ ਤੇ ਲਹਿਰਾਂ ਦਾ ਸਮਾਂ ਸੀ, ਪੰਜਾਬ ਦੀ ਹਰ ਸਮੂਹਿਕ ਘਟਨਾ ਨੂੰ ਉਸਨੂੰ ਆਪਣੀ ਅੱਖਾਂ ਨਾਲ ਵੇਖਿਆ।"[28] ਨਾਨਕ ਸਿੰਘ ਲਹਿਰਾਂ ਦੇ ਪ੍ਰਭਾਵ ਹੇਠ ਕਿਸੇ ਕ੍ਰਾਂਤੀਕਾਰੀ ਜਾਂ ਵਿਦ੍ਰੋਹੀ ਦ੍ਰਿਸ਼ਟੀਕੋਣ ਨੂੰ ਨਹੀਂ ਅਪਣਾਉਂਦਾ ਸਗੋਂ ਰਾਜਨੀਤਕ ਤੌਰ ਤੇ ਆਪਣੀ ਸ਼੍ਰੇਣੀ ਦੇ ਸੁਭਾਅ ਅਨੁਸਾਰ ਸੁਧਾਰਕ ਅਤੇ ਉਪਦੇਸ਼ਾਤਮਕ ਹੈ। ਸਮੇਂ ਅਤੇ ਸਮਾਜ ਅਨੁਸਾਰ ਨਾਨਕ ਸਿੰਘ ਦਾ ਸੁਧਾਰਕ ਰੁਚੀ ਨੂੰ ਧਾਰਨ ਕਰਨਾ ਸੁਭਾਵਿਕ ਹੀ ਸੀ। ਵੀਹਵੀਂ ਸਦੀ ਦੇ ਮੁੱਢਲੇ ਸਮੇਂ ਵਿਚ ਸੁਧਾਰਵਾਦ ਦਾ ਬੋਲਬਾਲਾ ਸੀ। ਜਿਸਨੇ ਸਮਾਜਿਕ, ਧਾਰਮਿਕ; ਰਾਜਨੀਤਕ ਅਤੇ ਸਾਹਿਤਕ ਖੇਤਰਾਂ ਵਿਚ ਆਪਣਾ ਪੂਰਾ ਅਸਰ ਪਾਇਆ। ਰਾਜਨੀਤਕ ਤੌਰ ਤੇ ਸ਼ੁਰੂ ਵਿਚ ਨਾਨਕ ਸਿੰਘ ਮਹਾਤਮਾ ਗਾਂਧੀ ਦਾ ਸ਼ਰਧਾਲੂ ਬਣ ਜਾਂਦਾ ਹੈ। ਜਿਸ ਬਾਰੇ ਪਿਆਰਾ ਸਿੰਘ ਭੋਗਲ ਲਿਖਦਾ ਹੈ , "ਰਾਜਸੀ ਪੱਖ ਤੋਂ ਨਾਨਕ ਸਿੰਘ ਗਾਂਧੀਵਾਦੀ ਪ੍ਰਭਾਵ ਨੂੰ ਕਬੂਲਦਾ ਹੈ ਅਤੇ ਗਾਂਧੀਵਾਦ ਵਿਚਲੇ ਅਧਿਆਤਮਕ ਗੁਣਾਂ ਦਾ ਪੈਰੋਕਾਰ ਬਣਦਾ ਹੈ।"

ਇਸ ਧਾਰਨਾ ਤੋਂ ਸਪਸ਼ਟ ਹੈਕਿ ਨਾਨਕ ਸਿੰਘ ਨਾਵਲ ਖੇਤਰ 'ਚ ਪ੍ਰਵੇਸ਼ ਕਰਨ ਸਮੇਂ ਗਾਂਧੀਵਾਦੀ ਲਹਿਰ ਤੋਂਪ੍ਰਭਾਵਿਤ ਸੀ। ਅਤੇ ਉਸਦੇ ਦਿਲ ਦਿਮਾਗ ਵਿਚ ਸੁਧਾਰ ਦਾ ਸੰਕਲਪ ਪੂਰੀ ਤਰ੍ਹਾਂ ਸਥਾਪਤ ਹੋ ਚੁੱਕਾ ਸੀ। ਇਸੇ ਤਰ੍ਹਾਂ ਸੁਧਾਰਕ ਵਿਚਾਰਾਂ ਨੂੰ ਅਪਣਾ ਕੇ ਮਨੋਰਥਦੇ ਪੱਖੋਂ ਉਸਨੇ ਪੰਜਾਬੀ ਗਲਪ ਵਿਚ ਪੈ ਚੁੱਕੀ ਪਰੰਪਰਾ ਨੂੰ ਅੱਗੇ ਤੋਰਨ ਦਾ ਨਿਸ਼ਚਾ ਕੀਤਾ। ਸਾਹਿਤਕ ਖੇਤਰ ਵਿਚ ਮੌਲਿਕ ਨਾਵਲ ਲਿਖਣ ਤੋਂ ਪਹਿਲਾਂ ਨਾਨਕ ਸਿੰਘ ਨੇ ਹਿੰਦੀ ਅਤੇ ਬੰਗਾਲੀ ਨਾਵਲਾਂ ਦੇ ਪੰਜਾਬੀ ਤਰਜਮੇ ਕੀਤੇ। ਇਨ੍ਹਾਂ ਨਾਵਲਾਂ ਦਾ ਵੀ ਨਾਨਕ ਸਿੰਘ ਉਤੇ ਗੂੜ੍ਹਾ ਪ੍ਰਭਾਵ ਸੀ। ਜਿਸ ਬਾਰੇ ਪ੍ਰੋ. ਐਸ.ਐਸ ਨਰੂਲਾ ਲਿਖਦੇ ਹਨ ਕਿ "ਸ਼ਰਤ ਚੰਦਰ ਦੀਆਂ ਰਚਨਾਵਾਂ ਦੀ ਛਾਪ ਉਸ ਵਿਚੋਂ ਸਾਫ਼-ਸਾਫ਼ ਨਜ਼ਰ ਆਉਂਦੀ ਹੈ। ਮੁਨਸ਼ੀ ਪ੍ਰੇਮ ਚੰਦ ਨੂੰ ਉਸਨੇ ਜੇਲ੍ਹ ਵਿਚ ਪੜ੍ਹਿਆ ਅਤੇ ਆਪਣੇ ਨਾਵਲ ਰਚਨਾ ਦਾ ਆਰੰਭ ਬੰਗਾਲੀ ਸਾਹਿਤ ਦੇ ਪ੍ਰਛਾਵੇਂ ਹੇਠ ਕੀਤਾ। ਨਾਨਕ ਸਿੰਘ ਨੇ ਮੁਨਸ਼ੀ ਪ੍ਰੇਮ ਚੰਦ ਦੇ ਆਦਰਸ਼ਵਾਦੀ ਦ੍ਰਿਸ਼ਟੀਕੋਣ ਨੂੰ ਅਪਣਾਇਆ। ਇਸ ਤੋਂ ਬਿਨਾਂ ਨਾਨਕ ਸਿੰਘ ਉਤੇ ਹਿੰਦੀ ਸਾਹਿਤ ਦਾ ਵੀ ਪ੍ਰਭਾਵ ਸੀ ਜੋ ਮੂਲ ਰੂਪ ਵਿਚ ਆਦਰਸ਼ਵਾਦੀ ਦ੍ਰਿਸ਼ਟੀਕੋਣ ਦੇ ਸੁਭਾ ਅਨੁਸਾਰ ਸੀ। ਯਥਾਰਥਇਹ ਹੈ ਕਿ ਉਸਨੇ ਆਪਣੀ ਰਚਨਾ ਹਿੰਦੀ ਸਾਹਿਤ ਨੂੰ ਪੜ੍ਹ ਕੇ ਕਰਨੀ ਹੈ। ਇਸ ਤਰ੍ਹਾਂ ਨਾਨਕ ਸਿੰਘ ਆਦਰਸ਼ਵਾਦੀ ਦ੍ਰਿਸ਼ਟੀਕੋਣ ਨੂੰ ਗ੍ਰਹਿਣ ਕਰਕੇ ਸੁਧਾਰ ਦੇ ਮਨੋਰਥ ਨਾਲ ਨਾਵਲ ਖੇਤਰ ਵਿਚ ਆਇਆ ਅਤੇ ਉਸਨੇ ਯਥਾਰਥਿਕ ਸਮੱਸਿਆਵਾਂ ਨੂੰ ਨਿਰੋਲ ਆਦਰਸ਼ਵਾਦੀ ਦ੍ਰਿਸ਼ਟੀਕੋਣ ਅਨੁਸਾਰ ਨਜਿੱਠਣਾ ਸ਼ੁਰੂ ਕਰ ਦਿੱਤਾ। ਇਹ ਤੱਥ ਉਸਦੇ ਨਾਵਲਾਂ ਵਿਚ ਆਈਆਂ ਸਮੱਸਿਆਵਾਂ ਦੀ ਪੇਸ਼ਕਾਰੀ ਦੀ ਵਿਧੀ ਤੋਂ ਭਲੀ ਭਾਂਤ ਸਪਸ਼ਟ ਹੋ ਜਾਂਦਾ ਹੈ।

ਵੀਹਵੀਂ ਸਦੀ ਦੇ ਸਪਸ਼ਟ ਹੋ ਪਹਿਲੇ ਅੱਧ ਤਕ ਭਾਰਤ ਅੰਗਰੇਜ਼ਾਂ ਹਕੂਮਤ ਅਧੀਨ ਸੀ। ਇਸ ਅਧੀਨਤਾ ਦੇ ਸਮਾਂ ਵਿਚ ਬਹੁਤ ਸਾਰੀਆਂ ਲਹਿਰਾਂ ਚਲੀਆਂ ਜਿਹੜੀਆਂ ਆਪਣੇ ਅੰਤਿਮ ਤੌਰ ਤੇ ਆਦਰਸ਼ਵਾਦੀ ਦ੍ਰਿਸ਼ਟੀਕੋਣ ਨਾਲ ਪ੍ਰਤੀਬੱਧ ਸਨ। ਉਨ੍ਹਾਂ ਦਾ ਸਾਡੇ ਸਾਹਿਤ ਨਾਲ ਇਕ ਮਹੱਤਵਪੂਰਨ ਰਿਸ਼ਤਾ ਹੈ ਕਿਉਂਕਿ ਇਸ ਤੋਂ ਪ੍ਰਭਾਵਿਤ ਬਹੁਤ ਸਾਰਾ ਸਾਹਿਤ ਰਚਿਆ ਗਿਆ। ਪਰੰਤੂ ਵੀਹਵੀ ਸਦੀ ਦੇ ਪ ਤਿੰਨ ਦਹਾਕੇ ਸਭ ਨਾਲੋਂ ਵੱਧ ਮਹੱਤਵਪੂਰਨ ਹਨ। ਜਿਸ ਵਿਚ ਗ਼ਦਰ ਲਹਿਰ ਜਲੀਆਂ ਵਾਲਾ ਬਾਗ ਦਾ ਕਾਂਡ, ਦੇਸ਼ ਦੀ ਆਜ਼ਾਦੀ ਲਈ ਜੰਗੋਂ ਜਹਿਦ ਆਦਿਕ ਖਾਸ ਤੌਰ ਤੇ ਗਿਣੇ ਜਾ ਸਕਦੇ ਹਨ।

ਇਨ੍ਹਾਂ ਤੋਂ ਬਿਨਾਂ ਸਿੰਘ ਸਭਾ ਲਹਿਰ ਜਿਹੜੀ ਕਿ ਧਾਰਮਿਕ ਸੁਧਾਰ ਕਾਰਨ ਪੂਰੇ ਜ਼ੋਰਾਂ ਤੇ ਸੀ, ਜਿਸਦਾ ਮੰਤਵ ਸਿਖ ਧਰਮ ਸਿੰਘ ਅਤੇ ਗੁਰਦੁਆਰਿਆਂ ਨੂੰ ਪਵਿੱਤਰ ਰਖਣ ਦਾ ਅਤੇ ਇਸਦੇ ਨਾਲ ਹੀ ਛੂਤ-ਛਾਤ ਦੀ ਸਮੱਸਿਆ , ਨਾਰੀ ਦੀ ਵਿਦਿਆ ਦਾ ਪ੍ਰਚਾਰ, ਭਾਈਚਾਰਕ ਬੁਰਾਈਆਂ ਨੂੰ ਦੂਰ ਕਰਨਾ, ਸਮਾਜ ਅੰਦਰ ਪਏ ਕੋਹੜ ਅਤੇ ਡਿੱਗ ਚੁਕੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਖਤਮ ਕਰਨਾ ਅਤੇ ਇਸਤੋਂ ਬਿਨਾਂ ਸਮਾਜ ਵਿਚ ਗਲਤ ਤੱਤਾਂ ਨੂੰ ਖਤਮ ਕਰਨਾ ਆਦਿ ਵੀ ਸ਼ਾਮਲ ਸਨ।

ਨਾਨਕ ਸਿੰਘ ਨੇ ਇਨ੍ਹਾਂ ਲਹਿਰਾਂ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੀ ਨਾਵਲ ਰਚਨਾ ਕੀਤੀ, ਜਿਸ ਵਿਚ ਵੇਸ਼ਵਾ ਦੀ ਸਮੱਸਿਆ , ਨਾਰੀ ਦਾ ਸਮਾਜ ਵਿਚਉੱਚਾ ਸਥਾਨ, ਇਸਤਰੀ ਵਿਦਿਆ ਅਤੇ ਅਨਜੋੜ ਵਿਆਹ ਆਦਿਕ ਸਮੱਸਿਆਵਾਂ ਹਨ। 'ਫੌਲਾਦੀ ਫੁੱਲ', 'ਕਾਗਤਾਂ ਦੀ ਬੇੜੀ', 'ਮਿੱਠਾ ਮਹੁਰਾ' 'ਚਿੱਟਾ ਲਹੂ' ਨਾਵਲ ਇਨ੍ਹਾਂ ਉਦੇਸ਼ਾਂ ਦੇ ਨਾਲ ਸੰਬੰਧਿਤ ਨਾਵਲ ਹਨ। ਜਿਨ੍ਹਾਂ ਵਿਚ ਉਸਨੇ ਇਨ੍ਹਾਂ ਵਿਸ਼ਿਆਂ ਨੂੰ ਲੈ ਕੇ ਆਦਰਸ਼ਕ ਸਮਾਜ ਦਾ ਸੰਕਲਪ ਦ੍ਰਿੜ ਕੀਤਾ।

ਸਿੰਘ ਸਭਾ ਲਹਿਰ ਦਾ ਪ੍ਰਤੱਖ ਪ੍ਰਭਾਵ ਉਸਦੇ ਨਾਵਲ 'ਚਿੱਟਾ ਲਹੂ' ਵਿਚ ਵੇਖਿਆ ਜਾ ਸਕਦਾ ਹੈ। ਇਸ ਨਾਵਲ ਵਿਚ ਵਾਸਤਵਿਕ ਸਮੱਗਰੀ ਨੂੰ ਆਦਰਸ਼ਕ ਜ਼ਰੀਏ ਤੋਂ ਪ੍ਰਗਟਾਇਆ ਹੈ। ਇਸ ਵਿਚ ਸਮਾਜ ਦੀਆਂ ਕੁਰੀਤੀਆਂ , ਗੁਰਦੁਆਰਿਆਂ ਦੀ ਮੰਦੀ ਹਾਲਤ, ਵੇਸ਼ਵਾ ਦੀ ਸਮੱਸਿਆ ਨਸ਼ਿਆਂ ਦਾ ਸੇਵਨ, ਨਾਰੀ ਵਿਦਿਆ ਆਦਿਕ ਸਮੱਸਿਆਵਾਂ ਨੂੰਭਰਪੂਰ ਰੂਪ ਵਿਚ ਲਿਆ ਗਿਆ ਹੈ। ਇਸ ਵਿਚ ਨਾਨਕ ਸਿੰਘ ਇਕ ਆਦਰਸ਼ਕ ਔਰਤ ਨੂੰ ਜ਼ਰੂਰ ਯਥਾਰਥਕ ਹਾਲਤਾਂ ਵਿਚ ਵੀ ਆਦਰਸ਼ਕ ਬਣਾ ਦਿੰਦਾ ਹੈ। ਨਾਨਕ ਸਿੰਘ ਆਪਣੇ ਆਦਰਸ਼ਵਾਦੀ ਵਿਚਾਰਾਂ ਦੇ ਹੜ੍ਹ ਵਿਚ ਆ ਕੇ ਤਕਨੀਕ ਦੇ ਯਥਾਰਥਕ ਪੱਖਾਂ ਨੂੰ ਵੀ ਭੁੱਲ ਜਾਂਦਾ ਹੈ। ਅਤੇ ਪਾਠਕਾਂ ਨੂੰ ਥਾਂ ਥਾਂ ਸੰਬੋਧਨ ਕਰਦਾ ਹੈ।"[30] ਉਸਦਾ ਮਨੋਰਥ ਸਮਾਜ-ਸੁਧਾਰ ਹੈ। ਤਕਨੀਕ ਦੇ ਪੱਖੋਂ ਵੀ ਉਸਦਾ ਮੰਤਵ ਆਪਣੇ ਵਿਸ਼ੇ ਪ੍ਰਤੀ ਸਮੱਸਿਆ ਨੂੰ ਨਿਖੇੜ ਕੇ ਅਤੇ ਆਦਰਸ਼ ਪਾਤਰ ਚਿਤਰ ਕੇ ਸਮਾਜ ਲਈ ਸੁਖਾਂਤਕ ਮਾਹੌਲ ਪੈਦਾ ਕਰਦਾ ਹੈ।

'ਇਕ ਮਿਆਨਦੋ ਤਲਵਾਰਾਂ' ਨਾਵਲ ਵਿਚ ਗਦਰ ਪਾਰਟੀ ਅਤੇ ਉਸਦੇ ਇਕ ਯੋਧੇ ਦਾ ਵਰਣਨ ਹੈ। ਇਸ ਨਾਵਲ ਨੂੰ ਉਹ ਦੇਸ਼ ਦੀ ਆਜ਼ਾਦੀ ਪ੍ਰਾਪਤ ਕਰਨ ਪ੍ਰਤੀ ਕੁਰਬਾਨੀ ਕਰਨ ਵਾਲਿਆਂ

ਲਈ ਸਰਧਾਜਲੀ ਸਮਝਦਾ ਹੈ। ਲੇਖਕ ਇਸ ਨਾਵਲ ਰਾਹੀਂ ਰਾਜਨੀਤਕ ਚੇਤਨਤਾ ਦੇ ਨੇੜੇ ਹੋ ਕੇ ਦੇਸ਼ ਦੀ ਆਜ਼ਾਦੀ ਦੀ ਲਹਿਰ ਤੋਂ ਪ੍ਰਭਾਵ ਗ੍ਰਹਿਣ ਕਰਨ ਦਾ ਸਬੂਤ ਦਿੰਦਾ ਹੈ। ਗ਼ਦਰ ਪਾਰਟੀ ਦਾ ਪ੍ਰਭਾਵ ਨਾਨਕ ਸਿੰਘ ਉਤੇ ਬਹੁਤ ਕਮਜ਼ੋਰ ਹੈ। ਪਰੰਤੂ ਉਸ ਸਮੇਂ ਦੀ ਲਹਿਰ ਤੋਂ ਅਣਭਿੱਜ ਨਹੀਂ ਹੈ। ਨਾਨਕ ਸਿੰਘ ਕ੍ਰਾਂਤੀਕਾਰੀ ਮੁਹਾਵਰਾ ਤਾਂ ਨਹੀਂ ਅਪਣਾਉਂਦਾ ਕਿਉਂਕਿ ਉਹ ਕਿਸੇ ਨਾ ਕਿਸੇ ਤਰ੍ਹਾਂ ਗਾਂਧੀ-ਵਾਦ ਦੇ ਅਹਿੰਸਾਵਾਦੀ ਵਿਚਾਰਾਂ ਦੀ ਛਾਂ ਹੇਠ ਵੀ ਹੈ। ਪਰ ਅੰਤਿਮ ਰੂਪ ਵਿਚ ਉਪਦੇਸ਼ਾਤਮਕ ਤੇ ਸੁਧਾਰ ਦਾ ਮੰਤਵ ਹੀ ਉਸਦੇ ਨਾਵਲਾਂ ਦਾ ਉਦੇਸ਼ ਬਣਿਆ ਰਹਿੰਦਾ ਹੈ। ਇਸੇ ਕਾਰਨ ਇਹ ਨਾਵਲ ਅਸਧਾਰਨ ਕਿਸਮ ਦਾ ਹੋ ਗਿਆ ਹੈ। ਇਸ ਬਾਰੇ ਗੁਰਚਰਨ ਸਿੰਘ ਦਾ ਵਿਚਾਰ ਹੈ ਕਿ, "ਨਾਨਕ ਸਿੰਘ ਦੇ ਅੰਤ ਦੇ ਆਦਰਸ਼ਵਾਦੀ ਦ੍ਰਿਸ਼ਟੀਕੋਣ ਨੇ ਇਸ ਨਾਵਲ ਨੂੰ ਰੋਮਾਂਚਿਕ ਅਸਾਧਾਰਨ, ਅਸੁਭਾਵਿਕ ਅਤੇ ਜਾਸੂਸੀ ਬਣਾ ਦਿੱਤਾ ਹੈ।"[31]

ਇਸੇ ਕਿਸਮ ਦਾ ਨਾਵਲ 'ਜੀਵਨ ਸੰਗਰਾਮ' ਹੈ। ਇਸ ਨਾਵਲ ਵਿਚ ਸਮਾਜਿਕ ਕਰੂਪਤਾ ਦਾ ਹੱਲ ਵੀ ਆਦਰਸ਼ਕ ਦ੍ਰਿਸ਼ਟੀਕੋਣ ਅਨੁਸਾਰ ਹੀ ਕੀਤਾ ਹੈ। ਜਿਥੋਂ ਤਕ ਔਰਤ ਦੀ ਜ਼ਿੰਦਗੀ ਜੀਵਨ ਸੰਗਰਾਮ ਦੇ ਰੂਪ ਵਿਚ ਪੇਸ਼ ਕਰਨਦਾ ਸਵਾਲ ਹੈਇਹ ਉਸ ਸਮੇਂ ਦੇ ਸਮਾਜ ਸੁਧਾਰਕ ਲਹਿਰ ਦਾ ਹੀ ਇਕ ਅੰਗ ਹੈ। ਪਰੰਤੂ ਨਿਭਾ ਦੇ ਕਾਰਨ ਲਹਿਰਾਂ ਦਾ ਪ੍ਰਭਾਵ ਨਿਰੋਲ ਉਪਭਾਵੁਕਤਾ ਹੀ ਬਣ ਜਾਂਦਾ ਹੈ। ਜਿਵੇਂ ਇਸ ਨਾਵਲ ਵਿਚ ਬਲਵੰਤ ਰਾਇ ਆਦਰਸ਼ਵਾਦੀ ਛੂਹ ਨੂੰ ਪ੍ਰਾਪਤ ਕਰ ਸੁਧ ਸੋਨਾ ਬਣ ਜਾਂਦਾ ਹੈ। ਦੇਵ ਰਾਜ ਤੇ ਉਸਦੀ ਪਤਨੀ ਲਾਜਵੰਤੀ ਦਾ ਮੇਲ ਕਰਾਉਂਦਾ ਹੈਅਤੇ ਤਿੰਨਾ ਦਿਨਾਂ ਵਿਚ ਹੀ ਸਾਰੇ ਕੰਮ ਰਾਸ ਕਰ ਦਿੰਦਾ ਹੈ।"[32]

ਇਸ ਤੋਂ ਬਿਨਾਂ ਨਾਨਕ ਸਿੰਘ ਉਤੇ ਸਮਾਜਵਾਦੀ ਲਹਿਰ ਦਾ ਪ੍ਰਤੱਖ ਪ੍ਰਭਾਵ ਵੇਖਿਆ ਜਾ ਸਕਦਾ ਹੈ। ਇਸ ਲਹਿਰ ਨੇ ਸਰਮਾਏਦਾਰੀ ਮਹਿਲ ਦੀਆਂ ਨੀਹਾਂ ਵਿਚ ਬਰੂਦ ਭਰਨਾ ਸ਼ੁਰੂ ਕਰ ਦਿੱਤਾ। ਦੇਸ਼ ਵਾਸੀਆਂ ਨੂੰ ਇਸ ਗਲ ਦੀ ਸਮਝ ਆਉਂਦੀ ਜਾ ਰਹੀ ਸੀ ਕਿ ਇਹਸਭ ਕੁਝ ਉਨ੍ਹਾਂ ਦੀ ਆਰਥਿਕ ਹਾਲਤ ਮੰਦੀ ਹੋਣਦਾ ਨਤੀਜਾ ਹੈ। ਜਿਸ ਕਰਕੇ ਵੱਖ-ਵੱਖ ਧਰਮਾਂਦੇ ਸ਼ਰਧਾਲੂ ਹੁੰਦੇ ਹੋਏ ਵੀ ਲੋਕ ਹੱਕਾਂ ਦੇ ਸੁਆਲ ਉਤੇ ਮਿਲ ਬੈਠਣਦੀ ਜਾਚ ਸਿਖਣ ਲੱਗ ਪਏ ਸਨ। 'ਗਰੀਬਾਂ ਦੀ ਦੁਨੀਆਂ' ਨਾਵਲ ਵਿਚ ਇਸੇ ਮਜ਼ਦੂਰ ਲਹਿਰ ਨੂੰ ਪ੍ਰਗਟ ਕੀਤਾ ਗਿਆ ਹੈ ਤੇਇਹ ਨਾਵਲ ਨਾਨਕ ਸਿੰਘ ਦੇ ਗਾਂਧੀਵਾਦ ਤੋਂ ਸਮਾਜਵਾਦ ਵਲ ਵਧਣ ਦੀ ਗਵਾਹੀ ਭਰਦਾ ਹੈ।

'ਚਿਤ੍ਰਕਾਰ', 'ਆਦਮਖੋਰ', 'ਨਾਸੂਰ',' ਬੰਜਰ' ,ਅਤੇ 'ਸੰਗਮ' ਆਦਿ ਨਾਨਕ ਸਿੰਘ ਪੂੰਜੀਵਾਦ ਵਿਰੁੱਧ ਆਵਾਜ਼ ਉਠਾਂਦਾ ਹੈ। ਪੂੰਜੀਵਾਦੀ ਸਮਾਜ ਵਿਚ ਉਪਜੀਆਂ ਸਮਾਜਿਕ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕਰਦਾ ਹੈ। ਨਾਨਕ ਸਿੰਘ ਕਿਸੇ ਨਾ ਕਿਸੇ ਸਮਾਜਿਕ, ਰਾਜਨੀਤਕ ਲਹਿਰਾਂ ਦੇ ਪ੍ਰਭਾਵ ਅਧੀਨ ਮਾਨਵਵਾਦੀ ਹੀ ਰਿਹਾ ਹੈ।

ਪ੍ਰਗਤੀਵਾਦੀ ਵਿਚਾਰਾਂ ਦਾ ਪ੍ਰਭਾਵ ਵੀ ਅੰਸ਼ਕ ਮਾਤਰ ਉਸਦੇ ਨਾਵਲ 'ਆਦਮਖੋਰ', 'ਨਾਸੂਰ' ਅਤੇ 'ਗ਼ਰੀਬ ਦੀ ਦੁਨੀਆਂ' ਵਿਚ ਵਿਸ਼ੇਸ਼ ਤੌਰ ਤੇ ਵੇਖਿਆ ਜਾ ਸਕਦਾ ਹੈ। ਭਾਵੇਂ ਨਾਨਕ ਸਿੰਘ ਸਪਸ਼ਟ ਰੂਪ ਵਿਚ ਪ੍ਰਗਤੀਵਾਦੀ ਲਹਿਰ ਨਾਲ ਪ੍ਰਤਿਬੱਧ ਨਹੀਂ ਪਰ ਉਸਨੇ ਪ੍ਰਭਾਵ ਜ਼ਰੂਰ ਗ੍ਰਹਿਣ ਕੀਤਾ ਹੈ । 'ਪਿਆਰ ਦੀ ਦੁਨੀਆਂ' ਨਾਵਲ ਵਿਚ ਨਾਨਕ ਸਿੰਘ ਦਾ ਆਦਰਸ਼ਵਾਦੀ ਪਾਤਰ ਦੇਸ਼ ਦੀ ਸੁਤੰਤਰਤਾ, ਬੇਕਾਰੀ, ਗਰੀਬੀ ਦੂਰ ਕਰਨ ਦੀ ਇਛੁੱਕ ਹੈ।[33]

ਭਾਰਤ ਦੀ ਆਜ਼ਾਦੀ ਤੋਂ ਬਾਅਦ ਫ਼ਿਰਕਾਪ੍ਰਸਤੀ ਦੀ ਲਹਿਰ ਉਠੀ, ਜਿਸ ਨਾਲ ਧਰਮ ਤੇ ਫਿਰਕਿਆਂ ਦੀ ਸਾਂਝ ਵੈਰ-ਭਾਵਨਾਂ 'ਚ ਪਲਟ ਉਠੀ। ਪੰਜਾਬ ਵਿਚ ਸਨ ਸੰਤਾਲੀ ਦੀ ਵੰਡ ਅਤੇ ਫਿਰਕੂ ਅੰਗਰੇਜ਼ਾਂ ਦੀ ਗਿਣੀ ਮਿਥੀ ਸਾਜ਼ਿਸ਼ ਦਾ ਹੀ ਸਿੱਟਾ ਸੀ। ਜਿਸ ਨਾਲ ਪੰਜਾਬੀ ਲੋਕਾਂ ਦੇ ਮਨ ਵਲੂੰਧਰੇ ਗਏ। ਇਸ ਪ੍ਰਸੰਗ ਵਿਚ ਨਾਨਕ ਸਿੰਘ ਦੇ ਦੋ ਨਾਵਲ 'ਪੁਜਾਰੀ' ਅਤੇ 'ਬੰਜਰ' ਮਹੱਤਵਪੂਰਨ ਹਨ, ਜਿਨ੍ਹਾਂ ਵਿਚ ਨਾਨਕ ਸਿੰਘ ਨੇ ਤਤਕਾਲੀਨ ਹਾਲਤ ਨੂੰ ਪੇਸ਼ ਕੀਤਾ ਹੈ।

ਉਪਰੋਕਤ ਲਹਿਰਾਂ ਜੋ ਵੱਖ ਵੱਖ ਸਮੇਂ ਪੰਜਾਬ ਵਿਚ ਪੈਦਾ ਹੋਈਆਂ, ਦਾ ਪ੍ਰਭਾਵ ਨਾਨਕ ਸਿੰਘ ਪ੍ਰਤੱਖ ਰੂਪ ਵਿਚ ਕਬੂਲਦਾ ਹੈ। ਇਹ ਸੱਚ ਹੈ ਕਿ ਨਾਨਕ ਸਿੰਘ ਉਤੇ ਉਸ ਸਮੇਂ ਅਤੇ ਸਮਾਜ ਦੀਆਂ ਤਤਕਾਲੀਨ ਲਹਿਰਾਂ ਦਾ ਪ੍ਰਭਾਵ ਆਦਰਸ਼ਵਾਦੀ ਦ੍ਰਿਸ਼ਟੀਕੋਣ ਅਨੁਸਾਰ ਸੁਧਾਰਕ ਅਤੇ ਉਪਦੇਸ਼ਾਤਮਕ ਉਦੇਸ਼ ਨਾਲ ਹੀ ਪਿਆ ਹੈ। ਇਸ ਅਧਿਐਨ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸਮਾਜ ਦੀਆਂ ਸਮੱਸਿਆਵਾਂ ਦਾ ਪ੍ਰਭਾਵ ਤਾਂ ਨਾਨਕ ਸਿੰਘ ਨੇ ਕਬੂਲ ਕੀਤਾ ਹੈ ਪਰੰਤੂ ਉਹ ਇਨ੍ਹਾਂ ਸਮੱਸਿਆਵਾਂ ਦੇ ਰਾਜਨੀਤਕ ਮੰਤਵ ਜਾਂ ਕਿਸੇ ਵਰਗ ਦੇ ਹਿਤਾਂ ਨੂੰ ਸਮਝਣ ਤੋਂ ਅਸਮਰਥ ਰਿਹਾ

ਹੈ। ਇਸੇ ਕਰਕੇ ਉਸਦੇ ਨਾਵਲ ਰਾਜਨੀਤਕ ਮੱਤਵ ਤੋਂ ਦੂਰ ਰਹਿ ਕੇ ਸਮਾਜ ਦੇ ਸੁਧਾਰ ਅਤੇ ਆਦਰਸ਼ ਸਮਾਜ ਬਣਾਉਣ ਲਈ ਰੁਮਾਂਚਿਕ ਸੁਪਨੇ ਪ੍ਰਤੀ ਹੀ ਪ੍ਰਤੀਬੱਧ ਲਗਦੇ ਹਨ। ਪੰਜਾਬੀ ਵਿਚ ਨਾਨਕ ਸਿੰਘ ਦੇ ਇਸ ਆਦਰਸ਼ਕ ਸਮਾਜ ਦੇ ਨਾ ਨੂੰ ਮਾਨਵਵਾਦ, ਸੁਧਾਰਵਾਦ ਅਤੇ ਆਦਰਸ਼ਵਾਦ ਦਾ ਨਾ ਜਾਂਦਾ ਹੈ। ਨਾਨਕ ਸਿੰਘ ਦਾ ਉਦੇਸ਼ ਇਸ ਮਾਨਵਵਾਦ ਅਤੇ ਸੁਧਾਰਵਾਦ ਤਕ ਹੀ ਸੀਮਿਤ ਹੈ।

ਨਾਨਕ ਸਿੰਘ ਵਾਂਗ ਹੀ ਸੋਹਣ ਸਿੰਘ ਸੀਤਲ ਦੇ ਨਾਵਲ ਵੀ ਸਮਕਾਲੀ ਲਹਿਰਾਂ ਤੋਂ ਆਪਣਾ ਪ੍ਰਭਾਵ ਕਬੂਲਦੇ ਹਨ। ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਸਮਕਾਲੀ ਹੁੰਦੇ ਹੋਏ ਵੀ ਜਿੱਥੇ ਉਨ੍ਹਾਂ ਦੇ ਵਿਸ਼ਿਆਂ ਵਿਚ ਹੋਣ ਦੀ ਸਾਂਝ ਹੈ, ਉਥੇ ਉਨ੍ਹਾਂ ਦੀ ਪੇਸ਼ਕਾਰੀ ਵਿਚ ਕਾਫੀ ਅੰਤਰ ਹੈ। ਭਾਵੇਂ ਅੰਤਿਮ ਤੌਰ ਤੇ ਦੋਹਾਂ ਦਾ ਉਦੇਸ਼ ਮਾਨਵਵਾਦ ਹੀ ਬਣਿਆ ਰਹਿੰਦਾ ਹੈ। ਸੋਹਣ ਸਿੰਘ ਸੀਤਲ ਦੇ ਨਾਵਲਾਂ ਉਤੇ ਉਸ ਸਮੇਂ ਦੀਆਂ ਸਮਾਜਿਕ, ਧਾਰਮਿਕ, ਰਾਜਨੀਤਕ, ਲਹਿਰਾਂ ਦਾ ਚੋਖਾ ਪ੍ਰਭਾਵ ਸੀ।

ਪੰਜਾਬੀ ਜਨ-ਜੀਵਨ ਉਤੇ ਦੂਜੀ ਵਿਸ਼ਵ ਜੰਗ ਨੇ ਜੋ ਪ੍ਰਭਾਵ ਛਡਿਆ ਉਸਦਾ ਜ਼ਿਕਰ 'ਜੂਠਾ ਵਾਲਾ ਖੂਹ' ਵਿਚ ਸੰਖੇਪ ਰੂਪ ਵਿਚ ਅਤੇ 'ਜੰਗ ਜਾਂ ਅਮਨ' ਵਿਚ ਵਿਸਤਾਰ ਨਾਲ ਬਿਆਨ ਕੀਤਾ ਹੈ। ਵਾਸਤਵ ਵਿਚ 'ਜੰਗ ਜਾਂ ਅਮਨ' ਨਾਵਲ ਤਾਂ ਹੈ ਹੀ ਇਸ ਸਮੱਸਿਆ ਤੋਂ ਉਪਜੇ ਇਕ ਪੰਜਾਬੀ ਜਨ-ਜੀਵਨ ਦੀ ਕਥਾ, ਜਿਸ ਵਿਚ ਨੌਜੁਆਨਾਂ ਨੂੰ ਜੰਗ ਦੀ ਭੱਠੀ ਦਾ ਬਾਲਣ ਬਣਾ ਕੇ ਯੂਰਪ ਭੇਜਿਆ ਜਾਂਦਾ ਹੈ।

> ਪੁਲਿਸ ਬਿਨਾਂ ਕਾਰਣ ਕਿਸੇ ਭਲੇ ਮਾਣਸ ਗਭਰੂ ਨੂੰ ਫੜ ਕੇ ਸੁਭੇ ਵਿਚ ਬਿਠਾ ਲੈਂਦੀ ਹੈ ਦੂਸਰੇ ਦਿਨ ਇਲਾਕੇ ਦਾ ਲੰਬੜਦਾਰ ਸਫੈਦਪੋਸ਼ ਜਾਂ ਜ਼ੈਲਦਾਰ ਕਾਬੂ ਆਏ ਬੇਕਸੂਰ, ਲਾਚਾਰ ਬੰਦੇ ਦਾ ਸਫਾਰਸ਼ੀ ਬਣਕੇ ਆ ਜਾਂਦਾ ਹੈ। ਉਹ ਬੜੇ ਚੰਗੇ ਢੰਗ ਨਾਲ ਉਸਨੂੰ ਸਮਝਾਉਂਦਾ ਹੈ ਕਿ ਪੁਲੀਸ ਦੇ ਸ਼ਿਕੰਜੇ ਵਿਚੋਂ ਬਚਣ ਦਾ ਇਕੋ ਇਕ ਢੰਗ ਹੈ। ਫੌਜ਼ ਵਿਚ ਭਰਤੀ ਹੋਣਾ। ਮਜ਼ਦੂਰ ਗਰੀਬ ਇਕ ਪਾਸੇ ਅੱਗ ਤੇ ਇਕ ਪਾਸੇ

ਪਾਣੀ ਵੇਖ ਕੇ ਡੋਬੂ ਪਾਣੀ ਵਿਚ ਛਾਲ ਮਾਰ ਦਿੰਦਾ ਹੈ।[34]

'ਜੰਗ ਜਾਂ ਅਮਨ' ਦਾ ਨਾਇਕ ਮਹਿੰਦਰ ਸਿੰਘ ਨੂੰ ਵੀ ਇਸੇ ਤਰ੍ਹਾਂ ਗੜ੍ਹ ਯੰਤਰ ਨਾਲ ਭਰਤੀ ਕੀਤਾ ਗਿਆ ਸੀ।"[35]

ਮਨੁੱਖੀ ਦੁਖਾਂਤ ਦਾ ਚਿਤਰਣ ਨਾਵਲ 'ਈਚੋਗਿਲ ਨਹਿਰ ਤਕ' ਵਿਚ ਕੀਤਾ ਗਿਆ ਹੈ। ਇਸ ਵਿਚ ਹਿੰਦ-ਪਾਕ ਦੀ 1965 ਵਿਚ ਹੋਈ ਜੰਗ ਨੂੰ ਵਿਸ਼ਾ-ਵਸਤੂ ਬਣਾਇਆ। ਸੀਤਲ ਸਗੇ ਭਰਾਵਾਂ ਦੇ ਦੁਖਾਂਤ ਨੂੰ ਭਾਵ ਪੂਰਤ ਸ਼ਬਦਾਂ ਵਿਚ ਪ੍ਰਗਟਾਉਂਦਾ ਹੈ ਕਿ ਵੰਡ ਸਮੇਂ ਫ਼ਿਰਕੂ-ਫ਼ਸਾਦਾਂ ਵਿਚ ਹੋਈ ਗੜਬੜੀ ਦੌਰਾਨ ਪਾਕਿਸਤਾਨ 'ਚ ਪਿੱਛੇ ਰਹਿ ਗਿਆ ਛੋਟਾ ਭਰਾ ਪ੍ਰੀਤੂ ਜੰਗ ਵਿਚ ਵੱਡੇ ਭਰਾ ਪਿਆਰਾ ਸਿੰਘ ਦੀ ਜੰਮੀਨ ਛਾਤੀ ਵਿਚ ਖੁਭਣ ਨਾਲ ਮਾਰਦਾ ਹੈ।[36]

ਵਿਧਵਾ ਦੀ ਸਮੱਸਿਆ ਦੇ ਨਾਲ ਸੰਬੰਧਿਤ ਨਾਵਲ 'ਪਤਵੰਤੇ ਕਾਤਲ' ਵਿਚ ਉਸ ਸਮੇਂ ਦੀ ਸਮਾਜ-ਸੁਧਾਰਕ ਲਹਿਰ ਤੋਂ ਪ੍ਰਭਾਵਿਤ ਨਾਵਲ ਹੈ। ਇਸ ਵਿਚ ਨਾਵਲਕਾਰ ਨੈਤਿਕ ਕਦਰਾਂ-ਕੀਮਤਾਂ ਦੇ ਖੋਖਲੇਪਣ ਤੇ ਵਿਅੰਗ ਕਰਦਾ ਹੈ। ਸਮਾਜ ਸੁਧਾਰ ਦੀ ਲਹਿਰ ਦੇ ਪ੍ਰਭਾਵ ਅਧੀਨ ਹੀ ਬਾਲ-ਵਿਧਵਾ ਵਰਗੀ ਸਮੱਸਿਆ ਨੂੰ ਸੀਤਲ ਆਪਣੇ ਇਸ ਨਾਵਲ ਦੇ ਦਰਮਿਆਨ ਰਖਦਾ ਹੈ। ਭਾਵੇਂ ਇਸ ਨਾਵਲ ਵਿਚ ਸੋਹਣ ਸਿੰਘ ਸੀਤਲ ਇਸਨੂੰ ਆਰਥਿਕ ਛੋਹ ਵੀ ਦਿੰਦਾ ਹੈ ਪਰੰਤੂ ਉਸਦਾ ਉਦੇਸ਼ ਇਸ ਸਮੱਸਿਆ ਨੂੰ ਉਘਾੜ ਕੇ ਪੇਸ਼ ਕਰਨ ਦਾ ਹੈ।

ਸੋਹਣ ਸਿੰਘ ਸੀਤਲ ਰਾਸ਼ਟਰੀ ਮੁਕਤੀ ਅੰਦੋਲਨ ਸੁਤੰਤਰਤਾ ਪ੍ਰਾਪਤੀ, ਦੇਸ਼ ਦੀ ਵੰਡ, ਆਰਥਿਕ ਲਹਿਰਾਂ ਦਾ ਆਪਣੇ ਨਾਵਲਾਂ ਵਿਚ ਜ਼ਿਕਰ ਕਰਦਾ ਹੈ। ਭਾਵੇਂ ਇਹ ਨਾਵਲ ਇਤਿਹਾਸਕ ਨਹੀਂ ਹਨ, ਪਰ ਇਤਿਹਾਸਕ ਪ੍ਰਸਥਿਤੀਆਂ ਅਤੇ ਲਹਿਰਾਂ ਨਾਲ ਸੰਬੰਧਿਤ ਹਨ। ਇਨ੍ਹਾਂ ਨਾਵਲਾਂ ਦੇ ਆਧਾਰ ਤੇ ਸੋਹਣ ਸਿੰਘ ਸੀਤਲ ਆਪਣੇ ਸਮੇਂ ਦੇ ਹਾਲਾਤ ਅਤੇ ਪ੍ਰਸਥਿਤੀਆਂ ਨੂੰ ਚਿਤਰਦਾ ਹੈ। ਜਿਸ ਵਿਚੋਂ ਉਸਦੀ ਨਾਵਲੀ -ਰਚਨਾ ਦਾ ਮੰਤਵ ਚੰਗੇਰਾ ਬਣਾਉਣ ਵਲ ਹੈ।

ਉਹ ਨਾਨਕ ਸਿੰਘ ਨਾਲੋਂ ਆਪਣੇ ਨਾਵਲਾਂ ਵਿਚ ਯਥਾਰਥਿਕ ਰੰਗਣ ਵਧੇਰੇ ਭਰਦਾ ਹੈ।

ਉਸਦੇ ਪਾਤਰ ਸੁਖਾਂਤ ਜਾਂ ਆਦਰਸ਼ ਬਣਨ ਦੀ ਥਾਂ ਜ਼ਿੰਦਗੀ ਦੇ ਯਥਾਰਥ ਦੇ ਕਾਫ਼ੀ ਨੇੜੇ ਰਹਿੰਦੇ ਹਨ, ਜਿਸ ਕਰਕੇ ਸੋਹਣ ਸਿੰਘ ਸੀਤਲ ਦੇ ਨਾਵਲ ਰੁਮਾਂਚਿਕਤਾ ਨੂੰ ਤਿਆਗ ਕੇ ਅਗਾਂਹਵਧੂ ਵਿਚਾਰਾਂ ਦੀ ਹਾਮੀ ਭਰਦੇ ਹਨ ਅਤੇ ਜਿਹੜੇ ਉਸਦੇ ਮਾਨਵਵਾਦੀ ਦ੍ਰਿਸ਼ਟੀ ਨਾਲ ਉਤਪੰਨ ਹੋਏ ਹਨ। ਸੋਹਣ ਸਿੰਘ ਸੀਤਲ ਕੋਲ ਯਥਾਰਥ ਦਾ ਸਹਿਜ ਅਨੁਭਵ ਹੈ। ਪਰੰਤੂ ਉਸਦੀ ਦ੍ਰਿਸ਼ਟੀ ਵਿਗਿਆਨਕ ਨਾ ਹੋਣ ਕਰਕੇ ਉਸਦੇ ਨਾਵਲ ਵੀ ਅੰਤਿਮ ਤੌਰ ਤੇ ਆਦਰਸ਼ਵਾਦੀ ਦ੍ਰਿਸ਼ਟੀਕੋਣ ਦੇ ਧਾਰਨੀ ਬਣ ਜਾਂਦੇ ਹਨ। ਉਹ ਨਾਨਕ ਸਿੰਘ ਵਾਂਗ ਸਮੱਸਿਆਵਾਂ ਦੀ ਅਸਲ ਜੜ੍ਹ ਨੂੰ ਸਮਝਣ ਤੋਂ ਅਸਮਰਥ ਰਿਹਾ ਹੈ। ਪਰੰਤੂ ਉਸਦੀ ਪੇਸ਼ਕਾਰੀ ਨਾਨਕ ਸਿੰਘ ਨਾਲੋਂਵਧੇਰੇ ਯਥਾਰਥਿਕ ਹੈ।

## ਆਦਰਸ਼ ਤੇ ਯਥਾਰਥ ਦਾ ਟਕਰਾਅ

ਨਾਨਕ ਸਿੰਘ ਪੰਜਾਬੀ ਦਾ ਪਹਿਲਾ ਨਾਵਲਕਾਰ ਹੈ ਜਿਸਨੇ ਪੰਜਾਬੀ ਨਾਵਲ ਧਾਰਮਿਕ ਜਿਲਣ ਚੋਂ ਕੱਢ ਕੇ ਸਮਾਜਿਕ ਸਾਰਥਕਤਾ ਵੱਲ ਲਿਆਉਣ ਦਾ ਸਫਲ ਯਤਨ ਕੀਤਾ ਹੈ। ਕੁੱਝ ਆਲੋਚਕ ਨਾਨਕ ਸਿੰਘ ਨੂੰ ਪੰਜਾਬੀ ਦਾ ਪਹਿਲਾ ਸਥਾਪਿਤ ਨਾਵਲਕਾਰ ਮੰਨਦੇ ਹਨ। ਸੰਤ ਸਿੰਘ ਸੇਖੋਂ ਤਾਂ ਨਾਨਕ ਸਿੰਘ ਤੋਂ ਪਹਿਲਾਂ ਦੇ ਗਲਪ ਨੂੰ ਗਲਪ ਨਾ ਹੋਣ ਦੇ ਬਰਾਬਰ ਸਮਝਦਾ ਹੈ।[37] ਇਸ ਤਰ੍ਹਾਂ ਪੰਜਾਬੀ ਗਲਪ ਦੇ ਪਿੜ ਵਿਚ ਨਾਨਕ ਸਿੰਘ ਦਾ ਆਗਮਨ ਬਹੁਤ ਵੱਡੀ ਘਟਨਾ ਹੈ। ਨਾਨਕ ਸਿੰਘ ਨੇ ਆਪਣੇ ਨਾਵਲਾਂ ਵਿਚ ਜਨ-ਜੀਵਨ ਲਿਆ ਕੇ ਪੰਜਾਬੀ ਨਾਵਲ ਨੂੰ ਰੁਮਾਂਚਿਕ ਦੁਨੀਆਂ 'ਚੋਂ ਬਾਹਰ ਕੱਢਿਆ ਹੈ।ਉਸਨੇ ਸਮਕਾਲੀ ਸਮਾਜ ਦੇ ਯਥਾਰਥ ਦੀਆਂ ਸਮੱਸਿਆਵਾਂ ਨੂੰ ਆਧਾਰ ਬਣਾ ਕੇ ਨਾਵਲ ਨੂੰ ਸਮਾਜਿਕ ਅਰਥ ਪ੍ਰਦਾਨ ਕੀਤੇ। ਇਸ ਤੱਥ ਦੀ ਪੁਸ਼ਟੀ ਉਸਦੇ ਪਹਿਲੇ ਨਾਵਲ 'ਮਤਰੇਈ ਮਾਂ' ਤੋਂ ਲੈ ਕੇ 'ਚਿਤ੍ਰਕਾਰ' ਤਕ ਸਪਸ਼ਟ ਰੂਪ ਵਿਚ ਮਿਲਦੀ ਹੈ। ਜਿਥੋਂ ਤਕ ਯਥਾਰਥਵਾਦ ਤੇ ਆਦਰਸ਼ਵਾਦੀ ਦੇ ਟਕਰਾਓ ਦੀ ਗੱਲ ਹੈ ਇਹ ਭਲੀ ਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਨਾਨਕ ਸਿੰਘ ਦੇ ਸਮੇਂ ਪੰਜਾਬੀ ਸਾਹਿਤ ਆਧੁਨਿਕ ਬਣਨ ਵਲ ਤੁਰਿਆ ਹੀ ਸੀ। ਰੂਪ ਦੇ ਪੱਖੋਂ ਬਹੁਤ ਕੁੱਝ ਨਾਵਾਂ ਪੰਜਾਬੀ ਸਾਹਿਤ ਵਿਚ ਆਉਣ ਲਗਿਆਂ ਪਰੰਤੂ ਸਮਾਜਿਕ ਜੀਵਨ ਚਿੰਤਨ

ਅਤੇ ਚੇਤਨਾ ਦੇ ਪੱਧਰ ਉਤੇ ਅਜੇ ਸਮਝਣ ਵੱਲ ਸਾਡੇ ਸਾਹਿਤਕਾਰਾਂ ਦਾ ਦ੍ਰਿਸ਼ਟੀਕੋਣ ਹੀ ਨਹੀ ਬਣਿਆ ਸੀ। ਇਸ ਕਰਕੇ ਮੁੱਢਲੇ ਸਾਹਿਤ ਵਿਚ ਧਾਰਮਿਕ ਪੁਨਰ ਸੁਰਜੀਤੀ, ਮਾਨਵਵਾਦੀ ਕਦਰਾਂ ਕੀਮਤਾਂ ਅਤੇ ਸਮਾਜ-ਸੁਧਾਰ ਵਲ ਹੀ ਮੁੱਖ ਰੁਚੀ ਸੀ।

ਨਾਨਕ ਸਿੰਘ ਦੇ ਨਾਵਲਾਂ ਵਿਚ ਸਮਾਜਿਕ ਯਥਾਰਥ ਦੇ ਅੰਤਰ-ਵਿਰੋਧ ਉਸਦੇ ਕਾਰਣ ਅਤੇ ਕਾਰਜ ਨੂੰ ਸਮਝਣ ਦਾ ਕੋਈ ਵੀ ਉਪਰਾਲਾ ਨਹੀਂ ਸੀ। ਉਸਦੇ ਨਾਵਲ ਸਮੱਸਿਆਵਾਂ ਤਾਂ ਯਥਾਰਥਿਕ ਚੁਣਦੇ ਹਨ ਪਰੰਤੂ ਪੇਸ਼ਕਾਰੀ ਆਦਰਸ਼ਮਈ ਹੈ। ਇਸ ਟਕਰਾਉ ਦੇ ਕਾਰਣ ਹੀ ਉਹ ਸਮਜ ਸੁਧਾਰਕ ਮਾਨਵਵਾਦੀ ਹੋ ਜਾਂਦਾ ਹੈ। ਉਸਨੇ ਆਪਣੇ ਮੁੱਢਲੇ ਨਾਵਲਾਂ ਵਿਚ ਯਥਾਰਥ ਨੂੰ ਇਕ ਦਾਰਸ਼ਨਿਕ ਸੰਕਲਪ ਵਜੋਂ ਨਹੀ ਨਜਿਠਿਆ । ਡਾ: ਅਜੀਤ ਸਿੰਘ ਅਨੁਸਾਰ, "ਮੁੱਢਲੇ ਪੜਾਅ ਉਤੇ ਨਾਨਕ ਸਿੰਘ ਵਿਚ ਆਦਰਸ਼ਵਾਦੀ ਮਿੱਥ ਬਹੁਤ ਹੀ ਅਧਿਕ ਮਾਤਰਾ ਵਿਚ ਸੀ ਅਤੇ ਯਥਾਰਥਵਾਦੀ ਆਧਾਰ ਨਾਲ ਨਾ ਮਾਤਰਾ ਇਹੀ ਕਾਰਣ ਹੈ ਕਿ ਇਸ ਸਮੇਂ ਵਿਚ ਲਿਖੇ ਉਸਦੇ ਨਾਵਲ 'ਮਤਰੇਈ ਮਾਂ', 'ਕਾਲ ਚੱਕਰ', 'ਪ੍ਰੇਮ ਸੰਗੀਤ', 'ਅਤ 'ਮਿਠਾ ਮਹੁਰਾ' ਅਤਿ ਕਥਨੀ, ਅਸੁਭਾਵਿਕਤਾ ਅਤੇ ਜਾਸੂਸੀ ਰੰਗਤ ਨਾਲ ਭਰੇ ਹੋਏ ਹਨ।"[38] ਨਾਨਕ ਸਿੰਘ ਆਪ ਵੀ ਇਨ੍ਹਾਂ ਚਾਰਾਂ ਨਾਵਲਾਂ ਨੂੰ ਨਾਵਲ ਨਾ ਕਹਿ ਕੇ 'ਮਸ਼ਕ ਦੀ ਪੱਟੀ' ਸਮਝਦਾ ਹੈ।[39]

20ਵੀ ਸਦੀ ਦੇ ਪਹਿਲੇ ਅੱਧ ਤਕ ਰਾਜਨੀਤਕ ਲਹਿਰਾਂ ਪੂਰੇ ਜ਼ੋਰ 'ਤੇ ਸੀ ਪਰ ਸਾਡੇ ਬਹੁਤੇ ਲੇਖਕ ਚੇਤਨਤਾ ਦੀ ਪੱਧਰ ਉਤੇ ਆਦਰਸ਼ਕ ਸਮਾਜ ਦੇ ਸੰਕਲਪ ਨਾਲ ਹੀ ਪ੍ਰਤੀਬੱਧ ਸਨ। ਉਸ ਸਮੇਂ ਦੀ ਰਾਜਨੀਤਕ ਲਹਿਰ ਗਦਰ ਲਹਿਰ ਨੂੰ ਛੱਡ ਕੇ ਬਾਕੀ ਦੀਆਂ ਲਹਿਰਾਂ ਅਹਿੰਸਕ ਅਤੇ ਮਾਨਵਵਾਦੀ ਕਿਸਮ ਦੀ ਸਨ। ਇਸ ਲਹਿਰ ਦਾ ਮੰਤਵ ਦੇਸ਼ ਦੀ ਸੁਤੰਤਰਤਾ ਸੀ। ਇਸ ਕਾਰਣ ਵੀ ਯਥਾਰਥ ਸਮੱਸਿਆਵਾਂ ਦਾ ਸਮਾਜਿਕ ਵਿਸ਼ਲੇਸ਼ਣ ਨਹੀਂ ਹੋ ਸਕਿਆ। "ਵੀਹਵੀਂ ਸਦੀ ਦੇ ਮੁੱਢਲੇ ਸਮੇਂ ਦੀ ਹਵਾ ਵਿਚ ਸੁਧਾਰਵਾਦ ਦੀ ਖੁਸ਼ਬੂ ਬਹੁਤ ਜ਼ਿਆਦਾ ਸੀ ਜਿਸਨੇ ਹਰ ਖੇਤਰ ਦੇ ਆਗੂਆਂ ਨੂੰ ਮਖਮਲੂ ਕੀਤਾ ਹੋਇਆ ਸੀ।"[40]

ਇਹੋ ਜਿਹੇ ਸਮਾਜਿਕ ਅਤੇ ਰਾਜਨੀਤਕ ਵਾਤਾਵਰਣ ਵਿਚ ਆਦਰਸ਼ ਅਤੇ ਯਥਾਰਥ ਦਾ ਟਕਰਾਓ ਸਾਹਿੱਤਕ ਰਚਨਾਵਾਂ ਵਿਚ ਪ੍ਰਗਟ ਹੁੰਦਾ ਹੈ। ਨਾਨਕ ਸਿੰਘ ਦੇ ਨਾਵਲਾਂ ਵਿਚ ਇਹ

ਇਹ ਪ੍ਰਭਾਵ ਉਸਦੇ ਨਾਵਲਾਂ ਨੂੰ ਅਸੁਭਾਵਿਕ ਅਤੇ ਅਸਾਧਾਰਣ ਬਣਾ ਦਿੰਦਾ ਹੈ। ਨਾਨਕ ਸਿੰਘ ਸਮੱਸਿਆਵਾਂ ਦਾ ਵਿਸ਼ਲੇਸ਼ਣ ਅਤੇ ਉਨ੍ਹਾਂ ਦਾ ਸਮਾਧਾਨ ਜਦੋਂ ਆਦਰਸ਼ਵਾਦੀ ਦ੍ਰਿਸ਼ਟੀਕੋਣ ਅਨੁਸਾਰ ਕਰਦਾ ਹੈ ਤਾਂ ਉਸਦੀ ਨਾਵਲ-ਰਚਨਾ ਵਿਚ ਇਕ ਤਣਾਓ ਦੀ ਸਥਿਤੀ ਉਤਪੰਨ ਹੋ ਜਾਂਦੀ ਹੈ। ਜਿਸ ਕਾਰਨ ਉਹ ਨਾਵਲਾਂ ਵਿਚ ਯਥਾਰਥ ਪੇਸ਼ ਕਰਦਿਆਂ ਆਦਰਸ਼ ਵਲ ਜ਼ਿਆਦਾ ਝੁੱਕ ਜਾਂਦਾ ਹੈ। ਨਾਨਕ ਸਿੰਘ ਦੀ ਸਮੁੱਚੀ ਰਚਨਾ ਵਿਚ ਭਾਵੇਂ ਇਕ ਵਿਕਾਸ ਦੇਖਿਆ ਜਾ ਸਕਦਾ ਹੈ। ਪਰੰਤੂ ਉਹ ਆਪਣੇ ਅੰਤਲੇ ਨਾਵਲ ਤਕ ਆਦਰਸ਼ਵਾਦੀ ਹੀ ਰਿਹਾ ਹੈ। ਉਸਦੀ ਪੇਸ਼ਕਾਰੀ ਅਤੇ ਵਿਧੀ ਵਿਚ ਨਵੀਆਂ ਜੁਗਤਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਪਰ ਆਦਰਸ਼ਵਾਦੀ ਕਾਰਣ ਉਹ ਮਾਨਵਵਾਦੀ ਉਦੇਸ਼ਾਂ ਪ੍ਰਤੀ ਸੁਹਿਰਦ ਹੋਣ ਕਰਕੇ ਸਮਾਜ ਦੇ ਅਸਲ ਯਥਾਰਥ ਨੂੰ ਵਿਸ਼ਲੇਸ਼ਿਤ ਨਹੀਂ ਕਰ ਸਕਿਆ। ਜਿਸ ਕਾਰਨ ਉਸਦੇ ਨਾਵਲਾਂ ਵਿਚ ਯਥਾਰਥ ਤੇ ਆਦਰਸ਼ ਦਾ ਟਕਰਾਓ ਬਣਿਆ ਰਹਿੰਦਾ ਹੈ।

ਸੋਹਣ ਸਿੰਘ ਸੀਤਲ ਬੁਨਿਆਦੀ ਤੌਰ ਤੇ ਯਥਾਰਥਵਾਦੀ ਦ੍ਰਿਸ਼ਟੀਕੋਣ ਦਾ ਧਾਰਨੀ ਹੈ। ਇਸਦੀ ਨਾਵਲ-ਰਚਨਾ ਵਿਚ ਆਦਰਸ਼ ਅਤੇ ਯਥਾਰਥ ਦਾ ਤਣਾਓ ਨਾਨਕ ਸਿੰਘ ਨਾਲੋਂ ਘੱਟ ਹੈ। ਸੋਹਣ ਸਿੰਘ ਸੀਤਲ ਪੇਂਡੂ ਜੀਵਨ ਨੂੰ ਆਦਰਸ਼ੀਕ੍ਰਿਤ ਰੂਪ ਵਿਚ ਪੇਸ਼ ਕਰਨ ਦੀ ਬਜਾਏ ਸਮੁੱਚਤਾ ਵਿਚ ਪੇਸ਼ ਕਰਦਾ ਹੈ। ਡਾ. ਰਘਬੀਰ ਸਿੰਘ ਦਾ ਮੱਤ ਹੈ ਕਿ "ਉਹ ਪੇਂਡੂ ਜੀਵਨ ਨੂੰ ਆਦਰਸ਼ੀਕ੍ਰਿਤ ਰੂਪ ਵਿਚ ਪੇਸ਼ ਨਹੀਂ ਕਰਦਾ ਸਗੋਂ ਉਸਨੂੰ ਉਸਦੀ ਸਮੁੱਚਤਾ ਵਿਚ ਲੈਂਦਾ ਹੋਇਆ ਉਸ ਵਿਚ ਪਸਰੀ ਗਰੀਬੀ, ਮੰਦਿਹਾਲੀ, ਜਹਾਲਤ ਵਰਗੀਆਂ ਕਠੋਰ ਪਰਿਸਥਿਤੀਆਂ ਦਾ ਪੇਂਡੂ ਭਾਈਚਾਰੇ ਦੇ ਆਰਥਿਕ ਅਤੇ ਸਮਾਜਿਕ ਸੰਬੰਧਾਂ ਦੇ ਸੰਦਰਭ ਵਿਚ ਬਿਆਨ ਕਰਦਾ ਹੈ।[41]

ਕਿਸਾਨੀ ਜੀਵਨ ਦਾ ਯਥਾਰਥ ਅਤੇ ਚਿਤਰਣ ਕਰਨ ਵਿਚ ਸੀਤਲ ਨੇ ਸਫਲਤਾ ਪ੍ਰਾਪਤ ਕੀਤੀ ਹੈ। ਡਾ. ਕਰਨਜੀਤ ਅਨੁਸਾਰ, "ਪੰਜਾਬ ਦੇ ਜੱਟ ਦਾ ਇਹ ਯਥਾਰਥ ਚਿੱਤਰ ਭਰਪੂਰ ਰੂਪ ਵਿਚ ਕੰਵਲ ਅਤੇ ਸੋਹਣ ਸਿੰਘ ਸੀਤਲ ਦੇ ਨਾਵਲਾਂ ਵਿਚ ਹੀ ਲਭਦਾ ਹੈ।"[42] ਸੋਹਣ ਸਿੰਘ ਸੀਤਲ ਆਪਣੇ ਨਾਵਲਾਂ ਵਿਚ ਪਾਤਰਾਂ ਰਾਹੀਂ ਯਥਾਰਥ ਨੂੰ ਪਹਿਲ ਦਿੰਦਾ ਹੈ। ਰੁਮਾਂਚਿਕ ਕਲਪਿਤ ਦੁਨੀਆ ਤੋਂ ਦੂਰ ਰਹਿ ਕੇ ਨਾਵਲ-ਰਚਨਾ ਵਿਚ ਪੇਂਡੂ ਜਨ-ਜੀਵਨ ਦਾ ਭਰਪੂਰ ਚਿਤਰਣ ਕਰਦਾ ਹੈ। ਇਸ ਪੱਖ ਤੋਂ ਉਸਦੇ ਨਾਵਲ 'ਮੁੱਲ ਦਾ ਮਾਸ', 'ਜੁੱਗ ਬਦਲਗਿਆ', 'ਦੀਵੇ ਦੀ ਲੋਅ'

'ਜੰਗ ਤੇ ਅਮਨ' ਆਦਿਕ ਮਹੱਤਵਪੂਰਨ ਹਨ। ਮਨੁੱਖੀ ਦੁਖਾਂਤ ਵਜੋਂ 'ਜੰਗ ਤੇ ਅਮਨ' ਦਾ ਚਿਤਰਣ ਫ਼ਿਰਕੂ ਦੰਗਿਆਂ ਦੀ ਪੇਸ਼ਕਾਰੀ ਨਾਲੋ ਤੋੜਿਆ ਹੈ। ਨਾਨਕ ਸਿੰਘ ਦਾ ਸਮਕਾਲੀ ਹੁੰਦਿਆਂ ਹੋਇਆਂ ਸੋਹਣ ਸਿੰਘ ਸੀਤਲ ਵਿਧਵਾ ਵਿਆਹ, ਬਾਲ-ਵਿਆਹ, ਨੈਤਿਕ ਕਦਰਾਂ-ਕੀਮਤਾਂ ਆਦਿ ਨੂੰ ਭਾਵਪੂਰਤ ਰੂਪ ਵਿਚ ਪੇਸ਼ ਕਰਦਾ ਹੈ। ਉਸਦੇ ਨਾਵਲ ਨਿਮਨ-ਵਰਗ ਦੇ ਸਭਿਆਚਾਰ ਪੇਸ਼ ਕਰਦੇ ਹੋਏ ਯਥਾਰਥ ਦੇ ਨੇੜੇ ਰਹਿੰਦੇ ਹਨ ਜਿਸ ਕਰਕੇ ਉਸਦੇ ਪਾਤਰ ਸਮਾਜਿਕ ਹਾਲਾਤਾਂ ਵਿਚੋਂ ਗੁਜ਼ਰਦੇ ਹੋਏ ਨਾਵਲਕਾਰ ਦੇ ਹੱਥਾਂ ਦੀ ਕਠਪੁਤਲੀ ਨਹੀਂ ਬਣਦੇ। ਭਾਵੇਂ ਉਸਦਾ ਅਸਲ ਧਰਮ ਮਾਨਵਵਾਦ ਹੈ ਜਿਸਦੇ ਉਦੇਸ਼ ਨਾਲ ਉਹ ਜਾਤ-ਪਾਤ, ਹਿੰਦੂ-ਸਿੱਖ-ਮੁਸਲਮਾਨ ਆਦਿਕ ਨੂੰ ਕੋਈ ਮਹੱਤਵ ਨਹੀ ਦਿੰਦਾ। ਉਸਦੇ ਪਾਤਰ ਮਾਨਵਵਾਦੀ ਧਰਮ ਦੀ ਪਾਲਣਾ ਕਰਦੇ ਹਨ। ਜਿਸ ਤਰ੍ਹਾਂ 'ਤੂਤਾਂ ਵਾਲਾ ਖੂਹ' ਨਾਵਲ ਵਿਚ ਗਹਿਣਾ ਲੁਹਾਰ, ਬਾਬਾ ਅਕਾਲੀ ਹਨ। ਸੀਤਲ ਦੀ ਇਹ ਵਿਸ਼ੇਸ਼ਤਾ ਹੈ ਕਿ ਉਸਨੇ ਮਾਨਵਵਾਦ ਨੂੰ ਵਿਸ਼ਾਲ ਅਰਥਾਂ ਵਿਚ ਗ੍ਰਹਿਣ ਕੀਤਾ ਹੈ। ਭਾਵੇਂ ਇਹ ਉਸਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਦੇਖਣ ਵਿਚ ਅਸਫਲ ਰਿਹਾ ਹੈ। ਉਸਦੇ ਨਾਵਲਾਂ ਵਿਚ ਯਥਾਰਥ ਤਾਂ ਹੈ ਪਰੰਤੂ ਯਥਾਰਥਵਾਦੀ ਦ੍ਰਿਸ਼ਟੀ ਨਹੀ। ਜਿਸ ਕਰਕੇ ਉਹ ਕਿਸੇ ਨਵੇਂ ਸਮਾਜ ਦੀ ਸਿਰਜਣਾ ਕਰਨ ਦਾ ਉਦੇਸ਼ ਨਹੀਂ ਰਖਦੀ। ਸਗੋਂ ਭਾਈਚਾਰਕ ਸਾਂਝ ਵਾਲੇ ਆਦਰਸ਼ਕ ਸਮਾਜ ਦੀ ਨਿਸ਼ਾਨਦੇਹੀ ਕਰਦਾ ਹੈ। ਇਹੋ ਕਾਰਣ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੇ ਨਾਵਲਾਂ ਵਿਚ ਵੱਖਰਤਾ ਦਾ ਹੈ ਜਿਥੇ ਉਨ੍ਹਾਂ ਦੀ ਪਛਾਣ ਆਦਰਸ਼ ਅਤੇ ਯਥਾਰਥ ਨੂੰ ਟਕਰਾਅ ਅਤੇ ਤਣਾਓ ਵਜੋਂ ਅਲਗ-ਅਲਗ ਕਰਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਵਾਸ਼ਣੇਰਯ, ਲਕਸ਼ਮੀ ਸਾਗਰ, ਆਧੁਨਿਕ ਹਿੰਦੀਸਾਹਿਤਯ (ਉਪਨਿਆਸ ਕਾਂਡ), ਹਿੰਦੀ ਪਰੀਸ਼ਦ, ਈਲਾਹਾਬਾਦ ਯੂਨੀਵਰਸਿਟੀ, 1952, ਪੰ. 214-15

2. ਹਾਸਟ, ਹਾਵਰਡ, ਸਾਹਿਤ ਅਤੇ ਯਥਾਰਥ, ਅਨੁਵਾਦਕ ਦਲਬੀਰ, ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ, 1985, ਪੰ. 5

3. ਨਾਨਕ ਸਿੰਘ, ਚਿੱਟਾ ਲਹੂ, (ਮੁੱਖ ਬੰਧ), ਪੰ. 6

4. ਉਹੀ, ਪੱਥਰ ਦੇ ਖੰਭ, (ਮੁੱਖ ਬੰਧ), ਪੰ. 6

5. ਪੰਡੀ, ਅਜੀਤ ਸਿੰਘ, ਪੰਜਾਬੀ ਗਲਪ ਵਿਚ ਯਥਾਰਥਵਾਦ (1901-1952), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971, ਪੰ. 94

6. ਨਾਨਕ ਸਿੰਘ, ਮੰਝਧਾਰ, ਪੰ. 117

7. ਕਰਨਜੀਤ ਸਿੰਘ, ਨਾਵਲਕਾਰ ਸੋਹਣ ਸਿੰਘ ਸੀਤਲ, ਪੰ. 113

8. ਉਹੀ, ਪੰ. 90

9. ਸੋਹਣ ਸਿੰਘ ਸੀਤਲ, ਜੰਗ ਜਾਂ ਅਮਨ, ਪੰ. 52

10. ਉਹੀ, ਪੰ. 57

11. ਉਹੀ, ਦੀਵੇ ਦੀ ਲੋਅ, ਪੰ. 92

12. ਉਹੀ, ਜੁੱਗ ਬਦਲ ਗਿਆ, ਪੰ. 139

13. ਉਹੀ, ਸੁੱਕਾ ਆਹਲਣਾ, ਪੰ. 115

14. ਕਸੇਲ, ਕਿਰਪਾਲ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸਕ ਵਿਕਾਸ, (1850-1971) ਲਾਹੌਰ ਬੁੱਕ ਸ਼ਾਪ, ਲੁਧਿਆਣਾ (ਦੂਜਾ ਸੰਸਕਰਣ), 1972, ਪੰ. 99

15. ਨੂਰ, ਸੁਤਿੰਦਰ ਸਿੰਘ, ਸਾਹਿਤ ਸਮਾਚਾਰ ਦਾ ਨਾਨਕ ਸਿੰਘ ਅੰਕ, ਪੰ. 420

16. ਨਾਨਕ ਸਿੰਘ, ਚਿੱਤਰਕਾਰ, ਪੰ. 99

17. ਉਹੀ, ਪੰ. 30

18. ਉਹੀ, ਪੰ. 57

19. ਨਾਨਕ ਸਿੰਘ, ਮੇਰੀ ਦੁਨੀਆਂ, ਪੰ. 47

20. ਅਤਰ ਸਿੰਘ (ਡਾ.), ਪੰਜਾਬੀ ਸਾਹਿਤ ਦਾ ਇਤਿਹਾਸ, ਭਾਸ਼ਾ ਵਿਭਾਗ, ਪਟਿਆਲਾ, ਪੰ. 96

21. ਨਾਨਕ ਸਿੰਘ, ਚਿੱਟਾ ਲਹੂ, ਪੰ. 123

22. ਕਰਨਜੀਤ ਸਿੰਘ, ਨਾਵਲਕਾਰ ਸੋਹਣ ਸਿੰਘ ਸੀਤਲ, ਪੰ. 86

23. ਸੀਤਲ, ਸੋਹਣ ਸਿੰਘ, ਜੰਗ ਜਾਂ ਅਮਨ, ਪੰ. 208-210

24. ਨਾਨਕ ਸਿੰਘ, ਖੂਨ ਦੇ ਸੋਹਲੇ, (ਮੁੱਖ ਬੰਧ), ਪੰ. 3-4

25. ਸੀਤਲ, ਸੋਹਣ ਸਿੰਘ, ਤੂਤਾਂ ਵਾਲਾ ਖੂਹ, ਪੰ. 243

26. ਉਹੀ, ਪੰ. 315

27. ਉਹੀ, ਈਚੋਗਿਲ ਨਹਿਰ ਤਕ, ਪੰ. 24

28. ਸੇਖੋਂ, ਸੰਤ ਸਿੰਘ, ਸਾਹਿਤ ਸਮਾਚਾਰ ਦਾ ਨਾਨਕ ਸਿੰਘ ਅੰਕ, ਪੰ. 342,

29. ਭੋਗਲ, ਪਿਆਰਾ ਸਿੰਘ, ਨਾਵਲਕਾਰ ਨਾਨਕ ਸਿੰਘ, ਹਿਰਦੇਜੀਤ ਪ੍ਰਕਾਸ਼ਨ, ਜਲੰਧਰ, 1972 ਪੰ. 86-87

30. ਨਾਨਕ ਸਿੰਘ, ਚਿੱਟਾ ਲਹੂ, ਕਾਂਡ 32

31. ਗੁਰਚਰਨ ਸਿੰਘ (ਡਾ.), ਪੰਜਾਬੀ ਗਲਪਕਾਰ, ਪੰ. 229

32. ਨਾਨਕ ਸਿੰਘ, ਜੀਵਨ ਸੰਗਰਾਮ, ਪੰ. 221

33. ਉਹੀ, ਪਿਆਰ ਦੀ ਦੁਨੀਆਂ, ਕਾਂਡ 65

34. ਸੀਤਲ, ਸੋਹਣ ਸਿੰਘ, ਤੂਤਾਂ ਵਾਲਾ ਖੂਹ, ਪੰ. 283

35. ਉਹੀ, ਜੰਗ ਜਾਂ ਅਮਨ, ਪੰ. 241

36. ਉਹੀ, ਈਚੋਗਿਲ ਨਹਿਰ ਤਕ, ਪੰ. 292

37. ਸੇਖੋਂ, ਸੰਤ ਸਿੰਘ, ਸਾਹਿਤ ਸਮਾਚਾਰ ਦਾ ਨਾਨਕ ਸਿੰਘ ਅੰਕ, ਪੰ. 339

38. ਪੰਛੀ, ਅਜੀਤ ਸਿੰਘ, ਪੰਜਾਬੀ ਗਲਪ ਵਿੱਚ ਯਥਾਰਥਵਾਦ, ਪਟਿਆਲਾ, ਭਾਸ਼ਾ ਵਿਭਾਗ ਪੰਜਾਬ, 1977, ਪੰ. 91

39. ਨਾਨਕ ਸਿੰਘ, ਮੇਰੀ ਦੁਨੀਆਂ, ਪੰ. 240

40. ਉਪੱਲ, ਐਸ.ਐਸ, ਨਾਨਕ ਸਿੰਘ ਦੀ ਉਤੱਮਕਲਾ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਨਵੀਂ ਦਿੱਲੀ, 1964, ਪੰ. 99

41. ਰਘਵੀਰ ਸਿੰਘ (ਡਾ.), ਪੰਜਾਬੀ ਨਾਵਲ ਵਿਚ ਯਥਾਰਥਵਾਦ, ਖੋਜ ਨਿਬੰਧ, ਚੰਡੀਗੜ੍ਹ, 1982, ਪੰ. 129

42. ਕਰਨਜੀਤ ਸਿੰਘ, ਨਾਵਲਕਾਰ, ਸੋਹਣ ਸਿੰਘ ਸੀਤਲ, ਪੰ. 49

## ਨਿਸ਼ਕਰਸ਼

ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੋਵੇਂ ਨਾਵਲਕਾਰ ਵੀਹਵੀਂ ਸਦੀ ਦੇ ਆਰੰਭਲੇ ਦਿਹਾਕੇ ਦੀ ਉਪਜ ਹਨ। ਦੋਵੇਂ ਹੀ ਸਾਹਿਤ ਦੇ ਖੇਤਰ ਵਿੱਚ ਯੁਗ ਪਰਿਵਰਤਕ ਲੇਖਕ ਹਨ। ਦੋਵਾਂ ਨੇ ਇਸ ਪਰਿਵਰਤਕ ਯੁਗ ਦੌਰਾਨ ਜਿਸ ਦ੍ਰਿਸ਼ਟੀਕੋਣ ਤੋਂ ਜੀਵਨ, ਸਮਾਜ ਅਤੇ ਸਮਾਜ ਵਿਚ ਬਦਲਦੀਆਂ ਕਦਰਾਂ-ਕੀਮਤਾਂ ਨੂੰ ਦੇਖਿਆ ਹੈ, ਉਸਨੂੰ ਉਸੇ ਰੂਪ ਵਿਚ ਪਾਠਕਾਂ ਸਾਹਮਣੇ ਆਪਣੇ ਨਾਵਲਾਂ ਰਾਹੀ ਪੇਸ਼ ਕੀਤਾ ਹੈ । ਦੋਹਾਂ ਨਾਵਲਕਾਰਾਂ ਦੇ ਨਾਵਲਾਂ ਵਿਚਲਾ ਉਦੇਸ਼ ਸਮਾਜ ਦਾ ਯਥਾਰਥਿਕ ਚਿਤਰਣ ਅਤੇ ਨਵੇਂ ਸਮਾਜ ਦੀ ਉਸਾਰੀ ਹੈ। ਦੋਹਾਂ ਦੀ ਆਧੁਨਿਕ ਪੰਜਾਬੀ ਨਾਵਲ ਜਗਤ ਨੂੰ ਬੜੀ ਮਹਤਵ ਪੂਰਣ ਦੇਣ ਹੈ।

ਨਾਨਕ ਸਿੰਘ ਸੋਹਣ ਸਿੰਘ ਸੀਤਲ ਨਾਲੋਂ ਉਮਰ ਵਿਚ ਤਕਰੀਬਨ 12 ਸਾਲ ਵੱਡਾ ਸੀ। 11 ਸਾਲ ਦੀ ਉਮਰ ਵਿਚ ਹੀ ਪਿਤਾ ਦੇ ਵਿਛੋੜੇ ਨੇ ਨਾਨਕ ਸਿੰਘ ਨੂੰ ਮੁਸੀਬਤਾਂ ਵਿਚ ਪਾ ਦਿੱਤਾ। ਇਕ ਗ਼ਰੀਬੀ ਦੀ ਚੱਕੀ ਵਿੱਚ ਪਿਸਿਆ ਦੂਜਾ ਤਾਏ ਚਾਚਿਆਂ ਦੀਆਂ ਜਿਆਦਤੀਆਂ ਨੂੰ ਸਹਿ ਰਿਹਾ ਨਾਨਕ ਸਿੰਘ ਪੰਜ ਜਮਾਤਾਂ ਤੋਂ ਵੱਧ ਨਾ ਪੜ੍ਹ ਸਕਿਆ। ਸੋਹਣ ਸਿੰਘ ਸੀਤਲ ਦਾ ਬਚਪਨ ਮਾਪਿਆਂ ਦੀ ਦੇਖ-ਰੇਖ ਵਿਚ ਬੀਤਿਆ। ਗਿਆਨੀ ਦਾ ਇਮਤਿਹਾਨ ਤਾਂ ਉਸਨੇ ਪਾਸ ਕਰ ਲਿਆ ਪਰ ਅੱਗੇ ਪੜ੍ਹਨ ਤੋਂ ਇਸਦੇ ਪਿਤਾ ਨੇ ਮਨ੍ਹਾ ਕਰ ਦਿੱਤਾ ਕਿ "ਮੈਂ ਸਮਝਦਾ ਹਾਂ, ਤੂੰ ਹੋਰ ਪੜ੍ਹਨਾ ਚਾਹੁੰਦਾ ਹੈ। ਪਰ ਐਸਾ ਹੋ ਨਹੀਂ ਸਕੇਗਾ। ਤੇਰਾ ਵੱਡਾ ਭਰਾ ਜਿਉਂਦਾ ਰਹਿੰਦਾ, ਤਾਂ ਤੈਨੂੰ ਵਲਾਇਤ ਤਕ ਪੜ੍ਹਾ ਦੇਂਦਾ। ਪਰ ਹੁਣ ਏਨੇ ਤੇ ਹੀ ਸੰਤੋਖ ਕਰ।"[1] ਨਾਨਕ ਸਿੰਘ ਵਾਂਗ ਪਿਤਾ ਦੀ ਮੌਤ ਪਿਛੋਂ ਸ਼ਰੀਕਾ ਨੇ ਤੰਗ ਕਰਨਾ, ਜਿਵੇਂ ਖੇਤੀ ਉਜਾੜ ਦੇਣੀ, ਜ਼ਮੀਨ ਨੂੰ ਪਾਣੀ ਨਾ ਲਗਣ ਦੇਣਾ ਆਦਿ ਤਰੀਕਿਆਂ ਨਾਲ ਸ਼ੁਰੂ ਕਰ ਦਿੱਤਾ।

ਨਾਨਕ ਸਿੰਘ ਦੀ ਸਖਸ਼ੀਅਤ ਘੜਨ ਵਿਚ ਮਾਤਾ ਲੱਛਮੀ ਦਾ ਰੋਲ ਕਾਫੀ ਮਹੱਤਵਪੂਰਣ ਹੈ। ਨਾਨਕ ਸਿੰਘ ਨੇ ਸਵੈ-ਸੰਜਮ ਅਤੇ ਆਤਮਕ ਉਚੱਤਾ ਦੇ ਗੁਣਾਂ ਸਦਕਾ ਜ਼ਿੰਦਗੀ ਦੇ ਸਾਰੇ ਕੌੜੇ ਅਨੁਭਵਾਂ ਨੂੰ ਜ਼ਰ ਲਿਆ। ਬਾਲ-ਵਿਧਵਾ ਪ੍ਰੇਮਿਕਾ ਅਤੇ ਮੁਨਸ਼ੀ ਪ੍ਰੇਮ ਚੰਦ ਦੇ ਪ੍ਰਭਾਵ ਸਦਕਾ ਨਾਨਕ ਸਿੰਘ ਨਾਵਲਕਾਰ ਬਣਿਆ। ਦੂਜੇ ਪਾਸੇ ਸੀਤਲਸ਼ਰੀਕਾਂ ਵਲੋਂ ਤੰਗ ਹੋ ਕੇ ਢਾਡੀ ਬਣ ਗਿਆ। ਜਿਸਤੋਂ ਸੀਤਲ ਨੂੰ ਇਹ ਫਾਇਦਾ ਹੋਇਆ ਕਿ ਸੀਤਲ ਦੇ ਤਾਏ, ਚਾਚਿਆਂ ਨੇ ਉਸਨੂੰ ਪਿਆਰ ਕਰਨਾ ਸ਼ੁਰੂ ਕਰ ਦਿੱਤਾ। ਢਾਡੀ ਹੋਣ ਦੇ ਨਾਤੇ ਦੇਸ਼ ਵਿਦੇਸ਼ ਦੀ ਯਾਤਰਾ ਕੀਤੀ ਜਿਸਤੋਂ ਉਸਨੂੰ ਨਾਵਲ ਲਿਖਣ ਦੀ ਚੇਟਕ ਲੱਗੀ। ਇਸ ਤਰ੍ਹਾਂ ਇਹ ਢਾਡੀ ਨਾਵਲਕਾਰ ਬਣ ਗਿਆ।

ਨਾਨਕ ਸਿੰਘ ਸਮਾਜ ਵਿਚ ਉਪਜੀਆਂ ਸਮਾਜ ਸੁਧਾਰਕ, ਰਾਜਨੀਤਕ, ਧਾਰਮਿਕ ਲਹਿਰਾਂ ਦਾ ਪ੍ਰਭਾਵ ਕਬੂਲਦਾ ਹੈ। ਨਾਨਕ ਸਿੰਘ ਇਨ੍ਹਾਂ ਲਹਿਰਾਂ ਬਾਰੇ ਖੁਦ ਲਿਖਦਾ ਹੈ, "ਜਿਥੋਂ ਤਕ ਮੇਰੀ ਯਾਦ ਦਾ ਵਾਸਤਾ ਹੈ, 1910 ਤੋਂ 1930 ਤਕ ਦਾ ਸਮਾਂ ਪੰਜਾਬ ਵਿਚ ਤੇਜ਼ ਤਰਾਰ ਕਿਸਮ ਦਾ ਸੁਧਾਰਵਾਦੀ ਸਮਾਂ ਸੀ ਜਦੋਂ ਭਾਈਚਾਰੇ ਦੀਆਂ ਕਈ ਬੁਰਾਈਆਂ, ਛੂਤ-ਛਾਤ , ਕੁੜੀਆਂ ਵੇਚਣ ਦੀ ਪ੍ਰਥਾ, ਵਿਆਹ ਸ਼ਾਦੀਆਂ ਤੇ ਮੁਜ਼ਰਿਆਂ ਦਾ ਰਿਵਾਜ਼, ਬਹੁ-ਵਿਆਹ, ਬਿਰਧ-ਵਿਆਹ ਅਤੇ ਵੇਸ਼ਵਾਪੁਣਾ ਆਦਿ ਸਮਾਜ ਨੂੰ ਸ਼ਰਮਾਉਣ ਵਾਲੀਆਂ ਕੁਪ੍ਰਥਾਵਾਂ ਆਮ ਪ੍ਰਚਲੱਤ ਸਨ। ਇਨ੍ਹਾਂ ਕੁਪ੍ਰਥਾਵਾਂ ਦਾ ਮਲੀਆ ਮੇਟ ਕਰਨ ਲਈ ਪੰਜਾਬ ਵਿਚ ਆਰੀਆ ਸਮਾਜ ਅਤੇ ਸਿੰਘ ਸਭਾ ਲਹਿਰ ਇਹ ਦੋਵੇਂ ਸੰਪਰਦਾਵਾਂ ਅਲਮਬਰਦਾਰ ਬਣ ਕੇ ਕੰਮ ਕਰ ਰਹੀਆਂ ਸਨ।"[2] ਗ਼ਦਰ ਲਹਿਰ ਦਾ ਪ੍ਰਭਾਵ ਨਾਨਕ ਸਿੰਘ ਨੇ ਕਬੂਲਿਆ। ਭਾਵੇ ਨਾਨਕ ਸਿੰਘ ਤੋੜ , ਖ਼ੂਨ-ਖਰਾਬੇ ਕਰਨ ਨਾਲ ਸਹਿਮਤ ਨਹੀਂ ਸੀ ਫੇਰ ਵੀ ਗਦਰ ਪਾਰਟੀ ਦੇ ਉਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨਾ ਉਸਨੇ ਆਪਣਾ ਫ਼ਰਜ਼ ਸਮਝਿਆ। ਪਰ ਗ਼ਦਰ ਨਾਲੋ ਵੱਧ ਗਾਂਧੀਵਾਦੀ ਅਹਿੰਸਕ ਲਹਿਰਾਂ ਦਾ ਪ੍ਰਭਾਵ ਜਿਆਦਾ ਗ੍ਰਹਿਣ ਕੀਤਾ। ਨਾਨਕ ਸਿੰਘ ਨੇ ਸੰਕੁਚਿਤ ਲਹਿਰ 'ਅਕਾਲੀ ਲਹਿਰ' ਵਲ ਧਿਆਨ ਕੰਮ ਦਿੱਤਾ।

ਸੋਹਣ ਸਿੰਘ ਸੀਤਲ ਨੇ ਸਿੰਘ ਸਭਾ ਲਹਿਰ, ਗਦਰ ਲਹਿਰ, ਕਿਰਸਾਣੀ ਲਹਿਰ ਆਦਿ ਤੋਂ ਪ੍ਰਭਾਵਿਤ ਹੋ ਕੇ ਨਾਵਲ-ਰਚਨਾ ਕੀਤੀ। ਦੋਵੇਂ ਨਾਵਲਕਾਰ ਪੰਜਾਬੀ ਹੋਣ ਦੇ ਨਾਤੇ, ਪੰਜਾਬ ਦੇ ਸਮਾਜ ਨੂੰ ਹੂ-ਬ-ਹੂ ਨਾਵਲਾਂ ਵਿਚ ਪੇਸ਼ ਕਰਦੇ ਹਨ। ਜਿੱਥੇ ਨਾਨਕ ਸਿੰਘ ਸ਼ਹਿਰੀ ਮੱਧ-ਸ਼੍ਰੇਣੀ ਨੂੰ ਪੇਸ਼ ਕਰਦਾ ਹੈ, ਉਥੇ ਸੀਤਲ ਨਿਰੋਲ ਪੇਂਡੂ ਜੀਵਨ ਨੂੰ ਪੇਸ਼ ਕਰਦਾ ਹੈ। ਪੰਜਾਬ ਦੇ ਜੀਵਨ ਨੂੰ ਚਿਤਰਣ ਲੱਗਿਆਂ ਸੋਹਣ ਸਿੰਘ ਸੀਤਲ ਪੰਜਾਬੀ ਰਹਿਣੀ-ਬਹਿਣੀ, ਜੀਵਨ ਦੇ ਹਰ ਪੱਖ ਦੀ ਸੱਚਾਈ, ਖੁਸ਼ੀਆਂ, ਗਮੀਆਂ, ਹਰ ਜਾਤ ਦੇ ਲੋਕ; ਲੁਹਾਰ, ਨਾਈ, ਪਿੰਜੇ, ਤਰਖਾਣ ਆਦਿ ਦੇ ਜੀਵਨ ਨੂੰ ਯਥਾਰਥਿਕ ਰੂਪ ਵਿਚ ਪੇਸ਼ ਕਰਦਾ ਹੈ।

ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੇ ਜੀਵਨ ਅਧਿਐਨ ਤੋਂ ਪਤਾ ਚਲਦਾ ਹੈ ਕਿ ਇਹ ਦੋਵੇਂ ਪ੍ਰਗਤੀਸ਼ੀਲ ਸੁਭਾ ਦੇ ਵਿਅਕਤੀ ਹਨ। ਜਿੱਥੇ ਨਾਨਕ ਸਿੰਘ ਦੁਕਾਨਦਾਰੀ ਦਾ ਕਿੱਤਾ ਛੱਡ ਕੀਰਤਨ ਕਰਨਾ, ਸ਼ਬਦ ਗਾਉਣੇ ਸ਼ੁਰੂ ਕਰਦਾ ਹੈ, ਇਸ ਤੋਂ ਇਲਾਵਾ ਹਿੰਦੂ ਘਰਾਣੇ ਦੀਆਂ ਪਰੰਪਰਾਵਾਂ ਛੱਡ ਹੰਸਰਾਜ ਤੋਂ ਨਾਨਕ ਸਿੰਘ ਬਣਨਾ ਆਦਿ ਉਸ ਦੀ ਅਜਿਹੀ ਸ਼ਖਸੀਅਤ ਦਾ ਨਮੂਨਾ ਹੈ। ਉਥੇ ਸੀਤਲ ਵੀ ਨਾਨਕ ਸਿੰਘ ਵਾਂਗ ਹੀ ਖੇਤੀ-ਬਾੜੀ ਦਾ ਕੰਮ ਸ਼ੁਰੂ ਕਰਕੇ ਛੱਡਣਾ ਅਤੇ ਢਾਡੀ ਬਣਨਾ, ਦੇਸ਼-ਵਿਦੇਸ਼ ਦਾ ਰਟਨ ਆਦਿ ਪ੍ਰਗਤੀਸ਼ੀਲ ਵਿਚਾਰਧਾਰਾ ਨੂੰ ਪ੍ਰਗਟਾਉਂਦੇ ਹਨ। ਦੋਵਾਂ ਦੇ ਨਾਵਲਾਂ ਵਿੱਚ ਜੋ ਸੁਧਾਰਵਾਦ, ਮਾਨਵਵਾਦ, ਆਦਰਸ਼ਵਾਦ ਦਾ ਚਿਤਰਣ ਮਿਲਦਾ ਹੈ, ਉਹ ਦੋਵਾਂ ਦਾ ਪ੍ਰਗਤੀਵਾਦ ਹੀ ਹੈ।

ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਨੇ ਆਪਣੇ ਸਮਾਜ ਦੀ ਮੁੱਢ ਤੋਂ ਲੈ ਕੇ ਅਖੀਰ ਸਮੇਂ ਤਕ ਤਬਦੀਲੀਆਂ ਕਾਰਣ ਉਪਜੀਆਂ ਵੱਖ-ਵੱਖ ਪ੍ਰਵਿਰਤੀਆਂ ਨੂੰ ਆਪਣੀ ਆਪਣੀ ਵਿਅਕਤੀਗਤ ਰੁਚੀਆਂ ਅਨੁਸਾਰ ਵੱਖਰਾ ਦ੍ਰਿਸ਼ਟੀਕੋਣ ਪ੍ਰਦਾਨ ਕੀਤਾ ਹੈ। ਨਾਨਕ ਸਿੰਘ 1947 ਦੀ ਵੰਡ ਤੋਂ ਉਤਪੰਨ ਹੋਈਆਂ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪ੍ਰਵਿਰਤੀਆਂ ਦਾ ਵਰਣਨ ਨਾਵਲਾਂ ਵਿੱਚ ਕਰਦਾ ਹੈ। ਨਾਨਕ ਸਿੰਘ ਦੇ ਨਾਵਲਾਂ ਵਿਚ ਉਪਲੱਬਧ ਰਾਸ਼ਟਰਵਾਦੀ ਪ੍ਰਵਿਰਤੀ ਵਿਚ ਮਨੁੱਖ ਨੂੰ ਦੇਸ਼ ਦੀ ਪ੍ਰਤੀ ਬਹੁਤ-ਨਿਸ਼ਠਾਵਾਨ ਦਿਖਾਇਆ ਗਿਆ ਹੈ ਜਿਵੇਂ ਕਿ 'ਗਗਨ ਦਮਾਮਾ ਬਾਜਿਓ' ਦਾ

ਨਾਇਕ ਮੋਤੀ। ਨਾਨਕ ਸਿੰਘ ਦੇ ਇਸ ਪ੍ਰਵਿਰਤੀ ਅਧੀਨ ਰਚੇ ਨਾਵਲਾਂ ਚੋਂ ਇਹ ਸਪਸ਼ਟ ਹੁੰਦਾ ਹੈ ਕਿ ਫ਼ਿਰਕੂ ਫਸਾਦ ਪੂੰਜੀਵਾਦੀ ਸ਼ਕਤੀਆਂ ਹੀ ਕਰਵਾਉਂਦੀਆਂ ਹਨ। ਨਾਨਕ ਸਿੰਘ ਦੀ ਰਾਸ਼ਟਰਵਾਦੀ ਪ੍ਰਵ੍ਰਿਹਤੀ ਸੁਭਾਵਿਕ ਤੌਰ ਤੇ ਸੱਚਾਈ ਨੂੰ ਹੀ ਪ੍ਰਗਟ ਕਰਦੀ ਹੈ ਕਿਉਂਕਿ ਨਾਨਕ ਸਿੰਘ ਦੇ ਕਈ ਨਾਵਲਾਂ ਦੀ ਰਚਨਾਂ ਇਨ੍ਹਾਂ ਸੰਕਟਕਾਲੀਨ ਪ੍ਰਸਥਿੱਤੀਆਂ ਦੌਰਾਨ ਹੀ ਹੋਈ ਹੈ। ਅੰਤਰ-ਰਾਸ਼ਟਰੀ ਸਰਗਰਮੀਆਂ ਦਾ ਭਾਰਤੀ ਰਾਜਨੀਤੀ ਉਤੇ ਕਾਫ਼ੀ ਪ੍ਰਭਾਵ ਪਿਆ ਜੋ ਨਾਨਕ ਸਿੰਘ ਨੇ ਕਬੂਲਿਆ ਹੈ।

ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਨੂੰ ਮਾਨਵਵਾਦ ਦਾ ਸਮੱਰਥਕ ਕਿਹਾ ਜਾ ਸਕਦਾ ਹੈ ਕਿਉਂਕਿ ਇਨ੍ਹਾਂ ਨੇ ਸਮਾਜਿਕ ਕੁਰੀਤੀਆਂ ਦਾ ਚਿਤਰਣ ਅਤੇ ਉਨ੍ਹਾਂ ਨੂੰ ਦੂਰ ਕਰਨ ਦੇ ਸੁਝਾਅ ਪ੍ਰਸਤੁਤ ਕਰਕੇ, ਇਕ ਆਦਰਸ਼ ਮਾਨਵ ਦਾ ਚਿੱਤਰ ਆਪਣੇ ਨਾਵਲਾਂ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਬੁਰੇ ਪਾਤਰਾਂ ਦੀ ਭੰਡੀ ਦੋਵੇਂ ਨਾਵਲਕਾਰ ਚੰਗੀ ਤਰ੍ਹਾਂ ਪ੍ਰਸਤੁਤ ਕਰਦੇ ਹਨ। ਨਾਨਕ ਸਿੰਘ ਅਤੇ ਸੀਤਲ ਦੋਵੇਂ ਹੀ ਇਸਤਰੀ ਪਾਤਰਾਂ ਨੂੰ, ਜੋ ਮਰਦ ਦੇ ਜ਼ੁਲਮਾਂ ਦਾ ਸ਼ਿਕਾਰ ਹੋ ਕੇ ਵੇਸ਼ਵਾ ਤਕ ਬਣ ਜਾਂਦੀਆਂ ਹਨ ਜਾਂ ਆਤਮ-ਹੱਤਿਆ ਕਰ ਲੈਂਦੀਆਂ ਹਨ ਦਾ ਜੀਵਨ ਬੜੇ ਦੁਖਮਈ ਢੰਗ ਨਾਲ ਬਿਆਨ ਕੀਤਾ ਹੈ। ਦੋਵਾਂ ਦੇ ਨਾਵਲਾਂ ਵਿਚ ਨੀਚ ਸ਼੍ਰੇਣੀ ਨੂੰ ਇੱਜ਼ਤ ਦੇਣੀ, ਉਨ੍ਹਾਂ ਦੀ ਕਿਰਤਾਂ ਦਾ ਮੁੱਲ ਪਾਉਣਾ ਆਦਿ ਮਾਨਵਵਾਦ ਦਾ ਸ਼ਕਤੀਸ਼ਾਲੀ ਪ੍ਰਗਟਾ ਹੋਇਆ ਮਿਲਦਾ ਹੈ।

ਜਿੱਥੇ ਨਾਨਕ ਸਿੰਘ ਯਥਾਰਥ ਨੂੰ ਚਿਤਰ ਕੇ ਉਸਨੂੰ ਆਦਰਸ਼ਵਾਦੀ ਰੰਗਤ ਦਿੰਦਾ ਹੈ ਸੀਤਲ ਨਿਰੋਲ ਯਥਾਰਥਵਾਦੀ ਹੀ ਰਹਿੰਦਾ ਹੈ। ਨਾਨਕ ਸਿੰਘ ਦੇ ਨਾਵਲਾਂ ਵਿਚ ਆਲੋਚਨਾਤਮਕ ਯਥਾਰਥਵਾਦੀ ਪ੍ਰਵਿਰਤੀ ਘੱਟ ਹੀ ਮਿਲਦੀ ਹੈ। ਪਰ ਕਈ ਵਾਰੀ ਉਹ ਸਮਾਜਿਕ ਨਾ-ਬਰਾਬਰੀ ਦੀ ਗੱਲ ਕਰਦਾ ਹੈ ਅਤੇ ਸਮਾਜ ਦੇ ਠੇਕੇਦਾਰਾਂ ਤੇ ਆਲੋਚਨਾਤਮਕ ਦ੍ਰਿਸ਼ਟੀ ਪਾਉਂਦਾ ਹੈ। ਨਾਨਕ ਸਿੰਘ ਦੇ ਮੁਕਾਬਲੇ ਸੀਤਲ ਦਾ ਯਥਾਰਥਵਾਦੀ ਹੋਣਾ, ਇਸਦਾ ਸਬੂਤ ਇਹ ਹੈ ਕਿ ਸੀਤਲ ਨੇ ਪੇਂਡੂ ਜੀਵਨ ਨੂੰ ਚੰਗੀ ਤਰ੍ਹਾਂ ਹੰਢਾਇਆ ਹੈ। ਇਸ ਲਈ ਉਸਦੇ ਨਾਵਲਾਂ ਵਿਚ ਉਪਲੱਬਧ ਪੇਂਡੂ ਜੀਵਨ ਨਾਲ ਸੰਬੰਧਿਤ ਸਮੱਸਿਆਵਾਂ ਅਤੇ ਪਾਤਰ ਯਥਾਰਥਿਕ ਹਨ। ਇਸਦੇਂ ਨਾਵਲਾਂ ਵਿੱਚ ਕੋਈ ਉਪਰੀ ਘਟਨਾ ਜਾਂ ਕਲਪਿਤ ਪਾਤਰ ਨਹੀਂ ਹਨ ਜਦੋਂ ਕਿ ਨਾਨਕ ਸਿੰਘ ਦੇ ਪਾਤਰ ਮਨੋਕਲਪਿਤ ਹੁੰਦੇ ਹਨ।

ਨਾਨਕ ਸਿੰਘ ਪ੍ਰਗਤੀਵਾਦ ਨੂੰ ਅਪਣਾਉਂਦਾ ਹੋਇਆ ਸਰਮਾਏਦਾਰੀ ਸ਼ਕਤੀਆਂ ਦਾ ਵਿਰੋਧ ਕਰਦਾ ਪ੍ਰਤੀਤ ਹੁੰਦਾ ਹੈ। ਉਸਦੇ ਪਾਤਰ ਸ਼ਹਿਰੀ ਮੱਧ-ਸ਼੍ਰੇਣੀ ਦੇ ਨਾਲ ਸੰਬੰਧਿਤ ਹਨ। ਉਹ ਨਿਮਨ ਵਰਗ ਵਿਚ ਚੇਤਨਤਾ ਆਉਂਦੀ ਦਿਖਾਂਦਾ ਹੈ। ਸੀਤਲ ਦੇ ਨਾਵਲਾ ਵਿਚ ਵੀ ਜਿੱਥੇ ਨਿਰੋਲ ਯਥਾਰਥ-ਵਾਦ ਉਭਰ ਕੇ ਸਾਹਮਣੇ ਆਉਂਦਾ ਹੈ ਉਥੇ ਪ੍ਰਗਤੀਵਾਦ ਦੀ ਵੀ ਭਰਮਾਰ ਹੈ। ਉਹ ਗਰੀਬ ਕਿਸਾਨ ਜੋ ਵੰਡ ਤੋਂ ਪਹਿਲਾ ਜ਼ਿਮੀਦਾਰਾ ਦੇ ਅਤਿਆਚਾਰਾਂ ਤੋਂ ਦੁਖੀ ਸਨ, ਉਹ ਵੰਡ ਤੋਂ ਬਾਅਦ ਆਪਣੇ ਅਧਿਕਾਰਾਂ ਪ੍ਰਤੀ ਚੇਤੰਨ ਹੋ ਜਾਦੇ ਹਨ। ਸੀਤਲ ਨੇ ਪਾਤਰ ਬਦਲਾ ਲੈਂਦੇ ਵੀ ਦਿਖਾਏ ਹਨ।

ਨਾਨਕ ਸਿੰਘ ਅਤੇ ਸੀਤਲ ਦੇ ਨਾਵਲਾ ਦਾ ਉਦੇਸ਼ ਸਮਾਜ ਦੀ ਸਥਾਪਨਾ ਰਿਹਾ ਹੈ। ਲਈ ਸੁਧਾਰਵਾਦੀ ਪ੍ਰਵਿਰਤੀ ਦਾ ਪ੍ਰਭਾਵ ਕਬੂਲਣਾ ਸੁਭਾਵਿਕ ਹੀ ਹੈ।ਦੋਵੇਂ ਹੀ ਇਸਤਰੀ ਦੀ ਸਥਿਤੀ ਵਿਚ ਸੁਧਾਰ ਲਿਆਉਣਾ ਚਾਹੁੰਦੇ ਹਨ।

ਇਸ ਤਰ੍ਹਾਂ ਦੋਵਾਂ ਨਾਵਲਕਾਰਾ ਦੇ ਨਾਵਲਾ ਵਿਚ ਉਪਰੋਕਤ ਪ੍ਰਵਿਰਤੀਆਂ ਬੜੀ ਸਫ਼ਲਤਾ ਨਾਲ ਪੇਸ਼ ਹੋਈਆਂ ਮਿਲਦੀਆਂ ਹਨ।

ਵਿਸ਼ੇ ਦੇ ਪੱਖੋਂ, ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਨੇ ਸਮਾਜਿਕ, ਰਾਜਨੀਤਕ, ਆਰਥਿਕ ਆਦਿ ਵਿਸ਼ੇ ਚੁਣੇ ਹਨ। ਨਾਨਕ ਸਿੰਘ ਦੇ ਪਹਿਲੇ ਨਾਵਲ ਕਿਸੇ ਹੱਦ ਤਕ ਲੰਬੀਆਂ ਕਹਾਣੀਆਂ ਹੀ ਹਨ, ਜਿਨ੍ਹਾਂ ਵਿਚ ਜੀਵਨ ਦਾ ਇਕਹਿਰਾ ਦਰਸ਼ਨ ਪੇਸ਼ ਕੀਤਾ ਹੈ। ਪਰ 'ਚਿੱਟਾ ਲਹੂ' ਅਤੇ ਇਸ ਤੋਂ ਬਾਅਦ ਦੇ ਨਾਵਲਾਂ ਵਿਚ ਉਸਨੇ ਕਹਾਣੀ ਨੂੰ ਧੁਰਾ ਬਣਾ ਕੇ ਸਮਾਜ ਦੇ ਹਰ ਪੱਖ ਨੂੰ ਨਾਵਲਾਂ ਦਾ ਵਿਸ਼ਾ ਬਣਾਇਆ ਹੈ ਜੋ ਉਸਦੀ ਨਾਵਲ ਰਚਨਾ ਵਿਚ ਜੀਵਨ ਦੀ ਵਾਸਤਵਿਕਤਾ ਨੂੰ ਉਘਾੜਨ ਦੇ ਵਧੇਰੇ ਯੋਗ ਬਣਾਦੇ ਹਨ। ਮਿਸਾਲ ਵਜੋ 'ਚਿੱਟਾ ਲਹੂ' ਨਾਵਲ ਵਿਚ ਨਾਨਕ ਸਿੰਘ ਨੇ ਅਵਿਦਿਆ, ਛੂਤ-ਛਾਤ, ਨਸ਼ਿਆਂ ਦਾ ਸੇਵਨ, ਵਿਆਹ ਸ਼ਾਦੀਆਂ ਦੀਆਂ ਕੁਰੀਤੀਆਂ, ਇਸਤਰੀ ਜਾਤੀ ਖਾਸ ਕਰਕੇ ਵਿਧਵਾ ਉਤੇ ਜ਼ੁਲਮ, ਗੁਰਦੁਆਰਿਆਂ ਵਲੋਂ ਅਣਗਹਿਲੀ ਆਦਿ ਕੁਕਰਮਾਂ ਨੂੰ ਵਿਸ਼ਾ ਬਣਾਇਆ ।

ਨਾਨਕ ਸਿੰਘ ਨੇ ਹੇਠਲੀ ਮੱਧ -ਸ਼੍ਰੇਣੀ ਦੇ ਜੀਵਨ ਨੂੰ ਆਪਣੇ ਨਾਵਲਾਂ ਵਿਚ ਚੰਗੀ ਤਰ੍ਹਾਂ

ਚਿਤਰਿਆ ਹੈ । ਇਸਦੀਆਂ ਆਰਥਿਕ ਔਕੜਾਂ, ਇਸਦੇ ਘਰੇਗੀ ਜੀਵਨ ਦੇ ਕਲੇਸ਼, ਇਸ ਦੀਆਂ ਈਰਖਾਵਾਂ ਤੇ ਦੋਸਤੀਆਂ, ਇਸਦੇ ਸੁਪਨੇ ਤੇ ਸਧਰਾਂ, ਇਨ੍ਹਾਂ ਨੂੰ ਉਸਨੇ ਆਪ ਨੇੜਿਉਂ ਵੇਖਿਆ ਹੈ। ਇਸੇ ਲਈ ਇਹ ਵਿਸ਼ੇ ਉਸਨੇ ਨਾਵਲਾਂ ਵਿਚ ਚੰਗੀ ਤਰ੍ਹਾਂ ਘੜ ਕੇ ਪੇਸ਼ ਕੀਤੇ ਹਨ।

ਨਾਨਕ ਸਿੰਘ ਬੁਨਿਆਦੀ ਤੌਰ ਤੇ ਸੁਧਾਰਵਾਦੀ ਹੋਣ ਦੇ ਨਾਤੇ ਉਸਦੇ ਲਗਭਗ ਸਾਰੇ ਨਾਵਲਾਂ ਦੇ ਵਿਸ਼ੇ ਸਮਾਜ ਦੀਆਂ ਕੁਰੀਤੀਆਂ ਨੂੰ ਨਿੰਦਦੇ ਭੰਡਦੇ ਹਨ। ਇਸਦੇ ਨਾਵਲਾਂ ਵਿਚ ਸਮਾਜ ਦੇ ਅਨੇਕ-ਪੱਖੀ ਰੋਗਾਂ ਨੂੰ ਪੂਰੀ ਤਰ੍ਹਾਂ ਉਘਾੜ ਕੇ ਪੇਸ਼ ਕੀਤਾ ਹੁੰਦਾ ਹੈ ਜਿਵੇਂ ਚੋਰੀਆਂ, ਡਾਕੇ ਉਧਾਲੇ, ਦੁਰਾਚਾਰੀ, ਭ੍ਰਿਸ਼ਟਾਚਾਰੀ, ਦੋ ਸ਼ਵਾ ਗਮਨੀ, ਸਾਧਾਂ ਸੰਤਾਂ, ਫਕੀਰਾਂ, ਲੀਡਰਾਂ, ਭਗਤਾਂ ਦਾ ਦੰਭ, ਫਰੇਬ ਤੇ ਧੋਖੇਬਾਜ਼ੀ ਆਦਿ।

ਦੂਜੇ ਪਾਸੇ ਸੀਤਲ ਨੇ ਮੁੱਖ ਰੂਪ ਵਿਚ ਪੇਂਡੂ ਜੀਵਨ ਨਾਲ ਸੰਬੰਧਿਤ ਸਮਸਿਆਵਾਂ ਨੂੰ ਨਾਵਲਾਂ ਦਾ ਵਿਸ਼ਾ ਬਣਾਇਆ ਹੈ। ਚਾਹੇ ਸੀਤਲ ਦੇ ਨਾਵਲਾਂ ਦੀ ਸਮੱਸਿਆ ਸਮਾਜਿਕ ਹੋਵੇ, ਸਭਿਆਚਾਰਕ ਹੋਵੇ, ਧਾਰਮਿਕ ਹੋਵੇ, ਆਰਥਿਕ ਹੋਵੇ ਜਾਂ ਰਾਜਨੀਤਿਕ ਹਰ ਹਾਲਤ ਵਿੱਚ ਉਹ ਪੇਂਡੂ ਜੀਵਨ ਦੇ ਪਿਛੋਕੜ ਵਿਚ ਉਭਰ ਕੇ ਸਾਹਮਣੇ ਆਉਂਦੀ ਹੈ। ਜਿੱਥੇ ਨਾਨਕ ਸਿੰਘ ਸ਼ਹਿਰੀ ਜੀਵਨ ਦੀ ਸਮੱਸਿਆਵਾਂ ਲੈਂਦਾ ਹੈ, ਉਥੇ ਸੀਤਲ ਜੀਵਨ ਦੇ ਨਾਵਲਾਂ ਦਾ ਮੁੱਖ ਮੋਤਿਵ ਪੇਂਡੂ ਜੀਵਨ ਦੀ ਪੇਸ਼ਕਾਰੀ ਹੈ, ਜਿਸ ਵਿੱਚ ਸਮੱਸਿਆਵਾਂ ਅਤੇ ਇਨ੍ਹਾਂ ਪ੍ਰਤੀ ਦ੍ਰਿਸ਼ਟੀਕੋਣ ਸੁੱਤੇ ਸਿੱਧ ਸੁਭਾਵਿਕ ਰੂਪ ਵਿਚ ਫੁੱਟ ਨਿਕਲਦੇ ਹਨ। ਪੇਂਡੂ ਜੀਵਨ ਦੀ ਜੋ ਵਾਸਤਵਿਕ ਤਸਵੀਰ ਸੀਤਲ ਨੇ ਆਪਣੇ ਨਾਵਲਾਂ ਵਿੱਚ ਪ੍ਰਸਤੁਤ ਕੀਤੀ ਹੈ, ਉਹ ਸਮੁੱਚੇ ਪੰਜਾਬੀ ਨਾਵਲ ਸਾਹਿਤ ਵਿੱਚ ਆਪਣੀ ਵਿਸ਼ੇਸ਼ ਅਤੇ ਵਿਲੱਖਣ ਮਹੱਤਤਾ ਦੀ ਧਾਰਨੀ ਹੈ। ਦੋਵਾਂ ਨਾਵਲਕਾਰਾਂ ਦੇ ਨਾਵਲਾਂ ਵਿੱਚ ਇਸਤਰੀ ਬਾਰੇ ਸੰਕਲਪ ਵੀ ਵਧੇਰੇ ਸੰਪੂਰਨ ਅਤੇ ਆਦਰਸ਼ਕ ਹੋ ਨਿਬੜਿਆ ਹੈ। ਨਾਨਕ ਸਿੰਘ ਵਾਂਗ ਸਮਾਜਿਕ ਪੱਖੋਂ ਗਲ ਕਰਦੇ ਹੋਏ ਸਮਾਜ ਵਿਚੋਂ ਛੂਤ-ਛਾਤ, ਉਚ-ਨੀਚਤਾ ਨੂੰ ਦੂਰ ਕਰਕੇ ਭਾਈਚਾਰਕ ਸਾਂਝ ਪੇਸ਼ ਕਰਨਾ ਚਾਹੁੰਦਾ ਹੈ। ਦੋਵਾਂ ਦੇ ਨਾਵਲਾਂ ਵਿੱਚ ਧਾਰਮਿਕ ਅਤੇ ਆਰਥਿਕ ਸਮੱਸਿਆਵਾਂ ਦਾ ਚਿਤਰਣ ਵੀ ਮਿਲਦਾ ਹੈ। ਇਹ ਸਮੱਸਿਆਵਾਂ ਮੱਧ-ਸ਼੍ਰੇਣਿਕ ਜੀਵਨ ਦੀਆਂ ਯਥਾਰਥਿਕ ਸਮੱਸਿਆਵਾਂ ਸਨ। ਨਾਨਕ ਸਿੰਘ ਆਪਣੇ ਨਾਵਲਾਂ ਵਿਚ ਪੇਸ਼ ਸਮੱਸਿਆਵਾਂ ਦੇ ਜਿਹੜੇ ਹੱਲ

ਪ੍ਰਸਤੁਤ ਕਰਦਾ ਹੈ ਉਹ ਹੋਦੋ ਵੱਧ ਆਦਰਸ਼ਵਾਦੀ ਹਨ। ਜਿਵੇਂ ਵੇਸ਼ਵਾ ਦਾ ਵਿਆਹ ਕਰਾਉਣਾ, ਮਜ਼ਦੂਰਾਂ ਦੀ ਕੁੜੀਆਂ ਨਾਲ ਅਮੀਰਾਂ ਦੇ ਮੁੰਡਿਆਂ ਦੀ ਸ਼ਾਦੀ ਕਰਵਾਉਣਾ, ਕਾਰਖਾਨੇ ਦੇ ਮੁਨਾਫੇ ਵਿਚੋ ਮਜ਼ਦੂਰਾਂ ਦੇ ਹਿੱਸੇ ਕੱਢਣੇ ਆਦਿ। ਗੱਲਾਂ ਆਮ ਜ਼ਿੰਦਗੀ ਵਿੱਚੋਂ ਨਹੀਂ ਮਿਲਦੀਆਂ ਜਦੋਂ ਕਿ ਸੋਹਣ ਸਿੰਘ ਸੀਤਲ ਸੰਭਵ ਜਾਪਦੇ ਸੁਝਾ ਦਿੰਦਾ ਹੈ। ਉਦਾਹਰਣ ਲਈ ਕਿਰਸਾਣਾਂ ਦੀ ਮੰਦੀ ਹਾਲਤ ਨੂੰ ਸੁਧਾਰਨ ਲਈ ਇਕਜੁੱਟ ਹੋ ਕੇ ਨਾਹਰਾ ਲਾਉਣਾ, ਇਸਤਰੀ ਦੀ ਸਥਿਤੀ ਵਿਚ ਸੁਧਾਰ ਲਿਆਉਣ ਲਈ ਵਿਦਿਆ ਦਾ ਪ੍ਰਚਾਰ ਆਦਿ ਮਾਰਗ ਦਸਦਾ ਹੈ। ਜੋ ਵਾਸਤਵਿਕ ਤੇ ਸੰਭਵ ਹਨ। ਨਾਨਕ ਸਿੰਘ ਕਰਜ਼ੇ ਦੀ ਸਮੱਸਿਆ ਬਾਰੇ ਖੁਲ੍ਹ ਕੇ ਗਲ ਨਹੀਂ ਕਰਦਾ ਜਦੋਂ ਕਿ ਸੀਤਲ ਨੇ ਇਸ ਸਮੱਸਿਆ ਦੀ ਜੜ੍ਹ ਸਮਾਜ ਵਿਚ ਆਪਣੀ ਇੱਜ਼ਤ ਤੇ ਸ਼ਾਨ ਬਰਕਰਾਰ ਰਖਣ ਲਈ ਵਾਧੂ ਖਰਚ ਕਰਨਾ, ਮੱਝਾਂ ਖਰੀਦਣ ਲਈ, ਵਿਆਹ ਉਚੀ ਦਰ ਤੇ ਕਰਨ ਲਈ, ਬਲਦ ਖਰੀਦਣ ਲਈ, ਮੁੰਡਾ ਹੋਣ ਦੀ ਖੁਸ਼ੀ ਵਿਚ ਅਖੰਡ-ਪਾਠ ਰਖਣ ਲਈ ਆਦਿ ਨੂੰ ਦਸਿਆ ਹੈ।

ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੇ ਨਾਵਲਾਂ ਵਿਚ ਵੰਨ-ਸੁਵੰਨੇ ਪਾਤਰ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਵੇ ਕਿ ਮਨੁੱਖੀ ਸਮਾਜ ਵਿਚ ਭਿੰਨ -ਭਿੰਨ ਕਿਸਮਾਂ ਦੇ ਅਤੇ ਭਿੰਨ-ਭਿੰਨ ਪੇਸ਼ਿਆਂ ਦੇ ਮਨੁੱਖ ਵਿਦਮਾਨ ਹੁੰਦੇ ਹਨ। ਨਾਨਕ ਸਿੰਘ ਨੇ ਮੰਗਤਾ ਜੋੜੂ, ਗੁੰਬੀ, ਪੰਡਤ, ਬਦਮਾਸ਼ ਪਾਲਾ ਸਿੰਘ (ਚਿੱਟਾ ਲਹੂ) ਤਿਆਗ ਦੇ ਪੁੰਜ ਕਿਦਾਰ (ਪਵਿੱਤਰ ਪਾਪੀ), ਤੇ ਵਰਿਆਮ ਸਿੰਘ (ਅੱਧ ਖਿੜਿਆ ਫੁੱਲ), ਨੇਕੀ ਦੀ ਪੁਤਲੀ ਸਰੋਜ, ਵੇਸ਼ਵਾ ਗੁਰਦੇਈ ਤੇ ਪ੍ਰਤਿਮਾ (ਚਿੱਟਾ ਲਹੂ, ਟੁੱਟੀ ਵੀਣਾ) ਆਦਿ ਹਰ ਤਰ੍ਹਾਂ ਦੇ ਪਾਤਰਾਂ ਨੂੰ ਉਲੀਕਣ ਦਾ ਉਪਰਾਲਾ ਹੈ। ਜੋ ਸਾਨੂੰ ਜਾਣੇ-ਪਛਾਣੇ ਤੇ ਆਪਣੇ ਵਰਗੇ ਵੀ ਜਾਪਦੇ ਹਨ। ਭਾਈ ਵੀਰ ਸਿੰਘ ਅਤੇ ਉਸਦੇ ਸਮਕਾਲੀ ਨਾਵਲਕਾਰਾਂ ਦੀ ਨਾਵਲ -ਰਚਨਾ ਵਿਚ ਇਹੋ ਜਿਹਾ ਕੋਈ ਪਾਤਰ ਨਜ਼ਰੀ ਨਹੀਂ ਪੈਂਦਾ, ਜਿਸਦਾ ਮੂੰਹ-ਮੁਹਾਂਦਰਾ ਸਾਡੇ ਆਪਣੇ ਵਰਗਾ ਜਾਪੇ। ਪਰ ਸੋਹਣ ਸਿੰਘ ਸੀਤਲ ਦੇ ਪਾਤਰ ਇਹੋ ਜਿਹੇ ਪਾਤਰ ਹਨ ਜੋ ਸਾਹਮਣੇ ਖੜ੍ਹੇ ਦਿਖਾਈ ਦਿੰਦੇ ਹਨ। ਨਾਨਕ ਸਿੰਘ ਦੇ ਪਾਤਰ ਸੱਚ ਵਿੱਚੋ ਤਾਂ ਲਏ ਹਨ ਪਰ ਉਨ੍ਹਾਂ ਦਾ ਚਿਤਰਣ ਕਰਨ ਲਗਿਆਂ ਉਹ ਪਾਤਰਾਂ ਨੂੰ ਆਦਰਸ਼ਵਾਦੀ ਬਣਾ ਛੱਡਦਾ ਹੈ। ਪਰ ਇਸ ਸੱਚ ਨੂੰ ਪੇਸ਼ ਕਰਨ ਲਈ ਲੇਖਕ ਨੂੰ ਕਾਟ-ਛਾਟ ਤਾਂ ਕਰਨੀ ਪੈਂਦੀ ਹੈ ਨ ਕਿ ਹੂ-ਬ-ਹੂ ਚਿਤਰਨ ਕੀਤਾ ਜਾਂਦਾ ਹੈ। ਕਿਉਂਕਿ ਮਨੁੱਖੀ ਜੀਵਨ ਇਤਨਾ ਗੁੰਝਲਦਾਰ ਹੈ ਕਿ ਸਮੁੱਚੇ ਵੇਰਵਿਆਂ ਨੂੰ

ਪੇਸ਼ ਕਰਨਾ ਨਾਵਲਕਾਰ ਲਈ ਸੰਭਵ ਨਹੀਂ ਹੁੰਦਾ। ਨਾਨਕ ਸਿੰਘ ਉਨ੍ਹਾਂ ਧਾਰਮਿਕ ਪਾਖੰਡੀਆਂ ਦੇ ਪਾਖੰਡਾਂ ਨੂੰ ਵੀ ਨੰਗਾ ਕੀਤਾ ਹੈ ਜੋ ਆਰਥਿਕ ਪੱਖ ਤੋਂ ਭਾਰੂ ਸਮਾਜ ਦੇ ਹੱਥਾਂ ਵਿੱਚ ਵਿਕ ਕੇ ਆਪਣੇ ਦੀਨ-ਈਮਾਨ ਨੂੰ ਭੁਲਾ ਬੈਠੇ ਸਨ। ਇਸ ਦੀਆਂ ਵਧੀਆ ਮਿਸਾਲਾਂ 'ਚਿੱਟਾ ਲਹੂ' ਦਾ ਗ੍ਰੰਥੀ ਦਸੌਂਧਾ ਸਿੰਘ ਤੇ ਪੰਡਤ ਰਾਧੇ ਕ੍ਰਿਸ਼ਨ ਹਨ ਜੋ ਬਦਮਾਸ਼ ਪਾਰਟੀ ਦੇ ਅੱੜੇ ਚੜ੍ਹ ਕੇ ਮਨੁੱਖੀ ਆਦਰਸ਼ਾਂ ਤੋਂ ਡਿਗ ਜਾਂਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਆਪੇ ਦੀ ਸੋਝੀ ਨਹੀਂ ਰਹਿੰਦੀ।

ਨਾਨਕ ਸਿੰਘ ਦੇ ਪਾਤਰਾਂ ਵਾਂਗ ਸੀਤਲ ਦੇ ਪਾਤਰ ਵੀ ਜੀਵਨ ਸੱਚ ਵਿੱਚੋਂ ਲਏ ਗਏ ਹਨ ਫ਼ਰਕ ਕੇਵਲ ਇੰਨਾ ਹੈ ਕਿ ਨਾਨਕ ਸਿੰਘ ਦੇ ਪਾਤਰ ਜਾਂ ਤਾਂ ਦੇਵਤੇ ਹੀ ਹਨ ਜਾਂ ਨਿਰੇ ਦਾਨਵ। ਸੀਤਲ ਦੇ ਪਾਤਰ ਆਮ ਮਨੁੱਖਾਂ ਵਰਗੇ ਹਨ। ਉਹ ਆਦਰਸ਼ਕ ਹੋਣ ਦੇ ਨਾਲ-ਨਾਲ ਸਾਡੇ ਆਲੇ-ਦੁਆਲੇ ਦੇ ਜੀਵਨ ਵਿੱਚੋਂ ਲਏ ਗਏ ਹਨ। ਸੀਤਲ ਨਾਨਕ ਸਿੰਘ ਵਾਂਗ ਹਰ ਸ਼੍ਰੇਣੀ, ਹਰ ਜਾਤ ਦਾ ਪਾਤਰ ਆਪਣੇ ਨਾਵਲਾਂ ਵਿਚ ਲਿਆਂਦਾ ਹੈ। ਕਿਸਾਨੀ ਪਿਛੋਕੜ ਤੇ ਮਾਝੇ ਦੇ ਇਲਾਕੇ ਨਾਲ ਸੰਬੰਧਿਤ ਹੋਣ ਕਰਕੇ ਉਹ ਆਪਣੇ ਨਾਵਲਾਂ ਵਿਚ ਜਿੱਥੇ ਵਿਸ਼ੇ ਪੱਖੋਂ ਯਥਾਰਥ ਕਾਇਮ ਰਖ ਸਕਿਆ ਹੈ ਉਥੇ ਉਸਦੇ ਪਾਤਰ ਵਧੇਰੇ ਧਰਤੀ ਦੇ ਮਨੁੱਖ ਹਨ।

ਨਾਨਕ ਸਿੰਘ ਅਤੇ ਸੀਤਲ ਦੋਵੇਂ ਹੀ ਪੁਰਸ਼ ਪਾਤਰਾਂ ਨਾਲੋਂ ਇਸਤਰੀ ਪਾਤਰਾਂ ਨੂੰ ਵਧੇਰੇ ਮਾਨਤਾ ਦਿੰਦੇ ਹਨ ਅਤੇ ਨਾਇਕਾਵਾਂ, ਨਾਇਕਾਂ ਨਾਲੋਂ ਵਧੇਰੇ ਉੱਚ ਗੁਣਾਂ ਦੀਆਂ ਧਾਰਨੀ ਦਰਸਾਈਆਂ ਹਨ। ਨਾਨਕ ਸਿੰਘ ਅਤੇ ਸੀਤਲ ਦੇ ਬਹੁਤੇ ਇਸਤਰੀ ਪਾਤਰ ਹਾਲਤ ਨਾਲ ਸਮਝੌਤਾ ਕਰਨ ਵਾਲੇ ਹਨ। ਦੋਵਾਂ ਦੇ ਇਸਤਰੀ ਪਾਤਰ ਆਪਣੇ ਆਚਰਨ ਵਿਚ ਦ੍ਰਿੜ ਰਹਿੰਦੇ ਹਨ ਭਾਵੇਂ ਉਹ ਇਸਤਰੀ ਮੰਗਤੀ ਹੈ ਜਾਂ ਵੇਸ਼ਵਾ। ਨਾਨਕ ਸਿੰਘ ਅਜਿਹਾ ਇਸ ਲਈ ਕਰਦਾ ਹੈ ਕਿ ਉਹ ਆਪਣੀ ਮਾਂ, ਪ੍ਰੇਮਿਕਾ ਅਤੇ ਪਤਨੀ ਦਾ ਰਿਣੀ ਰਿਹਾ ਹੈ ਅਤੇ ਇਨ੍ਹਾਂ ਹੀ ਪ੍ਰਭਾਵਾਂ ਤੋਂ ਉਹ ਸਮੁੱਚੀ ਇਸਤਰੀ ਜਾਤੀ ਲਈ ਸਤਿਕਾਰ ਦੀ ਭਾਵਨਾ ਰਖਦਾ ਹੈ।[3]

ਨਾਨਕ ਸਿੰਘ ਦੇ ਇਸਤਰੀ ਪਾਤਰ ਨਿਰਦੋਸ਼ ਤੇ ਮਾਸੂਮ ਹੁੰਦੇ ਹੋਏ ਵੀ ਪੁਰਸ਼ ਦੇ ਜ਼ੁਲਮ ਦਾ ਸ਼ਿਕਾਰ ਹੁੰਦੇ ਹਨ। ਨਾਨਕ ਸਿੰਘ ਇਸਤਰੀ ਦੀ ਵਕਲਾਤ ਕਰਦਾ ਹੋਇਆ ਪੁਰਸ਼

ਨੂੰ ਦੋਸ਼ੀ ਠਹਿਰਾਉਂਦਾ ਹੈ। ਸਮਾਜ ਵਿਚ ਉਪਜ ਰਹੀ ਚੇਤਨਾ ਭਾਵਨਾਂ ਅਧੀਨ ਕਈ ਇਸਤਰੀ ਪਾਤਰ ਸਮਾਜ ਵਿਰੁਧ ਬਗ਼ਾਵਤ ਕਰਦੇ ਜਾਪਦੇ ਹਨ।

ਸੋਹਣ ਸਿੰਘ ਸੀਤਲ ਦੇ ਪਾਤਰਾਂ ਦੀ ਵੱਡੀ ਖੂਬੀ ਇਹ ਹੈ ਕਿ ਇਨ੍ਹਾਂ ਪਾਤਰਾਂ ਦਾ ਵਿਅਕਤਿਤਵ ਅਸਲੀ ਹੈ। ਇਨ੍ਹਾਂ ਪਾਤਰਾਂ ਦਾ ਨਾਂ ਤੇ ਥਾਂ ਬਦਲੀ ਗਈ ਹੈ। ਸੀਤਲ ਖੁਦ ਲਿਖਦਾ ਹੈ ਕਿ, "ਢਾਡੀ ਹੋਣ ਦੇ ਨਾਤੇ ਮੇਰਾ ਏਨੇ ਲੋਕਾਂ ਨਾਲ ਵਾਹ ਪਿਆ ਹੈ ਕਿ ਮੈਨੂੰ ਮਨ ਚਾਹਿਆ ਪਾਤਰ ਘੜਨ ਦੀ ਲੋੜ ਨਹੀ ਪੈਂਦੀ, ਕਿਸੇ ਵੇਖੇ ਡਿੱਠੇ ਪਾਤਰ ਦਾ ਨਾਂ ਬਦਲ ਕੇ, ਮੈਂ ਉਸਤੋਂ ਕੰਮ ਲੈ ਲੈਂਦਾ ਹਾਂ, ਉਸਦਾ ਸੁਭਾਓ ਚਿਤਰਣ ਵਿਚ ਮੈਨੂੰ ਔਕੜ ਪੇਸ਼ ਨਹੀਂ ਆਉਂਦੀ। ਸੱਜਣ ਸਿੰਘ, ਦੀਪਾ, ਚੰਦਾ ਸਿੰਘ, ਇਲਮਦੀਨ, ਗਹਿਣਾ ਲੁਹਾਰ ਤੁਹਾਨੂੰ ਅੱਜ ਵੀ ਪਿੰਡਾਂ ਵਿੱਚ ਮਿਲ ਜਾਣਗੇ। ਭਜਨਕੋਰ, ਜੈਨਾ, ਫ਼ਤਹਿ ਬੀਬੀ ਵੀ ਕੋਈ ਅਨੋਖੇ ਪਾਤਰ ਨੀ।"[4]

ਨਾਨਕ ਸਿੰਘ ਵਾਂਗ ਸੀਤਲ ਦੇ ਮਾਸੂਮ ਤੇ ਨਿਰਦੋਸ਼ ਇਸਤਰੀ ਪਾਤਰਾਂ ਨੂੰ ਵੀ ਮਰਦ ਦੇ ਜ਼ੁਲਮਾਂ ਦਾ ਸ਼ਿਕਾਰ ਬਣਨਾ ਪੈਂਦਾ ਹੈ ਜਿਵੇਂ ਕਿ ਚੰਦ, ਸਵਰਨੀ, ਬਸੰਤ ਕੌਰ, ਰਾਜੋ, ਨਾਜੋ ਆਦਿ। ਪਰ ਸੀਤਲ ਦੀ ਅਜੋਕੀ ਇਸਤਰੀ ਆਰਥਿਕ ਤੌਰ ਤੇ ਸੁਤੰਤਰ ਹੋ ਕੇ ਪੁਰਸ਼ ਦੀ ਗੁਲਾਮੀ ਤੋਂ ਮੁਕਤ ਹੁੰਦੀ ਜਾਪਦੀ ਹੈ। ਨਾਨਕ ਸਿੰਘ ਕਿਉਂਕਿ ਸਮਝੌਤਾਵਾਦੀ ਰੁਚੀ ਦਾ ਕਾਫ਼ੀ ਹਦ ਤਕ ਮਾਲਕ ਹੈ ਅਤੇ ਉਹ ਕਿਸੇ ਵੀ ਇਸਤਰੀ ਨੂੰ ਪਿਤਾ, ਪਤੀ ਜਾਂ ਭਰਾ ਦੀ ਹਾਕਮੀ ਵਿਰੁਧ ਖਲੋਤਾ ਨਹੀ ਵੇਖ ਸਕਦਾ।

ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਦੋਵਾਂ ਦੇ ਨਾਵਲਾਂ ਵਿਚਲਾ ਸੰਦੇਸ਼ ਸਮਾਜ ਨੂੰ ਪ੍ਰੇਰਣਾ ਦੇਣਾ ਅਤੇ ਇਕ ਅਜਿਹੇ ਆਦਰਸ਼ ਸਮਾਜ ਦੀ ਸਥਾਪਨਾ ਕਰਨਾ ਹੈ ਜਿਸ ਵਿਚ ਲੋਕਾਂ ਦਾ ਆਚਰਣ ਸ਼ੁਧ ਹੋਵੇ ਅਤੇ ਉਹ ਇਕ ਦੂਜੇ ਦਾ ਭਲਾ ਕਰਨ। ਨਾਨਕ ਸਿੰਘ ਨੇ ਇਸ ਮੰਤਵ ਦੀ ਪੂਰਤੀ ਲਈ ਜੋ ਕੁਝ, ਜਿਨ੍ਹਾਂ ਹਾਲਾਤਾਂ ਵਿਚ ਮਹਿਸੂਸ ਕੀਤਾ ਉਸਨੂੰ ਕਲਪਨਾ ਦੀ ਪੁੱਠ ਦੇ ਕੇ ਪੇਸ਼ ਕੀਤਾ ਹੈ। ਜਿਸ ਰਚਨਾ ਵਿਚ ਕਲਪਨਾ ਮਿਸ਼੍ਰਿਤ ਹੋਵੇਗੀ— ਭਾਵੁਕਤਾ ਆਪ-ਮੁਹਾਰੀ ਆ ਜਾਂਦੀ ਹੈ। ਨਾਨਕ ਸਿੰਘ ਅੰਦਰ ਤਾਂ ਮਨੁੱਖੀ ਦਰਦ ਸਮਾਇਆ ਹੋਇਆ ਸੀ ਜਿਸਨੂੰ ਉਸਨੇ ਆਪਣੀਆਂ ਰਚਨਾਵਾਂ ਰਾਹੀਂ ਜ਼ਬਾਨ ਦਿੱਤੀ ਅਰਥਾਤ ਇਕ ਮਾਨਵਵਾਦੀ ਲਿਖਾਰੀ ਸੁਭਾਵਿਕ ਹੀ ਹੁੰਦਾ ਹੈ।

ਸੋਹਣ ਸਿੰਘ ਸੀਤਲ ਦਾ ਮੁੱਖ ਉਦੇਸ਼ ਮੱਧ-ਵਰਗ ਦੇ ਕਰਜ਼ਿਆਂ ਦਾ ਕਾਰਣ ਉਨ੍ਹਾਂ ਦੇ ਫਜ਼ੂਲ ਖਰਚਿਆਂ ਤੇ ਕੁਦਰਤੀ ਅਲਾਮਤਾਂ, ਕਿਰਤੀਆਂ ਦੀ ਘੱਟ ਮਜ਼ਦੂਰੀ ਤੇ ਕੰਮ ਦੀ ਲੰਮੀ ਅਵਧੀ, ਮਾਲੀ ਸਹਾਇਤਾ ਦੀ ਅਣਹੋਂਦ ਦਾ ਸਮੇ ਤੇ ਤਨਖਾਹ ਦੀ ਛੁੱਟੀ, ਜਾਗੀਰਦਾਰਾਂ ਤੇ ਸ਼ਾਹੂਕਾਰਾਂ ਦਾ ਕਿਸਾਨਾਂ ਤੇ ਜ਼ੁਲਮ, ਅਛੂਤਾਂ ਨਾਲ ਦੁਰ-ਵਿਵਹਾਰ ਆਦਿ ਸਾਰੇ ਵਾਸਤਵਿਕ ਰੂਪ ਹਨ, ਜਿਨ੍ਹਾਂ ਨੂੰ ਸੀਤਲ ਸਮਾਜ ਵਿਚ ਖਤਮ ਹੋਣ ਦੀ ਉਮੀਦ ਰਖਦਾ ਹੈ। ਇਹੀ ਸੰਦੇਸ਼ ਉਸਦੇ ਨਾਵਲਾਂ ਵਿਚ ਮਿਲਦਾ ਹੈ। ਅਜਿਹੇ ਸਹੀ ਸਮਾਜ ਦੀ ਉਮੀਦ ਸੋਹਣ ਸਿੰਘ ਸੀਤਲ ਕਰਦਾ ਹੈ ਜਿਸ ਵਿਚ ਛੂਤ-ਛਾਤ, ਜਾਤੀਵਾਦ, ਅਮੀਰ-ਗਰੀਬ ਦਾ ਭੇਦ, ਔਰਤ ਨਾਲ ਜ਼ਿਆਦਤੀ, ਕਿਰਤ ਦਾ ਸੋਸ਼ਣ, ਅੰਧ-ਵਿਸ਼ਵਾਸ਼ੀ ਨਾ ਹੋਵੇ। ਦੋਵਾਂ ਨਾਵਲਕਾਰਾਂ ਦੀ ਨਾਵਲਾਂ-ਰਚਨਾ ਦਾ ਮੁੱਖ ਉਦੇਸ਼ ਸਮਾਜ ਦਾ ਯਥਾਰਥਿਕ-ਚਿਤਰਣ ਅਤੇ ਨਵੇਂ ਸਮਾਜ ਦੀ ਉਸਾਰੀ ਕਰਨਾ ਹੈ।

ਸਮੁੱਚੇ ਰੂਪ ਵਿਚ ਨਾਨਕ ਸਿੰਘ ਅਤੇ ਸੋਹਣ ਸਿੰਘ ਸੀਤਲ ਇਕੋ ਸਮੇ ਦੀ ਉਪਜ ਹੋਣ ਕਰਕੇ ਮਿਲਦੀ-ਜੁਲਦੀ ਸਮੱਸਿਆਵਾਂ ਨੂੰ ਨਾਵਲਾਂ ਦਾ ਵਿਸ਼ਾ ਬਣਾਉਂਦੇ ਹਨ। ਘਰਦੇ ਹਾਲਤ ਤਾਂ ਇਕੋ ਜਿਹੇ ਸਨ ਫਰਕ ਕੇਵਲ ਐਨਾ ਸੀ ਕਿ ਨਾਨਕ ਸਿੰਘ ਦੁਕਾਨਦਾਰੀ ਦਾ ਕਿੱਤਾ ਕਰਨ ਵਾਲੇ ਸ਼ਹਿਰੀ ਟੱਬਰ ਨਾਲ ਸੰਬੰਧਿਤ ਸੀ ਅਤੇ ਸੋਹਣ ਸਿੰਘ ਸੀਤਲਪੇਂਡੂ ਵਾਹੀ-ਖੇਤੀ ਦਾ ਕੰਮ ਕਰਨ ਵਾਲੇ ਪੇਂਡੂ ਟੱਬਰ ਨਾਲ ਸੰਬੰਧ ਰਖਦਾ ਸੀ। ਜਿਸਦਾ ਸਿੱਟਾ ਇਹ ਹੈ ਕਿ ਜਿੱਥੇ ਨਾਨਕ ਸਿੰਘ ਸ਼ਹਿਰੀ ਮੱਧ-ਸ਼੍ਰੇਣੀ ਦੀ ਸਮੱਸਿਆਵਾਂ ਨੂੰ ਉਲੀਕਦਾ ਹੈ ਉਥੇ ਸੀਤਲ ਨਿਰੋਲ ਪੇਂਡੂ ਜੀਵਨ ਦੀਆਂ ਸਮੱਸਿਆਵਾਂ ਨੂੰ ਚਿਤਰਦਾ ਹੈ। ਦੋਹਾਂ ਦੇ ਪਾਤਰ ਸਮਾਜ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੇ ਹਨ। ਦੋਵਾਂ ਦੇ ਪਾਤਰ ਚਲਦੇ ਫਿਰਦੇ, ਹੱਡ-ਮਾਸ ਦੇ ਜਿਊਂਦੇ ਜਾਗਦੇ ਪਾਤਰ ਹਨ। ਦੋਹਾਂ ਨਾਵਲਕਾਰਾਂ ਨੇ ਆਪਣੇ ਨਾਵਲਾਂ ਵਿਚ ਸਮਾਜ ਦੇ ਯਥਾਰਥਿਕ ਚਿਤਰਣ ਵਿਚ ਇਸਤਰੀ ਦੀ ਸਥਿਤੀ ਨੂੰ ਮੁੱਖ ਰਖਿਆ ਹੈ। ਦੋਵੇਂ ਹੀ ਇਸਤਰੀ ਦੀ ਨਿੱਘਰੀ ਸਥਿਤੀ ਲਈ ਆਰਥਿਕਤਾ ਦੀ ਅਸਮਾਨਤਾ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ। ਦੋਵੇਂ ਨਾਵਲਕਾਰ ਢੋਂਗੀ ਸਾਧਾਂ-ਸੰਤਾਂ ਦਾ ਖੰਡਨ ਕਰਦੇ ਹਨ, ਸੰਪਰਦਾਇਕ

ਝਗੜਿਆ ਦਾ ਜ਼ਿੰਮੇਵਾਰ ਕੁਝ ਸੁਆਰਥੀ ਲੋਕਾ ਨੂੰ ਠਹਿਰਾਉਂਦੇ ਹਨ ਅਤੇ ਮਜ਼ਦੂਰਾ ਅਤੇ ਕਿਸਾਨਾ ਦਾ ਉਨ੍ਹਾ ਦੇ ਮਾਲਕਾ ਦੁਆਰਾ ਹੁੰਦਾ ਸ਼ੋਸ਼ਣ ਵੇਖ ਕੇ ਪ੍ਰਗਤੀਵਾਦੀ ਵਿਚਾਰਧਾਰਾ ਦਾ ਨਾਹਰਾ ਲਾਉਣਾ ਜ਼ਰਾ ਵੀ ਸੰਕੋਚ ਨਹੀਂ ਕਰਦੇ। ਨਾਨਕ ਸਿੰਘ ਅਤੇ ਸੀਤਲ ਇਕ ਕਿਸਮ ਦੇ ਆਦਰਸ਼ ਸਮਾਜ ਦੀ ਕਲਪਨਾ ਕਰਦੇ ਹਨ।

## ਹਵਾਲੇ ਅਤੇ ਟਿੱਪਣੀਆਂ

1. ਸੀਤਲ, ਸੋਹਣ ਸਿੰਘ, ਵੇਖੀ ਮਾਣੀ ਦੁਨੀਆਂ, ਪੰ. 97

2. ਨਾਨਕ ਸਿੰਘ, ਮੇਰੀ ਦੁਨੀਆਂ, ਨਵਯੁਗ ਪਬਲਿਸ਼ਰਜ਼, ਅੰਮ੍ਰਿਤਸਰ, 1968, ਪੰ. 24

3. ਨਾਨਕ ਸਿੰਘ, ਉਹੀ, ਪੰ. 18

4. ਸੀਤਲ, ਸੋਹਣ ਸਿੰਘ, ਮੇਰੀ ਸਾਹਿਤਕ ਸਵੈਜੀਵਨੀ, ਪੰ. 91

## ਸੰਦਰਭ ਗ੍ਰੰਥ-ਸੂਚੀ


**ਪੰਜਾਬੀ ਪੁਸਤਕਾਂ :**

ਉਪੱਲ, ਸਵਿੰਦਰ ਸਿੰਘ (ਡਾ.), ਨਾਨਕ ਸਿੰਘ ਤੇ ਉਸਦੀ ਕਲਾ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ, ਨਵੀਂ ਦਿੱਲੀ, 1964

———, ਨਾਨਕ ਸਿੰਘ ਦੀ ਉੱਤਮ ਕਲਾ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ, ਨਵੀਂ ਦਿੱਲੀ, 1964

ਸੀਤਲ, ਸੋਹਣ ਸਿੰਘ, ਅੰਨ੍ਹੀ ਸੁੰਦਰਤਾ, ਸੀਤਲ ਪੁਸਤਕ ਭੰਡਾਰ, ਲੁਧਿਆਣਾ, ਅਗਸਤ 1967

———, ਈਚੋਗਿਲ ਨਹਿਰ ਤਕ, ਸੀਤਲ ਪੁਸਤਕ ਭੰਡਾਰ, ਲੁਧਿਆਣਾ ਫਰਵਰੀ, 1966

———, ਸੁੰਞਾ ਆਹਲਣਾ, ਸੀਤਲ ਪੁਸਤਕ ਭੰਡਾਰ, ਲੁਧਿਆਣਾ, ਨਵੰਬਰ, 1973

———, ਕਾਲੇ ਪਰਛਾਵੇਂ, ਸੀਤਲ ਪੁਸਤਕ ਭੰਡਾਰ, ਲੁਧਿਆਣਾ, 1961

———, ਜਵਾਲਾਮੁਖੀ, ਸੀਤਲ ਪੁਸਤਕ ਭੰਡਾਰ, ਲੁਧਿਆਣਾ, ਅਗਸਤ 1972

———, ਜੁੱਗ ਬਦਲ ਗਿਆ, ਸੀਤਲ ਪੁਸਤਕ ਭੰਡਾਰ, ਲੁਧਿਆਣਾ, ਅਪ੍ਰੈਲ 1975

———, ਜੰਗ ਜਾਂ ਅਮਨ, ਸੀਤਲ ਪੁਸਤਕ ਭੰਡਾਰ, ਲੁਧਿਆਣਾ, ਅਗਸਤ 1967

———, ਤੂਤਾਂ ਵਾਲਾ ਖੂਹ, ਸੀਤਲ ਪੁਸਤਕ ਭੰਡਾਰ, ਲੁਧਿਆਣਾ, ਅਕਤੂਬਰ, 1962

———, ਦੀਵੇ ਦੀ ਲੋਅ, ਸੀਤਲ ਪੁਸਤਕ ਭੰਡਾਰ, ਲੁਧਿਆਣਾ, ਸਤੰਬਰ, 1967

———, ਧਰਤੀ ਦੀ ਬੇਟੀ, ਸੀਤਲ ਪੁਸਤਕ ਭੰਡਾਰ, ਲੁਧਿਆਣਾ, ਅਕਤੂਬਰ 1962

ਸੀਤਲ, ਸੋਹਣ ਸਿੰਘ, ਧਰਤੀ ਦੇ ਦੇਵਤੇ, ਸੀਤਲ ਪੁਸਤਕ ਭੰਡਾਰ, ਲੁਧਿਆਣਾ, ਜੂਨ 1962

______, ਪਤਵੰਤੇ ਕਾਤਲ, ਸੀਤਲ ਪੁਸਤਕ ਭੰਡਾਰ, ਲੁਧਿਆਣਾ, ਜੂਨ 1967

______, ਪ੍ਰੀਤ ਕਿ ਰੂਪ, ਸੀਤਲ ਪੁਸਤਕ ਭੰਡਾਰ, ਲੁਧਿਆਣਾ, ਫ਼ਰਵਰੀ, 1964

______, ਪ੍ਰੀਤ ਤੇ ਪੈਸਾ, ਸੀਤਲ ਪੁਸਤਕ ਭੰਡਾਰ, ਲੁਧਿਆਣਾ, ਫ਼ਰਵਰੀ 1962

______, ਬਦਲਾ, ਦਰਬਾਰ ਪਬਲਿਸ਼ਿੰਗ ਹਾਊਸ, ਅੰਮ੍ਰਿਤਸਰ, ਜੂਨ, 1967

______, ਮੁੱਲ ਦਾ ਮਾਸ, ਸੀਤਲ ਪੁਸਤਕ ਭੰਡਾਰ, ਲੁਧਿਆਣਾ, ਅਪ੍ਰੈਲ 1947

______, ਮੇਰੀ ਸਾਹਿਤਕ ਸਵੈ-ਜੀਵਨੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985

______, ਵੇਖੀ ਮਾਣੀ ਦੁਨੀਆਂ, ਸੀਤਲ ਪੁਸਤਕ ਭੰਡਾਰ, ਲੁਧਿਆਣਾ, 1983

______, ਵਿਜੋਗਣ, ਸੀਤਲ ਪੁਸਤਕ ਭੰਡਾਰ, ਲੁਧਿਆਣਾ, ਦਸੰਬਰ 1950

ਸੂਰੀ, ਅਮਰਜੀਤ, ਨਾਨਕ ਸਿੰਘ ਦੇ ਇਸਤਰੀ ਪਾਤਰ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1970

ਸੇਠੀ, ਸੁਰਜੀਤ ਸਿੰਘ, ਪੰਜਾਬੀ ਨਾਵਲ, ਕੁਲਦੀਪ ਪਬਲਿਸ਼ਰਜ਼, ਅੰਮ੍ਰਿਤਸਰ, 1957

ਸੇਖੋਂ, ਅਮਰਜੀਤ, ਪੰਜਾਬੀ ਨਾਵਲ ਦਾ ਇਤਿਹਾਸ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1986

ਸੋਢੀ, ਰਵਿੰਦਰ ਸਿੰਘ, ਨਾਨਕ ਸਿੰਘ ਦੇ ਨਾਵਲਾਂ ਦਾ ਵਸਤੂ-ਵਿਵੇਚਨ, ਅਮਰੀ ਪ੍ਰਕਾਸ਼ਨ, ਪਟਿਆਲਾ, 1974

ਸੋਜ, ਸ., ਨਾਵਲਕਾਰ ਨਰਿੰਦਰ ਪਾਲ ਸਿੰਘ, ਜੋਧ ਸਿੰਘ-ਕਰਮਜੀਤ ਸਿੰਘ, ਪਟਿਆਲਾ, 1977

ਹਰਚਰਨ ਸਿੰਘ, ਜੈਬੀ ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ) ਨਵਯੁਗ ਪਬਲਿਸ਼ਰਜ਼, ਨਿਊ ਦਿੱਲੀ, 1954

ਹਰਪ੍ਰੀਤ ਕੌਰ, ਸੋਹਣ ਸਿੰਘ ਸੀਤਲ ਦੇ ਨਾਵਲਾਂ ਵਿਚ ਪੇਂਡੂ ਜੀਵਨ ਦਾ ਚਿਤਰਣ, ਖੋਜ-ਨਿਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1989

ਕਸੇਲ, ਕਿਰਪਾਲ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸਕ ਵਿਕਾਸ, 1850-1971, ਲਾਹੌਰ ਬੁੱਕ ਸ਼ਾਪ; ਲੁਧਿਆਣਾ, (ਦੂਜਾ ਸੰਸਕਰਣ), 1972

ਕਰਨ ਜੀਤ ਸਿੰਘ, ਨਾਵਲਕਾਰ ਸੋਹਣ ਸਿੰਘ ਸੀਤਲ, ਨਵਯੁਗ ਪਬਲਿਸ਼ਰਜ਼, ਦਿੱਲੀ, 1973

ਕਾਂਗ, ਕੁਲਬੀਰ ਸਿੰਘ, ਨਾਨਕ ਸਿੰਘ ਦਾ ਗਲਪ ਸੰਸਾਰ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1985

ਕੰਵਲ, ਜਸਵੰਤ ਸਿੰਘ, ਰੂਪ ਧਾਰਾ, ਮਹਿੰਦਰਾ ਆਰਟ ਲੁਧਿਆਣਾ, 1961

ਗਿਆਨੀ, ਨਾਹਰ ਸਿੰਘ, ਆਜ਼ਾਦੀ ਦੀਆਂ ਲਹਿਰਾਂ ਅਗਸਤ 1910 ਤੋਂ 1960 ਤਕ ਦਾ ਇਤਿਹਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ, 1960

ਗੁਰਚਰਨ ਸਿੰਘ, ਸਾਹਿਤ ਦੀ ਰੂਪ ਰੇਖਾ, ਨਿਊ ਬੁੱਕ ਕੰਪਨੀ, ਜਲੰਧਰ, 1955

———, ਪੰਜਾਬੀ ਗਲਪਕਾਰ, ਹਿੰਦ ਪਬਲਿਸ਼ਰਜ਼, ਅੰਮ੍ਰਿਤਸਰ, 1954

ਗੁਰਚਰਨ ਸਿੰਘ, *ਪੰਜਾਬੀ ਗਲਪ ਦਾ ਇਤਿਹਾਸ*, ਲਾਹੌਰ ਬੁਕ ਸ਼ਾਪ, ਲੁਧਿਆਣਾ, 1954

ਤਾਂਘ, ਈਸਰ ਸਿੰਘ, *ਪੱਛਮੀ ਸਮੀਖਿਆ ਦੇ ਸਿਧਾਂਤ*, ਦੀਪ ਪ੍ਰਕਾਸ਼ਨ, ਅੰਬਾਲਾ, 1970

ਦੁਸਾਂਝ, ਸੁਰਿੰਦਰ ਸਿੰਘ, *ਪੰਜਾਬੀ ਇਤਿਹਾਸਕ ਨਾਵਲ*, ਸਿਰਜਣਾ ਪ੍ਰੈਸ, ਲੁਧਿਆਣਾ, 1969

ਨਾਨਕ ਸਿੰਘ, *ਆਸਤਕ ਨਾਸਤਕ*, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1957

______, *ਅੱਗ ਦੀ ਖੇਡ*, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 1985

______, *ਅੱਧ ਖਿੜਿਆ ਫੁੱਲ*, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1940

______, *ਆਦਮ ਖੋਰ*, ਲੋਕ ਸਾਹਿਤ ਪ੍ਰਕਾਸਨ, ਅੰਮ੍ਰਿਤਸਰ 1951

______, *ਅਣਸੀਤੇ ਜ਼ਖਮ*, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1959

______, *ਇੱਕ ਮਿਆਨ ਦੋ ਤਲਵਾਰਾਂ*, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1960

______, *ਸਰਾਪੀਆਂ ਰੂਹਾਂ*, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1964

______, *ਸੰਗਮ*, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1956

______, *ਕਾਗਤਾਂ ਦੀ ਬੇੜੀ*, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1934

______, *ਕੋਈ ਹਰਿਆ ਬੂਟ ਰਹਿਓ ਰੀ*, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ.1964

ਨਾਨਕ ਸਿੰਘ, ਕਟੀ ਹੋਈ ਪਤੰਗ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1951

______, ਖ਼ੂਨ ਦੇ ਸੋਹਲੇ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1948

______, ਗਰੀਬ ਦੀ ਦੁਨੀਆਂ, ਲੋਕਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1939

______, ਗਗਨ ਦਮਾਮਾ ਬਾਜਿਓ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1967

______, ਗੰਗਾ ਜਲੀ ਵਿਚ ਸ਼ਰਾਬ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1988

______, ਚਿੱਟਾ ਲਹੂ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1932

______, ਚਿਤ੍ਰਕਾਰ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1987

______, ਛਲਾਵਾ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1959

______, ਜੀਵਨ ਸੰਗਰਾਮ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1943

______, ਟੁੱਟੀ ਵੀਣਾ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1946

______, ਦੂਰ ਕਿਨਾਰਾ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1945

______, ਧੁੰਧਲੇ ਪਰਛਾਵੇਂ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1944

ਨਾਨਕ ਸਿੰਘ, *ਪਿਆਰ ਦੀ ਦੁਨੀਆਂ*, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1938

______, *ਪੁਜਾਰੀ*, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1958

______, *ਪਵਿੱਤਰ ਪਾਪੀ*, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 1942

______, *ਪ੍ਰੇਮ ਸੰਗੀਤ*, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1950

______, *ਪੱਥਰ ਦੇ ਖੰਭ*, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1960

______, *ਫੌਲਾਦੀ ਫੁੱਲ*, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, ਅਠਵੀਂ ਵਾਰ, 1966

______, *ਬੰਜਰ*, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1955

______, *ਮਿੱਠਾ ਮਹੁਰਾ*, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1930

______, *ਮਤਰੇਈ ਮਾਂ*, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1928

______, *ਮੇਰੀ ਦੁਨੀਆਂ*, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1968

______, *ਮੰਝਧਾਰ*, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1949

______, *ਲਵ ਮੈਰਿਜ*, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1945

______, *ਵਰ ਨਹੀਂ ਸਰਾਪ*, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1962

ਨਾਨਕ ਸਿੰਘ, ਨਾਸੂਰ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1953

ਪਿਆਰਾ ਸਿੰਘ (ਪ੍ਰੋ.), ਪੰਜਾਬੀ ਗਲਪ, ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਨਿਊ ਬੁਕ ਕੰਪਨੀ, ਜਲੰਧਰ, 1989

ਪ੍ਰਿਤਪਾਲ ਸਿੰਘ (ਪ੍ਰੋ.), ਨਾਵਲ ਦੀ ਪਰਖ, ਨਿਊ ਬੁਕ ਕੰਪਨੀ, ਜਲੰਧਰ, 1957

ਪੰਛੀ, ਅਜੀਤ ਸਿੰਘ, ਪੰਜਾਬੀ ਗਲਪ ਵਿਚ ਯਥਾਰਥਵਾਦ (1901-1952) ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971

ਭੋਗਲ, ਪਿਆਰਾ ਸਿੰਘ, ਨਾਵਲਕਾਰ ਨਾਨਕ ਸਿੰਘ, ਹਿਰਦੇਜੀਤ ਪ੍ਰਕਾਸ਼ਨ, ਜਲੰਧਰ, 1972

ਵਿਲਖੂ, ਰਜਿੰਦਰ ਕੌਰ, ਨਾਨਕ ਸਿੰਘ ਦੇ ਨਾਵਲਾਂ ਦਾ ਗਲਪੀ-ਚੌਖਟਾ, ਖੋਜ ਨਿਬੰਧ, ਚੰਡੀਗੜ੍ਹ, 1983-84

ਹਿੰਦੀ ਪੁਸਤਕਾਂ :

ਓਝਾ, ਦਸਰਥ, ਸਮੀਕਸ਼ਾ ਸ਼ਾਸਤ੍ਰ, ਪਾਲ ਐਂਡ ਸਨਜ਼, 1963

ਚੌਧਰੀ, ਇੰਦਰਨਾਥ, ਤੁਲਨਾਤਮਕ ਭਾਰਤੀ ਸਾਹਿਤ ਕੀ ਭੂਮਿਕਾ, ਨੈਸ਼ਨਲ ਪਬਲਿਸ਼ਿੰਗ ਹਾਊਸ, 23 ਦਰਿਆਗੰਜ, ਨਿਊ ਦਿੱਲੀ, 1983

ਬਖਸ਼ੀ, ਸ਼ੋਰੇਂਦ੍ਰ, ਹਿੰਦੀ ਤਥਾ ਪੰਜਾਬੀ ਉਪਨਿਆਸੋਂ ਕਾ ਤੁਲਨਾਤਮਕ ਅਧਿਐਨ, ਸ਼ੋਧ-ਪ੍ਰਬੰਧ, ਦਿੱਲੀ, 1976

ਮਦਾਨ, ਇੰਦਰਨਾਥ, ਪ੍ਰੇਮ ਚੰਦ ਪ੍ਰਤਿਭਾ, ਸਰਸਵਤੀ ਪ੍ਰੈਸ, ਇਲਾਹਾਬਾਦ 1977

ਮੁਨਸ਼ੀ, ਪ੍ਰੇਮ ਚੰਦ, ਹੰਸ, ਅਪ੍ਰੈਲ, 1932

ਸ਼ਾਸਤਰੀ, ਹਰਗੋਵਿੰਦਰ (ਪ੍ਰੋ.), ਮੰਨੂ ਸਮ੍ਰਿਤੀ, ਚੌਖੰਬਾ ਸੰਸਕ੍ਰਿਤ ਸੀਰੀਜ਼ ਆਫਿਸ ਵਾਰਾਣਸੀ (ਦੂਜੀ ਵਾਰ), ਸਵੰਤ, 2026

ਵਾਸ਼ਣੇਰਯ, ਲਕਸ਼ਮੀ ਸਾਗਰ, ਆਧੁਨਿਕ ਹਿੰਦੀ ਸਾਹਿਤਯ, (ਉਪਨਿਆਸ ਖੰਡ), ਹਿੰਦੀ ਪਰੀਸ਼ਦ ਇਲਾਹਾਬਾਦ ਯੂਨੀਵਰਸਿਟੀ, 1932

English Books :


Desai, A.R., Social Background of Indian Nationalism Eminent 2nd Rev. Bombay Popular Book Depot, 1954

Fast Haward, Literature And Reality, Peoples Publishing House, New Delhi, March, 1955

Fauja Singh, Freedom Fighters of Panjab, Panjabi University, Patiala, 1972

Heda, H.C., On the High Seas, The Institute of National Affairs, New Delhi, 1958

Khushwant Singh, The Sikhs, George Ellen & Unwin, Ltd. London (Ist Ed), 1953

Manmohan Kaur, Women In India's, Freedom Struggle Sterling Publishers, New Delhi, 1985

Millet, Kate, Sexual Politics, Sphere Books Ltd., London, 1972

Remak, Henry, H.H., Comparative Literature; Its definition and Function, Comparative Literature; Method and Perspective, Stallkne ht, N P. and Frenz H (ed) Carbon dale, 1966

Uppal, S.S., Panjabi Short Story, its Origin & Development, Pushap Parkashan, Delhi 1966

<u>ਪਤ੍ਰਿਕਾਵਾਂ :</u>

ਸਾਹਿਤ ਸਮਾਚਾਰ, ਅਗਸਤ 1961

ਸਾਹਿਤ ਸਮਾਚਾਰ, ਮਾਰਚ 1977

ਸਾਹਿਤ ਸਮਾਚਾਰ ਨਾਨਕ ਸਿੰਘ ਅੰਕ, ਲੁਧਿਆਣਾ

ਖੋਜ ਪਤ੍ਰਿਕਾ, ਗਲਪ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਖੋਜ ਪਤ੍ਰਿਕਾ, ਨਾਨਕ ਸਿੰਘ ਅੰਕ, ਮਾਰਚ, 1973

The Sunday Standard, 28.8.1965